# ਜੀਵਨ ਮੁਕਤਿ



ਪ੍ਰਾਰਥਕ : ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ,
ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਲੇਖਕ : ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

# ਜੀਵਨ ਮੁਕਤਿ

- : ਕਰਤਾ :-

**ਸੰਤ ਬਾਬਾ ਵਰਿਆਮ ਸਿੰਘ ਜੀ**
**ਰਤਵਾੜਾ ਸਾਹਿਬ**

**ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ।**

**ਹੇਠ ਲਿਖੀ ਵੈਬਸਾਈਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**

**www.ratwarasahib.com**

**ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ ਸੰਪਰਕ ਕੀਤਾ ਸਕਦਾ ਹੈ**

ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।

**- ਪ੍ਰਕਾਸ਼ਕ -**
**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**
**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)**
**ਸੰਪਰਕ ਨੰ: ਦਫਤਰ-94172-14391, 79**

# ਦੋ ਸ਼ਬਦ

'ਜੀਵਨ ਮੁਕਤਿ' ਨਾਮ ਦੇ ਸਿਰਲੇਖ ਹੇਠ ਇਹ ਪੁਸਤਕ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਦੀ ਰਚਨਾਂ ਜਿਸ ਵਿੱਚ 12 ਸਿਰਲੇਖ ਹਨ। ਰੂਹਾਨੀ ਸੂਝ ਰੱਖਣ ਵਾਲੇ ਪਾਠਕਾਂ ਲਈ ਇਕ ਵਰਦਾਨ ਹੈ। ਜਿਹੜੇ ਜਗਿਆਸੂ ਇਸ ਦਿਖਦੇ ਸੰਸਾਰ ਵਿੱਚੋਂ ਨਿਕਲ ਕੇ ਕਿਸੇ 'ਆਤਮ ਉਡਾਰੀ' ਵਿੱਚ ਪਹੁੰਚਣ ਦੇ ਚਾਹਵਾਨ ਹਨ। ਜਿਨ੍ਹਾਂ ਜਗਿਆਸੂ ਆਤਮਾਂਵਾਂ ਨੂੰ ਪਤਾ ਹੈ, ਕਿ ਅਸੀਂ ਇਸ ਸੰਸਾਰ ਵਿੱਚ ਬਹੁਤ ਨਿਖਧ ਜੂਨੀਆਂ ਵਿੱਚੋਂ ਘੁੰਮਦੇ ਹੋਏ, ਇਹ ਮਾਨਸ ਦੇਹੀ ਪ੍ਰਾਪਤ ਕੀਤੀ ਹੈ, ਹੁਣ ਇਹ ਜੋ ਵੇਲਾ ਹੈ ਸਮਾਂ ਹੈ ਇਸ ਨੂੰ ਸੰਭਾਲ ਕੇ ਵਾਹਿਗੁਰੂ ਜੀ ਦੀ ਯਾਦ ਵਿੱਚ ਰਹਿ ਕੇ ਬਤੀਤ ਕਰਨਾ ਹੈ ਅਤੇ ਗੁਰੂ ਘਰ ਤੋਂ ਪ੍ਰਮਾਣਿਤ ਪੁਗੀਆਂ ਹੋਈਆਂ ਆਤਮਾਵਾਂ (ਜੀਵਨ ਮੁਕਤਿ), ਪੂਰਨ ਪੁਰਖਾਂ ਦੀ ਸੰਗਤ ਵਿੱਚ ਰਹਿ 'ਆਤਮ ਤੱਤ' ਨੂੰ ਚੀਨਣਾ ਹੈ ਅਤੇ ਇਹ ਜਨਮ ਬਿਲਕੁਲ ਬੇਅਰਥ ਨਹੀਂ ਜਾਣ ਦੇਣਾ। ਉਨ੍ਹਾਂ ਉਚੀ ਕਿਸਮ ਦੇ ਜਗਿਆਸੂਆਂ ਲਈ ਇਹ ਕਿਤਾਬ ਹੈ। ਜਿਨ੍ਹਾਂ ਨੇ ਜਿਉਂਦੇ ਜੀਅ 'ਜੀਵਨ ਮੁਕਤਿ' ਅਵਸਥਾ ਦਾ ਅਨੰਦ ਮਾਣਨਾ ਹੈ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਬਾਨੀ ਅਤੇ ਰੂਹਾਨੀ ਪਤ੍ਰਿਕਾ ਦੇ ਸੰਚਾਲਕ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੇ ਅਨੁਭਵ ਜੋ ਕਿਤਾਬਾਂ ਰਾਹੀਂ ਇਲੈਕਟ੍ਰੋਨਿਕ ਮੀਡੀਏ ਰਾਹੀਂ ਪੂਰੇ ਸੰਸਾਰ ਵਿੱਚ ਰੂਹਾਨੀ ਜਗਿਆਸੂਆਂ ਦੀ ਭਲਾਈ ਲਈ ਹਨ। ਪਿਛਲੇ 28 ਸਾਲ ਤੋਂ ਉਨ੍ਹਾਂ ਵੱਲੋਂ ਸੰਚਾਲਿਤ ਰੂਹਾਨੀ ਪਤ੍ਰਿਕਾ 'ਆਤਮ ਮਾਰਗ' ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਤੋਂ ਛਪ ਕੇ ਹਰ ਮਹੀਨੇ ਦੀ 5-6 ਤਰੀਕ ਤੱਕ ਘਰ ਬੈਠੇ ਪਾਠਕਾਂ ਦੇ ਹੱਥਾਂ ਵਿੱਚ ਪਹੁੰਚ ਜਾਂਦਾ ਹੈ। ਹਰ ਆਮ ਬੰਦੇ ਦੇ ਅੰਦਰ ਇਹ ਵਿਚਾਰ ਅਉਣੀ ਸੁਭਾਵਿਕ ਹੈ ਕਿ ਐਨਾ ਮੈਟਰ ਕਿਥੋਂ ਪ੍ਰਾਪਤ ਕੀਤਾ ਜਾਂਦਾ ਹੈ। ਇਹ ਮੈਟਰ ਮਹਾਂਪੁਰਖਾਂ ਨੇ ਆਪਣੇ ਸਰੀਰ ਦੇ ਹੁੰਦੇ ਹੀ 1980 ਤੋਂ ਆਡੀਓ ਰਿਕਾਰਡ ਰੱਖਣਾ ਸ਼ੁਰੂ ਕੀਤਾ ਅਤੇ 1986 ਤੋਂ ਵੀਡੀਓ ਫਿਲਮਾਂ ਬਣਾ ਕੇ ਪ੍ਰਚਾਰ ਕੀਤਾ। ਆਪ ਜੀ ਦਸਿਆ ਕਰਦੇ ਸਨ। ਕਿ ਮੇਰੇ ਗੁਰਦੇਵ ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਨੇ ਮੈਨੂੰ ਇਕ ਵਾਰ ਖੁਸ਼ ਹੋ ਕੇ ਬਚਨ ਕੀਤਾ ਕਿ ਤੁਸੀਂ ਸਾਡੇ ਤੋਂ ਇਕ ਜੀਪ ਤੇ 1 ਲੱਖ ਰੁਪਏ ਕੈਸ਼ ਲੈ ਲਵੋ ਫਿਲਮਾਂ ਬਣਾ ਕੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕਰੋ। ਪਰ ਆਪ ਜੀ ਨੇ ਉਨ੍ਹਾਂ ਦੀ ਗੱਲ ਦਾ ਕੋਈ ਜਵਾਬ ਨਹੀਂ ਦਿਤਾ ਅਤੇ ਜਦੋਂ ਤਿੰਨ ਬਚਨ ਆ ਗਏ ਕੋਈ ਸਵਾਲ ਦਾ ਜਵਾਬ ਨਾ ਆਇਆ ਅਖੀਰ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਹੁਤ ਅਧੀਨਗੀ ਨਾਲ ਕਿਹਾ ਕਿ ਮੇਰੀ ਕਮਾਈ ਵਿੱਚ ਹੀ ਬਰਕਤ ਪਾ ਦੇਵੋ ਤਾਂ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਨੇ ਬਚਨ ਕੀਤੇ ਕਿ ਉਹ ਤਾਂ ਪਹਿਲਾਂ ਹੀ ਬਹੁਤ ਹੈ ਹੋਰ ਪੈ ਜਾਵੇਗੀ।

ਇਹ ਜਿਨਾਂ ਵੀ ਲਿਟਰੇਚਰ ਪੜ੍ਹਨ ਲਈ ਜਗਿਆਸੂਆਂ ਨੂੰ ਉਪਲਬਧ ਹੋ ਰਿਹਾ ਹੈ। ਇਹ ਸਾਰਾ ਰਤਵਾੜਾ ਸਾਹਿਬ ਸਮੇਂ ਸਿਰ ਮਹਾਂਪੁਰਖਾਂ ਦੇ ਬਚਨਾਂ ਨੂੰ ਸੰਭਾਲ ਲਿਆ ਗਿਆ। ਜੋ ਕਿ ਹੁਣ ਰੂਹਾਨੀ ਪਤ੍ਰਿਕਾ 'ਆਤਮ ਮਾਰਗ' ਰਾਹੀਂ ਛਪ ਕੇ ਪੂਰੇ ਸੰਸਾਰ ਵਿੱਚ ਫੈਲ ਰਿਹਾ ਹੈ। ਜਿਹੜੇ ਲੇਖ ਰੂਹਾਨੀ ਪਤ੍ਰਿਕਾ 'ਆਤਮ ਮਾਰਗ' ਵਿਚ ਛਪ ਜਾਂਦੇ ਹਨ ਉਨ੍ਹਾਂ ਨੂੰ ਕਢ ਕੇ ਕਿਤਾਬ ਬਣਾ ਦਿਤੀ ਜਾਂਦੀ ਹੈ।

ਇਹ ਇਕ ਮਹਾਂਪੁਰਖਾਂ ਦਾ ਅਮੁੱਕ ਖਜਾਨਾ ਨਾ ਮੁਕਣ ਵਾਲਾ ਖਜਾਨਾ ਹੈ। ਬਹੁਤ ਗਹਿਰੀ ਫਿਲਾਸਫੀ ਜੋ ਪ੍ਰੋਫੈਸਰਾਂ ਦੀ ਬੁਧੀਜੀਵੀਆਂ ਤੋਂ ਸਮਝ ਤੋਂ ਪਰੇ ਹੈ। ਗੁਰਮਤਿ ਕਾਲਜਾਂ ਦੇ ਪ੍ਰੋਫੈਸਰਾਂ ਰਾਹੀਂ ਬੋਲੀ ਹੋਈ ਬੋਲੀ ਆਮ ਬੰਦੇ ਦੀ ਬੁੱਧੀ ਤੋਂ ਪਰੇ ਹੈ।

ਪਰ ਜੋ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਨੇ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗਹਿਰੀ ਫਿਲਾਸਫੀ ਨੂੰ ਸਾਡੇ ਮਾਣ ਮੱਤੇ ਸ਼ਹੀਦੀਆਂ ਭਡੇ ਅਤੇ ਗੁਰੂਆਂ ਦੇ ਪਿਆਰ ਨਾਲ ਭਰੇ ਇਤਿਹਾਸ ਨੂੰ ਆਪ ਜੀ ਨੇ ਬਹੁਤ ਸਰਲ ਬੋਲੀ ਪਿੰਡਾਂ ਵਿੱਚ ਬੋਲਣ ਵਾਲੀ ਆਮ ਭਾਸ਼ਾ ਵਿੱਚ ਬੋਲਿਆ ਹੈ। ਉਹ ਜਗਿਆਸੂਆਂ ਲਈ ਰਾਮ ਬਾਣ ਹੈ। ਗੁਰੂ ਘਰ ਦਾ ਉਚਾ ਇਖਲਾਕ ਦੁਨੀਆਂ ਨਾਲੋਂ ਵਖਰਾ ਅਤੇ 10 ਗੁਰੂਆਂ ਨੇ ਜੋ ਆਮ ਮਨੁੱਖਾਂ ਵਾਂਗ ਦੁਨੀਆਂ ਵਿੱਚ ਰਹਿ ਕੇ ਲੋਕਾਈ ਦਾ ਮਨੁੱਖਤਾ ਦਾ ਉਧਾਰ ਕੀਤਾ ਹੈ। ਸਮਾਜਿਕ ਬੁਰਾਈਆਂ ਦੂਰ ਕਰਨ ਅਤੇ ਮਨੁੱਖ ਦੀ ਮਾਨਸਿਕ ਅਵਸਥਾ ਨੂੰ ਉਚਾ ਚੁਕਣ ਵਿੱਚ ਜੋ ਯੋਗਦਾਨ ਪਾਇਆ ਉਹ ਗੁਰੂ ਘਰ ਵਿਚ ਅਨੇਕਾਂ ਗ੍ਰੰਥ ਅਤੇ ਸਿੱਖ ਫਿਲਾਸਫਰਾਂ ਰਾਹੀਂ ਸਾਨੂੰ ਮਿਲਿਆ। ਪਰ ਸਮਾਂ ਲੰਘਣ ਨਾਲ ਇਸ ਵਿੱਚ ਕਬੁੱਧੀ ਜੀਵੀਆਂ ਨੇ ਇਸ ਵਿੱਚ ਕੋਈ ਹੋਰ ਰੰਗ ਘੋਲ ਦਿਤਾ ਗੁਰੂਆਂ ਪ੍ਰਤੀ ਭਰੋਸੇ ਦੀ ਵਿਸ਼ਵਾਸ਼ ਦੀ ਜਿਥੇ ਗਲ ਆਈ ਉਥੇ ਉਨ੍ਹਾਂ ਨੇ ਬਹੁਤ ਬੇਹੁਰਮਤੀ ਨਾਲ ਕੁਝ ਅਜਿਹਾ ਲਿਖਿਆ ਜਿਸ ਨਾਲ ਸਾਡੇ ਗੁਰੂਆਂ ਪ੍ਰਤੀ ਅਕੀਦੇ ਵਿੱਚ ਠੇਸ ਲੱਗੀ।

ਪਰ ਯੁੱਗ ਪੁਰਸ਼ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਨੇ ਆਪਣੀ ਅੰਮ੍ਰਿਤ ਬਾਣੀ ਰਾਹੀਂ ਜੋ ਸੋਧ ਅਤੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅੰਦਰ ਰਹਿ ਕੇ ਇਹ ਸਾਨੂੰ ਲਿਟਰੇਚਰ ਪੜ੍ਹਨ ਅਤੇ ਸੁਣਨ ਲਈ ਮਿਲ ਰਿਹਾ ਹੈ ਉਹ ਕਈ ਜਨਮਾਂ ਦੀ ਤਪੱਸਿਆ ਦੁਆਰਾ ਪ੍ਰਾਪਤ ਹੋਇਆ ਹੈ। ਆਪ ਜੀ ਦਾ ਜੋ ਜੀਵਨ ਉਹ ਬਹੁਤ ਵਿਸ਼ਾਲ ਜਿੰਮੇਵਾਰੀਆਂ ਰੁਝੇਵਿਆਂ ਭਰਿਆ ਹੈ ਪਰ ਉਸ ਜੀਵਨ ਵਿਚ ਰਹਿ ਕੇ ਜੋ ਤਪਸਿਆ ਕੀਤੀ ਘਾਲਣਾ ਕਮਾਈ ਕੀਤੀ ਉਹ ਸਾਰੀ ਦੀ ਸਾਰੀ ਟਰਸਟ ਬਣਾ ਕੇ ਨਿਊ ਚੰਡੀਗੜ੍ਹ ਵਿੱਚ ਬਹੁਤ ਭਾਰੀ ਅਸਥਾਨ ਬਣਾ ਕੇ ਜਿਸ ਵਿੱਚ ਕਾਲਜ ਸਕੂਲ, ਬਿਰਧ ਆਸ਼ਰਮ, ਅਨੇਕਾਂ ਲੋਕ ਭਲਾਈ ਅਤੇ ਗੁਰਮਤਿ ਰੂਹਾਨੀ ਸੂਝ ਲਈ ਇਹ ਕਿਤਾਬਾਂ ਜੋ ਟਰਸਟ ਰਤਵਾੜਾ ਸਾਹਿਬ ਵੱਲੋਂ ਇਲੈਕਟਰੋਨਿਕਸ ਮੀਡੀਏ

ਰਾਹੀਂ ਪ੍ਰਕਾਸ਼ਿਤ ਹੋ ਕੇ ਜਗਿਆਸੂਆਂ ਤਕ ਪਹੁੰਚ ਰਹੀਆਂ ਹਨ। ਸਾਡੇ ਅੰਦਰੋਂ ਭਰਮ ਭੁਲੇਖੇ ਦੂਰ ਕਰ ਰਹੀਆਂ ਹਨ ਜੋ ਰੂਹਾਨੀ ਪਤ੍ਰਿਕਾ ਆਤਮ ਮਾਰਗ ਸਾਡੀ ਰੂਹ ਦਾ ਜੋ ਸਹੀ ਰਸਤਾ ਹੈ ਉਹ ਸਾਨੂੰ ਮਿਲ ਰਿਹਾ ਹੈ। ਧੁਰ ਦਰਗਾਹ ਤੋਂ ਬਖਸ਼ੀਆਂ ਰੂਹਾਂ ਨੇ ਇਹ ਵੱਡੇ ਵੱਡੇ ਕਾਰਜ ਸਾਡੀ ਭਲਾਈ ਲਈ ਆਪਣਾ ਬਹੁਤ ਕੀਮਤੀ ਸਮਾਂ ਲਗਾ ਕੇ ਪ੍ਰਦਾਨ ਕੀਤੇ ਹਨ।

ਇਸ ਕਿਤਾਬ ਨੂੰ ਪੜ੍ਹਨ ਵਾਲੇ ਪਾਠਕਾਂ ਨੂੰ ਇਹ ਹੀ ਬੇਨਤੀ ਹੈ ਕਿ ਆਪ ਜੀ ਇਹ ਕਿਤਾਬ ਪੜ੍ਹ ਕੇ ਅਗੇ ਕਿਸੇ ਹੋਰ ਜਗਿਆਸੂ ਨੂੰ ਸ਼ੇਅਰ ਕਰਨੀ ਹੈ। ਜਦੋਂ ਵੀ ਜਿੰਦਗੀ ਵਿੱਚ ਸਮਾਂ ਮਿਲੇ ਮਹਾਂਪੁਰਖਾਂ ਵੱਲੋਂ ਵਸਾਏ ਅਸਥਾਨ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨਿਊ ਚੰਡੀਗੜ੍ਹ) ਵਿਖੇ ਜਰੂਰ ਨਤਮਸਕ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

ਹਰ ਐਤਵਾਰ ਰਤਵਾੜਾ ਸਾਹਿਬ 12.00 ਤੋਂ 4.00 ਵਜੇ ਤੱਕ ਕੀਰਤਨ ਸਜਦੇ ਹਨ। ਹਰ ਪਹਿਲੇ ਐਤਵਾਰ ਨੂੰ ਅੰਮ੍ਰਿਤ ਸੰਚਾਰ ਹੁੰਦਾ ਹੈ। ਸੰਗਰਾਂਦ ਸਵੇਰੇ 7.00 ਤੋਂ 8.00 ਵਜੇ ਤੱਕ ਮਨਾਈ ਜਾਂਦੀ ਹੈ। ਗੁਰਬਾਣੀ ਦੇ ਪ੍ਰਵਾਹ ਅਖੰਡ ਪਾਠਾਂ ਦੀਆਂ ਲੜੀਆਂ 1986 ਤੋਂ ਲਗਾਤਾਰ ਜਾਰੀ ਹਨ।

ਮਹਾਂਪੁਰਖਾਂ ਨੇ ਪਹਿਲੇ ਲੇਖ ਵਿੱਚ ਗੁਰੂਆਂ ਕੋਲ ਰਹਿੰਦੇ ਗੁਰਸਿੱਖਾਂ ਦੇ ਜੀਵਨ ਨੂੰ ਅਧਾਰ ਬਣਾ ਕੇ ਬਹੁਤ ਸਾਰੇ ਪ੍ਰਵਚਨ ਕੀਤੇ ਹਨ। ਜਿਨ੍ਹਾਂ ਵਿੱਚ ਦੱਸਿਆ ਹੈ ਕਿ ਗੁਰਸਿੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ। ਗੁਰਸਿੱਖ ਜਦੋਂ ਗੁਰੂ ਕੋਲ ਆਉਂਦਾ ਹੈ ਪੂਰੀ ਪ੍ਰਾਪਤੀ ਵਾਸਤੇ ਉਸ ਨੂੰ ਆਪਣਾ ਕਿਹੋ ਜਿਹਾ ਜੀਵਨ ਰੱਖਣਾ ਪੈਂਦਾ ਹੈ ਅਤੇ ਗੁਰੂ ਤੇ ਪੂਰਾ ਭਰੋਸਾ ਰੱਖਣਾ ਹੁੰਦਾ ਹੈ। ਫੇਰ ਉਹ ਪਰਮ ਤੱਤ ਦੀ ਪ੍ਰਾਪਤੀ ਕਰਕੇ ਆਤਮ ਤੱਤ ਤੱਕ ਪਹੁੰਚ ਕੇ ਗੁਰੂ ਵਿੱਚ ਅਭੇਦ ਹੋ ਸਕਦਾ ਹੈ। ਭਗਤਾਂ ਦੇ ਰੱਬ ਕਿੰਨਾ ਨੇੜੇ ਹੈ ਉਨ੍ਹਾਂ ਦੇ ਕਾਰਜ ਕਿਵੇਂ ਸੰਵਾਰਦਾ ਹੈ। ਅਤੇ ਉਨ੍ਹਾਂ ਨੂੰ ਅੰਦਰੋਂ ਕਿਵੇਂ ਨਿਰਭੈਅ ਅਵਸਥਾ ਤੱਕ ਪਹੁੰਚਾ ਦਿੰਦਾ ਹੈ। ਇਸ ਸਾਰੇ ਲੇਖ ਨੂੰ ਪੜ੍ਹ ਕੇ ਹਰ ਪ੍ਰਾਣੀ ਜੋ ਗੁਰੂ ਦੀ ਸੇਵਾ ਕਰਦਾ ਉਸ ਦੇ ਭਰਮ ਅਤੇ ਭੁਲੇਖੇ ਦੂਰ ਹੋ ਜਾਣਗੇ। ਅਤੇ ਆਤਮ ਪਦ ਅਧਿਕਾਰੀ ਬਣ ਜਾਵੇਗਾ।

ਦੂਜੇ ਲੇਖ ਵਿੱਚ ਮਹਾਂਪੁਰਖਾਂ ਨੇ ਭਾਈ ਭੂਮੀਆਂ ਜੋ ਕਿ ਬਹੁਤ ਵੱਡਾ ਡਾਕੂ ਸੀ। ਗੁਰੂ ਨਾਨਕ ਸਾਹਿਬ ਜੀ ਨੇ ਨਾਮ ਦਾ ਉਪਦੇਸ਼ ਦੇ ਕੇ ਉਸੇ ਰਾਜ ਗੱਦੀ ਤੇ ਕਿਵੇਂ ਬਿਠਾ ਦਿਤਾ ਬਹੁਤ ਵਿਸਥਾਰ ਪੂਰਵਕ ਮਹਾਂਪੁਰਖਾਂ ਨੇ ਇਸ ਲੇਖ ਅੰਦਰ ਸੰਗਤਾਂ ਦੇ ਭਲੇ ਲਈ ਪ੍ਰਵਚਨ ਕੀਤੇ ਹਨ। ਨਾਮ ਕਿਵੇਂ ਚਿਤ ਵਿੱਚ ਆ ਸਕਦਾ ਹੈ? ਕਿਹੜੀ ਕ੍ਰਿਤ ਸੰਸਾਰ ਤੇ ਸ਼ੁਧ ਹੈ ਜਿਸ ਨਾਲ ਸੰਸਾਰ ਦਾ ਭਲਾ ਹੋ ਸਕਦਾ ਹੈ? ਅਰਦਾਸ ਦੀ ਸ਼ਕਤੀ ਕੀ ਹੈ? ਇਸ ਲੇਖ ਨੂੰ ਪੜ੍ਹਨ ਤੇ ਵੀਚਾਰਨ ਨਾਲ ਸਿੱਖੀ ਸਿਧਾਂਤ ਉਘੜ ਕੇ ਬਾਹਰ ਆਉਂਦੇ ਹਨ। ਜੇ ਅਸੀਂ ਇਨ੍ਹਾਂ ਸਿਧਾਂਤਾਂ ਤੇ ਪਹਿਰਾ ਦੇ ਦੇਈਏ ਇਸੇ ਹੀ ਜਨਮ ਵਿੱਚ ਉਧਾਰ ਹੋ ਸਕਦਾ ਹੈ।

ਤੀਜੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਸਿੱਖੀ ਦੀ ਉਚਾਈ ਅਤੇ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦ੍ਰਿੜ ਨਿਸ਼ਚੇ, ਉਚੇ ਇਖਲਾਕ, ਦੀ ਗੱਲ ਬਹੁਤ ਵਿਸਥਾਰ ਪੂਰਵਕ ਕੀਤੀ ਹੈ। ਆਪ ਜੀ ਤੇ ਕਿੰਨੀ ਵਾਰ ਇਹੋ ਜਿਹੇ ਮੌਕੇ ਆਏ ਜਦੋਂ ਸਿੱਖ ਸਾਥ ਛੱਡ ਗਏ ਬੱਚਿਆਂ ਦੀ ਸ਼ਹੀਦੀ ਹੋਈ ਅਨੇਕਾਂ ਜਗ੍ਹਾਂ ਜਿਥੇ ਗੁਰੂ ਮਹਾਰਾਜ ਇਕੱਲੇ ਰਹਿ ਗਏ ਪਰ ਆਪ ਜੀ ਕਿਸੇ ਹਾਲਤ ਵਿੱਚ ਨਹੀਂ ਡੋਲੇ, ਅਡੋਲ ਨਿਸ਼ਚਾ, ਦ੍ਰਿੜ ਵਿਸ਼ਵਾਸ਼, ਨਾਲ ਅੱਗੇ ਵੱਧਦੇ ਹੀ ਤੁਰੇ ਗਏ। ਕਿੰਨੀਆਂ ਹੀ ਮਿਸਾਲਾ ਪੁਰਤਾਨ ਸਮੇਂ ਦੀਆਂ ਦਿਤੀਆਂ ਜਿੰਨਾਂ ਵਿੱਚ ਵੱਡੇ ਵੱਡੇ ਜਰਨੈਲ ਸਾਥ ਟੁਟਣ ਨਾਲ ਡੋਲ ਗਏ। ਇਸ ਲੇਖ ਨੂੰ ਪੜ੍ਹ ਕੇ ਅੰਦਰ ਵਾਹਿਗੁਰੂ ਜੀ ਤੇ ਪ੍ਰਤੀਤ ਭਰੋਸਾ ਆ ਜਾਂਦਾ ਹੈ ਗੁਰੂਆਂ ਗੁਰਸਿੱਖਾਂ ਦੇ ਜੀਵਨ ਪੜ੍ਹ ਕੇ ਬੰਦਾ ਨਾਮ ਜਪਣਾ ਸ਼ੁਰੂ ਕਰ ਦੇਵੇਗਾ।

ਚੌਥੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਅਨੇਕਾਂ ਤਰਾਂ ਨਾਲ ਨਾਮ ਦੀ ਮਹਿਮਾਂ ਨੂੰ ਵਰਣਨ ਕੀਤਾ ਹੈ। ਜਿਸ ਨੂੰ ਵੀਚਾਰਨ ਗਹੁ ਨਾਲ ਪੜ੍ਹਨ ਨਾਲ ਸਾਡੇ ਅੰਦਰ ਵਾਹਿਗੁਰੂ ਜੀ ਦਾ ਪਿਆਰ ਉਤਪੰਨ ਹੁੰਦਾ ਹੈ ਅਤੇ ਸੰਸਾਰ ਪ੍ਰਤੀ ਮੋਹ ਘਟਦਾ ਹੈ। ਗੁਰੂ ਅਰਜਨ ਸਾਹਿਬ ਇਕ ਬ੍ਰਾਹਮਣ ਨੂੰ ਉਪਦੇਸ਼ ਕਰਕੇ ਸਮਝਾ ਰਹੇ ਹਨ ਅਤੇ ਪੂਰਨ ਉਪਦੇਸ਼ ਦੇ ਕੇ ਉਸ ਦੇ ਅੰਦਰ ਪਏ ਭਰਮ ਨੂੰ ਦੂਰ ਕਰ ਕੇ ਕਿਵੇਂ ਕੀ ਇਹ ਸਾਰਾ ਲੇਖ ਪੜ੍ਹਨ ਪਤਾ ਲਗ ਜਾਂਦਾ ਹੈ ਕਿ ਫੇਰ ਉਸ ਬ੍ਰਹਾਮਣ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਕੀ ਉਪਦੇਸ਼ ਦਿਤਾ। ਉਹ ਸਾਰਾ ਇਸ ਲੇਖ ਵਿੱਚ ਵਰਣਨ ਕੀਤ ਗਿਆ ਹੈ।

ਪੰਜਵੇਂ ਦੀਵਾਨ ਵਿੱਚ ਕਲਜੁਗ ਦੇ ਲੱਛਣ ਦੱਸਣ ਦਾ ਯਤਨ ਮਹਾਂਪੁਰਖਾਂ ਨੇ ਕੀਤਾ ਹੈ। ਜਦੋਂ ਗੁਰੂ ਨਾਨਕ ਸਾਹਿਬ ਇਸ ਸੰਸਾਰ ਵਿੱਚ ਪ੍ਰਗਟ ਹੁੰਦੇ ਹਨ ਉਸ ਸਮੇਂ ਹਾਲਤ ਕਿਹੋ ਜਿਹੀ ਹੈ। ਗੁਰੂ ਨਾਨਕ ਸਾਹਿਬ ਜੀ ਦੇ ਜਨਮ ਸਮੇਂ ਦਾ ਦ੍ਰਿਸ਼ਟਾਂਤ, ਪਾਧੇ ਨੂੰ ਪੜਾਉਣਾ, ਮੱਝਾ ਚਾਰਨੀਆਂ, ਜਨੇਊ ਪਵਾਉਣਾ, ਮੋਦੀ ਖਾਨੇ ਵਿੱਚ ਨੌਕਰੀ ਬਹੁਤ ਵਿਸਥਾਰ ਨਾਲ ਉਸ ਸਮੇਂ ਦੀਆਂ ਧਾਰਮਿਕ ਕੁਰੀਤੀਆਂ ਕਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਦੂਰ ਕੀਤੀਆਂ। ਬਹੁਤ ਵਿਸਥਾਰਪੂਵਕ ਮਹਾਂਪੁਰਖਾਂ ਨੇ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਵਰਣਨ ਕੀਤਾ ਹੈ। ਇਸ ਲੇਖ ਨੂੰ ਪੜ੍ਹ ਕੇ ਨਾਮ ਦੀ ਸੋਝੀ ਹੋ ਜਾਂਦੀ ਹੈ। ਸਾਡੀ ਸੁਰਤਿ ਕਿਸੇ ਆਤਮਿਕ ਮੰਡਲ ਵਿੱਚ ਉਚੀ ਉਡਾਰੀ ਮਾਰਦੀ ਹੈ।

ਛੇਵੇਂ ਦੀਵਾਨ ਵਿੱਚ ਮਹਾਂਪੁਰਖ ਬਹੁਤ ਵਿਸਥਾਰ ਸਹਿਤ ਆਦਿ ਕਾਲ ਤੋਂ ਚਲੀ ਆ ਰਹੀ ਭਗਤਾਂ ਅਤੇ ਧਰਮ ਦੀ ਕਟੜਤਾ ਵਾਲੇ ਰਾਜਿਆਂ ਮਹਾਂਰਾਜਿਆਂ ਨੇ ਭਗਤਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਸ਼ਰ੍ਹਾ ਵਿੱਚ ਅਉਣ ਲਈ ਕਿਹਾ। ਇਸ ਦੇ ਉਲਟ ਭਗਤਾਂ ਦਾ ਭਰੋਸਾ ਅਕੀਦਾ ਉਹ ਡੁਲਾ ਨਾ ਸਕੇ। ਭਗਤ ਆਪਣੇ ਇਰਾਦਿਆ ਵਿੱਚ ਦ੍ਰਿੜ ਸਨ ਉਨ੍ਹਾਂ ਦੀ ਪੈਜ ਵਾਹਿਗੁਰੂ

ਜੀ ਨੇ ਆਪ ਜੁਗਾਂ ਜੁਗਾਂ ਤੋਂ ਰੱਖੀ ਹੈ। ਇਸੇ ਤਰਾਂ ਸ਼ਰ੍ਹਾ ਦੇ ਅਧੀਨ ਇਸਲਾਮਿਕ ਰਾਜ ਦੀ ਨੀਂਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਪਰਿਵਾਰ ਦੀ ਸ਼ਹੀਦੀ ਦੇ ਕੇ ਕਿਵੇਂ ਉਖਾੜ ਸੁਟਿਆ। ਗੁਰੂ ਗੋਬਿੰਦ ਸਿੰਘ ਜੀ ਮਾਹਰਾਜ ਦੇ ਸਾਹਿਬਜਾਦਿਆਂ ਦਾ ਭਰੋਸਾ ਉਸ ਸਮੇਂ ਦੀ ਹਕੂਮਤ ਨਹੀਂ ਡੁਲਾ ਸਕੀ, ਜੋ ਵੀ ਸਵਾਲ ਜਵਾਬ ਜੁਲਮ ਦੀ ਭਰੀ ਹਕੂਮਤ ਨਾਲ ਹੋਏ ਉਹ ਸਾਰਾ ਮਹਾਂਪੁਰਖਾਂ ਨੇ ਇਸ ਲੇਖ ਅੰਦਰ ਅੰਕਿਤ ਕੀਤਾ ਹੈ। ਇਸ ਲੇਖ ਨੂੰ ਪੜ੍ਹਨ ਵੀਚਾਰਨ ਨਾਲ ਸਾਡੇ ਅੰਦਰ ਨਾਮ ਜਪਣ ਦੀ ਲਾਲਸਾ ਜਾਗਦੀ ਹੈ ਕਿ ਇਹ ਜੀਵਨ ਕੁਛ ਨਹੀਂ ਹੈ ਸਾਨੂੰ ਵੀ ਨਾਮ ਜਪ ਕੇ ਉਨ੍ਹਾਂ ਤੋਂ ਜੀਵਨ ਦੀ ਸੇਧ ਪ੍ਰਾਪਤ ਕਰ ਕੇ ਪਰਮ ਪਦ ਤੱਕ ਪਹੁੰਚਣਾ ਚਾਹੀਦਾ ਹੈ।

ਸੱਤਵੇਂ ਦੀਵਾਨ ਵਿੱਚ ਦੱਸਿਆ ਹੈ ਕਿ ਨਾਮ ਤੋਂ ਬਿਨਾਂ ਸੁੱਖ ਹੈ ਨਹੀਂ, ਤਿੰਨ ਦੁਖ ਵੱਡੇ ਕਿਹੜੇ ਹਨ? ਪੰਜ ਕਲੇਸ਼ ਕਿਹੜੇ ਹਨ? ਜਿਨ੍ਹਾਂ ਕਰਕੇ ਸਾਡਾ ਮਨ ਹਰ ਸਮੇਂ ਝੁੰਜਲਾਹਟ, ਪ੍ਰੇਸ਼ਾਨੀ ਵਿੱਚ ਉਲਝ ਕੇ ਸਮਾਂ ਬਰਬਾਦ ਕਰਦਾ ਰਹਿੰਦਾ ਹੈ? ਹਿਰਦੇ ਨੂੰ ਧੀਰਜ ਕਿਵੇਂ ਆਵੇਂ? ਉਹ ਕਿਹੜੇ ਪੁਰਖ ਹਨ ਜੋ ਹਰ ਸਮੇਂ ਸੁਖੀ ਰਹਿੰਦੇ ਹਨ? ਦੁਨਿਆਂ ਦੇ ਅੰਦਰ ਸਭ ਤੋਂ ਵੱਡਾ ਰਾਜਾ ਕਿਹੜਾ ਹੈ? ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ? ਅਸਲੀ ਸੰਤ ਕੌਣ ਹਨ? ਪਖੰਡੀ ਕਿਹੜੇ ਹਨ? ਵਾਹਿਗੁਰੂ ਮੰਤਰ ਰਸਨਾ ਨਾਲ, ਹਿਰਦੇ ਵਿੱਚ, ਕੰਠ ਵਿੱਚ ਅਤੇ ਰੋਮ ਰੋਮ ਅਤੇ ਫੇਰ ਦਸਵੇਂ ਦਵਾਰ ਵਿੱਚ ਕਿਵੇਂ ਜਪਣਾ ਹੈ? ਮਾਇਆਧਾਰੀ ਕੋਣ ਹੈ? ਵਾਹਿਗੁਰੂ ਜੀ ਦਾ ਰੂਪ ਤੇ ਸੁਭਾਵ ਕਿਹੋ ਜਿਹਾ ਹੈ? ਦਰਗਾਹ ਵਿੱਚ ਪਾਪੀਆਂ ਦਾ ਕੀ ਹਾਲ ਹੁੰਦਾ ਹੈ? ਪਿਛਲੇ ਅਨੇਕ ਜਨਮਾਂ ਦੇ ਕਰਮ ਕਿਵੇਂ ਕੱਟੇ ਜਾ ਸਕਦੇ ਹਨ? ਇਹਨਾਂ ਸਾਰੇ ਸਵਾਲਾਂ ਦੇ ਉਤਰ ਮਹਾਂਪੁਰਖਾਂ ਨੇ ਆਪਣੀ ਪਵਿਤਰ ਰਸਨਾਂ ਦੁਆਰਾ ਇਸ ਲੇਖ ਵਿਚ ਦਿਤੇ ਹਨ।

ਅੱਠਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਲਾਲ ਰੰਗ ਦੇ ਬਾਰੇ ਆਪਣੇ ਅਨੁਭਵ ਪ੍ਰਕਾਸ਼ ਵਿੱਚੋਂ ਪ੍ਰਵਚਨ ਸੰਗਤਾਂ ਦੇ ਭਲੇ ਲਈ ਕੀਤੇ ਹਨ। ਹੋਲੀ ਵਾਲਾ ਦਿਨ ਭਾਰਤ ਅੰਦਰ ਰੰਗਾਂ ਦਾ ਭਰਿਆ ਤਿਉਹਾਰ ਹੁੰਦਾ ਹੈ ਜਿਆਦਾਤਰ ਲਾਲ ਰੰਗ ਇਕ ਦੂਜੇ ਉਤੇ ਪਾਇਆ ਜਾਂਦਾ ਹੈ। ਇਕ ਖੁਸ਼ੀ ਦਾ ਸਾਰੇ ਪਾਸੇ ਮਹੌਲ ਹੁੰਦਾ ਹੈ। ਬੱਚਿਆਂ, ਬਜੁਰਗਾਂ ਅੰਦਰ ਇਕ ਖੁਸ਼ੀ ਦੀ ਲਹਿਰ ਵਰਤ ਜਾਂਦੀ ਹੈ। ਇਸ ਬਾਰੇ ਮਹਾਂਪੁਰਖਾਂ ਨੇ ਦੱਸਿਆ ਹੈ ਕਿ ਇਹ ਸਾਰੇ ਝੂਠੇ ਰੰਗ ਹਨ। ਕੁਝ ਸਮੇਂ ਬਾਅਦ ਉਤਰ ਜਾਂਦੇ ਹਨ। ਸੰਸਾਰ ਦੇ ਅੰਦਰ ਕਿੰਨੇ ਹੀ ਰੰਗ ਜਿਵੇਂ. ਕਾਮ ਦਾ ਰੰਗ, ਪਰਿਵਾਰ ਦੇ ਪਿਆਰ ਕਿੰਨੇ ਹੀ ਹਨ ਜਿਨ੍ਹਾਂ ਦੀ ਗਿਣਤੀ ਮਹਾਪੁਰਖਾਂ ਨੇ ਇਸ ਲੇਖ ਅੰਦਰ ਕੀਤੀ ਹੈ। ਪਰ ਇਕ ਨਾਮ ਦਾ ਰੰਗ ਉਹ ਗੁਰੂ ਘਰ ਅੰਦਰ ਖੰਡੇ ਦੀ ਪਾਹੁਲ ਲੈ ਕੇ ਉਸ ਤੋਂ ਬਾਅਦ ਨਾਮ ਜਪਿਆ ਜਾਂਦਾ ਹੈ। ਗੁਰੂ ਘਰ ਅੰਦਰ ਕਿੰਨੇ ਹੀ ਗੁਰਸਿੱਖ ਹਨ ਜਿਨ੍ਹਾਂ ਨੂੰ ਇਹ ਰੰਗ ਚੜ੍ਹਿਆ ਉਹ ਸਾਰਾ ਬਿਰਤਾਂਤ ਇਸ ਲੇਖ ਨੂੰ ਪੜ੍ਹ ਕੇ ਹੀ ਪਤਾ ਚਲੇਗਾ।

ਨੌਂਵੇਂ ਦੀਵਾਨ ਵਿਚ ਮਹਾਂਪੁਰਖਾਂ ਨੇ ਬਹੁਤ ਵਿਸਥਾਰ ਸਹਿਤ ਕਰਮਾਂ ਦੀ ਜੋ ਗਤੀ ਹੈ। ਜੀਵ ਸੰਸਾਰ ਵਿੱਚ ਕਿਹੜੇ ਕਰਮ ਲੈ ਕੇ ਅਉਂਦਾ ਹੈ ਅਤੇ ਕਿਹੜੇ ਭੋਗਦਾ ਹੈ ਤੇ ਕਿਹੜੇ ਕਰਮਾਂ ਕਰਕੇ ਇਸ ਨੂੰ ਫੇਰ ਜਨਮ ਮਰਨ ਦੇ ਚੱਕਰ ਵਿਚ ਪੈਣਾ ਪੈਂਦਾ ਹੈ। ਕਰਮ ਕਿਵੇਂ ਬਣਦਾ ਹੈ। ਫੇਰ ਕਰਮ ਕਿਵੇਂ ਬੰਦੇ ਨੂੰ ਫੜ ਲੈਂਦਾ ਉਸ ਦੇ ਅਧੀਨ ਹੋ ਕੇ ਕਿਵੇਂ ਦੁਖ ਭੋਗਦਾ ਹੈ। ਕਿਹੜੇ ਕਰਮਾਂ ਨੂੰ ਕਰਨ ਨਾਲ ਇਹ ਜੀਵ ਇਸ ਫਾਨੀ ਸੰਸਾਰ ਵਿਚੋਂ ਨਿਕਲ ਸਕਦਾ ਹੈ। ਕਰਮ, ਉਪਾਸ਼ਨਾ, ਗਿਆਨ ਅਤੇ ਵਿਗਿਆਨ ਦਾ ਪੂਰਾ ਉਪਦੇਸ਼ ਇਸ ਲੇਖ ਅੰਦਰ ਮਹਾਂਪੁਰਖਾਂ ਨੇ ਜਗਿਆਸੂ ਨੂੰ ਬਖਸ਼ਿਸ਼ ਕੀਤਾ ਹੈ। ਇਸ ਇਕ ਲੇਖ ਨੂੰ ਹੀ ਪੜ੍ਹ ਕੇ ਗਿਆਨ ਹੋ ਜਾਂਦਾਂ ਹੈ ਅਤੇ ਕਮਾਉਣ ਨਾਲ ਜਨਮ-ਮਰਨ ਤੋਂ ਛੁਟਕਾਰਾ ਹੋਣਾ ਸੁਭਵਿਕ ਹੈ।

ਦੱਸਵੇਂ ਦੀਵਾਨ ਵਿੱਚ ਮਹਾਂਪੁਰਖਾਂ ਨੇ ਆਪਣੀ ਪਵਿੱਤਰ ਰਸਨਾਂ ਤੋਂ ਇਕ ਬਹੁਤ ਹੀ ਪਿਆਰ ਦੀ ਗਾਥਾ ਬਿਆਨ ਕੀਤੀ ਹੈ। ਜਿਸ ਵਿੱਚ ਆਪ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਸਿੱਖ ਭਾਈ ਭਗੀਰਥ ਜੋ ਕਿ ਮਲਸੀਹਾਂ ਪਿੰਡ ਤੋਂ ਸਨ, ਉਨ੍ਹਾਂ ਦੇ ਇਕਲੌਤੇ ਸਪੁੱਤਰ ਭਾਈ ਤ੍ਰਿਲੋਕਾ ਜੀ ਜੋ ਕਿ ਬਚਪਨ ਤੋਂ ਹੀ ਆਪਣੇ ਪਿਤਾ ਭਾਈ ਭਗੀਰਥ ਨਾਲ ਗੁਰੂ ਨਾਨਕ ਸਾਹਿਬ ਦੀ ਸੰਗਤ ਕਰਦੇ ਸਨ। ਉਨ੍ਹਾਂ ਨੂੰ ਉਸ ਸੰਗਤ ਵਿਚੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਹੋਈ। ਅਚਾਨਕ ਆਪ ਇਕ ਗੁਰਸਿੱਖ ਨੂੰ ਮਿਲਣ ਲਈ ਤੁਰ ਪੈਂਦੇ ਹਨ, ਰਸਤੇ ਵਿੱਚ ਇਕ ਛੋਟਾ ਜਿਹਾ ਪਰਗਣਾ ਪੈਂਦਾ ਹੈ ਝਿਨ੍ਹਾਬ ਦਰਿਆ ਦੇ ਕੰਢੇ ਤੇ ਆਪ ਜੀ ਦਾ ਮਨ ਵਿਸਮਾਦ ਵਿੱਚ ਚਲੇ ਗਿਆ ਇਕ ਸੋਹਣੇ ਥਾਂ ਜਿਥੇ ਝਰਨਾ ਵਗਦਾ ਮਿਠੀ ਮਿਠੀ ਪੌਣ ਦਰਖਤਾਂ ਨੂੰ ਸਪਰਸ਼ ਕਰਕੇ ਚਲ ਰਹੀ ਆਪ ਦਾ ਮਨ ਵਿਸਮਾਦ ਵਿਚ ਚਲੇ ਗਿਆ ਤੇ ਸੋਹਣੇ ਸਵੱਛ ਥਾਂ ਬੈਠ ਜਾਂਦੇ ਹਨ, ਸਮਾਧੀ ਸਥਿਤ ਹੋ ਜਾਂਦੇ ਹਨ। ਐਨੇ ਨੂੰ ਓਸ ਪਰਗਣੇ ਦੇ ਰਾਜ ਦੀ ਰਾਜਕੁਮਾਰੀ ਆਪਣੀਆਂ ਸਹੇਲੀਆਂ ਨਾਲ ਸ਼ਿਕਾਰ ਕਰਨ ਲਈ ਆ ਰਹੀ ਹੈ ਦੂਰੋਂ ਲੱਗਿਆ ਕਿ ਹਿਰਨ ਹੈ ਆਪਣਾ ਚਿਲੇ ਤੇ ਬਾਣ ਚੜ੍ਹਾਇਆ ਅਤੇ ਬਾਣ ਖਿਚਿਆ, ਤੀਰ ਛੱਡ ਦਿਤਾ, ਸਿਧਾ ਜਾ ਕੇ ਨਿਸ਼ਾਨੇ ਤੇ ਜਾ ਲਗਿਆ। ਅਗੇ ਜਾ ਕੇ ਦੇਖਿਆ ਕਿ ਇਹ ਤਾਂ ਕੋਈ ਇਨਸਾਨ ਦੀ ਵੱਖੀ ਵਿੱਚ ਵੱਜਿਆ ਹੈ। ਉਹ ਇਨਸਾਨ ਭਾਈ ਤ੍ਰਿਲੋਕਾ ਜੀ ਸਨ ਜੋ ਦੇਸ਼-ਕਾਲ-ਵਸਤੂ ਤੋਂ ਉਪਰ ਉਠ ਕੇ ਸਮਾਧੀ ਅਸਥਿਤ ਬੈਠੇ ਸਨ। ਰਾਜ ਕੁਮਾਰੀ ਦੇ ਅੰਦਰ ਇਕ ਦਮ ਹੋਇਆ ਕਿ ਇਹ ਸਭ ਗਲਤ ਹੋ ਗਿਆ ਹੈ। ਰਾਜਕੁਮਾਰੀ ਨੇ ਘੁਟ ਕੇ ਵੱਖੀ ਫੜ ਲਈ ਅਤੇ ਨਾਲ ਦੀਆਂ ਸਹੇਲੀਆਂ ਤੋਂ ਸਹਾਇਤਾ ਮੰਗੀ ਆਪਣੇ ਘਰ ਲੈ ਗਈ। ਬ੍ਰਹਮ ਗਿਆਨ ਦੀ ਅਵਸਥਾ ਦੇ ਗੁਰਸਿੱਖ ਭਾਈ ਤ੍ਰਿਲੋਕਾ ਜੀ ਦੀ ਸੇਵਾ ਵਿੱਚ ਹਾਜਰ ਹੋ ਗਈ ਅਤੇ ਹੌਲੀ ਹੌਲੀ ਅੱਖਾਂ ਖੋਲ੍ਹੀਆਂ ਆਪ ਜੀ ਨੇ ਉਹ ਸਾਰੇ ਬਚਨ ਬਿਲਾਸ ਜੋ ਰਾਜਕੁਮਾਰੀ ਨਾਲ ਭਾਈ ਤ੍ਰਿਲੋਕਾ ਜੀ ਦੇ ਹੁੰਦੇ ਹਨ ਉਹ ਸਾਰੇ ਇਸ ਲੇਖ ਵਿੱਚ ਮਹਾਂਪੁਰਖਾਂ ਨੇ ਆਪਣੀ ਪਵਿੱਤਰ

ਰਸਨਾਂ ਤੋਂ ਬਿਆਨ ਕੀਤੇ ਹਨ ਜਿਨ੍ਹਾਂ ਨੂੰ ਪੜ੍ਹਨ ਨਾਲ ਸਾਡੇ ਅੰਦਰ ਵੀ ਵੈਰਾਗ ਉਠਦਾ ਹੈ। ਸਾਰੇ ਬ੍ਰਹਮੁ ਗਿਆਨ ਦੇ ਭੇਤ ਮਹਾਂਪੁਰਖਾਂ ਨੇ ਇਸ ਲੇਖ ਦੇ ਅੰਦਰ ਖੋਲ੍ਹੇ ਹਨ। ਕਿਹੜੇ ਯਮ ਹਨ ਕਿਹੜੇ ਨਿਯਮ ਹਨ। ਧਿਆਨ, ਧਾਰਨਾਂ ਸਮਾਧੀ ਦੇ ਸਾਰੇ ਪ੍ਰਵਚਨ ਇਸ ਲੇਖ ਅੰਦਰ ਆਏ ਹਨ।

ਗਿਆਰਵੇਂ ਲੇਖ ਅੰਦਰ ਮਹਾਂਪੁਰਖਾਂ ਨੇ ਮਨ ਦੀ ਹਾਜਰੀ ਕੀ ਹੈ? ਉਹ ਗੱਲ ਕਿਹੜੀ ਹੈ ਜਿਸ ਕਰਕੇ ਅਸੀਂ ਗੁਰਦੁਆਰਿਆਂ ਵਿੱਚ ਜਾਂਦੇ ਹਾਂ, ਨਿਤਨੇਮ ਕਰਦੇ ਹਾਂ? ਅੰਮ੍ਰਿਤ ਕਿਉਂ ਛਕਦੇ ਹਾਂ? ਵਾਹਿਗੁਰੂ ਜੀ ਕਦੋਂ ਸਾਰੇ ਕਾਰਜ ਕਰਦੇ ਹਨ? ਮਨੁੱਖ ਨੂੰ ਵਾਹਿਗੁਰੂ ਯਾਦ ਕਰਾਉਣ ਦੀ ਜਿੰਮੇਵਾਰੀ ਕਿਸ ਦੇਵਤੇ ਨੇ ਲਈ ਹੈ? ਸਰੀਰ ਦੀਆਂ ਦਸ ਅਵਸਥਾ ਕਿਹੜੀਆਂ ਹਨ? ਜੀਵ ਕਿਵੇਂ ਮਾਇਆ ਦੇ ਜਾਲ ਵਿੱਚ ਫਸ ਗਿਆ? ਭਗਤ ਨਾਮ ਦੇਵ ਜੀ ਦਾ ਜੀਵਨ? ਕਿੰਨਾ ਵੱਡਾ ਰਾਜਾ ਸਲੇਮ ਸ਼ਾਂਹ ਲੋਧੀ ਖਾਨਦਾਨ ਵਿਚੋਂ ਭਗਤ ਨਾਮਦੇਵ ਜੀ ਦੇ ਸਾਹਮਣੇ ਘਾਹ ਮੂੰਹ ਵਿਚ ਲੈ ਕੇ ਖੜਾਂ ਹੈ ਕਿ ਮੈਨੂੰ ਬਖਸ਼ਦੇ? ਭਗਤੀ ਭਾਵ ਕੀ ਹੈ? ਕਿਵੇਂ ਵਾਹਿਗੁਰੂ ਜੀ ਨੂੰ ਪ੍ਰਤੱਖ ਰੂਪ ਵਿੱਚ ਦੇਖਿਆ ਜਾ ਸਕਦਾ ਹੈ?

ਬਾਰਵੇਂ ਅਤੇ ਆਖਰੀ ਲੇਖ ਵਿੱਚ ਮਹਾਂਪੁਰਖਾਂ ਨੇ ਮਨੁੱਖ ਦੀਆਂ ਬਿਰਤੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ, ਜਿਹੜੀਆਂ ਭਜਨ ਕਰਨ ਵੇਲੇ ਤੰਗ ਕਰਦੀਆਂ ਹਨ? ਗੁਰੂ ਨਾਨਕ ਸਾਹਿਬ ਜੀ ਵੱਲੋਂ ਦੌਲਤਖਾਂ ਲੋਧੀ ਦੀ ਨੌਕਰੀ ਸਮੇਂ ਦਾ ਬਿਰਤਾਂਤ? ਸਹੀ ਨਮਾਜ਼ੀ ਕੌਣ ਹੈ? ਨਿਤਨੇਮ ਵਿਚ ਮਨ ਦੀ ਹਾਜ਼ਰੀ ਕਿੰਨੀ ਜਰੂਰੀ ਹੈ? ਮਨ ਦੇ ਅੰਦਰ ਕਿੰਨੇ ਤਰ੍ਹਾਂ ਦੀਆਂ ਵਾਸ਼ਨਾਂ ਹਨ, ਜਿਨ੍ਹਾਂ ਕਰਕੇ ਅਸੀਂ ਭਜਨ ਕਰਨ ਵੇਲੇ ਇਕਾਗਰਤਾ ਵਿੱਚ ਨਹੀਂ ਆ ਸਕਦੇ? ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਨੇ ਕਿਵੇਂ ਤਪ ਕੀਤਾ? ਮਨ ਦੀ ਗਰੀਬੀ ਕੀ ਹੈ? ਗੁਰਮਤਿ ਅੰਦਰ ਨਿਮਰਤਾ ਦੀ ਮਹਾਨਤਾ ਕੀ ਹੈ? ਸਮਰੱਥ ਗੁਰੂ ਦੀ ਮਹਾਨਤਾ? ਗੁਰਮੰਤਰ ਪ੍ਰਾਪਤ ਕਰ ਕੇ ਅਗੇ ਕਿਵੇਂ ਕਮਾਈ ਕਰਨੀ ਹੈ? ਨਾਮ ਤੱਕ ਕਿਵੇਂ ਪਹੁੰਚਣਾ ਹੈ? ਅਕਿਰਤ ਘਣਤਾ ਦਾ ਕਿੰਨਾ ਦੋਸ਼ ਲਗਦਾ ਹੈ? ਕੁਦਰਤੀ ਸੋਮਿਆਂ ਵਿੱਚੋਂ ਪਾਣੀ ਦੀ ਕੀਮਤ ਕਿੰਨੀ ਹੈ? ਸੰਸਾਰ ਦੇ ਅੰਦਰ ਜਿਉਂਦਾ ਕੌਣ ਹੈ? ਬੰਦੇ ਦਾ ਖਿਆਲ ਕਿਵੇਂ ਹਰ ਚੀਜ਼ ਤੇ ਅਸਰ ਕਰਦਾ ਹੈ? ਠੱਗਾਂ ਦਾ ਨਿਸਤਾਰਾ? ਪਿਛਲੀ ਰਾਤ ਜਾਗਣ ਦਾ ਕੀ ਫਲ ਹੈ? ਮਾੜੇ ਕਰਮਾਂ ਦਾ ਫਲ ਕੀ ਹੈ? ਗੁਰੂ ਨਾਨਕ ਦੀ ਦ੍ਰਿਸ਼ਟੀ ਵਿੱਚ ਕਿੰਨੀ ਕੂ ਤਾਕਤ ਹੈ? ਇਸ ਲੇਖ ਨੂੰ ਪੜ੍ਹਨ ਵਿਚਾਰਨ ਨਾਲ ਬੰਦੇ ਦੇ ਅੰਦਰ ਬਜਰ ਕਪਾਟ ਖੁਲ੍ਹ ਜਾਂਦੇ ਹਨ। ਅਤੇ ਚਾਨਣਾ ਪ੍ਰਕਾਸ਼ ਅੰਦਰ ਆਉਂਦਾ ਹੈ ਜਿਸ ਨਾਲ ਸਾਡਾ ਜਨਮ ਸਫਲ ਹੋ ਸਕਦਾ ਹੈ।

ਇਹ ਕਿਤਾਬ ਸੰਤ ਮਹਾਰਾਜ ਰਤਵਾੜਾ ਸਾਹਿਬ ਦੇ ਜੀਵਨ ਸਾਥੀ ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਦੇ 104ਵੇਂ ਜਨਮ ਦਿਹਾੜੇ

ਨੂੰ ਸਮਰਪਿਤ ਹੈ। ਇਸ ਕਿਤਾਬ ਨੂੰ www.ratwarasahib.com ਜੋ ਕਿ ਭਾਈ ਮਨਜੀਤ ਸਿੰਘ ਅਮਰੀਕਾ ਤੋਂ ਚਲਾ ਰਹੇ ਹਨ। ਇਲੈਕਟ੍ਰੋਨਿਕਸ ਮੀਡੀਏ ਤੇ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ www.vgrmct.com ਜੋ ਕਿ ਭਾਈ ਅਮਰਦੀਪ ਸਿੰਘ ਸਪੁੱਤਰ ਬਾਬਾ ਸਤਨਾਮ ਸਿੰਘ ਜੀ ਸੈਨਹੋਜ਼ੇ ਅਮਰੀਕਾ ਤੋਂ ਚਲਾ ਰਹੇ ਹਨ। ਸੋ ਆਪ ਜੀ ਇਸ ਪੁਸਤਕ ਨੂੰ ਕਿ ਹੋਰ ਅਗੇ ਸ਼ੇਅਰ ਕਰਨ ਦੀ ਕ੍ਰਿਪਾਲਤਾ ਕਰੋ ਜੀ।

16.06.2022

ਗੁਰਿੰਦਰ ਸਿੰਘ

ਅਦਾਰਾ 'ਆਤਮ ਮਾਰਗ'

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

# ਤੱਤਕਰਾ


| ਲੜੀ ਨੰ. | ਸਿਰਲੇਖ | ਪੰਨਾ ਨੰ. |
|---|---|---|
| 1. | ਮਤੁ ਦੇਖਿ ਭੂਲਾ ਵੀਸਰੈ | 12 |
| 2. | ਨਾਨਕ ਰਾਹੁ ਪਛਾਣਹਿ ਸੇਇ | 46 |
| 3. | ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਡੱਲਾ | 92 |
| 4 | ਹਰਿ ਬਿਨੁ ਜੀਉ | 134 |
| 5. | ਬਾਬਾ ਏਹੁ ਲੇਖਾ ਲਿਖਿ ਜਾਣੁ | 182 |
| 6. | ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ | 221 |
| 7. | ਡਿਠਾ ਸਭੁ ਸੰਸਾਰੁ | 269 |
| 8. | ਹੋਲੀ ਕੀਨੀ ਸੰਤ ਸੇਵ | 304 |
| 9. | ਬਹਿ ਲੇਖਾ ਕਰਿ ਸਮਝਾਇਆ | 336 |
| 10. | ਗੁਰੂ ਨਾਨਕ ਸਾਹਿਬ, ਭਾਈ ਤਿਲੋਕਾ ਤੇ ਰਾਜਕੁਮਾਰੀ | 365 |
| 11. | ਭਗਤ ਨਾਮ ਦੇਵ ਜੀ | 411 |
| 12. | ਠੱਗ ਨਿਸਤਾਰਾ | 444 |

# 1

# ਮਤੁ ਦੇਖਿ ਭੂਲਾ ਵੀਸਰੈ..

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ-ਮੈਂ ਕਿਛੁ ਨਾਹੀ।*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - 827*

ਸਾਧਸੰਗਤ ਜੀ, ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਹਫਤਾ ਵਾਰੀ ਦੀਵਾਨ ਦੇ ਉਤੇ ਬਹੁਤ ਪਿਆਰ ਤੇ ਸ਼ਰਧਾ ਦੇ ਨਾਲ ਘਰ ਤੋਂ ਚੱਲ ਕੇ ਆਏ ਓਂ। ਹਰੀ ਦਾ ਜਸ ਕਰਨ ਵਾਸਤੇ ਆਪਾਂ ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਦੇ ਅੰਦਰ, ਮਹਾਰਾਜ ਜੀ ਦੀ ਅਪਾਰ ਕ੍ਰਿਪਾ ਦੇ ਸਦਕੇ ਇਸ ਕਲਜੁਗ ਦੇ ਅੰਦਰ,

ਜਿਸਨੂੰ ਸੜਦਾ ਬਲਦਾ ਜੁੱਗ ਆਖਿਆ ਹੈ, ਵਿਚ ਸਸ਼ੋਭਤ ਹੋਣ ਦਾ ਸਾਨੂੰ ਮੌਕਾ ਪ੍ਰਾਪਤ ਹੋਇਆ ਹੈ, ਇਹ ਬੜੀ ਭਾਰੀ ਦਇਆ ਹੈ ਗੁਰੂ ਮਹਾਰਾਜ ਦੀ। ਕਲਜੁਗ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ। ਕਿਤੇ ਇਸ ਦੀ ਅੱਗ ਬਹੁਤੀ ਲੱਗੀ ਹੋਈ ਹੈ, ਕਿਤੇ ਥੋੜ੍ਹੀ ਲੱਗੀ ਹੋਈ ਹੈ। ਕਿਤੇ ਸੁਲਘ ਰਿਹਾ ਹੈ, ਲੇਕਿਨ ਸਾਰਾ ਸੰਸਾਰ ਹਿੱਲਿਆ ਪਿਆ ਹੈ। ਇਸਨੇ ਜੋ ਕੁਛ ਗੁਰੂ ਨਾਨਕ ਪਾਤਸ਼ਾਹ ਨੂੰ ਫੁਰਮਾਨ ਦੱਸਿਆ ਸੀ ਕਿ ਮਹਾਰਾਜ ਮੇਰੇ ਜੁਗ ਦੇ ਅੰਦਰ ਏਸ ਤਰ੍ਹਾਂ ਹੋਏਗਾ। ਉਸੇ ਤਰ੍ਹਾਂ ਸੰਸਾਰ ਦੀ ਹਾਲਤ ਹੋਏਗੀ। ਕੋਈ ਜ਼ੁਬਾਨ ਨਹੀਂ ਰਹੀ ਕਿਸੇ ਦੀ, ਧੋਖਾ ਹੀ ਧੋਖਾ, ਛਲ ਹੀ ਛਲ, ਫਰੇਬ ਹੀ ਫਰੇਬ, ਇੱਕ ਦੂਜੇ ਤੋਂ ਸਭ ਡਰਦੇ ਨੇ। ਐਸੇ ਜੁਗ ਦੇ ਅੰਦਰ ਪ੍ਰਮੇਸ਼ਰ ਦੀ ਭਗਤੀ, ਹਰੀ ਦਾ ਜਸ ਕਰਨਾ ਇੱਕ ਬਹੁਤ ਵੱਡੀ ਦੁਰਲੱਭ ਚੀਜ਼ ਹੈ। ਜੋ ਵਿਰਲੇ-ਵਿਰਲੇ ਪੁਰਸ਼ਾਂ ਦੇ ਭਾਗਾਂ 'ਚ ਆਇਆ ਕਰਦੀ ਹੈ। ਸਾਰੇ ਸੰਸਾਰ ਦੇ ਭਾਗ ਇੱਕੋ ਜਿਹੇ ਨਹੀਂ ਹੁੰਦੇ। ਜਿਸ ਦੇ ਭਾਗ ਉਦੈ ਹੋ ਜਾਂਦੇ ਨੇ, ਪ੍ਰਗਟ ਹੋ ਜਾਂਦੇ ਨੇ। ਉਹਨੂੰ ਸਤਿਸੰਗ ਮਿਲ ਜਾਇਆ ਕਰਦਾ ਹੈ -

***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***

***ਅੰਗ - 72***

ਜਿੱਥੇ ਨਾਮ ਦਾ ਜ਼ਿਕਰ ਹੋਵੇ, ਨਾਮ ਦੀ ਮਹਿਮਾ ਦਾ ਜ਼ਿਕਰ ਹੋਵੇ, ਨਾਮੀਆਂ ਦੀ ਮਹਿਮਾ ਦਾ ਜ਼ਿਕਰ ਹੋਵੇ, ਗੁਰੂ ਦਾ ਜ਼ਿਕਰ ਹੋਵੇ ਉਹ ਸਤਿਸੰਗ ਹੋਇਆ ਕਰਦਾ ਹੈ। ਜਿੱਥੇ ਇਕ ਦੂਜੇ ਦੇ ਦੋਸ਼ ਕੱਢੇ ਜਾਣ, ਈਰਖਾ ਦੀਆਂ ਲਹਿਰਾਂ ਚੱਲਣ, ਕ੍ਰੋਧ ਆਵੇ, ਨਾਸਤਕਤਾ ਮਨ ਵਿਚ ਆਵੇ, ਵਹਿਮ ਤੇ ਭਰਮ ਪੈਣ ਉਹ ਸਤਿਸੰਗ ਨਹੀਂ ਹੋਇਆ ਕਰਦਾ। ਆਦਮੀਆਂ ਦਾ ਇਕੱਠ ਜ਼ਰੂਰ ਹੋਇਆ ਕਰਦਾ ਹੈ। ਸੋ ਇਹ ਸਤਿਸੰਗ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦਾ ਹੈ। ਏਸ ਜੁਗ ਨੂੰ ਮਹਾਰਾਜ ਨੇ ਅੱਗ ਦਾ ਰਥ ਕਿਹਾ ਹੈ ਕਿ ਸੰਸਾਰ ਰਥ ਦੇ ਵਾਹਨ ਵਿਚ ਬੈਠਿਆ ਜਾ ਰਿਹਾ ਹੈ। ਬਹੁਤ ਕਿਸਮ ਦੀਆਂ ਅੱਗਾਂ ਜਲ ਰਹੀਆਂ ਨੇ ਸਭ ਤੋਂ ਵੱਡੀ ਅੱਗ ਤ੍ਰਿਸ਼ਨਾ ਦੀ ਜਲ ਰਹੀ ਹੈ -

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ 1 ॥ ਰਹਾਉ ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥***
***ਪਰੈ ਪਰੈ ਹੀ ਕਉ ਲੁਝੀ ਹੇ ॥*** ***ਅੰਗ - 213***

ਕੋਈ ਵਿਰਲਾ ਪੁਰਸ਼ ਹੈ ਜਿਹਦੀ ਤ੍ਰਿਸ਼ਨਾ ਬੁਝਦੀ ਹੈ। ਆਦਮੀ ਦੀ ਪ੍ਰਾਕ੍ਰਿਤੀ ਪਰ੍ਹੇ ਹੀ ਪਰ੍ਹੇ ਜਾਂਦੀ ਹੈ। ਹੋਰ ਅੱਗੇ-ਅੱਗੇ। ਟਿਕਦਾ ਨਹੀਂ ਬੰਦਾ ਕਦੇ ਵੀ। ਕਿਉਂਕਿ ਸੰਤੋਖ ਨਹੀਂ ਅੰਦਰ ਪੈਦਾ ਹੁੰਦਾ, ਜਿੰਨਾਂ ਚਿਰ ਸੰਤੋਖ ਨਹੀਂ ਅੰਦਰ ਆਉਂਦਾ, ਓਨਾਂ ਚਿਰ ਰੱਜ ਨਹੀਂ ਹੋਇਆ ਕਰਦਾ।

ਇੱਕ ਕੋਈ ਗਰੀਬ ਆਦਮੀ ਸੀ, ਬਹੁਤ ਦੁਖੀ ਹੋ ਰਿਹਾ ਸੀ, ਘਰ ਦਾ ਕਾਰੋਬਾਰ ਨਹੀਂ ਸੀ ਠੀਕ ਚਲਦਾ। ਜੇ ਦਸ ਰੁਪਏ ਕਮਾ ਕੇ ਲਿਆਉਂਦਾ ਹੈ ਤਾਂ ਖਰਚ ਵੀਹ ਦਾ ਹੁੰਦਾ ਹੈ। ਵੀਹ ਕਮਾ ਕੇ ਲਿਆਉਂਦਾ ਹੈ ਤਾਂ ਚਾਲੀ ਦਾ ਹੁੰਦਾ। ਚਾਲੀ ਲਿਆਉਂਦਾ ਹੈ ਤਾਂ ਅੱਸੀ ਦਾ ਹੁੰਦਾ ਹੈ। ਉਸ

ਵੇਲੇ ਬੜੀ ਸੋਚ ਵਿਚ ਹੈ ਕਿ ਕੀ ਕਰਿਆ ਜਾਵੇ, ਗੁਜ਼ਾਰਾ ਨਹੀਂ ਚੱਲ ਰਿਹਾ, ਕਰਿਆ ਕਿਸ ਤਰ੍ਹਾਂ ਨਾਲ ਜਾਵੇ। ਤਾਂ ਉਸ ਨੇ ਕਿਤੋਂ ਕਿਸੇ ਭਲੇ ਪੁਰਸ਼ ਤੋਂ ਪੁੱਛਿਆ ਕਿ ਕੋਈ ਤਰੀਕਾ ਹੈ, ਜਿਹਦੇ ਨਾਲ ਮੇਰਾ ਗੁਜ਼ਾਰਾ ਚੱਲ ਜਾਵੇ। ਉਹ ਕਹਿੰਦੇ, ਦੇਖ ਪ੍ਰੇਮੀਆਂ! ਸੰਸਾਰ ਦੇ ਅੰਦਰ ਬੀਜਿਆ ਹੋਇਆ ਵੱਢੀਦਾ ਹੈ –

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ – 134***

ਜਦੋਂ ਬੀਜਣ ਦਾ ਮੌਕਾ ਸੀ ਉਸ ਵੇਲੇ ਤੂੰ ਸੁੱਤਾ ਪਿਆ ਸੀ, ਇਹ ਤਾਂ ਬੀਜਣਾ ਹੀ ਪੈਂਦਾ ਹੈ। ਇੱਕ ਬੀਜ ਲੈ ਹਜ਼ਾਰ ਹੋ ਜਾਏਗਾ। ਵੱਧ ਵੀ ਜਾਏਗਾ। ਜਿਹੋ ਜਿਹੀ ਭਾਵਨਾ, ਜਿਹੋ ਜਿਹੀ ਜ਼ਮੀਨ ਓਹੋ ਜਿਹੀ ਫਸਲ ਹੋ ਜਾਇਆ ਕਰਦੀ ਹੈ, ਕੱਲਰ ਖੇਤੀ 'ਚ ਨਹੀਂ ਕੋਈ ਕੁਛ ਹੁੰਦਾ। ਇਸੇ ਕਰਕੇ ਮਹਾਰਾਜ ਕਹਿੰਦੇ ਨੇ ਕਿ –

***ਖੇਤੁ ਪਛਾਣੈ ਬੀਜੈ ਦਾਨੁ ॥ ਅੰਗ – 1411***

ਪਹਿਲਾਂ ਦੇਖੋ ਕਿ ਇਹ ਜਿਹੜਾ ਦੇ ਰਹੇ ਹਾਂ ਇਹ ਕਿਸੇ ਲੇਖੇ 'ਚ ਵੀ ਲੱਗਣਾ ਹੈ ਕਿ ਐਵੇਂ ਹੀ ਖਾ ਪੀ ਜਾਣਾ ਹੈ। ਸੋ ਵਧ ਜਾਇਆ ਕਰਦਾ ਹੈ।

ਇੱਕ ਐਸੀ ਮਿਸਾਲ ਆਉਂਦੀ ਹੈ ਕਿ ਨਾਮਦੇਵ ਜੀ ਨੇ ਮਰੀ ਹੋਈ ਗਊ ਨੂੰ ਜਿਉਂਦਾ ਕੀਤਾ। ਬੜਾ ਝਗੜਾ ਵਧਿਆ ਰਿਹਾ। ਦਿੱਲੀ ਦਾ ਬਾਦਸ਼ਾਹ ਸਲੇਮਸ਼ਾਹ ਇੱਕ ਪਾਸੇ ਤੇ ਨਾਮਦੇਵ ਜੀ ਇੱਕ ਪਾਸੇ। ਨਾਮਦੇਵ ਜੀ ਸਭਾ 'ਚ ਬੈਠਦੇ ਨੇ, ਮੌਜ ਦੇ ਨਾਲ ਆਪਣਾ ਬੰਦਗੀ ਕਰਦੇ ਨੇ, ਯਮਨਾ ਦੇ ਕਿਨਾਰੇ ਆਏ ਹੋਏ ਨੇ ਦਿੱਲੀ, ਸੰਗਤਾਂ ਜੁੜਦੀਆਂ ਨੇ ਤੇ ਅੱਜ ਜਿਸ ਵਕਤ ਆਪ ਸਮਾਧੀ ਤੋਂ ਉਥਾਨ ਹੁੰਦੇ ਨੇ ਤਾਂ ਉਸ ਵੇਲੇ ਕੀ ਦੇਖਦੇ ਨੇ ਕਿ ਇੱਕ ਬੀਬੀ, ਪੂਰੇ ਗਹਿਣੇ ਪਾਏ ਹੋਏ ਨੇ। ਸਿਰ ਵਿਚ ਮਾਂਗ ਭਰੀ ਹੋਈ ਹੈ ਸੰਦੂਰ ਦੀ ਤੇ ਦੇਖਣ ਤੋਂ ਪ੍ਰਤੀਤ ਹੁੰਦਾ ਹੈ ਕਿ ਕੋਈ ਸੁਹਾਗਣ ਹੈ। ਐਨਾ ਹੀ ਦੇਖਿਆ ਨਾਮਦੇਵ ਜੀ ਨੇ, ਉਹਨੇ ਨਮਸ਼ਕਾਰ ਕਰੀ, ਸੰਤਾਂ ਕੋਲ ਅਸ਼ੀਰਵਾਦ ਹੁੰਦੀ ਹੈ। ਕਾਰੋਬਾਰ ਦੀ ਵੀ ਅਸ਼ੀਰਵਾਦ ਦਿੰਦੇ ਨੇ ਤੇ ਜਦੋਂ ਜ਼ਿਆਦਾ ਪ੍ਰਸੰਨ ਹੋ ਜਾਣਾ ਤਾਂ ਫੇਰ ਕਹਿੰਦੇ ਨੇ ਕਿ ਤੈਨੂੰ ਨਾਮ ਚਿੱਤ ਆਵੇ, ਤੈਨੂੰ ਗੁਰੂ ਚਿੱਤ ਆਵੇ। ਕਿਉਂਕਿ ਇਹ ਸਭ ਤੋਂ ਵੱਡੀ ਅਸੀਸ ਹੁੰਦੀ ਹੈ ਸਾਧੂਆਂ ਦੀ। ਤੈਨੂੰ ਵਾਹਿਗੁਰੂ ਨਾ ਭੁੱਲੇ।

ਸੋ ਬੀਬੀ ਦੇ ਗਹਿਣਿਆਂ ਦਾ ਖੜਾਕ ਹੋਇਆ, ਪੈਰਾਂ 'ਚ ਵੀ ਪਾਏ ਹੋਏ, ਹੱਥਾਂ 'ਚ ਵੀ ਪਾਏ ਹੋਏ, ਸਿਰ ਦੇ ਉਤੇ ਵੀ ਗੁੰਦੇ ਹੋਏ, ਉਸ ਵੇਲੇ ਨਾਮਦੇਵ ਜੀ ਦੇ ਮੁੱਖ ਤੋਂ ਸਹਿਜ ਸੁਭਾਅ ਨਿਕਲਦਾ ਹੈ ਕਿ ਬੀਬੀ ਸੁਹਾਗ ਮਾਣ। ਬੀਬੀ ਦੇ ਨੇਤਰਾਂ 'ਚ ਜਲ ਚੱਲ ਰਿਹਾ ਹੈ।

ਕਹਿਣ ਲੱਗੇ, ਕੀ ਗੱਲ ਹੈ ਬੇਟਾ?

ਬੀਬੀ ਨੇ ਕਿਹਾ ਕਿ ਮਹਾਰਾਜ! ਮੇਰਾ ਸੁਹਾਗ ਤਾਂ ਔਹ ਅਰਥੀ 'ਤੇ ਪਿਆ ਹੈ। ਮੈਂ ਤਾਂ ਸਤੀ ਹੋਣ ਵਾਸਤੇ ਜਾ ਰਹੀ ਹਾਂ। ਤੁਹਾਡਾ ਬਚਨ

ਹੋ ਗਿਆ, ਕ੍ਰਿਪਾ ਕਰੋ। ਨੇੜੇ ਲਿਆ ਕੇ ਰੱਖ ਦਿਤਾ। ਬੰਦਗੀ ਕਰਕੇ ਹਟੇ ਸੀ। ਮਹਾਂਪੁਰਸ਼ਾਂ ਦੇ ਦਿਲ ਨਰਮ ਹੋਇਆ ਕਰਦੇ ਨੇ। ਅੰਦਰੋਂ ਆਵਾਜ਼ ਆਈ ਕਿ ਨਾਮਦੇਵ ਪਰੇਸ਼ਾਨ ਨਾ ਹੋ। ਜਦੋਂ ਮੇਰਾ ਪਿਆਰਾ ਪਰੇਸ਼ਾਨ ਹੁੰਦਾ ਹੈ, ਮੈਨੂੰ ਵੀ ਦੁਖ ਪਹੁੰਚਦਾ ਹੈ। ਕਿਹੜੀ ਗੱਲ ਤੋਂ ਤੂੰ ਪਰੇਸ਼ਾਨ ਹੈਂ। ਇਹ ਤਾਂ ਮੈਂ ਤੇਰੀ ਮਹਿਮਾ ਪ੍ਰਗਟ ਕਰਨ ਵਾਸਤੇ, ਤੇਰੀ ਜ਼ੁਬਾਨ ਦੇ ਉਤੇ ਬੈਠ ਕੇ ਮੈਂ ਆਪ ਬੋਲਿਆ ਹਾਂ। ਤੂੰ ਕਿਉਂ ਘਬਰਾਉਂਦਾ ਹੈਂ ਇਸ ਗੱਲ ਤੋਂ। ਕਿਉਂਕਿ ਮੈਂ ਜੇ ਪ੍ਰਗਟ ਰੂਪ ਦੇ ਅੰਦਰ ਵਸਦਾ ਹਾਂ ਤਾਂ ਮੇਰੇ ਬਾਰੇ ਸਾਰੇ ਮਹਾਂਪੁਰਸ਼ ਇਸ ਤਰ੍ਹਾਂ ਫੁਰਮਾਨ ਕਰਦੇ ਹਨ –

***ਧਾਰਨਾ – ਪ੍ਰਭ ਜੀ ਦਾ ਵਾਸਾ ਹੈ, ਸੰਤਾਂ ਦੀ ਰਸਨਾ ਉਤੇ।***

***ਪ੍ਰਭ ਜੀ ਬਸਹਿ ਸਾਧ ਕੀ ਰਸਨਾ ॥ ਅੰਗ – 263***

ਕਹਿਣ ਲੱਗੇ, ਨਾਮਦੇਵ! ਮੇਰੇ ਨਾਲ ਜੋ ਅਭੇਦ ਪੁਰਸ਼, ਤਨ ਵੀ, ਧਨ ਵੀ, ਮਨ ਵੀ ਮੈਨੂੰ ਦੇ ਕੇ ਜਿਨ੍ਹਾਂ ਦੇ ਮੁੱਖ ਤੋਂ ਇਹ ਨਿਕਲਦਾ ਹੈ, ਮੈਂ ਨਹੀਂ ਹਾਂ ਕੁਛ ਵੀ, ਤੇਰਾ ਹੀ ਹੈ ਸਭ ਕੁਛ, ਤੂੰ ਹੀ ਮੇਰੇ ਅੰਦਰ ਹਰ ਥਾਂ ਦੇ ਉਤੇ ਪਰੀਪੂਰਨ ਹੈਂ। ਹੁਣੇ ਤੁਸੀਂ ਸ਼ਬਦ ਸੁਣਿਆ ਸੀ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅੰਗ – 657***

ਬ੍ਰਹਮਗਿਆਨੀਆਂ ਦੇ ਪੜ੍ਹਨ ਵਾਲਾ ਸ਼ਬਦ ਹੈ। ਜੀਵ ਨੂੰ ਇਸ ਸ਼ਬਦ ਦੀ ਸਮਝ ਨਹੀਂ ਆਉਂਦੀ। ਉਹ ਕੇਵਲ ਗਾ ਸਕਦਾ ਹੈ, ਲੇਕਿਨ ਇਹਦੇ ਭੇਤ ਤੱਕ ਨਹੀਂ ਪਹੁੰਚਦਾ। ਬਹੁਤ ਵੱਡੀ ਫਿਲਾਸਫੀ ਹੈ –

***ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥***
***ਅਨਲ ਅਗਮ ਜੈਸੇ ਲਹਰਿ ਮਇ ਓਦਧਿ***
***ਜਲ ਕੇਵਲ ਜਲ ਮਾਂਹੀ ॥ ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥***
***ਜੈਸਾ ਮਾਨੀਐ ਹੋਇ ਨ ਤੈਸਾ ॥ ਅੰਗ – 657***

ਭਰਮ ਪੈ ਗਿਆ, ਜਬਰਦਸਤ ਸੰਸਾਰ ਨੂੰ, ਅਸਲੀ ਗੱਲ ਨੂੰ ਸਮਝ ਨਹੀਂ ਰਿਹਾ। ਅਸਲੀ ਗੱਲ ਦੱਸੀ ਹੈ ਬਾਣੀ ਦੇ ਅੰਦਰ, ਜਦ ਅਸੀਂ ਹੁੰਦੇ ਹਾਂ ਪ੍ਰਮੇਸ਼ੂਰ ਨਹੀਂ ਹੁੰਦਾ, ਜਦੋਂ ਪ੍ਰਮੇਸ਼ੂਰ ਹੁੰਦਾ ਹੈ ਫੇਰ ਅਸੀਂ ਨਹੀਂ ਹੁੰਦੇ। ਗੱਲ ਬੜੀ ਅਜੀਬ ਹੋ ਗਈ ਇਹ ਤਾਂ। ਸਾਡੀ ਸਮਝ ਤੋਂ ਬਾਹਰਲੀ ਬਾਤ ਹੋ ਗਈ, ਕਿਉਂਕਿ ਅਸੀਂ ਇਹ ਕਹਿੰਦੇ ਹਾਂ ਕਿ ਅਸੀਂ ਤਾਂ ਹੋਣੇ ਚਾਹੀਦੇ ਹਾਂ, ਤੂੰ ਨਹੀਂ ਹੋਣਾ ਚਾਹੀਦਾ। ਦੋ ਬਿਨਾਂ ਜੀਅ ਨਹੀਂ ਲਗਦਾ। ਆਹ ਤਾਂ ਕੋਈ ਗੱਲ ਹੀ ਨਾ ਬਣੀ, ਜਦੋਂ ਤੂੰ ਨਹੀਂ ਹੁੰਦਾ, ਮੈਂ ਹੁੰਦਾ ਹਾਂ। ਜਦ ਮੈਂ ਹੁੰਦਾ ਹਾਂ ਤੂੰ ਨਹੀਂ ਹੁੰਦਾ। ਉਹ ਕਹਿੰਦੇ, ਮੈਂ ਹੁੰਦਾ ਤਾਂ ਹੈ ਪਰ ਤੂੰ ਬਣ ਜਾਂਦਾ ਹੈ। ਓਹੀ ਬਣ ਜਾਂਦਾ ਹੈ ਜਿਹਨੂੰ ਤੂੰ-ਤੂੰ ਕਹਿੰਦਾ ਹੈ –

***ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥***
***ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥***
***ਅੰਗ – 1375***

ਤੂੰ ਹੀ ਤੂੰ ਰਹਿ ਜਾਂਦਾ ਹੈ, ਮੈਂ ਨਹੀਂ ਰਿਹਾ ਕਰਦਾ, ਕਹਿੰਦੇ

ਨਾਮਦੇਵ। ਇਹਨੂੰ ਅਭੇਦ ਅਵਸਥਾ ਕਹਿੰਦੇ ਨੇ। ਅਭੇਦ ਅਵਸਥਾ ਵਾਲਾ ਜੋ ਵੀ ਬਚਨ ਕਰਦਾ ਹੁੰਦਾ ਹੈ, ਉਹ ਮੈਂ ਹੀ ਕਰਦਾ ਹੁੰਦਾ ਹਾਂ -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥***

***ਅੰਗ - 748***

ਉਹ ਮੇਰੇ ਵਿਚ ਪਿਆਰ ਦੇ ਨਾਲ ਸ਼ਾਮਲ ਹੋਏ ਹੁੰਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸੰਗਤਾਂ ਦਾ ਉਧਾਰ ਕਰ ਰਹੇ ਨੇ ਪਰ ਅਜੇ ਸਰੀਰਕ ਤੌਰ ਦੇ ਉਤੇ, ਸਰੀਰ ਦੀ ਉਮਰ ਛੋਟੀ ਹੈ। ਆਤਮਾ ਦੀ ਤਾਂ ਕੋਈ ਉਮਰ ਹੀ ਨਹੀਂ ਕੋਈ ਹੋਇਆ ਕਰਦੀ। ਕਈ ਮਹਾਤਮਾ ਨੂੰ ਪੁੱਛਦੇ ਨੇ ਕਿ ਮਹਾਰਾਜ! ਤੁਹਾਡੀ ਕਿੰਨੀ ਉਮਰ ਹੈ। ਮਹਾਤਮਾ ਸੁਣ ਕੇ ਹੱਸ ਪੈਂਦੇ ਨੇ, ਦਸਿਆ ਨਹੀਂ ਕਰਦੇ। ਫੇਰ ਜੇ ਦੱਸਣ ਵੀ ਤਾਂ ਕਹਿ ਦਿੰਦੇ ਨੇ, ਆਹ ਸਰੀਰ ਦੀ 60 ਸਾਲ, 70 ਸਾਲ ਉਮਰ ਹੈ। ਆਪ ਦੀ ਨਹੀਂ ਕਹਿੰਦੇ, ਕਿਉਂਕਿ ਸਾਡੀ ਉਮਰ ਨਹੀਂ ਕੋਈ ਹੈ, ਨਾ ਕੋਈ ਸਾਡਾ ਆਦਿ, ਨਾ ਸਾਡਾ ਕੋਈ ਅੰਤ। ਇਹ ਗੱਲਾਂ ਜੇ ਸਾਡੇ ਸਮਝ 'ਚ ਪੈ ਜਾਣ ਤਾਂ ਅਗਿਆਨ ਦੂਰ ਹੋ ਜਾਂਦਾ ਹੈ, ਹਨ੍ਹੇਰਾ ਦੂਰ ਹੋ ਜਾਂਦਾ ਹੈ। ਉਹ ਹੋਇਆ ਕਰਦੀ ਹੈ ਬਣੀ ਹੋਈ ਚੀਜ਼ ਦੀ। ਇਹ ਬਣਿਆ ਹੋਇਆ ਨਹੀਂ, ਇਹ ਤਾਂ ਪ੍ਰਕਾਸ਼ ਹੈ ਪ੍ਰਭੂ ਦਾ। ਨਾ ਪ੍ਰਮੇਸ਼ਰ ਦੀ ਕੋਈ ਉਮਰ ਨਾ ਇਹਦੇ ਪ੍ਰਕਾਸ਼ ਦੀ, ਜਿਹਨੂੰ ਆਤਮਾ ਕਹਿੰਦੇ ਨੇ, ਨਾ ਕੋਈ ਉਹਦੀ ਉਮਰ। ਇਹ ਤਾਂ ਇੱਕੋ ਇੱਕ ਨੇ, ਉਮਰ ਤੋਂ ਰਹਿਤ ਹੈ, ਕਾਲ ਨਹੀਂ ਇਥੇ ਹੁੰਦਾ, ਇਹਨੂੰ ਅਕਾਲ ਮੂਰਤਿ ਕਹਿੰਦੇ ਨੇ। ਕਾਲ ਮੂਰਤਿ ਉਹ ਹੁੰਦੀ ਹੈ, ਜਿਹਦੇ ਆਲੇ-ਦੁਆਲੇ ਕਾਲ ਹੋਵੇ, ਸਮਾਂ ਹੋਵੇ। ਸਮੇਂ ਤੋਂ ਉਤੇ ਜਿਹੜਾ ਹੈ ਉਹ ਅਕਾਲ। ਸੋ ਉਮਰ ਨਹੀਂ ਹੋਇਆ ਕਰਦੀ। ਅਭੇਦ ਅਵਸਥਾ ਦੇ ਹੁੰਦੇ ਨੇ। ਆਪਣਾ ਆਪ ਖਤਮ ਹੋ ਗਿਆ ਹੁੰਦਾ ਹੈ ਤੇ ਗੁਰੂ ਦਾ ਰੂਪ ਬਣ ਜਾਂਦੇ ਨੇ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਦੇ ਸਾਮ੍ਹਣੇ, ਜਦੋਂ ਆਪ ਛੋਟੀ ਉਮਰ ਹੈ, 12-13 ਸਾਲ ਦੀ, ਕਿਸ਼ੋਰ ਅਵਸਥਾ ਕਹਿੰਦੇ ਨੇ ਇਹਨੂੰ। ਬਹੁਤਿਆਂ ਨੂੰ ਜਿਹੜੇ ਪਕਰੋੜ ਹੋ ਜਾਇਆ ਕਰਦੇ ਨੇ, ਇਨ੍ਹਾਂ ਦੇ ਨਿਹਚਿਆਂ 'ਚ ਕਮਜ਼ੋਰੀ ਆ ਜਾਇਆ ਕਰਦੀ ਹੈ। ਚਾਹੇ ਸੰਤਾਂ ਦੇ ਕੋਲ ਰਹਿੰਦੇ ਹੋਣ, ਚਾਹੇ ਗੁਰੂਆਂ ਦੇ ਕੋਲ ਰਹਿੰਦੇ ਹੋਣ, ਕਿੱਡਾ ਹੀ ਵੱਡਾ ਗੁਰੂ ਕਿਉਂ ਨਾ ਹੋਵੇ, ਚਾਹੇ ਰੱਬ ਦੇ ਕੋਲ ਰਹਿੰਦੇ ਹੋਣ, ਉਹ ਪਕਰੋੜ ਹੋ ਜਾਂਦੇ ਹਨ। ਇਹ ਦੋ ਤਰ੍ਹਾਂ ਦੇ ਹੁੰਦੇ ਨੇ - ਇੱਕ ਤਾਂ ਉਹ ਹੁੰਦੇ ਨੇ ਜਿਹੜੇ ਸ਼ਰਧਾ ਤੇ ਭਾਵਨਾ ਨਹੀਂ ਜਾਣ ਦਿੰਦੇ, ਗੁਰੂ ਦੀ ਕਿਰਿਆ ਵਲ ਨਹੀਂ ਜਾਂਦੇ। ਭਾਵਨਾ ਦੇ ਵਿਚ ਰਹਿੰਦੇ ਨੇ। ਦੂਜੇ ਉਹ ਹੋਇਆ ਕਰਦੇ ਨੇ ਜਿਹੜੇ ਹਰ ਚੀਜ਼ ਗੁਰੂ ਦੀ ਦੇਖਦੇ ਨੇ। ਆਪਣੇ ਆਪ ਨੂੰ ਕਾਇਮ ਰਖਦੇ ਨੇ, ਉਹ ਪਕਰੋੜ ਸਿੱਖ ਹੁੰਦੇ ਨੇ।

ਖੇੜੀ ਪਿੰਡ ਦਾ ਗੰਗੂ ਕਿੰਨੀ ਦੇਰ ਗੁਰੂ ਸਾਹਿਬ ਦੇ ਨਾਲ ਲੰਗਰ 'ਚ ਸੇਵਾ ਕਰਦਾ ਰਿਹਾ। ਕਹਿੰਦੇ ਨੇ 27 ਸਾਲ ਇਹਨੇ ਸੇਵਾ ਕਰੀ। ਅਰ ਓਸ ਸਤਿਗੁਰੂ ਦੇ ਨਾਲ ਸੇਵਾ ਕਰੀ, ਜਿਹਦੇ ਦਰਸ਼ਨ ਕਰਨ ਦੇ ਨਾਲ ਹੀ

ਸਾਰੇ ਪਾਪਾਂ ਦਾ ਖਾਤਮਾ ਹੋ ਜਾਂਦਾ ਸੀ। ਜਿਹਦੀ ਦ੍ਰਿਸ਼ਟੀ ਦੇ ਨਾਲ ਬ੍ਰਹਮਗਿਆਨ ਪ੍ਰਾਪਤ ਹੋ ਜਾਂਦਾ ਸੀ। ਉਹਦੇ ਕੋਲ ਰਹਿ ਕੇ ਗੰਗੂ ਕਿਉਂ ਸੁੱਕਾ ਰਹਿ ਗਿਆ? ਇਹ ਗੱਲ ਇੱਕ ਦਿਨ ਗੁਰੂ ਮਹਾਰਾਜ ਨੇ ਸਮਝਾਈ ਸੀ ਕਿ ਇੱਕ ਭਾਈ ਜੱਗਾ ਸਿੰਘ ਸੀ, ਉਹ ਗੁਰੂ ਮਹਾਰਾਜ ਦੀ ਬਹੁਤ ਸੇਵਾ ਕਰਿਆ ਕਰਦਾ ਸੀ। ਮਹਾਰਾਜ ਉਹਦੇ ਉਤੇ ਬੜੇ ਹੀ ਪ੍ਰਸੰਨ ਸੀ ਤੇ ਗੁਰੂ ਮਹਾਰਾਜ ਦੇ ਨੇੜੇ ਰਹਿ ਕੇ ਉਹ ਹੈਂਕੜ 'ਚ ਨਹੀਂ ਸੀ ਆਇਆ ਕਿ ਮੈਂ ਕੁਛ ਬਣ ਗਿਆ, ਗੁਰੂ ਮਹਾਰਾਜ ਹਰ ਵਕਤ ਮੈਨੂੰ ਹਾਕਾਂ ਮਾਰਦੇ ਰਹਿੰਦੇ ਨੇ। ਨਿਮਰਤਾ 'ਚ ਰਹਿੰਦਾ ਸੀ, ਉਹਦੇ ਗਿਆਨ ਵਿਚ ਤੇ ਉਹਦੀ ਸ਼ਰਧਾ 'ਚ ਕੋਈ ਫਰਕ ਨਹੀਂ ਸੀ ਪਿਆ। ਜਦੋਂ ਪਹਿਲੇ ਦਿਨ ਆਇਆ ਸੀ ਉਸ ਵੇਲੇ ਵੀ ਗੁਰੂ ਸਾਹਿਬ ਦੇ ਗੁਰਸਿੱਖਾਂ ਦਾ ਸਤਿਕਾਰ ਕਰਦਾ ਸੀ। ਜਦੋਂ ਗੁਰੂ ਮਹਾਰਾਜ ਹਰ ਵਕਤ ਲਈ ਕੋਲ ਚਲਿਆ ਗਿਆ, ਫੇਰ ਵੀ ਗੁਰਸਿੱਖਾਂ ਦਾ ਉਵੇਂ ਹੀ ਸਤਿਕਾਰ ਕਰਦਾ ਰਿਹਾ। ਲੇਕਿਨ ਕੁਛ ਸਿੱਖ ਜਿਹੜੇ ਸੀਗੇ ਤਾਂ ਨਿਕਟਵਰਤੀ, ਉਹ ਭਾਈ ਜੱਗਾ ਸਿੰਘ ਦਾ ਬਾਰ-ਬਾਰ ਗੁਰੂ ਸਾਹਿਬ ਨੂੰ ਮਿਲਣਾ ਅਤੇ ਉਨ੍ਹਾਂ ਦੇ ਪਿਆਰ ਦੇ ਬਚਨਾਂ ਨੂੰ ਉਹ ਸਹਿਨ ਨਹੀਂ ਸੀ ਕਰ ਸਕਦੇ। ਜਦੋਂ ਗੁਰੂ ਮਹਾਰਾਜ ਨੇ ਪਾਸੇ ਹੋਣਾ, ਤਾਂ ਉਨ੍ਹਾਂ ਨੇ ਕਹਿਣਾ ਕਿ ਤੇਰੇ ਵਰਗੇ ਇਥੇ ਵੀਹ ਆਏ ਨੇ ਤੇ ਪਤਾ ਹੀ ਨਹੀਂ ਲੱਗਿਆ ਜਦੋਂ ਇਥੋਂ ਉਡ ਗਏ ਨੇ। ਬਹੁਤਾ ਤੂੰ ਇਥੇ ਨੱਠਿਆ ਫਿਰਦਾ ਹੈਂ ਉਨ੍ਹਾਂ ਦੇ ਅੱਗੇ-ਅੱਗੇ। ਦੌੜ-ਦੌੜ ਕੇ ਦਿਖਾਉਂਦਾ ਹੈ ਉਨ੍ਹਾਂ ਨੂੰ। ਬੜੇ ਹੀ ਕ੍ਰੋਧ ਤੇ ਨਿਰਾਦਰ ਭਰੇ ਸ਼ਬਦ ਬੋਲਿਆ ਕਰਦੇ, ਉਹ ਹੱਥ ਜੋੜ ਕੇ ਮੱਥਾ ਟੇਕ ਦਿਆ ਕਰੇ ਕਿ ਗੁਰਸਿੱਖੋ! ਮੈਂ ਅਣਜਾਣ ਹਾਂ, ਮੈਨੂੰ ਪਤਾ ਨਹੀਂ ਹੈ, ਤੁਸੀਂ ਮੈਨੂੰ ਸੁਮੱਤ ਦਿਆ ਕਰੋ। ਕਹਿੰਦੇ, ਦੇਵਾਂਗੇ ਤੈਨੂੰ ਸੁਮੱਤ, ਚੰਗੀ ਤਰ੍ਹਾਂ ਦੇਵਾਂਗੇ।

ਇੱਕ ਦਿਨ ਗੁਰੂ ਮਹਾਰਾਜ ਬਾਹਰ ਗਏ, ਭਾਈ ਜੱਗਾ ਸਿੰਘ ਤੇ ਉਹ ਨਿਕਟਵਰਤੀ ਸਿੱਖ ਪਿੱਛੇ ਰਹਿ ਗਏ। ਉਨ੍ਹਾਂ ਨੇ ਅੱਜ ਦੇਖਿਆ ਕਿ ਅੱਜ ਨੇੜੇ ਤੇੜੇ ਕੋਈ ਨਹੀਂ, ਨਾ ਮਾਤਾਵਾਂ ਨੇ ਨਾ ਗੁਰੂ ਸਾਹਿਬ ਨੇ, ਉਸ ਵੇਲੇ ਭਾਈ ਜੱਗਾ ਸਿੰਘ ਨੂੰ ਫੜ ਲਿਆ, ਕਹਿਣ ਲੱਗੇ, ਅੱਜ ਤੈਨੂੰ ਮੱਤ ਦੇਣੀ ਹੈ, ਜਿਉਂ ਮੁੱਕੇ, ਥੱਪੜ, ਗੋਡੇ ਮਾਰਨ ਲੱਗੇ, ਥੱਲੇ ਸੁੱਟ ਲਿਆ, ਬਹੁਤ ਕੁੱਟਿਆ। ਕਹਿੰਦੇ, ਜ਼ਿਆਦਾ ਮੂਹਰੇ ਫਿਰ-ਫਿਰ ਕੇ ਦਿਖਾਉਂਦਾ ਹੈ ਗੁਰੂ ਮਹਾਰਾਜ ਨੂੰ। ਬੜੀ ਭਾਰੀ ਈਰਖਾ ਦਿਖਾਈ ਉਨ੍ਹਾਂ ਨੇ। ਇਹ ਪ੍ਰੇਮੀ ਦੇ ਬਹੁਤ ਮਾਰ ਪਈ, ਦਾਗ ਪੈ ਗਏ। ਜਿਸ ਵਕਤ ਉਨ੍ਹਾਂ ਨੇ ਛੱਡ ਦਿਤਾ। ਦਸਤਾਰ ਸਜਾਈ ਇਸਨੇ, ਵਸਤਰ ਠੀਕ ਕੀਤੇ, ਪਿੱਛੇ ਹਟ ਕੇ ਨਮਸਕਾਰ ਕੀਤੀ, ਕਹਿੰਦਾ, ਭਰਾਵੋ! ਮੈਂ ਛੋਟਾ ਭਰਾ, ਇਵੇਂ ਜਿਵੇਂ ਸੁਮੱਤ ਦੇਣੀ ਚਾਹੀਦੀ ਹੈ। ਅੱਗੇ ਵਾਸਤੇ ਮੈਂ ਹੋਰ ਸਾਵਧਾਨ ਹੋ ਕੇ ਚੱਲਾਂਗਾ। ਤੁਹਾਡੀ ਕ੍ਰਿਪਾ ਦਾ ਮੈਂ ਧੰਨਵਾਦੀ ਹਾਂ ਕਿਉਂਕਿ ਤੁਸੀਂ ਮੇਰਾ ਭਲਾ ਲੋਚਦੇ ਓਂ।

ਗੁਰੂ ਮਹਾਰਾਜ ਆ ਗਏ ਤੇ ਆਪ ਨੇ ਸਾਰੀ ਗੱਲ ਨੂੰ ਭਾਂਪਿਆ, ਪਤਾ ਲਗ ਗਿਆ ਕਿ ਭਾਈ ਜੱਗਾ ਸਿੰਘ ਦੇ ਨਾਲ ਬਹੁਤ ਈਰਖਾ ਹੋ

ਰਹੀ ਹੈ ਤੇ ਅੱਜ ਹੱਥੋਪਾਈ ਕਰਕੇ ਗੁਰਸਿੱਖ ਨੂੰ ਮਾਰਿਆ-ਕੁੱਟਿਆ। ਉਸ ਵੇਲੇ ਮਹਾਰਾਜ ਜੀ ਨੇ ਸੰਗਤ ਨੂੰ ਇਕੱਠਾ ਕਰ ਲਿਆ ਤੇ ਉਹਦੇ ਵਿਚ ਭਾਈ ਜੱਗਾ ਸਿੰਘ ਨੂੰ ਬੁਲਾ ਕੇ ਕਹਿਣ ਲੱਗੇ, ਭਾਈ ਜੱਗਾ ਸਿੰਘਾ! ਸੱਚ-ਸੱਚ ਦਸ ਅੱਜ ਕੀ ਹੋਇਆ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਸੀਂ ਤਾਂ ਘਟ-ਘਟ ਦੇ ਜਾਨਣਹਾਰ ਓਂ। ਤੁਸੀਂ ਤਾਂ ਹਰ ਚੀਜ਼ ਨੂੰ ਜਾਣਦੇ ਓਂ। ਤੁਹਾਨੂੰ ਤਾਂ ਸਾਰਾ ਹੀ ਪਤਾ ਹੈ ਮਹਾਰਾਜ। ਮੈਂ ਦੱਸਣ ਵਿਚ ਕੋਈ ਗਲਤੀ ਕਰ ਜਾਵਾਂ।

ਕਹਿੰਦੇ, ਫੇਰ ਵੀ ਦਸ।

ਕਹਿਣ ਲੱਗਿਆ, ਮਹਾਰਾਜ! ਹੋਇਆ ਕੀ ਹੈ, ਅੱਜ ਮੇਰੇ 'ਤੇ ਬੜੀ ਕ੍ਰਿਪਾ ਕੀਤੀ ਹੈ ਮੇਰੇ ਭਰਾਵਾਂ ਨੇ, ਮੇਰੇ ਪਾਪ ਕੱਢ ਦਿਤੇ ਤੇ ਮੈਨੂੰ ਸੁਮੱਤ ਦੇ ਦਿਤੀ ਇਨ੍ਹਾਂ ਨੇ। ਉਸ ਵੇਲੇ ਮਹਾਰਾਜ ਨੇ ਬੁਲਾਇਆ ਸਾਰਿਆਂ ਨੂੰ। ਸਾਰੀ ਗੱਲ ਸੰਗਤ ਦੇ ਉਤੇ ਪ੍ਰਗਟ ਕਰੀ, ਕਹਿੰਦੇ ਦੇਖੋ, ਗੁਰਸਿੱਖੋ! ਇੱਕ ਪਾਸੇ ਤਾਂ ਭਾਈ ਜੱਗਾ ਸਿੰਘ, ਇੱਕ ਪਾਸੇ ਆਹ ਨੇ ਜਿਨ੍ਹਾਂ ਨੇ ਸਾਡੀ ਗੈਰਹਾਜ਼ਰੀ ਦੇ ਅੰਦਰ ਏਸ ਗੁਰਸਿੱਖ ਦੇ ਉੱਤੇ ਹੱਥ ਉਠਾਇਆ ਤੇ ਇਹਨੂੰ ਬਹੁਤ ਕੁੱਟਿਆ, ਗਾਲ੍ਹਾਂ ਕੱਢੀਆਂ।

ਚੰਗੇ ਬੰਦੇ ਵੀ ਹੁੰਦੇ ਨੇ ਵਿਚ, ਪਰ ਸੁਭਾਅ ਬੜੇ ਮਾੜੇ ਹੁੰਦੇ ਨੇ। ਸੁਭਾਅ ਨਹੀਂ ਬਦਲਿਆ ਕਰਦੇ।

ਉਸ ਵੇਲੇ ਪੁੱਛਿਆ ਸੰਗਤ ਨੇ ਕਿ ਪਾਤਸ਼ਾਹ! ਤੁਹਾਡੇ ਕੋਲ ਰਹਿੰਦੇ ਨੇ। ਤੁਹਾਡੇ ਨਿਕਟਵਰਤੀਆਂ 'ਚੋਂ ਨੇ, ਅਸੀਂ ਤਾਂ ਇਨ੍ਹਾਂ ਨੂੰ ਫਤਹਿ ਬੁਲਾਉਂਦੇ ਹਾਂ, ਇਨ੍ਹਾਂ ਨੂੰ ਚਰਨਾਂ 'ਤੇ ਨਮਸ਼ਕਾਰ ਕਰਦੇ ਹਾਂ। ਇਨ੍ਹਾਂ ਦਾ ਆਦਰ ਸਤਿਕਾਰ ਕਰਦੇ ਹਾਂ ਤੇ ਆਪ ਦੇ ਬਾਰੇ ਇਨ੍ਹਾਂ ਦੇ ਮੁੱਖ ਤੋਂ ਹੀ ਬਚਨ ਸੁਣਨਾ ਚਾਹੁੰਦੇ ਹਾਂ। ਸਾਡੀ ਸਮਝ ਤੋਂ ਬਾਹਰਲੀ ਗੱਲ ਹੈ। ਆਪ ਕ੍ਰਿਪਾ ਕਰਕੇ ਸਾਨੂੰ ਸਮਝਾਉਣਾ ਕਰੋ।

ਉਸ ਵੇਲੇ ਮਹਾਰਾਜ ਨੇ ਕਿਹਾ ਕਿ ਇੱਕ ਪੱਥਰ ਲੈ ਕੇ ਆਓ। ਪੱਥਰ ਲਿਆਂਦਾ ਗਿਆ ਤੇ ਦੂਸਰੇ ਪਾਸੇ ਕਹਿਣ ਲੱਗੇ, ਪਤਾਸ਼ੇ ਲੈ ਕੇ ਆਓ। ਪਤਾਸ਼ੇ ਲਿਆ ਕੇ ਦੋਵੇਂ ਪਾਣੀ ਵਿਚ ਪੁਆ ਦਿਤੇ। ਪਾਣੀ 'ਚ ਪੁਆ ਕੇ ਮਹਾਰਾਜ ਬਚਨ ਹੋਰ ਕਰਦੇ ਰਹੇ। ਕਾਫੀ ਦੇਰ ਤੋਂ ਬਾਅਦ ਕਹਿਣ ਲੱਗੇ ਕਿ ਪੱਥਰ ਲਿਆਓ ਭਾਈ ਕੱਢ ਕੇ, ਪਤਾਸ਼ੇ ਲਿਆਓ। ਦੋਵੇਂ ਬਰਤਨ ਲਿਆਂਦੇ। ਕਹਿਣ ਲੱਗੇ, ਮਹਾਰਾਜ! ਪੱਥਰ ਤਾਂ ਆਹ ਹੈ, ਪਤਾਸ਼ੇ ਜਿਹੜੇ ਨੇ ਉਹ ਨਹੀਂ ਨਿਕਲਦੇ ਕਿਉਂਕਿ ਵਿਚ ਘੁੱਲ ਗਏ। ਪਾਤਸ਼ਾਹ! ਸਾਡੀ ਸਮਝ ਵਿਚ ਨਹੀਂ ਆਈ ਗੱਲ ਕਿ ਇਹ ਕੌਤਕ ਕਾਹਦੇ ਵਾਸਤੇ ਵਰਤਾਇਆ ਹੈ। ਉਸ ਵੇਲੇ ਮਹਾਰਾਜ ਕਹਿਣ ਲੱਗੇ ਪ੍ਰੇਮੀਓ! ਇੱਕ ਉਹ ਨੇ ਜਿਹੜੇ ਸਾਡੇ ਕੋਲ ਪੱਥਰ ਰੂਪ 'ਚ ਆਉਂਦੇ ਨੇ। ਸਤਿਗੁਰੂ ਤਾਂ ਸਭ ਦਾ ਭਲਾ ਮਨਾਉਂਦਾ ਹੈ। ਪਰ ਇਹ ਜਿਹੜੇ ਪੱਥਰ ਰੂਪ 'ਚ ਆਉਂਦੇ ਨੇ, ਇਨ੍ਹਾਂ ਦਾ ਹਿਰਦਾ ਐਨਾ ਕਠੋਰ ਹੁੰਦਾ ਹੈ ਇਨ੍ਹਾਂ 'ਤੇ ਅਸਰ ਨਹੀਂ ਪੈਂਦਾ

ਕੋਈ ਵੀ।

*ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*

*ਅੰਗ - 1372*

ਕਹਿੰਦੇ ਅੰਨੇ ਹੁੰਦੇ ਨੇ, ਜਿਵੇਂ ਭੂਕਨਾ ਹੁੰਦਾ ਹੈ ਉਹਦੇ 'ਚ ਫੂਕ ਮਾਰੋ, ਉਹ ਫੂਕ ਨਿਕਲ ਜਾਂਦੀ ਹੈ। ਇਸੇ ਤਰ੍ਹਾਂ ਜਿਹੜੇ ਤੱਤ ਉਪਦੇਸ਼ ਹੁੰਦੇ ਨੇ ਇਹ ਪੱਥਰ ਰੂਪ ਜਿਹੜੇ ਸਿੱਖ ਹੁੰਦੇ ਨੇ ਇਨ੍ਹਾਂ ਦੇ ਹਿਰਦੇ 'ਚ ਨਹੀਂ ਵਸਦੇ। ਉਥੇ ਦੇ ਉਥੇ ਰਹਿੰਦੇ ਨੇ। ਬਾਹਰੋਂ ਭੇਖ ਨਾਲ ਬਦਲ ਜਾਂਦੇ ਨੇ। ਬਾਣੀਆਂ ਵੀ ਬਹੁਤ ਪੜ੍ਹ ਲੈਣਗੇ। ਲੇਕਿਨ ਅੰਦਰੋਂ ਨਹੀਂ ਹੁੰਦੇ, ਅੰਦਰੋਂ ਆਪਣੀ ਹਉਮੈ ਕਾਇਮ ਰਖਦੇ ਨੇ ਉਸੇ ਤਰ੍ਹਾਂ ਦੇ ਨਾਲ। ਇਹ ਭਾਈ ਜੱਗਾ ਸਿੰਘ ਜਿਹੜਾ ਹੈ ਪਤਾਸ਼ਿਆਂ ਵਾਲਾ ਸਿੱਖ ਗੁਰੂ ਦੇ ਪਿਆਰ ਵਿਚ ਘੁਲਿਆ ਪਿਆ ਹੈ। ਦੇਖਿਆ ਹੈ ਨਾ ਤੁਸੀਂ ਕਿਵੇਂ ਨਿਮਰਤਾ ਨਾਲ ਕਹਿੰਦਾ ਹੈ ਪਾਤਸ਼ਾਹ! ਮੇਰੇ ਵੱਡੇ ਭਰਾਵਾਂ ਨੇ ਮੈਨੂੰ ਤਾਂ ਸੁਮੱਤ ਦਿਤੀ ਹੈ, ਹੋਇਆ ਤਾਂ ਕੁਛ ਨਹੀਂ ਹੈ। ਮੈਂ ਹੀ ਮੂਰਖ ਹਾਂ, ਮੇਰੀ ਸਮਝ ਥੋੜ੍ਹੀ ਹੈ। ਇਹ ਤਾਂ ਮੇਰੇ 'ਤੇ ਕ੍ਰਿਪਾ ਕਰਦੇ ਨੇ।

ਉਸ ਵੇਲੇ ਸਵਾਲ ਹੋਇਆ ਪਾਤਸ਼ਾਹ! ਸਿੱਖਾਂ ਵਿਚ ਵੀ ਕੋਈ ਘਾਟ ਵਾਧ ਹੁੰਦੀ ਹੈ, ਮਹਾਰਾਜ ਕਹਿੰਦੇ, ਹਾਂ ਪ੍ਰੇਮੀਓ! ਸਿੱਖਾਂ 'ਚ ਜਿਹੋ ਜਿਹੀ ਕੋਈ ਭਾਵਨਾ ਕਰਕੇ ਆਉਂਦਾ ਹੈ, ਜਿਹੋ ਜਿਹੀ ਰੁਚੀ ਦੇ ਨਾਲ ਆਉਂਦਾ ਹੈ, ਓਹੋ ਜਿਹਾ ਉਹਨੂੰ ਫਲ ਪ੍ਰਾਪਤ ਹੁੰਦਾ ਹੈ। ਇਹ ਭਾਵਨਾ ਦਾ ਫਰਕ ਹੋਇਆ ਕਰਦਾ ਹੈ ਤੇ ਤੁਹਾਨੂੰ ਵੇਰਵੇ ਸਹਿਤ ਦਸਦੇ ਹਾਂ ਕਿ ਸਿੱਖੀ ਪੰਜ ਕਿਸਮ ਦੀ ਹੁੰਦੀ ਹੈ। ਇੱਕ ਤਾਂ ਸਿੱਖੀ ਹੋਇਆ ਕਰਦੀ ਹੈ ਜਿਹਨੂੰ ਧੰਦੇ ਦੀ ਸਿੱਖੀ ਕਹਿੰਦੇ ਨੇ। ਉਨ੍ਹਾਂ ਦਾ ਭਰੋਸਾ ਗੁਰੂ 'ਤੇ ਨਹੀਂ ਹੋਇਆ ਕਰਦਾ। ਗੁਰੂ ਨੂੰ ਉਹ ਕੇਵਲ ਐਨਾ ਹੀ ਜਾਣਦੇ ਨੇ ਕਿ ਫਲਾਣੇ ਥਾਂ ਬੜੇ ਲੋਕ ਜਾਂਦੇ ਨੇ ਚਲੋ ਆਪਾਂ ਵੀ ਚੱਲੀਏ। ਉਥੇ ਆ ਕੇ ਸਿੱਖੀ ਧਾਰਨ ਕਰ ਲੈਂਦੇ ਨੇ ਤੇ ਇਹਨੂੰ ਧੰਦੇ ਦੀ ਸਿੱਖੀ ਕਹਿੰਦੇ ਨੇ। ਇਹ ਕੁਛ ਨਹੀਂ ਸਾਰਿਆ ਕਰਦੀ, ਇਹਦਾ ਸਬੰਧ ਗੁਰੂ ਨਾਲ ਨਹੀਂ ਪੈਂਦਾ। ਰੂਪ ਧਾਰ ਲੈਂਦਾ ਹੈ ਗੁਰੂ ਦੀ ਸਿੱਖੀ ਦਾ। ਬਾਣੀ ਵੀ ਪੜ੍ਹਨ ਲਗ ਜਾਂਦਾ ਹੈ ਪਰ ਇਹ ਧੰਦੇ ਤੋਂ ਅਗਾਂਹਾਂ ਨਹੀਂ ਨਿਕਲਿਆ ਕਰਦਾ। ਦੂਸਰੇ ਹੋਇਆ ਕਰਦੇ ਨੇ ਦੇਖਾ-ਦੇਖੀ ਦੇ। ਬਾਰ-ਬਾਰ ਗੁਰੂ ਦੇ ਮੁੱਖ ਤੋਂ, ਗੁਰਸਿੱਖਾਂ ਦੇ ਮੁੱਖ ਤੋਂ ਇਹੋ ਜਿਹੇ ਉਪਦੇਸ਼ ਸੁਣਦੇ ਨੇ, ਜਿਨ੍ਹਾਂ ਦੇ ਨਾਲ ਇਨ੍ਹਾਂ ਨੂੰ ਗਿਲਾਨੀ ਆਉਣ ਲਗ ਜਾਂਦੀ ਹੈ। ਇਸ ਤਰ੍ਹਾਂ ਦੇ ਨਾਲ ਪੜ੍ਹ ਲਓ -

*ਧਾਰਨਾ - ਕਾਵਾਂ ਕੁੱਤਿਆਂ ਗਧਿਆਂ ਦੀ ਜੂਨੀ ਪੈਣਗੇ,*
*ਜਿਨ੍ਹਾਂ ਨੇ ਗੁਰੂ ਨਹੀਂਓਂ ਧਾਰਿਆ।*

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*

ਅੰਗ - 1356

ਐਸੇ ਬਚਨ ਸੁਣਦੇ ਨੇ ਕਿ ਜੋ ਗੁਰੂ ਤੋਂ ਮੰਤ੍ਰ ਤੋਂ ਹੀਣੇ ਨੇ, ਗੁਰੂ ਦਾ ਮੰਤ੍ਰ ਜਿਨ੍ਹਾਂ ਨੂੰ ਨਹੀਂ ਮਿਲਿਆ, ਉਨ੍ਹਾਂ ਦਾ ਜਨਮ ਧਿਰਕਾਰ ਹੈ, ਸੌ ਵਾਰੀ ਫਿੱਟੇਮੂੰਹ ਕਹੋ, ਇੱਕ ਵਾਰੀ ਧਿਰਕਾਰ ਕਹੋ ਤੇ ਭ੍ਰਿਸਟਿਆ ਹੋਇਆ ਜੀਵਨ ਹੁੰਦਾ ਹੈ। ਭਾਵੇਂ ਉਹਦੇ ਕੋਲ ਦੁਨੀਆਂ ਦੀ ਸਾਰੀ ਦੌਲਤ ਹੋਵੇ। ਦੌਲਤ ਦੇ ਨਾਲ ਦਰਗਾਹ ਦੇ ਵਿਚ ਕੀਮਤ ਨਹੀਂ ਪਿਆ ਕਰਦੀ। ਸੰਸਾਰ 'ਚ ਹੋਇਆ ਕਰਦੀ ਹੈ। ਕਿਉਂਕਿ ਇਹ ਜਿਹੜਾ ਮਨੁੱਖ ਹੈ, ਜੋ ਤੁਹਾਨੂੰ ਦਿਸਦਾ ਹੈ, ਨਾਉਂ ਰੱਖੇ ਹੋਏ ਨੇ ਆਪਾਂ ਹੀ ਰੱਖੇ ਹੋਏ ਨੇ, ਨਾਉਂ ਨਹੀਂ ਇਹਦਾ ਕੋਈ ਵੀ ਹੈਗਾ। ਦਸਿਟਨਿਚਟੌਨਿ (ਪਛਾਣ) ਵਾਸਤੇ ਅਸੀਂ ਨਾਉਂ ਰੱਖ ਲੈਂਦੇ ਹਾਂ, ਤਾਂਕਿ ਫਰਕ ਰਹੇ ਤੇ ਇਹਨੂੰ ਬੁਲਾਇਆ ਜਾਂਦਾ ਹੈ। ਉਹਨੂੰ ਵੀ ਪੱਕਾ ਪਤਾ ਲਗ ਜਾਂਦਾ ਹੈ ਕਿ ਮੇਰਾ ਨਾਉਂ ਆਹ ਹੈ, ਅਭਿਆਸ ਹੋ ਜਾਂਦਾ ਹੈ। ਅਧਿਆਸ ਹੋ ਕੇ ਆਪਣੇ ਨਾਉਂ ਨਾਲ ਚਿੰਬੜ ਜਾਂਦਾ ਹੈ, ਹੈ ਨਾਉਂ ਤੋਂ ਬਾਹਰ। ਵਾਹਿਗੁਰੂ ਦਾ ਕੋਈ ਨਾਉਂ ਨਹੀਂ। ਸਾਡਾ ਵੀ ਕੋਈ ਨਾਉਂ ਨਹੀਂ ਹੈ। ਲੇਕਿਨ ਨਾਉਂ ਰੱਖਿਆ ਜਾਂਦਾ ਹੈ। ਸੋ ਉਹਦੇ ਨਾਲ ਬਾਰ-ਬਾਰ ਆਉਂਦਾ ਹੈ ਕਿ ਇਹ ਜਿਹੜਾ ਜੀਵਨ ਹੈ, ਭ੍ਰਿਸ਼ਟਿਆ ਹੋਇਆ ਹੈ ਪ੍ਰੇਮੀਆਂ, ਤੇ ਸੌ ਵਾਰੀ ਫਿੱਟੇਮੂੰਹ ਕਹਿ। ਧ੍ਰਿਕਾਰਯੋਗ ਜੀਵਨ ਹੈ। ਸੋ ਇਹ ਜਿਹੜਾ ਸਾਡਾ ਸਰੀਰ ਹੈ, ਇਹਦੇ ਦੋ ਹਿੱਸੇ ਨੇ, ਇੱਕ ਤਾਂ ਹਿੱਸਾ ਇਹਦਾ ਦਿਸਦਾ ਹੈ। ਜਿਹਨੂੰ 'ਮੈਂ' ਕਹਿੰਦੇ ਨੇ। ਇੱਕ ਉਹ ਹੈ ਜਿਹੜਾ ਦਿਸਦਾ ਨਹੀਂ ਹੈ। ਸਾਡਾ ਇਹਦੇ ਨਾਲ ਵੀ ਕੰਮ ਹੈ ਜਿਹੜਾ ਦਿਸਦਾ ਹੈ, ਜਿਹੜਾ ਦਿਸਦਾ ਨਹੀਂ ਹੈ ਉਹ ਸਾਡਾ ਅਸਲਾ ਹੈ। ਉਹ ਬਹੁਤ ਵੱਡਾ ਹੈ, ਉਹਦਾ ਕੋਈ ਨਾਪ, ਤੋਲ, ਕੱਦ ਨਹੀਂ ਹੈ, ਕੋਈ ਵੀ। ਉਹਦੇ ਬਾਰੇ ਕੋਈ ਜਾਣ ਨਹੀਂ ਸਕਦਾ। ਆਪਣੇ ਆਪ ਨੂੰ ਆਪੇ ਹੀ ਜਾਣਦਾ ਹੈ, ਜਿਹਨੂੰ ਗਿਆਨ ਹੋ ਜਾਵੇ, ਹੋਰ ਨਹੀਂ ਕਿਸੇ ਨੂੰ ਪਤਾ ਲਗਦਾ। ਇਹ ਜਿਹੜਾ ਸਰੀਰ ਹੈ ਇਹ ਬਹੁਤ ਛੋਟਾ ਹਿੱਸਾ ਹੈ। ਇਹਦੇ ਵਿਚ ਅਸੀਂ ਆਏ ਹਾਂ ਇਸ ਕਰਕੇ ਕਿਉਂਕਿ ਅਸੀਂ ਏਸ ਸਰੀਰ ਦੇ ਰਾਹੀਂ ਆਪਣੇ ਆਪ ਨੂੰ ਪਛਾਣ ਕੇ ਪ੍ਰਮੇਸ਼੍ਵਰ ਨੂੰ ਪਛਾਣ ਕੇ, ਪ੍ਰਮੇਸ਼੍ਵਰ ਨਾਲ ਮਿਲ ਜਾਈਏ। ਸਾਰੀ ਜ਼ਿੰਦਗੀ ਦਾ ਮਨੋਰਥ ਇਹ ਹੈ। ਜੇ ਤਾਂ ਇਹ ਮਨੋਰਥ ਪੂਰਾ ਕਰ ਲਿਆ ਉਸਨੇ, ਫੇਰ ਤਾਂ ਉਹ ਭਾਗਾਂ ਵਾਲਾ ਬੰਦਾ ਹੈ। ਜੇ ਪੂਰਾ ਨਹੀਂ ਕਰਿਆ ਤਾਂ ਮਹਾਰਾਜ ਕਹਿੰਦੇ, ਕੁਛ ਵੀ ਨਹੀਂ ਹੈ। ਭਾਵੇਂ ਉਹਦੇ ਕੋਲ ਦੁਨੀਆਂ ਦੀ ਸਾਰੀ ਦੌਲਤ ਹੋਵੇ। ਸਾਰੇ ਸੁਖ ਹੋਣ ਦੁਨੀਆਂ ਭਰ ਦੇ। ਲੇਕਿਨ ਜੇ ਉਹਦੇ ਕੋਲ ਪ੍ਰਮੇਸ਼੍ਵਰ ਦੀ ਯਾਦ ਨਹੀਂ, ਉਹਦੇ ਹਿਰਦੇ 'ਚ ਵਸੀ। ਨਾਮ ਨਹੀਂ ਉਹਦੇ ਪੱਲੇ ਤਾਂ ਉਹਦੀਆਂ ਜਿਹੜੀਆਂ ਪ੍ਰਾਪਤੀਆਂ ਨੇ ਉਹ ਕਿਸੇ ਲੇਖੇ ਵਿਚ ਨਹੀਂ। ਹੁਣ ਇਥੇ ਸਵਾਲ ਪੈਦਾ ਹੋ ਜਾਂਦਾ ਹੈ, ਤਾਂ ਅਸੀਂ ਏਵੇਂ ਟੱਕਰਾਂ ਮਾਰਦੇ ਹਾਂ। ਦਿਨ-ਰਾਤ ਨੌਕਰੀਆਂ ਚਾਕਰੀਆਂ, ਵਣਜ-ਵਪਾਰ ਖੇਤੀ ਕਰਦੇ ਹਾਂ। ਕਾਰੋਬਾਰ ਕਰਦੇ ਹਾਂ, ਫੇਰ ਇਹ ਸਾਰੇ ਐਵੇਂ ਹੀ ਨੇ? ਮਹਾਰਾਜ ਕਹਿੰਦੇ ਏਵੇਂ ਨਹੀਂ ਹੈ, ਗੱਲ ਸਮਝਣ ਦਾ ਯਤਨ ਕਰ। ਕਿਸੇ ਸਰੀਰ ਦੇ ਸਫਰ ਵਾਸਤੇ, ਇਹ ਚੀਜ਼ਾਂ ਪ੍ਰਮੇਸ਼੍ਵਰ ਵਲੋਂ ਪਰਾਲਬਧ 'ਚ ਲਿਖੀਆਂ ਗਈਆਂ ਨੇ। ਕੁਛ ਤੂੰ ਹੁਣ ਕਰਮ ਕਰਨੇ ਨੇ, ਉਨ੍ਹਾਂ ਕਰਮਾਂ ਦੇ ਆਧਾਰ ਦੇ ਉਤੇ ਜੇ ਪੀ ਐਚ.ਡੀ ਕਰ ਲਏਂਗਾ, ਟੈਕਨੀਕਲ ਟਰੇਨਿੰਗ ਹਾਸਲ ਕਰ ਲਏਂਗਾ,

ਉਹ ਵੀ ਤੇਰੇ ਕਰਮ ਬਣ ਜਾਣੇ ਨੇ, ਤੇਰੀ ਪਰਾਲਬਧ ਦੇ ਵਿਚ ਵਾਧਾ ਹੋ ਜਾਣਾ ਹੈ। ਉਹ ਵਾਧਾ ਹੋਣ ਦੇ ਨਾਲ ਤੂੰ ਕੋਠੀਆਂ 'ਚ ਰਹਿ, ਕਾਰਾਂ 'ਤੇ ਚੜ੍ਹ ਜੋ ਤੇਰਾ ਜੀਅ ਕਰਦਾ ਹੈ ਕਰ। ਵਧੀਆ ਤੋਂ ਵਧੀਆਂ ਖਾਹ, ਵਧੀਆਂ ਤੋਂ ਵਧੀਆ ਪਹਿਨ, ਜੇ ਤਾਂ ਇਹ ਖਾਣ ਪੀਣ ਦੇ ਨਾਲ, ਤੈਨੂੰ ਪ੍ਰਮੇਸ਼ਰ ਚਿੱਤ ਰਹਿੰਦਾ ਹੈ ਤੇ ਹਰ ਵਕਤ ਇਨ੍ਹਾਂ ਦੇ ਵਿਚ ਤੂੰ ਨਹੀਂ ਫਸਦਾ, ਡੁੱਬਦਾ ਨਹੀਂ ਇਹਦੇ ਵਿਚ। ਤਾਂ ਤਾਂ ਪ੍ਰੇਮੀਆਂ ਮੁਬਾਰਕ ਨੇ ਇਹ ਚੀਜ਼ਾਂ ਸਾਰੀਆਂ। ਸਭ ਚੀਜ਼ਾਂ ਮੁਬਾਰਕ ਤੇ ਸਭ ਚੀਜ਼ਾਂ ਪਵਿੱਤਰ। ਤੇਰੀਆਂ ਗੱਡੀਆਂ ਵੀ ਪ੍ਰਮੇਸ਼੍ਵਰ ਦੇ ਲੇਖੇ ਲਗਣਗੀਆਂ ਤੇਰਾ ਪੈਸਾ ਵੀ ਲੇਖੇ 'ਚ ਲੱਗੇਗਾ। ਉਹ ਤੇਰੀ ਮਦਦ ਕਰੇਗਾ। ਤੇਰੇ ਵਾਧੂ ਵਸਤਰ ਵੀ ਪ੍ਰਮੇਸ਼੍ਵਰ ਦੇ ਲੇਖੇ 'ਚ ਲਗਣਗੇ, ਉਹ ਤੇਰੀ ਮਦਦ ਕਰਨਗੇ। ਤੇਰੀ ਵਿਦਿਆ ਪ੍ਰਮੇਸ਼੍ਵਰ ਦੇ ਲੇਖੇ 'ਚ ਲੱਗੇਗੀ, ਉਹ ਮਦਦ ਕਰੇਗੀ। ਫੇਰ ਤਾਂ ਤੂੰ ਧੰਨ ਹੈਂ। ਪਰ ਜੇ ਤੂੰ ਇਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਕੇ ਭੁੱਲ ਗਿਆ ਤਾਂ ਇਹ ਬੜੀਆਂ ਖਤਰਨਾਕ ਨੇ। ਤਾਂ ਇਸ ਤੋਂ ਜ਼ਿਆਦਾ ਖਤਰਨਾਕ ਕੋਈ ਨਹੀਂ। ਸੰਸਾਰ ਦੀ ਅਮੀਰੀ ਨੂੰ ਗੁਰੂ ਮਹਾਰਾਜ ਨੇ ਮਾੜਾ ਨਹੀਂ ਕਿਹਾ। ਦੌਲਤ ਨੂੰ ਮਾੜਾ ਨਹੀਂ ਕਿਹਾ, ਮਹਾਰਾਜ ਛੇਵੇਂ ਪਾਤਸ਼ਾਹ ਨੇ ਕਿਹਾ, ਦੌਲਤ ਗੁਜ਼ਰਾਨ ਹੈ, ਔਰਤ ਈਮਾਨ ਹੈ ਤੇ ਲੜਕਾ ਜਿਹੜਾ ਹੈ ਉਹ ਨਿਸ਼ਾਨ ਹੈ। ਇਨ੍ਹਾਂ ਨੂੰ ਮਾੜਾ ਨਹੀਂ ਕਿਹਾ ਗਿਆ, ਮਾੜਾ ਕਿਹਾ ਗਿਆ ਹੈ ਇਹਦੀ ਪਕੜ ਨੂੰ। ਜਿੱਥੇ ਆਦਮੀ ਦੇ ਮਨ ਵਿਚ ਪਕੜ ਆ ਕੇ ਭੁੱਲਦਾ ਹੈ ਇਨ੍ਹਾਂ ਚੀਜ਼ਾਂ ਨੂੰ, ਪਕੜ ਆ ਜਾਂਦੀ ਹੈ ਤੇ ਉਹ ਬੰਦਾ-ਬੰਦਾ ਨਹੀਂ ਰਹਿੰਦਾ ਕਿਉਂਕਿ ਉਹਦੇ ਅੰਦਰ ਅਭਿਮਾਨ ਪੈਦਾ ਹੋ ਜਾਂਦਾ ਹੈ। ਅਭਿਮਾਨ ਪੈਦਾ ਹੋ ਕੇ ਉਹ ਲੁੱਟਿਆ ਜਾਂਦਾ ਹੈ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਰਾਜਸੀ ਸ਼ਕਤੀ ਕਿਸੇ ਕੋਲ ਆ ਜਾਏ, ਉਹ ਪਹਿਲਾਂ ਵਰਗਾ ਬੰਦਾ ਨਹੀਂ ਰਹੇਗਾ। ਤੁਸੀਂ ਮਿਲ ਕੇ ਦੇਖ ਲਓ, ਪੰਜ ਸੱਤ ਸਾਲ ਬਾਅਦ, ਮਿਲੇਗਾ ਹੀ ਨਹੀਂ ਉਹ, ਕਿਉਂਕਿ ਰਾਜਸੀ ਸ਼ਕਤੀ ਹੈ ਉਹਦੇ ਕੋਲ। ਤੁਹਾਨੂੰ ਲੋੜ ਹੈ, ਤੁਸੀਂ ਮਿਲਣਾ ਜ਼ਰੂਰ ਹੈ, ਉਹਨੇ ਨਹੀਂ ਮਿਲਣਾ। ਸੁਭਾਅ ਬਦਲ ਦਿਤਾ ਏਸ ਚੀਜ਼ ਨੇ। ਜੇ ਸੁਭਾਅ ਬਦਲਦੀਆਂ ਨੇ ਇਹ ਚੀਜ਼ਾਂ, ਹੈਂਕੜ 'ਚ ਲਿਆਉਂਦੀਆਂ ਨੇ। ਪ੍ਰਮੇਸ਼੍ਵਰ ਨੂੰ ਭੁਲਾਉਂਦੀਆਂ ਨੇ, ਫੇਰ ਮਹਾਰਾਜ ਜੀ ਨੇ ਇੱਕ ਬਾਣੀ ਦੇ ਰਾਹੀਂ ਸਾਨੂੰ ਇਸ ਤਰ੍ਹਾਂ ਦੇ ਨਾਲ ਸਮਝਾਉਣ ਦਾ ਯਤਨ ਕੀਤਾ ਹੈ -

*ਧਾਰਨਾ - ਕਿਤੇ ਭੁੱਲ ਨਾ ਜਾਈਂ ਓ ਮਨਾਂ ਮੇਰਿਆ,*
*ਮੋਤੀਆਂ ਦੇ ਮੰਦਰ ਵੇਖ ਕੇ।*

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*

***ਅੰਗ - 14***

ਦੁਨੀਆਂ ਦੀ ਬਹੁਤ ਵੱਡੀ ਪ੍ਰਾਪਤੀ ਹੈ ਕਿਉਂਕਿ ਮੋਤੀਆਂ ਦੇ ਮੰਦਰ ਨਾ ਅੱਜ ਤੱਕ ਸੁਣੇ ਨੇ, ਨਾ ਦੇਖੇ ਨੇ, ਨਾ ਅਸੀਂ ਇਹ ਖਿਆਲ ਕਰ ਸਕਦੇ ਹਾਂ ਕਿ ਮੋਤੀਆਂ ਦੇ ਮੰਦਰ ਵੀ ਚਿਣ ਕੇ ਬਣ ਸਕਣਗੇ ਤੇ ਮਹਾਰਾਜ

ਕਹਿੰਦੇ, ਜੇ ਤਾਂ ਤੂੰ ਪ੍ਰਮੇਸ਼੍ਵਰ ਨੂੰ ਨਾ ਭੁੱਲਿਆ, ਫੇਰ ਤਾਂ ਇਹ ਠੀਕ ਹੈ, ਸਵਰਨ ਮੰਦਰ ਤੈਨੂੰ ਮੁਬਾਰਕ ਹੋਵੇ। ਪਰ ਜੇ ਇਹਨੇ ਭੁੱਲ ਪਾ ਦਿਤੀ –

*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*

*ਅੰਗ – 14*

ਤਾਂ ਇਹ ਚੀਜ਼ ਮਾੜੀ ਵੀ ਬਣ ਗਈ ਓਨੀ ਹੀ, ਕਿਉਂਕਿ ਇਹਨੇ ਅਸਲੀ ਚੀਜ਼ ਤੋਂ ਤੈਨੂੰ ਲਾਂਭੇ ਕਰ ਦਿਤਾ। ਚੀਜ਼ ਮਾੜੀ ਨਹੀਂ ਹੈ, ਮਨ ਦਾ ਜਿਹੜਾ ਝੁਕਾਉ ਤੇ ਲਗਾਉ ਹੈ ਉਹਨੂੰ ਸੁਲਝਾਉਣਾ ਪੈਂਦਾ ਹੈ। ਜੇ ਤਾਂ ਸਹੀ ਤਰੀਕੇ ਨਾਲ ਸੁਲਝਾ ਲਓ। ਇਨ੍ਹਾਂ ਨੂੰ ਪ੍ਰਭੂ ਦੀ ਦਾਤ ਮੰਨੋ ਕਿ ਠੀਕ ਹੈ, ਪ੍ਰਭੂ ਦੀ ਦਾਤ ਹੈ। ਉਹਨੇ ਮੋਤੀਆਂ ਦੇ ਮੰਦਰ ਦਿਤੇ ਨੇ ਕਿ ਠੀਕ ਹੈ। ਪ੍ਰਮੇਸ਼੍ਵਰ ਨੂੰ ਯਾਦ ਕਰਦਾ ਹੈ, ਹੋਰ ਜ਼ਿਆਦਾ ਯਾਦ ਕਰਦਾ ਹੈ। ਸਹੂਲਤਾਂ ਵਧ ਗਈਆਂ –

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥ ਅੰਗ – 14*

ਬੈਡਰੂਮ ਦੇ ਅੰਦਰ ਜਿਹੜੇ ਪਲੰਘ ਪਏ ਨੇ, ਲਾਲਾਂ ਦੇ ਜੜੇ ਹੋਏ, ਰੋਸ਼ਨੀ ਹੀ ਰੋਸ਼ਨੀ ਦੇ ਰਹੇ ਨੇ ਤੇ ਅੱਖਾਂ ਨੂੰ ਦੇਖ ਕੇ ਮੋਂਹਦੇ ਨੇ। ਕਿੰਨਾ-ਕਿੰਨਾ ਚਿਰ ਆਦਮੀ ਦੇਖਦਾ ਰਹਿੰਦਾ ਹੈ। ਅਸੀਂ ਤਾਂ ਦੇਖਿਆ ਨਹੀਂ, ਸਾਨੂੰ ਪਤਾ ਨਹੀਂ ਸਾਡੇ ਮਨ 'ਤੇ ਕੀ ਅਸਰ ਹੋਵੇ। ਜਿਹੜਾ ਦੇਖਦਾ ਹੈ ਉਹਨੂੰ ਪਤਾ ਹੈ। ਐਸੀਆਂ ਚੀਜ਼ਾਂ ਅਮਰੀਕਾ 'ਚ ਨੇ ਦੇਖਣ ਵਾਲੀਆਂ। ਮੈਂ ਹੈਰਾਨ ਹੋ ਗਿਆ ਦੇਖ-ਦੇਖ ਕੇ ਆਦਮੀ ਵਿਚੇ ਹੀ ਲੀਨ ਹੋ ਜਾਂਦਾ ਹੈ। ਆਪਣੀ ਸੁਰਤ ਭੁੱਲ ਜਾਂਦੀ ਹੈ ਓਸਨੂੰ ਕਿ ਮੈਂ ਵੀ ਹੈਗਾ –

*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਅੰਗ – 14*

ਖੂਬਸੂਰਤ ਇਸਤਰੀਆਂ, ਮਣੀਆਂ ਨਾਲ ਸ਼ਿੰਗਾਰੀਆਂ ਹੋਈਆਂ–

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥ ਅੰਗ – 14*

ਲੋਕ ਇੱਜ਼ਤ ਕਰਦੇ ਨੇ। ਸਿੱਧੀਆਂ ਆ ਗਈਆਂ, ਤਾਕਤਾਂ ਆ ਗਈਆਂ, ਭੀੜਾਂ ਇਕੱਠੀਆਂ ਹੋ ਗਈਆਂ। ਚੌਥੀ ਗੱਲ ਕਹਿੰਦੇ ਨੇ ਮਹਾਰਾਜ –

*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਅੰਗ – 14*

ਇਹਦੇ ਨਾਲ ਸਾਨੂੰ ਜਾਗ੍ਰਤ ਕੀਤਾ ਹੈ ਕਿ ਜੇ ਤਾਂ ਤੁਸੀਂ ਭੁੱਲ ਗਏ ਤਾਂ ਇਹ ਚੀਜ਼ਾਂ ਹੱਦ ਤੋਂ ਜ਼ਿਆਦਾ ਮਾੜੀਆਂ ਨੇ। ਜੇ ਤੁਹਾਨੂੰ ਪ੍ਰਭੂ ਹੋਰ ਯਾਦ ਆ ਗਿਆ ਤਾਂ ਇਹ ਠੀਕ ਨੇ, ਮੁਬਾਰਕ ਨੇ ਤੁਹਾਨੂੰ, ਕਿਉਂਕਿ ਅਸਲੀ ਚੀਜ਼ ਨਾਮ ਹੈ। ਨਾਮ ਨਹੀਂ ਭੁੱਲਣਾ ਚਾਹੀਦਾ। ਨਾਮ ਭੁੱਲਣ ਦੇ ਨਾਲ ਇਹ ਚੀਜ਼ਾਂ ਕੁਛ ਸਾਰਦੀਆਂ ਨਹੀਂ ਹਨ। ਆਦਮੀ ਮਿਮੁਣਏ ਹੋ ਜਾਂਦਾ ਹੈ, ਕੋਈ ਅਸਰ ਨਹੀਂ ਕਰਦੀਆਂ। ਵੱਡੀਆਂ-ਵੱਡੀਆਂ ਕੋਠੀਆਂ 'ਚ ਹਉਕੇ ਸੁਣ ਲਓ ਤੁਸੀਂ, ਵੱਡੇ-ਵੱਡੇ ਪੁਰਸ਼ ਬੇਅੰਤ ਧਨੀ ਨੇ, ਧਨ ਦੇ ਜਿਨ੍ਹਾਂ ਕੋਲ ਅੰਬਾਰ ਲੱਗੇ ਹੋਏ ਨੇ ਹਉਕੇ ਲੈਂਦੇ ਨੇ। ਕਿਸੇ ਦਾ ਬੱਚਾ ਨਹੀਂ ਆਖੇ ਲਗਦਾ, ਕਿਸੇ ਦੇ ਬੱਚੇ ਨੇ ਕੇਸ ਕਰਿਆ ਹੋਇਆ ਹੈ ਪਿਉ ਦੇ ਉਤੇ।

ਬੇਅੰਤ ਕੇਸ ਨੇ ਐਸੇ। ਦਿਨ ਰਾਤ ਚਲਦੇ ਨੇ, ਕਿਸੇ ਦੀ ਨੂੰਹ ਨੇ ਕਰ ਦਿਤਾ, ਕਿਸੇ 'ਤੇ ਕਿਸੇ ਹੋਰ ਨੇ ਕਰ ਦਿਤਾ। ਕੋਠੀਆਂ ਸ਼ਾਂਤੀ ਨਹੀਂ ਦੇ ਸਕਦੀਆਂ। ਉਹ ਠੀਕ ਹੈ ਦੂਜਿਆਂ ਨੂੰ ਸੋਹਣੀਆਂ ਲਗਦੀਆਂ ਨੇ। ਆਪਣੇ ਵਾਸਤੇ ਕੁਛ ਨਹੀਂ, ਕਿਉਂਕਿ ਅਸਲੀ ਚੀਜ਼ ਜਿਹੜੀ ਸੀ ਸ਼ਾਂਤੀ ਦੇਣ ਵਾਲੀ, ਉਸ ਤੋਂ ਉਹ ਦੂਰ ਚਲਿਆ ਗਿਆ, ਭੁੱਲ ਗਿਆ। ਉਹਦੇ ਬਾਰੇ ਮਹਾਰਾਜ ਸਾਨੂੰ ਸਾਵਧਾਨ ਕਰਦੇ ਨੇ -

***ਧਾਰਨਾ - ਜਲ ਬਲ ਜਾਵੇ ਜੀਉੜਾ ਨਾਮ ਤੋਂ ਬਿਨਾਂ।***

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥***

***ਅੰਗ - 14***

ਸੋ ਜੇ ਤਾਂ ਇਹ ਚੀਜ਼ਾਂ ਦੀ ਪ੍ਰਾਪਤੀ ਹੋ ਕੇ ਜ਼ਮੀਨਾਂ ਜਾਇਦਾਦਾਂ, ਫਾਰਮ ਇੰਡਸਟਰੀਆਂ, ਫਾਰਮ ਵੱਡੇ-ਵੱਡੇ ਵਪਾਰ, ਵੱਡੀਆਂ-ਵੱਡੀਆਂ ਟਰਾਂਸਪੋਰਟਾਂ, ਵੱਡੀਆਂ ਨੌਕਰੀਆਂ, ਬਹੁਤ ਧਨ ਕਮਾਉਣ ਤੋਂ ਬਾਅਦ, ਸੋਹਣੀਆਂ ਕੋਠੀਆਂ, ਸਭ ਚੀਜ਼ਾਂ ਸੋਹਣੀਆਂ, ਕਾਰਾਂ ਸੋਹਣੀਆਂ, ਕੱਪੜੇ ਲੀੜੇ ਸਭ ਸੋਹਣੇ, ਜੇ ਤਾਂ ਪ੍ਰਮੇਸ਼ੁਰ ਯਾਦ ਰਹਿ ਜਾਵੇ, ਕਹਿੰਦੇ ਤਾਂ, ਤਾਂ ਇਹ ਸਫਲ ਹੋਇਆ ਕਰਦੀਆਂ ਨੇ। ਜੇ ਨਹੀਂ ਯਾਦ ਤਾਂ ਇਹ ਇਕ ਐਵੇਂ ਹੀ ਹੈ ਚੀਜ਼, ਦੂਜਿਆਂ ਨੂੰ ਅਨੰਦ ਦੇ ਸਕਦੀ ਹੈ, ਉਸ ਨੂੰ ਨਹੀਂ ਦਿੰਦੀ। ਕਿਉਂਕਿ -

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ ਅੰਗ - 707***

ਵਿਸ਼ਟਾ ਦੇ ਕੀੜੇ ਦੀ ਤੁਲਨਾ ਮਹਾਰਾਜ ਨੇ ਦਿਤੀ ਹੈ -

***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ - 707***

ਦੂਜਾ ਪਾਸਾ ਇਹ ਹੈ ਕਿ ਇੱਕ ਆਦਮੀ ਦੇ ਹਿਰਦੇ 'ਚ ਨਾਮ ਵਸਿਆ ਹੋਇਆ, ਪਰ ਉਹਦੇ ਕੋਲ ਇਹ ਕੋਈ ਚੀਜ਼ ਨਹੀਂ ਹੈ। ਨਾ ਤਾਂ ਉਹਦੇ ਕੋਲ ਰਹਿਣ ਨੂੰ ਕੋਠੀ ਹੈ, ਨਾ ਉਹਦੇ ਕੋਲ ਸੋਹਣੇ ਵਸਤਰ, ਪਾਟੇ ਹੋਏ ਕੱਪੜੇ ਪਾਈ ਫਿਰਦਾ ਹੈ। ਨਾ ਉਹਦਾ ਸੋਹਣਾ ਰੂਪ ਹੈ। ਨਾ ਕੋਈ ਉਹਨੂੰ ਬੁਲਾਉਂਦਾ ਹੈ, ਨਾ ਕੋਈ ਸੁਸਾਇਟੀ ਹੈ, ਨਾ ਕੋਈ ਰਿਸ਼ਤੇਦਾਰ ਉਹਨੂੰ ਕਹਿੰਦਾ ਹੈ ਕਿ ਸਾਡਾ ਰਿਸ਼ਤੇਦਾਰ ਹੈ। ਫੇਰ ਦੁਨੀਆਂ ਦੀ ਨਿਗ੍ਹਾ ਦੇ ਵਿਚ ਪ੍ਰਕ੍ਰਿਤੀ ਦੇ ਗਜ਼, ਸੋਨੇ ਦੇ ਗਜ਼ ਨਾਲ ਉਹਦੀ value ਜ਼ੀਰੋ ਬਣ ਜਾਂਦੀ ਹੈ। ਇੱਕ ਜਾਂ ਦੋ ਰਹਿ ਜਾਂਦੀ ਹੈ। ਲੇਕਿਨ ਜਦੋਂ ਖੁਸ਼ੀ ਦੇ ਨਾਤੇ ਨਾਲ, ਸ਼ਾਂਤੀ ਦੇ ਗਜ਼ ਨਾਲ ਨਾਪਦੇ ਹਾਂ, ਫੇਰ ਮਹਾਰਾਜ ਕਹਿੰਦੇ, ਉਹਦੀ ਅਵਸਥਾ ਬਹੁਤ ਉੱਚੀ ਹੁੰਦੀ ਹੈ। ਸਭ ਨਾਲੋਂ ਵੱਡਾ ਹੈ ਉਹ।

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਅੰਗ - 707***

ਸਾਰੇ ਕੱਪੜੇ ਪਾਟੇ ਹੋਏ ਨੇ –

***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***

***ਅੰਗ – 707***

ਜੰਗਲਾਂ 'ਚ ਘੁੰਮਦਾ ਹੈ, ਕੋਈ ਘਰ ਵੀ ਨਹੀਂ ਹੈ ਉਹਦੇ ਕੋਲ –

***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥***

***ਅੰਗ – 707***

ਨਾ ਕੋਈ ਮਿਤ੍ਰ, ਨਾ ਕੋਈ ਆਸਰਾ, ਨਾ ਕੋਈ ਰੂਪ ਹੈ, ਨਾ ਕੋਈ ਸਾਕ ਹੈ। ਹੁਣ ਦੁਨੀਆਂ ਦੀ ਨਿਗ੍ਹਾ ਨਾਲ ਦੇਖੋ, ਦੁਨੀਆਂ ਕਹੇਗੀ ਇਹਦੇ ਨਾਲੋਂ ਤਾਂ ਦੁਖੀ ਬੰਦਾ ਕੋਈ ਨਹੀਂ। ਲੇਕਿਨ ਮਹਾਰਾਜ ਕਹਿੰਦੇ, ਪ੍ਰੇਮੀਓ! ਜਿਹੜੀ ਗੱਲ ਅਸੀਂ ਕਰਦੇ ਹਾਂ, ਉਹ ਸਮਝਣ ਦਾ ਯਤਨ ਕਰੋ। ਤੁਹਾਨੂੰ ਦੋਵੇਂ ਪੱਖ ਅਸੀਂ ਦਿਖਾਉਂਦੇ ਹਾਂ ਜੀਵਨ ਦੇ। ਇੱਕ ਪੱਖ ਤਾਂ ਹੈ ਗ੍ਰਿਹਸਤੀ ਦਾ, ਜਿਹਨੂੰ ਕਹਿੰਦੇ ਨੇ। ਗ੍ਰਿਹਸਤ 'ਚ ਹੁੰਦਾ ਹੈ, ਬਾਲ-ਬੱਚੇ ਹੁੰਦੇ ਨੇ। ਪੈਸੇ ਟਕੇ ਹਰ ਚੀਜ਼ ਦੀ ਬਹੁਲਤਾ ਹੋ ਜਾਂਦੀ ਹੈ। ਪਰ ਇਹ ਚੀਜ਼ਾਂ ਮਿੱਤਰ ਨਹੀਂ ਹੈਗੀ, ਥੋੜ੍ਹੇ ਸਮੇਂ ਵਾਸਤੇ ਨੇ। ਅੱਜ ਹੁਕਮਨਾਮਾ ਆਇਆ ਸੀ –

***ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥*** ***ਅੰਗ – 700***

ਕੋਈ ਹੀ ਜਾਣਦਾ ਹੈ ਕਿ ਇਥੇ ਮਿੱਤਰ ਕੌਣ ਹੈ? ਤੇ ਜਿਹੜੇ ਮਿੱਤਰ ਨੇ, ਮਹਾਰਾਜ ਨੇ ਉਹਦੇ 'ਚ ਗਿਣੇ ਕਿ ਇੱਕ ਤਾਂ ਰਿਸ਼ਤੇਦਾਰ ਗਿਣੇ, ਇੱਕ ਧਨ ਦੌਲਤ ਗਿਣੀ, ਇੱਕ ਸਵਾਰੀਆਂ ਗਿਣੀਆਂ ਤੇ ਅਖੀਰ ਦੇ ਉਤੇ ਮਹਾਰਾਜ ਨੇ ਫੁਰਮਾਨ ਕੀਤਾ ਕਿ ਹਾਏ-ਹਾਏ ਕਰਦੇ ਦੀ ਉਮਰ ਲੰਘ ਜਾਂਦੀ ਹੈ, ਇਹ ਚੀਜ਼ਾਂ ਸਾਰੀਆਂ ਹੁੰਦੀਆਂ ਨੇ –

***ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥***

***ਅੰਗ – 700***

ਇਹ ਅੱਠ ਨੇ।

***ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥***

***ਅੰਗ – 700***

ਪਿਛਲੇ ਜਨਮਾਂ ਦੇ ਸੰਜੋਗ ਨਾਲ ਕੋਈ ਪੁੱਤਰ ਬਣ ਗਿਆ, ਕੋਈ ਧੀ ਬਣ ਗਈ, ਕੋਈ ਰਿਸ਼ਤੇਦਾਰ ਬਣ ਗਿਆ, ਕੋਈ ਕੁਛ ਬਣ ਗਿਆ, ਕੋਈ ਕੁਛ ਬਣ ਗਿਆ। ਅੰਤ ਦੇ ਵੇਲੇ ਕੋਈ ਵੀ ਨਹੀਂ ਖੜ੍ਹਦਾ, ਨਾ ਤਾਂ ਨਾਲ ਜਾ ਸਕਦਾ ਹੈ, ਨਾ ਸਹਾਇਤਾ ਕਰ ਸਕਦਾ ਹੈ। ਫੇਰ ਇਹ ਮਿੱਤਰ ਨਾ ਹੋਇਆ। ਮਿੱਤਰ ਉਹ ਹੋਇਆ ਕਰਦਾ ਹੈ –

friend in need in a friend indeed.

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥*** ***ਅੰਗ – 729***

ਸੱਜਣ ਤਾਂ ਉਹ ਹੋਇਆ ਜਿਹੜਾ ਦਰਗਾਹ ਵਿਚ ਵੀ ਨਾਲ ਜਾਵੇ,

ਜਿਥੇ ਲੇਖਾ ਦੇਣਾ ਹੈ। ਧਰਮਰਾਜ ਦੇ ਕਟਹਿਰੇ 'ਚ ਖੜ੍ਹੇ ਲੇਖੇ ਦੇ ਰਹੇ ਨੇ, ਜਿਹੜਾ ਉਥੇ ਸਹਾਇਤਾ ਕਰ ਦੇਵੇ, ਉਹ ਸੱਜਣ ਹੋ ਸਕਦਾ ਹੈ। ਉਹ ਸੱਜਣ ਦੀ ਅਸੀਂ ਤਲਾਸ਼ ਨਹੀਂ ਕਰਦੇ, ਜਿਹੜੇ ਤਲਾਸ਼ ਕਰਦੇ ਨੇ ਤੇ ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਸੱਜਣ ਜਿਹਨੂੰ ਮੈਂ ਟੋਲ੍ਹਦਾ ਸੀ –

***ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ ਅੰਗ – 1384***

ਉਹ ਤਾਂ ਮੇਰੇ ਨਾਲ ਹੀ ਨੇ, ਲੇਕਿਨ ਦਿਸਦੇ ਨਹੀਂ ਹਨ। ਕਹਿੰਦੇ ਉਹ ਦਿਸਦਾ ਨਹੀਂ ਹੁੰਦਾ –

***ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥***
***ਅੰਗ – 1384***

ਉਹ ਦਿਸਦਾ ਨਹੀਂ ਲੇਕਿਨ ਗੁਰਮੁਖ ਦਿਖਾ ਦਿੰਦਾ ਹੈ, ਸਾਧੂ ਸੰਤ, ਮਹਾਂਪੁਰਸ਼ ਦਿਖਾ ਦਿੰਦੇ ਨੇ ਕਿ ਆਹ ਹੈ ਤੇਰਾ ਸੱਜਣ। ਇਹ ਤੇਰੀ ਸਹਾਇਤਾ ਕਰੇਗਾ। ਸਹਾਇਤਾ ਕਰਨ ਨੂੰ ਇਸ ਤਰ੍ਹਾਂ ਆਪਾਂ ਸ਼ਬਦ ਪੜ੍ਹਦੇ ਹੁੰਦੇ ਹਾਂ –

***ਧਾਰਨਾ – ਸਤਿਗੁਰ ਲੈਣਗੇ ਛੁਡਾ ਵੇਲੇ ਅੰਤ ਦੇ।***

ਜੇ ਤਾਂ ਸੰਸਾਰਕ ਇਹ ਚੀਜ਼ਾਂ ਦੀ ਪ੍ਰਾਪਤੀ ਹੋ ਕੇ ਜ਼ਮੀਨਾਂ ਜਾਇਦਾਦਾਂ, ਫਾਰਮ, ਇੰਡਸਟਰੀਆਂ, ਵੱਡੇ-ਵੱਡੇ ਵਪਾਰ, ਵੱਡੀਆਂ-ਵੱਡੀਆਂ ਟਰਾਂਸਪੋਰਟਾਂ, ਵੱਡੀਆਂ ਨੌਕਰੀਆਂ, ਬਹੁਤ ਧਨ ਕਮਾਉਣ ਤੋਂ ਬਾਅਦ, ਸੋਹਣੀਆਂ ਕੋਠੀਆਂ, ਸਭ ਚੀਜ਼ਾਂ ਸੋਹਣੀਆਂ, ਕਾਰਾਂ ਸੋਹਣੀਆਂ, ਕੱਪੜੇ ਲੀੜੇ ਸਭ ਸੋਹਣੇ, ਜੇ ਤਾਂ ਪ੍ਰਮੇਸ਼੍ਵਰ ਯਾਦ ਰਹਿ ਜਾਵੇ, ਕਹਿੰਦੇ ਤਾਂ, ਤਾਂ ਇਹ ਸਫਲ ਹੋਇਆ ਕਰਦੀਆਂ ਨੇ। ਜੇ ਨਹੀਂ ਯਾਦ ਤਾਂ ਇਹ ਇਕ ਐਵੇਂ ਹੀ ਹੈ ਚੀਜ਼, ਦੂਜਿਆਂ ਨੂੰ ਅਨੰਦ ਦੇ ਸਕਦੀ ਹੈ, ਉਸ ਨੂੰ ਨਹੀਂ ਦਿੰਦੀ। ਕਿਉਂਕਿ –

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ ਅੰਗ – 707***

ਵਿਸ਼ਟਾ ਦੇ ਕੀੜੇ ਦੀ ਤੁਲਨਾ ਮਹਾਰਾਜ ਨੇ ਦਿਤੀ ਹੈ –

***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***
***ਅੰਗ – 707***

ਦੂਜਾ ਪਾਸਾ ਇਹ ਹੈ ਕਿ ਇੱਕ ਆਦਮੀ ਦੇ ਹਿਰਦੇ 'ਚ ਨਾਮ ਵਸਿਆ ਹੋਇਆ, ਪਰ ਉਹਦੇ ਕੋਲ ਇਹ ਕੋਈ ਚੀਜ਼ ਨਹੀਂ ਹੈ। ਨਾ ਤਾਂ ਉਹਦੇ ਕੋਲ ਰਹਿਣ ਨੂੰ ਕੋਠੀ ਹੈ, ਨਾ ਉਹਦੇ ਕੋਲ ਸੋਹਣੇ ਵਸਤਰ, ਪਾਟੇ ਹੋਏ ਕੱਪੜੇ ਪਾਈਂ ਫਿਰਦਾ ਹੈ। ਨਾ ਉਹਦਾ ਸੋਹਣਾ ਰੂਪ ਹੈ। ਨਾ ਕੋਈ ਉਹਨੂੰ ਬੁਲਾਉਂਦਾ ਹੈ, ਨਾ ਕੋਈ ਸੁਸਾਇਟੀ ਹੈ, ਨਾ ਕੋਈ ਰਿਸ਼ਤੇਦਾਰ ਉਹਨੂੰ ਕਹਿੰਦਾ ਹੈ ਕਿ ਸਾਡਾ ਰਿਸ਼ਤੇਦਾਰ ਹੈ। ਫੇਰ ਦੁਨੀਆਂ ਦੀ ਨਿਗ੍ਹਾ ਦੇ ਵਿਚ ਪ੍ਰਕ੍ਰਿਤੀ ਦੇ ਗਜ਼, ਸੋਨੇ ਦੇ ਗਜ਼ ਨਾਲ ਉਹਦੀ ਵਓਲੁਏ (ਕੀਮਤ)

ਜ਼ੀਰੋ ਬਣ ਜਾਂਦੀ ਹੈ। ਇੱਕ ਜਾਂ ਦੋ ਰਹਿ ਜਾਂਦੀ ਹੈ। ਲੇਕਿਨ ਜਦੋਂ ਖੁਸ਼ੀ ਦੇ ਨਾਤੇ ਨਾਲ, ਸ਼ਾਂਤੀ ਦੇ ਗਜ਼ ਨਾਲ ਨਾਪਦੇ ਹਾਂ, ਫੇਰ ਮਹਾਰਾਜ ਕਹਿੰਦੇ, ਉਹਦੀ ਅਵਸਥਾ ਬਹੁਤ ਉੱਚੀ ਹੁੰਦੀ ਹੈ। ਸਭ ਨਾਲੋਂ ਵੱਡਾ ਹੈ ਉਹ।

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*** ***ਅੰਗ - 707***

ਸਾਰੇ ਕੱਪੜੇ ਪਾਟੇ ਹੋਏ ਨੇ -

***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***

***ਅੰਗ - 707***

ਜੰਗਲਾਂ 'ਚ ਘੁੰਮਦਾ ਹੈ, ਕੋਈ ਘਰ ਵੀ ਨਹੀਂ ਹੈ ਉਹਦੇ ਕੋਲ -

***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥***

***ਅੰਗ - 707***

ਨਾ ਕੋਈ ਮਿਤ੍ਰ, ਨਾ ਕੋਈ ਆਸਰਾ, ਨਾ ਕੋਈ ਰੂਪ ਹੈ, ਨਾ ਕੋਈ ਸਾਕ ਹੈ। ਹੁਣ ਦੁਨੀਆਂ ਦੀ ਨਿਗ੍ਹਾ ਨਾਲ ਦੇਖੋ, ਦੁਨੀਆਂ ਕਹੇਗੀ ਇਹਦੇ ਨਾਲੋਂ ਤਾਂ ਦੁਖੀ ਬੰਦਾ ਕੋਈ ਨਹੀਂ। ਲੇਕਿਨ ਮਹਾਰਾਜ ਕਹਿੰਦੇ, ਪ੍ਰੇਮੀਓ! ਜਿਹੜੀ ਗੱਲ ਅਸੀਂ ਕਰਦੇ ਹਾਂ, ਉਹ ਸਮਝਣ ਦਾ ਯਤਨ ਕਰੋ। ਤੁਹਾਨੂੰ ਦੋਵੇਂ ਪੱਖ ਅਸੀਂ ਦਿਖਾਉਂਦੇ ਹਾਂ ਜੀਵਨ ਦੇ। ਇੱਕ ਪੱਖ ਤਾਂ ਹੈ ਗ੍ਰਿਹਸਤੀ ਦਾ, ਜਿਹਨੂੰ ਕਹਿੰਦੇ ਨੇ। ਗ੍ਰਿਹਸਤ 'ਚ ਹੁੰਦਾ ਹੈ, ਬਾਲ-ਬੱਚੇ ਹੁੰਦੇ ਨੇ। ਪੈਸੇ ਟਕੇ ਹਰ ਚੀਜ਼ ਦੀ ਬਹੁਲਤਾ ਹੋ ਜਾਂਦੀ ਹੈ। ਪਰ ਇਹ ਚੀਜ਼ਾਂ ਮਿੱਤਰ ਨਹੀਂ ਹੈਗੀ, ਥੋੜ੍ਹੇ ਸਮੇਂ ਵਾਸਤੇ ਨੇ। ਅੱਜ ਹੁਕਮਨਾਮਾ ਆਇਆ ਸੀ -

***ਕੋਈ ਜਾਨੈ ਕਵਨੁ ਈਹਾ ਜਗਿ ਮੀਤੁ ॥*** ***ਅੰਗ - 700***

ਕੋਈ ਹੀ ਜਾਣਦਾ ਹੈ ਕਿ ਇਥੇ ਮਿੱਤਰ ਕੌਣ ਹੈ? ਤੇ ਜਿਹੜੇ ਮਿੱਤਰ ਨੇ, ਮਹਾਰਾਜ ਨੇ ਉਹਦੇ 'ਚ ਗਿਣੇ ਕਿ ਇੱਕ ਤਾਂ ਰਿਸ਼ਤੇਦਾਰ ਗਿਣੇ, ਇੱਕ ਧਨ ਦੌਲਤ ਗਿਣੀ, ਇੱਕ ਸਵਾਰੀਆਂ ਗਿਣੀਆਂ ਤੇ ਅਖੀਰ ਦੇ ਉਤੇ ਮਹਾਰਾਜ ਨੇ ਫੁਰਮਾਨ ਕੀਤਾ ਕਿ ਹਾਏ-ਹਾਏ ਕਰਦੇ ਦੀ ਉਮਰ ਲੰਘ ਜਾਂਦੀ ਹੈ, ਇਹ ਚੀਜ਼ਾਂ ਸਾਰੀਆਂ ਹੁੰਦੀਆਂ ਨੇ -

***ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥***

***ਅੰਗ - 700***

ਇਹ ਅੱਠ ਨੇ।

***ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥***

***ਅੰਗ - 700***

ਪਿਛਲੇ ਜਨਮਾਂ ਦੇ ਸੰਜੋਗ ਨਾਲ ਕੋਈ ਪੁੱਤਰ ਬਣ ਗਿਆ, ਕੋਈ ਧੀ ਬਣ ਗਈ, ਕੋਈ ਰਿਸ਼ਤੇਦਾਰ ਬਣ ਗਿਆ, ਕੋਈ ਕੁਛ ਬਣ ਗਿਆ, ਕੋਈ ਕੁਛ ਬਣ ਗਿਆ। ਅੰਤ ਦੇ ਵੇਲੇ ਕੋਈ ਵੀ ਨਹੀਂ ਖੜ੍ਹਦਾ, ਨਾ ਤਾਂ ਨਾਲ ਜਾ ਸਕਦਾ ਹੈ, ਨਾ ਸਹਾਇਤਾ ਕਰ ਸਕਦਾ ਹੈ। ਫੇਰ ਇਹ ਮਿੱਤਰ ਨਾ

ਹੋਇਆ। ਮਿੱਤਰ ਉਹ ਹੋਇਆ ਕਰਦਾ ਹੈ –

A friend in need is a friend indeed.

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ੍ ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ਅੰਗ – 729***

ਸੱਜਣ ਤਾਂ ਉਹ ਹੋਇਆ ਜਿਹੜਾ ਦਰਗਾਹ ਵਿਚ ਵੀ ਨਾਲ ਜਾਵੇ, ਜਿਥੇ ਲੇਖਾ ਦੇਣਾ ਹੈ। ਧਰਮਰਾਜ ਦੇ ਕਟਹਿਰੇ 'ਚ ਖੜ੍ਹੇ ਲੇਖੇ ਦੇ ਰਹੇ ਨੇ, ਜਿਹੜਾ ਉਥੇ ਸਹਾਇਤਾ ਕਰ ਦੇਵੇ, ਉਹ ਸੱਜਣ ਹੋ ਸਕਦਾ ਹੈ। ਉਹ ਸੱਜਣ ਦੀ ਅਸੀਂ ਤਲਾਸ਼ ਨਹੀਂ ਕਰਦੇ, ਜਿਹੜੇ ਤਲਾਸ਼ ਕਰਦੇ ਨੇ ਤੇ ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਸੱਜਣ ਜਿਹਨੂੰ ਮੈਂ ਟੋਲ੍ਹਦਾ ਸੀ –

***ਹਉ ਢੂਢੇਦੀ ਸਜਣਾ ਸਜਣੁ ਮੈਡੇ ਨਾਲਿ ॥ ਅੰਗ – 1384***

ਉਹ ਤਾਂ ਮੇਰੇ ਨਾਲ ਹੀ ਨੇ, ਲੇਕਿਨ ਦਿਸਦੇ ਨਹੀਂ ਹਨ। ਕਹਿੰਦੇ ਉਹ ਦਿਸਦਾ ਨਹੀਂ ਹੁੰਦਾ –

***ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਇ ਦਿਖਾਲਿ ॥***
***ਅੰਗ – 1384***

ਉਹ ਦਿਸਦਾ ਨਹੀਂ ਲੇਕਿਨ ਗੁਰਮੁਖ ਦਿਖਾ ਦਿੰਦਾ ਹੈ, ਸਾਧੂ ਸੰਤ, ਮਹਾਂਪੁਰਸ਼ ਦਿਖਾ ਦਿੰਦੇ ਨੇ ਕਿ ਆਹ ਹੈ ਤੇਰਾ ਸੱਜਣ। ਇਹ ਤੇਰੀ ਸਹਾਇਤਾ ਕਰੇਗਾ। ਸਹਾਇਤਾ ਕਰਨ ਨੂੰ ਇਸ ਤਰ੍ਹਾਂ ਆਪਾਂ ਸ਼ਬਦ ਪੜ੍ਹਦੇ ਹੁੰਦੇ ਹਾਂ –

***ਧਾਰਨਾ – ਸਤਿਗੁਰ ਲੈਣਗੇ ਛੁਡਾ ਵੇਲੇ ਅੰਤ ਦੇ।***

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥ ਅੰਗ – 1281***

ਕਹਿੰਦੇ, ਉਥੇ ਸਤਿਗੁਰੂ ਹੋਇਆ ਕਰਦਾ ਹੈ ਫੇਰ ਤੇ ਉਹ ਛੁਡਾ ਲਿਆ ਕਰਦਾ ਹੈ। ਹੋਰ ਕਿਸੇ ਤੋਂ ਨਹੀਂ ਛੁਡਾਇਆ ਜਾ ਸਕਦਾ। ਸੋ ਇਹ ਜਿਹੜੇ ਰਿਸ਼ਤੇਦਾਰ ਨੇ, ਸਬੰਧੀ ਨੇ, ਮਹਾਰਾਜ ਕਹਿੰਦੇ ਅੰਤ ਵੇਲੇ ਕੋਈ ਨਹੀਂ ਸਹਾਇਤਾ ਕਰਦਾ। ਕਿਸੇ ਦਾ ਹੱਥ ਨਹੀਂ ਓਸ ਥਾਂ 'ਤੇ ਪਹੁੰਚਿਆ ਕਰਦਾ। ਸੋ ਇਸ ਕਰਕੇ ਦੂਜਾ ਸਵਾਲ ਸੀ ਕਿ 'ਕਨਕ' ਸੋਨੇ ਨੂੰ ਕਹਿੰਦੇ ਨੇ, ਮੋਤੀ, ਹੀਰੇ, ਲਾਲ ਤੇ ਬਹੁਤ ਕਿਸਮ ਦੀਆਂ ਮਾਲਾਵਾਂ, ਧਨ, ਦੌਲਤ, ਜਾਇਦਾਦ, ਮਹਾਰਾਜ ਕਹਿੰਦੇ ਇਹ ਵੀ ਕੁਛ ਨਹੀਂ ਹੈ ਪ੍ਰੇਮੀਆਂ। ਇਨ੍ਹਾਂ ਦੇ ਵਿਚ ਪੈ ਕੇ ਆਦਮੀ ਦੀ ਜ਼ਿੰਦਗੀ ਹਾਇ–ਹਾਇ ਕਰਦੇ ਦੀ ਲੰਘਦੀ ਹੈ ਤੇ ਜੇ ਸਹਾਇਤਾ ਕਰਨੀ ਹੈ ਉਹ ਚੀਜ਼ ਹੋਰ ਹੈ, ਉਹ ਪ੍ਰਮੇਸ਼ਰ ਦਾ ਨਾਮ ਹੈ। ਸੋ ਮਹਾਰਾਜ ਕਹਿੰਦੇ, ਜਿਹਦੇ ਨਾਮ ਪੱਲੇ ਹੈ। ਹਾਲਾਤ ਚਾਹੇ ਉਸਦੇ ਮਾੜੇ ਨੇ, ਦੁਨੀਆਂਦਾਰਾਂ ਦੀ ਨਿਗ੍ਹਾ ਦੇ ਅੰਦਰ ਉਹ ਗਰੀਬ ਹੈ ਬਹੁਤ। ਘਰ ਉਹਦੇ ਕੋਲ ਨਹੀਂ, ਬੈਠਣਾ ਉਹਨੂੰ ਨਸੀਬ ਨਹੀਂ ਹੁੰਦਾ। ਪਰ ਜੇ ਨਾਮ ਉਹਦੇ ਹਿਰਦੇ 'ਚ ਵਸਿਆ ਹੋਇਆ ਹੈ ਤਾਂ

ਉਹਦੀ ਅਵਸਥਾ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***

***ਅੰਗ - 707***

ਦੋਵੇਂ ਪੱਖ ਜ਼ਿੰਦਗੀ ਦੇ, ਇੱਕ ਤਾਂ ਉਹ ਹੈ ਜਿਸ ਵਿਚ ਅਮੀਰੀ ਹੀ ਅਮੀਰੀ ਹੈ। ਉਹ ਤਾਂ ਸਫਲ ਹੈ ਜੇ ਉਹਦੇ ਵਿਚ ਪ੍ਰਮੇਸ਼ਰ ਯਾਦ ਆਉਂਦਾ ਹੈ, ਸੇਵਾ ਕਰਦਾ ਹੈ, ਸਿਮਰਨ ਕਰਦਾ ਹੈ ਤੇ ਸਦਗੁਣ ਜਿਨ੍ਹਾਂ ਨੂੰ ਦੈਵੀ ਗੁਣ ਕਹਿੰਦੇ ਨੇ, ਉਹ ਧਾਰਨ ਕਰੇ ਹੋਏ ਨੇ। ਫੇਰ ਉਹਦੀ ਮਾਇਆ ਵੀ ਮੁਬਾਰਕ, ਉਹਦਾ ਘਰ ਵੀ ਮੁਬਾਰਕ, ਉਹਦੀਆਂ ਕੋਠੀਆਂ ਵੀ ਮੁਬਾਰਕ, ਉਹਦੀ ਕਾਰਾਂ, ਸਭ ਪ੍ਰਮੇਸ਼ਰ ਦੀ ਬਖਸ਼ਿਸ਼ ਹੋਇਆ ਕਰਦੀ ਹੈ। ਉਹ ਰਾਹ 'ਚ ਵਿਘਨ ਨਹੀਂ ਪਾਇਆ ਕਰਦੇ। ਵਿਘਨ ਪਾਉਂਦੀ ਹੈ ਜਦੋਂ ਆਦਮੀ ਭੁੱਲ ਜਾਂਦਾ ਹੈ। ਸੋ ਡੁੱਬਣ ਵਾਲੀ ਚੀਜ਼ ਹੈ - ਦਾਤਾਂ ਪ੍ਰਮੇਸ਼ਰ ਦੀਆਂ। ਇਹ ਮਾੜੀਆਂ ਨਹੀਂ ਹੋਇਆ ਕਰਦੀਆਂ। ਸੋ ਇਸ ਤਰ੍ਹਾਂ ਦੇ ਨਾਲ ਆਦਮੀ ਦਾ ਜੋ ਮਨੋਰਥ ਹੈ, ਪ੍ਰਮ ਮਨੋਰਥ ਜ਼ਿੰਦਗੀ ਦਾ, ਉਹ ਇਹ ਹੈ ਕਿ ਜਿਹੜਾ ਸਾਨੂੰ ਦੂਜਾ ਪਾਸਾ ਨਜ਼ਰ ਨਹੀਂ ਆਉਂਦਾ। ਉਹਨੂੰ ਜੀਵ ਆਤਮਾ ਕਹਿੰਦੇ ਨੇ। ਇਹ ਜੀਵ ਆਤਮਾ ਕਰੋੜਾਂ ਹੀ ਜਨਮਾਂ ਦਾ ਘੁੰਮਦਾ ਫਿਰਦਾ ਹੈ। ਇਹਨੂੰ ਕੋਈ ਟਿਕਾਣਾ ਨਹੀਂ ਮਿਲ ਰਿਹਾ। ਬੜਾ ਘੁੰਮਦਾ ਹੈ। ਕਿਤੇ ਫਿਰਦੇ-ਫਿਰਦੇ ਨੂੰ -

***ਕਬਹੂ ਸਾਧਸੰਗਤਿ ਇਹੁ ਪਾਵੈ ॥*** ***ਅੰਗ - 278***

ਜੇ ਕਿਸੇ ਸਾਧੂ ਸੀ ਸੰਗਤ ਮਿਲ ਜਾਵੇ ਤੇ ਉਹਨੂੰ ਪੂਰੀ ਵਿਧੀ ਦੇ ਨਾਲ ਕਮਾ ਲਵੇ, ਫੇਰ ਇਹਦਾ ਆਉਣਾ ਜਾਣਾ ਖਤਮ ਹੋ ਜਾਇਆ ਕਰਦਾ ਹੈ। ਸੋ ਐਸੇ ਬਚਨ ਸੁਣ ਕੇ -

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***

***ਅੰਗ - 1356***

ਭਾਵੇਂ ਮਾਇਆ ਕਿੰਨੀ ਹੀ ਹੈ ਉਸ ਕੋਲ, ਲੇਕਿਨ ਕਾਵਾਂ ਕੁੱਤਿਆਂ ਦੀ ਬਰਾਬਰੀ ਉਹਦੀ ਹੋਇਆ ਕਰਦੀ ਹੈ। ਕਿਉਂਕਿ ਉਹ ਅਸਲੀ ਗੱਲ ਤੋਂ ਨਿਰ ਧਨ ਹੈ। ਹਰੀ ਦੇ ਨਾਮ ਤੋਂ ਬਿਨਾਂ ਜੋ ਹੈ ਉਹ ਨਿਰ ਧਨ ਹੈ। ਜਿਹੜਾ ਨਿਰ ਧਨ ਹੈ ਉਹਨੂੰ ਕੋਈ ਕਿਸੇ ਥਾਂ 'ਤੇ ਟਿਕਣ ਨਹੀਂ ਦਿੰਦਾ। ਦੁਨੀਆਂ ਦਾ ਜੋ ਹਿਸਾਬ ਹੈ ਉਹੀ ਦਰਗਾਹ 'ਚ ਹੈ, ਉਥੇ ਵੀ ਫੇਰ ਜੋ ਨਾਮ ਦੇ ਧਨ ਵਾਲੇ ਨੇ ਉਨ੍ਹਾਂ ਦਾ ਸਤਿਕਾਰ ਹੁੰਦਾ ਹੈ -

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***

*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ - 283*

ਐਸੇ ਬਚਨ ਸੁਣ ਕੇ ਸਿੱਖੀ ਧਾਰਨ ਕਰ ਲੈਂਦੇ ਨੇ, ਉਹਨੂੰ ਧੰਦੇ ਦੀ ਸਿੱਖੀ ਕਹਿੰਦੇ ਨੇ। ਗੁਰੂ 'ਤੇ ਤਾਂ ਨਹੀਂ ਹੁੰਦਾ ਭਰੋਸਾ, ਦੇਖਾ-ਦੇਖੀ ਵਿਚ, ਨਿਗੁਰੇਪਣ ਦੀ ਲਾਹਨਤ ਤੋਂ ਬਚਣ ਲਈ, ਇਹ ਕਰ ਲੈਂਦੇ ਨੇ ਕਿ ਸਿੱਖ ਬਣ ਗਏ। ਤੀਸਰੇ ਇਨ੍ਹਾਂ ਦੇ ਨਾਲ ਦੇ ਹੋਰ ਹੋਇਆ ਕਰਦੇ ਨੇ। ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ, ਉਹ ਹੁੰਦੇ ਨੇ ਉਹ ਬੰਦੇ। ਬਹੁਤਿਆਂ ਨੇ ਅੰਮ੍ਰਿਤ ਛਕ ਕੇ ਗੁਰੂ ਧਾਰਨ ਕਰ ਲਿਆ, ਕੋਈ ਗੁਰੂ ਧਾਰਨ ਕਰ ਲਿਆ। ਜਦੋਂ ਤੋਂ ਸੰਸਾਰ ਰਚਿਆ ਹੈ, ਗੁਰੂ ਧਾਰਨ ਦੀ ਰਸਮ ਉਸ ਵੇਲੇ ਤੋਂ ਹੀ ਚਲਦੀ ਹੈ। ਸ੍ਰੀ ਰਾਮ ਚੰਦਰ ਜੀ ਦੇ ਅਧਿਆਤਮ ਗੁਰੂ ਵਸ਼ਿਸ਼ਟ ਜੀ ਸੀ। ਕ੍ਰਿਸ਼ਨ ਮਹਾਰਾਜ ਦੇ ਸੰਦੀਪਨ ਜੀ ਵਿਦਿਆ ਗੁਰੂ ਸੀ, ਦਰਵਾਸਾ ਜੀ ਅਧਿਆਤਮਕ ਗੁਰੂ ਸੀ। ਇਸੇ ਤਰ੍ਹਾਂ ਰਾਜਾ ਜਨਕ ਦਾ ਜੋ ਗੁਰੂ ਸੀ ਉਹ ਅਸ਼ਟਾਵਕਰ ਸੀ ਤੇ ਸੁਕਦੇਵ ਦਾ ਗੁਰੂ ਰਾਜਾ ਜਨਕ ਸੀ। ਜਿੰਨੀ ਦੇਰ ਤੱਕ ਮੰਤਰ ਨਹੀਂ ਲੈਂਦੇ ਸਾਡਾ ਸਬੰਧ ਨਹੀਂ ਹੋਇਆ ਕਰਦਾ। ਅਸੀਂ ਕਹਾ ਨਹੀਂ ਸਕਦੇ ਕਿ ਅਸੀਂ ਸਿੱਖ ਹਾਂ। ਸਿੱਖ ਤਾਂ ਹਾਂ ਜੇ ਅਸੀਂ ਵਿਧੀਪੂਰਵਕ ਮੰਤਰ ਲਿਆ ਹੈ, ਨਹੀਂ ਤਾਂ ਸਾਡਾ ਕੋਈ ਸਬੰਧ ਨਹੀਂ। ਕੇਸ ਰੱਖੀ ਜਾਓ, ਵੋਟਾਂ ਵਾਲਿਆਂ ਨੂੰ ਲੋੜ ਹੋਣੀ ਹੈ, ਗੁਰੂ ਦੇ ਦਰ 'ਤੇ ਨਹੀਂ ਇਨ੍ਹਾਂ ਦੀ ਲੋੜ ਕਿਉਂਕਿ ਇਹ ਤਾਂ ਨਿਗੁਰੇ ਤੁਰੇ ਫਿਰਦੇ ਨੇ। ਸੋ ਉਹ ਦੇਖਦਾ ਹੈ ਕਿ ਬਹੁਤਿਆਂ ਨੇ ਅੰਮ੍ਰਿਤ ਛਕ ਲਿਆ, ਗੁਰੂ ਧਾਰਨ ਕਰ ਲਿਆ। ਉਹਨੂੰ ਹੁੰਦਾ ਹੈ ਕਿ ਜੇ ਮੈਂ ਇਨ੍ਹਾਂ 'ਚ ਰਲ ਜਾਵਾਂ ਮੇਰੀ ਬਿਜਨਸ ਬੜੀ ਸੋਹਣੀ ਚੱਲੇਗੀ। ਮੈਂ ਇਕੱਲਾ ਰਹਿੰਦਾ ਹਾਂ, ਮੇਰਾ ਕੁਛ ਆਸਰਾ ਬਣ ਜਾਏਗਾ। ਵਿਆਹ, ਸ਼ਾਦੀ ਜਾਂ ਕਿਸੇ ਮੌਕੇ 'ਤੇ ਮੈਂ ਬੁਲਾਵਾਂਗਾ ਤਾਂ ਸਾਰੇ ਹੀ ਆ ਜਾਣਗੇ। ਆਪਣੇ ਆਪ ਮੈਨੂੰ ਸੱਦਾ ਦੇਣ ਦੀ ਲੋੜ ਨਹੀਂ ਪੈਣੀ। ਲੇਬਰਾਂ ਲਾਉਣ ਦੀ ਲੋੜ ਨਹੀਂ ਪੈਣੀ, ਆਪੇ ਹੀ ਆ ਕੇ ਇਨ੍ਹਾਂ ਨੇ ਸ਼ਾਮਿਆਨੇ ਲਾ ਲੈਣੇ ਨੇ, ਆਪੇ ਹੀ ਬਰਤਨ ਮਾਂਜ ਲੈਣੇ ਨੇ, ਆਪੇ ਲੰਗਰ ਤਿਆਰ ਕਰ ਲੈਣੇ ਨੇ, ਇਹਨੂੰ ਹਿਰਸ ਦੀ ਸਿੱਖੀ ਕਹਿੰਦੇ ਨੇ। ਹਿਰਸ ਦੇ ਵਿਚ ਆ ਕੇ ਸਿੱਖੀ ਧਾਰਨ ਕਰ ਲੈਣੀ। ਮਤਲਬ ਅੰਦਰ ਰੱਖ ਕੇ ਸਿੱਖੀ ਧਾਰਨ ਕਰਨੀ। ਮਹਾਰਾਜ ਕਹਿੰਦੇ, ਇਹ ਜਿਹੜੀਆਂ ਤਿੰਨ ਕਿਸਮਾਂ ਨੇ, ਆਹ ਜਿਹੜਾ ਪੱਥਰ ਹੈ, ਇਹੋ ਜਿਹੇ ਨੇ ਇਹ। ਇਨ੍ਹਾਂ 'ਤੇ ਅਸਰ ਨਹੀਂ ਹੁੰਦਾ, ਚਾਹੇ ਗੁਰੂ ਦੇ ਕੋਲ ਰਹਿਣ, ਹਰ ਵਕਤ ਨਾਲ ਰਹਿਣ। ਇਹ ਪੱਥਰ ਵਰਗੇ ਸਿੱਖ ਹੋਇਆ ਕਰਦੇ ਨੇ ਤੇ ਦੂਸਰੇ ਹੋਇਆ ਕਰਦੇ ਨੇ, ਦੋ ਕੈਟਾਗਿਰੀਆਂ ਨੇ, ਉਹ ਇਸ ਤੋਂ ਉੱਚੀਆਂ ਨੇ। ਬਾਕੀ ਆਹ ਜਿਹੜੇ ਤਿੰਨ ਨੇ, ਦੇਖਣ ਨੂੰ ਸਿੱਖ ਬਹੁਤ ਹੀ ਵਧੀਆ ਲੱਗਣਗੇ। ਭੇਖ ਵੀ ਸਾਰਿਆਂ ਨਾਲੋਂ ਵਧੀਆ, ਗੱਲਾਂ ਵੀ ਦੂਜਿਆਂ ਨਾਲੋਂ ਵਧੀਆ। ਕਿਉਂਕਿ ਜਿਹੜੇ ਸਿਦਕੀ ਸਿੱਖ ਹੁੰਦੇ ਨੇ, ਉਹ ਦਿਖਾਵਾ ਨਹੀਂ ਕਰਿਆ ਕਰਦੇ, ਅੰਦਰ ਹੀ ਅੰਦਰ ਰਹਿੰਦੇ ਨੇ। ਜਿਹੜੇ ਭਾਵਨੀ ਦੇ ਨੇ ਉਹ ਵੀ ਦਿਖਾਵਾ ਨਹੀਂ ਕਰਦੇ। ਇਹ ਜਿਹੜੀਆਂ ਤਿੰਨ ਕਿਸਮਾਂ ਨੇ ਇਹ ਵਧ-ਵਧ ਕੇ

ਦਿਖਾਵੇ, ਬਹੁਤੀਆਂ ਗੱਲਾਂ ਮਾਰਦੇ ਨੇ, ਗਾਲੜ੍ਹੂ ਹੁੰਦੇ ਨੇ। ਵਿਸਾਖੀ ਦਾ ਦੀਵਾਨ ਲੱਗਿਆ ਹੋਇਆ ਹੈ, ਦੂਰ-ਦਰਾਜ਼ ਤੋਂ ਸੰਗਤਾਂ ਆ ਗਈਆਂ ਤੇ ਮਹਾਰਾਜ ਨੇ ਹੁਕਮ ਕਰ ਦਿਤਾ, ਕਹਿਣ ਲੱਗੇ ਕਿ ਪ੍ਰੇਮੀਓ! ਸਾਡੀ ਇਜਾਜ਼ਤ ਤੋਂ ਬਗੈਰ ਘਰਾਂ ਨੂੰ ਨਹੀਂ ਜਾਣਾ, ਏਥੇ ਰੁਕ ਜਾਓ। ਉਸ ਵੇਲੇ ਜਿਹੜੇ ਤਿੰਨੋ ਕਿਸਮਾਂ ਦੇ ਸਿੱਖ ਸੀਗੇ, ਇਨ੍ਹਾਂ ਨੇ ਬਿੜਕਾਂ ਲੈਣੀਆਂ ਸ਼ੁਰੂ ਕੀਤੀਆਂ ਕਿ ਕਿਤੇ ਕੋਈ ਦੁਸ਼ਮਣ ਤਾਂ ਨਹੀਂ ਚੜ੍ਹਿਆ ਆਉਂਦਾ ਕਿ ਗੁਰੂ ਸਾਹਿਬ ਸਾਨੂੰ ਇਥੇ ਫਸਾ ਕੇ ਨਾ ਮਾਰ ਦੇਣ। ਅਸੀਂ ਤਾਂ ਘਰਾਂ 'ਚ ਬੰਦੋਬਸਤ ਵੀ ਨਹੀਂ ਕਰਕੇ ਆਏ। ਸਿਦਕ ਡੋਲਣ ਲੱਗ ਗਿਆ, ਭਰੋਸਾ ਪਹਿਲਾਂ ਹੀ ਨਹੀਂ ਸੀਗਾ, ਜਿਹੜਾ ਮਾੜਾ ਮੋਟਾ ਸੀ, ਉਹ ਵੀ ਡੋਲਣਾ ਸ਼ੁਰੂ ਹੋ ਗਿਆ। ਹਫਤਾ ਲੰਘ ਗਿਆ, ਆਲੇ ਦੁਆਲੇ ਪਹਿਰੇਦਾਰ ਨੇ, ਲੰਘਣ ਦਿੰਦੇ ਨਹੀਂ, ਨਾ ਦਿਨ ਨੂੰ ਨਾ ਰਾਤ ਨੂੰ। ਉਸ ਵੇਲੇ ਇਕੱਠੇ ਹੋ ਗਏ ਇੱਕ ਥਾਉਂ ਤੇ ਸੌਂਹਾਂ ਖਾ ਲਈਆਂ ਕਿ ਇਹ ਗੱਲ ਜ਼ਾਹਿਰ ਨਾ ਹੋ ਜਾਏ, ਨਹੀਂ ਤਾਂ ਫੇਰ ਬਹੁਤ ਬੁਰੀ ਹੋਏਗੀ, ਕਿਉਂਕਿ ਗੁਰੂ ਦੇ ਨਾਲ ਵਿਗੜਨਾ ਠੀਕ ਨਹੀਂ ਹੋਇਆ ਕਰਦਾ। ਸਾਰਿਆਂ ਨੇ ਕਿਹਾ ਕਿ ਦੱਸੋ ਵਿਉਂਤ? ਇੱਕ ਕਹਿਣ ਲੱਗਿਆ ਕਿ ਮੈਂ ਸਾਹ ਖਿੱਚ ਲੈਂਦਾ ਹਾਂ ਤੇ ਮੇਰਾ ਨਾ ਪੇਟ ਹਿੱਲੇ, ਨੱਕ ਮੂਹਰੇ ਚਾਹੇ ਰੂੰ ਧਰ ਕੇ ਦੇਖ ਲਓ ਤਾਂ ਵੀ ਨਹੀਂ ਹਿਲਦੀ, ਮੈਂ ਐਨਾ ਹੌਲੀ ਸਾਹ ਕੱਢਦਾ ਹਾਂ। ਕਹਿੰਦਾ, ਮੈਨੂੰ ਅਰਥੀ 'ਤੇ ਪਾ ਲਓ ਤੇ ਸਾੜਨ ਵਾਸਤੇ ਅਗੰਮਪੁਰੇ ਲੈ ਚੱਲੋ। ਉਹ ਬਾਹਰ ਹੈ ਘੇਰੇ ਤੋਂ। ਉਥੋਂ ਆਪਾਂ ਖਿਸਕ ਚੱਲਾਂਗੇ, ਝੋਲੇ ਆਪਣੇ ਨਾਲ ਹੀ ਚੁੱਕ ਲੈਣਾ। ਕਹਿੰਦੇ, ਨਹੀਂ ਵੀ ਚੁੱਕ ਹੋਣਗੇ, ਫੇਰ ਦੇਖੀ ਜਾਏਗੀ, ਆਪਾਂ ਪਹਿਲਾਂ ਏਥੋਂ ਨਿਕਲਣ ਦੀ ਗੱਲ ਕਰੋ।

ਉਸ ਵੇਲੇ ਮੁਰਦਾ ਚੁੱਕ ਲਿਆ, ਸ਼ਬਦ ਪੜ੍ਹਦੇ ਜਾਂਦੇ ਨੇ ਤੇ ਫੇਰ ਮਨ ਵਿਚ ਫੈਸਲਾ ਕਰਿਆ ਕਿ ਜੇ ਲਾਂਭੇ ਦੀ ਗਏ ਸਿੱਖਾਂ ਨੇ ਫੜ ਲੈਣਾ ਹੈ। ਕਿਉਂ ਨਾ ਗੁਰੂ ਸਾਹਿਬ ਦੇ ਸਾਮ੍ਹਣੇ ਤੋਂ ਹੀ ਲੰਘੀਏ। ਇੱਕ ਵਾਰੀ ਇਨ੍ਹਾਂ ਦੇ ਸਾਮ੍ਹਣੇ ਤੋਂ ਲੰਘ ਜਾਈਏ, ਫੇਰ ਸਮਝੋ ਲੰਘ ਗਏ। ਉਸ ਵੇਲੇ ਗੁਰੂ 'ਤੇ ਭਰੋਸਾ ਨਹੀਂ, ਗੁਰੂ ਨੂੰ ਅੰਤਰਜਾਮੀ ਨਹੀਂ ਜਾਣਿਆ। ਉਸ ਵੇਲੇ ਗੁਰੂ ਨੂੰ ਇੱਕ ਚੰਗਾ ਮਨੁੱਖ ਜਾਣਿਆ। ਸੈਂਕੜਿਆਂ ਦੀ ਤਾਦਾਦ ਦੇ ਵਿਚ ਉਹ ਅਰਥੀ ਦੇ ਪਿੱਛੇ ਹੋ ਕੇ ਸ਼ਬਦ ਪੜ੍ਹਦੇ ਜਾਂਦੇ ਨੇ। ਨੀਵੀਆਂ ਪਾਈਆਂ ਹੋਈਆਂ ਨੇ, ਚਿਹਰੇ ਘੁੱਟੇ ਹੋਏ ਨੇ। ਕੋਈ ਬੋਲਦਾ ਨਹੀਂ ਹੈ, ਦੇਖਦਾ ਨਹੀਂ ਹੈ, ਤੁਰੇ ਜਾਂਦੇ ਨੇ ਤੇ ਗੁਰੂ ਮਹਾਰਾਜ ਨੇ ਕਿਹਾ ਆ ਕੀ ਹੋ ਗਿਆ ਇਨ੍ਹਾਂ ਨੂੰ। ਇਥੋਂ ਦੀ ਜਾ ਰਹੇ ਨੇ? ਕਹਿੰਦੇ ਜੀ, ਕੋਈ ਪ੍ਰੇਮੀ ਇਨ੍ਹਾਂ ਦੇ ਨਾਲ ਦਾ ਚੜ੍ਹਾਈ ਕਰ ਗਿਆ, ਸਸਕਾਰ ਕਰਨ ਜਾ ਰਹੇ ਨੇ।

ਮਹਾਰਾਜ ਕਹਿੰਦੇ, ਕੀ ਗੱਲ ਪ੍ਰੇਮੀਓ! ਠਹਿਰੋ।

ਕਹਿੰਦੇ, ਸੱਚੇ ਪਾਤਸ਼ਾਹ! ਇਹਦੇ ਛੋਟੇ-ਛੋਟੇ ਬੱਚੇ ਨੇ। ਕਾਰੋਬਾਰ ਸਾਰਾ ਖਿੰਡਿਆ ਹੋਇਆ ਹੈ, ਕਮਾਊ ਬੰਦਾ ਕੋਈ ਨਹੀਂ ਪਿੱਛੇ, ਇਕੱਲਾ ਹੀ ਸੀ। ਪਾਤਸ਼ਾਹ! ਕ੍ਰਿਪਾ ਕਰੋ, ਇਹ ਤੁਹਾਡੇ ਦਰ 'ਤੇ ਆ ਕੇ ਚੜ੍ਹਾਈ

ਕਰ ਗਿਆ। ਮਹਾਰਾਜ ਕਹਿੰਦੇ, ਹੁਣ ਕਿੱਥੇ ਲਈਂ ਜਾਂਦੇ ਓਂ?

ਕਹਿੰਦੇ, ਮਹਾਰਾਜ! ਸ਼ਮਸ਼ਾਨ ਭੂਮੀ 'ਚ। ਕਹਿੰਦੇ, ਆਪਾਂ ਹੀ ਕਰ ਦਿੰਦੇ ਹਾਂ ਸਸਕਾਰ, ਉਥੇ ਕਾਹਨੂੰ ਜਾਣਾ ਹੈ। ਸਿੰਘਾਂ ਨੂੰ ਕਹਿਣ ਲੱਗੇ ਕਿ ਭਾਈ, ਫੂਸ ਲਿਆਓ ਚੁੱਕ ਕੇ। ਫੂਸ ਲੈ ਆਂਦਾ, ਕਹਿੰਦੇ ਅਰਥੀ ਰੱਖ ਦਿਓ ਇਹਦੇ ਉਤੇ। ਸਰਕੜਾ ਰੱਖ ਦਿਤਾ ਥੱਲੇ।

ਹੁਣ ਉਹ ਸੁਣੀ ਜਾਂਦਾ ਹੈ ਪਿਆ ਕਿ ਹੁਣ ਤਾਂ ਫਸ ਗਏ ਬੁਰੀ ਤਰ੍ਹਾਂ। ਇੰਨੇ ਨੂੰ ਮਹਾਰਾਜ ਨੇ ਸੁਨੇਹਾ ਭੇਜ ਦਿਤਾ ਲਾਂਗਰੀ ਸਿੰਘ ਨੂੰ ਕਿ ਇੱਕ ਚੁਆਤੀ ਲਿਆ, ਬਲਦੀ-ਬਲਦੀ ਲੱਕੜ ਲਿਆ ਸੁੱਕੀ। ਲੱਕੜ ਆ ਗਈ, ਕਹਿੰਦੇ ਲਓ ਬਈ ਪ੍ਰੇਮੀਓਂ! ਇਥੇ ਹੀ ਦਾਹ ਕਰ ਦਿੰਦੇ ਹਾਂ। ਲੱਕੜਾਂ ਹੋਰ ਉਤੇ ਪਾ ਦਿਆਂਗੇ, ਅੱਗ ਬਾਲ ਲਈਏ ਆਪਾਂ। ਜਦੋਂ ਮਹਾਰਾਜ ਨੇ ਕਿਹਾ ਕਿ ਘਾਹ ਨੂੰ ਅੱਗ ਇਥੇ ਕੁ ਲਾ ਦੇ, ਉਧਰ ਲਾਈ, ਹਵਾ ਦੂਜੇ ਪਾਸਿਓਂ ਆਉਂਦੀ ਸੀ ਤੇ ਉਹਨੇ ਸੁਣਿਆ ਕਿ ਚਿੜ-ਚਿੜ ਹੋ ਰਹੀ ਹੈ, ਕਿ ਇਹ ਤਾਂ ਆਈ ਮੇਰੇ ਕੋਲ। ਦੋਵੇਂ ਬਾਹਵਾਂ ਨਾਲ ਜਿਹੜੀ ਰੱਸੀ ਬੰਨ੍ਹੀ ਹੋਈ ਸੀ ਤੋੜ ਕੇ ਛਾਲ ਮਾਰੀ ਤੇ ਨੱਠ ਲਿਆ ਸਿੱਧਾ ਹੀ। ਮਹਾਰਾਜ ਨੇ ਤਾੜੀ ਵਜਾ ਦਿਤੀ, ਸਾਰੇ ਹੱਸਦੇ ਨੇ। ਮਹਾਰਾਜ ਕਹਿੰਦੇ, ਪ੍ਰੇਮੀਓਂ! ਤੁਹਾਡਾ ਮੁਰਦਾ ਸੱਚਖੰਡ ਨੂੰ ਸਣੇ ਦੇਹ ਦੌੜਿਆ ਜਾਂਦਾ ਹੈ। ਇਹ ਜਿਹੜੇ ਪ੍ਰੇਮੀ ਹੁੰਦੇ ਨੇ ਇਨ੍ਹਾਂ ਦਾ ਵਿਸ਼ਵਾਸ਼ ਨਹੀਂ ਹੋਇਆ ਕਰਦਾ, ਵਿਸ਼ਵਾਸ਼ ਤੋਂ ਹੀਣੇ। ਕਹਿੰਦੇ, ਆਹ ਜਿਹੜੇ ਸਿੰਘਾਂ ਨੇ ਜੱਗਾ ਸਿੰਘ ਨੂੰ ਕੁੱਟਿਆ ਹੈ, ਇਹ ਰਹਿੰਦੇ ਤਾਂ ਸਾਡੇ ਕੋਲ ਨੇ ਪਰ ਇਹ ਪੱਥਰ ਸਿੱਖ ਨੇ।

ਦੂਸਰੇ ਹੋਇਆ ਕਰਦੇ ਨੇ, ਭਾਵਨੀ ਦੇ। ਭਾਵਨੀ ਦਾ ਜਿਹੜਾ ਸਿੱਖ ਹੋਇਆ ਕਰਦਾ ਹੈ, ਉਹਦੇ ਮਨ ਵਿਚ ਐਸੀ ਭਾਵਨਾ ਹੋਇਆ ਕਰਦੀ ਹੈ, ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਗੁਰ ਗੋਬਿੰਦ-ਗੋਬਿੰਦ ਗੁਰੂ ਹੈ, ਨਾਨਕ ਭੇਦ ਨਾ ਭਾਈ।***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥***
ਅੰਗ - 442

ਉਨ੍ਹਾਂ ਨੂੰ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਲਗਦਾ, ਵਾਹਿਗੁਰੂ ਤੇ ਗੁਰੂ ਵਿਚ। ਹੈ ਵੀ ਨਹੀਂ ਕੋਈ ਫਰਕ। ਆਪ ਹੀ ਪ੍ਰਮੇਸ਼ਰ ਹੋਇਆ ਕਰਦਾ ਹੈ ਗੁਰੂ।

ਸੋ ਇਹ ਜਿਹੜੀ ਭਾਵਨਾ ਹੈ ਜਿਸ ਸਿੱਖ ਦੀ, ਉਸਨੂੰ ਭਾਵਨੀ ਦਾ ਸਿੱਖ ਕਹਿੰਦੇ ਨੇ। ਉਹ ਗੁਰੂ ਗੋਰ ਵਿਚ ਸਮਾ ਜਾਇਆ ਕਰਦਾ ਹੈ, ਗੁਰੂ ਦੇ ਅੰਦਰ ਪ੍ਰਵੇਸ਼ ਕਰ ਜਾਇਆ ਕਰਦਾ ਹੈ। ਉਹਨੂੰ ਅਭੇਦ ਅਵਸਥਾ ਦਾ ਸਿੱਖ ਕਹਿੰਦੇ ਨੇ -

*ਧਾਰਨਾ - ਗੁਰ ਗੋਰ ਸਮਾਵੈ ਜੀ,*
*ਮੁਰਦਾ ਹੋਇ ਮੁਰੀਦ ਹੋ।*

ਐਸਾ ਜੋ ਗੁਰਸਿੱਖ ਹੋਇਆ ਕਰਦਾ ਹੈ, ਭਾਵਨੀ ਦਾ, ਉਹ ਗੁਰੂ ਦੀ 'ਗੋਰ' ਕਹਿੰਦੇ ਨੇ ਕਬਰ ਨੂੰ, ਗੁਰੂ ਦੇ ਸਰੀਰ ਦੇ ਵਿਚ ਸਮਾ ਜਾਇਆ ਕਰਦਾ ਹੈ। ਗੁਰੂ ਤੇ ਉਹਦੇ ਵਿਚ ਕੋਈ ਭੇਦ ਨਹੀਂ ਰਿਹਾ ਕਰਦਾ -

*ਮੁਰਦਾ ਹੋਇ ਮੁਰੀਦ ਸੋ ਗੁਰ ਗੋਰਿ ਸਮਾਵੈ।*
*ਭਾਈ ਗੁਰਦਾਸ ਜੀ, ਵਾਰ 9/22*

ਉਹ ਲੀਨ ਕਾਹਦੇ 'ਚ ਹੁੰਦਾ ਹੈ? ਕਹਿੰਦੇ -

*ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ।*
*(ਓਹੀ)*

ਆਪਣਾ ਆਪਾ ਉਹਦੇ 'ਚੋਂ ਖਤਮ ਹੋ ਜਾਂਦਾ ਹੈ। ਮੈਂ ਨਹੀਂ ਉਹਦੇ 'ਚ ਰਹਿੰਦੀ। ਜਿੰਨਾਂ ਚਿਰ ਮੈਂ ਹੈ ਦੋ ਤਾਂ ਨਹੀਂ ਸਮਾਇਆ ਕਰਦੇ, ਇੱਕ ਚੀਜ਼ ਦੇ ਅੰਦਰ।

*ਤਨ ਧਰਤੀ ਕਰਿ ਧਰਮਸਾਲ ਮਨੁ ਦਭੁ ਵਿਛਾਵੈ। (ਓਹੀ)*

ਤਨ ਨੂੰ ਧਰਤੀ ਵਰਗਾ ਬਣਾ ਦਿੰਦਾ ਹੈ ਧਰਮਸਾਲ, ਧਰਮ ਦੀ ਜਗ੍ਹਾ ਬਣਾ ਦਿੰਦਾ ਹੈ। ਸੇਵਾ ਕਰਦਾ ਹੈ, ਕੀਰਤਨ ਕਰਦਾ ਹੈ, ਬਾਣੀ ਆਪ ਪੜ੍ਹਦਾ ਹੈ ਤੇ ਦੂਜਿਆਂ ਨੂੰ ਪੜ੍ਹਾਉਂਦਾ ਹੈ। ਦੂਜਿਆਂ ਦੇ ਕੰਮ ਆਉਂਦਾ ਹੈ। ਧਰਤੀ ਵਰਗਾ ਸਰੀਰ ਬਣਾ ਦਿੰਦਾ ਹੈ, ਮਨ ਦੀ ਦਭੁ ਵਿਛਾ ਦਿੰਦਾ ਹੈ। ਮਨ ਦੇ ਵਿਚ ਹੈਂਕੜ ਨਹੀਂ ਰਹਿੰਦੀ। ਨਿਮਰਤਾ ਦੇ ਨਾਲ ਚਰਨਾਂ ਦੇ ਵਿਚ ਵਿਛਾ ਦਿੰਦਾ ਹੈ।

*ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ। (ਓਹੀ)*

ਉਹਨੂੰ ਕਿੰਨਾਂ ਹੀ ਮਾੜਾ ਕਹੀ ਜਾਓ, ਕਿੰਨਾਂ ਹੀ ਦੁਖ ਆ ਜਾਏ, ਕਿੰਨਾਂ ਹੀ ਸੁਖ ਆ ਜਾਏ, ਕਿੰਨਾਂ ਹੀ ਮਾਣ ਆ ਜਾਵੇ, ਕਿੰਨਾਂ ਹੀ ਅਪਮਾਨ ਹੋ ਜਾਵੇ, ਕਿੰਨੀਆਂ ਹੀ ਔਖਿਆਈਆਂ ਆ ਜਾਣ। ਜਿਵੇਂ ਲੱਤਾਂ ਹੇਠ ਘਾਹ ਲਿਤਾੜਿਆ ਜਾਂਦਾ ਹੈ, ਇਸ ਤਰ੍ਹਾਂ ਗੁਰੂ ਦਾ ਸ਼ਬਦ, ਲਿਤਾੜ ਦੇ ਵਿਚ ਰਹਿ ਕੇ ਕਮਾਉਂਦਾ ਹੈ-

*ਭਾਇ ਭਗਤਿ ਨੀਵਾਣੁ ਹੋਇ ਗੁਰਮਤਿ ਠਹਰਾਵੈ।*
*(ਓਹੀ)*

ਨੀਵੇਂ ਥਾਉਂ ਠਹਿਰਦੀ ਹੈ ਚੀਜ਼ ਜਿਹੜੀ ਕੀਮਤੀ ਹੋਵੇ। ਉਚਿਆਂ ਥਾਵਾਂ 'ਤੇ ਤਾਂ ਰਹਿੰਦੀ ਨਹੀਂ -

*ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥*
*ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ਅੰਗ - 1383*

ਟਿੱਬੇ 'ਤੇ ਮੀਂਹ ਪਵੇ, ਰੁੜ ਕੇ ਥੱਲੇ ਆ ਜਾਂਦਾ ਹੈ। ਸਮਾਉਂਦਾ ਕਿੱਥੇ ਹੈ, ਜਿੱਥੇ ਨੀਵਾਂ ਥਾਉਂ ਹੈ -

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥ ਅੰਗ - 1365***

ਕਿਉਂਕਿ ਉੱਚਾ ਹੈ, ਉਹਦੇ reservation ਹੈ ਕਰੜਾ ਹੈ ਉਹ। ਨਰਮਾਈ ਨਹੀਂ ਹੈ ਬਾਂਸ ਵਿਚ, ਕਰੜਾਈ ਬਹੁਤ ਹੈ। ਸੋ ਇਸ ਤਰ੍ਹਾਂ ਦੇ ਨਾਲ ਨੀਵੇਂ ਹੋ ਕੇ ਗੁਰਮਤਿ ਠਹਿਰਦੀ ਹੈ ਉਥੇ, ਜਦੋਂ ਠਹਿਰ ਗਈ ਫੇਰ ਕੀ ਹੁੰਦਾ ਹੈ -

***ਵਰਸੈ ਨਿਝਰ ਧਾਰ ਹੋਇ.......॥ (ਓਹੀ)***

ਫੇਰ ਅੰਮ੍ਰਿਤ ਦੀਆਂ ਧਾਰਾਂ ਵਰਸਾਉਂਦਾ ਹੈ, ਆਪਣੇ ਮੁਖ ਤੋਂ। ਜੋ ਬੋਲਦਾ ਹੈ ਅੰਮ੍ਰਿਤ ਬੋਲਦਾ ਹੈ ਉਹ। ਪਿਆਰ ਦੀਆਂ, ਬੰਦਗੀ ਦੀਆਂ, ਨਾਮ ਦੀਆਂ, ਉਹਦੇ ਅੰਦਰੋਂ ਧਾਰਾਂ ਚਲਦੀਆਂ ਨੇ। ਜਿਵੇਂ ਮੋਲੇਧਾਰ ਮੀਂਹ ਵਰਸਦਾ ਹੋਵੇ।

***..........ਸੰਗਤਿ ਚਲਿ ਆਵੈ॥ (ਓਹੀ)***

ਸੰਗਤ ਵਿਚ ਆਉਂਦਾ ਹੈ ਚਲ ਕੇ ਤੇ ਸੰਗਤ ਉਹਦੇ ਕੋਲ ਚੱਲ ਕੇ ਜਾਂਦੀ ਹੈ। ਸੋ ਇਹ ਭਾਵਨੀ ਦਾ ਸਿੱਖ ਹੋਇਆ ਕਰਦਾ ਹੈ। ਮਹਾਰਾਜ ਕਹਿੰਦੇ, ਪੰਜਵਾਂ ਹੁੰਦਾ ਹੈ, ਸਿਦਕ ਦਾ। ਸਿਦਕੀ ਸਿੱਖ ਜਿਹੜਾ ਹੁੰਦਾ ਹੈ ਦੁੱਖ, ਸੁੱਖ, ਹਾਨ, ਲਾਭ, ਮਾਨ-ਅਪਮਾਨ, ਜਨਮ-ਮਰਨ, ਇਨ੍ਹਾਂ ਨੂੰ ਬਰਾਬਰ ਜਾਣ ਕੇ ਭਾਣਾ ਮੰਨਦਾ ਹੈ ਗੁਰੂ ਦਾ। ਗੁਰੂ ਨਾਲ ਪ੍ਰੀਤ ਨਹੀਂ ਉਹਦੀ ਟੁੱਟਿਆ ਕਰਦੀ। ਗੁਰੂ ਚਾਹੇ ਧੱਕੇ ਮਰਵਾ ਕੇ ਕਢਵਾ ਦੇਵੇ, ਚਾਹੇ ਵੱਡੀ ਵਡਿਆਈ ਦੇ ਦੇਵੇ, ਉਹ ਦੋਹਾਂ ਗੱਲਾਂ ਨੂੰ ਹੀ ਪਿਆਰ ਸਮਝਦਾ ਹੈ। ਐਸੀਆਂ ਬੇਅੰਤ ਮਿਸਾਲਾਂ ਨੇ। ਸੋ ਮੈਂ ਐਨੀ ਹੀ ਬੇਨਤੀ ਕਰਦਾ ਹਾਂ ਕਿ ਐਸਾ ਗੁਰਸਿੱਖ ਜੋ ਹੋਇਆ ਕਰਦਾ ਹੈ, ਉਹਨੂੰ ਅਭੇਦ ਅਵਸਥਾ ਦਾ ਗੁਰਸਿੱਖ ਕਹਿੰਦੇ ਨੇ। ਉਹਦੇ ਵਿਚ ਗੁਰੂ ਰਹਿੰਦਾ ਹੈ ਤੇ ਉਹ ਗੁਰੂ 'ਚ ਰਹਿੰਦਾ ਹੈ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਸ੍ਰੀ ਨਗਰ ਗਏ ਹੋਏ ਨੇ, ਮਾਤਾ ਭਾਗਭਰੀ ਦੇ ਪ੍ਰੇਮ ਦੇ ਖਿੱਚੇ ਹੋਏ 700 ਮੀਲ ਚਲੇ ਗਏ। ਸੱਤ ਦਿਨ ਲੱਗੇ ਮਹਾਰਾਜ ਨੂੰ। ਸੌ ਮੀਲ ਦਾ ਰੋਜ਼ ਪੈਂਡਾ ਕਰਦੇ ਸੀ ਤੇ ਉਥੇ ਜਾ ਕੇ ਜਦੋਂ ਮਹਾਰਾਜ ਨੇ ਮਾਤਾ ਨੂੰ ਦਰਸ਼ਨ ਦਿਤੇ, ਸੰਗਤਾਂ ਨੂੰ ਪਤਾ ਲੱਗਿਆ, ਸੰਗਤਾਂ ਚੱਲ-ਚੱਲ ਕੇ ਆਉਂਦੀਆਂ ਨੇ ਤੇ ਬੜਾ ਉਤਸ਼ਾਹ ਸੰਗਤਾਂ 'ਚ ਹੋਇਆ ਤੇ ਇੱਕ ਪਿੰਡ ਦੀ ਸੰਗਤ ਅੱਜ ਬਾਗ ਦੇ ਵਿਚੋਂ, ਤਾਜ਼ੇ ਫਲ ਤੋੜੇ ਵਧੀਆ ਕਿ ਗੁਰੂ ਦੀ ਭੇਟ ਕਰਾਂਗੇ, ਸ਼ਹਿਦ ਸਾਮ੍ਹਣੇ ਚੁਆਇਆ ਤੇ ਲੈ ਕੇ ਗੁਰੂ ਮਹਾਰਾਜ ਵਲ ਨੂੰ, ਜੋਟੀਆਂ ਦੇ ਸ਼ਬਦ ਪੜ੍ਹਦੇ ਹੋਏ, ਜਥਾ ਬਣਾ ਕੇ ਬੀਬੀਆਂ, ਬੱਚੇ, ਭਾਈ, ਜੁਆਨ, ਬੁੱਢੇ ਸਭ ਤੁਰੇ ਜਾਂਦੇ ਨੇ ਤੇ ਜਿਸ ਵਕਤ ਰਸਤੇ 'ਚ ਜਾਂਦੇ ਨੇ, ਇੱਕ ਸਿੱਖ ਨੇ ਆਵਾਜ਼ ਸੁਣੀ, ਮਨ 'ਚ ਚਾਉ ਜਾਗਿਆ ਕਿ ਗੁਰੂ ਦੀ ਸੰਗਤ ਆ ਰਹੀ ਹੈ ਕਿਉਂ ਨਾ ਨਮਸ਼ਕਾਰ ਕਰੀਏ। ਉਸ ਵੇਲੇ ਆਪ ਅੱਗੇ ਗਏ, ਦੋਵੇਂ ਹੱਥ ਜੋੜੇ ਅੰਤਰੀਵ ਆਤਮੇ ਸਾਰਿਆਂ

ਦੇ ਚਰਨਾਂ 'ਤੇ ਨਮਸ਼ਕਾਰ ਕਰਕੇ ਨੇੜੇ ਆਏ ਤਾਂ ਸਾਮ੍ਹਣੇ ਹੋ ਕੇ ਸਤਿ ਕਰਤਾਰ ਦੀ ਆਵਾਜ਼ ਦਿਤੀ। ਸਭ ਖੜ੍ਹ ਗਏ, ਜਾਣਦੇ ਸੀ ਉਹਨੂੰ।

ਕਹਿਣ ਲੱਗੇ, ਪ੍ਰੇਮੀਓਂ! ਕਿੱਥੇ ਚੱਲੇ ਓਂ?

ਕਹਿੰਦੇ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਦਰਸ਼ਨ ਕਰਨ ਚੱਲੇ ਹਾਂ।

ਕਹਿਣ ਲੱਗਿਆ ਕਿ ਆ ਕੀ ਲਈਂ ਜਾਂਦੇ ਓਂ?

ਕਹਿੰਦੇ, ਆਹ ਫਲ ਨੇ ਤੇ ਆਹ ਸ਼ਹਿਦ ਹੈ।

ਕਹਿੰਦਾ, ਅੱਜ ਸਵੇਰੇ ਤੋਂ ਮੈਂ ਕੁਛ ਨਹੀਂ ਖਾਧਾ, ਭੁੱਖ ਬੜੀ ਲੱਗੀ ਹੋਈ ਹੈ, ਇੱਕ ਫਲ ਮੈਨੂੰ ਦੇ ਦਿਓ। ਉਥੇ ਵੀ ਤੁਸੀਂ ਵੰਡਣੇ ਹੀ ਨੇ।

ਆਹ ਕੀ ਹੈ?

ਕਹਿੰਦੇ, ਸ਼ਹਿਦ।

ਕਹਿੰਦਾ, ਇਹ ਵੀ ਦੇ ਦਿਓ। ਬੜੀ ਦੇਰ ਹੋਈ ਮੈਂ ਸ਼ਹਿਦ ਨਹੀਂ ਦੇਖਿਆ।

ਹੱਥ ਕਰ ਦਿਤਾ ਅੱਗੇ। ਜਵਾਬ ਦੇ ਦਿਤਾ ਜਥੇਦਾਰ ਨੇ। ਕਹਿਣ ਲੱਗਿਆ, ਭਾਈ ਕੱਟੂ! ਤੈਨੂੰ ਪਤਾ ਹੈ ਇਹ ਅਸੀਂ ਗੁਰੂ ਸਾਹਿਬ ਵਾਸਤੇ ਲਿਜਾ ਰਹੇ ਹਾਂ ਤੇ ਰਾਹ ਵਿਚ ਜੇ ਵੰਡਦੇ ਜਾਈਏ, ਉਥੇ ਕੀ ਲੈ ਕੇ ਜਾਵਾਂਗੇ। ਤੂੰ ਆ ਗਿਆ, ਅੱਗੇ ਕੋਈ ਹੋਰ, ਹੋਰ ਖੜ੍ਹਾ ਹੋਵੇ। ਇਹ ਗੁਰੂ ਮਹਾਰਾਜ ਦੀ ਭੇਟਾ ਜਾਏਗਾ, ਉਥੋਂ ਮੁੜਦੇ ਹੋਏ ਜਿਹੜਾ ਪ੍ਰਸ਼ਾਦ ਸਾਨੂੰ ਮਿਲੇਗਾ, ਇਥੇ ਖੜ੍ਹੀਂ ਤੈਨੂੰ ਦੇ ਦੇਵਾਂਗੇ।

ਕਹਿੰਦਾ, ਤੁਹਾਡੀ ਮਰਜ਼ੀ। ਜਿਵੇਂ ਤੁਹਾਡਾ ਜੀਅ ਕਰਦਾ ਹੈ ਕਰੋ।

ਉਸ ਵੇਲੇ ਸਾਰੇ ਜਦੋਂ ਪ੍ਰਸ਼ਾਦ ਲੈ ਕੇ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਪਹੁੰਚਦੇ ਨੇ। ਜਾ ਕੇ ਉਨ੍ਹਾਂ ਨੇ ਪ੍ਰਸ਼ਾਦ ਰੱਖ ਦਿਤਾ। ਮੇਵੜੇ ਨੇ ਭੇਟਾਵਾਂ ਲਈਆਂ ਤੇ ਸਾਰਿਆਂ ਦਾ ਨਾਉਂ ਲੈ-ਲੈ ਕੇ ਕਿ ਪਾਤਸ਼ਾਹ ਫਲਾਣੇ ਪਿੰਡ ਤੋਂ ਭੇਟਾ ਕਰ ਰਿਹਾ, ਫਲਾਣੇ ਪਿੰਡ ਤੋਂ ਇਹ ਯਾਚਨਾ ਕਰ ਰਿਹਾ ਹੈ। ਮਹਾਰਾਜ ਸਾਰਿਆਂ ਨੂੰ ਯਥਾਸ਼ਕਤ ਵਰ ਦਿੰਦੇ ਚਲੇ ਜਾ ਰਹੇ ਨੇ, ਬਚਨ ਦਿੰਦੇ ਚਲੇ ਜਾ ਰਹੇ ਨੇ।

ਸੋ ਥੋੜ੍ਹੀ ਦੇਰ ਤੋਂ ਬਾਅਦ ਮਹਾਰਾਜ ਕਹਿਣ ਲੱਗੇ ਕਿ ਆਹ ਟੋਕਰੇ 'ਚ ਕੀ ਹੈ ਭਾਈ? ਕੁਛ ਦੁਰਗੰਧੀ ਜਿਹੀ ਆ ਰਹੀ ਹੈ।

ਜਥੇਦਾਰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤਾਜ਼ੇ ਫਲ ਤੋੜ ਕੇ ਲਿਆਏ ਹਾਂ, ਕਸ਼ਮੀਰ ਦਾ ਸੇਬ ਹੈ ਇਹਦੇ ਵਿਚ। ਜਿਹੜਾ ਸਾਰੇ ਭਾਰਤ ਵਰਸ਼ 'ਚੋਂ ਸੋਹਣਾ ਹੈ, ਉਹਦੀ ਸੁਗੰਧੀ ਹੈ ਮਹਾਰਾਜ।

ਮਹਾਰਾਜ ਕਹਿੰਦੇ ਨਹੀਂ, ਦੁਰਗੰਧੀ ਹੈ ਜਿਵੇਂ ਗਲੇ ਹੁੰਦੇ ਨੇ। ਕੱਪੜਾ

ਚੁੱਕੋ ਤਾਂ?

ਹੈਰਾਨ ਹੋ ਗਏ, ਸਾਰੇ ਸੇਬ ਕਾਲੇ ਹੋ ਗਏ ਗਲ ਕੇ। ਕਹਿਣ ਲੱਗੇ, ਤੋੜੇ ਤਾਂ ਅਸੀਂ ਤਾਜ਼ੇ ਸੀ ਹੁਣੇ ਹੀ ਤੋੜ ਕੇ ਲਿਆਏ ਹਾਂ ਤੇ ਅਜੇ ਐਨਾ ਮੌਸਮ ਦਾ ਵੀ ਅਸਰ ਨਹੀਂ ਹੋਇਆ। ਹੋ ਕੀ ਗਿਆ?

ਮਹਾਰਾਜ ਕਹਿੰਦੇ, ਆਹ ਬਰਤਨ 'ਚ ਕੀ ਹੈ?

ਕਹਿੰਦੇ ਮਹਾਰਾਜ! ਤਾਜ਼ਾ ਸ਼ਹਿਦ, ਤੁਰਨ ਵੇਲੇ ਚੁਆਇਆ ਸੀ।

ਕਹਿੰਦੇ, ਲਿਆਓ ਦਿਖਾਓ, ਕਿਹੋ ਜਿਹਾ ਹੈ?

ਬਰਤਨ ਦਾ ਮੂੰਹ ਖੋਲ੍ਹਿਆ, ਮਹਾਰਾਜ ਦੇ ਅੱਗੇ ਕਰ ਦਿਤਾ। ਮਹਾਰਾਜ ਨੇ ਦੇਖਿਆ ਤਾਂ ਦੇਖ ਕੇ ਕਹਿੰਦੇ ਕਿ ਦੇਖੋ ਤਾਂ ਸ਼ਹਿਦ 'ਚ ਕੀ ਹੈ?

ਕੀ ਦੇਖਦੇ ਨੇ ਕੁਰਬਲ-ਕੁਰਬਲ ਕਰਦੇ ਕੀੜੇ ਫਿਰ ਰਹੇ ਨੇ ਵਿਚ। ਨਿਰਾਸ ਹੋ ਗਏ ਕਿ ਭੇਟਾ ਕਬੂਲ ਨਹੀਂ ਹੋਈ। ਸਾਰੇ ਜੱਥੇ ਨੂੰ ਅਫਸੋਸ ਹੋ ਗਿਆ ਕਿ ਭਾਈ! ਪਤਾ ਨਹੀਂ ਅਸੀਂ ਕਿਹੜਾ ਵਿਘਨ ਕਰ ਦਿਤਾ। ਉਸ ਵੇਲੇ ਸਿਆਣੇ ਸੀ, ਗਲ 'ਚ ਪੱਲਾ ਪਾਇਆ, ਹੱਥ ਜੋੜੇ ਕਹਿਣ ਲੱਗੇ ਕਿ ਪਾਤਸ਼ਾਹ! ਕੋਈ ਵੱਡਾ ਭਾਰਾ ਵਿਘਨ ਹੋ ਗਿਆ। ਸਾਡੇ ਉਤੇ ਕੋਈ ਕਰੋਪੀ ਹੋ ਗਈ, ਕੋਈ ਅਸੀਂ ਐਨਾ ਮਾੜਾ ਕੰਮ ਕਰ ਲਿਆ ਕਿ ਪ੍ਰਸ਼ਾਦ ਤੁਹਾਡੇ ਕੋਲ ਤਾਜ਼ਾ ਨਾ ਲਿਆ ਸਕੇ। ਤੋੜਿਆ ਵੀ ਤਾਜ਼ਾ ਪਰ ਤੁਹਾਡੇ ਕੋਲ ਨਹੀਂ ਪਹੁੰਚ ਸਕਿਆ। ਆਪ ਜੀ ਨੂੰ ਪ੍ਰਵਾਨ ਨਹੀਂ ਹੋਇਆ। ਕ੍ਰਿਪਾ ਕਰੋ ਆਪ। ਇਸ ਭੇਦ ਨੂੰ ਪ੍ਰਗਟ ਕਰਕੇ ਸਾਡਾ ਸੰਸਾ ਨਵਿਰਤ ਕਰੋ।

ਮਹਾਰਾਜ ਕਹਿੰਦੇ, ਪ੍ਰੇਮੀਓਂ! ਕਿਸੇ ਨੇ ਰਾਹ ਵਿਚ ਵੀ ਮੰਗਿਆ ਸੀ?

ਕਹਿੰਦੇ, ਹਾਂ ਜੀ, ਇੱਥੇ ਇੱਕ ਮਸਤਾਨਾ ਜਿਹਾ ਫਿਰਦਾ ਹੁੰਦਾ ਹੈ ਭਾਈ ਕੱਟੂ, ਉਸਨੇ ਮੰਗਿਆ ਸੀ ਪ੍ਰਸ਼ਾਦ ਵਿਚੋਂ, ਅਸੀਂ ਕਿਹਾ ਕਿ ਗੁਰੂ ਸਾਹਿਬ ਕੋਲ ਲੈ ਕੇ ਜਾਣਾ ਹੈ, ਤੂੰ ਪਹਿਲਾਂ ਹੀ ਮੰਗਦਾ ਹੈਂ। ਜੇ ਇਸ ਤਰ੍ਹਾਂ ਮੰਗਣ ਲੱਗੇ ਤਾਂ ਪ੍ਰਸ਼ਾਦ ਕੀ ਲੈ ਕੇ ਜਾਵਾਂਗੇ।

ਮਹਾਰਾਜ ਕਹਿੰਦੇ, ਪ੍ਰੇਮੀਓ! ਮੈਂ ਹੀ ਹੱਥ ਕੱਢਿਆ ਸੀ ਤੁਹਾਡੇ ਅੱਗੇ, ਕਿਉਂਕਿ ਤੁਸੀਂ ਪਛਾਣ ਨਹੀਂ ਸਕੇ। ਬਾਣੀ ਦਾ ਜੋ ਹੁਕਮ ਹੈ ਉਹਨੂੰ ਪਛਾਣ ਨਹੀਂ ਸਕੇ। ਬਾਣੀ ਦਾ ਹੁਕਮ ਇਸ ਤਰ੍ਹਾਂ ਹੈ -

***ਧਾਰਨਾ - ਮੇਰਾ ਹੀ ਰੂਪ ਹੈ, ਮੇਰੇ ਹੀ ਬਣ ਗਏ ਜਿਹੜੇ।***

***ਦਾਸ ਅਨਿੰਨ ਮੇਰੋ ਨਿਜ ਰੂਪ ॥*** ***ਅੰਗ - 1252***

ਜਿਹੜੇ ਹਰ ਵਕਤ ਮੇਰੇ ਧਿਆਨ 'ਚ ਰਹਿੰਦੇ ਨੇ, ਮੈਨੂੰ ਘਟ-ਘਟ ਦੇ ਵਿਚ ਵਿਆਪਕ ਦੇਖਦੇ ਨੇ, ਸਿੱਖ ਦੇ ਵਿਚ ਤੇ ਮੇਰੇ ਵਿਚ ਕੋਈ ਫਰਕ ਨਹੀਂ ਹੁੰਦਾ -

***ਖਾਲਸਾ ਮੇਰੋ ਰੂਪ ਹੈ ਖਾਸ॥***

*ਖਾਲਸੇ ਮਹਿ ਹੌ ਕਰੌਂ ਨਿਵਾਸ॥ ਸਰਬ ਲੋਹ ਗ੍ਰੰਥ 'ਚੋਂ*

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*ਸਰਬ ਲੋਹ ਗ੍ਰੰਥ 'ਚੋਂ*

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397*
*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - 1076*

ਕਹਿੰਦੇ, ਜਿਹੜਾ ਹਰ ਵਕਤ ਮੇਰੀ ਯਾਦ ਵਿਚ ਰਹਿੰਦਾ ਹੈ, ਮੈਂ ਉਸ ਸਿੱਖ ਦੇ ਨਾਲ ਰਹਿੰਦਾ ਹਾਂ। ਉਹਦੇ ਤੇ ਮੇਰੇ ਵਿਚ ਫਰਕ ਨਹੀਂ ਹੁੰਦਾ ਪ੍ਰੇਮੀਓਂ। ਉਸ ਰੂਪ ਦੇ ਅੰਦਰ ਮੈਂ ਹੀ ਮੰਗਿਆ ਸੀ ਹੱਥ ਕੱਢ ਕੇ। ਤੁਸੀਂ ਜਦ ਦਿਤਾ ਨਾ।

ਕਹਿਣ ਲੱਗੇ, ਪਾਤਸ਼ਾਹ! ਹੁਣ ਕੀ ਕਰੀਏ?

ਮਹਾਰਾਜ ਕਹਿੰਦੇ ਕਿ ਜਾਓ, ਭਾਈ ਕੱਟੂ ਨੂੰ ਪ੍ਰਸੰਨ ਕਰੋ।

ਉਸੇ ਤਰ੍ਹਾਂ ਲੈ ਗਏ, ਭਾਈ ਕੱਟੂ ਕੋਲ ਜਾ ਕੇ ਜਦੋਂ ਟੋਕਰਿਆਂ ਦਾ ਕੱਪੜਾ ਲਾਹੁੰਦੇ ਨੇ, ਸਾਰੇ ਫਲ ਤਾਜ਼ੇ। ਸ਼ਹਿਦ ਦੇਖਦੇ ਨੇ, ਸ਼ਹਿਦ ਅਸਲੀ ਹਾਲਤ ਵਿਚ। ਕਹਿੰਦੇ, ਲੈ ਭਾਈ ਕੱਟੂ! ਜਿੰਨਾਂ ਤੇਰਾ ਜੀਅ ਕਰਦਾ ਹੈ ਛਕ ਲੈ।

ਕਹਿੰਦਾ ਕਿ ਹੁਣ ਤਾਂ ਪਿਆਰਿਓ, ਮੈਨੂੰ ਭੁੱਖ ਹੀ ਨਹੀਂ ਰਹੀ। ਮੈਨੂੰ ਕੋਈ ਜ਼ਰੂਰਤ ਨਹੀਂ ਹੈ, ਪਰ ਤੁਹਾਡੀ ਸ਼ਰਧਾ ਹੈ, ਚਲੋ ਕਿਣਕਾ ਮਾਤਰ ਅਸੀਂ ਲੈ ਲੈਂਦੇ ਹਾਂ। ਸਾਰੇ ਗੁਰੂ ਸਾਹਿਬ ਕੋਲ ਫੇਰ ਵਾਪਸ ਆ ਜਾਂਦੇ ਨੇ।

ਸੋ ਇਸ ਤਰ੍ਹਾਂ ਦੇ ਜਿਹੜੇ ਗੁਰਸਿੱਖ ਹੋਇਆ ਕਰਦੇ ਨੇ, ਉਹ ਅਭੇਦ ਅਵਸਥਾ ਦੇ ਗੁਰਸਿੱਖ ਹੋਇਆ ਕਰਦੇ ਨੇ। ਉਨ੍ਹਾਂ ਦਾ ਕਿਹਾ ਹੋਇਆ ਪ੍ਰਮੇਸ਼ਵਰ ਵੀ ਮੰਨ ਲੈਂਦਾ ਹੈ, ਮੋੜਿਆ ਨਹੀਂ ਕਰਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦਾ ਸੇਵਾਦਾਰ ਭਾਈ ਸੋਭਾ ਰਾਮ, ਕਈਆਂ ਨੇ ਭਾਈ ਗੁਰਦਾਸ ਲਿਖਿਆ ਹੈ। ਇਤਿਹਾਸਾਂ 'ਚ ਭੇਦ ਹੁੰਦਾ ਹੈ ਥੋੜ੍ਹਾ, ਚਲੋ ਕੋਈ ਹੋਇਆ ਨਾਂ।

ਚੌਰ ਦੀ ਸੇਵਾ ਕਰਦਾ ਹੈ, ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੀ। ਚੌਰ ਬਰਦਾਰ ਹੈ, ਪਰ ਮੂੰਹ ਦਾ ਕੁਛ ਰੁੱਖਾ ਹੈ। ਕਈ ਹੁੰਦੇ ਨੇ ਸੇਵਾ ਕਰਦੇ ਨੇ, ਮੂੰਹ ਦੇ ਰੁੱਖੇ ਹੁੰਦੇ ਨੇ। ਮੂੰਹ ਦਾ ਜਿਹੜਾ ਰੁੱਖਾ ਹੁੰਦਾ ਹੈ ਉਹ ਗੁਰੂ ਨੂੰ ਨਹੀਂ ਭਾਇਆ ਕਰਦਾ -

*ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥*
*ਅੰਗ - 1384*

ਕਹਿੰਦੇ, ਫਿੱਕਾ ਬੋਲ ਕੇ ਕਿਸੇ ਦਾ ਦਿਲ ਨਾ ਤੋੜ ਦੇਵੀਂ, ਤੇਰੇ ਨਾਲ ਰੱਬ ਨੇ ਰੁੱਸ ਜਾਣਾ ਹੈ, ਫੇਰ ਜ਼ੋਰ ਲਾ ਲਈਂ, ਕਦੇ ਨਹੀਂ ਬੋਲਣਾ ਉਹਨੇ।

ਕਈਆਂ ਦਾ ਸੁਭਾਅ ਹੁੰਦਾ ਹੈ, ਕਈ ਡੇਰਿਆਂ 'ਚ ਹੁੰਦਾ ਹੈ, ਫਿੱਕਾ ਬੋਲਦੇ ਨੇ, ਗਾਲ੍ਹਾਂ ਕੱਢਦੇ ਨੇ। ਫਿੱਕਾ ਬੋਲਣ ਵਾਲੇ ਨੂੰ ਤਾਂ ਮਹਾਰਾਜ ਕਹਿੰਦੇ, ਦਰਗਾਹ 'ਚੋਂ ਚੁੱਕ ਕੇ ਬਾਹਰ ਮਾਰਦੇ ਨੇ। ਟਿਕਣ ਨਹੀਂ ਦਿੰਦੇ –

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***

***ਅੰਗ – 473***

ਬਾਣੀ ਨੂੰ ਅਸੀਂ ਕਮਾਉਂਦੇ ਨਹੀਂ ਹਾਂ, ਗਾਉਂਦੇ ਹਾਂ। ਗਾਉਂਦੇ ਬਹੁਤ ਵਧੀਆ ਹਾਂ। ਜਿਹੜੇ ਫਿੱਕਾ ਬੋਲਦੇ ਨੇ ਉਹ ਵੀ ਇਹ ਸਲੋਕ ਪੜ੍ਹਦੇ ਨੇ। ਫੇਰ ਨਹੀਂ ਫਿੱਕਾ ਬੋਲਣ ਤੋਂ ਹਟਦੇ, ਦੂਜੇ ਦਾ ਦਿਲ ਤੋੜ ਦਿੰਦੇ ਨੇ ਫਿੱਕਾ ਬੋਲ ਕੇ।

ਸੋ ਫਿੱਕਾ ਬੋਲਦਾ ਸੀ ਬਹੁਤ ਜ਼ਿਆਦਾ। ਕਈ ਵਾਰੀ ਗੁਰਸਿੱਖਾਂ ਨੇ ਸਮਝਾਇਆ ਕਿ ਪ੍ਰੇਮੀਆਂ! ਤੂੰ ਬੜਾ ਮਾਨਯੋਗ ਹੈਂ, ਬੜੀ ਵੱਡੀ ਸੇਵਾ ਤੈਨੂੰ ਸਤਿਗੁਰਾਂ ਦੀ ਮਿਲੀ ਹੋਈ ਹੈ ਤੇ ਫਿੱਕਾ ਨਾ ਤੂੰ ਬੋਲਿਆ ਕਰ। ਸਹਿਜ ਸੁਭਾਅ ਬੋਲਦਾ ਹੈ। ਜੇ ਕਿਤੇ ਤੇਰੀ ਜ਼ੁਬਾਨ ਵਿਚ ਬਲ ਹੋਵੇ ਤੂੰ ਤਾਂ ਸਾਰਿਆਂ ਦਾ ਹੀ ਬੇੜਾ ਗਰਕ ਕਰ ਦੇਵੇਂ। ਉਹ ਤਾਂ ਤਾਕਤ ਹੀ ਨਹੀਂ ਤੇਰੀ ਜ਼ੁਬਾਨ 'ਚ।

ਅੱਜ ਪ੍ਰਸ਼ਾਦ ਵੰਡ ਰਿਹਾ ਹੈ, ਗੁਰੂ ਮਹਾਰਾਜ ਉੱਠ ਕੇ ਚਲੇ ਗਏ। ਇੱਕ ਗੁਰਸਿੱਖ ਅਭੇਦ ਅਵਸਥਾ ਦਾ ਜਿਹਦਾ ਨਾਉਂ ਭਾਈ ਧੰਨਾ ਹੈ। ਆਪਣਾ ਦਸਵੰਧ ਕੱਢ ਕੇ, ਗੱਡਾ ਭਰ ਕੇ ਗੁਰੂ ਕੇ ਲੰਗਰ ਵਲ ਲਿਆ ਰਿਹਾ ਹੈ ਤੇ ਜਿਸ ਵਕਤ ਗੁਰੂ ਦਰਬਾਰ 'ਚ ਆਇਆ, ਉਥੇ ਨਮਸ਼ਕਾਰ ਕਰੀ, ਅੰਦਰ ਦੇਖਿਆ ਤਾਂ ਪ੍ਰਸ਼ਾਦ ਵੰਡਿਆ ਜਾ ਰਿਹਾ ਹੈ। ਮਨ 'ਚ ਆਇਆ ਕਿ ਗੁਰੂ ਨੂੰ ਲੱਗਿਆ ਹੋਇਆ ਭੋਗ, ਉਹਦਾ ਜੇ ਇੱਕ ਕਿਣਕਾ ਵੀ ਮਿਲ ਜਾਵੇ ਤਾਂ, ਇਸ ਤੋਂ ਵੱਡੀ ਕੋਈ ਦੁਨੀਆਂ ਦੀ ਦੌਲਤ ਨਹੀਂ ਹੈ। ਪੂਰੀ ਸ਼ਰਧਾ ਦੇ ਨਾਲ ਬਲਦਾਂ ਨੂੰ ਰੋਕ ਦਿਤਾ, ਗੱਡੇ ਦੇ ਉਤੇ ਰੱਸੇ ਰੱਖ ਦਿਤੇ ਤੇ ਜਾਤੂ ਦੇ ਨਾਲ ਬੰਨ੍ਹ ਕੇ ਏਸ ਖਿਆਲ ਨਾਲ ਕਿ ਮੈਂ ਹੁਣੇ ਛੇਤੀ ਦੇ ਕੇ ਆ ਜਾਣਾ ਹੈ। ਗੱਡੇ ਦੇ ਉਤੇ ਬੈਠੇ ਨੇ ਧੂੜ ਪਈ ਹੋਈ ਹੈ, ਦਸਤਾਰ ਵੀ ਧੂੜ ਨਾਲ ਲੱਥਪੱਥ ਹੋਈ ਹੈ, ਦਾੜ੍ਹਾ ਧੂੜ ਨਾਲ ਭਰਿਆ ਪਿਆ ਹੈ। ਪਛਾਣਿਆ ਨਹੀਂ ਜਾਂਦਾ।

ਉਸ ਵੇਲੇ ਗੁਰੂ ਦਰਬਾਰ 'ਚ ਇੱਕ ਪਾਸੇ ਹੋ ਕੇ ਖੜ੍ਹ ਗਿਆ। ਪ੍ਰਸ਼ਾਦ ਵਾਲਾ ਆਉਂਦਾ ਹੈ, ਦੋਵੇਂ ਹੱਥ ਕਰ ਦਿਤੇ ਕਿ ਮੈਨੂੰ ਦੇ ਦਿਓ ਪ੍ਰਸ਼ਾਦ। ਨਾਲੇ ਬਲਦਾਂ ਵਲ ਨੂੰ ਦੇਖਦਾ ਹੈ ਕਿ ਤੁਰ ਨਾ ਜਾਣ, ਬਲਦ ਹਿੱਲ ਪਏ। ਉਹ ਪ੍ਰਸ਼ਾਦ ਦਿੰਦਾ-ਦਿੰਦਾ ਦੂਜੇ ਪਾਸੇ ਚਲਿਆ ਗਿਆ। ਗੁੱਸਾ ਆਇਆ ਉਹਦੇ ਮਨ 'ਚ ਕਿ ਪ੍ਰਸ਼ਾਦ ਮੈਨੂੰ ਕਹਿੰਦਾ ਹੈ ਕਿ ਦੇ ਦੇ।

ਉਹ ਦੂਸਰੇ ਪਾਸੇ ਚਲੇ ਗਏ, ਜਦੋਂ ਉਹਨੇ ਦੇਖਿਆ ਕਿ ਇਹ ਇੱਥੇ

ਵੀ ਆ ਗਿਆ ਤਾਂ, ਉਹ ਦੂਸਰੇ ਪਾਸੇ ਪ੍ਰਸ਼ਾਦ ਵੰਡਣ ਲੱਗ ਗਿਆ। ਜਦੋਂ ਏਧਰ ਆਇਆ ਤਾਂ ਉਹ ਪਰਲੇ ਪਾਸੇ ਵੰਡਣ ਲੱਗ ਗਿਆ। ਚਾਰ ਵਾਰੀ ਜਦੋਂ ਇਸ ਤਰ੍ਹਾਂ ਹੋ ਗਈ।

ਕਹਿਣ ਲੱਗਿਆ ਕਿ ਕਿਉਂ ਤੂੰ ਰਿੱਛ ਵਾਂਗਣ ਟੱਪੀ ਜਾਂਦਾ ਹੈਂ, ਟਿਕ ਕੇ ਨਹੀਂ ਤੇਰੇ ਤੋਂ ਬੈਠ ਹੁੰਦਾ?

ਕਹਿੰਦਾ ਪ੍ਰੇਮੀਆਂ! ਮੈਂ ਤਾਂ ਨਹੀਂ ਰਿੱਛ ਵਾਂਗਣ ਟੱਪਦਾ, ਤੂੰ ਹੀਂ ਟੱਪਦਾ ਹੈਂ, ਰਿੱਛ ਤਾਂ ਤੂੰ ਹੀਂ ਹੈਂ। ਚੰਗਾ ਨਾ ਦੇ ਪ੍ਰਸ਼ਾਦ। ਇੱਕ ਕਿਣਕਾ ਫਰਸ਼ 'ਤੇ ਗਿਰਿਆ ਹੋਇਆ ਚੁੱਕਿਆ, ਧੰਨਵਾਦ ਕੀਤਾ ਤੇ ਮੁੱਖ ਵਿਚ ਪਾ ਲਿਆ ਤੇ ਬਲਦ ਤੁਰ ਕੇ ਅੱਗੇ ਜਾ ਰਹੇ ਸੀ, ਥਾਉਂ ਨੀਵਾਂ ਸੀ, ਨੱਠ ਕੇ ਜਾ ਕੇ ਬਲਦ ਰੋਕੇ। ਸ਼ੁਕਰ ਕੀਤਾ ਗੁਰੂ ਸਾਹਿਬ ਦਾ ਕਿ ਪਾਤਸ਼ਾਹ! ਇੱਕ ਕਿਣਕਾ ਤਾਂ ਤੇਰੇ ਦਰ ਤੋਂ ਮਿਲ ਗਿਆ। ਉਸ ਵੇਲੇ ਚਲਿਆ ਗਿਆ।

ਏਧਰ ਸਮਾਂ ਬੀਤਿਆ। ਇਹ ਗੁਰਸਿੱਖ ਚੜ੍ਹਾਈ ਕਰ ਗਿਆ। ਸਮਾਂ ਕਾਫੀ ਲੰਘ ਗਿਆ ਤੇ ਅੱਜ ਸਮੇਂ ਬਦਲੇ ਹੋਏ ਨੇ। ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਕਿਸ਼ੋਰ ਅਵਸਥਾ ਗੱਦੀ 'ਤੇ ਬਿਰਾਜਮਾਨ ਨੇ। ਗੁਰੂ ਨੌਵੇਂ ਪਾਤਸ਼ਾਹ ਸ਼ਹੀਦੀ ਦੇ ਗਏ ਸੀ ਹਿੰਦ ਦੇ ਵਾਸਤੇ। ਗਊ ਤੇ ਗਰੀਬ ਵਾਸਤੇ।

***ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਬਚਿਤ੍ਰ ਨਾਟਕ ਪਾ: 10***

ਤਿਲਕ ਤੇ ਜਨੇਊ ਦੀ ਰਾਖੀ ਵਾਸਤੇ ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣਾ ਬਲੀਦਾਨ ਦੇ ਦਿਤਾ ਤੇ ਉਸ ਵੇਲੇ ਗੁਰੂ ਦਸ਼ਮੇਸ਼ ਪਿਤਾ ਬੈਠੇ ਨੇ। ਇੱਕ ਮਦਾਰੀ ਰਿੱਛ ਲੈ ਕੇ ਆ ਜਾਂਦਾ ਹੈ ਤੇ ਰਿੱਛ ਲੈ ਕੇ ਤਮਾਸ਼ੇ ਕਰ ਰਿਹਾ ਹੈ। ਮਹਾਰਾਜ ਨੇ ਬੁਲਾ ਲਿਆ, ਕਹਿੰਦੇ ਦਿਖਾ ਜ਼ਰਾ ਕੁ ਇਹਦੇ ਕੌਤਕ। ਉਹ ਜਦੋਂ ਤਮਾਸ਼ੇ ਕਰਦਾ ਹੈ, ਘੋਲ ਕਰਦਾ ਹੈ, ਹੋਰ ਕੁਛ ਕਰਦਾ ਹੈ, ਸਾਰੇ ਸਿੰਘ ਜਿੰਨੇ ਬੈਠੇ ਨੇ, ਤਾੜੀਆਂ ਮਾਰ-ਮਾਰ ਹਸਦੇ ਨੇ, ਗੁਰੂ ਮਹਾਰਾਜ ਵੀ ਮੁਸਕਰਾਉਂਦੇ ਨੇ, ਖਿੜ ਕੇ ਹਸ ਪੈਂਦੇ ਨੇ ਕਈ ਵਾਰੀ। ਕੌਤਕ ਸੀ ਉਨ੍ਹਾਂ ਦਾ। ਇਹ ਭਾਈ ਕੀਰਤੀਆ ਜਿਹੜਾ ਗੁਰੂ ਮਹਾਰਾਜ ਦੇ ਚੌਰ ਕਰਦਾ ਸੀ, ਇਹ ਵੀ ਜ਼ੋਰ-ਜ਼ੋਰ ਨਾਲ ਹਸਦਾ ਹੈ, ਗੁਰੂ ਮਹਾਰਾਜ ਪਿੱਛੇ ਨੂੰ ਉਸ ਵਲ ਦੇਖੇ ਤੇ ਕਹਿਣ ਲੱਗੇ ਕਿ ਕੀਰਤੀਆ! ਤੂੰ ਨਾ ਹੱਸ, ਬਾਕੀਆਂ ਨੂੰ ਹਸ ਲੈਣ ਦੇ।

ਕਹਿੰਦਾ, ਸੱਚੇ ਪਾਤਸ਼ਾਹ! ਮੈਂ ਕਿਉਂ ਨਾ ਹੱਸਾਂ?

ਕਹਿਣ ਲੱਗੇ, ਤੇਰਾ ਬਾਪੂ ਹੈ, ਪਛਾਣਿਆ ਨਹੀਂ ਤੂੰ?

ਕਹਿੰਦਾ, ਮੇਰਾ ਬਾਪੂ ਤਾਂ ਸੱਚੇ ਪਾਤਸ਼ਾਹ! ਤੁਹਾਡੇ ਪਿਤਾ ਦਾ ਚੌਰ ਬਰਦਾਰ ਸੀ। ਸਭ ਤੋਂ ਉੱਤਮ ਸੇਵਾ ਗਿਣੀ ਹੈ ਚੌਰ ਬਰਦਾਰ ਦੀ। ਜਿਹੜਾ ਹਰ ਵਕਤ ਗੁਰੂ ਦੇ ਦਰਸ਼ਨ ਕਰਦਾ ਹੈ, ਗੁਰੂ ਦੇ ਨਾਲ ਰਹਿੰਦਾ ਹੈ ਤੇ ਐਡੀ ਉੱਤਮ ਸੇਵਾ ਕਰਕੇ ਉਹ ਰਿੱਛ ਬਣ ਗਿਆ ਤੇ ਫੇਰ ਮੈਂ ਬਾਂਦਰ ਬਣਾਂਗਾ? ਚੌਰ ਮਹਾਰਾਜ ਜੀ ਦੇ ਚਰਨਾਂ 'ਚ ਰੱਖ ਦਿਤਾ। ਉਮਰ

ਛੋਟੀ ਗੁਰੂ ਮਹਾਰਾਜ ਦੀ, ਗੁਸਤਾਖੀ ਨਾਲ ਬੋਲ ਗਿਆ। ਮਰਿਆ ਹੋਇਆ ਸਿੱਖ ਨਹੀਂ ਸੀਗਾ, ਜੀਉਂਦਾ ਸਿੱਖ ਸੀਗਾ। ਭਾਵਨੀ ਦਾ ਸਿਦਕੀ ਸਿੱਖ ਨਹੀਂ ਸੀ, ਪਹਿਲੀਆਂ ਕਿਸਮਾਂ ਦਾ ਸਿੱਖ ਸੀ।

ਮਹਾਰਾਜ ਕਹਿੰਦੇ, ਪ੍ਰੇਮੀਆਂ! ਕਾਹਨੂੰ ਗੁੱਸੇ ਹੁੰਦਾ ਹੈਂ? ਤੈਨੂੰ ਇਹ ਗੱਲ ਬਣਦੀ ਹੈ ਕਿ ਤੂੰ ਪੁੱਛੇਂ? ਆਹ ਥੋੜ੍ਹਾ ਕਿ ਚੌਰ ਰੱਖ ਕੇ ਨੱਠ ਗਿਆ, ਬੇਮੁਖ ਹੋ ਜਾਏਂਗਾ।

ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਉਹਨੇ ਕੀ ਕੰਮ ਕਰ ਲਿਆ ਐਸਾ?

ਕਹਿੰਦੇ, ਉਸ ਨੇ ਅਭੇਦ ਅਵਸਥਾ ਦੇ, ਜਿਹੜਾ ਗੁਰੂ ਦੇ ਦਰਜੇ ਦਾ ਸਿੱਖ ਸੀ, ਉਹਦੀ ਨਿਰਾਦਰੀ ਕਰੀ ਹੈ।

ਜਿਹੜਾ ਨਿਰਾਦਰੀ ਕਰਦਾ ਹੈ, ਉਹਨੂੰ ਸੁੱਖ ਨਹੀਂ ਮਿਲਿਆ ਕਰਦਾ। ਇਸ ਤਰ੍ਹਾਂ ਕਹਿੰਦੇ ਨੇ –

***ਧਾਰਨਾ – ਸੁੱਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***
***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥***

***ਅੰਗ – 306***

ਸੰਤਾਂ ਨਾਲ ਜਿਹੜੇ ਬੇਮਤਲਬਾ ਖਹਿੰਦੇ ਨੇ ਉਨ੍ਹਾਂ ਨੂੰ ਸੁੱਖ ਦੀ ਪ੍ਰਾਪਤੀ ਨਹੀਂ ਹੋਇਆ ਕਰਦੀ। ਬੇਅੰਤ ਮਿਸਾਲਾਂ ਗੁਰੂ ਘਰ ਦੇ ਅੰਦਰ ਨੇ। ਜਿੱਥੇ ਇਸ ਤਰ੍ਹਾਂ ਦੀ ਗੱਲ ਹੋਈ ਹੈ, ਫੇਰ ਆਦਮੀ ਨੂੰ ਦੁਖੀ ਹੋਣਾ ਪਿਆ ਹੈ। ਪਰੇਸ਼ਾਨ ਹੋਣਾ ਪਿਆ ਹੈ। ਸੁਖ ਨਹੀਂ ਹੁੰਦਾ। ਸੋ ਮਹਾਰਜ ਕਹਿੰਦੇ ਭਾਈ ਕੀਰਤੀਆ! ਤੇਰੇ ਪਿਤਾ ਨੇ ਇਸ ਤਰ੍ਹਾਂ ਫਿੱਕਾ ਬੋਲ ਕੇ ਗੁਰੂ ਨਾਲ ਅਭੇਦ ਗੁਰਸਿੱਖ ਦਾ ਨਿਰਾਦਰ ਕੀਤਾ ਹੈ ਤੇ ਉਨ੍ਹਾਂ ਦੇ ਮੁੱਖ ਤੋਂ ਸਹਿਜ ਸੁਭਾਅ ਨਿਕਲ ਗਿਆ। ਤੇਰੇ ਪਿਤਾ ਨੇ ਕਿਹਾ ਰਿੱਛ ਜਿਹਾ ਮੂਹਰੇ ਆਈ ਜਾਂਦਾ ਹੈ। ਉਹਨੇ ਕਿਹਾ ਪ੍ਰੇਮੀਆਂ! ਮੈਂ ਤਾਂ ਰਿੱਛ ਨਹੀਂ, ਤੂੰ ਹੀ ਰਿੱਛ ਵਾਂਗੂੰ ਟਪਦਾ ਹੈਂ।

ਹੁਣ ਬਚਨ ਸੀਗਾ ਸਾਧੂ ਦਾ। ਸਾਧੂ ਦਾ ਜੇ ਬਚਨ ਹੋ ਜਾਏ ਉਹ ਟਲਿਆ ਨਹੀਂ ਕਰਦਾ।

***ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥***
***ਗਿਰਿ ਬਸੁਧਾ ਜਲ ਪਵਨ ਜਾਇਗੋ***
***ਇਕਿ ਸਾਧ ਬਚਨ ਅਟਲਾਧਾ ॥***

***ਅੰਗ – 1204***

ਸੋ ਉਹਦੇ ਕਰਕੇ ਏਸ ਨੂੰ ਰਿੱਛ ਦੀ ਜੂਨੀ ਪਾਉਣੀ ਪਈ। ਇਹਦੀ ਜਿਹੜੀ ਸੇਵਾ ਕੀਤੀ ਹੋਈ ਹੈ, ਉਹ ਕੁਥਾਂਹ ਨਹੀਂ ਪਈ, ਇਹ ਰਿੱਛ ਸਾਡੇ ਕੋਲ ਆ ਗਿਆ। ਮੁੱਲ ਲੈ ਲਓ ਭਾਈ ਰਿੱਛ। ਮੁੱਲ ਪੁੱਛਿਆ ਗਿਆ, 25 ਰੁਪਏ ਉਨ੍ਹਾਂ ਦਿਨਾਂ ਦੇ ਉਹਨੇ ਮੰਗੇ। ਮਹਾਰਾਜ ਨੇ ਦੇ ਦਿਤੇ

ਤੇ ਰਿੱਛ ਨੂੰ ਕੋਲ ਬੰਨ੍ਹਾ ਲਿਆ ਤੇ ਕਹਿੰਦੇ ਪ੍ਰਸ਼ਾਦ ਬਣਾਓ। ਪ੍ਰਸ਼ਾਦ ਤਾਜ਼ਾ ਆ ਗਿਆ, ਅਰਦਾਸ ਹੋਈ, ਮਹਾਰਾਜ ਨੇ ਭੋਗ ਲਾਇਆ। ਸ਼ੀਤ ਪ੍ਰਸ਼ਾਦ ਜਦੋਂ ਉਸ ਰਿੱਛ ਦੇ ਅੱਗੇ ਰੱਖਿਆ, ਉਹਦੇ ਮੂੰਹ 'ਚ ਗਿਆ ਸ਼ੀਤ ਪ੍ਰਸ਼ਾਦ। ਉਸੇ ਵੇਲੇ ਉਹਦੀ ਦੇਹ ਛੁਟ ਗਈ। ਸਾਮ੍ਹਣੇ ਪ੍ਰਕਾਸ਼ ਸਰੂਪ ਹੋਈ, ਧੰਨ-ਧੰਨ ਕਰ ਰਿਹਾ ਹੈ ਮਹਾਰਾਜ ਨੂੰ।

ਸੋ ਇਸ ਤਰ੍ਹਾਂ ਦੇ ਨਾਲ ਰਸਨਾ 'ਤੇ ਗੁਰੂ ਬੈਠਦਾ ਹੈ ਉਹਦੇ।

ਨਾਮਦੇਵ ਜੀ ਨੂੰ ਪ੍ਰਭੂ ਕਹਿਣ ਲੱਗੇ, ਨਾਮਦੇਵ! ਕਿਉਂ ਤੂੰ ਔਖਾ ਹੋਈ ਜਾਂਦਾ ਹੈਂ, ਪਰੇਸ਼ਾਨ ਕਿਉਂ ਹੁੰਦਾ ਹੈਂ? ਮੈਂ ਹੀ ਤੇਰੀ ਜ਼ੁਬਾਨ 'ਤੇ ਹੋ ਕੇ ਬੋਲਿਆ ਹਾਂ ਕਿਉਂਕਿ ਮੈਨੂੰ ਭਾਉਂਦੀ ਹੈ -

***ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥ ਅੰਗ - 265***

ਇਹ ਛਪਣ ਨਹੀਂ ਦਿੰਦਾ ਮੈਂ। ਮੈਂ ਪ੍ਰਗਟ ਕਰ ਦਿੰਦਾ ਹਾਂ।

ਇਸ਼ਤਿਹਾਰ ਤਾਂ ਸੰਤ ਕੱਢਦੇ ਹੀ ਨਹੀਂ, ਨਾ ਕਿਸੇ ਨੂੰ ਕਹਿੰਦੇ ਨੇ ਕਿ ਸਾਡੇ ਬਾਰੇ ਕਹੋ। ਸਗੋਂ ਗੁੱਸੇ ਹੋ ਜਾਂਦੇ ਨੇ ਜੇ ਉਨ੍ਹਾਂ ਦੀ ਕੋਈ ਉਪਮਾ ਕਰੇ।

ਪ੍ਰਮੇਸ਼ਵਰ ਕਹਿੰਦੇ ਮੈਂ ਪ੍ਰਗਟ ਕਰਦਾ ਹੁੰਦਾ ਹਾਂ ਸੰਤਾਂ ਨੂੰ ਜਾਂ ਫੇਰ ਮੈਂ ਇਹੋ ਜਿਹਾ ਸੰਕਟ ਪਾ ਦਿੰਦਾ ਹਾਂ, ਸਾਰੀ ਦੁਨੀਆਂ ਦਾ ਧਿਆਨ ਓਧਰ ਹੋ ਜਾਏਗਾ। ਪ੍ਰਹਿਲਾਦ ਵਾਂਗੂੰ ਪ੍ਰਗਟ ਕਰ ਦਿੰਦਾ ਹਾਂ। ਫੇਰ ਉਹਦਾ ਨਾਉਂ ਹੀ ਨਹੀਂ ਮਰਦਾ, ਜੁਗਾਂ ਦੇ ਜੁਗ ਬੀਤ ਜਾਣਗੇ, ਪ੍ਰਹਿਲਾਦ ਨੇ ਸਦਾ ਹੀ ਕਾਇਮ ਰਹਿਣਾ ਹੈ।

ਸੋ ਤੂੰ ਜਾਹ, ਜਾ ਕੇ ਮੋਢੇ ਤੋਂ ਫੜ ਕੇ ਰਾਮ ਕਹਿ ਕੇ ਉਠਾ ਦੇ। ਅੰਦਰਲੀ ਆਵਾਜ਼ ਸੁਣੀ ਪ੍ਰਭੂ ਦੀ ਤੇ ਉਠਾ ਦਿਤਾ। ਰੌਲਾ ਪੈ ਗਿਆ ਸ਼ਹਿਰ ਦੇ ਅੰਦਰ। ਬਾਦਸ਼ਾਹ ਸਲੇਮਸ਼ਾਹ ਦੇ ਕੋਲ ਗੱਲ ਗਈ। ਫੜ ਕੇ ਮੰਗਾ ਲਿਆ ਤੇ ਉਹਨੇ ਗਊ ਮਾਰ ਕੇ ਰੱਖ ਦਿਤੀ ਕਿ ਇਹਨੂੰ ਜੀਉਂਦੀ ਕਰ। ਸਾਢੇ ਸੱਤ ਘੜੀਆ ਬੀਤਣ ਤੋਂ ਬਾਅਦ, ਪ੍ਰਭੂ ਆਏ, ਆ ਕੇ ਉਨ੍ਹਾਂ ਨੇ ਗਊ ਜੀਉਂਦੀ ਕਰ ਦਿਤੀ। ਉਨ੍ਹਾਂ ਨੂੰ ਕੀ ਔਖਾ ਸੀ।

ਬਾਦਸ਼ਾਹ ਬੀਮਾਰ ਹੋ ਗਿਆ, ਅੰਦਰ ਜਾ ਕੇ ਬਹੁਤ ਦਰਦ ਉਠਿਆ। ਉਸ ਵੇਲੇ ਘਾਹ ਮੂੰਹ 'ਚ ਲੈ ਕੇ ਆਇਆ ਤੇ ਕਹਿੰਦਾ ਕਿ -

***ਬਖਸੀ ਹਿੰਦੂ ਮੈ ਤੇਰੀ ਗਾਇ ॥ ਅੰਗ - 1166***

ਮੈਨੂੰ ਕਾਲੀ ਗਊ ਸਮਝ ਲੈ, ਕਪਲ ਗਊ ਸਮਝ ਕੇ ਮੈਨੂੰ ਬਖਸ਼ ਦੇ, ਮੈਂ ਮਰਦਾ ਹਾਂ। ਨਾਮਦੇਵ ਜੀ ਨੇ ਦ੍ਰਿਸ਼ਟੀ ਕੀਤੀ। ਉਸ ਤੋਂ ਬਾਅਦ ਉਹਨੇ ਇੱਕ ਪਲੰਘ ਹੀਰਿਆਂ, ਲਾਲਾਂ ਦਾ ਜੜ੍ਹਿਆ ਹੋਇਆ, ਨਾਮਦੇਵ ਜੀ ਦੀ ਭੇਟਾ ਕਰ ਦਿਤਾ। ਨਾਮਦੇਵ ਜੀ ਕਹਿਣ ਲੱਗੇ, ਬਾਦਸ਼ਾਹ! ਅਸੀਂ ਤਾਂ ਜੰਗਲਾਂ 'ਚ ਰਹਿਣ ਵਾਲੇ ਹਾਂ। ਅਸੀਂ ਹੀਰੇ ਜਵਾਹਰਾਤ ਕੀ ਕਰਨੇ ਨੇ। ਇਹ ਤਾਂ ਵੱਡੇ-ਵੱਡੇ ਜਿਨ੍ਹਾਂ ਦੇ ਆਸ਼ਰਮ ਨੇ ਉਥੇ ਦੇ ਦਿਓ, ਮੈਂ ਤਾਂ

ਗਰੀਬ ਝੌਂਪੜੀ 'ਚ ਰਹਿਣ ਵਾਲਾ ਹਾਂ, ਜੇ ਪਲੰਘ ਡਾਹ ਦਿਤਾ, ਤਾਂ ਸਾਡੀ ਝੌਂਪੜੀ ਤਾਂ ਥਾਂ ਹੀ ਨਹੀਂ ਰਹਿਣਾ, ਅਸੀਂ ਤਾਂ ਭੂੰਝੇ ਹੀ ਸੌਂਦੇ ਹਾਂ, ਪਰਾਲੀ ਵਿਛਾ ਕੇ ਤੇ ਹੁਣ ਮੈਂ ਜਿੱਥੇ ਰਹਿੰਦਾ ਹਾਂ, ਬਾਹਰ ਹੀ ਰਹਿੰਦਾ ਹਾਂ ਜਾ ਕੇ। ਇੱਕ ਨਿੱਕੀ ਜਿਹੀ ਝੌਂਪੜੀ ਹੈ, ਮੈਂ ਤੇਰੇ ਪਲੰਘ ਦੀ ਰਾਖੀ ਕਰਾਂਗਾ ਕਿ ਨਾਮ ਜਪਾਂਗਾ। ਮੇਰਾ ਫੁਰਨਾ ਬਣ ਜਾਣਾ ਹੈ। ਉਹ ਕਹਿੰਦਾ, ਮੇਰੀ ਭੇਟਾ ਹੈ। ਮੈਂ ਮੋੜ ਨਹੀਂ ਸਕਦਾ। ਅਖੀਰ, ਨੌਕਰ ਦੇ ਦਿਤੇ ਨਾਲ, ਸੇਵਾਦਾਰ ਦੇ ਦਿਤੇ। ਜਿੱਥੇ ਨਾਮਦੇਵ ਜੀ ਹੈਗੇ, ਪਲੰਘ ਵਿਛਾ ਕੇ, ਇਨ੍ਹਾਂ ਨੂੰ ਬਿਠਾ ਕੇ ਫੇਰ ਮੈਨੂੰ ਦੱਸਿਓ। ਉਹ ਜਦੋਂ ਜਾਂਦੇ ਨੇ, ਜਮਨਾ ਦੇ ਕੰਢੇ ਆਏ ਤਾਂ ਨਾਮਦੇਵ ਜੀ ਨੇ ਕਿਹਾ ਕਿ ਕਮਾਲ ਹੋ ਗਿਆ, ਇੱਕ ਵਾਰੀ ਰੱਬ ਤੋਂ ਘੋੜੀ ਮੰਗੀ ਸੀ ਤੇ ਰੱਬ ਨੇ ਮੈਨੂੰ ਦਿਖਾ ਦਿਤਾ ਸੀ ਉਸੇ ਵੇਲੇ। ਮੁਗਲ ਰੂਪ ਬਣ ਕੇ ਆ ਗਿਆ ਤੇ ਉਥੇ ਘੋੜੀ ਸੂ ਪਈ ਤੇ ਵਛੇਰੀ ਮੇਰੇ ਮੋਢਿਆਂ 'ਤੇ ਲੱਦ ਦਿਤੀ ਤੇ ਨਾਲੇ ਮੈਨੂੰ ਕਹਿੰਦਾ ਘਾਹ ਲਿਆ, ਪੱਠੇ ਲਿਆ, ਨਾਲੇ ਇਹਦੀ ਮੈਲ ਸਾਫ ਕਰ। ਕਹਿੰਦਾ ਮੈਂ ਤਾਂ ਜਦ ਤੋਂ ਕੰਨਾਂ ਨੂੰ ਹੱਥ ਲਾਏ ਹੋਏ ਨੇ ਕਿ ਆਪਾਂ ਇਸ ਚੱਕਰ 'ਚ ਪੈਣਾ ਹੀ ਨਹੀਂ। ਸੋਚਦੇ ਹੀ ਚਲੇ ਜਾਂਦੇ ਨੇ। ਨੌਕਰਾਂ ਨੂੰ ਕਹਿਣ ਲੱਗੇ ਕਿ ਤੁਸੀਂ ਇਹ ਪਲੰਘ ਬਾਦਸ਼ਾਹ ਨੂੰ ਮੋੜ ਦਿਓ। ਕਹਿੰਦੇ, ਨਾ ਮਹਾਰਾਜ! ਬਾਦਸ਼ਾਹ ਬਹੁਤ ਡਾਹਢਾ ਹੈ, ਸਾਨੂੰ ਮਾਰ ਦਏਗਾ। ਕਹਿੰਦੇ, ਚੰਗਾ, ਸਾਨੂੰ ਦੇ ਦਿਓ ਫੇਰ, ਤੁਸੀਂ ਜਾਓ।

ਨਾਮਦੇਵ ਜੀ ਨੇ ਪਲੰਘ ਆਪਣੇ ਸੀਸ 'ਤੇ ਚੁੱਕ ਲਿਆ, ਜਮਨਾ ਦੇ ਕੰਢੇ ਆ ਕੇ, ਪਾਣੀ 'ਚ ਵੜ ਗਏ ਜਦੋਂ ਗਲ-ਗਲ ਪਾਣੀ ਆਇਆ, ਵਗਾਹ ਕੇ ਮਾਰਿਆ ਪਰ੍ਹੇ। ਉਨ੍ਹਾਂ ਨੇ ਦੇਖ ਲਿਆ ਕਿ ਪਲੰਘ ਮਾਰਿਆ। ਜਾ ਕੇ ਸਲੇਮਸ਼ਾਹ ਨੂੰ ਦੱਸ ਦਿਤਾ ਕਿ ਪਲੰਘ ਤਾਂ ਤੇਰਾ ਨਦੀ ਵਿਚ ਜਿੱਥੇ ਡੂੰਘਾ ਵਹਿਣ ਹੈ, ਉਥੇ ਸੁੱਟ ਦਿਤਾ। ਹੁਣ ਤਕ ਤਾਂ ਪਤਾ ਨਹੀਂ ਕਿੰਨੇ ਮੀਲ ਰੁੜ ਕੇ ਚਲਿਆ ਗਿਆ ਹੋਵੇ।

ਕਹਿਣ ਲੱਗਿਆ, ਬੜਾ ਮਾੜਾ ਕੰਮ ਹੋਇਆ। ਇਹ ਤਾਂ ਮੇਰਾ ਬੜੀ ਰੀਝ ਨਾਲ ਬਣਵਾਇਆ ਹੋਇਆ ਪਲੰਘ ਸੀ। ਇਹ ਨਾਮਦੇਵ ਜੀ ਨੇ ਸੁੱਟ ਦਿਤਾ। ਅਖੀਰ ਵਿਉਂਤਾਂ ਦੇਣ ਲੱਗ ਗਏ ਦੂਜੇ ਕਿ ਇਸ ਤਰ੍ਹਾਂ ਕਰੋ ਨਾਮਦੇਵ ਜੀ ਨੂੰ ਕਹੋ ਕਿ ਉਹ ਪਲੰਘ ਤਾਂ ਰਾਜਕੁਮਾਰ ਦਾ ਗਲਤੀ ਨਾਲ ਆ ਗਿਆ ਤੇ ਉਹ ਤੁਸੀਂ ਵਾਪਸ ਕਰ ਦਿਓ। ਦੂਜਾ ਪਲੰਘ ਲੈ ਲਓ ਤੇ ਤੁਸੀਂ ਆਪ ਜਾਓ। ਸਲੇਮਸ਼ਾਹ ਆਉਂਦਾ ਹੈ ਹੁਣ ਸੰਤਾਂ ਦੇ ਕੋਲ ਚੱਲ ਕੇ। ਸਾਰੇ ਹਿੰਦੁਸਤਾਨ ਦਾ ਚੱਕਰਵਰਤੀ ਬਾਦਸ਼ਾਹ, ਨਮਸ਼ਕਾਰ ਕਰਦਾ ਹੈ। ਕਹਿੰਦਾ, ਮਹਾਰਾਜ! ਰਾਜਕੁਮਾਰ ਦਾ ਪਲੰਘ ਗਲਤੀ ਨਾਲ ਆ ਗਿਆ ਤੇ ਮੈਂ ਦੂਜਾ ਪਲੰਘ ਹੁਕਮ ਦੇ ਦਿਤਾ, ਆ ਜਾਣਾ ਹੈ, ਇਹ ਪਲੰਘ ਜਿੱਥੇ ਤੁਸੀਂ ਰੱਖਿਆ ਹੈ, ਕ੍ਰਿਪਾ ਕਰਕੇ ਦੱਸੋ ਤੇ ਨੌਕਰ ਚੁੱਕ ਕੇ ਲੈ ਜਾਂਦੇ ਨੇ। ਉਹ ਇਹਦੇ ਨਾਲੋਂ ਵਧੀਆ ਹੈ ਜਿਹੜਾ ਹੁਣ ਤੁਹਾਨੂੰ ਭੇਜਣਾ ਹੈ।

ਨਾਮਦੇਵ ਜੀ ਕਹਿਣ ਲੱਗੇ ਕਿ ਉਹ ਤਾਂ ਤੁਸੀਂ ਸਾਨੂੰ ਦੇ ਦਿਤਾ ਸੀ, ਦਿਤੀ ਹੋਈ ਚੀਜ਼ ਤਾਂ ਮੋੜੀਦੀ ਨਹੀਂ ਹੁੰਦੀ। ਕਹਿੰਦਾ, ਮਹਾਰਾਜ! ਅਦਲਾ

ਬਦਲੀ ਕਰਨੀ ਹੈ, ਚੀਜ਼ ਤਾਂ ਨਹੀਂ ਮੈਂ ਮੋੜਦਾ, ਪਰ ਮੈਂ ਬਦਲ ਕੇ ਦੇਣੀ ਹੈ।

ਕਹਿੰਦੇ, ਚੰਗਾ।

ਜਮਨਾ ਨੇ ਕੰਢੇ ਖੜ੍ਹੇ ਹੋ ਗਏ -

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥*** ***ਅੰਗ - 464***

ਆਵਾਜ਼ ਮਾਰੀ ਜਮਨਾ ਨੂੰ, ਕਹਿੰਦੇ ਜਮਨਾ! ਪਲੰਘ ਵਾਪਸ ਕਰ ਦੇ। ਛੱਲ ਆਈ, ਛੱਲ ਦੇ ਵਿਚ ਓਹੋ ਜਿਹੇ ਹੀ 72 ਪਲੰਘ ਬਾਹਰ ਨਿਕਲ ਆਏ। ਕਹਿੰਦੇ, ਲੈ ਰਾਜਨ ਪਛਾਣ ਲੈ ਤੇਰੇ ਵਾਲਾ ਕਿਹੜਾ ਹੈ?

ਹੈਰਾਨ ਹੋ ਗਿਆ ਕਿ ਇੱਕੋ ਜਿਹੇ ਹੀ 72, ਮੈਂ ਤਾਂ ਇੱਕ ਪਲੰਘ ਦੇ ਕੇ ਹੀ ਸਮਝ ਗਿਆ ਕਿ ਮੈਂ ਬਹੁਤ ਵੱਡੀ ਗੱਲ ਕਰ ਦਿਤੀ, ਬਹੁਤ ਵੱਡਾ ਦਾਨ ਕਰ ਦਿਤਾ, ਭਗਤ ਜੀ ਨੂੰ ਮੈਂ ਖੁਸ਼ ਕਰ ਲਵਾਂਗਾ।

ਆਹ ਕੀ ਕੌਤਕ ਹੋ ਰਿਹਾ ਹੈ, ਇਥੇ ਤਾਂ ਪਲੰਘ ਹੀ ਪਲੰਘ ਪਏ ਨੇ। ਉਸ ਵੇਲੇ ਪਲੰਘ ਨਹੀਂ ਚੁੱਕਦਾ।

ਨਾਮਦੇਵ ਜੀ ਆਹ ਹੈ ਤੇਰਾ ਆਹ ਲੈ ਜਾ। ਆਹ ਦਸ ਹੋਰ ਲੈ ਜਾ ਨਾਲ। ਤੂੰ ਇੱਥੇ ਹੀ ਮੰਗ ਲਿਆ। ਤੇਰਾ ਦਾਨ ਦਸ ਗੁਣਾਂ ਹੁਣੇ ਹੀ ਫਲ ਗਿਆ। 72 ਗੁਣਾਂ ਦਰਗਾਹ 'ਚ ਫਲਣਾ ਸੀ। ਸਾਧੂ ਸੰਤ ਇਹਦੇ ਉਤੇ ਪੈਂਦੇ, ਨਾਮ ਜਪਦੇ ਇਹ ਹਜ਼ਾਰਾਂ ਗੁਣਾਂ ਬਣ ਜਾਣਾ ਸੀ। ਸੋ ਦਾਨ ਦਿਤਾ ਹੋਇਆ ਵਧ ਜਾਇਆ ਕਰਦਾ ਹੈ। ਮਹਾਰਾਜ ਕਹਿੰਦੇ, ਪਾਤਰ ਪਛਾਣ ਕੇ ਦਾਨ ਦੇਵੇ।

***ਖੇਤੁ ਪਛਾਣੈ ਬੀਜੈ ਦਾਨੁ ॥*** ***ਅੰਗ - 1411***

ਸੋ ਮੈਂ ਬੇਨਤੀ ਇਹ ਕਰੀ ਸੀ ਕਿ ਪ੍ਰੇਮੀਓ! ਸ਼ਰਧਾ ਦੇ ਨਾਲ ਆਪਾਂ ਏਥੇ ਆਉਂਦੇ ਹਾਂ। ਤੁਸੀਂ ਯਥਾਸ਼ਕਤ ਆਪਣੀ ਕਮਾਈ ਵਿਚੋਂ ਕੁਛ ਕੱਢਦੇ ਓਂ। ਨਿਮਰਤਾ ਦੇ ਨਾਲ ਸਤਿਸੰਗ 'ਚ ਬੈਠ ਕੇ ਸਤਿਸੰਗ ਸੁਣਿਆ ਕਰੀਏ ਤੇ ਇਹਨੂੰ ਕਮਾਇਆ ਕਰੀਏ। ਸੁਣਨਾ ਹੋਰ ਚੀਜ਼ ਹੈ, ਮੰਨਣਾ ਹੋਰ ਚੀਜ਼ ਹੈ, ਕਮਾਉਣਾ ਹੋਰ ਚੀਜ਼ ਹੈ।

ਜਦੋਂ ਅਸੀਂ ਸੁਣ ਕੇ ਮੰਨਦੇ ਹਾਂ, ਪਹਿਲਾਂ ਸੁਣਦੇ ਹਾਂ, ਫੇਰ ਮੰਨੋ। ਫੇਰ ਮੰਨ ਕੇ ਕਮਾਈ ਕਰੋ। ਕਮਾਈ ਕਰਕੇ ਜਦੋਂ ਤੁਹਾਨੂੰ ਫਲ ਮਿਲੇਗਾ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***
***ਅੰਗ - 546***

ਕਰੋੜਾਂ ਯੱਗਾਂ ਦਾ ਫਲ ਸਹਿਜ ਸੁਭਾਅ ਪ੍ਰਾਪਤ ਹੋ ਜਾਏਗਾ ਤੇ ਸਾਡਾ ਸੰਸਾਰ 'ਤੇ ਆਉਣਾ ਸਫਲ ਹੋ ਜਾਏਗਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਕਲਜੁਗ ਦੇ ਅੰਦਰ ਸਾਡੇ ਉਧਾਰ ਵਾਸਤੇ, ਇਸ ਜਲਦੇ ਜੁਗ ਦੇ ਵਿਚ ਸਾਧਨ ਲਿਆਂਦਾ ਹੈ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ- 642***

ਸੋ ਸਿੱਖੀ ਨੂੰ ਕਮਾਉਣਾ ਸ਼ੁਰੂ ਕਰੋ। ਬੋਲਣ ਵਾਲਿਆਂ ਨੂੰ ਬੋਲਦਿਆਂ ਨੂੰ ਬੜੀ ਦੇਰ ਹੋ ਗਈ। ਸੁਣਨ ਵਾਲਿਆਂ ਨੂੰ ਸੁਣਦਿਆਂ ਨੂੰ ਹੋ ਗਈ। ਕੁਛ ਅਸੀਂ ਮੰਨਿਆ ਹੈ, ਕੁਛ ਨਹੀਂ ਮੰਨਿਆ। ਮੰਨੋ ਪਹਿਲਾਂ ਪੂਰੀ ਤਰ੍ਹਾਂ ਨਾਲ। ਮੰਨ ਕੇ ਫੇਰ ਇਹਦੀ ਕਮਾਈ ਕਰੋ।

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ***
***ਅੰਮ੍ਰਿਤ ਸਰਿ ਨਾਵੈ ॥*** ***ਅੰਗ - 305***

ਸੰਗਤ ਨੂੰ ਰਾਮ ਦੇ ਦਾਸ ਜਿੱਥੇ ਬੈਠੇ ਹੋਣ, ਉਹ ਰਾਮਦਾਸ ਸਰੋਵਰ ਹੋਇਆ ਕਰਦਾ ਹੈ, ਉਹਦੇ 'ਚ ਇਸ਼ਨਾਨ ਕਰਨ ਵਾਲੇ ਨੂੰ -

***ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥***
***ਅੰਗ - 624***

ਸਾਰੇ ਪਾਪ ਲਹਿ ਜਾਂਦੇ ਨੇ। ਬਾਲਮੀਕ ਨੇ ਸੰਤਾਂ ਦੀ ਸੰਗਤ ਕੀਤੀ।

***ਬਾਲਮੀਕੈ ਹੋਆ ਸਾਧਸੰਗੁ ॥*** ***ਅੰਗ - 1192***

ਸਾਧੂ ਸੰਗਤ ਨਾਲ ਕੀ ਹੋਇਆ ਕਿ -

***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ਅੰਗ - 809***

ਕਿੱਡੀ ਵੱਡੀ ਪਦਵੀ ਨੂੰ ਪ੍ਰਾਪਤ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਸ਼ਰਧਾ ਭਾਵਨਾ ਦੇ ਨਾਲ ਆਉਂਦੇ ਓਂ। ਬਾਣੀ ਸੁਣਦੇ ਓਂ, ਬਾਣੀ ਸੁਣ ਕੇ ਮੰਨਣਾ, ਅਗਲੀ ਸਟੇਜ ਹੈ, ਮੰਨੋ। ਬਹੁਤ ਸੰਗਤ ਮੰਨਦੀ ਹੈ। ਅੰਮ੍ਰਿਤ ਵੇਲੇ ਜਦੋਂ ਮੈਂ ਜਾਂਦਾ ਹਾਂ, ਸਾਰਿਆਂ ਨਾਲੋਂ ਪਿੱਛੋਂ ਮੇਰੀ ਹਾਜ਼ਰੀ ਹੁੰਦੀ ਹੈ। ਜਦੋਂ ਮੈਂ ਦੋਵੇਂ ਆਸਾ ਦੀ ਵਾਰਾਂ 'ਤੇ ਜਾਂਦਾ ਹਾਂ, ਦੋਨੋਂ ਜਗ੍ਹਾ ਸੰਗਤ ਹੁੰਦੀ ਹੈ। ਅੰਮ੍ਰਿਤ ਵੇਲੇ, ਧੁੰਦਾਂ ਵਿਚ ਪਹੁੰਚ ਜਾਂਦੇ ਨੇ। ਇਹ ਸਿੱਖੀ ਦੀ ਕਮਾਈ ਹੋ ਰਹੀ ਹੈ। ਕਮਾਈ ਕਰੋ -

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*** ***ਅੰਗ - 305***

ਗੁਰੂ ਦੀ ਬਾਣੀ ਵਿਚ ਨਾਮ ਦਾ ਇਸ਼ਨਾਨ ਕਰੋ -

***ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ***
***ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*** ***ਅੰਗ - 305***

ਸਾਰੇ ਪਾਪ, ਹੱਤਿਆ, ਹੱਤਤਾਈ ਦਾ ਪਾਪ ਵੀ ਲਹਿ ਜਾਂਦਾ ਹੈ -

***ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ***

*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥* *ਅੰਗ - 306*

ਸੋ ਸਿੱਖ ਗੁਰੂ ਦੇ ਮਨ ਵਿਚ ਭਾਅ ਜਾਇਆ ਕਰਦਾ ਹੈ। ਸਾਸ-ਗਿਰਾਸ ਕਿਵੇਂ ਧਿਆਈਏ, ਇਹਦੀ ਜੁਗਤੀ ਹੁੰਦੀ ਹੈ। ਧਿਆਨ ਪਹਿਲਾਂ ਆਉਣਾ ਹੈ, ਉਪਾਸ਼ਨਾ ਕਾਂਡ 'ਚ ਜਾ ਕੇ, ਸਵਾਸ-ਸਵਾਸ ਨਾਮ ਜਪਣ ਦੀ ਜਾਚ ਆਉਂਦੀ ਹੈ। ਜਦੋਂ ਉਪਾਸ਼ਨਾ ਕਾਂਡ 'ਚ ਜਾਵਾਂਗੇ, ਪਹਿਲੀ ਤ੍ਰਿਕੁਟੀ ਟੁੱਟਦੀ ਹੈ - ਧਿਆਤਾ, ਧਿਆਨ, ਧੇਅ ਦੀ। ਫੇਰ ਉਸ ਤੋਂ ਬਾਅਦ ਇੱਕ ਤ੍ਰਿਕੁਟੀ ਹੁੰਦੀ ਹੈ ਨਿਰਗੁਣ ਦੀ। ਉਹ ਜਦੋਂ ਟੁੱਟ ਜਾਂਦੀ ਹੈ ਉਹ ਪਰੀਪੂਰਨ ਜੋਤ ਦੇ ਉਤੇ ਨਿਹਚਾ ਆ ਜਾਂਦਾ ਹੈ ਤੇ ਹਰ ਵਕਤ ਖੁੱਲ੍ਹੀਆਂ ਅੱਖਾਂ ਦੇ ਨਾਲ ਹਰ ਪਾਸੇ ਉਹਦਾ ਦੀਦਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਉਹਦੇ ਉਤੇ ਵਿਸ਼ਵਾਸ਼ ਆ ਜਾਵੇ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਗ - 677*

ਜਦੋਂ ਉਹ ਸਾਡੇ ਨਾਲ ਰਹਿੰਦਾ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥* *ਅੰਗ - 294*

ਸਾਰਿਆਂ ਥਾਵਾਂ 'ਤੇ ਅੱਗ ਦੇ ਵਿਚ ਵੀ, ਹਵਾ ਦੇ ਵਿਚ ਵੀ, ਪਉਣ ਦੇ ਵਿਚ ਵੀ, ਪਾਣੀ ਦੇ ਵਿਚ ਵੀ, ਹਰ ਥਾਂ ਦੇ ਉਤੇ ਹੈ -

*ਚਾਰਿ ਕੁੰਟ ਦਹ ਦਿਸੇ ਸਮਾਹਿ ॥* *ਅੰਗ - 294*

ਚਾਰੇ ਦਿਸ਼ਾਵਾਂ ਦੇ ਵਿਚ ਹੈ। ਐਨਾ ਵਿਸਵਾਸ਼ ਹੀ ਕਰਨਾ ਹੈ, ਵਿਸਵਾਸ਼ ਕਰੋ ਇਸ ਚੀਜ਼ ਦੇ ਉਤੇ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਇਹਨੂੰ ਸੁੰਨ ਨਾ ਸਮਝਿਓ। ਗਲਤੀ ਖਾਵਾਂਗੇ। ਕਈਆਂ ਨੇ ਸੁੰਨ

ਸਮਝ ਲਿਆ, ਸੁੰਨ ਸਮਝਣ ਨਾਲ ਵਿਕਾਰੀ ਹੋ ਜਾਂਦੇ ਨੇ। ਉਹ ਜੀਵਨ ਹੈ, ਪਰਮ ਜੀਵਨ ਹੈ, ਪਰਮ ਜਿੰਦ ਹੈ, ਵੱਡੀ ਜਿੰਦ, ਸਾਡੀ ਜਿੰਦ ਛੋਟੀ ਉਹਦੀ ਪਰਮ। ਸਾਡੀ ਆਤਮਾ ਛੋਟੀ, ਉਹਦੀ ਪਰਮਆਤਮਾ। ਹਾਂ, ਅਸੀਂ ਇੱਕੋ ਹੀ। ਸੂਰਜ ਦੀਆਂ ਕਿਰਨਾਂ ਵਾਂਗਣ ਨਾਲ ਜੁੜੇ ਹੋਏ ਹਾਂ। ਉਹਨੂੰ ਤੁਸੀਂ ਹਰ ਥਾਂ ਦੇ ਉਤੇ ਦੇਖੋ। ਜਦੋਂ ਦੇਖੋਗੇ, ਉਸ ਵੇਲੇ ਸਾਸ-ਗਿਰਾਸ ਨਾਮ ਦੀ ਅਵਸਥਾ ਆ ਜਾਏਗੀ। ਫੇਰ ਨਹੀਂ ਭੁੱਲਦਾ। ਉਹ ਜਦੋਂ ਸਿੱਖ ਏਥੇ ਪਹੁੰਚੇਗਾ, ਅਭੇਦ ਅਵਸਥਾ ਦਾ ਸਿੱਖ ਹੋ ਜਾਂਦਾ ਹੈ ਤੇ ਉਹ ਗੁਰੂ ਦੇ ਮਨ ਭਾਅ ਜਾਂਦਾ ਹੈ -

***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ - 305***

ਉਹਨੂੰ ਬ੍ਰਹਮ ਤੇ ਜੀਵ ਦੀ ਏਕਤਾ ਦਾ ਉਪਦੇਸ਼ ਗੁਰੂ ਦਸ ਕੇ, ਜੀਵ ਨੂੰ ਚੁੱਕ ਕੇ ਬ੍ਰਹਮ ਦੇ ਨਾਲ ਅਭੇਦ ਕਰ ਦਿੰਦਾ ਹੈ। ਉਹਦਾ ਰੂਪ ਹੀ ਬਣਾ ਦਿੰਦਾ ਹੈ। ਇਸ ਤਰ੍ਹਾਂ ਸਮਝ ਲਓ, ਚੁਬੱਚੇ ਦੇ ਪਾਣੀ ਨੂੰ ਚੁੱਕ ਕੇ ਨਦੀ ਦੇ ਵਿਚ ਸੁੱਟ ਦਿੰਦਾ ਹੈ। ਨਦੀ ਹੀ ਬਣ ਗਈ ਫੇਰ -

***ਜਿਉ ਜਲ ਮਹਿ ਜਲੁ ਆਇ ਖਟਾਨਾ ॥***
***ਤਿਉ ਜੋਤੀ ਸੰਗਿ ਜੋਤਿ ਸਮਾਨਾ ॥***
***ਮਿਟਿ ਗਏ ਗਵਨ ਪਾਏ ਬਿਸ੍ਰਾਮ ॥***
***ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - 278***

ਸੋ ਇਹ ਅਵਸਥਾ ਮਹਾਰਾਜ ਕਹਿੰਦੇ ਜਦੋਂ ਆ ਜਾਂਦੀ ਹੈ, ਫੇਰ ਗੁਰਸਿੱਖ ਦੀ ਪਦਵੀ ਆ ਜਾਂਦੀ ਹੈ ਬਹੁਤ ਉੱਚੀ। ਗੁਰੂ ਸਾਹਿਬ ਕਹਿੰਦੇ, ਫੇਰ ਉਹ ਸਿੱਖ ਕ੍ਰਿਆਸ਼ੀਲ ਹੁੰਦਾ ਹੈ। ਟਿਕ ਕੇ ਗੋਸ਼ਾਨਸ਼ੀਨੀ 'ਚ ਨਹੀਂ ਬਹਿੰਦਾ ਕਿ ਮੈਂ ਤਾਂ ਘਰ ਬੈਠਾ ਹਾਂ, ਮੈਨੂੰ ਕੋਈ ਨਾ ਮਿਲੇ। ਫੇਰ ਉਸ ਸਿੱਖ ਦੀ ਡਿਊਟੀ ਹੁੰਦੀ ਹੈ ਕਿ ਆਪ ਨਾਮ ਜਪਣਾ ਤੇ ਸੰਸਾਰ ਨੂੰ ਜਪਾਉਣਾ। ਉਹਦਾ ਸਤਿਕਾਰ, ਉਹਦੀ ਇੱਜ਼ਤ ਕਿੰਨੀ ਹੁੰਦੀ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਹੁਣ ਦੇਖੋ, ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ, ਅਸੀਂ ਧੂੜ ਮੰਗਦੇ ਹਾਂ ਉਸ ਸਿੱਖ ਦੀ।

ਅਸੀਂ ਤਾਂ ਫਤਹਿ ਨਹੀਂ ਬੁਲਾ ਕੇ ਰਾਜ਼ੀ ਕਿਸੇ ਗੁਰਸਿੱਖ ਨੂੰ। ਸੋ ਇਸ ਕਰਕੇ ਸਾਧਸੰਗਤ ਜੀ ਬਾਣੀ ਨੂੰ ਸੁਣੋ, ਸੁਣ ਕੇ ਮੰਨੋ, ਮੰਨ ਕੇ ਕਮਾਓ। ਕਮਾਉਣ ਤੋਂ ਬਾਅਦ ਸਾਨੂੰ ਫਲ ਪ੍ਰਾਪਤ ਹੋ ਜਾਏਗਾ। ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 2

# ਨਾਨਕ ਰਾਹੁ ਪਛਾਣਹਿ ਸੇਇ

## (ਸਾਖੀ ਭਾਈ ਭੂਮੀਆਂ)

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਲਾਡ ਲਡਾਇਆ ਤੇਰੇ ਭਰੋਸੇ ਮੈਂ।*
*ਤੇਰੈ ਭਰੋਸੈ ਪਿਆਰੇ ਮੈ ਲਾਡ ਲਡਾਇਆ ॥*

*ਭੂਲਹਿ ਚੂਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥*
*ਸੁਹੇਲਾ ਕਹਨੁ ਕਹਾਵਨੁ ॥ ਤੇਰਾ ਬਿਖਮੁ ਭਾਵਨੁ ॥*
*ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥*
*ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥ 2 ॥*
*ਪਿਤਾ ਹਉ ਜਾਨਉ ਨਾਹੀ ਤੇਰੀ ਕਵਨ ਜੁਗਤਾ ॥*
*ਬੰਧਨ ਮੁਕਤੁ ਸੰਤਹੁ ਮੇਰੀ ਰਾਖੈ ਮਮਤਾ ॥ 3 ॥*
*ਭਏ ਕਿਰਪਾਲ ਠਾਕੁਰ ਰਹਿਓ ਆਵਣ ਜਾਣਾ ॥*
*ਗੁਰ ਮਿਲਿ ਨਾਨਕ ਪਾਰਬ੍ਰਹਮੁ ਪਛਾਣਾ ॥ ਅੰਗ - 52*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਹਫਤਾਵਾਰੀ ਸਤਿਸੰਗ ਦੇ ਵਿਚ ਸਾਰੇ ਗੁਰੂ ਮਹਾਰਾਜ ਦੀ ਹਜ਼ੂਰੀ 'ਚ ਸਸ਼ੋਭਤ ਹੋਂ। ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਸੰਗਤ ਆਉਂਦੀ ਹੈ ਤੇ ਆ ਕੇ ਇੱਕ ਬੇਨਤੀ ਕਰਦੀ ਹੈ ਕਿ ਪਾਤਸ਼ਾਹ! ਕਲਜੁਗ ਦਾ ਸਮਾਂ ਜੋ ਚਲ ਰਿਹਾ ਹੈ ਸੰਸਾਰ ਵਿਚ ਇਹ ਬਹੁਤ ਹੀ ਭਿਆਨਕ ਹੈ ਤੇ ਕਲਜੁਗ ਇਹ ਕਹਿੰਦਾ ਹੈ ਕਿ ਜੇ ਕੋਈ ਤਪ ਕਰਦਾ ਹੈ, ਮੈਂ ਉਹਦਾ ਤਪ ਨਹੀਂ ਹੋਣ ਦੇਣਾ, ਜਪ ਕਰਦਾ ਹੈ, ਜਪ ਨਹੀਂ ਹੋਣ ਦੇਣਾ, ਨਾਮ ਜਪਦਾ ਹੈ, ਉਹਦੀ ਮੈਂ ਬਦਨਾਮੀ ਕਰਾਵਾਂਗਾ -

*ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥*
*ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥*

**ਅੰਗ - 902**

ਪਾਤਸ਼ਾਹ! ਏਸ ਅਗਨ ਦੇ ਰਥ ਵਿਚ -

*ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥*

**ਅੰਗ - 470**

ਜਿੱਥੇ ਸਾਰਾ ਕੁਛ ਹੀ ਝੂਠ ਵਿਚ ਚਲ ਰਿਹਾ ਹੈ, ਰਾਜਾ ਵੀ ਝੂਠਾ, ਪਰਜਾ ਵੀ ਝੂਠੀ, ਸੱਚ ਛੁਪ ਗਿਆ ਤੇ ਗੁਰੂ ਨਾਨਕ ਪਾਤਸ਼ਾਹ ਨੂੰ ਸਾਰਾ ਕੁਛ ਦੇਖਣ ਤੋਂ ਬਾਅਦ ਇੱਕ ਬਚਨ ਕਹਿਣਾ ਪਿਆ। ਉਹ ਉਨ੍ਹਾਂ ਦੀ ਪਰਖ ਸੀ ਕਿ ਸੱਚ ਜਿਹੜਾ ਹੈ -

*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥*

**ਅੰਗ - 145**

ਕਹਿੰਦੇ, ਕੂੜ ਦੀ ਮੱਸਿਆ ਪੈ ਗਈ। ਝੂਠ ਐਨਾ ਛਾ ਗਿਆ ਕਿ ਇੱਕ ਮੱਸਿਆ ਦਾ ਰੂਪ ਧਾਰਨ ਕਰ ਲਿਆ। ਸੱਚ ਟੋਲਿਆ ਹੋਇਆ ਵੀ ਨਹੀਂ ਲੱਭਦਾ। ਪਤਾ ਹੀ ਨਹੀਂ ਲਗਦਾ ਕਿ ਸੱਚ ਕਿੱਥੇ ਹੈ ਤੇ ਸੱਚ ਦਾ ਜਿਹੜਾ ਚੰਦਰਮਾ ਸੀ ਉਹ ਨਜ਼ਰ ਆਉਣ ਤੋਂ ਹੀ ਹਟ ਗਿਆ ਤੇ ਜਿਹੜਾ ਧਰਮ ਦਾ ਜੀਵਨ ਸੀ, ਉਹ ਖੰਭ ਲਾ ਕੇ ਉੱਡ ਗਿਆ, ਕਿਤੇ ਪਤਾ ਹੀ ਨਹੀਂ ਲਗਦਾ, ਨੇੜੇ ਤੇੜੇ ਉਸਦਾ ਕਿ ਕਿੱਥੇ ਕੁ ਚਲਿਆ ਗਿਆ।

ਸੋ ਇਹ ਜੁਗ ਹੈ, ਜਿਸਨੂੰ ਕਲਜੁਗ ਦਾ ਜੁਗ ਕਹਿੰਦੇ ਨੇ। ਜਿਸਦੇ ਅੰਦਰ ਨਾ ਤਪ ਸਿਰੇ ਚੜ੍ਹਦਾ ਹੈ, ਨਾ ਜਪ ਚੜ੍ਹਦਾ ਹੈ। ਨਾਮ ਜਪਣ ਵਾਲੇ ਦੀ ਬਦਨਾਮੀ ਹੁੰਦੀ ਹੈ, ਵਿਘਨ ਪੈਂਦੇ ਨੇ, ਰੁਕਾਵਟਾਂ ਪੈਂਦੀਆਂ ਨੇ। ਫੇਰ ਪਾਤਸ਼ਾਹ! ਜੀਵ ਦਾ ਉਧਾਰ ਕਿਸ ਤਰ੍ਹਾਂ ਹੋ ਸਕਦਾ ਹੈ? ਆਪ ਦੇ ਅਸੀਂ ਸਤਿਸੰਗ ਸੁਣਦੇ ਹਾਂ, ਬਚਨ ਆਪ ਦੇ ਲਿਖ ਕੇ ਲੈ ਜਾਂਦੇ ਹਾਂ, ਦੂਰ-ਦੁਰਾਡੇ ਦੇਸਾਂ ਦੇ ਅੰਦਰ। ਕਰਮ ਧਰਮ ਵੀ ਕਰਦੇ ਹਾਂ, ਤੀਰਥਾਂ ਦੇ ਵਿਚ ਅਸੀਂ ਨਹਾਉਂਦੇ ਹਾਂ। ਵੇਦ, ਸ਼ਾਸਤਰ, ਕੁਰਾਨ ਵਗੈਰਾ, ਸਾਰੇ ਧਾਰਮਿਕ ਗ੍ਰੰਥ ਉਨ੍ਹਾਂ ਦੀ ਵੀ ਵਿਚਾਰ ਕਰਦੇ ਹਾਂ। ਪਾਤਸ਼ਾਹ! ਜੀਵ ਦਾ ਉਧਾਰ ਕਿਵੇਂ ਹੋਵੇ, ਇਸ ਜੁਗ ਦੇ ਅੰਦਰ। ਜਦੋਂ ਚਾਰੇ ਪਾਸੇ ਕੂੜ ਦੀ ਮੱਸਿਆ ਛਾਈ ਹੋਵੇ। ਉਸ ਵੇਲੇ ਗੁਰੂ ਪੰਜਵੇਂ ਪਾਤਸ਼ਾਹ ਕਹਿਣ ਲੱਗੇ ਪ੍ਰੇਮੀਓ! ਇਹ ਕਰਮ ਧਰਮ ਨਹੀਂ ਚੱਲਿਆ ਕਰਦੇ, ਕਿਉਂਕਿ ਸਮਾਂ ਹੋਰ ਆ ਗਿਆ ਤੇ ਕਰਮ ਜਿਹੜੇ ਕੀਤੇ ਜਾਂਦੇ ਨੇ, ਉਨ੍ਹਾਂ ਦਾ ਫਲ ਵੀ ਬਹੁਤਾ ਨਹੀਂ ਹੁੰਦਾ ਤੇ ਉਹਨੂੰ ਦਰਗਾਹ ਦੇ ਵਿਚ ਜਮਦੂਤ ਲੁੱਟ ਲੈਂਦੇ ਨੇ। ਜਦੋਂ ਜਮਾਂ ਦੇ ਮਾਰਗ 'ਤੇ ਚਲਦਾ ਹੈ, ਜਦੋਂ ਬਿਖੜੇ ਰਸਤੇ ਆਉਂਦੇ ਨੇ -

*ਜਿਹ ਪੈਡੈ ਮਹਾ ਅੰਧ ਗੁਬਾਰਾ ॥* **ਅੰਗ - 264**

ਜੀਵ ਤੜਫਦਾ ਹੈ ਕਿ ਮੈਨੂੰ ਰੋਸ਼ਨੀ ਦਿਖਾਓ। ਕਹਿੰਦੇ ਕੋਈ ਪੁੰਨ ਕਰਿਆ ਹੈ, ਕੋਈ ਕਰਮ ਕਰਿਆ ਹੈ। ਯਾਦ ਕਰਦਾ ਹੈ ਕਿ ਮੈਂ ਫਲਾਣਾ ਨੇਕ ਕਰਮ ਕਰਿਆ ਹੈ, ਉਹਦੇ ਬਦਲੇ ਉਹਨੂੰ ਰੋਸ਼ਨੀ ਦਿਤੀ ਜਾਂਦੀ ਹੈ।

ਜਿੱਥੇ ਬਹੁਤ ਗਰਮੀ ਪੈਂਦੀ ਹੈ-

***ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਅੰਗ - 264***

ਉਥੇ ਵੀ ਲੰਘਣ ਵਾਸਤੇ, ਛਾਉਂ ਕਰਨ ਵਾਸਤੇ ਕਰਮਾਂ-ਧਰਮਾਂ ਦਾ ਬਦਲਾ ਦੇਣਾ ਪੈਂਦਾ ਹੈ। ਜਿੱਥੇ ਹੱਦ ਤੋਂ ਜ਼ਿਆਦਾ ਪਿਆਸ ਲਗਦੀ ਹੈ, ਉਥੇ ਵੀ ਪਾਣੀ ਲੈਣ ਵਾਸਤੇ ਕਰਮ-ਧਰਮ ਦੇਣੇ ਪੈਂਦੇ ਨੇ। ਬੈ-ਤਰਨੀ ਨਦੀ ਲੰਘਣ ਵਾਸਤੇ ਵੀ ਕਰਮ-ਧਰਮਾਂ ਦਾ ਪੈਸਾ ਦੇਣਾ ਪੈਂਦਾ ਹੈ। ਇਹ ਦਰਗਾਹ ਤੱਕ ਪਹੁੰਚਦੇ-ਪਹੁੰਚਦੇ ਸਾਰਾ ਹੀ ਲੁੱਟਿਆ ਜਾਂਦਾ ਹੈ, ਇਹਦੇ ਪੱਲੇ ਕੁਛ ਨਹੀਂ ਰਹਿੰਦਾ। ਕਹਿੰਦੇ, ਇਹ ਤਾਂ ਲੰਘਾਉਂਦੇ ਨਹੀਂ ਹਨ -

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ॥ ਅੰਗ - 747***

ਵਾਹਿਗੁਰੂ ਦਾ ਕੀਰਤਨ ਗਾਓ, ਹਰੀ ਦਾ ਜਸ ਕਰੋ। ਦਿਲ ਤੋਂ ਕਰਨਾ ਸ਼ੁਰੂ ਕਰੋ, ਕਿਸੇ ਤੋਂ ਕੁਛ ਆਸ ਨਾ ਰੱਖੋ, ਕੋਈ ਪੈਸਾ ਨਾ ਲਓ, ਕੋਈ ਉਪਮਾ ਵਾਸਤੇ ਨਾ ਕਰੋ। ਕੇਵਲ ਆਪਣੇ ਜੀਵ ਦੇ ਉਧਾਰ ਵਾਸਤੇ, ਵਾਹਿਗੁਰੂ ਦੇ ਵਲ ਜਦੋਂ ਤੁਸੀਂ ਬਿਰਤੀ ਜੋੜ ਕੇ ਜਦੋਂ ਤੁਸੀਂ ਕੀਰਤਨ ਕਰੋਂਗੇ ਤਾਂ ਇੱਕ ਨਿਮਖ ਦਾ ਹੀ ਐਨਾ ਫਲ ਹੋਏਗਾ ਕਿ ਜਮਦੂਤਾਂ ਤੋਂ ਛੁਟ ਜਾਏਗਾ -

***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ॥ ਅੰਗ - 747***

ਬਾਕੀ ਜਿਹੜੇ ਤੀਰਥ ਨੇ, ਤੀਰਥ ਤਾਂ ਭ੍ਰਿਸ਼ਟ ਹੋ ਗਏ, ਗੁਰੂ ਸਾਹਿਬ ਵੇਲੇ ਤਾਂ ਹੋਏ ਹੀ ਨਹੀਂ ਸੀਗੇ। ਜਦ ਤਾਂ ਕੇਵਲ ਮਨੁੱਖਾਂ ਦੀ ਮਨ ਦੀ ਮੈਲ, ਪਾਪਾਂ ਦੀ ਮੈਲ ਇਨ੍ਹਾਂ 'ਚ ਪੈਂਦੀ ਸੀ, ਪਾਣੀ ਨਹੀਂ ਸੀ ਗੰਧਲਾ ਹੁੰਦਾ, ਪਾਣੀ ਬੜਾ ਨਿਰਮਲ ਰਹਿੰਦਾ ਹੈ। ਬੋਤਲਾਂ 'ਚ ਭਰ ਕੇ ਲੈ ਆਉਂਦੇ ਸੀ। ਤੀਰਥਾਂ ਦਾ ਪਾਣੀ ਸੀ, ਕੋਈ ਵਿਘਨ ਆ ਗਿਆ, ਕੋਈ ਬਿਮਾਰ ਹੋ ਗਿਆ, ਤਾਂ ਉਸ ਜਲ ਨੂੰ ਵਰਤਿਆ ਕਰਦੇ ਸੀ। ਪਵਿੱਤਰ ਜਲ ਉਸਨੂੰ ਕਹਿੰਦੇ ਸੀ। ਪਰ ਉਹ ਅਨੁਭਵੀ ਮਹਾਂਪੁਰਸ਼ ਜਾਣਦੇ ਸੀ ਕਿ ਇਹਦੇ ਵਿਚ ਤਾਂ ਬੇਅੰਤ ਮੈਲ ਪੈ ਗਈ ਲੋਕਾਂ ਦੇ ਮਨਾਂ ਦੀ ਤੇ ਇਹ ਤੀਰਥ ਬੇਵਸ ਹੋਏ ਤੁਰੇ ਫਿਰਦੇ ਨੇ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ***
***ਉਦਮੁ ਧੂਰਿ ਸਾਧੂ ਕੀ ਤਾਈ ॥ ਅੰਗ - 1263***

ਕਿਉਂ? ਕਹਿੰਦੇ -

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ - 1263***

ਮੈਲ ਹੀ ਮੈਲ ਭਰੀ ਪਈ ਹੈ, ਸਾਡੀ ਮੈਲ ਤਾਂ ਸਾਧੂਆਂ ਦੀ ਧੂੜੀ ਨੇ ਗਵਾਉਣੀ ਹੈ। ਸੋ ਭਾਵੇਂ ਜਲ ਨਿਰਮਲ, ਪਾਣੀ ਉਹੋ ਜਿਹਾ ਹੀ ਕੰਗੂ ਵਰਗਾ ਪਿਆ ਹੈ ਪਰ ਜਿਹੜੀ ਪਾਣੀ ਦੇ ਵਿਚ ਸੱਤਿਆ ਸੀ, ਨਾ ਤਾਂ

ਸਾਨੂੰ ਉਹ ਦੀਂਹਦੀ ਸੀ, ਨਾ ਜਿਹੜੀ ਇਹਦੇ ਵਿਚ ਮਨੁੱਖੀ ਮਨ ਦੀ ਮੈਲ ਪਈ ਹੈ, ਉਹ ਨਜ਼ਰ ਆਉਂਦੀ ਹੈ। ਇਹ ਇਨ੍ਹਾਂ ਦੇਵਤਿਆਂ ਦੇ ਅਭਿਮਾਨੀ ਦੇਵਤਿਆਂ ਨੂੰ ਪਤਾ ਹੈ ਕਿ ਅਸੀਂ ਬਹੁਤ ਦੁਖੀ ਹੋ ਗਏ, ਪਾਪ ਛੱਡ ਗਏ ਇਥੇ ਆ ਕੇ ਪਾਪੀ ਬੰਦੇ। ਲੇਕਿਨ ਅੱਜ ਦੇ ਜ਼ਮਾਨੇ 'ਚ ਚਾਰ ਸੌ ਸਾਲ ਤੋਂ ਬਾਅਦ ਗੱਲ ਬਿਲਕੁਲ ਹੋਰ ਤਰ੍ਹਾਂ ਹੋ ਗਈ, ਜਿੰਨੇ ਸ਼ਹਿਰ ਤੀਰਥਾਂ ਦੇ ਕਿਨਾਰੇ ਆਉਂਦੇ ਨੇ, ਉਹ ਸਾਰੇ ਸ਼ਹਿਰਾਂ ਦੀ ਸੀਵਰੇਜ ਪਾਣੀ, ਗੰਦਗੀ ਦਾ ਪਾਣੀ ਜਿਹੜਾ ਹੈ ਉਹ ਸਾਰਾ ਉਨ੍ਹਾਂ ਦਰਿਆਵਾਂ 'ਚ ਪੈਂਦਾ ਹੈ।

ਮਹਾਰਾਜ ਨੇ ਵੀ ਇਹ ਕਹਿ ਦਿਤਾ ਕਿ ਗੰਗਾ, ਜਮੁਨਾ, ਸੁਰਸਤੀ ਦਾ ਜਿਹੜਾ ਸੰਗਮ ਹੈ, ਉਥੇ ਐਨੇ ਕਿਰਮ ਪੈਦਾ ਹੋ ਚੁੱਕੇ ਨੇ ਕਿ ਕਿਸੇ ਸਮੇਂ ਉਥੇ ਬਿਮਾਰੀ ਹੀ ਬਿਮਾਰੀ ਫੈਲ ਸਕਦੀ ਹੈ। ਉਸ ਵੇਲੇ ਦੀ ਗੱਲ ਕਰਦੇ ਨੇ ਮਹਾਰਾਜ –

***ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥***
***ਅੰਗ – 747***

ਇਹ ਤਿੰਨਾਂ ਜੁਗਾਂ ਵਿਚ, ਇਹ ਤੀਰਥਾਂ ਦੀ ਪਵਿੱਤਰਤਾ ਸੀ, ਸਤਿਜੁਗ ਦੇ ਅੰਦਰ, ਤ੍ਰੇਤੇ ਦੇ ਅੰਦਰ, ਦੁਆਪਰ ਦੇ ਅੰਦਰ। ਕਲਜੁਗ ਦੇ ਅੰਦਰ ਤਾਂ ਮੈਲ ਦੇ ਨਾਲ ਭਰ ਗਏ ਨੇ। ਸੋ –

***ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥***
***ਅੰਗ – 747***

ਜਿਹੜਾ ਸੰਤਾਂ ਦੀ ਸੰਗਤ 'ਚ ਆ ਕੇ, ਸਾਧੂ ਦੀ ਸੰਗਤ 'ਚ ਆ ਕੇ, ਸਤਿਸੰਗ ਦੇ ਵਿਚ ਆ ਕੇ ਪ੍ਰਮੇਸ਼ਰ ਦਾ ਭਜਨ ਕਰਦਾ ਹੈ ਤੇ ਆਪਣਾ ਚਿੱਤ ਪ੍ਰਮੇਸ਼ਰ ਵਲ ਲਾਉਂਦਾ ਹੈ, ਕਹਿੰਦੇ ਫੇਰ ਉਹਦਾ ਮਨ ਨਿਰਮਲ ਹੋ ਜਾਂਦਾ ਹੈ। ਅਸਲੀ ਇਸ਼ਨਾਨ ਇਹੀ ਰਹਿ ਗਿਆ ਦੂਸਰਾ ਰਏਜਏਚਟ (ਰੱਦ) ਹੋ ਗਿਆ। ਬਾਕੀ ਜਿਹੜੀ ਪੜ੍ਹਾਈ ਹੈ –

***ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ***
***ਇਨ੍ ਪੜਿਆ ਮੁਕਤਿ ਨ ਹੋਈ ॥*** ***ਅੰਗ – 747***

ਪੜ੍ਹਨ ਦੇ ਨਾਲ ਤਾਂ ਪਤਾ ਹੀ ਨਹੀਂ ਲਗਦਾ, ਸਗੋਂ ਆਦਮੀ ਉਲਝਦਾ ਹੈ। ਜਿੰਨਾਂ ਜ਼ਿਆਦਾ ਪੜ੍ਹੇਗਾ ਓਨਾਂ ਜ਼ਿਆਦਾ ਉਲਝੇਗਾ। ਜਿੰਨਾਂ ਬਹੁਤ ਪੜ੍ਹੇਗਾ ਓਨਾਂ ਸ਼ੰਕਿਆਂ ਨਾਲ ਜ਼ਿਆਦਾ ਮਨ ਭਰ ਜਾਏਗਾ। ਇਕ ਨਿਹਚੇ ਦੇ ਉਤੇ ਟਿਕ ਨਹੀਂ ਸਕਦਾ ਕਿ ਫਲਾਣੇ ਨੇ ਇਹ ਲਿਖਿਆ, ਫਲਾਣੇ ਵਿਦਵਾਨ ਨੇ ਇਸ ਤਰ੍ਹਾਂ ਲਿਖਿਆ ਹੈ, ਕਿਹੜੇ ਨਿਹਚੇ 'ਤੇ ਟਿਕੀਏ? ਵੇਦ ਦੇ ਵਿਚ ਇਸ ਤਰ੍ਹਾਂ ਲਿਖਿਆ ਹੈ ਪ੍ਰਮੇਸ਼ਰ ਨੂੰ, ਸ਼ਾਂਖ ਸ਼ਾਸਤਰ ਵਾਲਿਆ ਨੇ ਇਸ ਤਰ੍ਹਾਂ ਲਿਖਿਆ, ਵੇਦਾਂਤ ਵਾਲਿਆਂ ਨੇ ਆਹ ਲਿਖਿਆ ਹੈ, ਪਾਤੰਜਲ ਨੇ ਇਸ ਤਰ੍ਹਾਂ, ਨਿਆਏ ਸ਼ਾਸਤਰ ਨੇ ਇਸ ਤਰ੍ਹਾਂ ਲਿਖਿਆ ਹੈ, ਪੂਰਬ ਮੀਮਾਂਸਾ ਨੇ ਇਸ ਤਰ੍ਹਾਂ, ਵਿਸ਼ੇਸ਼ਕ ਨੇ ਇਸ ਤਰ੍ਹਾਂ ਲਿਖਿਆ ਹੈ। ਇੱਕ ਰਾਏ ਨਹੀਂ ਕਾਇਮ ਕਰ ਸਕਦਾ, ਆਦਮੀ ਉਲਝੇ ਹੋਏ ਦਿਮਾਗ ਦਾ ਹੋ ਜਾਂਦਾ ਹੈ। ਮਹਾਰਾਜ ਕਹਿੰਦੇ, ਇਹਦੇ ਨਾਲ –

***ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ***
***ਇਨ੍ ਪੜਿਆ ਮੁਕਤਿ ਨ ਹੋਈ ॥***
***ਏਕੁ ਅਖਰੁ ਜੋ ਗੁਰਮੁਖਿ ਜਾਪੈ***
***ਤਿਸ ਕੀ ਨਿਰਮਲ ਸੋਈ ॥*** ***ਅੰਗ - 747***

ਇਨ੍ਹਾਂ ਨਾਲੋਂ ਤਾਂ ਜੇ ਇੱਕ ਅੱਖਰ ਵਾਹਿਗੁਰੂ, ਰਾਮ, ਅੱਲਾਹ, ਗੋਬਿੰਦ, ਨਾਰਾਇਣ, ਕੋਈ ਵੀ ਅੱਖਰ ਹੈ ਚਾਹੇ, ਪਵਿੱਤਰ ਅੱਖਰ ਜਿਸਨੂੰ ਆਖਦੇ ਨੇ। ਚਾਹੇ ਓਅੰਕਾਰ ਹੈ, ਚਾਹੇ ਕੋਈ ਹੋਰ ਨਾਮ ਹੈ। ਕਹਿੰਦੇ ਜਿਹੜਾ ਨਾਮ ਜਪ ਲਏਗਾ ਇਸ ਦਾ, ***'ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥ '*** ਉਹਦੀ ਜਿਹੜੀ ਮਹਿਮਾ ਹੈ ਉਹ ਨਿਰਮਲ ਹੋ ਜਾਏਗੀ। ਸੋ ਜੋ ਕਰਨ ਵਾਲਾ ਕੰਮ ਹੈ, ਮਹਾਰਾਜ ਕਹਿਣ ਲੱਗੇ ਉਹ ਇਹ ਹੈ ਕਿ -

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥***
***ਅੰਗ - 747***

ਕਹਿੰਦੇ ਹੁਣ ਅਸੀਂ ਬ੍ਰਾਹਮਣਾਂ ਨੂੰ ਅੱਡ ਨਹੀਂ ਉਪਦੇਸ਼ ਦੇ ਰਹੇ। ਖਤ੍ਰੀ ਨੂੰ ਅੱਡ ਨਹੀਂ ਦੇ ਰਹੇ। ਕਿਉਂਕਿ ਪਹਿਲਾਂ ਖੱਤ੍ਰੀ ਤੇ ਬ੍ਰਾਹਮਣ ਦੇ ਉਪਦੇਸ਼ ਵਿਚ ਫਰਕ ਹੋਇਆ ਕਰਦਾ ਹੈ। ਜੋ ਬ੍ਰਾਹਮਣ ਦਾ ਉਪਦੇਸ਼ ਹੋਇਆ ਕਰਦਾ ਸੀ, ਉਹ ਖੱਤਰੀ ਨੂੰ ਨਹੀਂ ਸੀ ਮਿਲਿਆ ਕਰਦਾ। ਜਿਹੜਾ ਖੱਤਰੀ ਦਾ ਹੁੰਦਾ ਉਹ ਵੈਸ਼ਨੂੰ ਨੂੰ ਨਹੀਂ ਸੀ ਮਿਲਦਾ। 'ਓਅੰਕਾਰ' ਦਾ ਨਾਮ ਸਿਰਫ ਇਹ ਦੋ ਜਾਤੀਆਂ ਜਪ ਸਕਦੀਆ ਸੀ। ਵੈਸ਼ਨੂੰ ਨੂੰ ਅਧਿਕਾਰ ਨਹੀਂ ਸੀ ਜਪਣ ਦਾ, ਜੇ ਸ਼ੂਦਰ ਦੇ ਮੂੰਹ 'ਚੋਂ ਓਅੰਕਾਰ ਨਿਕਲ ਜਾਵੇ, ਤਾਂ ਰਾਜ ਦੰਡ ਇਹ ਸੀ ਕਿ ਉਹਦੀ ਜ਼ੁਬਾਨ ਕੱਟ ਦਿਓ। ਉਹਨੇ ਓਅੰਕਾਰ ਕਿਉਂ ਕਿਹਾ। ਜੇ ਬੀਬੀਆਂ ਦੇ ਮੂੰਹ 'ਚੋਂ ਨਿਕਲ ਜਾਵੇ 'ਓਅੰਕਾਰ' ਉਨ੍ਹਾਂ ਲਈ ਵੀ ਬੜੀ ਸਖਤ ਸਜ਼ਾ ਸੀ, ਉਨ੍ਹਾਂ ਦਿਨਾਂ 'ਚ। ਜੇ ਓਅੰਕਾਰ ਦੇ ਉਚਾਰਨ ਨੂੰ ਸ਼ੂਦਰ ਨੇ ਸੁਣ ਲਿਆ ਤਾਂ ਉਹਦੇ ਕੰਨ 'ਚ ਸਿੱਕਾ ਢਾਲ ਕੇ ਬੰਦ ਕਰ ਦਿਤੇ ਜਾਂਦੇ ਸੀ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ 'ੴ' ਪ੍ਰਗਟ ਕਰਿਆ ਉਸ ਵੇਲੇ ਸਾਰੇ ਬੌਖਲਾ ਉੱਠੇ। ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ ਕਿ ਹੇ ਨਾਨਕ! ਤੂੰ ਮਰਿਯਾਦਾ ਭੰਗ ਕਰ ਦਿਤੀ। ਇਹ ਤੂੰ ਸ਼ੂਦਰਾਂ ਨੂੰ ਵੀ ਪੜ੍ਹਾਉਂਦਾ ਹੈਂ, ਵੈਸ਼ਾਂ ਨੂੰ ਵੀ ਪੜ੍ਹਾਉਂਦਾ ਹੈਂ, ਸਾਰੇ ਓਅੰਕਾਰ ਕਹਿੰਦੇ ਨੇ, ਔਰਤਾਂ, ਬੱਚੇ ਸਭ ਓਅੰਕਾਰ ਕਹਿੰਦੇ ਨੇ। ਵੇਦ ਵਿਰੁੱਧ ਮਰਿਯਾਦਾ ਤੁਸੀਂ ਕਾਇਮ ਕਰ ਦਿਤੀ।

ਮਹਾਰਾਜ ਕਹਿੰਦੇ, ਅਸੀਂ ਮਰਿਯਾਦਾ ਨਹੀਂ ਕਾਇਮ ਕਰੀ। ਅਸੀਂ ਪਰਦਾ ਲਾਇਆ ਹੈ ਇਹਦੇ ਮੂਹਰੇ, ਬਰੈਕਟ ਲਾਏ ਨੇ, ਇਹਦੇ ਮੂਹਰੇ 'ਏਕਾ' ਲਾਇਆ ਹੈ। ਪਿਛਲੇ ਪਾਸੇ ਅਸੀਂ 'ਸਤਿ' ਲਾਇਆ ਹੈ। ਪਰਦੇ ਦੇ ਨਾਲ ਅਸੀਂ ਪ੍ਰਗਟ ਕੀਤਾ ਹੈ। ਪਰਦੇ ਦੇ ਨਾਲ ਹੀ ਏਸਨੂੰ ਜਪਣ ਦਾ ਸਭ ਨੂੰ ਅਧਿਕਾਰ ਹੋ ਗਿਆ -

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥***
***ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ***

ਜਿਹੜਾ ਸਮਰੱਥ ਗੁਰੂ ਤੋਂ ਨਾਮ ਲੈ ਲੈਂਦਾ ਹੈ, ਉਸ ਦਾ ਫੇਰ ਜਾਪ ਕਰਦਾ ਹੈ ਕਹਿੰਦੇ ਫੇਰ ਉਹਦਾ ਉਧਾਰ ਹੋ ਜਾਂਦਾ ਹੈ। ਸੋ ਮਹਾਰਾਜ ਕਹਿੰਦੇ, ਪ੍ਰੇਮੀਓਂ! ਤੁਹਾਨੂੰ ਸਾਰੀ ਗੱਲ ਦਾ ਨਿਚੋੜ ਦਸ ਦਿੰਦੇ ਹਾਂ। ਉਹ ਇਹ ਹੈ ਕਿ -

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***
***ਅੰਗ - 747***

ਜਿਹੜਾ ਵੀ ਬਚਨ ਕਮਾ ਲੈਂਦਾ ਹੈ, ਉਹ ਤਰ ਜਾਂਦਾ ਹੈ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਜੇ ਤੈਂ ਭਵਜਲ ਬਿਖੜਾ ਤਰਨੈ,***
***ਬਚਨ ਕਮਾ ਲੈ ਸੰਤਾਂ ਦਾ।***

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***
***ਅੰਗ - 747***

ਗੁਰੂ ਦੀ ਕ੍ਰਿਪਾ ਦੇ ਨਾਲ, ਜਿਹੜਾ ਬਚਨ ਦੀ ਕਮਾਈ ਕਰ ਲਏਗਾ, ਉਹ ਤਰ ਜਾਏਗਾ। 1430 ਪੰਨਿਆਂ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਇਹ ਬਚਨ ਨੇ, ਗੁਰੂ ਨਾਨਕ ਦੇ ਬਚਨ ਨੇ, ਛੇ ਜਾਮਿਆਂ ਦੇ ਅੰਦਰ ਉਚਾਰੇ ਹੋਏ। ਸੋ ਇਨ੍ਹਾਂ ਬਚਨਾਂ ਨੂੰ ਜਿਹੜਾ ਵੀ ਕਮਾ ਲਏਗਾ, ਉਹ ਪਾਰ ਉਤਰ ਜਾਂਦਾ ਹੈ। ਸੋ ਬਚਨ ਜਿਸ ਨੇ ਵੀ ਕਮਾਏ ਹਨ, ਐਸਾ ਇਤਿਹਾਸ ਦੇ ਅੰਦਰ ਜ਼ਿਕਰ ਆਉਂਦਾ ਹੈ, ਜੋ ਕੁਛ ਮਹਾਂਪੁਰਸ਼ਾਂ ਨੇ ਕਹਿ ਦਿਤਾ, ਚਾਹੇ ਵੈਸੇ ਕਹਿ ਦਿਤਾ, ਚਾਹੇ ਬਾਣੀ ਉਚਾਰ ਕੇ ਕਹਿ ਦਿਤਾ, ਹੋਵੇ ਬਾਣੀ ਦੇ ਅਨੁਕੂਲ, ਪ੍ਰਤੀਕੂਲ ਨਾ ਹੋਵੇ, ਉਹਦੇ ਨਾਲ ਆਦਮੀ ਦਾ ਉਧਾਰ ਹੋ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਪੰਜਾਬ ਤੋਂ ਬਹੁਤ ਦੂਰ ਗਏ ਹੋਏ ਨੇ। 1400-1500 ਕਿਲੋਮੀਟਰ ਦੂਰ, ਆਪ ਢਾਕੇ ਦੇ ਨੇੜੇ-ਤੇੜੇ ਓਸ ਇਲਾਕੇ ਦੇ ਵਿਚ ਵਿਚਰ ਰਹੇ ਨੇ ਜਿੱਥੇ ਬੜਾ ਹੀ ਜ਼ੋਰ ਹੈ, ਜਾਦੂਆਂ ਦਾ, ਟੂਣਿਆਂ ਦਾ, ਮੰਤਰਾਂ ਦਾ, ਜੰਤਰਾਂ ਦਾ ਤੇ ਓਸ ਥਾਂ ਦੇ ਉਤੇ ਆਪ ਚਲਦੇ-ਚਲਦੇ ਆਪ ਇੱਕ ਨਗਰ ਵਿਚ ਚਲੇ ਜਾਂਦੇ ਨੇ। ਸੋਹਣਾ ਪਿੰਡ ਹੈ ਤੇ ਇੱਕ ਘਰ ਵਿਚ ਘਰਵਾਲਿਆਂ ਨੇ ਦੇਖਿਆ ਕਿ ਕੋਈ ਬਹੁਤ ਹੀ ਸੁੰਦਰ ਰੂਪ ਦੇ, ਨਿਰੇ ਹੀ ਪ੍ਰਕਾਸ਼ ਸਰੂਪ ਦੇ ਮਹਾਂਪੁਰਸ਼ ਜਾ ਰਹੇ ਨੇ। ਦੇਖ ਕੇ ਖਿੱਚ ਪੈਂਦੀ ਹੈ, ਜੀਅ ਕਰਦਾ ਹੈ ਮੱਲੋ-ਮੱਲੀ ਕਿ ਇਨ੍ਹਾਂ ਦੇ ਚਰਨਾਂ 'ਤੇ ਢਹਿ ਜਾਈਏ ਤੇ ਕੁਛ ਸੇਵਾ ਕਰੀਏ, ਤਾਂ ਇੱਕ ਸੁਲਝਿਆ ਹੋਇਆ ਪਰਿਵਾਰ ਸੀ, ਉਨ੍ਹਾਂ ਨੇ ਜਦ ਗੁਰੂ ਮਹਾਰਾਜ ਦੇ ਦਰਸ਼ਨ ਕਰੇ, ਓਸ ਵੇਲੇ ਚਰਨਾਂ 'ਤੇ ਢਹਿ ਪਏ ਤੇ ਨਾਲ ਬੇਨਤੀ ਕਰੀ ਕਿ ਪਾਤਸ਼ਾਹ! ਗ੍ਰਹਿ ਪਵਿੱਤਰ ਕਰੋ, ਕ੍ਰਿਪਾ ਕਰੋ ਆਪ। ਓਸ ਵੇਲੇ ਗੁਰੂ

ਨਾਨਕ ਪਾਤਸ਼ਾਹ ਚਲੇ ਜਾਂਦੇ ਨੇ, ਬਹੁਤ ਅਧੀਨਗੀ ਦੇ ਬਚਨ ਕਹਿੰਦੇ ਨੇ। ਕੁਛ ਸਮਾਂ ਆਪ ਨੂੰ ਬੈਠਿਆਂ ਨੂੰ ਹੋ ਗਿਆ। ਲੇਕਿਨ ਕੋਈ ਇਹ ਨਹੀਂ ਬਚਨ ਕਹਿੰਦਾ ਕਿ ਮਹਾਰਾਜ ਕਹੋ, ਜਲ ਪਾਣੀ ਲਿਆਈਏ ਤੇ ਕੁਛ ਛਕਾਈਏ। ਮਰਦਾਨੇ ਨੇ ਦੇਖਿਆ ਕਿ ਕਾਫੀ ਦੇਰ ਦੇ ਬੈਠੇ ਹਾਂ, ਇਹ ਤਾਂ ਪਾਣੀ ਵੀ ਨਹੀਂ ਪੁੱਛਦੇ ਲੋਕ, ਉਸ ਤਰ੍ਹਾਂ ਮਿੱਠੀਆਂ ਗੱਲਾਂ ਮਾਰੀ ਜਾਂਦੇ ਨੇ। ਸ਼ਰਧਾ ਤੇ ਪ੍ਰੇਮ ਬੜਾ ਦਿਖਾਉਂਦੇ ਨੇ। ਮਹਾਰਾਜ ਜੀ ਨੂੰ ਕਹਿਣ ਲੱਗਿਆ ਕਿ ਮਹਾਰਾਜ! ਇਹ ਕੁਛ ਪੁੱਛਦੇ ਤਾਂ ਹੈ ਨਹੀਂ, ਗੱਲਾਂ ਬਥੇਰੀਆਂ ਕਰਦੇ ਨੇ।

ਮਹਾਰਾਜ ਕਹਿਣ ਲੱਗੇ, ਕਿਉਂ ਬਈ ਪ੍ਰੇਮੀਓ! ਤੁਹਾਡੇ ਨਗਰ ਦਾ ਰਿਵਾਜ ਨਹੀਂ ਹੈ ਜੇ ਕੋਈ ਸਾਧੂ ਮਹਾਂਪੁਰਸ਼ ਆ ਜਾਏ ਉਹਨੂੰ ਜਲ ਪਾਣੀ ਪੁੱਛਣਾ?

ਕਹਿੰਦੇ ਸੱਚੇ ਪਾਤਸ਼ਾਹ! ਨਗਰ ਦਾ ਰਿਵਾਜ ਤਾਂ ਬਹੁਤ ਜ਼ਬਰਦਸਤ ਹੈ, ਪਰ ਇੱਥੇ ਦਾ ਜੋ ਚੌਧਰੀ ਹੈ, ਵੱਡਾ ਸਰਦਾਰ ਹੈ ਸਾਡਾ ਪਿੰਡ ਦਾ ਤੇ ਜਿਹਨੂੰ ਅਸੀਂ ਆਮ ਤੌਰ 'ਤੇ ਭੂਮੀਆਂ ਕਰਕੇ ਕਹਿੰਦੇ ਹਾਂ, ਵੱਡਾ ਜ਼ਿੰਮੀਦਾਰ ਕਰਕੇ ਕਹਿੰਦੇ ਹਾਂ, ਨਾਉਂ ਤਾਂ ਲੈਂਦੇ ਨਹੀਂ ਹਾਂ। ਉਹਦਾ ਸਾਨੂੰ ਹੁਕਮ ਹੈ ਕਿ ਹੋਰ ਤਾਂ ਤੁਸੀਂ ਸਾਧੂਆਂ ਨੂੰ ਸਭ ਕੁਛ ਕਰ ਸਕਦੇ ਓਂ, ਸੁਲਾ ਸਕਦੇ ਓਂ, ਕੱਪੜੇ ਦੇ ਸਕਦੇ ਓਂ ਤੇ ਹੋਰ ਆਦਰ ਸਤਿਕਾਰ ਕਰ ਸਕਦੇ ਓਂ। ਇਸ਼ਨਾਨ ਵਗੈਰਾ ਵਾਸਤੇ ਜਲ ਕੱਢ ਸਕਦੇ ਓਂ। ਪਰ ਪਾਣੀ ਨਹੀਂ ਪੁੱਛਣਾ ਤੁਸੀਂ, ਰੋਟੀ ਨਹੀਂ ਪੁੱਛਣੀ। ਦੋ ਗੱਲਾਂ ਨਹੀਂ ਪੁੱਛਣੀਆਂ ਇਹ ਮੈਂ ਸੇਵਾ ਕਰਾਂਗਾ, ਜਲ ਤੇ ਪ੍ਰਸ਼ਾਦੇ ਦੀ। ਮੇਰੇ ਬਗੈਰ ਕਿਸੇ ਨੇ ਨਹੀਂ ਕਰਨੀ, ਜੇ ਕਰਿਆ ਤਾਂ ਮੈਂ ਘਰ ਲੁਟਵਾ ਦੇਵਾਂਗਾ ਤੁਹਾਡਾ। ਗਰੀਬ ਬਣਾ ਦੇਵਾਂਗਾ, ਕੰਗਾਲ ਬਣਾ ਦੇਵਾਂਗਾ। ਮਹਾਰਾਜ ਕਹਿੰਦੇ, ਇਹ ਕੀ ਗੱਲ? ਸਾਰਿਆਂ ਦੇ ਪੁੰਨਾਂ ਉਤੇ ਡਾਕੇ ਇੱਕ ਆਦਮੀ ਮਾਰਦਾ ਹੈ। ਇਹ ਤਾਂ ਗੱਲ ਠੀਕ ਨਹੀਂ ਹੈ। ਸਭ ਨੇ ਕਿਹਾ ਮਹਾਰਾਜ! ਇਹ ਗੱਲ ਬੜੀ ਦੇਰ ਤੋਂ ਚਲੀ ਆਉਂਦੀ ਹੈ ਤੇ ਅਸੀਂ ਬੜੇ ਦੁਖੀ ਹਾਂ ਕਿ ਸਾਨੂੰ ਸੇਵਾ ਕਰਨ ਦਾ ਮੌਕਾ ਨਹੀਂ ਮਿਲਦਾ। ਕਿਉਂਕਿ ਸ਼ਾਸਤਰਾਂ 'ਚ ਇਹ ਲਿਖਿਆ ਹੋਇਆ ਹੈ, ਸਾਰੇ ਦਾਨ, ਧਰਤੀ ਦਾ ਦਾਨ, ਸੋਨੇ ਦਾ ਦਾਨ, ਕੱਪੜਿਆਂ ਦਾ ਦਾਨ, ਹੋਰ ਅਨੇਕਾਂ ਚੀਜ਼ਾਂ ਦਾ ਦਾਨ, ਪਸ਼ੂਆਂ ਦਾ ਦਾਨ, ਸਭ ਤੋਂ ਵੱਡਾ ਦਾਨ ਅੰਨ ਦਾ ਦਾਨ ਹੋਇਆ ਕਰਦਾ ਹੈ। ਅੰਨ ਦਾਨ ਸ਼੍ਰੋਮਣੀ ਦਾਨ ਹੈ ਸਭ ਤੋਂ ਜਿਹਨੂੰ ਛਕ ਕੇ ਆਦਮੀ ਦੇ ਪ੍ਰਾਣ ਬਚਦੇ ਨੇ। ਕੱਪੜਾ ਨਾ ਮਿਲੇ ਕੋਈ ਫਰਕ ਨਹੀਂ ਪੈਂਦਾ। ਆਦਮੀ ਅੱਗ ਜਾਲ ਕੇ ਰਾਤ ਕੱਟ ਲੈਂਦਾ ਹੈ, ਗਰੀਬ ਆਦਮੀ ਕੋਲ ਹੁੰਦੇ ਹੀ ਨਹੀਂ ਕਈ ਵਾਰ ਕੱਪੜੇ। ਮਕਾਨ, ਜੇ ਧਰਤੀ ਨਾ ਦਾਨ ਕਰੋ, ਕੋਈ ਫਰਕ ਨਹੀਂ ਪੈਂਦਾ ਸਾਧੂਆਂ ਨੂੰ, ਨਾ ਧਰਤੀ ਦੀ ਲੋੜ ਹੈ, ਇਹ ਤਾਂ ਦੁਨੀਆਦਾਰਾਂ ਨੂੰ ਲੋੜ ਹੈ। ਦੁਨੀਆਂਦਾਰਾਂ ਨੇ ਗੱਲਾਂ ਕਰਨੀਆਂ ਨੇ ਧਰਤੀ ਲੈ ਕੇ। ਸੰਤਾਂ ਨੂੰ ਕੋਈ ਲੋੜ ਨਹੀਂ ਹੁੰਦੀ। ਉਨ੍ਹਾਂ ਤੋਂ ਤਾਂ ਪਰਾਲਬਧ ਸੰਸਾਰ ਦੀ ਆਪੇ ਹੀ ਕੰਮ ਕਰਾ ਲਿਆ ਕਰਦੀ ਹੈ। ਉਹ ਫੁਰਨੇ ਰਹਿਤ ਹੁੰਦੇ, ਫੁਰਨਾ ਕੋਈ ਨਹੀਂ ਹੁੰਦਾ। ਇਸ ਤਰ੍ਹਾਂ ਸੋਨਾ ਦਾਨ

ਕਰਿਆ, ਸਾਧੂਆਂ ਨੂੰ ਲੋੜ ਹੀ ਨਹੀਂ ਸੋਨੇ ਦੀ, ਕਿਹੜਾ ਰੋਟੀ ਹੈ ਕਿ ਖਾ ਕੇ ਭੁੱਖ ਹਟਾ ਲੈਣੀ ਹੈ। ਪੈਸੇ ਦਾਨ ਕਰੇ, ਮੋਹਰਾਂ ਕਰੀਆਂ ਨੇ, ਪਸ਼ੂ, ਘੋੜਾ, ਕੋਈ ਸਵਾਰੀ ਦਾਨ ਕਰੀ ਹੈ, ਕਿਸੇ ਨੇ ਆਪਣਾ ਬੱਚਾ ਹੀ ਦਾਨ ਕਰ ਦਿਤਾ। ਇਹ ਤਾਂ ਜਦੋਂ ਫਾਇਦਾ ਦੇਣਗੇ ਦੇਰ ਹੈ ਉਨ੍ਹਾਂ 'ਚ ਪਰ ਜਿਹੜਾ ਭੁੱਖਾ ਆਦਮੀ ਹੈ ਉਹਨੂੰ ਪ੍ਰਸ਼ਾਦਾ ਦਾਨ ਕਰ ਦਿਤਾ। ਇਹਨੇ ਉਹਦੀ ਆਤਮ ਤ੍ਰਿਪਤੀ ਕਰਕੇ ਵਰ ਲੈਣਾ ਹੈ ਉਹਦੇ ਵਿਚੋਂ। ਮੱਲੋ-ਮੱਲੀ ਅਸੀਸ ਨਿਕਲੇਗੀ।

ਸੋ ਮਹਾਰਾਜ! ਜਿਹੜਾ ਅਸਲੀ ਪੁੰਨ ਹੈ, ਸਾਡੇ ਤੋਂ ਖੋਹ ਲਿਆ ਉਹਨੇ। ਸਾਡੇ ਸਰਦਾਰ ਦਾ ਹੁਕਮ ਹੈ ਕਿ ਅਸੀਂ ਕਿਸੇ ਦੀ ਸੇਵਾ ਨਹੀਂ ਕਰ ਸਕਦੇ। ਗੁਰੂ ਨਾਨਕ ਕਹਿਣ ਲੱਗੇ, ਭਾਈ ਮਰਦਾਨਾ! ਚਲੋ ਏਥੇ ਬੈਠ ਕੇ ਆਪਾਂ ਕੀ ਲੈਣਾ ਹੈ। ਕਹਿੰਦੇ, ਪ੍ਰੇਮੀਓਂ! ਸਾਡੀ ਖੁਸ਼ੀ ਹੈ ਤੁਹਾਡੇ ਉੱਤੇ। ਤੁਸੀਂ ਮਜਬੂਰ ਹੋ ਤੁਸੀਂ ਕਿਸੇ ਸਾਧੂ ਦੀ ਸੇਵਾ ਨਹੀਂ ਕਰ ਸਕਦੇ। ਹੁਣ ਅਸੀਂ ਉਹਦੇ ਕੋਲ ਹੀ ਜਾਂਦੇ ਹਾਂ ਤੇ ਉਸ ਤੋਂ ਹੀ ਪੁੱਛਾਂਗੇ ਕਿ ਐਨੇ ਸਖਤ ਹੁਕਮ ਕਿਉਂ ਕਰੇ ਨੇ?

ਸੋ ਗੁਰੂ ਮਹਾਰਾਜ ਨੇ ਘਰ ਦਾ ਪਤਾ ਲੈ ਲਿਆ। ਬਹੁਤ ਵੱਡੀ ਹਵੇਲੀ ਹੈ, ਬਹੁਤ ਕਮਰੇ ਬਣੇ ਹੋਏ ਨੇ, ਬਹੁਤ ਸਾਰੇ ਕਮਰੇ 15-20 ਸਾਧੂਆਂ ਦੇ ਰਹਿਣ ਵਾਸਤੇ ਬੜੇ ਸੁਚੱਜੇ ਢੰਗ ਨਾਲ ਸਾਫ-ਸੁਥਰੇ ਬਣਾਏ ਹੋਏ, ਮੂਹਰੇ ਫੁੱਲ ਲੱਗੇ ਹੋਏ ਨੇ, ਛੋਟਾ ਜਿਹਾ ਬਗੀਚਾ ਹੈ ਉਨ੍ਹਾਂ ਦੇ ਟਹਿਲਣ ਵਾਸਤੇ। ਦਰਖਤ ਲੱਗੇ ਹੋਏ ਨੇ, ਦਰਖਤਾਂ ਦੇ ਥੱਲੇ ਬੈਠਣ ਵਾਸਤੇ ਆਸਣ ਲਾਉਣ ਵਾਸਤੇ ਚੌਂਤਰੇ ਬਣਾਏ ਹੋਏ ਨੇ। ਬਹੁਤ ਚੰਗਾ ਸਮਾਜ ਬਣਾਇਆ ਹੋਇਆ ਹੈ, ਬਹੁਤ ਵਧੀਆ ਲਗਦਾ ਹੈ ਦੇਖ ਕੇ। ਸੁਥਰਾ ਪਿਆ ਹੈ, ਪਵਿਤਰ ਪਿਆ ਹੈ।

ਗੁਰੂ ਨਾਨਕ ਪਾਤਸ਼ਾਹ ਜਦੋਂ ਉਥੇ ਜਾਂਦੇ ਨੇ, ਓਸ ਵੇਲੇ ਭੂਮੀਆਂ ਘਰ ਸੀ। ਜਦੋਂ ਗੁਰੂ ਨਾਨਕ ਨਾਮ ਦੀ ਦ੍ਰਿਸ਼ਟੀ ਉਹਦੇ ਉਤੇ ਪਈ। ਜਦ ਚਿਹਰਾ ਦੇਖਿਆ, ਅੱਜ ਤੱਕ ਐਸਾ ਸਾਧੂ ਨਹੀਂ ਸੀ ਦੇਖਿਆ ਜਿਸਦਾ ਐਸਾ ਪ੍ਰਭਾਵ ਹੋਏ। ਹੈਰਾਨ ਹੋ ਗਿਆ, ਬੜਾ ਅਧੀਨਗੀ ਵਿਚ ਹੋ ਗਿਆ। ਅਧੀਨਗੀ ਵਿਚ ਹੋਇਆ-ਹੋਇਆ ਕਹਿਣ ਲੱਗਿਆ, ਮਹਾਰਾਜ! ਆਪ ਨੇ ਬੜੀ ਕ੍ਰਿਪਾ ਕੀਤੀ, ਆਪ ਵਰਗਾ ਮਹਾਤਮਾ ਅੱਜ ਤੱਕ ਨਹੀਂ ਏਸ ਥਾਂ 'ਤੇ ਆਇਆ, ਜਿਹਦੇ ਦਰਸ਼ਨ ਕਰਕੇ ਹੀ ਅੰਦਰ ਪਵਿੱਤਰਤਾ ਆਉਣ ਲਗ ਜਾਵੇ। ਬੜੀ ਮੇਰੇ 'ਤੇ ਪ੍ਰਮੇਸ਼ਰ ਨੇ ਕ੍ਰਿਪਾ ਕਰੀ ਹੈ ਕਿ ਆਪ ਨੇ ਦਰਸ਼ਨ ਦਿਤੇ। ਉਸ ਤੋਂ ਬਾਅਦ ਬੜੇ ਮਿੱਠੇ ਬਚਨ ਬੋਲ ਕੇ ਗੁਰੂ ਨਾਨਕ ਪਾਤਸ਼ਾਹ ਦਾ ਆਸਣ ਕਰਾ ਦਿਤਾ, ਇੱਕ ਸੁਥਰੀ ਥਾਂ 'ਤੇ। ਮਹਾਰਾਜ ਜੀ ਬੈਠ ਜਾਂਦੇ ਨੇ ਤੇ ਆਪ ਨਾਲ ਹੱਥ ਜੋੜ ਕੇ ਬੈਠ ਗਿਆ।

ਕਹਿੰਦਾ, ਪਾਤਸ਼ਾਹ! ਤੁਸੀਂ ਇਸ ਤਰ੍ਹਾਂ ਲਗਦਾ ਹੈ ਕਿ ਬੜੀ ਦੂਰ ਤੋਂ ਆਏ ਓਂ ਤੇ ਅਜੇ ਹੱਥ ਪੈਰ ਵੀ ਆਪ ਨੇ ਧੋਤੇ ਨਹੀਂ ਹੈਗੇ, ਮੈਂ ਗਰਮ ਜਲ ਭੇਜਦਾ ਹਾਂ, ਆਪ ਹੱਥ ਪੈਰ ਧੋਵੋ, ਪੰਜ ਇਸ਼ਨਾਨਾ ਕਰੋ, ਜੇ

ਇਸ਼ਨਾਨ ਕਰਨਾ ਹੈ ਤਾਂ ਜਿਹੋ ਜਿਹਾ ਪਾਣੀ ਆਪ ਨੂੰ ਚਾਹੀਦਾ ਹੈ, ਤਾਜ਼ਾ ਚਾਹੀਦਾ ਹੈ, ਗਰਮ ਚਾਹੀਦਾ ਹੈ, ਤਲਾਅ ਦਾ ਪਾਣੀ ਚਾਹੀਦਾ ਹੈ, ਖੂਹ ਦਾ ਪਾਣੀ ਚਾਹੀਦਾ ਹੈ, ਜਿਹੜਾ ਵੀ ਤੁਹਾਨੂੰ ਪਾਣੀ ਚਾਹੀਦਾ ਹੈ ਉਹ ਤੁਸੀਂ ਮੈਨੂੰ ਦੱਸੋ ਮੈਂ ਭਰਵਾ ਦਿੰਦਾ ਹਾਂ। ਉਸ ਤੋਂ ਬਾਅਦ ਤੁਸੀਂ ਪ੍ਰਸ਼ਾਦਾ ਛਕੋ।

ਮਹਾਰਾਜ ਕਹਿੰਦੇ, ਭੂਮੀਆਂ! ਇਹ ਤੂੰ ਬਾਕੀ ਲੋਕਾਂ ਨੂੰ ਕਿਉਂ ਬੰਦ ਕਰਿਆ ਹੈ ਸਾਧੂਆਂ ਨੂੰ ਪ੍ਰਸ਼ਾਦਾ ਛਕਾਉਣ ਤੋਂ? ਤੂੰ ਕਿਉਂ ਕਰਦਾ ਹੈਂ, ਉਹ ਕਿਉਂ ਨਹੀਂ ਕਰਦੇ?

ਕਹਿਣ ਲੱਗਿਆ, ਮਹਾਰਾਜ! ਮੈਂ ਅਮੀਰ ਆਦਮੀ ਹਾਂ, ਪ੍ਰਭੂ ਦੀ ਮੇਹਰ ਹੈ ਮੇਰੇ ਉਪਰ, ਮੇਰੇ ਕੋਲ ਬੜੀ ਜ਼ਮੀਨ ਹੈ। ਮੇਰੇ ਕੋਲ ਬਹੁਤ ਪੈਸਾ ਹੈ। ਸਾਧੂਆਂ ਦੀ ਸੇਵਾ ਕਰਨ ਲਈ ਮੇਰੇ ਕੋਲ ਬੜੇ ਸ੍ਰੋਤ ਨੇ। ਮੈਂ ਸਾਧੂਆਂ ਦੀ ਸੇਵਾ ਚੰਗੀ ਤਰ੍ਹਾਂ ਕਰ ਸਕਦਾ ਹਾਂ। ਪਦਾਰਥ ਬਣਾਉਣ ਦਾ ਮੇਰੇ ਕੋਲ ਬਹੁਤ ਪ੍ਰਬੰਧ ਹੈ। ਰਸੋਈਏ ਰੱਖੇ ਹੋਏ ਨੇ, ਬੇਅੰਤ ਕਿਸਮ ਦਾ ਰਾਸ਼ਨ, ਦਾਲਾਂ ਸਬਜ਼ੀਆਂ ਪਈਆਂ ਨੇ। ਮੈਂ ਤਾਂ ਇੰਤਜ਼ਾਰ ਕਰਦਾ ਰਹਿੰਦਾ ਹਾਂ ਕਿ ਕਦ ਸਾਧੂ ਜਨ ਆਉਣ ਤੇ ਮੈਨੂੰ ਸੇਵਾ ਦਾ ਮੌਕਾ ਮਿਲੇ।

ਮਹਾਰਾਜ ਕਹਿੰਦੇ, ਕਿੰਨੇ ਕੁ ਸਾਧੂ ਤੇਰੇ ਕੋਲ ਪ੍ਰਸ਼ਾਦੇ ਛਕ ਜਾਂਦੇ ਨੇ?

ਕਹਿੰਦਾ, ਮਹਾਰਾਜ! ਤਾਂਤਾ ਹੀ ਬੰਨ੍ਹਿਆ ਰਹਿੰਦਾ ਹੈ, ਇਕ ਮੰਡਲੀ ਜਾਂਦੀ ਹੈ ਦੂਜੀ ਆ ਜਾਂਦੀ ਹੈ, ਦੂਜੀ ਜਾਂਦੀ ਹੈ ਤੀਸਰੀ ਆ ਜਾਂਦੀ ਹੈ। ਉਨ੍ਹਾਂ ਦੇ ਬਚਨ ਸੁਣਨ ਵਾਸਤੇ ਹੋਰ ਵੀ ਬੇਅੰਤ ਲੋਕ ਦੂਰ-ਦਰਾਜ਼ ਤੋਂ ਆ ਜਾਂਦੇ ਨੇ। ਇਹ ਖਰਚਾ ਪਿੰਡ ਵਿਚ ਕੋਈ ਬੰਦਾ ਨਹੀਂ ਜਿਹੜਾ ਚੁੱਕ ਲਵੇ, ਇਹੀ ਮੈਂ ਹੀ ਚੁੱਕ ਸਕਦਾ ਹੈ। ਇਸ ਕਰਕੇ ਸੱਚੇ ਪਾਤਸ਼ਾਹ! ਮੈਂ ਜ਼ੋਰ ਜਬਰ ਨਾਲ ਨਹੀਂ ਕਿਸੇ ਨੂੰ ਬੰਦ ਕਰਿਆ, ਮੈਂ ਤਾਂ ਕੇਵਲ ਸਾਧੂਆਂ ਦੀ ਉੱਚੀ ਇੱਜ਼ਤ ਬਣਾਉਣ ਵਾਸਤੇ ਬੰਦ ਕਰਿਆ ਹੈ ਕਿ ਐਵੇਂ ਛੋਲਿਆਂ ਦੀਆਂ ਮਿੱਸੀਆਂ ਰੋਟੀਆਂ ਖਲਾ ਦੇਣਗੇ, ਇਹ ਗੱਲ ਕੋਈ ਠੀਕ ਹੈ? ਆਦਰ ਨਹੀਂ ਉਨ੍ਹਾਂ ਨੇ ਪੂਰੀ ਤਰ੍ਹਾਂ ਕਰਨਾ, ਕੋਈ ਵਸਤਰ ਨਹੀਂ ਭੇਟਾ ਕਰਨਾ ਤੇ ਮਾਇਆ ਨਹੀਂ ਭੇਟਾ ਕਰਨੀ। ਮੇਰੇ ਕੋਲ ਸਭ ਕੁਛ ਹੈਗਾ ਆਪ ਦਾ ਦਿਤਾ ਹੋਇਆ।

ਮਹਾਰਾਜ ਕਹਿੰਦੇ, ਭੂਮੀਆਂ! ਕਿਸਾਨ ਚਾਹੇ ਕਿੱਡਾ ਹੀ ਵੱਡਾ ਹੋਵੇ, ਐਡਾ ਖਰਚ ਤਾਂ ਚੁੱਕ ਨਹੀਂ ਹੁੰਦਾ। ਉਨ੍ਹਾਂ ਦਿਨਾਂ 'ਚ ਖੇਤੀ ਵੀ ਕਾਹਦੀ ਸੀ, ਬਲਦਾਂ ਦੀ ਖੇਤੀ, ਚਰਸਾਂ ਦੀ ਖੇਤੀ, ਮਾਰੂ ਜ਼ਮੀਨਾਂ ਸੀ। ਫਸਲ ਹੋ ਗਈ ਤਾਂ ਹੋ ਗਈ, ਨਾ ਹੋਈ ਤਾਂ ਨਾ ਹੋਈ। ਇਹ ਦੱਸ ਕਿ ਤੇਰੀ ਕਿਰਤ ਕੀ ਹੈ? ਉਸ ਵੇਲੇ ਝਿਜਕਿਆ ਥੋੜ੍ਹਾ। ਛੁਪਾਉਣ ਦਾ ਯਤਨ ਕਰਿਆ, ਲੇਕਿਨ ਸੱਚ ਦੇ ਸੂਰਜ ਦੇ ਸਾਮ੍ਹਣੇ ਬੈਠਾ ਸੀ। ਜਿੱਥੇ ਸੱਚ ਦਾ ਸੂਰਜ ਚੜ੍ਹਿਆ ਹੋਵੇ, ਉਥੇ ਕਾਲੀ ਬੋਲੀ ਮੱਸਿਆ ਦਾ ਹਨ੍ਹੇਰਾ ਕਿੱਥੋਂ ਆ ਸਕਦਾ ਹੈ। ਹਨ੍ਹੇਰਾ ਕੋਸ਼ਿਸ਼ ਕਰਦਾ ਹੈ ਆਉਣ ਨੂੰ। ਪਹਿਲੀ ਪਰਾ ਬਾਣੀ 'ਚੋਂ ਨਿਕਲ ਆਇਆ ਸੱਚ, ਪਸੰਤੀ ਬਾਣੀ 'ਚ ਆ ਗਿਆ। ਪਸੰਤੀ ਬਾਣੀ

'ਚ ਸੱਚ ਬੋਲ ਪਿਆ ਕਿ ਮੈਂ ਤਾਂ ਚੋਰੀ ਕਰਦਾ ਹਾਂ, ਧਾੜੇ ਮਾਰਦਾ ਹਾਂ, ਡਾਕੇ ਮਾਰਦਾ ਹਾਂ, ਉਹਦੇ ਲੰਗਰ ਚਲਾਉਂਦਾ ਹਾਂ। ਜਿਹੜੀ ਮੇਰੀ ਆਪਣੀ ਕਮਾਈ ਹੈ, ਜ਼ਮੀਨਾਂ ਜਾਇਦਾਦਾਂ ਦੀ ਉਹ ਤਾਂ ਮੈਂ ਕਦੇ ਵਰਤੀ ਨਹੀਂ ਹੈ। ਮੈਂ ਤਾਂ ਪੈਸਾ ਓਹੀ ਵਰਤਦਾ ਹਾਂ ਜਿਹੜਾ ਵਾਧੂ ਆਉਂਦਾ ਹੈ ਮੇਰੇ ਕੋਲ। ਖਿਆਲ ਆਇਆ ਕਿ ਦਸ ਦੇਵਾਂ ਕਿ ਨਾ ਦਸਾਂ। ਐਨੇ ਨੂੰ ਕਰਦੇ-ਕਰਦੇ ਮਧਮਾ ਬਾਣੀ 'ਚ ਗੱਲ ਪਹੁੰਚ ਗਈ, ਮਧਮਾ ਬਾਣੀ 'ਚ ਆ ਕੇ ਗੱਲ ਬਦਲਣੀ ਸ਼ੁਰੂ ਹੋ ਜਾਂਦੀ ਹੈ। ਦੋ ਬਾਣੀਆਂ ਤਾਂ ਸੱਚ ਬੋਲਦੀਆਂ ਨੇ, ਪਰਾ ਬਾਣੀ ਤੇ ਪਸੰਤੀ ਬਾਣੀ 'ਚ ਦੁਨੀਆਂ ਦਾ ਕੋਈ ਬੰਦਾ ਝੂਠ ਨਹੀਂ ਬੋਲ ਸਕਦਾ।

ਆਹ ਜਿਹੜਾ ਲਇ ਦਇਟਇਚਟੋਰ ਹੈ ਉਹਦੇ ਸਾਮ੍ਹਣੇ ਖੜ੍ਹਾ ਕਰਕੇ ਪੁੱਛ ਲੈਂਦੇ ਨੇ ਕਿ ਤੂੰ ਚੋਰੀ ਕਰੀ, ਤੂੰ ਆਹ ਬੰਦਾ ਮਾਰਿਆ, ਤੂੰ ਰਿਸ਼ਵਤ ਲਈ, ਅੰਦਰਲੀ ਆਵਾਜ਼ ਆਉਂਦੀ ਹੈ ਕਿ ਹਾਂ ਮੈਂ ਲਈ। ਲੇਕਿਨ ਜਿਹੜੀ ਗਲਤ ਜ਼ੁਬਾਨ ਹੁੰਦੀ ਹੈ ਉਥੇ ਆ ਕੇ ਉਹ ਸੱਚ ਸਾਰਿਆਂ ਦੇ ਨਾਲ ਰਲ ਜਾਂਦਾ ਹੈ ਤੇ ਝੂਠ ਦੀ ਸ਼ਕਲ ਅਖਤਿਆਰ ਕਰ ਲੈਂਦਾ ਹੈ। ਜਦੋਂ ਜੀਭ 'ਤੇ ਆਉਂਦਾ ਹੈ ਤਾਂ ਕਹਿੰਦਾ ਹੈ ਨਾ ਜੀ ਕੌਣ ਕਹਿੰਦਾ ਹੈ ਮੈਂ ਰਿਸ਼ਵਤ ਲਈ ਹੈ। ਮੈਂ ਤਾਂ ਕਦੇ ਇਸ ਰਸਤੇ ਹੀ ਨਹੀਂ ਪਿਆ। ਹੇਠਲੀਆਂ ਦੋ ਬਾਣੀਆਂ 'ਚ ਪ੍ਰਤੱਖ ਆ ਰਿਹਾ ਹੈ। ਲੇਕਿਨ ਉਪਰਲੇ ਪਾਸੇ ਆ ਕੇ, ਬੈਖਰੀ ਬਾਣੀ 'ਚ ਆ ਕੇ ਬੰਦੇ ਨੇ ਝੂਠ ਬੋਲ ਦਿਤਾ। ਸਾਰੀ ਦੁਨੀਆਂ ਹੀ ਇਸ ਤਰ੍ਹਾਂ ਕਰਦੀ ਹੈ।

ਪਰ ਭੂਮੀਆ ਅੱਜ ਸੱਚ ਦੇ ਸੂਰਜ ਦੇ ਸਾਮ੍ਹਣੇ ਬੈਠਾ ਹੈ ਤੇ ਮੱਸਿਆ ਦੀ, ਕੂੜਵਾਦੀ ਬਿਰਤੀ ਹੈ ਜਿਹੜੀ ਉਹ ਸਾਮ੍ਹਣੇ ਨਹੀਂ ਆ ਰਹੀ। ਪਾਰ ਕਰ ਆਈ ਮਧਮਾ ਬਾਣੀ ਦਾ ਘੇਰਾ ਤੇ ਜ਼ੁਬਾਨ ਦੇ ਉਤੇ ਬੈਖਰੀ ਦੇ ਉਤੇ ਆ ਚੜ੍ਹੀ। ਹੁਣ ਕੁਛ ਬੋਲ ਨਹੀਂ ਹੁੰਦਾ ਸੱਚ ਤੋਂ ਬਗੈਰ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਸੱਚ-ਸੱਚ ਦਸਦਾ ਹਾਂ ਉਹ ਇਹ ਹੈ ਕਿ ਮੈਂ ਲੰਗਰ ਤਾਂ ਚਲਾਉਂਦਾ ਹਾਂ, ਪਰ ਮੈਂ ਜਿਨ੍ਹਾਂ ਕੋਲ ਵਾਧੂ ਹੁੰਦਾ ਹੈ ਉਨ੍ਹਾਂ ਤੋਂ ਖੋਂਹਦਾ ਹਾਂ। ਉਹ ਦਾਨ ਤਾਂ ਕਰਦੇ ਨਹੀਂ ਹਨ ਤੇ ਮੈਂ ਉਨ੍ਹਾਂ ਅਮੀਰ ਬੰਦਿਆਂ ਤੋਂ ਖੋਹ ਲੈਂਦਾ ਹਾਂ। ਉਨ੍ਹਾਂ ਨੇ ਬੇਈਮਾਨੀਆਂ, ਠੱਗੀਆਂ ਕੀਤੀਆਂ ਹੁੰਦੀਆਂ ਨੇ, ਕਿਸੇ ਨੇ ਵਿਆਜ ਵੱਧ ਲਾਏ ਹੁੰਦੇ ਨੇ, ਕਿਸੇ ਨੇ ਵਟਾਈ ਗਲਤ ਕੀਤੀ ਹੁੰਦੀ ਹੈ। ਕਿਸੇ ਨੇ ਕੁਛ ਕਿਸੇ ਨੇ ਕੁਛ। ਉਨ੍ਹਾਂ ਤੋਂ ਮੈਂ ਖੋਹ ਕੇ ਮਹਾਰਾਜ ਲੰਗਰ ਚਲਾਉਂਦਾ ਹਾਂ।

ਮਹਾਰਾਜ ਕਹਿੰਦੇ, ਫੇਰ ਤੂੰ ਚੋਰੀ ਦਾ ਲੰਗਰ ਚਲਾਉਂਦਾ ਹੈਂ ਨਾ? ਜਿਹੜਾ ਚੋਰੀ ਦਾ ਤੂੰ ਦਾਨ ਕਰਦਾ ਹੈਂ -

***ਚੋਰੁ ਕੀਆ ਚੰਗਾ ਕਿਉ ਹੋਇ ॥*** ***ਅੰਗ - 662***

ਤੂੰ ਆਪਣੀ ਕਮਾਈ 'ਚੋਂ ਤਾਂ ਦਿੰਦਾ ਨਹੀਂ ਹੈਂ। ਫੇਰ ਜਿਹੜੇ ਸਾਧੂ ਚੋਰੀ ਦਾ ਧਾਨ ਖਾਂਦੇ ਨੇ, ਉਨ੍ਹਾਂ ਦੇ ਪੇਟ ਦੇ ਵਿਚ ਤਾਂ ਸਿੱਕੇ ਜਾ ਰਹੇ ਨੇ, ਸਟੀਲ ਦੇ ਚਨੇ ਜਾ ਰਹੇ ਨੇ, ਉਹ ਹਜ਼ਮ ਕਿਵੇਂ ਕਰਨਗੇ, ਉਨ੍ਹਾਂ ਦੀ

ਬੁੱਧੀ ਭ੍ਰਿਸ਼ਟ ਹੋ ਜਾਏਗੀ। ਇਹ ਤੂੰ ਭੂਮੀਆ! ਪੁੰਨ ਕਰਦਾ ਹੈਂ ਕਿ ਪਾਪ ਕਰਦਾ ਹੈਂ? ਇਹ ਪੁੰਨ ਨਹੀਂ ਹੈ, ਭੁਲੇਖਾ ਨਾ ਖਾਹ। ਪਾਪ ਦੀ ਕਮਾਈ ਨਾਲ ਕੀਤਾ ਹੋਇਆ ਪੁੰਨ, ਪੁੰਨ ਨਹੀਂ ਬਣਿਆ ਕਰਦਾ। ਇਹਦਾ ਫਲ ਨਹੀਂ ਤੈਨੂੰ ਮਿਲਣਾ ਜਿਹੜਾ ਤੂੰ ਚਾਹੁੰਦਾ ਹੈਂ। ਇਹਦਾ ਫਲ ਹੋਰ ਮਿਲਣਾ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਕਿਥੋਂ ਭਾਲਦੈਂ ਤੂੰ ਦਾਖ ਬਿਜੌਰੀਆਂ,***
***ਕਿੱਕਰਾਂ ਦੇ ਬੀਜ ਬੀਜ ਕੇ।***

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ – 1379***

ਕਹਿਣ ਲੱਗੇ, ਭੂਮੀਆਂ! ਇੱਕ ਗੱਲ ਦਸ ਬਈ ਤੂੰ ਕਿਸਾਨ ਬੰਦਾ ਹੈਂ। ਇਹ ਦੱਸ ਕਿ ਜਦ ਛੋਲਿਆਂ ਦਾ ਬੀਜ ਬੀਜਦਾ ਹੈਂ ਇਹ ਕਦੇ ਕਣਕ ਵੀ ਬਣ ਜਾਇਆ ਕਰਦੀ ਹੈ? ਕਹਿੰਦਾ, ਨਾ ਮਹਾਰਾਜ ਕਣਕ ਤਾਂ ਨਹੀਂ ਬਣਦੀ। ਫੇਰ ਓਹੀ ਚੀਜ਼ ਰਹਿੰਦੀ ਹੈ ਨਾ ਜਿਹਦਾ ਤੂੰ ਬੀਜ ਬੀਜਦਾ ਹੈਂ?

ਸੋ ਕੁਦਰਤ ਦਾ ਅਸੂਲ ਸਾਡੇ ਉਤੇ ਵੀ ਲਾਗੂ ਹੁੰਦਾ ਹੈ –

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ – 134***

ਹਲਾਲ ਤਾਂ ਬਣ ਨਹੀਂ ਸਕਦਾ ਹਰਾਮ ਮਾਰਿਆ ਹੋਇਆ।

ਸੋ ਇਸ ਤਰ੍ਹਾਂ ਦੇ ਨਾਲ ਧੋਖੇ ਰਿਸ਼ਵਤਾਂ, ਠੱਗੀਆਂ ਕਰਕੇ ਜੇ ਤੂੰ ਦਾਨ ਕਰਦਾ ਹੈਂ ਇਹ ਕਿਵੇਂ ਪੁੰਨ ਬਣ ਜਾਣਗੇ, ਇਹ ਤਾਂ ਪਾਪ ਹੀ ਫਲਣਗੇ। ਪਾਪ ਕੀਤਾ ਹੋਇਆ ਹੋਰ ਫੈਲ ਜਾਏਗਾ ਉਥੇ। ਪੁੰਨ ਦਾ ਕਰਿਆ ਹੋਇਆ ਹੋਰ ਫੈਲ ਜਾਏਗਾ, ਪੁੰਨ ਬਣ ਕੇ। ਸੋ ਇਹ ਜਿਹੜਾ ਤੂੰ ਕਰਦਾ ਹੈਂ, ਇਹ ਤੂੰ ਲੇਖ ਲਿਖਣੇ ਸ਼ੁਰੂ ਕਰੇ ਹੋਏ ਨੇ। ਲੰਗਰ ਚਲਾਉਂਦਾ ਹੈਂ, ਛਕਣ ਵਾਲੇ ਛਕ ਜਾਂਦੇ ਨੇ ਤੇ ਪਾਪ ਦਾ ਅੰਨ੍ਹ ਦਾ ਲੰਗਰ ਚਲਾਉਂਦਾ ਹੈਂ, ਉਨ੍ਹਾਂ ਦੀਆਂ ਬਿਰਤੀਆਂ ਵੀ ਖਰਾਬ ਹੋ ਜਾਂਦੀਆਂ ਨੇ। ਉਨ੍ਹਾਂ ਦਾ ਭਜਨ ਜਿਹੜਾ ਉਹ ਕਰਦੇ ਨੇ ਉਹਦਾ ਰਸ ਜਾਂਦਾ ਰਹਿੰਦਾ ਹੈ। ਬਾਕੀ ਜਿਹੜੇ ਤੂੰ ਕਰਮ ਕਰਦਾ ਹੈਂ, ਇਹ ਫੇਰ ਭੋਗਣੇ ਤੈਨੂੰ ਪੈਣੇ ਨੇ। ਉਨ੍ਹਾਂ ਨੂੰ ਤਾਂ ਸਜ਼ਾ ਐਨੀਓ ਮਿਲਦੀ ਹੈ ਕਿ ਮਾੜਾ ਅੰਨ੍ਹ ਖਾ ਕੇ ਮਨ ਦੀ ਬਿਰਤੀ ਹਿੱਲ ਜਾਂਦੀ ਹੈ। ਕੋਈ ਰੋਗ ਆ ਜਾਂਦੇ ਨੇ, ਵਿਘਨ ਆ ਜਾਂਦੇ ਨੇ, ਸਰੀਰ ਦਾ ਸਵਸਥ ਵਿਗੜ ਜਾਂਦਾ ਹੈ। ਭਜਨ ਬੰਦਗੀ ਕਰਨ ਵਾਲੇ ਮਨ ਦੇ ਵਿਚ ਦੋਸ਼ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਨੇ। ਪਰ ਬਈ ਪਿਆਰਿਆ, ਤੈਨੂੰ ਤਾਂ ਫੇਰ ਇਹਦਾ ਲੇਖਾ ਦੇਣਾ ਪੈਣਾ ਹੈ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ–

***ਧਾਰਨਾ – ਤੈਨੂੰ ਪੈਣਗੇ ਭੋਗਣੇ ਸਾਰੇ, ਚੰਗੇ ਮੰਦੇ ਲੇਖ ਬੰਦਿਆ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***
***ਅੰਗ – 433***

ਕਹਿਣ ਲੱਗੇ, ਪ੍ਰੇਮੀਆਂ! ਆਦਮੀ ਦਾ ਹਰ ਕਰਮ ਚਾਹੇ ਉਹ ਚੰਗਾ ਹੈ, ਚਾਹੇ ਮਾੜਾ ਹੈ, ਚਾਹੇ ਖੁਸ਼ੀਆਂ ਦੇਣ ਵਾਲਾ ਹੈ ਦੂਸਰਿਆਂ ਨੂੰ, ਚਾਹੇ ਦੁਖ ਦੇਣ ਵਾਲਾ ਹੈ। ਚਾਹੇ ਖੋਹ-ਖਿੰਝ ਕਰਨ ਵਾਲਾ ਹੈ, ਚਾਹੇ ਦਾਨ ਕਰਨ ਵਾਲਾ ਹੈ। ਦੋਹਾਂ ਦਾ ਲੇਖਾ ਦਰਗਾਹ 'ਚ ਜਾ ਕੇ ਹੋਇਆ ਕਰਦਾ ਹੈ ਤੇ ਉਹਦਾ ਬਦਲਾ ਵੀ ਦੇਣਾ ਪਿਆ ਕਰਦਾ ਹੈ। ਕਹਿੰਦੇ ਏਧਰੋਂ ਕਰ ਲੈ ਦੂਜੇ ਪਾਸੇ ਤੈਨੂੰ ਮਿਲ ਜਾਏਗਾ। ਦੇਣਾ ਪੈਣਾ ਹੈ, ਵਾਹਿਗੁਰੂ ਦੇ ਘਰ ਵਿਚ ਕੋਈ ਐਸੀ ਚੀਜ਼ ਨਹੀਂ ਹੈ ਕਿ ਲੇਖੇ ਤੋਂ ਬਗੈਰ ਕੋਈ ਛੁਟ ਜਾਵੇ। ਲੇਖਾ ਤਾਂ ਦੇਣਾ ਹੀ ਪੈਂਦਾ ਹੈ ਹਰੇਕ ਨੂੰ। ਚਾਹੇ ਕਿੰਨਾ ਹੀ ਸਮਾਂ ਲਗ ਜਾਵੇ।

ਧ੍ਰਿਤਰਾਸ਼ਟਰ ਜੋ ਕੌਰਵਾਂ ਦਾ ਪਿਤਾ ਸੀ, ਜਦੋਂ ਮਹਾਂਭਾਰਤ ਦਾ ਯੁੱਧ ਹੋਇਆ ਤਾਂ ਸੌ ਪੁੱਤਰ ਉਹਦਾ ਮਰ ਗਿਆ, ਉਸ ਵੇਲੇ ਬੜਾ ਅਫਸੋਸ ਹੋਇਆ ਉਹਦੇ ਮਨ ਦੇ ਅੰਦਰ, ਨੇਤਰਾਂ ਤੋਂ ਅੰਨ੍ਹਾ ਸੀ। ਸਾਰੀਆਂ ਜਿੰਨੀਆਂ ਨੂੰਹਾਂ ਸੀ ਸਾਰੀਆਂ ਵਿਧਵਾ ਹੋ ਗਈਆਂ, ਬੱਚੇ ਯਤੀਮ ਹੋ ਗਏ, ਰਾਜ ਭਾਗ ਜਾਂਦਾ ਰਿਹਾ। ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਪਾਂਡਵਾਂ ਨੂੰ ਕਿਹਾ ਕਿ ਦੇਖੋ, ਯੁੱਧ ਤਾਂ ਹੋ ਗਿਆ ਸਮਾਪਤ, ਹੁਣ ਆਪਾਂ ਇਨਸਾਨ ਵੀ ਹਾਂ। ਇਨਸਾਨੀਅਤ ਦਾ ਫਰਜ਼ ਹੈ ਕਿ ਦੁਖੀ ਦੀ ਸਾਰ ਲਵੇ ਤੇ ਜਿੱਤ ਤਾਂ ਆਪਾਂ ਲਿਆ ਉਸ ਨੂੰ, ਹੁਣ ਉਹਦੀ ਸਾਰ ਲਈਏ, ਉਹਦੀ ਪਰਚੌਣੀ ਕਰੀਏ, ਉਹਦੇ ਪੁੱਤਰ ਮਰ ਚੁੱਕੇ ਨੇ। ਆਪਾਂ ਜਾ ਕੇ ਕੋਈ ਹਮਦਰਦੀ ਦੀ ਗੱਲਬਾਤ ਕਰੀਏ। ਕੋਈ ਸਹਾਰੇ ਦੀ ਆਸ ਦੇਈਏ, ਕੋਈ ਉਹਦੇ ਗੁਜ਼ਾਰੇ ਦਾ ਪ੍ਰਬੰਧ ਕਰੀਏ ਜਿਹਦੇ ਨਾਲ ਉਹਦਾ ਪਰਿਵਾਰ ਚੰਗੀ ਤਰ੍ਹਾਂ ਰੋਟੀ ਖਾ ਸਕੇ। ਵੈਰ ਨਹੀਂ ਰੱਖਣਾ ਹੈ, ਕਿਉਂਕਿ ਵੈਰ ਜਿਹੜੀ ਚੀਜ਼ ਦਾ ਉਹ ਜਾਂਦਾ ਰਿਹਾ। ਫੈਸਲੇ ਹੋ ਗਏ, ਹੁਣ ਵੈਰ ਨਹੀਂ ਅੱਗੇ ਰੱਖਣਾ। ਸੋ ਕ੍ਰਿਸ਼ਨ ਮਹਾਰਾਜ ਪ੍ਰੇਰ ਕੇ ਸਾਰਿਆਂ ਨੂੰ ਲੈ ਆਏ। ਜਿਸ ਵਕਤ ਯੁਧਿਸ਼ਟਰ ਦੇ ਸਾਮ੍ਹਣੇ ਬੈਠੇ ਸੀ ਸਾਰੇ, ਉਸ ਵੇਲੇ ਕ੍ਰਿਸ਼ਨ ਮਹਾਰਾਜ ਨੇ ਬਚਨ ਚਲਾਇਆ ਕਹਿਣ ਲੱਗੇ, ਮਹਾਰਾਜ! ਯੁੱਧ ਹੋਇਆ ਕਿਸੇ ਤਰ੍ਹਾਂ ਹੋਇਆ। ਕਿਸੇ ਦਾ ਕਸੂਰ ਸੀ, ਕਿਸੇ ਦਾ ਨਹੀਂ ਸੀ। ਇਹ ਯੁੱਧ ਹੋਣਾ ਹੀ ਹੋਣਾ ਸੀ, ਇਸੇ ਤਰ੍ਹਾਂ ਹੋਣਾ ਸੀ ਹੋ ਗਿਆ। ਪਰ ਇਨਸਾਨ ਹਾਂ ਤੁਸੀਂ ਅਸੀਂ ਸਾਰੇ। ਤੁਹਾਡੇ ਮਨ ਦੇ ਉਤੇ ਬੜੀ ਭਾਰੀ ਸੱਟ ਲੱਗੀ ਹੋਈ ਹੈ। ਤੁਹਾਡਾ ਸੌ ਪੁੱਤਰ ਇਸ ਯੁੱਧ ਦੇ ਅੰਦਰ ਮਾਰਿਆ ਗਿਆ ਤੇ ਤੁਸੀਂ ਫਿਕਰ ਨਾ ਕਰੋ, ਪੁੱਤਰ ਤਾਂ ਅਸੀਂ ਵਾਪਸ ਨਹੀਂ ਲਿਆ ਸਕਦੇ ਪਰ ਇਹ ਹੈ ਕਿ ਜਿਸ ਹਾਲਤ 'ਚ, ਜਿਹੋ ਜਿਹੇ ਮਹਿਲ ਵਿਚ ਤੁਸੀਂ ਜਿੰਨੇ ਖਰਚ ਨਾਲ ਤੁਸੀਂ ਰਹਿੰਦੇ ਓਂ, ਐਨਾ ਖਰਚ ਤੁਹਾਨੂੰ ਪੂਰੀ ਜ਼ਿੰਦਗੀ ਮਿਲਦਾ ਰਹੇਗਾ। ਬੱਚਿਆਂ ਦੀ ਪਾਲਣਾ ਹੋਏਗੀ, ਪੜ੍ਹਾਏ ਲਿਖਾਏ ਜਾਣਗੇ। ਸਭ ਕੁਛ ਜੋ ਪਰਿਵਾਰ ਆ ਰਿਹਾ ਹੈ ਤੁਹਾਡਾ, ਉਹਨੂੰ ਸਹੂਲਤਾਂ ਹੀ ਸਹੂਲਤਾਂ ਹੋਣਗੀਆਂ। ਲੇਕਿਨ ਅਸੀਂ ਜੋ ਮਾਰੇ ਜਾ ਚੁੱਕੇ ਹਨ ਉਨ੍ਹਾਂ ਨੂੰ ਵਾਪਸ ਨਹੀਂ ਲਿਆ ਸਕਦੇ ਤੇ ਜ਼ਿੰਦਗੀ ਦਾ ਜੋ ਵਹਾਓ ਹੈ ਉਹਦੇ ਵਾਸਤੇ ਤੁਹਾਡੀ ਕੁਝ ਸਹਾਇਤਾ ਅਸੀਂ ਕਰਾਂਗੇ।

ਕਾਫੀ ਦੇਰ ਚੁੱਪ ਰਹੇ ਬੋਲਿਆ ਨਾ, ਅਖੀਰ ਬੋਲਿਆ, ਕਹਿਣ ਲੱਗਿਆ, ਭਗਵਾਨ! ਪੁੱਤਰ ਮੇਰੇ ਯੁੱਧ ਦੇ ਵਿਚ ਸ਼ਹੀਦ ਹੋਏ, ਵੀਰ ਗਤੀ ਨੂੰ ਪ੍ਰਾਪਤ ਹੋਏ ਨੇ, ਸ਼ਾਸਤਰ ਦਾ ਨੇਮ ਇਹ ਹੈ ਕਿ ਜਿਹੜਾ ਸਨਮੁਖ ਹੋ ਕੇ ਸ਼ਹੀਦ ਹੁੰਦਾ ਹੈ ਉਸ ਸਵਰਗ ਲੋਕ 'ਚ ਜਾ ਕੇ ਬੜੀ ਦੇਰ ਤੱਕ ਸੁੱਖ ਭੋਗਦਾ ਹੈ। ਫੇਰ ਉਸਨੂੰ ਜਨਮ ਮਿਲਿਆ ਕਰਦਾ ਹੈ ਵਾਪਸ। ਸੋ ਮੇਰੇ ਪੁੱਤਰ ਸਾਰੇ ਸਵਰਗ ਵਿਚ ਵਾਸਾ ਪਾ ਚੁੱਕੇ ਨੇ। ਏਸ ਕਰਕੇ ਉਨ੍ਹਾਂ ਨੇ ਅੱਜ ਨਹੀਂ ਸੀ ਜਾਣਾ, ਕੱਲ੍ਹ ਨੂੰ ਚਲੇ ਜਾਂਦੇ, ਕੱਲ੍ਹ ਨੂੰ ਨਹੀਂ ਸੀ ਜਾਣਾ ਫੇਰ ਚਲੇ ਜਾਂਦੇ। ਜਾਣਾ ਤਾਂ ਸਭ ਨੇ ਹੀ ਹੈ, ਏਥੇ ਤਾਂ ਕੋਈ ਰਹਿੰਦਾ ਹੀ ਨਹੀਂ ਸੰਸਾਰ ਦੇ ਅੰਦਰ। ਪਰ ਮੇਰੇ ਮਨ ਦੇ ਵਿਚ ਇੱਕ ਸੰਸਾ ਬੜਾ ਜ਼ਬਰਦਸਤ ਹੈ ਜਿਹੜਾ ਮੈਨੂੰ ਦੁਖ ਦਿੰਦਾ ਹੈ।

ਕਹਿਣ ਲੱਗੇ, ਉਹ ਦੱਸੋ?

ਕਹਿੰਦੇ ਮਹਾਰਾਜ! ਮੈਂ ਬੜਾ ਦੇਖਿਆ ਹੈ, ਕਿਉਂਕਿ ਮੈਂ ਜਮਾਂਦਰੂ ਨੇਤਰਹੀਣ ਹਾਂ ਤੇ ਕੁਦਰਤ ਨੇ ਮੇਰੇ ਅੰਦਰਲੇ ਨੇਤਰ ਖੋਲ੍ਹੇ ਹੋਏ ਨੇ, ਜਿਹਦੇ ਨਾਲ ਮੈਨੂੰ ਬੜਾ ਕੁਛ ਨਜ਼ਰ ਆਉਂਦਾ ਹੈ। ਮਾਂ ਦੇ ਪੇਟ ਵਿਚ ਸੌ ਜਨਮ ਨਜ਼ਰ ਆਉਂਦਾ ਸੀ ਤੇ ਮੈਨੂੰ ਸੌ ਜਨਮ ਦਾ ਗਿਆਨ ਹੁਣ ਵੀ ਹੈ ਤੇ ਮੈਂ ਇਕੱਲਾ-ਇਕੱਲਾ ਜਨਮ ਦੇਖ ਲਿਆ ਕਿ ਮੈਂ ਕਿਹੜੇ ਜਨਮ 'ਚ ਕਿਹੜਾ ਕੰਮ ਕੀਤਾ ਸੀ। ਐਸਾ ਮੈਂ ਕੋਈ ਕੰਮ ਨਹੀਂ ਸੀ ਅੱਜ ਤੱਕ ਕੀਤਾ ਜਿਹਦਾ ਮੈਨੂੰ ਇਹ ਫਲ ਲਗਦਾ ਕਿ ਮੇਰੇ ਪੁੱਤਰ ਮੇਰੀਆਂ ਅੱਖਾਂ ਦੇ ਸਾਮ੍ਹਣੇ ਮਾਰੇ ਜਾਂਦੇ।

ਕ੍ਰਿਸ਼ਨ ਮਹਾਰਾਜ ਨੇ ਕਿਹਾ, ਰਾਜਨ! ਪ੍ਰਮੇਸ਼ਰ ਦਾ ਨਿਯਮ ਜੋ ਹੈ ਉਹ ਅਟੱਲ ਹੈ। ਉਹ –

***ਭੋਗਹਿ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਪਹਿਲਾਂ ਬੀਜ ਲਓ ਫੇਰ ਭੋਗਣਾ ਪੈਂਦਾ ਹੈ। ਚਾਹੇ ਚੰਗਾ ਬੀਜ ਲਓ, ਚਾਹੇ ਮੰਦਾ ਬੀਜ ਲਓ। ਕਹਿਣ ਲੱਗੇ, ਮਹਾਰਾਜ! ਮੈਨੂੰ ਤਾਂ ਦਿਸਿਆ ਨਹੀਂ ਹੈ। ਸੌ ਜਨਮ ਤੱਕ ਮੈਂ ਦੇਖ ਲਿਆ। ਕਹਿੰਦੇ, ਸੱਤ ਜਨਮ ਹੋਰ ਦੇਖ। ਕਹਿੰਦਾ, ਏਸ ਤੋਂ ਅੱਗੇ ਤਾਂ ਮੇਰੀ ਦ੍ਰਿਸ਼ਟੀ ਨਹੀਂ, ਆਪ ਕ੍ਰਿਪਾ ਕਰੋ। ਕ੍ਰਿਪਾ ਕੀਤੀ ਤਾਂ 107ਵੇਂ ਜਨਮ 'ਚ ਕੀ ਦੇਖਦਾ ਹੈ, ਇੱਕ ਰਾਜਾ ਹੈ, ਮਾਸ ਖਾਣ ਦੀ ਰੁਚੀ ਅੰਦਰ ਬੜੀ ਰਹਿੰਦੀ ਹੈ। ਇੱਕ ਦਿਨ ਬਾਵਰਚੀਆਂ ਨੂੰ ਮਾਸ ਨਾ ਮਿਲਿਆ। ਉਹਨੇ ਹੰਸ ਪਾਲੇ ਹੋਏ ਸੀ, ਇੱਕ ਬੱਚਾ ਮਾਰ ਕੇ ਉਨ੍ਹਾਂ ਨੇ ਦੇ ਦਿਤਾ। ਕਹਿੰਦਾ ਆਹ ਤਾਂ ਬੜਾ ਹੀ ਸੁਆਦ ਹੈ, ਰੋਜ਼ ਇਹੀ ਬਣਾਇਆ ਕਰੋ। ਉਹ ਤਿੰਨ ਮਹੀਨੇ 9 ਦਿਨ ਇਹੀ ਬਣਾਉਂਦੇ ਰਹੇ। ਏਨੇ ਨੂੰ ਉਹ ਹੰਸ ਆ ਜਾਂਦੇ ਨੇ, ਉਨ੍ਹਾਂ ਨੇ ਦੇਖਿਆ ਕਿ ਬੱਚਿਆਂ ਨੂੰ ਕੀ ਹੋ ਗਿਆ, ਕਿਧਰ ਚਲੇ ਗਏ। ਇੱਕ ਦਮ ਜਾਣ ਗਏ ਕਿ ਸਾਡੇ ਬੱਚੇ ਇਨ੍ਹਾਂ ਨੇ ਖਾ ਲਏ। ਉਸ ਵੇਲੇ ਮਹਿਲਾਂ ਦੇ ਦੁਆਲੇ ਘੁੰਮਣਾ ਸ਼ੁਰੂ ਕਰ ਦਿਤਾ ਹੰਸਾਂ ਨੇ। ਉਹ ਘੁੰਮਦੇ-ਘੁੰਮਦੇ, ਬੇਹਾਲ ਹੋ ਕੇ

ਗਿਰ ਗਏ। ਇਹਨੇ ਸਾਰਾ ਕੁਛ ਦੇਖ ਲਿਆ, ਕਹਿਣ ਲੱਗੇ, ਕਿਉਂ ਰਾਜਨ! ਉਨ੍ਹਾਂ ਦੇ ਮਾਂ ਬਾਪ ਦੇ ਸਾਮ੍ਹਣੇ ਸੌ ਬੱਚਾ ਖਾਧਾ ਸੀ ਨਾ ਤੂੰ? ਕਹਿੰਦਾ, ਹਾਂ ਦੇਖ ਲਿਆ ਮੈਂ।

ਕਹਿਣ ਲੱਗੇ, ਹੁਣ ਉਸੇ ਤਰ੍ਹਾਂ ਦੇ ਨਾਲ ਤੇਰੇ ਹੀ ਸਾਮ੍ਹਣੇ ਤੇਰਾ ਸੌ ਬੱਚਾ ਮਾਰਿਆ ਗਿਆ। ਜਿੱਡਾ ਦੁਖ ਉਨ੍ਹਾਂ ਨੂੰ ਸੀ, ਓਡਾ ਹੀ ਤੈਨੂੰ ਹੋਇਆ। ਇਹ ਤਾਂ ਭੋਗਣਾ ਹੀ ਪਿਆ, 107 ਜਨਮ ਬਾਅਦ ਭੋਗ ਲਿਆ।

ਕਹਿਣ ਲੱਗਿਆ, ਮਹਾਰਾਜ! ਮੇਰੇ ਨੇਤਰ ਕਿਉਂ ਅੰਨ੍ਹੇ ਨੇ? ਮੈਂ ਕਿਹੜਾ ਕਰਮ ਕਰਿਆ ਹੈ?

104 ਜਨਮ ਦਿਖਾ ਦਿਤਾ। ਬੱਚਿਆਂ ਨਾਲ ਖੇਲ੍ਹਦਾ ਫਿਰਦਾ ਹੈ, ਟਿੱਡਾ ਫੜ ਲਿਆ ਜਿਹੜਾ ਅੱਕ ਦੀ ਡਾਲੀ 'ਤੇ ਬਹਿੰਦਾ ਹੈ ਹਰਾ ਟਿੱਡਾ। ਬੱਚਿਆਂ ਨੇ ਕਿਸੇ ਨੇ ਕੱਚਾ ਧਾਗਾ ਉਸ ਨਾਲ ਬੰਨ੍ਹ ਕੇ ਗੁੱਡੀ ਵਾਂਗਣ ਉਡਾਉਣਾ ਸ਼ੁਰੂ ਕਰ ਦਿਤਾ, ਕਿਸੇ ਨੇ ਕੁਛ ਕਿਸੇ ਨੇ ਕੁਛ। ਸ਼ਰਾਰਤੀ ਹੁੰਦੇ ਨੇ ਬੱਚੇ। ਮਾਂ-ਬਾਪ ਜੇ ਸਮਝਾ ਕੇ ਰੱਖਣ ਤਾਂ ਠੀਕ ਹੈ। ਨਹੀਂ ਤਾਂ ਮਾਂ-ਬਾਪ ਨੂੰ ਦੋਸ਼ ਲੱਗਿਆ ਕਰਦਾ ਹੈ, 5 ਸਾਲ ਦੀ ਉਮਰ ਤੱਕ ਬੱਚਾ ਕੋਈ ਗਲਤ ਕੰਮ ਕਰ ਲਏ, ਉਹਦਾ ਦੋਸ਼ ਮਾਂ ਜਾਂ ਪਿਉ ਨੂੰ ਸਾਂਝਾ ਲਗਦਾ ਹੈ।

ਉਸ ਵੇਲੇ ਏਸ ਨੇ ਕੀ ਕਰਿਆ, ਉਹ ਟਿੱਡਾ ਫੜ ਲਿਆ, ਕੋਈ ਧਾਗਾ ਨਹੀਂ ਬੰਨ੍ਹਿਆ, ਕੋਈ ਹੋਰ ਸ਼ਰਾਰਤ ਨਹੀਂ ਕਰੀ। ਇਹਨੂੰ ਸ਼ਰਾਰਤ ਕੀ ਸੁੱਝੀ, ਵਾੜ ਵਿਚੋਂ ਸੂਲ ਤੋੜ ਲਈ। ਸੂਲ ਤੋੜ ਕੇ ਟਿੱਡੇ ਦੇ ਦੋਹਾਂ ਅੱਖਾਂ ਦੇ ਡੇਲਿਆਂ 'ਚੋਂ ਸਾਰ-ਪਾਰ ਲੰਘਾ ਦਿਤੀ। ਉਪਰ ਨੂੰ ਮਾਰਿਆ, ਤੜਪ-ਤੜਪ ਕੇ ਉਸ ਟਿੱਡੇ ਨੇ ਜਾਨ ਦਿਤੀ।

ਕਹਿਣ ਲੱਗੇ ਕਿਉਂ ਰਾਜਨ! ਦੇਖ ਲਿਆ ਨਾ, ਪ੍ਰਮੇਸ਼ਰ ਦੇ ਦਰ ਦੇ ਉਤੇ ਇਹਦੀ ਵੀ ਫਰਿਆਦ ਪਹੁੰਚਦੀ ਹੈ। ਕੀੜੀ ਦੀ ਵੀ ਪੁਕਾਰ ਪਹੁੰਚਦੀ ਹੈ।

***ਹਾਥੀ ਕੀ ਚਿੰਘਾੜ ਪਲ ਪਾਛੈ ਪਹੁਚਤ ਤਾਹਿ।***
***ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ। ਅਕਾਲ ਉਸਤਤਿ***

ਉਹ ਤਾਂ ਪਹਿਲਾਂ ਹੀ ਸੁਣ ਲੈਂਦਾ ਹੈ ਕੀੜੀ ਦੀ ਪੁਕਾਰ, ਇਹੋ ਜਿਹਾ ਪਾਰਬ੍ਰਹਮ ਪ੍ਰਮੇਸ਼ਰ ਹੈ। ਇਹ ਤੇਰੇ ਲੇਖ ਲਿਖੇ ਗਏ ਦੋਵੇਂ। ਹੁਣ ਤੈਨੂੰ ਭਾਈ ਏਸ ਜਨਮ ਦੇ ਅੰਦਰ ਦੋਹਾਂ ਦਾ ਹੀ ਫਲ ਭੁਗਤਾ ਦਿਤਾ ਗਿਆ।

ਕਹਿਣ ਲੱਗਿਆ, ਮਹਾਰਾਜ! ਮੈਨੂੰ ਪਹਿਲਾਂ ਕਿਉਂ ਨਾ ਭੁਗਤਾਇਆ, ਹੁਣ ਕਿਉਂ ਭੁਗਤਾਇਆ?

ਕਹਿਣ ਲੱਗੇ, ਧ੍ਰਿਤਰਾਸ਼ਟਰ! ਤੇਰੇ ਪੁੰਨ ਹੀ ਬੜੇ ਸੀ ਪਹਿਲੇ ਜਨਮਾਂ ਦੇ, ਉਨ੍ਹਾਂ ਪੁੰਨਾਂ ਨੇ ਵਾਰੀ ਨਹੀਂ ਆਉਣ ਦਿਤੀ, ਪਾਪਾਂ ਦੇ ਫਲ ਭੋਗਣ ਦੀ। 104 ਜਨਮ ਹੋਰ ਇੰਤਜ਼ਾਰ ਕਰਨਾ ਪਿਆ ਤੈਨੂੰ।

ਜਿਸ ਤਰ੍ਹਾਂ ਆਟੇ ਦੀ ਚੱਕੀ ਚਲਦੀ ਹੈ ਜੇ ਇਹਦੇ ਵਿਚ ਕੋਈ ਬਾਜਰਾ ਪੀਸਦਾ ਹੋਵੇ, ਜਾਂ ਹੋਰ ਕੋਈ ਅੰਨ ਜਵਾਰ ਵਗੈਰਾ ਪੀਂਹਦਾ ਹੋਵੇ, ਉਹ ਕਣਕ ਨਹੀਂ ਪਾਉਂਦੇ, ਜਦੋਂ ਤੱਕ ਉਹ ਨਹੀਂ ਮੁੱਕਦਾ। ਮੱਕੀ ਜੇ ਪੀਂਹਦੇ ਨੇ ਮੱਕੀ ਜਿੰਨਾਂ ਚਿਰ ਮੁੱਕਦੀ ਨਹੀਂ ਓਨਾਂ ਚਿਰ ਕਣਕ ਨਹੀਂ ਪਾਉਂਦੇ। ਕਿਉਂਕਿ ਕਣਕ ਦਾ ਆਟਾ ਮੱਕੀ ਦੇ ਆਟੇ 'ਚ ਰਲ ਜਾਏਗਾ, ਜਿਹੜਾ ਚੱਕੀ 'ਚ ਪਿਆ ਹੈ। ਕਹਿੰਦੇ, ਏਸੇ ਤਰ੍ਹਾਂ ਪ੍ਰਮੇਸ਼ਰ ਦਾ ਨੇਮ ਹੈ, ਜੇ ਪੁੰਨਾਂ ਦਾ ਫਲ ਦੇ ਰਿਹਾ ਹੈ, ਪੁੰਨਾਂ ਦੇ ਫਲ ਦੇ ਵਿਚਾਲੇ ਪਾਪਾ ਦਾ ਫਲ ਨਹੀਂ ਦਿੰਦਾ, ਥੋੜ੍ਹਾ ਠਹਿਰਣਾ ਪੈਂਦਾ ਹੈ। ਕੁਛ ਪੁੰਨ ਤਾਂ ਉਹਦੇ ਜੀਉਂਦੇ-ਜੀਉਂਦੇ ਪਾਪਾਂ ਦੇ ਬਦਲੇ ਖਤਮ ਹੋਣੇ ਸ਼ੁਰੂ ਹੋ ਜਾਂਦੇ ਨੇ। ਕਈਆਂ ਦੇ ਪੁੰਨ ਜਿਹੜੇ ਨੇ ਇਸੇ ਜਨਮ 'ਚ ਖਤਮ ਹੋ ਕੇ, ਇੱਥੇ ਹੀ ਸਜ਼ਾ ਮਿਲਣੀ ਸ਼ੁਰੂ ਹੋ ਜਾਂਦੀ ਹੈ। ਕਈਆਂ ਦੇ ਪੁੰਨ ਐਨੇ ਜ਼ਬਰਦਸਤ ਹੁੰਦੇ ਨੇ ਕਈ-ਕਈ ਜਨਮ ਨਹੀਂ ਉਨ੍ਹਾਂ ਨੂੰ ਸਜ਼ਾ ਮਿਲਦੀ। ਲੇਕਿਨ ਇਹ ਨੇਮ ਨਹੀਂ ਟਲਦਾ।

***ਭੋਗੇ ਬਿਨ ਭਾਗਹਿ ਨਹੀ ਕਰਮ ਗਤੀ ਬਲਵਾਨ।***

ਉਹ ਤਾਂ ਕਰਮਾਂ ਦੀ ਗਤੀ ਭੋਗਣੀ ਹੀ ਪੈਣੀ ਹੈ। ਮੱਥੇ 'ਚ ਲੇਖ ਲਿਖਿਆ ਜਾਣਾ ਹੈ, ਲੇਖ ਮਿਟਣਾ ਨਹੀਂ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***

***ਅੰਗ - 937***

ਇਹ ਤਾਂ ਭੋਗਣੇ ਪੈਣੇ ਨੇ। ਸੋ ਮਹਾਰਾਜ ਕਹਿਣ ਲੱਗੇ, ਕਿਉਂ ਭੂਮੀਆਂ ਜਿਹੜੇ ਤੂੰ ਡਾਕੇ ਮਾਰਦਾ ਹੈਂ, ਗਰੀਬਾਂ ਤੋਂ ਖੋਹ ਕੇ ਲਿਆਉਂਦਾ ਹੈਂ, ਇਹ ਦਸ ਕਿ ਉਹ ਰੋਂਦੇ ਨੇ ਬਾਅਦ ਵਿਚ ਕਿ ਹਸਦੇ ਨੇ। ਜੇ ਤੂੰ ਦਸ ਦੇਵੇਂ ਕਿ ਮੈਂ ਸੰਤਾਂ ਨੂੰ ਖੁਆਉਣਾ ਹੈ। ਕਹਿੰਦੇ, ਮਹਾਰਾਜ! ਇਹ ਤਾਂ ਮੈਂ ਕਿਸੇ ਨੂੰ ਅੱਜ ਤੱਕ ਦੱਸਿਆ ਨਹੀਂ। ਅੱਜ ਪਹਿਲਾ ਦਿਨ ਹੈ ਮੇਰਾ ਕਿ ਮੈਂ ਇਹ ਤੁਹਾਡੇ ਕੋਲ ਗੱਲ ਖੋਲ੍ਹੀ ਹੈ। ਲੋਕਾਂ ਨੂੰ ਇਹ ਭਰੋਸਾ ਹੈ ਮੇਰੇ ਉੱਤੇ ਕਿ ਐਡਾ ਦਾਨੀ ਕੋਈ ਨਹੀਂ ਹੈ ਨੇੜੇ ਤੇੜੇ। ਬੜਾ ਦਾਨੀ ਹੈ, ਬੜੇ ਸੰਤਾਂ ਦੀਆਂ ਮੰਡਲੀਆਂ ਇਹਦੇ ਕੋਲ ਰਹਿੰਦੀਆਂ ਨੇ, ਬੜੇ ਕੀਰਤਨ ਕਰਾਉਂਦਾ ਹੈ, ਬੜੇ ਯੱਗ ਕਰਦਾ ਹੈ, ਮੇਰਾ ਤਾਂ ਮਹਾਰਾਜ ਜਸ ਹੀ ਜਸ ਚਲਦਾ ਹੈ ਤੇ ਮੈਂ ਨਹੀਂ ਕਦੇ ਦਸਿਆ ਖਲਾਉਣ ਵੇਲੇ ਕਿ ਮੈਂ ਸਾਧੂਆਂ ਨੂੰ ਖਲਾਉਣਾ ਹੈ। ਮਹਾਰਾਜ ਕਹਿੰਦੇ ਇਸ ਤਰ੍ਹਾਂ ਦੱਸ ਫੇਰ ਉਹ ਖੁਸ਼ ਹੋ ਕੇ ਦਿੰਦੇ ਨੇ ਕਿ ਪਿੱਛੋਂ ਰੋਂਦੇ ਨੇ। ਕਹਿੰਦੇ, ਮਹਾਰਾਜ! ਖੁਸ਼ ਕੀ ਹੋਣਾ ਹੈ, ਕੱਢ ਤਾਂ ਮੈਂ ਸਭ ਕੁਛ ਲਿਆਉਂਦਾ ਹਾਂ ਉਨ੍ਹਾਂ ਦਾ। ਪਿੱਛੋਂ ਤਾਂ ਉਹ ਗਰੀਬ ਰਹਿ ਜਾਂਦੇ ਨੇ ਗਾਲ੍ਹਾਂ ਹੀ ਕੱਢਦੇ ਨੇ, ਹਉਕੇ ਲੈਂਦੇ ਨੇ। ਫੇਰ ਕਹਿੰਦੇ ਪ੍ਰੇਮੀਆਂ! ਹਉਕਿਆਂ ਦਾ ਤਾਂ ਫੇਰ ਲੇਖਾ ਦੇਣਾ ਮੁਸ਼ਕਲ ਹੋ ਜਾਏਗਾ।

***ਧਾਰਨਾ - ਕਾਲੇ ਲੇਖ ਨਾ ਲਿਖੀ ਓਏ ਮਨਾਂ ਮੇਰਿਆ,***
***ਲੇਖਾ ਦੇਣਾ ਔਖਾ ਹੋ ਜਾਏਗਾ।***

***ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥***

*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥*

*ਅੰਗ - 1378*

*ਮਨਮੁਖ ਅਗੈ ਲੇਖਾ ਮੰਗੀਐ ਬਹੁਤੀ ਹੋਵੈ ਮਾਰ ॥*
*ਗੁਰਮੁਖਿ ਪਤਿ ਸਿਉ ਲੇਖਾ ਨਿਬੜੈ ਬਖਸੇ ਸਿਫਤਿ ਭੰਡਾਰ ॥*
*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*
*ਏਨਾ ਜੰਤਾ ਨੋ ਹੋਰ ਸੇਵਾ ਨਹੀ ਸਤਿਗੁਰੁ ਸਿਰਿ ਕਰਤਾਰ ॥*

*ਅੰਗ - 1281*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥* *ਅੰਗ - 315*

*ਖੰਡੇ ਧਾਰ ਗਲੀ ਅਤਿ ਭੀੜੀ ॥*
*ਲੇਖਾ ਲੀਜੈ ਤਿਲ ਜਿਉ ਪੀੜੀ ॥*
*ਮਾਤ ਪਿਤਾ ਕਲਤ੍ਰ ਸੁਤ ਬੇਲੀ ਨਾਹੀ*
*ਬਿਨੁ ਹਰਿ ਰਸ ਮੁਕਤਿ ਨ ਕੀਨਾ ਹੇ ॥*

*ਅੰਗ - 1028*

ਕਹਿਣ ਲੱਗੇ, ਭੂਮੀਆ! ਜਦੋਂ ਫੇਰ ਤੇਰੇ ਤੋਂ ਦਰਗਾਹ ਵਿਚ ਇਨ੍ਹਾਂ ਕਰਮਾਂ ਦਾ ਬਦਲਾ ਲੈਣ ਲੱਗੇ, ਉਸ ਵੇਲੇ ਤੂੰ ਕਿਵੇਂ ਇਸਨੂੰ justify (ਕਿਵੇਂ ਸਫਾਂਈ ਪੇਸ਼ ਕਰੇਂਗਾ) ਕਰੇਂਗਾ?

ਕਹਿਣ ਲੱਗਿਆ, ਮਹਾਰਾਜ! ਮੈਂ ਤਾਂ, ਤਾਂ ਪਾਪ ਕਰਦਾ ਰਿਹਾ ਕਿ ਤੇਰੇ ਸਾਧੂਆਂ ਨੂੰ ਲੰਗਰ ਛਕਾਉਂਨਾ ਹੈ। ਇਹ ਜਿਹੜਾ ਮਾੜਾ ਅੰਨ ਹੈ ਸਾਧੂਆਂ ਦੀ ਬਿਰਤੀ ਵੀ ਖਰਾਬ ਕਰਦਾ ਹੈ, ਇਸ ਦਾ ਮੈਨੂੰ ਪਤਾ ਨਹੀਂ ਸੀ।

ਇੱਕ ਕੋਈ ਬਹੁਤ ਚੰਗੇ ਮਹਾਤਮਾ ਸੀ। ਉਹ ਕਿਸੇ ਰਾਜੇ ਦੇ ਸ਼ਹਿਰ ਵਿਚ ਬੈਠ ਗਏ। ਸਤਿਸੰਗ ਸ਼ੁਰੂ ਹੋ ਗਿਆ, ਸਾਰਾ ਸ਼ਹਿਰ ਉਥੇ ਜਾਇਆ ਕਰਦਾ ਸੀ। ਉਨ੍ਹਾਂ ਦੀ ਮਹਿਮਾ ਦੂਰ-ਦੂਰ ਤੱਕ ਫੈਲ ਗਈ ਤੇ ਰਾਜੇ ਦੇ ਕੰਨਾਂ ਤੱਕ ਵੀ ਪਹੁੰਚੀ, ਰਾਜੇ ਨੇ ਵੀ ਕਿਹਾ ਕਿ ਆਪਾਂ ਵੀ ਸੁਣੀਏ ਜਾ ਕੇ। ਇਹ ਵੀ ਹਾਜ਼ਰ ਹੋ ਜਾਇਆ ਕਰੇ ਗੁਪਤ ਤਰੀਕੇ ਦੇ ਨਾਲ। ਮਨ 'ਚ ਆਇਆ ਕਿ ਸੰਤ ਬਾਹਰ ਰਹਿੰਦੇ ਨੇ, ਕੋਈ ਇਨ੍ਹਾਂ ਕੋਲ ਚੰਗਾ ਟਿਕਾਣਾ ਵੀ ਨਹੀਂ ਹੈ। ਦਰਖਤ ਥੱਲੇ ਹੀ ਆਪਣੇ ਦਿਨ ਕੱਟਦੇ ਨੇ, ਕਿਉਂ ਨਾ ਮੈਂ ਇਨ੍ਹਾਂ ਨੂੰ ਆਪਣੇ ਮਹਿਲ ਵਿਚ ਲੈ ਚੱਲਾਂ।

ਸ਼ਰਧਾਲੂ ਹੋ ਗਿਆ ਤੇ ਸੰਤਾਂ ਦੀ ਸੇਵਾ ਕਰਦਾ ਹੈ, ਬੇਨਤੀ ਕੀਤੀ ਕਿ ਮਹਾਰਾਜ! ਮੇਰੇ ਮਨ ਵਿਚ ਖੁਸ਼ੀ ਤਾਂ ਹੁੰਦੀ ਹੈ ਜੇ ਆਪ ਕ੍ਰਿਪਾ ਕਰਕੇ ਆਪ ਰਾਜ-ਮਹਿਲਾਂ ਵਿਚ ਚਰਨ ਪਾਓਂ ਤੇ ਉਥੇ ਨਿਵਾਸ ਕਰ ਲਓਂ, ਉਥੇ ਸਤਿਸੰਗ ਕਰਨ ਵਾਸਤੇ ਬੜੀਆਂ ਹੀ ਸੁਵਿਧਾਵਾਂ ਨੇ। ਜਲ

ਪਾਣੀ ਮਿਲਦਾ ਹੈ, ਸ਼ਾਮਿਆਨੇ ਲੱਗੇ ਹੋਣਗੇ। ਹਰ ਚੀਜ਼ ਦੀ ਸੁਵਿਧਾ ਹੋਏਗੀ, ਸ਼ੁੱਧ ਥਾਂ ਹੋਏਗਾ ਤੇ ਰਾਣੀਆ ਵਗੈਰਾ ਵੀ ਸਤਿਸੰਗ ਸੁਣ ਲੈਣਗੀਆਂ, ਬੜੀਆਂ ਅਮੀਰ ਪੜਦੇਦਾਰ ਜਿਹੜੀਆਂ ਬੀਬੀਆਂ ਨੇ, ਉਹ ਵੀ ਆਪ ਦੇ ਸਤਿਸੰਗ ਸੁਣ ਲੈਣਗੀਆਂ। ਸੋ ਜਨਤਾ ਦਾ ਬੜਾ ਭਲਾ ਹੋਏਗਾ, ਕ੍ਰਿਪਾ ਕਰਕੇ ਤੁਸੀਂ ਮੇਰੀ ਬੇਨਤੀ ਪ੍ਰਵਾਨ ਕਰੋ। ਮਹਾਤਮਾ ਨੇ ਪਰਉਪਕਾਰ ਵਸ ਹੋ ਕੇ ਬੇਨਤੀ ਪ੍ਰਵਾਨ ਕਰ ਲਈ। ਸ਼ਰਧਾਲੂ ਬਹੁਤ ਹੋ ਚੁੱਕਿਆ ਸੀ, ਆਪ ਦੇ ਵਿਸਰਾਮ ਕਮਰੇ ਦੇ ਬਰਾਬਰ ਦੇ ਕਮਰੇ 'ਚ ਓਸਨੂੰ ਜਗ੍ਹਾ ਦੇ ਦਿਤੀ। ਲੇਕਿਨ ਜੋ ਬਾਥਰੂਮ ਸੀ ਦੋਹਾਂ ਦਾ ਸਾਂਝਾ ਸੀ। ਕਾਫੀ ਸਮਾਂ ਜਦ ਲੰਘ ਚੁੱਕਿਆ। ਓਸ ਵੇਲੇ ਇੱਕ ਦਿਨ ਰਾਣੀ ਪਹਿਲਾਂ ਇਸ਼ਨਾਨ ਕਰਨ ਚਲੀ ਗਈ। ਕਿਉਂਕਿ ਅੰਮ੍ਰਿਤ ਵੇਲੇ ਉੱਠਣ ਦੀ ਆਦਤ ਪੈ ਗਈ ਸੀ। ਜਿੱਥੇ ਸਾਧੂ ਹੁੰਦੇ ਨੇ ਉਹ ਨਾ ਆਪ ਸੌਣ ਤੇ ਨਾ ਕਿਸੇ ਨੂੰ ਪੈਣ ਦੇਣ, ਸਦਾ ਹੀ ਕਹਿੰਦੇ ਰਹਿਣਗੇ, ਉੱਠ ਭਾਈ ਮਨੁੱਖਾ ਜਨਮ ਬੜੀ ਮੁਸ਼ਕਲ ਦੇ ਨਾਲ ਤੈਨੂੰ ਪ੍ਰਾਪਤ ਹੋਇਆ ਹੈ। ਤੂੰ ਲਾਹਾ ਲੈ ਲੈ ਇਸਦਾ ਕਿਤੇ ਐਸਾ ਨਾ ਹੋਵੇ ਤੂੰ ਜਗਤ ਤੋਂ ਖਾਲੀ ਜਾਵੇਂ। ਫੇਰ ਦਰਗਾਹ 'ਚ ਜਾ ਕੇ ਤੈਨੂੰ ਹਾਰ ਹੋ ਜਾਵੇ। ਸੋ ਪ੍ਰੇਰਨਾ ਕਰ-ਕਰ ਕੇ ਉਨ੍ਹਾਂ ਨੂੰ ਵੀ ਉਠਾਉਣ ਆ ਗਿਆ। ਰਾਣੀ ਪਹਿਲਾਂ ਉੱਠ ਖੜ੍ਹੀ ਤੇ ਉੱਠ ਕੇ ਉਹਨੇ ਇਸ਼ਨਾਨ ਕਰਿਆ, ਨੌਂ ਲੱਖਾ ਹਾਰ ਜੋ ਉਹਦੇ ਕੋਲ ਸੀ ਪਾਇਆ ਹੋਇਆ, ਉਸੇ ਤਰ੍ਹਾਂ ਸੌਂ ਗਈ ਸੀ ਤੇ ਉਹਨੇ ਇਸ਼ਨਾਨ ਕਰਨ ਵੇਲੇ ਅੰਦਰ ਰੱਖ ਦਿਤਾ, ਖੂੰਟੀ ਨਾਲ ਟੰਗ ਕੇ। ਉਸ ਤੋਂ ਬਾਅਦ ਸੰਤਾਂ ਦੀ ਵਾਰੀ ਆਈ, ਇਸ਼ਨਾਨ ਕਰਨ ਦੀ। ਸੰਤ ਇਸ਼ਨਾਨ ਕਰਨ ਵਾਸਤੇ ਜਦੋਂ ਬਾਥਰੂਮ 'ਚ ਜਾਂਦੇ ਨੇ, ਰੌਸ਼ਨੀ ਹੋਈ ਹੋਈ ਹੈ ਤੇ ਉਹਦੇ 'ਚ ਹਾਰ ਚਮਕ ਰਿਹਾ ਹੈ, ਝਿਲਮਿਲ-ਝਿਲਮਿਲ ਕਰ ਰਿਹਾ ਹੈ। ਚੁੱਕ ਕੇ ਦੇਖਿਆ ਤਾਂ ਦੇਖਿਆ ਕਿ ਇਹ ਤਾਂ ਹਾਰ ਹੈ, ਨੌਂ ਲੱਖਾ ਹਾਰ ਕਹਿੰਦੇ। ਨੌ ਲੱਖ ਉਨ੍ਹਾਂ ਦਿਨਾਂ 'ਚ ਨੌਂ ਕਰੋੜ ਵਰਗਾ ਸੀ। ਮਨ ਦੇ ਵਿਚ ਕਮਜ਼ੋਰੀ ਆ ਗਈ, ਇਸ਼ਨਾਨ ਨਹੀਂ ਕਰਿਆ, ਹਾਰ ਨੂੰ ਲੈ ਕੇ ਉਵੇਂ ਹੀ ਬਾਹਰ ਨਿਕਲ ਗਏ। ਗੱਠੜੀ ਬੰਨ੍ਹ ਲਈ ਤੇ ਮਹਿਲਾਂ ਤੋਂ ਬਾਹਰ ਹੋ ਗਏ। ਰੋਜ਼ ਆਉਂਦੇ ਜਾਂਦੇ ਸੀ, ਕਿਸੇ ਨੇ ਰੋਕੇ ਨਾ। ਦਿਨ ਚੜ੍ਹ ਗਿਆ ਏਧਰ ਤੇ ਸੰਤ ਤੁਰਦੇ ਹੀ ਤੁਰਦੇ ਚਲੇ। ਇੱਕ ਜੰਗਲ ਸੀ ਉਹਦੇ ਵਿਚ ਵੀ ਤੁਰਦੇ ਹੀ ਰਹੇ। ਇਧਰ ਜਦੋਂ ਦਸ ਵਜੇ ਤੱਕ ਰਾਣੀ ਨੇ ਕਿਤੇ ਜਾਣਾ ਸੀ, ਹਾਰ ਦਾ ਖਿਆਲ ਆਇਆ, ਉਸ ਵੇਲੇ ਤਲਾਸ਼ ਹੋਈ ਪਤਾ ਨਾ ਲੱਗਿਆ, ਅਖੀਰ ਯਾਦ ਆ ਗਿਆ ਕਿ ਮੈਂ ਬਾਥਰੂਮ 'ਚ ਰੱਖਿਆ ਸੀ, ਬਾਥਰੂਮ 'ਚ ਦੇਖਿਆ ਤਾਂ ਰਾਜਾ ਕਹਿਣ ਲੱਗਿਆ ਕਿ ਜਾਂ ਮੈਂ ਆਇਆ ਹਾਂ, ਜਾਂ ਸੰਤ ਆਏ ਨੇ, ਜਾਂ ਤੂੰ ਆਈ ਹੈਂ, ਹੋਰ ਤਾਂ ਹਾਲੇ ਤੱਕ ਨਹੀਂ ਇਥੇ ਕੋਈ ਵੜਿਆ। ਸੰਤਾਂ ਦੇ ਉਤੇ ਸ਼ੱਕ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਹ ਬਹੁਤ ਚੰਗੇ ਨੇ, ਵਿਦਵਾਨ ਨੇ, ਉਹ ਤਾਂ ਵੱਡੇ ਬ੍ਰਹਮਗਿਆਨੀ ਮਹਾਂਪੁਰਸ਼ ਨੇ, ਉਨ੍ਹਾਂ 'ਤੇ ਮੈਂ ਕਿਵੇਂ ਸ਼ੱਕ ਕਰ ਲਵਾਂ। ਅਖੀਰ ਵਜ਼ੀਰਾਂ ਨੇ ਕਿਹਾ ਕਿ ਮਹਾਰਾਜ! ਜੇ ਤਿੰਨਾਂ 'ਚੋਂ ਕੋਈ ਨਹੀਂ ਆਇਆ ਤਾਂ ਤੁਸੀਂ ਦੋ ਹੈਗੇ, ਤੁਹਾਨੂੰ ਦੋਹਾਂ ਨੂੰ ਆਪਣੇ-ਆਪਣੇ ਦਿਲ ਦਾ ਪਤਾ ਹੈ, ਹੁਣ ਤੀਸਰਾ ਤਾਂ ਉਹ ਸੰਤ ਹੀ ਸੀ ਉਹ

ਲੈ ਗਏ। ਰਾਜੇ ਨੇ ਕਿਹਾ ਕਿ ਉਹ ਸੰਤਾਂ ਨੂੰ ਇਕ ਵਾਰੀ ਫੜੋ। ਮੈਂ ਸਖਤ ਤੋਂ ਸਖਤ ਸਜ਼ਾ ਦੇਣੀ ਚਾਹੁੰਦਾ ਹਾਂ ਕਿ ਸਾਧੂ ਹੋ ਕੇ ਤੈਨੂੰ ਆਹ ਬੀਮਾਰੀ ਪੈ ਗਈ, ਤੂੰ ਮੇਰੇ ਤੋਂ ਮੰਗ ਲੈਂਦਾ ਜਿੰਨਾਂ ਲੈਣਾ ਸੀ। ਮੈਂ ਤਾਂ ਰਾਜ ਭਾਗ ਵੀ ਤੈਨੂੰ ਦੇਣ ਨੂੰ ਤਿਆਰ ਸੀ। ਤਲਾਸ਼ ਸ਼ੁਰੂ ਹੋ ਗਈ ਲੇਕਿਨ ਸੰਤ ਕਿਤੇ ਨਾ ਮਿਲੇ। ਉਹ ਚਲੇ ਗਏ ਕਿਸੇ ਗੁਆਂਢੀ ਰਾਜੇ ਦੇ ਰਾਜ ਵਿਚ। ਉਥੇ ਜਾ ਕੇ ਕਿਸੇ ਮੰਦਰ 'ਚ ਰਹਿਣਾ ਸ਼ੁਰੂ ਕਰ ਦਿਤਾ। ਥੋੜ੍ਹੇ ਦਿਨਾਂ ਤੋਂ ਬਾਅਦ ਬੀਮਾਰ ਹੋ ਗਏ। ਬੀਮਾਰ ਹੋਏ ਤਾਂ ਅਤੀਸਾਰ ਲੱਗ ਗਏ, ਮਰੋੜੇ ਲਗ ਗਏ। ਐਨੇ ਸਖਤ ਮਰੋੜੇ ਲੱਗੇ ਕਿ ਡੱਕੇ ਵਰਗਾ ਹੋ ਗਿਆ ਸੁੱਕ ਕੇ ਤੇ ਧਿਆਨ ਆਉਂਦਾ ਹੈ ਕਿ ਮਨਾਂ! ਆਹ ਨੌਂ ਲੱਖਾ ਹਾਰ ਮੈਂ ਕਿਉਂ ਚੁੱਕ ਲਿਆਇਆ। ਹੁਣ ਕਿਹੜੇ ਮੂੰਹ ਨਾਲ ਮੈਂ ਉਪਦੇਸ਼ ਦੇਵਾਂਗਾ ਦੁਨੀਆਂ ਨੂੰ। ਮੈਂ ਤਾਂ ਆਪ ਹੀ ਗੁਨਹਗਾਰ ਬਣ ਗਿਆ। ਉਸ ਵੇਲੇ ਜਦੋਂ ਰਾਜ਼ੀ ਹੋਇਆ ਦੋ-ਢਾਈ ਮਹੀਨੇ ਬਾਅਦ। ਹਾਰ ਕੋਲ ਬੰਨ੍ਹ ਲਿਆ, ਛੋਟੀ ਜਿਹੀ ਗੱਠੜੀ 'ਚ, ਲੈ ਕੇ ਉਸ ਰਾਜੇ ਦੇ ਰਾਜ ਵਲ ਨੂੰ ਚਲਿਆ ਜਿੱਥੇ ਰਹਿੰਦਾ ਸੀ। ਅੱਗੇ ਕੋਰਟ ਲੱਗੀ ਹੋਈ ਹੈ, ਉਹਦੇ ਵਿਚ ਜਾ ਕੇ ਸਾਮ੍ਹਣੇ ਖੜ੍ਹਾ ਹੋਇਆ, ਰਾਜੇ ਨੇ ਵੀ ਪਛਾਣ ਲਿਆ ਕਿ ਸੰਤ ਆ ਗਏ। ਜਾ ਕੇ ਉਹ ਹਾਰ ਮੱਥਾ ਟੇਕ ਦਿਤਾ ਕਿ ਮਹਾਰਾਜ ਆਪਣੀ ਅਮਾਨਤ ਸੰਭਾਲੋ। ਬੜੀ ਨਿਰਾਸ਼ਾ ਆਈ ਰਾਜੇ ਨੂੰ। ਇਕ ਚੜ੍ਹੇ ਇਕ ਉਤਰੇ ਕਿ ਇਹਨੂੰ ਕਰਾਂ ਕੀ। ਆਹ ਗੱਲ ਕਿਉਂ ਕਰੀ, ਜੇ ਮੋੜਨਾ ਸੀ ਤਾਂ ਲੈ ਕੇ ਕਿਉਂ ਗਿਆ। ਨਿਆਂ ਦੀ ਕੁਰਸੀ 'ਤੇ ਬੈਠਾ ਸੀ ਕਹਿਣ ਲੱਗਿਆ, ਪਹਿਲਾਂ ਹਾਲਾਤ ਦੇਖੀਏ ਕਿ ਕਿਹੜੇ ਹਾਲਾਤ ਦੇ ਵਿਚ ਇਹ ਲੈ ਕੇ ਗਿਆ ਤੇ ਹੁਣ ਕਿਹੜੇ ਹਾਲਾਤ ਦੇ ਵਿਚ ਮੋੜਨ ਆਇਆ ਹੈ। ਫੇਰ ਨਿਆਂ ਕਰਾਂਗਾ।

ਉਸ ਵੇਲੇ ਸੰਤਾਂ ਨੂੰ ਕਹਿਣ ਲੱਗਿਆ ਕਿ ਤੁਸੀਂ ਲੈ ਕੇ ਕਿਉਂ ਗਏ ਤੇ ਹੁਣ ਮੋੜਨ ਕਿਉਂ ਆਏ ਓਂ?

ਸੰਤ ਕਹਿਣ ਲੱਗੇ ਕਿ ਮੈਂ ਲੈ ਕੇ ਕਿਉਂ ਗਿਆ, ਇਹਦੀ ਤਾਂ ਮੈਂ ਵੀ ਖੋਜ ਕਰਨ ਵਾਸਤੇ ਹੀ ਆਇਆ ਹਾਂ। ਮੇਰੀ ਬਿਰਤੀ ਕਿਉਂ ਨੀਵੀਂ ਆਈ, ਐਨੀਆਂ ਉਚਿਆਈਆਂ ਤੋਂ ਮੈਂ ਗਿਲਝ ਵਾਂਗਣ, ਗਿਲਝ ਕਿੰਨਾਂ ਉੱਚਾ ਉਡਦੀ ਹੈ, ਜਿੱਥੇ ਮ੍ਰਿਤਕ ਉਹ ਦੇਖਦੀ ਹੈ, ਉਥੇ ਇੱਕ ਦਮ ਝਪਟਾ ਮਾਰ ਕੇ ਉਤਰ ਆਉਂਦੀ ਹੈ। ਉਹਦੀ ਤਰ੍ਹਾਂ ਮਰੇ ਹੋਏ ਮਾਸ ਦੇ ਉਤੇ ਮੈਂ ਕਿਉਂ ਉਤਰਿਆ, ਮੇਰੇ ਵਾਸਤੇ ਤਾਂ ਮਾਰਿਆ ਮਰਿਆ ਹੋਇਆ ਡੰਗਰ ਹੈ। ਇਹੀ ਗੱਲ ਮੈਂ ਜਾਨਣ ਵਾਸਤੇ ਆਇਆ ਹਾਂ, ਬਾਕੀ ਮੈਂ ਮੋੜਨ ਕਿਉਂ ਆਇਆ ਹਾਂ ਉਹਦਾ ਜਵਾਬ ਮੈਂ ਬਾਅਦ ਵਿਚ ਦੇਵਾਂਗਾ। ਖੋਜ ਸ਼ੁਰੂ ਹੋ ਗਈ, ਕਹਿਣ ਲੱਗੇ, ਉਨ੍ਹਾਂ ਦਿਨਾਂ 'ਚ, ਇਹ ਦੇਖੋ ਕਿ ਮੈਨੂੰ ਅੰਨ ਕਿੱਥੋਂ ਮਿਲਿਆ ਕਰਦਾ ਸੀ। ਖੋਜਦੇ-ਖੋਜਦੇ ਪਤਾ ਲੱਗਿਆ ਕਿ ਇੱਕ ਵੈਸ਼ ਦਾ, ਸੂਦਖੋਰ ਬੰਦੇ ਦਾ ਜਿਸ ਦੀ ਕਮਾਈ ਦੇ ਅੰਦਰ ਪਾਪ ਹੀ ਪਾਪ ਸੀਗਾ, ਉਹਦਾ ਅੰਨ ਜ਼ਬਤ ਕਰਿਆ ਸੀ। ਉਹ ਜਿਹੜਾ ਅੰਨ ਸੀ ਅਗਾਂਹਾਂ ਵੀ ਕਿਤੇ ਛੋਟੀ ਕੌਮ ਦੇ ਬੰਦੇ ਦੇ ਕੋਲੋਂ ਆਇਆ ਸੀ, ਜਿਨ੍ਹਾਂ ਦਾ ਕਿੱਤਾ ਵੀ ਮਾੜਾ ਸੀ, ਸੋਚਣੀ ਵੀ ਮਾੜੀ ਸੀ। ਉਹ ਅੰਨ ਆ ਕੇ ਰਾਜੇ ਦੇ

ਲੰਗਰ 'ਚ ਪੱਕਦਾ ਰਿਹਾ। ਉਹ ਕਹਿਣ ਲੱਗੇ, ਸੰਤ ਜੀ! ਉਨ੍ਹਾਂ ਦਿਨਾਂ 'ਚ ਇਹ ਮਿਲਦਾ ਸੀ। ਕਹਿਣ ਲੱਗੇ, ਬੱਸ, ਏਸ ਅੰਨ ਨੇ ਮੇਰੀ ਬੁੱਧੀ ਭ੍ਰਿਸ਼ਟ ਕੀਤੀ ਹੈ ਤੇ ਹੁਣ ਮੈਂ ਢਾਈ ਮਹੀਨੇ ਦਾ ਬੀਮਾਰ ਹਾਂ, ਜਿੰਨਾਂ ਕੁਛ ਮੇਰੇ ਅੰਦਰ ਗਿਆ ਸੀ, ਸਭ ਨਿਕਲ ਗਿਆ। ਸਾਰੀ ਚਰਬੀ ਢਲ ਗਈ, ਮਰਨ ਵਾਲਾ ਮੈਂ ਹੋਇਆ ਪਿਆ ਹਾਂ। ਬੇਹੋਸ਼ੀ 'ਚ ਮੈਂ ਚੁੱਕ ਕੇ ਲੈ ਗਿਆ ਸੀ, ਹੋਸ਼ ਆਏ 'ਚ ਮੈਂ ਤੇਰਾ ਹਾਰ ਮੋੜਨ ਆਇਆ ਹਾਂ। ਰਾਜਾ ਨਿਆਂ ਕਰਨ ਵਾਲਾ ਸੀ ਕਹਿਣ ਲੱਗਿਆ, ਠੀਕ ਹੈ ਸੰਤ ਜੀ! ਸਾਨੂੰ ਵੀ ਪਤਾ ਲਗ ਗਿਆ ਕਿ ਜੋ ਮਾੜਾ ਅੰਨ ਹੈ, ਉਹਦਾ ਨਿਰਮਲ ਬੁੱਧੀ ਦੇ ਉਤੇ ਕਿੰਨਾਂ ਅਸਰ ਪਿਆ ਕਰਦਾ ਹੈ।

ਸੋ ਰਾਜੇ ਨੇ ਗੱਲ ਸਮਝ ਲਈ, ਅਸੀਂ ਵੀ ਸਮਝ ਲਈ ਕਿ ਹਾਂ ਠੀਕ ਹੈ, ਜਿਹੜਾ ਮਾੜਾ ਅੰਨ ਹੁੰਦਾ ਹੈ ਭਜਨ ਕਰਨ ਵਾਲੇ ਦੀ ਬਿਰਤੀ ਨੂੰ ਹਿਲਾ ਦਿੰਦਾ ਹੈ। ਜਿਹੜੇ ਬੰਦਗੀ ਕਰਨ ਵਾਲੇ ਨੇ ਫੇਰ ਆਲਾ-ਦੁਆਲਾ ਸੋਚਦੇ ਨੇ ਕਿ ਗੱਲ ਕੀ ਹੋ ਗਈ, ਮੇਰੀ ਤਾਂ ਬਿਰਤੀ ਬੜੀ ਉੱਚੀ ਚੜ੍ਹਦੀ ਸੀ, ਸ਼ਬਦ ਮੈਨੂੰ ਸੁਣਦਾ ਸੀ, ਪ੍ਰਕਾਸ਼ ਅੰਦਰ ਪ੍ਰਗਟ ਹੁੰਦਾ ਸੀ ਤੇ ਉਡਾਰੀਆਂ ਬ੍ਰਹਮਗਿਆਨ ਦੇ ਵਿਚ ਮਾਰਦਾ ਸੀ, ਆਤਮ-ਚਿੰਤਨ ਕਰਦਾ ਸੀ। ਮੈਨੂੰ ਹੋ ਕੀ ਗਿਆ, ਮੈਂ ਕਿਉਂ ਐਨਾ ਥੱਲੇ ਆ ਗਿਆ। ਵਜਹ ਕੀ ਹੈ? ਇਹੀ ਗੱਲ ਹੁੰਦੀ ਹੈ, ਕੋਈ ਨਾ ਕੋਈ ਗਲਤ ਥਾਂ 'ਤੇ ਕਿਤੋਂ ਖਾਧਾ ਜਾਂਦਾ ਹੈ, ਕਿਤੋਂ ਸਵੀਕਾਰ ਕੀਤਾ ਜਾਂਦਾ ਹੈ, ਉਹਦਾ ਅਸਰ ਆਦਮੀ 'ਤੇ ਪੈਂਦਾ ਹੈ।

ਸੋ ਮਹਾਰਾਜ ਕਹਿਣ ਲੱਗੇ ਕਿ ਕਿਉਂ ਭੂਮੀਆ! ਸੰਤਾਂ ਨੂੰ ਤਾਂ ਸਜ਼ਾ ਮਿਲ ਜਾਂਦੀ ਹੈ ਇਥੇ ਹੀ ਤੇ ਤੂੰ ਜਿਹੜੇ ਕਰਮ ਕਰੇ ਨੇ ਇਹ ਤਾਂ ਤੇਰੇ ਸਿਰ ਦੇ ਉਤੇ ਨੇ। ਫੇਰ ਤੂੰ ਜਿੱਤ ਕੇ ਨਹੀਂ ਸੰਸਾਰ ਤੋਂ ਜਾਣਾ ਤੇ ਤੂੰ ਤਾਂ ਹਾਰਨ ਵਾਲੀਆਂ ਗੱਲਾਂ ਕਰਦਾ ਹੈਂ. ਉਹ ਗੱਲਾਂ ਕਰ, ਉਹ ਘਾਲਣਾ, ਘਾਲ ਤੂੰ ਜਿਹਦੇ ਨਾਲ ਤੂੰ ਸੰਸਾਰ ਤੋਂ ਜਿੱਤ ਕੇ ਜਾਵੇਂ ਤੇ -

***ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥***
***ਅੰਗ - 252***

ਉਹ ਕੰਮ ਕਰ ਪਿਆਰਿਆ! ਇਹ ਕੰਮ ਤਾਂ ਜਿਹੜੇ ਨੇ ਇਹ ਤੈਨੂੰ ਹਾਰ ਵਲ ਲੈ ਜਾਣਗੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਬੰਦਿਆਂ ਜਾਈਂ ਨਾ ਜਗਤ ਉਤੋਂ ਹਾਰ,***
***ਲਾਹੇ ਵਾਲੀ ਘਾਲ, ਘਾਲ ਲੈ।***

***ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ ॥***
***ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ ॥***
***ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥***
***ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥***
***ਕਿਛੁ ਲਾਹੇ ਉਪਰਿ ਘਾਲੀਐ ॥*** ***ਅੰਗ - 474***

ਦੇਖ ਪਿਆਰਿਆ! '***ਜਿਤੁ ਕੀਤਾ ਪਾਈਐ ਆਪਣਾ ਸਾ ਘਾਲ***

***ਬੁਰੀ ਕਿਉ ਘਾਲੀਐ ॥ ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥ ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ ॥ ਕਿਛੁ ਲਾਹੇ ਉਪਰਿ ਘਾਲੀਐ ॥'*** *(ਅੰਗ-474)* ਹਾਰ ਕੇ ਨਾ ਜਾਹ ਸੰਸਾਰ ਤੋਂ ਪਿਆਰਿਆ! ਤਰੱਦਦ ਕਰਦਾ ਹੈਂ, ਤੇਰੇ ਮਨ ਵਿਚ ਪ੍ਰੀਤੀ ਹੈ ਸਾਧੂਆਂ ਨੂੰ ਭੋਜਨ ਛਕਾਉਣ ਦਾ ਚਾਉ ਹੈ। ਪਰਉਪਕਾਰ ਦੀ ਤੇਰੇ ਅੰਦਰ ਪ੍ਰੇਰਨਾ ਹੈ, ਰੁਚੀ ਉਠਦੀ ਹੈ ਪਰ ਤੇਰਾ ਤਰੀਕਾ ਗਲਤ ਹੈ। ਇਹਦੇ 'ਚ ਤੂੰ ਹਾਰ ਜਾਏਂਗਾ ਜਿੱਤਣ ਵਾਲੀ ਗੱਲ ਨਹੀਂ ਬਣਨੀ। ਬਾਕੀ ਜਿਹੜਾ ਤੂੰ ਕਹਿੰਦਾ ਹੈਂ ਕਿ ਇਹਦਾ ਫਲ ਮੈਨੂੰ ਮਿਲੇਗਾ, ਫਲ ਤਾਂ ਹਮੇਸ਼ਾ ਹੀ ਮਿਲਦਾ ਹੈ-

***ਘਾਲਿ ਖਾਇ ਕਿਛੁ ਹਥਹੁ ਦੇਇ ॥***
***ਨਾਨਕ ਰਾਹੁ ਪਛਾਣਹਿ ਸੇਇ ॥*** ***ਅੰਗ - 1245***

***ਧਾਰਨਾ - ਦਾਨ ਹੱਕ ਦੀ ਕਮਾਈ ਵਾਲਾ ਫਲਦੈ,***
***ਕਰਕੇ ਵੀਚਾਰ ਵੇਖ ਲਓ।***

***ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥***
***ਅਗੈ ਵਸਤੁ ਸਿਵਾਣੀਐ ਪਿਤਰੀ ਚੋਰ ਕਰੇਇ ॥***
***ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥***
***ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ 1 ॥***
***ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥***
***ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥***
***ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥***
***ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥***

***ਅੰਗ - 472***

ਚੋਰੀ ਕਰਕੇ ਲਿਆ ਕੇ ਜੇ ਕੋਈ ਵਸਤੂ ਆਪਣੇ ਪਿੱਤਰ ਲੋਕ 'ਚ ਵਸਦੇ ਹੋਏ ਬਜ਼ੁਰਗਾਂ ਨੂੰ, ਦੇਵ ਦੁਨੀਆਂ 'ਚ ਪ੍ਰਾਪਤ ਹੋਇਆਂ ਨੂੰ ਭੇਜ ਦਿਤੀ ਜਾਵੇ, ਮਹਾਰਾਜ ਕਹਿੰਦੇ, ਜੇ ਉਥੇ ਉਨ੍ਹਾਂ ਦੇ ਵੀ ਪਿੱਤਰ ਹੋਣ, ਜੇ ਉਥੇ ਮੁਕਦਮਾ ਕਰ ਦੇਣ ਕਿ ਮਾਲਏ ਮਸ਼ਰੂਕਾ, ਚੋਰੀ ਦਾ ਮਾਲ ਦਾਨ ਕਰਿਆ ਹੈ, ਸਾਡੇ ਕੋਲ ਆਇਆ ਹੈ, ਕਹਿੰਦੇ ਜਿਹਦੇ ਕੋਲ ਚੋਰੀ ਦਾ ਮਾਲ ਹੁੰਦਾ ਹੈ, ਉਹ ਫੜਿਆ ਜਾਂਦਾ ਹੈ, ਕਿ ਨਹੀਂ ਫੜਿਆ ਜਾਂਦਾ। ਬਾਕੀ ਜਿਹੜਾ ਏਸ ਦੀ ਦਲਾਲੀ ਕਰਦਾ ਹੈ। ਕਹਿੰਦੇ ਉਹਦੇ ਹੱਥ ਵੱਢ ਹੋ ਜਾਂਦੇ ਨੇ। ਸੋ ਮਿਲਦਾ ਤਾਂ ਓਹੀ ਹੈ ਭੂਮੀਆ! 'ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥

ਚਰਨਾਂ 'ਤੇ ਢਹਿ ਪਿਆ ਕਹਿਣ ਲੱਗਿਆ, ਪਾਤਸ਼ਾਹ! ਮੈਨੂੰ ਨਹੀਂ ਸੀ ਏਸ ਗੱਲ ਦਾ ਗਿਆਨ। ਅੱਜ ਤੂੰ ਮੇਰੇ ਨੇਤਰ ਖੋਲ੍ਹ ਦਿਤੇ। ਮੈਂ ਤਾਂ ਐਵੇਂ ਹੀ ਧਾੜਵੀ ਬਣਿਆ ਬੈਠਾ ਸੀ ਵੱਡਾ ਧਾੜਵੀ ਕਹਾਉਂਦਾ ਸੀ, ਬੜੀ ਮੇਰੀ ਇੱਜ਼ਤ ਸੀ, ਜਿੰਨੇ ਕੰਮ ਇਥੇ ਸ਼ੁੱਭ ਹੁੰਦੇ, ਉਨ੍ਹਾਂ ਦਾ ਉਦਘਾਟਨ ਮੇਰੇ ਤੋਂ ਹੀ ਕਰਾਉਂਦੇ ਸੀ ਕਿ ਇਹ ਵੱਡਾ ਧਰਮੀ ਬੰਦਾ ਹੈ ਸਾਡੇ ਇਲਾਕੇ 'ਚ। ਇਹਦੇ ਹੱਥਾਂ ਨਾਲ ਕਰਾਓ, ਇਹ ਨੇਕ ਬੰਦਾ ਹੈ। ਮੈਂ ਤਾਂ ਐਵੇਂ ਹੀ

ਨੇਕ ਬਣਿਆ ਹੋਇਆ ਹਾਂ। ਹੇ ਗੁਰੂ ਨਾਨਕ! ਤੁਸੀਂ ਅੱਜ ਆ ਗਏ, ਮੇਰੀਆਂ ਅੰਦਰਲੀਆਂ ਕਮਜ਼ੋਰੀਆਂ ਨੂੰ ਪ੍ਰਗਟ ਕਰਕੇ, ਬਾਹਰ ਕੱਢ ਕੇ, ਮੈਨੂੰ ਹੀ ਦਿਖਾ ਦਿਤਾ। ਮੈਂ ਤਾਂ ਬਹੁਤ ਅੰਧਕਾਰ ਦੇ ਵਿਚ ਸੀ। ਮੇਰੇ ਨੇਤਰ ਖੋਲ੍ਹ ਦਿਤੇ। ਪਾਤਸ਼ਾਹ! ਹੁਣ ਮੈਨੂੰ ਬਖਸ਼। ਕ੍ਰਿਪਾ ਕਰ ਮੇਰੇ ਉਤੇ ਤੇ ਮੈਨੂੰ ਕਿਸੇ ਰਸਤੇ ਪਾ। ਜਿਹਦੇ ਨਾਲ ਮੇਰਾ ਜੀਵਨ ਜਿਹੜਾ ਲੰਘ ਗਿਆ, ਉਹ ਤਾਂ ਲੰਘ ਗਿਆ, ਉਹਦੀ ਵੀ ਗਲਤੀਆਂ ਮਾਫ ਹੋ ਜਾਣ ਤੇ ਜਿਹੜਾ ਮੇਰਾ ਆਉਣ ਵਾਲਾ ਜੀਵਨ ਹੈ, ਉਹ ਸ਼ੁੱਧ ਲੰਘ ਜਾਣ। ਸੱਚੇ ਦਿਲ ਦੇ ਨਾਲ ਪਸ਼ਚਾਤਾਪ ਕਰ ਦਿਤਾ। ਉਸ ਵੇਲੇ ਮਹਾਰਾਜ ਜੀ ਨੇ ਉਪਦੇਸ਼ ਦਿਤਾ ਕਿ ਭੂਮੀਆਂ! ਵਾਹਿਗੁਰੂ ਸਾਰਿਆਂ ਦੇ ਅੰਦਰ ਸੀਗਾ। ਕੋਈ ਥਾਂ ਐਸਾ ਨਹੀਂ ਜਿੱਥੇ ਪਾਰਬ੍ਰਹਮ ਪ੍ਰਮੇਸ਼ਰ ਨਾ ਹੋਵੇ। ਉਹਨੂੰ ਅਸੀਂ ਸਤਿ ਵੀ ਕਹਿੰਦੇ ਹਾਂ ਤੇ ਸੱਚ ਕਰਕੇ ਵੀ ਕਹਿੰਦੇ ਹਾਂ। ਸੱਚ ਵੀ ਅਸੀਂ ਉਹਦਾ ਨਾਉਂ ਰੱਖਿਆ ਹੋਇਆ ਹੈ।

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥***

ਤੇ ਉਹਨੂੰ ਜੇ ਜਾਨਣਾ ਚਾਹੁੰਦਾ ਹੈਂ ਤਾਂ ਤੈਨੂੰ ਰਸਤੇ ਦੀ ਪਛਾਣ ਚਾਹੀਦੀ ਹੈ -

***ਧਾਰਨਾ - ਰਸਤਾ ਪਛਾਣ ਲੈ, ਰਾਮ ਨੂੰ ਮਿਲਣੇ ਵਾਲਾ।***

ਕਹਿਣ ਲੱਗੇ, ਭੂਮੀਆ! ਤੇਰਾ ਸਵਾਲ ਠੀਕ ਹੈ, ਪਰ ਪਹਿਲਾਂ ਤੂੰ ਜਿਹੜੇ ਕਰਮ ਕੀਤੇ ਨੇ, ਰਸਤਾ ਪਛਾਣ ਕੇ ਨਹੀਂ ਕੀਤੇ। ਗਲਤਫਹਿਮੀ ਦੇ ਅੰਦਰ ਤੁਰਿਆ ਗਿਆ ਹੈਂ। ਤੁਰਿਆ ਤਾਂ ਤੂੰ ਗਿਆ ਹੈਂ, ਤੇਰੀ ਰੁਚੀ ਤੋਂ ਕੁਰਬਾਨ ਜਾਈਏ। ਤਕਲੀਫਾਂ ਵੀ ਝੱਲੀਆਂ, ਡਾਕੇ ਵੀ ਮਾਰੇ, ਚੋਰੀਆਂ ਵੀ ਕਰੀਆਂ, ਫੇਰ ਪਾਪਾਂ ਨੂੰ ਛੁਪਾ ਕੇ ਫੇਰ ਤੂੰ ਲੋਕਾਂ ਦੇ ਸਾਮ੍ਹਣੇ ਆਇਆ। ਰੁਚੀ ਤਾਂ ਹੈਗੀ ਤੇਰੇ ਅੰਦਰ ਪ੍ਰਮੇਸ਼ਰ ਨੂੰ ਮਿਲਣ ਦੀ। ਪਰ ਰਾਹ ਗਲਤ ਸੀ। ਹੁਣ ਤਾਂ ਤੂੰ ਸੱਚ-ਸੱਚ ਸਾਨੂੰ ਗੱਲ ਕਹੀ ਹੈ, ਤੇਰੇ ਸੱਚ ਬੋਲਣ ਤੋਂ ਅਸੀਂ ਕੁਰਬਾਨ ਜਾਂਦੇ ਹਾਂ। ਝੂਠ ਵੀ ਬੋਲ ਸਕਦਾ ਸੀ। ਲੇਕਿਨ ਤੂੰ ਸੱਚ-ਸੱਚ ਦਸ ਦਿਤਾ ਕਿ ਆਹ ਮੈਂ ਕਰਦਾ ਹਾਂ ਮਹਾਰਾਜ, ਆਹ ਮੇਰੀ ਕਿਰਤ ਹੈ। ਮੈਂ ਕਰਦਾ ਇਸ ਕਰਕੇ ਹਾਂ ਕਿਉਂਕਿ ਇਸ ਤਰ੍ਹਾਂ ਸਮਝਦਾ ਹਾਂ। ਮਹਾਰਾਜ ਕਹਿੰਦੇ, ਤੈਨੂੰ ਰਸਤੇ ਦੀ ਤੈਨੂੰ ਪਛਾਣ ਹੋਣੀ ਚਾਹੀਦੀ ਹੈ। ਕਿਸੇ ਥਾਂ ਜਾਂਦਾ ਹੈਂ, ਸ੍ਰੀ ਹੇਮਕੁੰਟ ਸਾਹਿਬ ਜੀ ਦੇ ਦਰਸ਼ਨ ਕਰਨ ਜਾਈਏ, ਜਿਹੜੇ ਗਏ ਹੋਏ ਬੰਦੇ ਨੇ ਉਹ ਦਸਦੇ ਨੇ, ਤੈਨੂੰ ਰਸਤੇ ਦੀ ਪਛਾਣ ਕਰਾਉਂਦੇ ਹਾਂ, ਇਥੇ ਜਾਣਗੀਆਂ ਗੱਡੀਆਂ, ਇਥੋਂ ਜਾ ਕੇ ਫੇਰ ਪਹਾੜ ਦੀ ਚੜ੍ਹਾਈ ਚੜ੍ਹੇਂਗਾ, ਇਹ ਚੀਜ਼ਾਂ ਤੇਰੇ ਰਸਤੇ 'ਚ ਆਉਣਗੀਆਂ। ਅੱਗੇ ਜਾ ਕੇ ਤੈਨੂੰ ਕੰਬਲ ਵੀ ਮਿਲਣਗੇ, ਹੋਰ ਖਾਣ ਪੀਣ ਨੂੰ ਵੀ ਮਿਲੇਗਾ, ਸਾਰਾ ਰਸਤਾ ਦਸ ਦਿੰਦੇ ਨੇ। ਹਜ਼ੂਰ ਸਾਹਿਬ ਨੂੰ ਕੋਈ ਬੰਦਾ ਜਾਂਦਾ ਹੈ, ਰਸਤਾ ਦਸ ਦਿੰਦੇ ਨੇ। ਜਹਾਜ਼ 'ਤੇ ਜਾਣਾ ਹੈ ਪ੍ਰਦੇਸ ਵਿਚ, ਰਸਤਾ ਦਸ ਦਿੰਦਾ ਹੈ ਜਾਨਣ ਵਾਲਾ ਕਿ ਇਸ ਤਰ੍ਹਾਂ ਜਾਣਾ ਹੈ ਏਅਰਪੋਰਟ 'ਤੇ, ਉਥੇ ਇਸ

ਤਰ੍ਹਾਂ ਸਾਰਾ ਸਮਾਨ ਤੇਰਾ ਚੈੱਕ ਹੋਣਾ ਹੈ ਸਾਰਾ ਸਮਾਨ, ਇਸ ਤਰ੍ਹਾਂ ਫੇਰ ਜਹਾਜ਼ 'ਚ ਬੈਠ ਜਾਣਾ ਹੈ। ਜਹਾਜ਼ ਵਿਚ ਤੈਨੂੰ ਏਅਰ ਹੋਸਟੈਸ ਸਭ ਚੀਜ਼ਾਂ ਲਿਆ ਕੇ ਦੇਣਗੀਆਂ, ਉਤਰੇਂਗਾ, ਤੈਨੂੰ ਉਥੋਂ ਲੈਣ ਆਉਣਗੇ। ਇਸ ਤਰ੍ਹਾਂ ਸਭ ਸਮਝਾ ਦਿੰਦੇ ਨੇ।

ਸੋ ਗੁਰੂ ਨਾਨਕ ਪਾਤਸ਼ਾਹ ਉਹਨੂੰ ਰਸਤਾ ਦਸ ਰਹੇ ਨੇ। ਸੱਚ ਨੂੰ ਪਛਾਨਣ ਦਾ, ਉਹ ਕਹਿੰਦੇ, ਰਸਤਾ ਇਹ ਹੈ ਪਿਆਰਿਆ! –

***ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥ ਅੰਗ – 468***

ਪਹਿਲਾਂ ਰਿਦੇ ਦੀ ਸਚਾਈ ਹੋਵੇ। ਅੰਦਰ ਪਾਖੰਡ ਨਾ ਹੋਵੇ, ਕਪਟ ਨਾ ਹੋਵੇ, ਕੂੜ ਨਾ ਹੋਵੇ, ਦਿਖਾਵਾ ਨਾ ਹੋਵੇ, ਕੋਈ ਹੋਰ ਮੰਤਵ ਨਾ ਹੋਵੇ। ਰਿਦੈ ਬਿਲਕੁਲ ਸੱਚਾ ਹੋਵੇ, ਜਦ ਸੱਚਾ ਹੋਏਗਾ, ਫੇਰ ਕੀ ਹੋਏਗਾ –

***ਕੂੜ ਕੀ ਮਲੁ ਉਤਰੈ ....॥ ਅੰਗ – 468***

ਕੂੜ ਦੀ ਮੈਲ ਜਿਹੜੀ ਹੈ ਉਹ ਸੱਚ ਦੀ ਪਛਾਣ ਨਾਲ ਉਤਰਨੀ ਹੈ। ਜਿਹੜਾ ਤਨ ਹੈ ਇਹ ਪਾਣੀ ਨਾਲ ਧੋਤੇ 'ਤੇ ਅੱਛਾ ਹੋ ਜਾਏਗਾ। ਲੇਕਿਨ ਜਿਹੜਾ ਹਿਰਦੇ ਹੈ ਉਹ ਤਾਂ ਸੱਚਾ ਹੁੰਦਾ ਹੈ ਜੇ ਕੂੜ ਦੀ ਮੈਲ ਉਤਰੇ। ਸੋ ਕੂੜ ਦੀ ਮੈਲ ਉਤਰਨ ਵਾਸਤੇ ਮਹਾਰਾਜ ਕਹਿੰਦੇ, ਫੇਰ ਦੂਸਰਾ ਇਹ ਹੈ ਕਿ ਸੱਚ ਨਾਲ, ਵਾਹਿਗੁਰੂ ਨਾਲ ਪਿਆਰ ਹੋਣਾ ਚਾਹੀਦਾ ਹੈ। ਸੱਚ ਦਾ ਜੀਵਨ ਜੀਉਣ ਨਾਲ, ਜਿਹਨੂੰ ਸਤਿ ਦਾ ਜੀਵਨ ਕਹਿੰਦੇ ਨੇ, ਸਤਿ ਪ੍ਰਤੱਗੀ ਬੰਦਾ ਹੋਣਾ ਚਾਹੀਦਾ।

ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਨੇ, ਛੋਟੇ ਜਿਹੇ ਬੱਚੇ ਸੀ, ਚਾਰ ਕੁ ਸਾਲ ਦੇ। ਗੁਰੂ ਛੇਵੇਂ ਪਾਤਸ਼ਾਹ ਮੌਜ ਨਾਲ ਬਾਗ ਦੇ ਅੰਦਰ ਟਹਿਲ ਰਹੇ ਸੀ। ਪਿੱਛੇ-ਪਿੱਛੇ ਇਹ ਜਾ ਰਹੇ ਸੀ। ਇਨ੍ਹਾਂ ਚੋਲਾ ਬੜਾ ਵੱਡਾ ਪਾਇਆ ਹੋਇਆ ਸੀ। ਉਹ ਗੁਲਾਬ ਦੇ ਫੁੱਲ ਦੀ ਵੇਲ ਵਿਚ ਕੰਡੇ ਨਾਲ ਅਟਕ ਗਿਆ, ਇਨ੍ਹਾਂ ਨੇ ਝਟਕਾ ਮਾਰਿਆ, ਟਾਹਣੀ ਟੁੱਟ ਗਈ ਸਮੇਤ ਫੁੱਲ ਦੇ। ਫੁੱਲ ਨੂੰ ਲੈ ਕੇ ਬੈਠੇ ਨੇ ਤੇ ਨੇਤਰਾਂ 'ਚੋਂ ਜਲ ਜਾਂਦਾ ਹੈ। ਗੁਰੂ ਮਹਾਰਾਜ ਘੁੰਮ ਕੇ ਫੇਰ ਆ ਗਏ, ਕਹਿਣ ਲੱਗੇ, ਹਰਿ ਰਾਇ ਕੀ ਗੱਲ ਬੇਟਾ! ਤੂੰ ਰੋ ਕਿਉਂ ਰਿਹਾ ਹੈਂ? ਕੀ ਗੱਲ ਹੋ ਗਈ? ਕਹਿੰਦੇ, ਮਹਾਰਾਜ! ਮੇਰੇ ਤੋਂ ਫੁੱਲ ਟੁੱਟ ਗਿਆ। ਕਿੰਨਾਂ ਕੋਮਲ ਹਿਰਦਾ ਸੀ, ਹੈਰਾਨ ਰਹਿ ਗਏ। ਫੁੱਲ ਟੁੱਟਣ 'ਤੇ ਵੀ ਜਿਨ੍ਹਾਂ ਦੇ ਨੇਤਰਾਂ 'ਚੋਂ ਜਲ ਜਾਣ ਲੱਗ ਗਿਆ? ਮਹਾਰਾਜ ਬੜੇ ਪ੍ਰਸੰਨ ਹੋਏ ਕਿ ਇਹ ਤਾਂ ਦਇਆ ਦਾ ਸਰੂਪ ਨੇ। ਨੇੜੇ ਕਹਿੰਦੇ, ਫੁੱਲ ਖਿੜਿਆ ਹੋਇਆ ਸੀ ਮਹਾਰਾਜ! ਅੱਖਾਂ ਨੂੰ ਚੰਗਾ ਲਗ ਰਿਹਾ ਸੀ। ਇਹ ਸਾਨੂੰ ਸਿੱਖਿਆ ਵੀ ਦੇ ਰਿਹਾ ਸੀ ਕਿ ਦੇਖ ਬੰਦਿਆ! ਮੈਂ ਆਪਣਾ ਆਪ ਮਿਟਾ ਹੀ ਦਿਤਾ, ਮੈਂ ਏਸ ਹਾਲਤ 'ਚ ਪਹੁੰਚ ਗਿਆ। ਤੂੰ ਆਪਣਾ ਆਪ ਕਿਉਂ ਨਹੀਂ ਮਿਟਾਉਂਦਾ? ਤੂੰ ਆਪਣਾ ਆਪ ਸਗੋਂ ਹੋਰ ਮੋਟਾ ਕਰੀ ਜਾਂਦਾ ਹੈਂ। ਤੇਰਾ ਗੁਰੂ ਕਹਿੰਦਾ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***

***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥ 1॥***

***ਅੰਗ - 1102***

ਆਪਣਾ ਆਪ ਮਿਟਾ ਕੇ ਤੂੰ ਆ ਸਾਡੇ ਕੋਲ। ਦੇਖ, ਮਿਟਣ ਦਾ ਕਿੱਡਾ ਵੱਡਾ ਫਲ ਹੁੰਦਾ ਹੈ। ਮੈਂ ਮਿਟਿਆ, ਆਪਣੀ ਹਸਤੀ ਮਿੱਟੀ ਦੇ ਵਿਚ ਰਲਾ ਦਿਤੀ। ਮਿਟਣ ਦੇ ਨਾਲ ਮੈਂ ਮੈਂ ਮਰਿਆ ਨਹੀਂ ਹਾਂ। ਮੇਰੀ ਸ਼ਕਲ ਬਦਲੀ ਤੇ ਮੈਂ ਇੱਕ ਕੋਂਪਲ ਬਣ ਕੇ ਬਾਹਰ ਆਇਆ। ਫੇਰ ਮੈਂ ਵਧਦਾ ਫੁਲਦਾ ਰਿਹਾ। ਮੈਨੂੰ ਹਵਾ ਮਿਲੀ, ਰੋਸ਼ਨੀ ਮਿਲੀ, ਪਾਣੀ ਮਿਲਿਆ, ਇਹਦੇ ਨਾਲ ਵਧਿਆ ਫੁੱਲਿਆ। ਮੇਰੇ 'ਤੇ ਹੱਲੇ ਵੀ ਹੋਏ। ਧੁੱਪ ਵੀ ਮੈਨੂੰ ਲੱਗੀ, ਮੌਸਮ ਨੇ ਵੀ ਮੈਨੂੰ ਖਰਾਬ ਕੀਤਾ। ਲੇਕਿਨ ਮੈਂ ਦ੍ਰਿੜ੍ਹਤਾ ਦੇ ਨਾਲ ਅੱਗੇ ਵੱਧਦਾ-ਵੱਧਦਾ, ਅਖੀਰ ਖ਼ੂਬਸੂਰਤ ਬੂਟਾ ਬਣ ਗਿਆ ਤੇ ਦੇਖ ਮੇਰੇ ਕਿੰਨੀਆ ਡੋਡੀਆਂ ਆਈਆਂ ਹੋਈਆਂ ਨੇ ਤੇ ਮੈਂ ਫੇਰ ਖਿੜ ਕੇ ਹੱਸਿਆ। ਹੱਸ ਰਿਹਾ ਹਾਂ, ਇਕੱਲਾ ਹੱਸ ਹੀ ਨਹੀਂ ਰਿਹਾ ਮੇਰੇ ਵਿਚ ਸੁਗੰਧੀ ਵੀ ਹੈ ਤੇ ਮੇਰੇ ਵਿਚ ਅੰਮ੍ਰਿਤ ਵੀ ਭਰ ਗਿਆ, ਕੁਦਰਤ ਵਲੋਂ। ਉਸ ਅੰਮ੍ਰਿਤ ਨੂੰ ਲੈਣ ਵਾਸਤੇ ਸ਼ਹਿਦ ਦੀਆਂ ਮੱਖੀਆਂ ਮੇਰੇ ਆਲੇ-ਦੁਆਲੇ ਘੁੰਮਦੀਆਂ ਫਿਰਦੀਆਂ ਨੇ ਤੇ ਤੈਨੂੰ ਨਹੀਂ ਪਤਾ ਹੁੰਦਾ, ਤੂੰ ਸੁੱਕੇ ਦਾ ਸੁੱਕਾ। ਜਿਉਂ-ਜਿਉਂ ਵੱਡਾ ਹੁੰਦਾ ਹੈਂ, ਤਿਉਂ-ਤਿਉਂ ਤੇਰੇ 'ਚ ਝੁੰਜਲਾਹਟ ਵਧਦੀ ਜਾਂਦੀ ਹੈ। ਕ੍ਰੋਧ ਵਧ ਜਾਂਦਾ ਹੈ -

***ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਅੰਗ - 137***

ਕੋਈ ਚੰਗਾ ਨਹੀਂ ਲਗਦਾ, ਬਾਲ-ਬੱਚੇ ਜਿਨ੍ਹਾਂ ਨੂੰ ਤੂੰ ਪਾਲਿਆ ਹੈ, ਉਨ੍ਹਾਂ ਦੇ ਨਾਲ ਵੀ ਤੇਰੀ ਨਰਾਜ਼ਗੀ ਹੋ ਜਾਂਦੀ ਹੈ ਉਹ ਤੇਰੇ ਕਹਿਣੇ 'ਚ ਨਹੀਂ ਚਲਦੇ ਤੇ ਤੇਰੀਆਂ ਜਿਹੜੀਆਂ ਸਕੀਮਾਂ ਨੇ ਸਾਰੀਆਂ ਉਨ੍ਹਾਂ 'ਚ ਕੋਈ ਰਸ ਨਹੀਂ ਰਹਿੰਦਾ। ਦੇਖ ਤੂੰ ਮੁਰਝਾਉਂਦਾ ਹੈਂ, ਮੈਂ ਖਿੜਦਾ ਹਾਂ, ਮੈਂ ਤਾਂ ਖਿੜਦਾ ਹਾਂ, ਮੈਂ ਆਪਣਾ ਆਪ ਮਿਟਾਇਆ ਹੈ। ਤੂੰ ਆਪਣਾ ਆਪ ਨਹੀਂ ਮਿਟਾਇਆ, ਤੂੰ ਆਪਣੇ ਆਪ ਨੂੰ ਸਾਂਭ ਕੇ ਰੱਖਿਆ ਹੈ, ਸਾਂਭਣ ਦਾ ਨਤੀਜਾ ਝੁੰਜਲਾਹਟ ਹੋਇਆ ਕਰਦਾ ਹੈ, ਮਿਟਾਉਣ ਦਾ ਨਤੀਜਾ ਖੇੜਾ ਹੋਇਆ ਕਰਦਾ ਹੈ।

ਕਹਿੰਦੇ, ਪਿਤਾ ਜੀ! ਇਹ ਸਬਕ ਦਿੰਦਾ, ਕਿੰਨੇ ਰਸ ਨਾਲ ਭਰਿਆ ਹੋਇਆ, ਕਿੰਨੀ ਇਹਦੇ ਵਿਚ ਸੁਗੰਧੀ, ਕਿੰਨੀਆਂ ਸੋਹਣੀਆਂ ਇਹਦੀਆ ਪੱਤੀਆਂ ਤੇ ਇਹ ਮੇਰੇ ਤੋਂ ਟੁੱਟ ਗਿਆ। ਕਹਿਣ ਲੱਗੇ ਮਹਾਰਾਜ! ਹਰਿਰਾਇ! ਜੇ ਵੱਡੇ ਚੋਲੇ ਪਹਿਨਣੇ ਹੋਣ, ਸੰਭਾਲ ਕੇ ਰੱਖੀਦੇ ਹੁੰਦੇ ਨੇ। ਉਸੇ ਵੇਲੇ ਚੁੱਕ ਕੇ ਆਪ ਨੇ ਬਾਂਹ 'ਤੇ ਰੱਖ ਲਿਆ ਚੋਲਾ। ਚੋਲੇ ਵੱਡੇ ਪਹਿਨਦੇ ਸੀ ਆਪ ਗਿੱਟਿਆਂ ਤੋਂ, ਲੇਕਿਨ ਸਾਰੀ ਜ਼ਿੰਦਗੀ ਆਪ ਨੇ ਜਦੋਂ ਤੁਰਨਾ, ਚੋਲੇ ਨੂੰ ਸਾਂਭ ਕੇ ਬਾਂਹ 'ਤੇ ਹੀ ਰੱਖਦੇ ਸੀ। ਸਤਿ ਪ੍ਰਤੱਗੀ ਉਨ੍ਹਾਂ ਨੂੰ ਕਹਿੰਦੇ ਨੇ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਗੁਰੂ ਅੰਗਦ ਸਾਹਿਬ ਨਾਲ ਜਾਂਦੇ ਨੇ। ਮਹਾਂਪੁਰਸ਼ਾਂ ਦੇ ਅੱਗੇ ਨਹੀਂ ਹੋਇਆ ਕਰਦਾ ਕੋਈ ਵੀ, ਕਿਉਂਕਿ

ਇਹਨੂੰ ਬੇਅਦਬੀ ਗਿਣਦੇ ਨੇ ਤੇ ਆਪ ਪਿੱਛੇ ਹਟ ਕੇ ਚੱਲ ਰਹੇ ਨੇ ਦੋ ਫੁੱਟ, ਇੱਕ ਥਾਂ ਦੇ ਉਤੇ ਮਹਾਰਾਜ ਜੀ ਨੇ ਜ਼ਰਾ ਹੌਲੀ ਕਦਮ ਪੁੱਟਿਆ, ਇਨ੍ਹਾਂ ਨੇ ਪੂਰਾ ਪੁੱਟ ਲਿਆ ਜਦੋਂ ਬਾਂਹ ਦਾ ਹੁਲਾਰਾ ਲੱਗਿਆ ਤਾਂ ਉਹ ਅੱਗੇ ਲੰਘ ਗਿਆ ਗੁਰੂ ਅੰਗਦ ਸਾਹਿਬ ਤੋਂ। ਦੇਖ ਲਿਆ ਕਿ ਮੈਂ ਬੇਅਦਬੀ ਕਰ ਦਿਤੀ। ਆਪਣੇ ਗੁਰੂਦੇਵ ਤੋਂ ਮੈਂ ਅੱਗੇ ਬਾਂਹ ਕਰ ਦਿਤੀ। ਉਨ੍ਹਾਂ ਨੇ ਉਸੇ ਵੇਲੇ ਬਾਂਹ ਛਾਤੀ ਨਾਲ ਲਾ ਲਈ ਕਿ ਤੂੰ ਗਲਤੀ ਕਰੀ ਹੈ, ਹਿੱਲ ਕੇ ਤੂੰ ਅੱਗੇ ਗਈ ਹੈਂ। ਇਹ ਸਤਿ ਪ੍ਰਤੱਗੀ ਕਹਾਉਂਦੇ ਨੇ। ਸੋ ਉਹਨੂੰ ਸੱਚ ਜਾਨਣਾ ਕਹਿੰਦੇ ਨੇ -

***ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥ ਅੰਗ - 468***

ਸੱਚ ਦੇ ਜੀਵਨ ਨਾਲ ਜਿਹਦਾ ਪਿਆਰ ਹੈ, ਸੱਚ ਵਾਹਿਗੁਰੂ ਹੈ, ਜਿਹਦਾ ਵਾਹਿਗੁਰੂ ਨਾਲ ਪਿਆਰ ਹੈ -

***ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥***
***ਅੰਗ - 468***

ਖੁਸ਼ੀ ਹੋ ਜਾਵੇ ਕਿ ਇਹਨੇ ਵਾਹਿਗੁਰੂ ਕਿਹਾ ਹੈ, ਖੁਸ਼ੀ ਹੋ ਜਾਵੇ ਇਹਦੇ ਮੂੰਹ 'ਚੋਂ ਅੱਲਾਹ ਨਿਕਲਿਆ ਹੈ, ਮੇਰੇ ਪਿਆਰੇ ਦਾ ਨਾਉਂ ਨਿਕਲਿਆ ਹੈ। ਚਾਹੇ ਇੱਕ-ਇੱਕ ਦੇ ਨਾਉਂ ਕਿੰਨੇ-ਕਿੰਨੇ ਹੁੰਦੇ ਨੇ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ, ਕਹਿੰਦੇ ਤਾਂ ਉਹਨੂੰ ਹੀ ਨੇ, ਸਭ ਨੂੰ ਪਤਾ ਹੈ। ਜੇ ਰਾਮ ਨਿਕਲਿਆ ਹੈ ਖੁਸ਼ ਹੋ ਜਾਏ, ਜੇ ਨਾਰਾਇਣ ਕਹਿ ਦਿਤਾ ਖੁਸ਼ ਹੋ ਜਾਓ, ਹਰੇ ਰਾਮ ਕਹਿ ਦਿਤਾ ਖੁਸ਼ ਹੋ ਜਾਓ। ਕਹਿੰਦੇ ਖਿੜ ਜਾਵੇ ਨਾਉਂ ਸੁਣਦੇ ਸਾਰ। ਇਹ ਨਹੀਂ ਕਿ ਕਹੋ ਇਹ ਤਾਂ ਅੱਲਾਹ-ਅੱਲਾਹ ਕਰਨ ਲੱਗ ਗਿਆ ਇਥੇ ਆ ਕੇ, ਬੇਅਦਬੀ ਕਰ ਦਿਤੀ ਸਾਡੀ ਆ ਕੇ। ***'ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥' (ਅੰਗ - 468)*** ਤਾਂ ਮੁਕਤੀ ਦਾ ਦੁਆਰਾ ਮਿਲਦਾ ਹੈ।

***ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥ ਅੰਗ - 468***

ਜੀਉਣ ਦੀ ਜੁਗਤ ਜਾਣਦਾ ਹੋਵੇ, ਦਇਆ ਦਾ ਜੀਵਨ, ਖਿਮਾ ਦਾ ਜੀਵਨ, ਧੀਰਜ ਦਾ ਜੀਵਨ, ਅਹਿੰਸਾ ਦਾ ਜੀਵਨ, ਸੰਤੋਖ ਦਾ ਜੀਵਨ, ਬ੍ਰਹਮਚਰੀਆ, ਨਰਮ ਦਿਲ, ਹੋਮ, ਇਸ ਤਰ੍ਹਾਂ ਬੇਅੰਤ ਗੁਣ ਨੇ ਜਿਹੜੇ ਜੀਵਨ ਦੇ ਵਿਚ ਆ ਜਾਣ ਤਾਂ ਜੁਗਤ ਜਾਣ ਜਾਵੇ -

***ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥***
***ਅੰਗ - 468***

ਇਹਨੂੰ ਪਹਿਲਾਂ ਸਾਧੋ, ਇਹਦੇ 'ਚੋਂ ਨਦੀਣ ਕੱਢੋ ਸਾਰਾ, ਨਿੰਦਿਆ, ਚੁਗਲੀ, ਈਰਖਾ, ਬਖੀਲੀ, ਛਲ, ਕਪਟ, ਪਾਖੰਡ, ਦਿਖਾਵਾ ਤੇ ਖੁਦਗਰਜ਼ੀ ਤੇ ਹਿਤਾਂ ਦੇ ਪਿੱਛੇ ਲੱਗੇ ਰਹਿਣਾ। ਇਹ ਕਹਿੰਦੇ, ਸਾਧ ਲਓ ਇਹਨੂੰ। ਸਾਧ ਕੇ ਫੇਰ ਕਰੋ ਕੀ, ਇਹਦੇ 'ਚ ਵਾਹਿਗੁਰੂ ਨਾਮ ਬੀਜ ਦਿਓ, ਕਰਤਾ ਪੁਰਖ ਦਾ ਪਿਆਰ ਬੀਜ ਦਿਓ। ਜਦੋਂ ਉਹ ਬੀਜੋਂਗੇ ਤਾਂ ਕਹਿੰਦੇ -

***ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥ ਅੰਗ - 468***

ਝੂਠੀ ਸਿੱਖਿਆ ਨਾ ਲਵੇ, ਗੁਰੂ ਦੀ ਸਿੱਖਿਆ ਜਿਹੜੀ ਸੱਚੀ ਹੈ ਉਹ ਲਵੇ –

***ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥***

***ਅੰਗ – 468***

ਜੀਵਾਂ ਦੇ ਉਤੇ ਦਇਆ ਕਰਨੀ, ਆਪਣੇ ਜੀਵ 'ਤੇ ਤੇ ਸੰਸਾਰੀ ਜੀਵਾਂ 'ਤੇ –

***ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥***

***ਅੰਗ – 136***

ਕਹਿੰਦੇ, ਆਪਣੇ ਜੀਅ 'ਤੇ ਵੀ ਦਇਆ ਕਰੇ, ਸੰਸਾਰ ਦੇ ਜੀਵਾਂ 'ਤੇ ਵੀ ਦਇਆ ਕਰੇ – ***'ਕਿਛੁ ਪੁੰਨੁ ਦਾਨੁ ਕਰੇਇ ॥'*** ਹੱਥੋਂ ਵੀ ਕਰੇ ਕੁਛ। ਕਹਿੰਦੇ, ਇਸ ਤਰ੍ਹਾਂ ਜਿਹੜੇ ਹਥਹੁੰ ਵੀ ਦਿੰਦੇ ਨੇ, ਭਜਨ ਵੀ ਕਰਦੇ ਨੇ ਰੱਬ ਉਨ੍ਹਾਂ ਦੀਆਂ ਬੁੱਕਲਾਂ 'ਚ ਰਹਿੰਦਾ ਹੈ।

***ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥***

***ਅੰਗ – 468***

ਫੇਰ ਤੂੰ ਕਰਦਾ-ਕਰਦਾ ਆਤਮ ਮੰਡਲ 'ਚ ਪ੍ਰਵੇਸ਼ ਕਰ ਜਾਏਂਗਾ। ਉਨਮਨ ਮੰਡਲ 'ਚ ਤੇਰੀ ਪਹੁੰਚ ਹੋ ਜਾਏਗੀ। ਉਥੇ ਫੇਰ ਆਤਮ ਚਿੰਤਨ ਕਰਕੇ ਤੂੰ ਓਸ ਸਥਿਤੀ ਦੇ ਉਤੇ ਨਿਵਾਸ ਕਰ –

***ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ ਅੰਗ– 468***

ਆਪੇ ਨਾ ਕਰੀਂ, ਸਤਿਗੁਰੂ ਤੋਂ ਪੁੱਛ ਕੇ ਇਹ ਗੱਲ ਕਰੀਂ। ਜਦੋਂ ਇਹ ਗੱਲ ਹੋ ਜਾਏਗੀ, ਫੇਰ ਸੱਚ ਤੇਰੇ ਅੰਦਰ ਸਮਾਅ ਜਾਏਗਾ। ਜਦੋਂ ਸੱਚ ਅੰਦਰ ਸਮਾਅ ਗਿਆ ਤਾਂ ਫੇਰ ਜਿੰਨੇ ਵੀ ਪਾਪ ਨੇ, ਸਾਰੀ ਉਹਦੀ ਮੈਲ ਧੋਤੀ ਜਾਏਗੀ –

***ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਅੰਗ – 468***

ਇਹ ਸੱਚ ਸਾਰਿਆਂ ਰੋਗਾਂ ਦੀ, ਸਾਰੀਆਂ ਬੀਮਾਰੀਆਂ ਦੀ ਦਾਰੂ ਹੈ ਤੇ ਪਾਪਾਂ ਨੂੰ ਧੋ ਕੇ ਕੱਢ ਦਿੰਦਾ ਹੈ –

***ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥ ਅੰਗ – 468***

ਸੋ ਇਸ ਤਰ੍ਹਾਂ ਭੂਮੀਆਂ! ਤੂੰ ਸੱਚ ਦੇ ਨਾਲ ਪਿਆਰ ਕਰ। ਤੂੰ ਸੱਚ ਬੋਲਿਆ ਹੈ, ਅਸੀਂ ਕਦਰ ਕੀਤੀ ਹੈ ਤੇਰੇ ਸੱਚ ਬੋਲਣ ਦੀ।

ਬਾਕੀ ਸਾਧਸੰਗਤ ਜੀ! ਅਸੀਂ ਵਿਚਾਰੀਏ, ਜਿਹੜਾ ਸੱਚ ਦਾ ਜੀਵਨ ਨਹੀਂ ਜੀਉਂਦਾ, ਪਾਖੰਡ ਦਾ ਜੀਵਨ, ਝੂਠ ਦਾ ਜੀਵਨ ਜੀਉਂਦਾ ਹੈ। ਪ੍ਰਮੇਸ਼ਰ ਹਿਰਦੇ 'ਚ ਨਹੀਂ ਵਸਿਆ, ਉਹਦੀ ਥਾਂ ਦੇ ਉਤੇ ਨੀਚਤਾ ਵਸੀ ਹੋਈ ਹੈ। ਛਲ ਵਸੇ ਹੋਏ ਨੇ, ਕਪਟ ਵਸੇ ਹੋਏ ਨੇ, ਵੈਰ ਵਸਿਆ ਹੋਇਆ, ਵਿਰੋਧ ਵਸਿਆ ਹੋਇਆ ਹੈ, ਨਫਰਤ ਵਸੀ ਹੋਈ, ਚਿੰਤਾ ਵਸੀ ਹੋਈ ਹੈ, ਆਸਾ ਵਸੀ ਹੋਈ ਹੈ, ਅੰਦੇਸਾ ਵਸੀ ਹੋਈ ਹੈ, ਮਹਾਰਾਜ ਕਹਿੰਦੇ, ਸਾਨੂੰ ਇਸ ਤਰ੍ਹਾਂ ਦਸ ਤੇਰੇ ਸੰਸਾਰ 'ਤੇ ਆਉਣ ਦੇ ਕੀ ਮੰਤਵ ਸੀਗੇ। ਕਾਹਦੇ ਵਾਸਤੇ

ਤੂੰ ਸੰਸਾਰ 'ਚ ਆਇਆ ਹੈਂ -

*ਧਾਰਨਾ - ਦੁਨੀਆਂ ਵਿਚ ਓ ਆਇਆ ਕਾਸਨੂੰ,*
*ਜੇ ਨਾ ਰਾਮ ਰਿਦੇ ਵਿਚ ਵਸਿਆ।*

*ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ॥*
*ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨ੍ਹੀ ਸਚੁ ਕਮਾਇਆ ॥*
*ਸਤਿਗੁਰਿ ਮਿਲਿਐ ਸਚੁ ਪਾਇਆ*
*ਜਿਨ੍ ਕੈ ਹਿਰਦੈ ਸਚੁ ਵਸਾਇਆ ॥*
*ਮੂਰਖ ਸਚੁ ਨ ਜਾਣਨ੍ਹੀ ਮਨਮੁਖੀ ਜਨਮੁ ਗਵਾਇਆ ॥*
*ਵਿਚਿ ਦੁਨੀਆ ਕਾਹੇ ਆਇਆ ॥* *ਅੰਗ - 467*

ਜਿਹਨੇ ਵਾਹਿਗੁਰੂ ਨੂੰ ਜਾਣਿਆ ਨਹੀਂ, ਮਹਾਰਾਜ ਕਹਿੰਦੇ ਉਹ ਮੂਰਖ ਹੈ। ਇਸ ਤਰ੍ਹਾਂ ਦੇ ਬਚਨ ਗੁਰੂ ਮਹਾਰਾਜ ਭਾਈ ਭੂਮੀਆ ਨਾਲ ਕਰ ਰਹੇ ਹਨ। ਉਸ ਵੇਲੇ ਉਸਨੇ ਤਰਲਾ ਲਿਆ, ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰੋ, ਮੈਨੂੰ ਸੱਚ ਨਾਲ ਜੋੜ ਦਿਓ। ਮੈਂ ਹੁਣ ਤੱਕ ਝੂਠ ਨਾਲ ਜੁੜਿਆ ਹੋਇਆ ਸੀ, ਆਪਣੇ ਮਨ ਦੀ ਮਨੌਤ ਨਾਲ ਜੁੜਿਆ ਹੋਇਆ ਸੀ, ਆਪ ਕ੍ਰਿਪਾ ਕਰੋ, ਮੈਨੂੰ ਉਹ ਸੱਚ ਦਿਖਾ ਦਿਓ ਤੇ ਓਸ ਸੱਚ ਵਾਹਿਗੁਰੂ ਨਾਲ ਜੋੜ ਦਿਓ, ਜਿਹਨੂੰ ਤੁਸੀਂ ਵਾਹਿਗੁਰੂ ਜੀ ਕਹਿੰਦੇ ਓਂ। ਬੜੇ ਤਰਲੇ ਲੈਂਦਾ ਹੈ।

ਮਹਾਰਾਜ ਕਹਿੰਦੇ, ਭੂਮੀਆਂ! ਕੁਛ ਬਚਨ ਚਾਹੀਦੇ ਨੇ ਸਾਨੂੰ।

ਕਹਿਣ ਲੱਗਿਆ, ਮਹਾਰਾਜ! ਇੱਕ ਬਚਨ ਤੋਂ ਬਗੈਰ, ਹੋਰ ਸਾਰੇ ਬਚਨ ਮੈਂ ਦੇ ਦੇਵਾਂਗਾ। ਉਹ ਵੀ ਮੈਂ ਸੱਚ ਬੋਲਦਾ ਹਾਂ।

ਕਹਿੰਦੇ, ਉਹ ਕਿਹੜਾ ਹੈ?

ਕਹਿੰਦਾ, ਮੈਂ ਚੋਰੀ ਕਰਨ ਤੋਂ ਨਹੀਂ ਰਹਿ ਸਕਦਾ।

ਕਿਉਂਕਿ ਮੇਰਾ ਖਾਨਦਾਨੀ ਪੇਸ਼ਾ ਹੈ, ਮੇਰੀ ਖੂਨ ਦੀ ਨਾੜੀ ਵਿਚ ਹੈ, ਮੇਰਾ ਪਿਉ ਵੀ ਚੋਰੀ ਕਰਕੇ ਦਾਨ ਕਰਦਾ ਸੀ, ਮੇਰਾ ਦਾਦਾ ਵੀ ਚੋਰੀ ਕਰਕੇ ਦਾਨ ਕਰਦਾ ਸੀ, ਮੇਰਾ ਪੜਦਾਦਾ ਵੀ ਚੋਰੀ ਕਰਕੇ ਦਾਨ ਕਰਦਾ ਸੀ। ਘਰ ਵਿਚ ਅਸੀਂ ਨਹੀਂ ਖਾਂਦੇ, ਘਰ ਵਿਚ ਸਾਡੀ ਜ਼ਮੀਨ ਬਹੁਤ ਹੈ। ਫਾਰਮ ਚਲਦਾ ਹੈ ਸਾਡਾ। ਲੇਕਿਨ ਆਦਤ ਬਣ ਚੁੱਕੀ ਹੈ, ਇਹ ਆਦਤ ਮੇਰੇ ਤੋਂ ਹਟਾ ਨਹੀਂ ਹੋਣੀ, ਮੈਂ ਝੂਠ ਕਿਉਂ ਬੋਲਾਂ। ਤੁਸੀਂ ਚਲੇ ਜਾਵੋਂਗੇ ਤੇ ਮੈਂ ਫੇਰ ਉਥੇ ਹੀ ਗਿਰ ਜਾਣਾ ਹੈ। ਬੜੀ ਮੁਸ਼ਕਲ ਦੀ ਗੱਲ ਹੈ। ਇਹ ਬਚਨ ਨਾ ਮੇਰੇ ਤੋਂ ਲੈਣਾ, ਹੋਰ ਜੋ ਲੈਣਾ ਹੈ ਲੈ ਲਓ, ਕਿਸੇ ਖੂਹ, ਕਹਿੰਦੇ ਓਂ, ਛਾਲ ਮਾਰ, ਮੈਂ ਹੁਣੇ ਮਾਰ ਦੇਵਾਂਗਾ। ਪਰ ਇਹ ਜੀਵਨ ਚੋਰੀ ਤੋਂ ਬਗੈਰ ਜੀਉਣਾ ਮੈਨੂੰ ਬਹੁਤ ਔਖਾ ਹੈ। ਕਿਉਂਕਿ ਮੇਰੇ ਅੰਦਰ ਸਾਰੇ ਕਣ-ਕਣ ਵਿਚ ਚੋਰੀ ਸਮਾਈ ਹੋਈ ਹੈ। ਭਾਵੇਂ ਮੈਂ ਨੇਕ ਕੰਮ ਕਰਨ ਵਾਸਤੇ ਕਰਦਾ ਹਾਂ, ਪਰ ਇਹ ਆਦਤ ਬਣ ਗਈ ਮੇਰੀ। ਆਦਤ ਨੂੰ ਦੂਰ ਕਰਨਾ ਬੜਾ ਮੁਸ਼ਕਲ ਹੁੰਦਾ ਹੈ।

ਮੇਰੇ ਕੋਲ ਆਉਂਦੇ ਨੇ ਜੀ ਇਹ ਸ਼ਰਾਬ ਪੀਂਦਾ ਹੈ। ਮੈਂ ਕਿਹਾ, ਬੰਦਾ ਮਾੜਾ ਨਹੀਂ ਹੈ, ਆਦਤ ਨੇ ਦੱਬ ਲਿਆ ਇਹ, ਮਜ਼ਬੂਰ ਹੋ ਗਿਆ ਇਸ ਆਦਤ ਅੱਗੇ, ਇਹਦੇ 'ਤੇ ਰਹਿਮ ਚਾਹੀਦਾ ਹੈ। ਇਹਨੂੰ ਹਮਦਰਦੀ ਚਾਹੀਦੀ ਹੈ, ਦੂਰ-ਦੂਰ ਨਾ ਇਸਨੂੰ ਕਰੋ, ਫਿਟਕਾਰਾਂ ਨਾ ਲਾਓ, ਦੇਖੋ ਇਹ ਤਾਂ ਬੀਮਾਰ ਹੋ ਗਿਆ। ਸ਼ਰਾਬ ਦੇ ਨਸ਼ੇ ਦੇ ਅਸਰ ਹੇਠ ਆ ਗਿਆ, ਸ਼ਰਾਬ ਨੇ ਇਹਨੂੰ ਫੜ ਲਿਆ, ਇਹਨੇ ਤਾਂ ਨਹੀਂ ਸ਼ਰਾਬ ਫੜੀ ਹੋਈ। ਇਹਨੂੰ ਪਤਾ ਹੈ ਸ਼ਰਾਬ ਦੇ ਨੁਕਸਾਨ ਦਾ ਵੀ, ਐਨਾ ਅਨਜਾਣ ਤਾਂ ਨਹੀਂ ਹੈ, ਲੇਕਿਨ ਨਸ਼ੇ ਦੇ ਅਧੀਨ ਹੋ ਗਿਆ। ਅਧੀਨ ਹੋ ਕੇ ਵਸ ਨਹੀਂ ਚਲਦਾ। ਉਹਨੂੰ ਆਦਤ ਕਹਿੰਦੇ ਨੇ, ਸੰਸਕਾਰ ਕਹਿੰਦੇ ਨੇ, ਸੰਸਕਾਰ ਬਣੇ ਹੋਏ ਨੇ, ਨਿਕਲ ਨਹੀਂ ਸਕਦਾ ਉਹਦੇ ਵਿਚੋਂ, ਮੁਸ਼ਕਲ ਹੈ ਜਦੋਂ ਤੱਕ ਖਿੱਚ ਕੇ ਨਾ ਕੱਢ ਦਿਓ, ਦਲਦਲ 'ਚੋਂ ਆਪਣੇ ਆਪ ਨਹੀਂ ਨਿਕਲ ਹੋਇਆ ਕਰਦਾ। ਆਦਮੀ ਹੋਰ ਡੂੰਘਾ ਜਾ ਕੇ ਡੁੱਬ ਜਾਇਆ ਕਰਦਾ ਹੈ। ਸੋ ਉਸ ਵੇਲੇ ਮਹਾਰਾਜ ਕਹਿੰਦੇ, ਭੂਮੀਆਂ! ਕੁਰਬਾਨ ਜਾਈਏ ਤੇਰੇ ਸੱਚ ਦੇ। ਬਲਿਹਾਰ ਤੇਰੇ ਸੱਚ ਤੋਂ, ਠੀਕ ਹੈ ਤੂੰ ਸੱਚ ਬੋਲਦਾ ਹੈਂ ਪਰ ਅਸੀਂ ਬਚਨ ਥੋੜ੍ਹਾ ਜਿਹਾ ਲੈਣਾ ਹੈ। ਉਹ ਇਹ ਹੈ ਕਿ ਤੂੰ ਗਰੀਬ ਦੀ ਚੋਰੀ ਨਾ ਕਰੀਂ। ਕਹਿੰਦਾ, ਮਹਾਰਾਜ ਉਹ ਤਾਂ ਮੈਂ ਪਹਿਲਾਂ ਹੀ ਨਹੀਂ ਕਰਦਾ, ਗਰੀਬ ਦੇ ਘਰ ਹੁੰਦਾ ਹੀ ਕੁਛ ਨਹੀਂ, ਚੋਰੀ ਕੀ ਕਰਨੀ ਹੈ, ਮੈਂ ਤਾਂ ਉਥੇ ਕਰਨੀ ਹੈ ਜਿਥੋਂ ਦੋ ਚਾਰ ਮਹੀਨੇ ਦਾ ਇਕੱਠਾ ਹੀ ਗੱਫਾ ਲੱਭ ਜਾਏ। ਲੰਗਰ ਵੀ ਚਲਦੇ ਰਹਿਣ ਜਿੱਥੇ। ਕਹਿੰਦੇ, ਜਾਹ, ਗਰੀਬ ਦੀ ਚੋਰੀ ਨਾ ਕਰੀਂ। ਦੂਸਰੀ ਗੱਲ ਇਹ ਕਿ ਸੱਚ ਬੋਲੀਂ। ਕਹਿੰਦਾ, ਬਿਲਕੁਲ ਸੱਚ ਬੋਲਾਂਗਾ। ਤੀਸਰੀ ਇਹ ਹੈ ਕਿ ਗਰੀਬ ਮਾਰ ਨਹੀਂ ਹੋਣ ਦੇਣੀ, ਤੇਰੇ ਗੁਨਾਹ ਕਰਨ 'ਤੇ ਜੇ ਲੋਕਾਂ ਦੇ ਉਤੇ ਮਾਰ ਪੈਂਦੀ ਹੋਵੇ, ਤੂੰ ਦਸ ਦੇਣਾ ਹੈ ਕਿ ਮੈਂ ਕਰਿਆ ਹੈ। ਕਹਿੰਦਾ, ਇਹ ਵੀ ਮੈਂ ਬਚਨ ਦਿੰਦਾ ਹਾਂ। ਚੌਥਾ ਭਾਈ ਇਹ ਹੈ ਕਿ ਜਿਹਦਾ ਨਮਕ ਖਾ ਲਈਏ, ਉਹਦਾ ਬੁਰਾ ਨਹੀਂ ਕਰਨਾ। ਕਹਿੰਦਾ, ਚਾਰੋਂ ਮਨਜ਼ੂਰ ਨੇ ਮੈਨੂੰ ਮਹਾਰਾਜ। ਕ੍ਰਿਪਾ ਕਰੋ, ਮੈਂ ਆਪ ਦੇ ਚਾਰੋਂ ਬਚਨ ਮੰਨਣ ਨੂੰ ਤਿਆਰ ਹਾਂ। ਉਸ ਵੇਲੇ ਮਹਾਰਾਜ ਜੀ ਕਹਿਣ ਲੱਗੇ, "ਦੇਖ ਭੂਮੀਆਂ! ਗੱਲ ਇਹ ਹੈ ਕਿ ਵਾਹਿਗੁਰੂ ਜਿਹੜਾ ਹੈ ਇਹ ਕਿਤੋਂ ਬਾਹਰੋਂ ਨਹੀਂ ਆਉਣਾ, ਸੱਚ ਤੇਰੇ ਅੰਦਰ ਵਸਦਾ ਹੈ। ਤੇਰੇ ਅੰਦਰ ਵਸਦਾ ਹੈ, ਸਾਰੇ ਸੰਸਾਰ ਦੇ ਜਿੰਨੇ ਜੀਵ ਨੇ ਸਭ ਦੇ ਅੰਦਰ ਵਾਹਿਗੁਰੂ ਵਸਦਾ ਹੈ। ਲੇਕਿਨ ਇਹਦੇ ਵਿਚ ਇੱਕ ਪੜਦਾ ਆਇਆ ਹੋਇਆ ਹੈ, ਉਹ ਪੜਦਾ ਦੂਰ ਹੋ ਜਾਵੇ ਤੇ ਫੇਰ ਵਾਹਿਗੁਰੂ ਪ੍ਰਤੱਖ ਹੋ ਜਾਂਦਾ ਹੈ। ਕੋਈ ਕੰਧ ਬਣੀ ਹੋਵੇ, ਲਾਈਟ ਇੱਕ ਪਾਸੇ ਜਲ ਰਹੀ ਹੈ ਤੇ ਕੰਧ ਦੇ ਓਹਲੇ ਹਨ੍ਹੇਰਾ ਹੀ ਹਨ੍ਹੇਰਾ ਹੈ, ਜੇ ਕੰਧ ਦੂਰ ਹੋ ਜਾਵੇ ਤਾਂ ਫੇਰ ਚਾਨਣਾ ਹੋ ਜਾਇਆ ਕਰਦਾ ਹੈ। ਓਸ ਵੇਲੇ ਗੁਰੂ ਮਹਾਰਾਜ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ –

***ਧਾਰਨਾ – ਕੰਧ ਹਉਮੈ ਦੀ ਦਿਸਣ ਨਾ ਦੇਵੇ,***
***ਅੰਦਰ ਤੇਰੇ ਵਾਸਾ ਨਾਮ ਦਾ।***

ਮਹਾਰਾਜ ਕਹਿੰਦੇ ਇਕ ਜਜ਼ਬਾ ਹੈ ਜਿਹਨੂੰ ਹਉਂ ਕਹਿੰਦੇ ਨੇ, ਮੈਂ

ਕਹਿੰਦੇ ਨੇ। ਇਹ ਮੈਂ ਨੇ ਵਾਹਿਗੁਰੂ ਨੂੰ ਅਛਾਦਨ ਕਰ ਲਿਆ, ਢਕ ਲਿਆ। ਕੋਲ ਹੀ ਰਹਿੰਦਾ ਹੈ ਰਾਮ, ਅਸਲ ਮਾਲਕ ਤਾਂ ਸਰੀਰ ਦਾ ਹੈਗਾ ਵਾਹਿਗੁਰੂ। ਉਹ ਪਰਛਾਵਾਂ ਜਿਹੜਾ ਸੀ, ਪਰਛਾਵਾਂ ਮਾਲਕ ਬਣ ਗਿਆ ਤੇ ਉਹਨੇ ਸਾਰਾ ਹੀ ਫਤੂਰ ਪਾ ਦਿਤਾ। ਇਹ ਜੀਵ ਉਸਦੇ ਵਸ 'ਚ ਆਇਆ ਹੋਇਆ, ਕਰੋੜਾਂ ਜਨਮਾਂ ਤੋਂ ਘੁੰਮਦਾ ਫਿਰਦਾ ਹੈ ਇਹਨੂੰ ਕੋਈ ਠਿਕਾਣਾ ਨਹੀਂ ਮਿਲਦਾ। ਜਦੋਂ ਤੱਕ ਹਉਮੈ ਦਾ ਨਾਸ਼ ਨਹੀਂ ਹੁੰਦਾ, ਮਹਾਰਾਜ ਕਹਿੰਦੇ –

***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ ਅੰਗ – 466***

ਜਿੰਨਾਂ ਚਿਰ ਦਾਰੂ ਨਹੀਂ ਲੈਂਦਾ, ਓਨਾਂ ਚਿਰ ਹੁੰਦਾ ਨਹੀਂ। ਮਹਾਰਾਜ ਕਹਿੰਦੇ –

***ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ ॥***
***ਅੰਗ – 205***

ਹੈਗਾ ਅੰਦਰ। ਲਖ ਕਿਉਂ ਨਹੀਂ ਹੁੰਦਾ? ਕਿਉਂਕਿ ਹਉਮੈ ਦਾ ਪੜਦਾ ਪੈ ਗਿਆ –

***ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥***
***ਅੰਗ – 624***

ਵਾਹਿਗੁਰੂ ਦਾ ਦੇਸ ਨੇੜੇ ਹੀ ਹੈ, ਕੋਲ ਹੀ ਸਾਡੇ। ਪਹਿਲਾਂ ਸਾਨੂੰ ਇਹ ਹੀ ਨਹੀਂ ਪਤਾ ਕਿ ਮੈਂ ਕਿੱਥੇ ਕੁ ਰਹਿੰਦਾ ਹਾਂ। ਪੁੱਛ ਲਓ ਕਿਸੇ ਨੂੰ, ਤੂੰ ਕਿੱਥੇ ਕੁ ਰਹਿੰਦਾ ਹੈਂ? ਕਹਿੰਦਾ, ਮੈਂ 781 ਨੰਬਰ 'ਚ ਰਹਿੰਦਾ ਹਾਂ। ਗਿਆਨਵਾਨ ਕੋਈ ਹੋਰ ਗੱਲ ਕਰਦਾ ਹੈ ਤੇ ਅਣਜਾਣ ਬੰਦਾ ਕੋਈ ਹੋਰ ਜਵਾਬ ਦੇ ਰਿਹਾ ਹੈ। ਉਥੇ ਤੇਰਾ ਸਰੀਰ ਰਹਿੰਦਾ ਹੈ, ਤੂੰ ਤਾਂ ਨਹੀਂ ਰਹਿੰਦਾ। ਹਰ ਵਕਤ ਤੂੰ ਕਿੱਥੇ ਰਹਿੰਦਾ ਹੈਂ? ਹਰ ਵਕਤ 781 'ਚ ਬੈਠਾ ਰਹਿੰਦਾ ਹੈਂ? ਬਾਹਰ ਵੀ ਆਉਂਦਾ ਹੈਂ। ਕਿਤੇ ਹੋਰ ਜਾਂਦਾ ਹੋਏਂਗਾ। ਤੂੰ ਕਿੱਥੇ ਰਹਿੰਦਾ ਹੈਂ? ਪਤਾ ਨਹੀਂ ਲਗਦਾ ਸਾਨੂੰ ਕਿ ਮੈਂ ਵੀ ਕਿਤੇ ਰਹਿੰਦਾ ਹਾਂ? ਪਹਿਲੀ ਵਾਰ ਸਵਾਲ ਸੁਣ ਕੇ ਆਦਮੀ ਹੈਰਾਨ ਹੋ ਜਾਂਦਾ ਹੈ ਕਿ ਮੈਂ ਤਾਂ ਇੱਥੇ ਹੀ ਰਹਿੰਦਾ ਹਾਂ।

ਸਵਾਮੀ ਰਾਮ ਤੀਰਥ ਅਮਰੀਕਾ ਚਲੇ ਗਏ, ਕੈਲੇਫੋਰਨੀਆਂ ਵਿਚ ਬੜੇ ਲੈਕਚਰ ਉਨ੍ਹਾਂ ਦੇ ਹੋਏ, ਨਿਊਯਾਰਕ 'ਚ ਵੀ ਹੋਏ, ਸਾਰੇ ਅਮਰੀਕਾ 'ਚ ਹੋਏ, ਹੁਣ ਤੱਕ ਲੋਕਾਂ ਦੇ ਯਾਦ ਨੇ ਉਸ ਥਾਂ ਦੇ ਉਤੇ। ਸਮਾਂ ਲੰਘ ਗਿਆ ਬੇਅੰਤ, ਲੇਕਿਨ ਸਮਝਦਾਰ ਬੰਦੇ ਜਿਹੜੇ ਨੇ ਅਜੇ ਵੀ ਉਹਦਾ ਜ਼ਿਕਰ ਕਰਦੇ ਨੇ। ਬੜੇ ਅਮਰੀਕਨ ਪ੍ਰਭਾਵਿਤ ਹੋਏ ਉਨ੍ਹਾਂ 'ਤੇ। ਕਿਉਂਕਿ ਉਨ੍ਹਾਂ ਕੋਲ ਆਹ ਵਿਦਿਆ ਨਹੀਂ ਹੈ ਜਿਹੜੀ ਆਪਣੇ ਕੋਲ ਹੈ। ਉਨ੍ਹਾਂ ਕੋਲ ਜਿਹੜਾ ਧਾਰਮਿਕ ਮਸਾਲਾ ਹੈ ਉਹ ਪਹਿਲੀ, ਦੂਜੀ ਜਮਾਤ ਵਾਲਿਆਂ ਦਾ ਹੈ। ਉਹ ਬਹੁਤਾ ਉੱਚਾ ਨਹੀਂ ਜਾਂਦੇ। ਕੋਈ-ਕੋਈ ਮਹਾਤਮਾ ਤਾਂ ਹੈ ਉਨ੍ਹਾਂ ਵਿਚ ਜਿਹੜਾ ਇਸ ਗੱਲ ਨੂੰ ਸਮਝ ਲਵੇ, ਏਧਰੋਂ ਉਧਰੋਂ ਪੜ੍ਹ ਕੇ। ਇਸਲਾਮ ਵਾਲਿਆਂ ਕੋਲ ਹੈਗਾ ਸਭ ਕੁਛ। ਇਸਲਾਮ ਦੀ ਉਡਾਰੀ ਬਹੁਤ ਉੱਚੀ ਹੈ ਸਾਧਸੰਗਤ ਜੀ। ਬਾਕੀ ਹਿੰਦੂ ਸੰਤ ਨੇ, ਇਨ੍ਹਾਂ ਦੇ ਵਿਚੋਂ ਜਿਹੜੇ

ਵੇਦਾਂਤ ਨੂੰ ਜਾਨਣ ਵਾਲੇ ਨੇ ਉਨ੍ਹਾਂ ਦੀ ਉਡਾਰੀ ਬਹੁਤੀ ਉੱਚੀ ਹੈ। ਬਾਕੀ ਜਿਹੜੇ ਪਾਤੰਜਲ ਨੂੰ ਮੰਨਦੇ ਨੇ, ਉਹ ਵੀ ਕਾਫੀ ਉੱਚੇ ਚੜ੍ਹ ਜਾਂਦੇ ਨੇ। ਉਹ ਪ੍ਰੈਕਟੀਕਲੀ ਚੜ੍ਹ ਜਾਂਦੇ ਨੇ। ਸੋ ਇਹ ਚੀਜ਼ਾਂ ਨਾ ਹੋਣ ਕਰਕੇ, ਸਵਾਮੀ ਰਾਮ ਤੀਰਥ ਨੇ ਜੁਗਤ ਕਰੀ। ਉਹ ਅਮਰੀਕਨ ਕਹਿਣ ਲੱਗਿਆ ਮੇਰੇ ਘਰ ਚਰਨ ਪਾ ਦਿਓ। ਕਹਿੰਦੇ, ਘਰ ਕਿੱਥੇ ਹੈ ਤੇਰਾ? ਉਹ ਕਹਿੰਦੇ, ਜੀ ਆਹ ਫਲਾਣਾ ਨੰਬਰ ਹੈ ਮੇਰਾ। ਐਨੀ ਦੂਰ ਮੇਰਾ ਘਰ ਹੈ। ਆਪ ਗਏ ਨਾ। ਦੂਜੇ ਦਿਨ ਫੇਰ ਉਸ ਨੇ ਕਿਹਾ ਕਿ ਤੇਰਾ ਐਡਰੇਸ ਗਲਤ ਸੀਗਾ। ਐਡਰੇਸ ਫੇਰ ਦੇ ਦਿਤਾ। ਉਹ ਤੀਸਰੇ ਦਿਨ ਫੇਰ ਸਵਾਲ ਕਰ ਦਿਤਾ ਕਿ ਮਹਾਰਾਜ! ਕੱਲ੍ਹ ਵੀ ਨਹੀਂ ਤੁਸੀਂ ਆਏ। ਕਹਿੰਦੇ, ਤੇਰਾ ਐਡਰੇਸ ਗਲਤ ਹੈ ਪ੍ਰੇਮੀਆਂ। ਤੂੰ ਜਿੱਥੇ ਰਹਿੰਦਾ ਹੈਂ, ਤੂੰ ਉਹਦਾ ਪਤਾ ਨਹੀਂ ਦਿੰਦਾ। ਕਹਿੰਦਾ, ਮਹਾਰਾਜ! ਮੈਂ ਤਾਂ ਸਹੀ ਦਸਦਾ ਹਾਂ, ਮੈਂ ਤਾਂ ਉਥੇ ਹੀ ਰਹਿੰਦਾ ਹਾਂ। ਕਹਿੰਦੇ, ਤੂੰ ਜਾਣਦਾ ਹੈਂ ਤੂੰ ਕੌਣ ਹੈਂ?

ਕਹਿੰਦਾ, ਹਾਂ ਜੀ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਮਿਸਟਰ ਫਲਾਣਾ ਹਾਂ। ਕਹਿੰਦੇ, ਮਿਸਟਰ ਜੋਹਨ! ਜੇ ਤੇਰੀਆਂ ਦੋਵੇਂ ਬਾਹਵਾਂ ਵੱਢ ਕੇ ਰੱਖ ਦੇਈਏ ਤਾਂ ਤੂੰ ਕੀ ਕਹੇਂਗਾ? ਉਹ ਕਹਿੰਦਾ, ਮੈਂ ਕਹਾਂਗਾ, ਇਹ ਮੇਰੀਆਂ ਬਾਹਾਂ ਹਨ।

ਲੱਤਾਂ ਵੱਢ ਕੇ ਰੱਖ ਦੇਈਏ?

ਮੈਂ ਕਹਾਂਗਾ, ਇਹ ਮੇਰੀਆਂ ਲੱਤਾਂ ਨੇ।

ਕਹਿੰਦੇ ਜੇ ਤੇਰਾ ਸਿਰ ਵੱਢ ਕੇ ਰੱਖ ਦੇਈਏ, ਤੇ ਤੇਰੇ 'ਚ ਬੋਲਣ ਦੀ ਤਾਕਤ ਹੋਵੇ, ਤਾਂ ਕੀ ਕਹੇਂਗਾ?

ਤਾਂ ਕਹਿੰਦਾ ਮੈਂ ਕਹਾਂਗਾ, ਇਹ ਮੇਰਾ ਸਿਰ ਹੈ।

ਕਹਿੰਦੇ, ਸਾਰੇ ਨੂੰ ਕੀ ਕਹੇਂਗਾ?

ਕਹਿੰਦਾ, ਇਹ ਮੇਰਾ ਸਰੀਰ ਹੈ।

ਕਹਿੰਦੇ, ਫੇਰ ਤੂੰ ਕੌਣ ਹੋਇਆ?

ਇਕ ਦਮ ਸਮਝ 'ਚ ਆਉਣ ਲੱਗ ਗਿਆ ਕਿ ਆਹ ਤਾਂ ਗੱਲ ਹੀ ਹੋਰ ਨਿਕਲੀ। ਮੈਂ ਤਾਂ ਸੋਚੀ ਨਹੀਂ ਸੀ ਅੱਜ ਤੱਕ। ਕੋਈ ਵੀ ਨਹੀਂ ਸੋਚਦਾ। ਨਾ ਅਸੀਂ ਸੋਚੀਏ, ਮੈਂ-ਮੈਂ ਸਰੀਰ ਨੂੰ ਕਰੀ ਜਾਵਾਂਗੇ। ਆਪਣੇ ਆਪ ਨੂੰ ਨਹੀਂ ਜਾਣਦੇ। ਮਹਾਰਾਜ ਦੱਸੀ ਜਾਂਦੇ ਨੇ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ - 441***

***ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਅੰਗ - 871***

ਅਸੀਂ ਆਹ ਨਹੀਂ ਹਾਂ ਜਿਹੜਾ ਕੁਛ ਦਿਸਦੇ ਹਾਂ, ਅਸੀਂ ਤਾਂ ਇਹਦੇ ਵਿਚ ਰਹਿੰਦੇ ਹਾਂ, ਸਾਡਾ ਰੂਪ, ਰੰਗ, ਰੇਖ-ਭੇਖ ਕੋਈ ਨਹੀਂ ਹੈ। ਨਾ ਵਾਹਿਗੁਰੂ ਦਾ, ਨਾ ਸਾਡਾ। ਅਸੀਂ ਉਸ ਦੀ ਅੰਸ ਹਾਂ। ਜਿਹੋ ਜਿਹਾ

ਪ੍ਰਮੇਸ਼ਰ ਓਹੋ ਜਿਹੇ ਅਸੀਂ। ਸਾਡੇ 'ਚ ਫਰਕ ਨਹੀਂ। ਅਸੀਂ ਗਲਤੀ ਨਾਲ ਇਕ ਨਸ਼ਾ ਪੀ ਲਿਆ, ਬੇਹੋਸ਼ ਹੋ ਗਏ, ਬੇਹੋਸ਼ੀ ਦੇ ਵਿਚ ਅਸੀਂ ਸਰੀਰ ਹੀ ਕਹੀ ਜਾਂਦੇ ਹਾਂ ਆਪਣੇ ਆਪ ਨੂੰ। ਸਰੀਰ ਦੇ ਹੀ ਸਬੰਧਾਂ ਨਾਲ ਦੁਖੀ ਹੁੰਦੇ ਹਾਂ। ਇਸ ਤੋਂ ਉਪਰ ਅਸੀਂ ਜਾਣ ਨੂੰ ਤਿਆਰ ਹੀ ਨਹੀਂ ਹੈਗੇ। ਨਾ ਮੰਨਣ ਨੂੰ ਤਿਆਰ ਹਾਂ, ਨਾ ਅਸੀਂ ਗੁਰੂ ਦੇ ਬਚਨ ਨੂੰ ਅਪਣਾਉਣ ਨੂੰ ਤਿਆਰ ਹਾਂ। ਉਸ ਤਰ੍ਹਾਂ ਅਸੀਂ ਕਹਿੰਦੇ ਹਾਂ ਕਿ ਸਾਨੂੰ ਰੱਬ ਮਿਲ ਜਾਵੇ। ਕਿਤੇ-ਕਿਤੇ ਮੱਧਮ ਜਿਹਾ ਖਿਆਲ ਆਉਂਦਾ ਹੈ ਕਿ ਜੇ ਮਿਲ ਜਾਵੇ ਤਾਂ ਚੰਗਾ ਹੀ ਹੈ। ਮਹਾਰਾਜ ਕਹਿੰਦੇ -

*ਅੰਤਰਿ ਅਲਖੁ ਨ ਜਾਈ ਲਖਿਆ*
*ਵਿਚਿ ਪੜਦਾ ਹਉਮੈ ਪਾਈ ॥* *ਅੰਗ - 205*

ਕਹਿੰਦੇ, ਹੋਇਆ ਕੀ। ਕਹਿੰਦੇ -

*ਮਾਇਆ ਮੋਹਿ ਸਭੋ ਜਗੁ ਸੋਇਆ*
*ਇਹੁ ਭਰਮੁ ਕਹਹੁ ਕਿਉ ਜਾਈ ॥* *ਅੰਗ - 205*

ਇੱਕ, ਚਾਰ, ਦਸ ਨਹੀਂ, ਸਾਰਾ ਸੰਸਾਰ ਸੁੱਤਾ ਪਿਆ ਹੋਇਆ ਹੈ। ਆਹ ਵੀ ਸੁਪਨਾ 'ਤੇ ਜਿਹੜਾ ਰਾਤ ਨੂੰ ਸੁਤੇ ਪਏ ਨੂੰ ਆਉਂਦਾ ਹੈ ਉਹ ਵੀ ਸੁਪਨਾ। ਦਿਮਾਗ ਦਾ ਹੀ ਕੰਮ ਹੈ। ਕਮਲੇ ਦੇ ਦਿਮਾਗ ਵਿਚ ਜਿਹੜੀ ਗੱਲ ਬਹਿ ਜਾਵੇ, ਉਹਨੂੰ ਕੱਢ ਕੇ ਦਿਖਾਓ। ਬੰਦਾ ਤਾਂ ਓਹੀ ਹੈ, ਓਵੇਂ ਜਿਵੇ ਹੈ, ਲੇਕਿਨ ਉਹਦੇ ਦਿਮਾਗ 'ਚ ਗੱਲ ਸਮਾ ਗਈ, ਓਹੀ ਕਹੀ ਜਾਣੀ ਹੈ। ਉਵੇਂ ਜਿਵੇਂ ਚੱਲੀ ਜਾਣੀ ਹੈ। ਉਹ ਨਹੀਂ ਮੰਨਦਾ, ਜਿੰਨਾਂ ਜੀਅ ਕਰਦਾ ਹੈ, ਜ਼ੋਰ ਲਾ ਲਓ।

ਮੇਰੇ ਮਿਲਣ ਵਾਲਾ ਸੀ ਇੱਕ ਉਥੇ ਗਿਆ, ਉਹਨੇ ਮੈਨੂੰ ਆਵਾਜ਼ ਮਾਰ ਲਈ ਰਾਹ 'ਚ ਜਾਂਦੇ-ਜਾਂਦੇ ਨੂੰ। ਮੈਂ ਚਲਿਆ ਗਿਆ ਉਸ ਕੋਲ। ਕਹਿੰਦਾ, ਪਛਾਣਿਆ ਨਹੀਂ? ਮੈਂ ਕਿਹਾ, ਪਛਾਣ ਲਿਆ। ਕੀ ਗੱਲ? ਕਹਿੰਦਾ, ਮੇਰੀ ਰਾਜਧਾਨੀ 'ਤੇ ਹਮਲਾ ਕਰਕੇ, ਮੈਨੂੰ ਕੈਦ ਕਰ ਦਿਤਾ ਇਨ੍ਹਾਂ ਨੇ। ਮੇਰੇ ਸੰਗਲ ਲਾ ਦਿਤੇ। ਆਹ ਸੋਫੇ ਪਏ ਨੇ, ਤੂੰ ਇਨ੍ਹਾਂ 'ਤੇ ਬਹਿ ਜਾ। ਨਾ ਕੋਈ ਸੋਫਾ ਨਾ ਕੁਛ ਹੋਰ ਉਥੇ। ਇੱਕ ਟੁੱਟੀ ਹੋਈ ਮੰਜੀ ਪਈ ਸੀ। ਸੋਫਾ ਹੀ ਨਹੀਂ ਸੀ ਉਥੇ। ਐਨੇ ਨੂੰ ਪਰ੍ਹੇ ਇੱਕ ਥੇਹ ਸੀ ਪਿੰਡ ਦਾ, ਉਥੇ ਕੋਈ ਗੱਡਾ ਭਰਨ ਆ ਗਿਆ ਉਸ ਮਿੱਟੀ ਦਾ, ਉਥੋਂ ਹੀ ਖੜ੍ਹਾ ਗਾਲ੍ਹਾਂ ਕੱਢਣ ਲੱਗ ਗਿਆ ਕਿ ਤੂੰ ਮੇਰੇ ਕਿਲ੍ਹੇ ਦੀ ਕੰਧ ਤੋੜ ਰਿਹਾ ਹੈਂ, ਚੋਰੀ ਕਰ ਰਿਹਾ ਹੈਂ ਮੇਰੀ। ਉਥੇ ਹਾਕਾਂ ਮਾਰਨ ਲੱਗ ਗਿਆ ਘਰਵਾਲੀ ਨੂੰ ਕਹਿੰਦਾ, ਦੇਖ, ਆਪਣਾ ਜਿਹੜਾ ਸੋਨਾ ਪਿਆ ਹੈ ਕਿਤੇ ਉਹ ਕੱਢ ਲਵੇ, ਖਜ਼ਾਨੇ 'ਚ ਪਾੜ ਨਾ ਲਾ ਦੇਵੇ।

ਹੁਣ ਉਹਨੂੰ ਕੌਣ ਸਮਝਾਵੇ ਕਿ ਪ੍ਰੇਮੀਆਂ! ਇਹ ਤਾਂ ਇੱਕ ਥੇਹ ਹੈ। ਉਜੜਿਆ ਹੋਇਆ ਥਾਂ ਪਿਆ ਹੈ ਤੇ ਉਹਨੂੰ ਕਿਲ੍ਹਾ ਨਜ਼ਰ ਆਉਂਦਾ ਹੈ। ਉਹਦੇ 'ਚ ਸੋਨਾ ਨਜ਼ਰ ਆਉਂਦਾ ਹੈ। ਉਹਦੇ 'ਚ ਉਹਨੂੰ ਸਾਰੀ ਰਾਜਸੀ ਠਾਠ ਨਜ਼ਰ ਆਉਂਦੀ ਹੈ। ਹੁਣ ਦਿਮਾਗ ਦਾ ਫਰਕ ਪਿਆ, ਹੈਗਾ ਤਾਂ

ਸਾਡੇ ਵਰਗਾ ਹੀ ਬੰਦਾ। ਉਹ ਵੀ ਜਿਹੜਾ ਬੋਲਦਾ ਹੈ ਸੱਚ ਬੋਲਦਾ ਹੈ, ਬਿਲਕੁਲ ਸਹੀ ਬੋਲਦਾ ਸੀ। ਰਾਜਾ ਬਣਿਆ ਹੋਇਆ ਹੈ। ਅਸੀਂ ਕਹਿੰਦੇ ਹਾਂ, ਪਾਗਲ ਹੈ।

ਮਹਾਰਾਜ ਕਹਿੰਦੇ ਨੇ ਕਿ ਤੁਸੀਂ ਵੀ ਪਾਗਲ ਓਂ। ਇੱਕ, ਦੋ ਨਹੀਂ ਸਾਰਾ ਸੰਸਾਰ -

***ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥***
***ਅੰਗ - 644***

ਕਹਿੰਦੇ, ਸਾਰਾ ਸੰਸਾਰ ਸ਼ਬਦ ਦੀ ਧੁਨ ਨਾਲੋਂ ਟੁੱਟ ਕੇ ਬਉਰਾ ਹੋਇਆ-ਹੋਇਆ ਹੈ। ਬਉਰਾ ਕਹਿੰਦੇ ਨੇ ਹਲਕੇ ਹੋਏ ਨੂੰ। ਇੱਕ ਥਾਉਂ ਮਹਾਰਾਜ ਕਹਿੰਦੇ ਨੇ -

***ਬਿਨੁ ਨਾਵੈ ਜਗੁ ਕਮਲਾ ਫਿਰੈ .........॥ ਅੰਗ - 643***

ਕਹਿੰਦੇ, ਪਾਗਲ ਹੋਇਆ ਫਿਰਦਾ ਹੈ ਸੰਸਾਰ। ਰਹਿਣਾ ਇਥੇ ਹੈ ਨਹੀਂ, ਕਿੱਡੇ ਵੈਰ ਵਿਰੋਧ, ਕਿੰਨੇ ਸ਼ੜਯੰਤਰ, ਕਿੰਨਾ ਝੂਠ, ਕਿੰਨੀਆਂ ਗੱਲਾਂ, ਇਸ ਤਰ੍ਹਾਂ ਕਰਦੇ ਨੇ ਜਿਵੇਂ ਕਿਤੇ ਇਥੇ ਹੀ ਰਹਿਣਾ ਹੈ ਜਾਣਾ ਹੀ ਨਹੀਂ। ਉਹ ਵਿਚਾਲੇ ਹੀ ਤੁਰ ਜਾਂਦੇ ਨੇ। ਉਹ ਪਾਗਲਪਨ ਨਹੀਂ ਤਾਂ ਹੋਰ ਕੀ ਹੈ। ਲੇਕਿਨ ਅਸੀਂ ਠੀਕ ਸਿੱਧ ਕਰਦੇ ਹਾਂ ਕਿਉਂਕਿ ਅਸੀਂ ਸਾਰੇ ਹੀ ਕਮਲੇ ਇਕੱਠੇ ਹੋ ਗਏ। ਪਾਗਲਖਾਨੇ 'ਚ ਨਹਿਰੂ ਚਲਿਆ ਗਿਆ ਦੇਖਣ ਵਾਸਤੇ। ਉਥੇ ਜਦੋਂ ਉਹਦੀ ਜਾਣ-ਪਛਾਣ ਕਰਾਈ ਕਿਸੇ ਨਾਲ, ਉਹ ਚਿੱਠੀ ਲਿਖ ਰਿਹਾ ਸੀ। ਕਹਿੰਦੇ, ਮਹਾਰਾਜ! ਇਹ ਬੜਾ ਪੜ੍ਹਿਆ ਲਿਖਿਆ ਹੈ। ਉਹ ਚਿੱਠੀਆਂ ਲਿਖੀ ਜਾਂਦਾ ਹੈ ਤੇ ਰੱਬ ਦੇ ਨਾਉਂ 'ਤੇ ਐਡਰੇਸ ਕਰ ਦਿੰਦਾ ਹੈ। ਨਾਲ ਕਹਿੰਦਾ ਹੈ ਕਿ ਮੇਰੀ ਚਿੱਠੀ ਪਾ ਦਿਓ, ਜਵਾਬ ਆਏਗਾ। ਉਹ ਲੈ ਲੈਂਦੇ ਨੇ ਉਸ ਤੋਂ।

ਨਹਿਰੂ ਨੇ ਪੁੱਛਿਆ, ਕੈਸੇ ਹੋ?

ਇੰਗਲਿਸ਼ 'ਚ ਬੋਲਿਆ, ਉਹ ਵੀ ਇੰਗਲਿਸ਼ ਬੋਲਦਾ ਰਿਹਾ। ਨਹਿਰੂ ਕਹਿਣ ਲੱਗਿਆ ਕਿ ਇਹ ਕਮਲਾ ਲਗਦਾ ਤਾਂ ਹੈ ਨਹੀਂ। ਉਹਨੇ ਪੁੱਛਿਆ ਕਿ ਤੂੰ ਮੈਨੂੰ ਆਪਣੀ ਪਛਾਣ ਹੀ ਨਹੀਂ ਕਰਾਈ? ਕਹਿਣ ਲੱਗਿਆ, ਮੈਂ ਪ੍ਰਧਾਨ ਮੰਤਰੀ ਹਾਂ ਜਵਾਹਰ ਲਾਲ ਨਹਿਰੂ। ਇੱਥੇ ਸਾਰੇ ਹੀ ਜਵਾਹਰ ਲਾਲ ਨੇ ਜਿੰਨੇ ਇਥੇ ਆਏ ਨੇ। ਘੱਟ ਕੋਈ ਵੀ ਨਹੀਂ ਹੈ। ਕਹਿੰਦਾ, ਆਜਾ, ਆਜਾ ਸਾਡੇ 'ਚ ਰਲ ਜਾ ਆ ਕੇ। ਇਥੇ ਜਵਾਹਰ ਲਾਲ ਨਹਿਰੂਆਂ ਦਾ ਹੀ ਥਾਂ ਹੈ। ਆਪਣੇ ਆਪ ਨੂੰ ਕੋਈ ਵੀ ਉਸ ਤੋਂ ਘੱਟ ਨਹੀਂ ਸੀ ਸਮਝਦਾ। ਸੋ ਉਹਨੂੰ ਸਾਰੇ ਹੀ ਪਾਗਲ ਲਗਦੇ ਸੀ।

ਸਾਡੇ ਪਿੰਡ ਸੀ ਇੱਕ ਬੰਦਾ, ਮੈਂ ਛੁੱਟੀ ਆ ਗਿਆ, ਉਹਨੂੰ ਮਿਲਣ ਚਲਿਆ ਗਿਆ, ਬੜਾ ਚੰਗਾ ਸੀ ਪਾਠੀ ਬਹੁਤ ਵਧੀਆ। ਭਜਨ ਬੰਦਗੀ ਕਰਨ ਵਾਲਾ। ਮੈਨੂੰ ਦੇਖ ਲਿਆ, ਕੁਹਾੜਾ ਉਹਦੇ ਮੋਢੇ 'ਤੇ ਸੀ। ਮੈਨੂੰ ਇਸ਼ਾਰਾ ਵੀ ਸਾਰਿਆਂ ਨੇ ਕਰਿਆ ਕਿ ਨੱਠ ਜਾ, ਇਹਦੇ ਕੋਲੋਂ, ਇਹ

ਕਮਲਾ ਹੋਇਆ-ਹੋਇਆ ਹੈ। ਮੈਂ ਖੜ੍ਹਾ ਰਿਹਾ, ਆ ਕੇ ਮੈਨੂੰ ਫਤਿਹ ਬੁਲਾਈ। ਬੜੀਆਂ ਸੋਹਣੀਆਂ ਗੱਲਾਂ ਕਰੇ ਕਿ ਕਦੋਂ ਆਇਆ ਹੈਂ, ਕਿੰਨੀ ਛੁੱਟੀ ਹੈ? ਕਹਿੰਦਾ, ਮੇਰੇ ਨਾਲ ਚੱਲ। ਮੈਂ ਕਿਹਾ, ਕੀ ਗੱਲ? ਕਹਿੰਦਾ, ਇਥੇ ਕਮਲੇ ਵੜ ਗਏ ਗੁਰਦੁਆਰੇ 'ਚ ਤੇ ਆਪਾਂ ਉਨ੍ਹਾਂ ਨੂੰ ਅੰਦਰ ਬੰਦ ਕਰਨਾ ਹੈ। ਕੁਦਰਤੀ ਲੰਗਰ 'ਚ ਬੈਠੇ ਸੀ, ਜਾ ਕੇ ਦਰਵਾਜ਼ਾ ਉਨ੍ਹਾਂ ਨੇ ਆਪੇ ਹੀ ਬੰਦ ਕਰ ਲਿਆ ਕਿ ਇਹ ਤਾਂ ਮਾਰੇਗਾ ਸਾਡੇ ਕੁਹਾੜਾ ਆ ਕੇ। ਇਹਨੇ ਬਾਹਰੋਂ ਜਾ ਕੇ ਤਾਲਾ ਲਾ ਦਿਤਾ। ਕਹਿੰਦਾ, ਲੈ ਹੁਣ ਨਹੀਂ ਨਿਕਲਣ ਦੇਣੇ। ਮੈਂ ਕਿਹਾ ਕੀ ਕਰੇਂਗਾ? ਕਹਿੰਦਾ, ਚਾਬੀ ਹੈ, ਹੁਣ ਪੱਕਾ ਹੀ ਬੰਦੋਬਸਤ ਕਰਨਾ ਹੈ, ਚਾਬੀ ਖੂਹ 'ਚ ਸੁੱਟ ਦਿੰਦਾ ਹਾਂ, ਨਾ ਚਾਬੀ ਨਿਕਲੇ ਨਾ ਕਮਲੇ ਬਾਹਰ ਆਉਣ।

ਮੇਰੇ ਨਾਲ ਘਰ ਨੂੰ ਆ ਗਿਆ, ਮੈਂ ਕਿਹਾ ਇਸ ਤੋਂ ਪਿੱਛਾ ਕਿਵੇਂ ਛੁਡਾਵਾਂ।

ਮੈਂ ਫੇਰ ਮੁੜ ਕੇ ਚਲਿਆ ਗਿਆ, ਕਹਿੰਦਾ, ਲੈ ਤੂੰ ਮੱਥਾ ਤਾਂ ਟੇਕਿਆ ਹੀ ਨਹੀਂ ਅੰਦਰ। ਮੈਂ ਗੁਰਦੁਆਰੇ ਚਲਿਆ ਗਿਆ, ਨਮਸ਼ਕਾਰ ਕਰੀ, ਕਹਿੰਦਾ ਮੈਂ ਵਾਕ ਲੈਂਦਾ ਹਾਂ।

ਮੈਂ ਕਿਹਾ, ਲੈ ਬਈ ਇਹ ਤਾਂ ਹੁਣ ਕੰਮ ਖਰਾਬ ਕਰੇਗਾ।

ਰੁਮਾਲਾ ਚੁੱਕ ਲਿਆ, ਚੁੱਕ ਕੇ ਵਾਕ ਲੈਣ ਲੱਗਿਆ। ਹੁਕਮਨਾਮਾ ਤਾਂ ਲੈਂਦਾ ਨਹੀਂ, ਕਹਿੰਦਾ ਉਰ੍ਹੇ ਆ ਤੈਨੂੰ ਦਿਖਾਵਾਂ ਗੁਰੂ ਗ੍ਰੰਥ ਸਾਹਿਬ ਦੀਆਂ ਜੜ੍ਹਾਂ ਨੇ ਜਿਹੜੀਆਂ। ਆਹ ਦੇਖ, ਆਹ ਜੜ੍ਹਾਂ ਨੇ, ਜਿਹੜੀਆਂ ਲਾਇਨਾਂ ਨੇ ਇਹ ਟਾਹਣੇ ਨੇ। ਕਹਿੰਦਾ, ਆਹ ਜੜ੍ਹ ਮੇਰੇ ਜੇਬ 'ਚ ਪਾਈ ਹੋਈ ਹੈ। ਕਹਿੰਦਾ, ਸਾਰਾ ਗੁਰੂ ਗ੍ਰੰਥ ਸਾਹਿਬ ਮੈਂ ਜੇਬ 'ਚ ਪਾ ਲਿਆ। ਉਹ ਹੁਕਮਨਾਮਾ ਤਾਂ ਲਵੇ ਨਾ, ਮੈਂ ਕਿਹਾ ਠੀਕ ਹੈ ਬਹੁਤ ਵਧੀਆ ਤੂੰ ਅਰਥ ਕਰ ਦਿਤੇ। ਚੱਲੀਏ ਹੁਣ।

ਮੈਂ ਚੱਲਿਆ, ਉਹ ਫੇਰ ਮੇਰੇ ਨਾਲ ਚੱਲ ਪਿਆ। ਮੈਂ ਕਿਹਾ, ਇਹ ਤਾਂ ਛੱਡਦਾ ਨਹੀਂ ਖਹਿੜਾ। ਪ੍ਰਸ਼ਾਦਾ ਛਕਣ ਦਾ ਵੇਲਾ ਹੋ ਗਿਆ, ਕਿੰਨਾ ਹੀ ਸਮਾਂ ਲੰਘ ਗਿਆ। ਮੈਂ ਕਿਹਾ, ਤੂੰ ਇਸ ਤਰ੍ਹਾਂ ਕਰ ਚਾਬੀ ਮੈਨੂੰ ਫੜਾ ਦੇ। ਕਹਿੰਦਾ, ਅੱਛਾ ਤੂੰ ਸਾਂਭ ਕੇ ਰੱਖੀਂ। ਮੈਂ ਉਨ੍ਹਾਂ ਦਾ ਤਾਲਾ ਖੋਲ੍ਹ ਦਿਤਾ, ਉਹਦੀ ਅੱਖ ਬਚਾ ਕੇ। ਮੈਂ ਕਿਹਾ, ਲਾਭ ਸਿੰਘ! ਕਮਲੇ ਤਾਂ ਬਾਹਰ ਆ ਗਏ, ਆਪਾਂ ਨੱਠੀਏ। ਕੁਹਾੜਾ ਮੈਂ ਉਹਦਾ ਰਖਾ ਦਿਤਾ ਸੀ। ਗੁਰਦੁਆਰੇ ਵਾਲੇ ਕਹਿੰਦੇ ਸੀ ਕਿ ਕੁਹਾੜਾ ਫੜ ਲੈ ਫੇਰ ਅਸੀਂ ਫੜ ਲਵਾਂਗੇ ਇਹਨੂੰ। ਬੜੀ ਮੁਸ਼ਕਲ ਨਾਲ ਉਹਨੂੰ ਬੰਦ ਕਰਿਆ। ਮੈਨੂੰ ਕਹਿੰਦਾ, ਤੂੰ ਨੱਠ ਜਾ। ਤੈਨੂੰ ਨਾ ਫੜ ਕੇ ਬੰਦ ਕਰ ਦੇਣ। ਯਾਨਿ ਉਹਨੂੰ ਸਾਰਾ ਸੰਸਾਰ ਕਮਲਿਆਂ ਦਾ ਲੱਗੇ।

ਸੋ ਆਹੀ ਰੌਲਾ ਹੈ, ਮਹਾਰਾਜ ਕਹਿੰਦੇ, ਸੰਸਾਰ ਤਾਂ ਹੈਗਾ ਕਮਲਾ।

***ਬਿਨੁ ਨਾਵੈ ਜਗੁ ਕਮਲਾ ਫਿਰੈ ...........॥ ਅੰਗ - 643***

ਇਥੇ ਮਹਾਰਾਜ ਕਹਿੰਦੇ ਨੇ ਸਾਰਾ ਸੰਸਾਰ ਸੁਪਨ ਅਵਸਥਾ ਵਿਚ ਹੈ, ਸੁੱਤਾ ਪਿਆ ਹੈ ਤੇ ਆਪਣੇ ਆਪ ਨੂੰ ਨਹੀਂ ਜਾਣਦਾ।

*ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥*
*ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥*
*ਅੰਗ - 658*

ਰਾਜਾ ਸੌਂ ਗਿਆ ਤਖਤ 'ਤੇ। ਦੁਸ਼ਮਣਾਂ ਨੇ ਸੁਪਨੇ 'ਚ ਆ ਕੇ ਰਾਜ ਖੋਹ ਲਿਆ। ਭਿਖਾਰੀ ਬਣਿਆ ਫਿਰਦਾ ਹੈ। ਬੈਠਾ ਤਾਂ ਤਖਤ ਦੇ ਉਤੇ ਹੈ। ਰਾਜ ਹੈਗਾ, ਤਖਤ 'ਤੇ ਬੈਠਾ ਹੈ। ਸੁਪਨੇ ਵਿਚ ਭਿਖਾਰੀ ਲਗਦਾ ਹੈ, ਮਹਾਰਾਜ ਕਹਿੰਦੇ ਇਸ ਤਰ੍ਹਾਂ ਦੇ ਨਾਲ -

*ਮਾਇਆ ਮੋਹਿ ਸਭੋ ਜਗੁ ਸੋਇਆ*
*ਇਹੁ ਭਰਮੁ ਕਹਹੁ ਕਿਉ ਜਾਈ ॥* *ਅੰਗ - 205*

ਹੁਣ ਜਾਵੇ ਕਿਵੇਂ ਇਹ ਭਰਮ, ਕੋਈ ਤਰੀਕਾ ਹੈ ਇਹਦਾ-

*ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ ॥* *ਅੰਗ - 205*

ਜਿਥੇ ਮੈਂ ਪਿਆ ਹਾਂ, ਜਿਹੜੇ ਮੰਜੇ 'ਤੇ ਨਾਲ ਹੀ ਮੇਰੇ ਵਾਹਿਗੁਰੂ ਪਿਆ ਹੈ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ.......॥* *ਅੰਗ - 1263*

ਇੱਕੋ ਥਾਂ ਰਹਿੰਦੇ ਨੇ, ਕਹਿੰਦੇ ਦੋਵੇਂ ਇਕੱਠੇ ਹੀ ਰਹਿੰਦੇ ਨੇ -

*......ਮਿਲਿ ਬਾਤ ਨ ਕਰਤੇ ਭਾਈ ॥* *ਅੰਗ - 205*

ਨਾ ਜੀਵ ਰੱਬ ਨਾਲ ਗੱਲ ਕਰਦਾ ਹੈ, ਨਾ ਰੱਬ ਜੀਵ ਨਾਲ ਗੱਲ ਕਰਦਾ ਹੈ। ਉਂਞ ਚੀਕਾਂ ਮਾਰੀ ਜਾਂਦਾ ਹੈ ਕਿ ਤੂੰ ਮੈਨੂੰ ਮਿਲ, ਤੂੰ ਮਿਲ ਕਿੱਥੇ ਹੈਂ। ਮੈਨੂੰ ਦਸ ਦਿੰਦੇ। ਮੈਨੂੰ ਆਹ ਬਣ ਕੇ ਦਿਸ, ਮੈਨੂੰ ਫਲਾਣਾ ਸਰੂਪ ਧਾਰ ਕੇ ਦਿਸ।

ਉਹ ਤੇਰੇ ਕੋਲ ਤਾਂ ਰਹਿੰਦਾ ਹੈ, ਨਾਲ ਤੁਰਿਆ ਹੋਇਆ ਹੈ। ਬਾਹਰ ਨਹੀਂ ਹੈ, ਇੱਕ ਪਰਦਾ ਹੈ ਬਰੀਕ ਜਿਹਾ -

*ਏਕ ਬਸਤੁ ਬਿਨੁ ਪੰਚ ਦੁਹੇਲੇ ਓਹ ਬਸਤੁ ਅਗੋਚਰ ਠਾਈ ॥*
*ਅੰਗ - 205*

ਵਾਹਿਗੁਰੂ ਦੇ ਗਿਆਨ ਤੋਂ ਬਗੈਰ ਇਹ ਪੰਜੋ ਗਿਆਨ ਇੰਦਰੀਆਂ, ਕਰਮ ਇੰਦਰੀਆਂ ਦੁਹੇਲੀਆਂ ਬਣੀਆਂ ਪਈਆਂ ਨੇ। ਲੇਕਿਨ ਉਹ ਅੰਦਰ ਹੀ ਹੈ ਸਾਰਿਆਂ ਦੇ। ਕਹਿੰਦੇ, ਹਉਮੈ ਦਾ ਰੋਗ ਲੱਗ ਗਿਆ ਏਸਨੂੰ। ਇਹ ਰੋਗ ਨਹੀਂ ਜਾਂਦਾ, ਜਿੰਨਾਂ ਜੀਅ ਕਰਦਾ ਹੈ, ਦੌੜ ਲਓ ਭੱਜ ਲਓ। ਏਧਰ-ਓਧਰ ਕਿਤੇ-ਕਿਤੇ ਚਲੇ ਜਾਓ। ਰੋਗ ਨਹੀਂ ਜਾਂਦਾ। ਪੁੱਛੀ ਜਾਹ, ਤੈਨੂੰ ਬੇਅੰਤ ਕਿਸਮ ਦੇ ਵੈਦ ਮਿਲਣਗੇ। ਲੇਕਿਨ ਕੱਚੇ ਵੈਦ ਤੋਂ ਰੋਗ ਨਹੀਂ ਜਾਣਾ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਤੇਰਾ ਹਉਮੈ ਦਾ ਰੋਗ ਨਾ ਜਾਣਾ,***
***ਬਹੁਤੇ ਵੈਦ ਪੁੱਛਦਾ ਫਿਰੇਂ।***

ਜੇ ਤਾਂ ਡਾਕਟਰ ਮਿਲ ਜਾਵੇ ਪੂਰਾ, ਤਾਂ, ਤਾਂ ਰੋਗ ਨੂੰ ਪਛਾਣ ਲੈਂਦਾ ਹੈ। ਪੱਥ ਦਸ ਦਿੰਦਾ ਹੈ, ਰੋਗ ਚਲਿਆ ਜਾਂਦਾ ਹੈ। ਜੇ ਪਚਾਦੜ ਵੈਦ ਲੈ ਲਵੇ, ਅਣਜਾਣ ਵੈਦ ਕੋਲ ਘੁੰਮਦਾ ਹੈ, ਇਕ ਨੇ ਦਵਾਈ ਕੋਈ ਦੇ ਦਿਤੀ, ਇਕ ਨੇ ਕੋਈ ਦੇ ਦਿਤੀ। ਸਰੀਰ ਦੇ ਵਿਚ ਨੁਕਸ ਪੈ ਜਾਂਦੇ ਨੇ -

***ਰੋਗੀ ਮਾਣਸ ਹੋਇਕੈ ਫਿਰਦਾ ਬਾਹਲੇ ਵੈਦ ਪੁਛੰਦਾ।***
***ਕਚੈ ਵੈਦ ਨ ਜਾਣਨੀ ਵੇਦਨ ਦਾਰੂ ਰੋਗੀ ਸੰਦਾ।***

***ਭਾਈ ਗੁਰਦਾਸ ਜੀ, ਵਾਰ - 17/13***

ਕੱਚੇ ਵੈਦ ਨੂੰ ਤਾਂ ਕੁਛ ਪਤਾ ਨਹੀਂ ਹੁੰਦਾ, ਅੱਟਾ-ਸੱਟਾ ਮਾਰ ਦਏਗਾ ਕਿ ਆਹ ਖਾ ਕੇ ਦੇਖ ਲੈ, ਔਹ ਖਾ ਕੇ ਦੇਖ ਲੈ।

***ਹੋਰੋ ਦਾਰੂ ਰੋਗੁ ਹੋਰਿ ਹੋਇ ਪਚਾਇੜ ਦੁਖ ਸਹੰਦਾ।***

***...........ਓਹੀ***

ਸਰੀਰ ਦੇ ਅੰਦਰ ਬੇਅੰਤ ਕਿਸਮ ਦੇ ਵਿਰੋਧੀ ਤੱਤ ਭਰ ਗਏ, ਹੋਰ ਹੀ ਨਵੀਂ ਬੀਮਾਰੀ ਲਗ ਜਾਂਦੀ ਹੈ। ਫੇਰ ਜੇ -

***ਆਵੈ ਵੈਦੁ ਸੁਵੈਦੁ ਘਰਿ ਦਾਰੂ ਦਸੈ ਰੋਗੁ ਲਹੰਦਾ।***

***...........ਓਹੀ***

ਜੇ ਸੱਚੇ ਵੈਦ ਕੋਲ, ਪੂਰੇ ਵੈਦ ਕੋਲ ਆ ਜਾਵੇ, ਪੜ੍ਹੇ-ਲਿਖੇ ਡਾਕਟਰ ਕੋਲ ਆ ਜਾਵੇ ਤਾਂ ਉਹ ਦਾਰੂ ਦਸ ਦਿੰਦਾ ਹੈ ਤੇ ਰੋਗ ਲਹਿ ਜਾਂਦਾ ਹੈ।

***ਸੰਜਮਿ ਰਹੈ ਨ ਖਾਇ ਪਥੁ ਖਟਾ ਮਿਠਾ ਸਾਉ ਚਖੰਦਾ।***

***...........ਓਹੀ***

ਜੇ ਭਲਾ ਸੰਜਮ ਦੱਸਿਆ ਹੋਇਆ ਨਹੀਂ ਰੱਖਦਾ ਤੇ ਨਾ ਪੱਥ ਰੱਖ ਕੇ ਖਾਂਦਾ ਹੈ। ਖੱਟਾ ਮਿੱਠਾ ਖਾਈ ਜਾਂਦਾ ਹੈ। ਫੇਰ ਦੋਸ਼ ਦਿੰਦਾ ਹੈ ਵੈਦ ਨੂੰ ਕਿ ਕੁਛ ਨਹੀਂ ਡਾਕਟਰ ਇਹ ਤਾਂ। ਇਸੇ ਤਰ੍ਹਾਂ ਵੈਦ ਤਾਂ ਪੂਰੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਅਸੀਂ ਹੀ ਖੱਟਾ ਮਿੱਠਾ ਖਾਂਦੇ ਹਾਂ ਝੂਠ ਬੋਲ ਕੇ, ਕਦੇ ਛਲ ਕਰ ਲਿਆ, ਕਦੇ ਨਿੰਦਿਆ ਕਰ ਲਈ। ਕਦੇ ਈਰਖਾ ਕਰ ਲਈ, ਕਦੇ ਕੁਛ ਕਰ ਲਿਆ। ਕਦੇ ਗੁੱਸੇ ਹੋ ਗਏ, ਕ੍ਰੋਧ ਵਿਚ ਆ ਗਏ, ਕਦੇ ਫਿੱਕਾ ਬੋਲ ਦਿਤਾ। ਇਹ ਖੱਟਾ ਮਿੱਠਾ ਹੀ ਖਾਂਦੇ ਹਾਂ, ਰੋਗ ਕਿਵੇਂ ਜਾਏਗਾ, ਹਉਮੈ ਦਾ। ਦੋਸ਼ ਦਿੰਦੇ ਹਾਂ ਅਸੀ-

***ਦੋਸੁ ਨ ਦਾਰੂ ਵੈਦ ਨੋ ਵਿਣੁ ਸੰਜਮਿ ਨਿਤ ਰੋਗੁ ਵਧੰਦਾ।***

***...........ਓਹੀ***

ਦੋਸ਼ ਤਾਂ ਹੈ ਨਹੀਂ, ਆਪਣੇ ਆਪ ਨੂੰ ਦੋਸ਼ ਦਿਓ।

***ਕਪਟ ਸਨੇਹੀ ਹੋਇਕੈ ਸਾਧ ਸੰਗਤਿ ਵਿਚਿ ਆਇ ਬਹੰਦਾ।***

***...........ਓਹੀ***

ਮੇਰਾ ਰੋਗ ਤਾਂ ਹਟਿਆ ਨਹੀਂ, ਕਹਿੰਦੇ ਕਪਟ ਸਨੇਹੀ ਹੋ ਕੇ ਜਾਂਦਾ ਹਾਂ। ਨਿਮਰਤਾ ਨਾਲ ਨਹੀਂ ਜਾਂਦਾ। ਪਿਆਰ ਨਾਲ ਨਹੀਂ ਜਾਂਦਾ।

***ਦੁਰਮਤਿ ਦੂਜੈ ਭਾਇ ਪਚੰਦਾ॥ ..........ਓਹੀ***

ਸੋ ਮਹਾਰਾਜ ਕਹਿਣ ਲੱਗੇ, ਭਾਈ ਭੂਮੀਆ! ਰੋਗ ਹਉਮੈ ਦਾ ਲੱਗਿਆ ਹੋਇਆ ਹੈ, ਰੱਬ ਤੇਰੇ ਨਾਲ ਹੈ। ਸੱਚ ਨੂੰ ਪਛਾਣ, ਜਿਹੜੀਆਂ ਰਹਿਤਾਂ ਸੱਚ ਦੇ ਵਾਸਤੇ ਜ਼ਰੂਰੀ ਹਨ, ਉਹ ਧਾਰਨ ਕਰ। ਬਾਕੀ ਇਸ ਰੋਗ ਨੂੰ ਜਿਹੜੀ ਦਾਰੂ ਹੈ ਉਹ ਵੀ ਤੈਨੂੰ ਅਸੀਂ ਦਸ ਦਿੰਦੇ ਹਾਂ -

***ਧਾਰਨਾ - ਹਉਮੈ ਨੂੰ ਖੋਈਦੈ, ਵਾਹਿਗੁਰੂ ਮੰਤਰ ਜਪ ਕੇ।***

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***
***ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥***
***ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥***
***ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥***
***ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥***
***ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥***

***ਅੰਗ - 466***

ਗੁਰੂ ਦਾ ਸ਼ਬਦ ਲੈ ਕੇ ਉਹਦੀ ਕਮਾਈ ਕਰੋ। ਪਹਿਲਾਂ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਵਾਸਤੇ, ਰਸਨਾ ਦਾ ਪ੍ਰਯੋਗ ਕਰਨਾ ਪੈਂਦਾ ਹੈ। ਰਸਨਾ ਨਾਲ ਵਾਹਿਗੁਰੂ-ਵਾਹਿਗੁਰੂ, ਢਾਈ ਘੰਟੇ ਬੈਠ ਕੇ ਜਪੋ। ਉਸ ਤੋਂ ਬਾਅਦ ਸਵਾਸ ਦੇ ਉਤੇ ਨਾਮ ਆ ਜਾਂਦਾ ਹੈ, ਕੰਠ ਵਿਚ ਨਾਮ ਚਲਿਆ ਜਾਂਦਾ ਹੈ, ਹਿਰਦੇ 'ਚ ਚਲਿਆ ਜਾਂਦਾ ਹੈ, ਨਾਭੀ 'ਚ ਚਲਿਆ ਜਾਂਦਾ ਹੈ, ਆਗਿਆ ਚੱਕਰ 'ਚ ਆ ਜਾਂਦਾ ਹੈ ਅਨਹਦ ਸ਼ਬਦਾਂ ਦੀ ਮਦਦ ਨਾਲ। ਇਸ ਤੋਂ ਬਾਅਦ ਧਿਆਨ ਦੇ ਨਾਲ -

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਅੰਗ- 864***

ਜਦੋਂ ਧਿਆਤਾ, ਧਿਆਨ, ਧੇਅ ਦੀ ਤ੍ਰਿਕੁਟੀ ਟੁੱਟ ਜਾਵੇ, ਇਕ ਰੂਪ ਬਣ ਜਾਵੇ, ਆਪਣਾ ਆਪਾ ਮਿਟ ਜਾਵੇ ਸਭ ਕੁਛ ਤੇ ਪ੍ਰਕਾਸ਼ ਸਰੂਪ ਧਿਆਨ ਰਹਿ ਜਾਵੇ, ਉਸ ਤੋਂ ਬਾਅਦ automatically ਗਿਆਨ ਦੇ ਮੰਡਲ 'ਚ ਚਲਿਆ ਜਾਂਦਾ ਹੈ। ਤ੍ਰਿਕੁਟੀ ਟੁੱਟ ਜਾਂਦੀ ਹੈ, ਰਿੱਧੀਆਂ-ਸਿੱਧੀਆਂ ਨਾਲ ਕੋਈ ਵਾਸਤਾ ਨਹੀਂ। ਇਸ ਤਰ੍ਹਾਂ ਹੌਲੀ-ਹੌਲੀ ਗਿਆਨ ਦੇ ਮੰਡਲ 'ਚ ਜਾ ਕੇ ਆਤਮਕ ਮੰਡਲ 'ਚ ਪ੍ਰਵੇਸ਼ ਕਰ ਲੈਂਦਾ ਹੈ। ਜਿਸਨੂੰ ਗਗਨ ਮੰਡਲ, ਦਸਵਾਂ ਦੁਆਰ ਤੇ ਉਨਮਨ ਦਾ ਮੰਡਲ ਕਹਿੰਦੇ ਨੇ। ਉਥੇ ਜਾ ਕੇ ਸੋਝੀ ਪੈ ਜਾਂਦੀ ਹੈ ਕਿ ਮੈਂ ਤਾਂ ਹੋਰ ਹੀ ਕੁਛ ਹਾਂ। ਜਿਹੜਾ ਕੁਛ ਮੈਂ ਹੁਣ ਤੱਕ ਸਮਝਦਾ ਰਿਹਾ ਉਹ ਤਾਂ ਮੈਂ ਹੈ ਨਹੀਂ। ਸੋ ਇਹਨੂੰ ਕੱਟਣ ਵਾਲਾ -

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥***

ਸੋ ਉਸ ਵੇਲੇ ਭਾਈ ਭੂਮੀਏ ਨੇ ਚਰਨ ਫੜ ਲਏ। ਪਾਤਸ਼ਾਹ! ਇਹ ਕਮਾਈ ਮੇਰੇ ਤੋਂ ਨਹੀਂ ਹੋਣੀ, ਕ੍ਰਿਪਾ ਕਰੋ। ਮੇਰੇ ਸੰਸਕਾਰ ਬੜੇ ਮਲੀਨ ਨੇ, ਮੈਂ ਛੇਤੀ ਹੀ ਭੁੱਲ ਜਾਣਾ ਹੈ। ਮੁੜ ਕੇ ਫੇਰ ਇਹ ਗੱਲ ਹੋ ਜਾਣੀ

ਹੈ।

ਮਹਾਰਾਜ ਕਹਿੰਦੇ, ਭੂਮੀਆਂ! ਦੇਖ, ਅਸੀਂ ਥੋੜ੍ਹੇ ਦਿਨ ਇਥੇ ਰਹਾਂਗੇ, ਬਾਣੀ ਤੁਸੀਂ ਕੰਠ ਕਰ ਲੈਣਾ, ਇਕੱਠੇ ਹੋ ਕੇ ਸਾਰਾ ਪਿੰਡ ਸਤਿਸੰਗ ਕਰਿਆ ਕਰੋ। ਚੋਰੀਆਂ ਨਹੀਂ ਕਰਨੀਆਂ। ਉਸ ਵੇਲੇ ਮਹਾਰਾਜ ਨੇ ਨੇੜੇ ਬੁਲਾਇਆ, ਬੁਲਾ ਕੇ ਆਪਣਾ ਪਵਿੱਤਰ ਹੱਥ ਉੱਚਾ ਉਠਾਇਆ ਤੇ ਉਸ ਦੇ ਸੀਸ 'ਤੇ ਰੱਖ ਦਿਤਾ। ਰੱਖਣ ਦੀ ਦੇਰ ਸੀ, ਬਹੁਤ ਜ਼ਿਆਦਾ ਉਸ ਦੇ ਅੰਦਰ ਕੋਈ ਕ੍ਰਿਆ ਹੋਈ ਤੇ ਪਵਿੱਤਰ ਹੋ ਗਿਆ -

***ਧਾਰਨਾ - ਵਿਚੋਂ ਮਾਰ ਕੱਢੀਆਂ ਬੁਰਿਆਈਆਂ,***
***ਗੁਰਾਂ ਨੇ ਸਿਰ 'ਤੇ ਹੱਥ ਰੱਖ ਕੇ।***

***ਸਤਿਗੁਰੁ ਵਡਾ ਕਰਿ ਸਾਲਾਹੀਐ***
***ਜਿਸੁ ਵਿਚਿ ਵਡੀਆ ਵਡਿਆਈਆ ॥***
***ਸਹਿ ਮੇਲੇ ਤਾ ਨਦਰੀ ਆਈਆ ॥***
***ਜਾ ਤਿਸੁ ਭਾਣਾ ਤਾ ਮਨਿ ਵਸਾਈਆ ॥***
***ਕਰਿ ਹੁਕਮੁ ਮਸਤਕਿ ਹਥੁ ਧਰਿ***
***ਵਿਚਹੁ ਮਾਰਿ ਕਢੀਆ ਬੁਰਿਆਈਆ ॥***
***ਸਹਿ ਤੁਠੈ ਨਉ ਨਿਧਿ ਪਾਈਆ ॥ ਅੰਗ - 473***

ਕ੍ਰਿਪਾ ਹੋ ਗਈ ਗੁਰੂ ਨਾਨਕ ਦੀ, ਮਹਾਰਾਜ ਦਾ ਪਵਿੱਤਰ ਹੱਥ, ਭਰਿਆ ਹੋਇਆ ਪੂਰੀ ਤਰ੍ਹਾਂ ਜਦੋਂ ਸੀਸ 'ਤੇ ਆਇਆ ਤਾਂ ਰੋਮ-ਰੋਮ ਵਿਚੋਂ ਨਾਮ ਦੀ ਧੁਨੀ ਨਿਕਲਣੀ ਸ਼ੁਰੂ ਹੋ ਗਈ। ਬੰਦਗੀ ਕਰਨ ਵਾਲਿਆਂ ਦੇ ਅੰਦਰ ਇਹ ਸੱਤਾ ਹੋਇਆ ਕਰਦੀ ਹੈ। ਰੋਕ ਕੇ ਰੱਖ ਲੈਣ ਚਾਹੇ ਪ੍ਰਗਟ ਕਰਕੇ ਦਿਖਾ ਦੇਣ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਦਾ ਜਿੱਥੇ ਪਵਿੱਤਰ ਹੱਥ ਲੱਗ ਜਾਵੇ ਉਥੇ ਬੁਰਿਆਈ ਦਾ ਕੀ ਕੰਮ? ਸਭ ਕੁਛ ਪਵਿੱਤਰ ਹੋ ਜਾਂਦਾ ਹੈ ਉਹਦੀ ਦ੍ਰਿਸ਼ਟੀ ਨਾਲ ਹੀ। ਉਨ੍ਹਾਂ ਦੇ ਬਚਨਾਂ ਦੇ ਨਾਲ ਹੀ। ਇਹ ਸਾਇੰਟੇਫਿਕ ਚੀਜ਼ ਹੈ ਸਾਧਸੰਗਤ ਜੀ! ਕੋਈ ਕਲਪਨਾ ਨਹੀਂ ਹੈ ਮਨ ਦੀ। ਉਹਦੇ ਵਿਚ (vibration) ਹੁੰਦੀ ਹੈ, ਸ਼ਕਤੀ ਪ੍ਰਵੇਸ਼ ਕਰਦੀ ਹੈ, ਦੂਸਰੇ ਦੇ ਅੰਦਰ।

ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਦੀ ਚਾਚੀ ਆ ਕੇ ਕਹਿਣ ਲੱਗੀ ਕਿ ਹੀਰਾ ਸਿੰਘਾਂ! ਮੇਰਾ ਨਾਮ ਨਹੀਂ ਬੇਟਾ ਚਲਦਾ। ਕਹਿੰਦੇ, ਚਾਚੀ ਚਲਦਾ ਤਾਂ ਹੈਗਾ ਅੰਦਰ, ਤੂੰ ਸੁਣ। ਹੱਥ ਚੁੱਕ ਕੇ ਪਿੱਠ 'ਤੇ ਰੱਖ ਦਿਤਾ, ਭਜਨ ਕਰਦੇ ਸੀ, ਲਿਟਣੀ ਸ਼ੁਰੂ ਹੋ ਗਈ। ਉਸ ਤੋਂ ਸਹਿ ਨਾ ਹੋਵੇ, ਐਨੀ ਨਾਮ ਦੀ ਕਰੰਟ ਜ਼ੋਰ ਨਾਲ ਚੱਲੀ। ਲਿਟਦੀ ਫਿਰਦੀ ਹੈ, ਜਦੋਂ ਲਿਟ ਕੇ ਫੇਰ ਮੁੜ ਕੇ ਉਨ੍ਹਾਂ ਕੋਲ ਆਈ, ਹੱਥ ਫੇਰ ਪਿੱਠ 'ਤੇ ਰੱਖ ਦਿਤਾ। ਉਹ ਚੁੱਪ ਕਰ ਗਈ, ਸ਼ਾਂਤ ਹੋ ਗਈ, ਬੈਠ ਗਈ। ਕਾਫੀ ਦੇਰ ਤੋਂ ਬਾਅਦ ਆਪ ਬਾਹਰ ਚਲੇ ਗਏ ਤੇ ਉਨ੍ਹਾਂ ਦੇ ਭਰਾ ਜਿਹੜੇ ਸੀ ਕਹਿਣ ਲੱਗੇ, ਬਾਈ! ਬੇਬੇ ਗਈ ਸੀ ਚੁਬਾਰੇ 'ਚ? ਉਹ ਕਹਿਣ ਲੱਗੇ, ਭਾਈ! ਤੁਹਾਡੀ ਬੇਬੇ ਤਾਂ ਉਥੇ ਬੈਠੀ ਹੈ, ਲਿਆਉਣੀ ਹੈ ਲੈ ਆਓ, ਨਹੀਂ

ਤਾਂ ਉਹਨੂੰ ਕੱਲ੍ਹ ਨੂੰ ਏਸੇ ਵੇਲੇ ਲੈ ਆਇਓ, ਕੱਲ੍ਹ ਨੂੰ ਉਹਦੀ ਸੁਰਤੀ ਥੱਲੇ ਉਤਰਨੀ ਹੈ, ਉਤੇ ਚੜ੍ਹੀ ਹੋਈ ਹੈ। 24 ਘੰਟੇ ਤੋਂ ਬਾਅਦ ਸੁਰਤੀ ਉਸਦੀ ਥੱਲੇ ਉਤਰੀ। ਨਾਮ ਇਉਂ ਅੰਦਰ ਗਹਿਰਾ ਚਲਿਆ ਗਿਆ, ਸਾਰੀ ਜ਼ਿੰਦਗੀ ਨਾਮ ਜਪਦੀ ਰਹੀ।

ਇੱਕ ਹੋਰ ਸੀ ਉਥੇ ਦੇ ਗੰਗਾ ਸਿੰਘ। 95 ਸਾਲ ਦਾ ਸੀ ਜਦੋਂ ਮੈਨੂੰ ਮਿਲਿਆ। ਮੈਂ ਕਿਹਾ, ਪਿਤਾ ਜੀ! ਤੁਸੀਂ ਦਸੋ, ਤੁਹਾਡੇ ਨਾਲ ਕਿਵੇਂ ਵਰਤੀ? ਕਿਉਂਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਤੁਹਾਡਾ ਨਾਮ ਲਿਖਿਆ ਹੋਇਆ ਹੈ। ਕਹਿੰਦਾ, ਮੈਂ ਮਸ਼ਕਰਾ ਹੁੰਦਾ ਸੀ ਪਿੰਡ ਦਾ, ਮਾਖੌਲ 'ਚ ਲੈਂਦਾ ਸੀ ਹਰ ਗੱਲ, ਕਦੇ ਕਿਸੇ ਗੱਲ ਲਈ (ਗੰਭੀਰ) ਨਹੀਂ ਸੀ ਹੁੰਦਾ। ਕਹਿੰਦਾ, ਇਹ ਕਰਦੇ ਸੀ ਭਜਨ। ਇਨ੍ਹਾਂ ਦੇ ਆਲੇ-ਦੁਆਲੇ ਕੁਛ ਬੰਦੇ ਬੈਠੇ ਸੀ, ਲੋਹੇ ਦੀਆਂ ਮਾਲਾਂ ਸੀ ਤੇ ਮਣਕਿਆਂ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਦੇ ਸੀ। ਕਹਿੰਦਾ, ਮੈਨੂੰ ਕੀ ਸੁੱਝੀ ਮੈਂ ਗੰਢੇ ਦੀ ਲਾਸ ਲਾਹ ਲਿਆਇਆ, ਉਹ ਗੰਢਾਂ ਜਿਹੀਆਂ ਦੇ ਲਈਆਂ, ਮੈਂ ਖੜ੍ਹਾ ਹੋ ਕੇ ਉੱਚੀ-ਉੱਚੀ ਕਰਨ ਲੱਗ ਗਿਆ, ਹੂ-ਹੂ, ਜਦੋਂ ਮੈਂ ਇਸ ਤਰ੍ਹਾਂ ਕਰਿਆ, ਤਾਂ ਤੇਰੇ ਪਿਤਾ ਜੀ ਨੇ ਨੇਤਰ ਖੋਲ੍ਹ ਲਏ। ਕਹਿੰਦਾ, ਇਸ ਤਰ੍ਹਾਂ ਦੇਖਿਆ ਮੇਰੇ ਵਲ ਦੇਖਿਆ ਉਨ੍ਹਾਂ ਨੇ, ਮੈਂ ਦੜੰਮ ਕਰਕੇ ਧਰਤੀ 'ਤੇ ਗਿਰ ਗਿਆ। ਗਿਰਿਆ ਹੋਇਆ, ਮੈਂ ਮੱਥਾ ਹੀ ਮਾਰੀ ਜਾਵਾਂ ਦੇਹਲੀ ਨਾਲ। ਪੜੱਕ-ਪੜੱਕ ਲੱਗੇ ਮੱਥਾ ਮੇਰਾ। ਉਸ ਤੋਂ ਬਾਅਦ ਉਨ੍ਹਾਂ ਨੇ ਹੱਥ ਰੱਖ ਦਿਤਾ ਮੇਰੇ ਉਪਰ, ਮੈਂ ਸ਼ਾਂਤ ਹੋ ਗਿਆ।

ਮੈਂ ਕਿਹਾ, ਓ ਹੀਰਾ ਸਿੰਆਂ! ਹੋਰ ਸਭ ਕੁਛ ਕਰ ਦੇ, ਆਹ ਜਿਹੜਾ ਸੁਆਦ ਜਿਹਾ ਆਇਆ ਹੈ ਨਾ ਮੈਨੂੰ, ਆਹ ਨਾ ਮੇਰੇ ਤੋਂ ਵਾਪਸ ਲੈ। ਕਹਿੰਦਾ, ਦੇਖ ਲੈ ਕਿੰਨੇ ਸਾਲ ਲੰਘ ਗਏ, ਪੰਜਾਹ-ਸੱਠ ਸਾਲ ਹੋ ਗਏ, ਕਹਿੰਦਾ ਉਹ ਰਸ ਨਹੀਂ ਮੇਰਾ ਮੁੱਕਿਆ, ਨਾ ਮੇਰੀ ਜੀਭ ਖੜ੍ਹੀ ਹੈ, ਵਾਹਿਗੁਰੂ-ਵਾਹਿਗੁਰੂ ਹਰ ਵਕਤ ਹੋਈ ਜਾਂਦਾ ਹੈ।

ਸੋ ਸਾਧਸੰਗਤ ਜੀ! ਜੇ ਗੁਰੂ ਨਾਨਕ ਸਾਹਿਬ ਦਾ ਕਿਸੇ ਦੇ ਸੀਸ 'ਤੇ ਹੱਥ ਲੱਗ ਜਾਵੇ? ਇਹ ਤਾਂ ਮੈਂ ਸਿੱਖਾਂ ਦੀ ਗੱਲ ਕਰੀ ਹੈ। ਜੇ ਗੁਰੂ ਨਾਨਕ ਸਾਹਿਬ ਨੇ ਸੀਸ 'ਤੇ ਹੱਥ ਰੱਖ ਦਿਤਾ, ਫੇਰ ਪਾਪ ਕਿੱਥੇ ਰਹਿ ਗਏ। ਸੋ ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ, ਉਹਨੂੰ ਗਿਆਨ ਕਰਾ ਦਿਤਾ। ਪ੍ਰਮੇਸ਼ਰ ਘਟ-ਘਟ 'ਚ ਵਿਆਪਕ ਦਿਖਾ ਕੇ, ਕਹਿੰਦੇ ਲੈ ਭੂਮੀਆ! ਹੁਣ ਤੂੰ ਬਚਨਾਂ ਦੀ ਨਾਲੇ ਤਾਂ ਕਰੀਂ ਕਮਾਈ ਤੇ ਨਾਲ ਤੂੰ ਸਤਿਸੰਗ ਕਰੀਂ।

ਸਤਿਸੰਗ ਤੋਂ ਬਗੈਰ ਮੈਲ ਪੈ ਜਾਂਦੀ ਹੈ, ਕਿੱਡਾ ਹੀ ਵੱਡਾ ਬੰਦਾ ਕਿਉਂ ਨਾ ਹੋਵੇ। ਇਹਦੇ ਬਿਨਾਂ ਮਨ ਮੈਲਾ ਹੋ ਜਾਂਦਾ ਹੈ, ਹੌਲੀ-ਹੌਲੀ ਗਿਰਨਾ ਸ਼ੁਰੂ ਹੋ ਜਾਂਦਾ ਹੈ।

ਜਿਸ ਵਕਤ ਭਾਈ ਭੂਮੀਆਂ ਗੁਰੂ ਦਾ ਬਣ ਗਿਆ, ਸਾਰੇ ਨਗਰ 'ਚ ਰੌਲਾ ਪੈ ਗਿਆ ਬਈ, ਬਹੁਤ ਵੱਡਾ ਬੰਦਾ ਕਾਬੂ ਕਰ ਲਿਆ, ਨੱਥ ਲਿਆ ਗੁਰੂ ਨਾਨਕ ਨੇ। ਉਮਡ ਕੇ ਪੈ ਗਿਆ, ਸਾਰਾ ਸ਼ਹਿਰ। ਨਾਮ ਦੀ ਦਾਤ ਲੈਂਦੇ ਨੇ, ਨਾਮ ਧਰੀਕ ਸਿੱਖ ਬਣਦੇ ਤੁਰੇ ਜਾ ਰਹੇ ਨੇ ਤੇ ਗੁਰੂ ਮਹਾਰਾਜ ਨੇ ਭੂਮੀਏ ਦੇ ਤਾਬੇ ਸੰਗਤ ਕਾਇਮ ਕਰ ਦਿਤੀ। ਕਹਿੰਦੇ, ਲੈ ਭੂਮੀਆ! ਇਨ੍ਹਾਂ ਨਾਲ ਰਲ ਕੇ ਤੂੰ ਰਹੀਂ, ਇਹ ਤੇਰੇ ਗੁਰ ਭਾਈ ਨੇ, ਪਿਆਰ ਨਾਲ ਰਹਿਓ ਤੇ ਸੰਗਤ ਕਰਿਓ। ਕੁਝ ਦਿਨ ਮਹਾਰਾਜ ਜੀ ਰਹੇ, ਬਾਣੀ ਨੋਟ ਕਰੀ, ਬਾਣੀ ਪੜ੍ਹਨ ਦੀ ਜਾਂਚ ਦੱਸੀ ਤੇ ਉਨ੍ਹਾਂ ਨੇ ਫੇਰ ਬਾਣੀਆਂ ਪੜ੍ਹਨੀਆਂ, ਭਜਨ ਗਾਉਣੇ, ਗੁਰੂ ਨਾਨਕ ਦੀ ਯਾਦ ਵਿਚ, ਵਾਹਿਗੁਰੂ ਦੀ ਯਾਦ ਵਿਚ। ਰੋਜ਼ ਸੰਗਤ ਜੁੜਿਆ ਕਰੇ। ਕਾਫੀ ਸਮੇਂ ਤੋਂ ਬਾਅਦ ਜਿਹੜੇ ਭੰਡਾਰੀ ਸੀ ਉਨ੍ਹਾਂ ਨੇ ਕਿਹਾ, ਭੂਮੀਆਂ ਜੀ! ਲੰਗਰ ਤਾਂ ਮਸਤਾਨੇ ਹੁੰਦੇ ਜਾ ਰਹੇ ਨੇ, ਕਿੰਨੇ ਕੁ ਦਿਨ ਹੋਰ ਕਰਾਂਗੇ, ਕੋਠੇ ਸਾਰੇ ਭਰੇ ਹੋਏ ਮੁੱਕ ਗਏ। ਕੋਈ ਉਪਰਾਲਾ ਕਰੋ, ਸੋਚਾਂ 'ਚ ਪੈ ਗਿਆ ਤੇ ਉਸ ਵੇਲੇ ਖਿਆਲ ਆਇਆ ਕਿ ਗੁਰੂ ਮਹਾਰਾਜ ਨੇ ਹੋਰ ਤਾਂ ਬੰਦ ਕਰ ਦਿਤਾ, ਪਰ ਚੋਰੀ ਤਾਂ ਬੰਦ ਨਹੀਂ ਕਰੀ। ਚੋਰੀ ਬੰਦ ਕਰੀ ਹੈ ਕਿ ਗਰੀਬ ਦੀ ਨਾ ਕਰੀਂ। ਸੰਸਕਾਰ ਉਠ ਖੜ੍ਹੇ ਫੇਰ, ਉਸ ਵੇਲੇ ਜਾ ਕੇ ਚੋਰੀ ਲਈ ਘਰ ਦੇਖਦਾ ਹੈ। ਪਹਿਲਾਂ ਅਮੀਰਾਂ ਦੇ ਦੇਖੇ, ਕਹਿੰਦਾ ਇਹ ਵੀ ਗਰੀਬ ਨੇ। ਇਨ੍ਹਾਂ ਤੋਂ ਅਮੀਰ ਫਲਾਣਾ ਹੈ। ਉਹਦੇ ਗਿਆ ਤਾਂ ਕਹਿੰਦਾ ਇਸ ਤੋਂ ਫਲਾਣਾ ਸੇਠ ਅਮੀਰ ਹੈ। ਉਥੋਂ ਅੱਗੇ ਗਿਆ, ਅਖੀਰ ਦੇ ਉਤੇ ਖਿਆਲ ਆਇਆ ਕਿ ਰਾਜਾ ਸਭ ਤੋਂ ਅਮੀਰ ਹੈ, ਰਾਜੇ ਕੋਲ ਹੀਰੇ ਜਵਾਹਰਾਤ ਮੋਤੀ ਨੇ। ਇੱਕ ਵਾਰੀ ਦਾਉ ਲੱਗ ਜਾਏ, ਫੇਰ ਕਈ ਸਾਲ ਆਰਾਮ ਕਰਾਂਗੇ।

ਸੋ ਭੇਸ ਬਣਾਇਆ ਸ਼ਾਹੀ ਬੰਦਿਆਂ ਵਰਗਾ, ਗਲ 'ਚ ਮੋਤੀਆਂ ਦੀਆਂ ਮਾਲਾਂ ਪਾ ਲਈਆਂ, ਦਸਤਾਰ ਦੇ ਉਤੇ ਮੋਤੀਆਂ ਦੀਆਂ ਮਾਲਾਂ ਦੀਆਂ ਲੜੀਆਂ ਟੰਗ ਲਈਆਂ, ਮੱਥੇ ਦੇ ਉਤੇ ਕਲਗੀ ਲਾ ਲਈ ਛੋਟੀ। ਘੋੜਾ ਬਹੁਤ ਵਧੀਆ ਹੈ, ਉਹਨੂੰ ਵਾਗਾਂ ਜਿਹੜੀਆਂ ਨੇ ਉਹ ਸਵਰਨ ਰੰਗੀਆਂ, ਕਾਠੀ ਦੇ ਉਤੇ ਸੋਨੇ ਦੇ ਪੱਤਰੇ ਲੱਗੇ ਹੋਏ, ਝਿਲਮਿਲ-ਝਿਲਮਿਲ ਕਰਦੇ ਨੇ। ਰੇਸ਼ਮ ਦੇ ਕੱਪੜੇ ਪਹਿਨੇ ਹੋਏ, ਸ਼ਾਮ ਜਿਹੇ ਥੋੜ੍ਹਾ ਹਨ੍ਹੇਰਾ ਹੋਇਆ ਹੈ, ਰਾਜੇ ਦੇ ਦੁਆਰ ਪਾਲ ਦਾ ਜਿਹੜਾ ਗੇਟ ਸੀ ਉਥੇ ਚਲਿਆ ਜਾਂਦਾ ਹੈ। ਘੋੜੇ 'ਤੇ ਹੈ, ਜਦੋਂ ਅੱਗੇ ਲੰਘਣ ਲਗਦਾ ਹੈ, ਪਹਿਰੇਦਾਰਾਂ ਨੇ ਪੁੱਛਿਆ ਕਿ ਤੁਸੀਂ ਕੌਣ ਹੋ ਜੂ? ਤਾਂ ਕਹਿੰਦਾ, ਮੈਂ ਚੋਰ, ਹੋਰ ਮੈਂ ਕੌਣ ਹੋਣਾ ਹੈ। ਡਰ ਗਏ, ਕਹਿਣ ਲੱਗੇ ਕਿ ਇਹ ਤਾਂ ਰਾਜੇ ਦਾ ਕੋਈ ਖਾਸ ਸਬੰਧੀ ਲਗਦਾ ਹੈ, ਚੋਰ ਦਾ ਕੀ ਕੰਮ ਹੈ ਇਸ ਤਰ੍ਹਾਂ ਜਾਣ ਦਾ। ਚੋਰ ਤਾਂ ਚੋਰੀ ਜਾਂਦੇ ਹੁੰਦੇ ਨੇ, ਜਿਹੜਾ ਹੈ ਹੀ ਚੋਰ, ਉਹ ਸਭ ਕੰਮ ਚੋਰੀਂ ਹੀ ਕਰੇਗਾ। ਸਾਮ੍ਹਣੇ ਨਹੀਂ ਕਰਦਾ। ਉਸ ਵੇਲੇ ਆਪ ਨਿਧੜਕ ਹੋ ਕੇ ਉਤਰੇ, ਸਿਪਾਹੀ ਨੂੰ ਕਹਿਣ ਲੱਗੇ ਕਿ ਆਹ ਮੇਰਾ ਘੋੜਾ ਇਥੇ ਬੰਨ੍ਹ ਦੇ। ਘੋੜਾ ਬੰਨ੍ਹ ਦਿਤਾ, ਕਿਸੇ ਦੀ ਹਿੰਮਤ ਨਹੀਂ ਪਈ, ਸੱਚ ਨੇ ਦੱਬ ਲਿਆ ਸਭ

ਕੁਛ ਤੇ ਰਾਜੇ ਦੇ ਚਲਿਆ ਗਿਆ। ਅਜੇ ਸਾਰੇ ਸੁੱਤੇ ਹੀ ਸੀਗੇ, ਉਸ ਵੇਲੇ ਸਾਰੇ ਗਹਿਣੇ, ਸਾਰੇ ਹੀਰੇ-ਜਵਾਹਰਾਤਾਂ ਦੀ ਪੰਡ ਬੰਨ੍ਹ ਲਈ, ਪੰਡ ਬੰਨ੍ਹ ਕੇ ਜਦੋਂ ਬਰਤਨ ਲੱਗਿਆ ਹੱਥ ਵਿਚ, ਹਨ੍ਹੇਰਾ ਹੈ ਇਕ ਇਹਦੇ ਵਿਚ ਕੀ ਪਿਆ ਹੈ, ਉਂਗਲੀ ਲਾਈ ਤਾਂ ਉਹਦੇ ਵਿਚ ਨਮਕ ਸੀ। ਬਚਨ ਯਾਦ ਆ ਗਿਆ, ਸੱਚ ਵਾਲਾ ਕਮਾ ਲਿਆ, ਗਰੀਬ ਦੇ ਚੋਰੀ ਨਾ ਕਰੀਂ ਉਹ ਵੀ ਕਮਾ ਲਿਆ, ਤੀਸਰਾ ਬਚਨ ਆ ਗਿਆ ਕਿ ਨਮਕ ਖਾ ਕੇ ਬੁਰਾ ਨਾ ਕਰੀਂ। ਉਹਨੇ ਕਿਹਾ, ਮੈਂ ਤਾਂ ਬੁਰਾ ਕਰ ਰਿਹਾ ਹਾਂ ਇਹਦਾ। ਉਥੇ ਹੀ ਪੰਡ ਉਵੇਂ ਜਿਵੇਂ ਛੱਡ ਦਿਤੀ ਤੇ ਆਪ ਮੁੜ ਕੇ ਫੇਰ ਉਸੇ ਦਰਵਾਜ਼ੇ ਥਾਈਂ ਆ ਕੇ ਆਪਣੇ ਘੋੜੇ 'ਤੇ ਚੜ੍ਹਿਆ ਤੇ ਚਲਾ ਗਿਆ।

ਦੂਸਰੇ ਦਿਨ ਰੌਲਾ ਪੈ ਗਿਆ ਕਿ ਰਾਜੇ ਦੇ ਘਰ 'ਚ ਕੋਈ ਚੋਰ ਆ ਗਿਆ। ਲੇਕਿਨ ਰਾਜਾ ਕਹੇ ਕਿ ਸਭ ਕੁਛ ਬੰਨ੍ਹ ਲਿਆ, ਕੋਈ ਜਾਗਦਾ ਨਹੀਂ ਸੀ, ਪਹਿਰੇਦਾਰਾਂ ਨੂੰ ਨਹੀਂ ਪਤਾ ਤੇ ਪਹਿਰੇਦਾਰ ਕਹਿਣ ਕੋਈ ਆਇਆ ਹੀ ਨਹੀਂ। ਫੇਰ ਸਭ ਕੁਛ ਬੰਨ੍ਹ ਕੇ ਲੈ ਕੇ ਨਹੀਂ ਗਿਆ ਤੇ ਜਿਹੜੀ ਰਕਾਬੀ ਦੇ ਅੰਦਰ ਚੂਰਨ ਪਿਆ ਸੀ, ਉਹ ਹਿੱਲੀ ਹੋਈ ਹੈ ਆਪਣੀ ਥਾਂ ਤੋਂ।

ਰਾਜਾ ਸੋਚੀਂ ਪੈ ਗਿਆ, ਹੁਕਮ ਦੇ ਦਿਤਾ ਕਿ ਚੋਰ ਨੂੰ ਫੜੋ। ਰਾਜੇ ਦੇ ਚੋਰੀ ਹੋ ਜਾਏ, ਫੇਰ ਵਿਚਾਰੇ ਗਰੀਬਾਂ ਦੀ ਤਾਂ ਸ਼ਾਮਤ ਆ ਹੀ ਜਾਂਦੀ ਹੈ। ਜਿਹੜਾ ਬੰਦਾ ਮੂਹਰੇ ਆਵੇ ਪੁਲਿਸ ਫੜ ਲਏ। ਕੁਟਾਈ ਸ਼ੁਰੂ ਹੋ ਗਈ, ਗਰੀਬ ਮਾਰ ਹੋਣ ਲੱਗ ਗਈ, ਕਿਸੇ ਨੇ ਦੱਸਿਆ ਕਿ ਭੂਮੀਆਂ! ਬਈ, ਬਹੁਤ ਬੁਰੀ ਤਰ੍ਹਾਂ ਕੁਟਾਈ ਹੋ ਰਹੀ ਹੈ, ਜਿਹੜੇ ਬੰਦੇ ਫੜੇ ਨੇ ਬਹੁਤ ਸਖਤ ਤਸੀਹੇ ਦਿਤੇ ਜਾ ਰਹੇ ਨੇ। ਯਾਦ ਆ ਗਿਆ ਕਿ ਮੇਰੇ ਗੁਰੂ ਨੇ ਕਿਹਾ ਸੀ ਕਿ ਤੇਰੇ ਬਦਲੇ ਕਿਸੇ ਦੀ ਗਰੀਬ ਮਾਰ ਨਾ ਹੋਵੇ। ਇਹ ਤਾਂ ਮੇਰੇ ਬਦਲੇ ਹੋ ਰਹੀ ਹੈ।

ਉਸ ਵੇਲੇ ਭਰੀ ਕਚਹਿਰੀ 'ਚ ਵਸਤਰ ਪਹਿਨ ਕੇ ਚਲਿਆ ਗਿਆ। ਰਾਜਾ ਵੀ ਜਾਣਦਾ ਸੀ, ਸਤਿਕਾਰ ਦਿਤਾ ਰਾਜੇ ਨੇ। ਭੂਮੀਆਂ! ਤੂੰ ਕਿਵੇਂ ਆਇਆ, ਦਸ? ਤੂੰ ਤਾਂ ਬੜਾ ਸਾਧੂ ਹੈਂ। ਤੈਨੂੰ ਤਾਂ ਮੈਂ ਸੁਣਿਆ ਹੈ ਕਿ ਕੋਈ ਮਹਾਤਮਾ ਮਿਲ ਗਏ ਤੇ ਤੂੰ ਪਹਿਲਾਂ ਹੀ ਬੜਾ ਸਾਧੂ ਸੀ। ਦੱਸ ਕਿਵੇਂ ਆਇਆ?

ਕਹਿੰਦਾ, ਮਹਾਰਾਜ! ਮੈਂ ਤਾਂ ਤੇਰਾ ਚੋਰ ਹਾਂ।

ਕਹਿੰਦੇ, ਤੂੰ ਚੋਰ?

ਕਹਿੰਦਾ, ਹਾਂ, ਤੁਹਾਡੇ ਮਹਿਲਾਂ 'ਚ ਵੜਿਆ ਸੀ। ਮੈਂ ਹੀ ਆਇਆ ਸੀ ਘੋੜੇ 'ਤੇ ਚੜ੍ਹ ਕੇ, ਤੇਰੇ ਬੰਦਿਆਂ ਨੇ ਮੈਨੂੰ ਰੋਕਿਆ ਨਹੀਂ, ਮੈਂ ਸੱਚ ਬੋਲਿਆ ਸੀ ਕਿ ਮੈਂ ਚੋਰ ਹਾਂ।

ਰਾਜਾ ਕਹਿਣ ਲੱਗਿਆ, ਸਾਰੀ ਵਿਥਿਆ ਸੁਣਾਂ।

ਭੂਮੀਆ ਕਹਿਣ ਲੱਗਿਆ, ਮੈਨੂੰ ਪੂਰਾ ਗੁਰੂ ਮਿਲ ਗਿਆ। ਉਹਨੇ ਜੁਗਤ ਦੇ ਨਾਲ ਮੇਰੇ ਤੋਂ ਚੋਰੀ ਛੁਡਾ ਦਿਤੀ। ਮੈਂ ਤੇਰੀ ਚੋਰੀ ਕਰਨ ਆਇਆ, ਲੇਕਿਨ ਲੂਣ ਮੂੰਹ ਲਗ ਗਿਆ। ਮੇਰੇ ਗੁਰੂ ਨੇ ਚਾਰ ਬਚਨ ਦਿਤੇ ਸੀ ਕਿ ਗਰੀਬ ਦੇ ਚੋਰੀ ਨਾ ਕਰੀਂ। ਗਰੀਬ ਮਾਰ ਨਾ ਹੋਣ ਦੇਈਂ, ਝੂਠ ਨਾ ਬੋਲੀ, ਸੱਚ ਬੋਲੀਂ, ਤੇ ਨਮਕ ਖਾ ਕੇ ਕਿਸੇ ਦਾ ਬੁਰਾ ਨਾ ਕਰੀਂ।

ਕਹਿੰਦਾ, ਮਹਾਰਾਜ! ਤੁਹਾਡੇ ਦੁਆਰਪਾਲਾਂ ਨੇ ਪੁਛਿਆ ਕਿ ਤੂੰ ਕੌਣ ਹੈ? ਮੈਂ ਕਿਹਾ, ਚੋਰ। ਉਨ੍ਹਾਂ ਨੇ ਮੈਨੂੰ ਕੁਛ ਨਹੀਂ ਕਿਹਾ, ਮੈਂ ਘੋੜਾ ਵੀ ਉਨ੍ਹਾਂ ਨੂੰ ਦੇ ਦਿਤਾ ਕਿ ਬੰਨ੍ਹ ਦਿਓ, ਮੈਂ ਲੰਘ ਆਇਆ। ਮਹਿਲਾਂ 'ਚ ਆ ਕੇ ਮੈਂ ਸਾਰੇ ਗਹਿਣੇ ਇਕੱਠੇ ਕਰ ਲਏ। ਉਸ ਤੋਂ ਬਾਅਦ ਜਦੋਂ ਮੈਂ ਤੁਰਨ ਲੱਗਿਆ ਤਾਂ ਨਮਕ ਵਾਲੀ ਰਕੇਬੀ ਮੇਰੇ ਉਂਗਲੀਆਂ ਨੂੰ ਲੱਗ ਗਈ, ਮੈਂ ਮੂੰਹ 'ਚ ਪਾ ਬੈਠਿਆ, ਉਸ ਵਿਚ ਨਮਕ ਸੀ। ਨਮਕ ਖਾ ਕੇ ਮੈਂ ਬੁਰਾ ਨਹੀਂ ਸੀ ਕਰਨਾ। ਇਸ ਕਰਕੇ ਮੈਂ ਸਾਰਾ ਕੁਛ ਛੱਡ ਗਿਆ। ਉਸ ਤੋਂ ਬਾਅਦ ਤੂੰ ਗਰੀਬਾਂ ਨੂੰ ਮਾਰਨ ਲੱਗ ਗਿਆ, ਮੇਰੇ ਗੁਰੂ ਨੇ ਕਿਹਾ ਸੀ ਗਰੀਬ ਮਾਰ ਨਾ ਹੋਣ ਦੇਈਂ ਮੈਂ ਆ ਗਿਆ। ਜਿਹੜੀ ਤੂੰ ਸਖਤ ਤੋਂ ਸਖਤ ਸਜ਼ਾ ਦੇਣੀ ਹੈ, ਦੇ ਦੇ। ਮੈਂ ਸੱਚ ਬੋਲਦਾ ਹਾਂ, ਕਿਉਂਕਿ ਮੇਰੇ ਗੁਰੂ ਨੇ ਕਿਹਾ ਸੀ। ਉਸ ਵੇਲੇ ਰਾਜਾ ਸੋਚਾਂ 'ਚ ਪੈ ਗਿਆ। ਕਹਿਣ ਲੱਗਿਆ, ਕਿਹੋ ਜਿਹਾ ਗੁਰੂ ਸੀ ਇਹਦਾ, ਜੁਗਤ ਦੇ ਨਾਲ ਇਹਨੂੰ ਤਾਂ ਦੇਵਤਾ ਬਣਾ ਗਿਆ। ਆਹ ਜਿਹੜੇ ਮੇਰੇ ਅਮੀਰ-ਵਜ਼ੀਰ ਨੇ ਉਨ੍ਹਾਂ 'ਚ ਜ਼ੁਰੱਅਤ ਨਹੀਂ ਹੈ ਸੱਚ ਬੋਲਣ ਦੀ। ਉਨ੍ਹਾਂ 'ਚ ਚਰਿੱਤਰ ਨਹੀਂ ਹੈ ਕਿ ਮੇਰਾ ਨਮਕ ਖਾ ਕੇ ਮੇਰਾ ਬੁਰਾ ਨਾ ਕਰਨ। ਇਹ ਚੋਰ ਚੋਰੀ ਕਰਨ ਆਇਆ ਹੈ, ਇੱਕ ਦਿਨ 'ਚ ਮੇਰਾ ਐਨਾ ਸ਼ਰਧਾਲੂ ਬਣ ਗਿਆ, ਮੇਰਾ ਆਗਿਆਕਾਰ ਬਣ ਗਿਆ, ਹੁਣ ਮੇਰਾ ਜ਼ਿੰਦਗੀ ਭਰ ਇਹ ਬੁਰਾ ਨਹੀਂ ਕਰ ਸਕਦਾ।

ਉਸ ਵੇਲੇ ਰਾਜਾ ਕਹਿਣ ਲੱਗਿਆ, ਭੂਮੀਆ! ਤੈਨੂੰ ਸਜ਼ਾ ਕੀ ਦੇਣੀ ਹੈ ਪਿਆਰਿਆ! ਤੈਨੂੰ ਤਾਂ ਤੇਰਾ ਗੁਰੂ ਸਜ਼ਾ ਦੇ ਗਿਆ। ਤੈਨੂੰ ਬੰਦਾ ਬਣਾ ਗਿਆ। ਹੁਣ ਮੈਂ ਤੈਨੂੰ ਸਜ਼ਾ ਇਹ ਦਿੰਦਾ ਹਾਂ ਕਿ ਤੇਰੇ ਨਾਲੋਂ ਚੰਗਾ ਬੰਦਾ ਮੈਨੂੰ ਨਹੀਂ ਲੱਭ ਸਕਦਾ। ਜਿਹਨੇ ਨਮਕ ਖਾ ਕੇ ਗੁਰੂ ਦਾ ਬਚਨ ਮੰਨਿਆ ਤੇ ਨਮਕ ਹਲਾਲ ਬੰਦਾ ਹੈਂ ਤੂੰ। ਤੇ ਜਾਹ, ਤੈਨੂੰ ਮੈਂ ਆਪਣਾ ਵੱਡਾ ਵਜ਼ੀਰ ਬਣਾਉਂਦਾ ਹਾਂ। ਤੂੰ ਮੈਨੂੰ ਵੀ ਗੁਰੂ ਦੇ ਬਚਨ ਸੁਣਾ ਤੇ ਆ ਕੇ ਮੇਰੀ ਸਹਾਇਤਾ ਕਰ।

ਸੋ ਭਾਈ ਗੁਰਦਾਸ ਜੀ ਲਿਖਦੇ ਹਨ ਕਿ -

***ਚੋਰ ਗਿਆ ਘਰਿ ਸਾਹ ਦੈ ਘਰ ਅੰਦਰਿ ਵੜਿਆ।***<br>
***ਕੁਛਾ ਕੂਣੈ ਭਾਲਦਾ ਚਉਬਾਰੇ ਚੜਿਆ।***<br>
***ਸੁਇਨਾ ਰੁਪਾ ਪੰਡ ਬੰਨਿ ਅਗਲਾਈ ਅੜਿਆ।***<br>
***ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।***<br>
***ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ।***

*ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ।*

*ਭਾਈ ਗੁਰਦਾਸ ਜੀ, ਵਾਰ 35/10*

ਸੋ ਇਸ ਤਰ੍ਹਾਂ ਦੇ ਨਾਲ ਉਹਨੇ ਸੰਗਤ ਕਰਨੀ ਸ਼ੁਰੂ ਕਰ ਦਿਤੀ। ਰਾਜਾ ਵੀ ਸੰਗਤ 'ਚ ਆਉਣਾ ਸ਼ੁਰੂ ਹੋ ਗਿਆ। ਕਿਉਂਕਿ ਸੰਗਤ 'ਚ, ਮਹਾਰਾਜ ਕਹਿੰਦੇ –

*ਜੇ ਲੋੜਹਿ ਸਦਾ ਸੁਖੁ ਭਾਈ ॥*
*ਸਾਧੂ ਸੰਗਤਿ ਗੁਰਹਿ ਬਤਾਈ ॥ ਅੰਗ – 1182*

ਜੇ ਸੁਖ ਮਿਲਣਾ ਹੈ ਤਾਂ ਸਾਧੂ ਦੀ ਸੰਗਤ 'ਚ ਜਾ ਕੇ ਮਿਲਣਾ ਹੈ ਕਿਉਂਕਿ –

*ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥*
*ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥*
*ਅੰਗ – 72*

ਉਹ ਇਸ ਕਰਕੇ, ਕਿਉਂਕਿ ਸੰਤਾਂ ਦੀ ਸੰਗਤ ਵਿਚ ਹੋਰ ਗੱਲਾਂ ਨਹੀਂ ਹੁੰਦੀਆਂ। ਨਾ ਕੋਈ ਰਾਜਸੀ ਗੱਲਾਂ, ਨਾ ਕੋਈ ਘਰੋਗੀ ਗੱਲਾਂ, ਨਾ ਕਿਸੇ ਦੇ ਖਿਲਾਫ ਗੱਲਾਂ। ਸਭ ਦਾ ਭਲਾ ਈਮਾਨਦਾਰੀ ਨਾਲ ਕਹਿੰਦੇ ਨੇ।

*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ।*

ਭਲਾ ਕਰੀਂ ਪਾਤਸ਼ਾਹ, ਇਸ ਦੇਸ਼ ਦਾ ਵੀ ਭਲਾ ਕਰੀਂ, ਭੁੱਲਿਆਂ ਦਾ, ਝੂਠਿਆਂ ਦਾ, ਬੇਈਮਾਨਾਂ ਦਾ, ਠੱਗਾਂ ਦਾ, ਮਾਲਖੋਰਾਂ ਦਾ, ਸਭ ਦਾ ਤੂੰ ਭਲਾ ਕਰੀਂ। ਭਲਾ ਲੋਚਦੇ ਹਾਂ ਅਸੀਂ। ਅਰਦਾਸ ਕਰਦੇ ਹਾਂ ਕਿ –

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥*
*ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ ਅੰਗ – 853*

ਬਚਾ ਪਾਤਸ਼ਾਹ! ਆਪਣੀ ਜਨਤਾ ਬਚਾ, ਤੇਰੀ ਜਨਤਾ ਬਹੁਤ ਦੁਖੀ ਹੋ ਗਈ। ਭਾਵੇਂ ਉਨ੍ਹਾਂ ਦੇ ਕਰਮ ਕਿਹੋ ਜਿਹੇ ਹੀ ਸੀ। ਕਰਮਾਂ ਦਾ ਫਲ ਭੁਗਤਾ ਰਿਹਾ ਹੈਂ, ਪਰ ਪਾਤਸ਼ਾਹ! ਰਹਿਮ ਦੇ ਘਰ ਵਿਚ, ਰਿਆਇਤੀ ਨੰਬਰ ਦੇ ਇਨ੍ਹਾਂ ਦੇ ਔਗੁਣਾਂ ਨੂੰ ਨਾ ਗਿਣ, ਉਥੇ ਕੇਵਲ ਨਾਮ ਦੀ ਬਾਤ ਹੁੰਦੀ ਹੈ।

*ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥*
*ਅੰਗ – 1182*

*ਜਨਮ ਜਨਮ ਕੀ ਹਉਮੈ ਮਲੁ ਲਾਗੀ*
*ਮਿਲਿ ਸੰਗਤਿ ਮਲੁ ਲਹਿ ਜਾਵੈਗੋ ॥ ਅੰਗ– 1309*

ਸੰਗਤ 'ਚ ਜਾ ਕੇ ਮੈਲ ਨੇ ਲਹਿ ਜਾਣਾ ਹੈ। ਪਾਪੀਆਂ ਦਾ ਉਥੇ ਉਧਾਰ ਹੋ ਜਾਇਆ ਕਰਦਾ ਹੈ।

ਇਸ ਤਰ੍ਹਾਂ ਕਰਦੇ-ਕਰਦੇ, ਰਾਜੇ ਦੇ ਉਲਾਦ ਨਹੀਂ ਸੀ ਹੋ ਰਹੀ, ਸੰਗਤ ਦੀ ਜਿਸ ਵਕਤ ਉਸਨੇ ਮਹਿਮਾ ਸੁਣੀ ਤਾਂ ਉਸ ਵੇਲੇ ਉਸ ਦੇ ਮਨ

ਵਿਚ ਆਇਆ ਕਿ ਮੈਂ ਕਿਉਂ ਨਾ ਸੰਗਤ ਵਿਚ ਅਰਦਾਸ ਕਰਾ ਦੇਵਾਂ। ਸੰਗਤ ਜੁੜੀ ਹੋਈ ਹੈ, ਨਾਮ ਜਪਣ ਵਾਲਿਆਂ ਦੀ ਸੰਗਤ ਹੈ। ਜੁੜੀ ਹੋਈ ਸੰਗਤ ਜਿੱਥੇ ਹੁੰਦੀ ਹੈ।

***ਕਹੁ ਕਬੀਰ ਇਹ ਕਹੀਐ ਕਾਹਿ ॥ ਸਾਧਸੰਗਤਿ ਬੈਕੁੰਠੈ ਆਹਿ ॥***

***ਅੰਗ - 325***

ਜਿੱਥੇ ਬੈਕੁੰਠ ਹੋਏਗਾ, ਉਥੇ ਬੈਕੁੰਠ ਦਾ ਮਾਲਕ ਜਿਹੜਾ ਹੈ, ਉਹ ਵੀ ਉਥੇ ਆ ਕੇ ਨਿਵਾਸ ਕਰੇਗਾ। ਲੱਛਮੀ ਵੀ ਨਿਵਾਸ ਕਰੇਗੀ, ਦੇਵਤੇ ਵੀ ਨਿਵਾਸ ਕਰਨਗੇ, 68 ਤੀਰਥ ਵੀ ਆ ਕੇ-

***ਹਰਿ ਕੀ ਕਥਾ ਹੋਤ ਹੈ ਜਹਾਂ, ਗੰਗਾ ਬੀ ਚਲ ਆਵਤ ਤਹਾਂ।***

ਗੰਗਾ ਦਾ ਦੇਵਤਾ ਵੀ ਉਥੇ ਆ ਕੇ, ਹਰੀ ਦੇ ਬਚਨ ਸੁਣ ਕੇ ਪ੍ਰਸੰਨ ਹੁੰਦਾ ਹੈ। ਮੁਕਤ ਆਤਮਾਵਾਂ ਸਾਰੀਆਂ ਆ ਜਾਂਦੀਆਂ ਹਨ, ਸ਼ਹੀਦ ਰੂਹਾਂ ਸਾਰੀਆਂ ਆ ਜਾਂਦੀਆਂ ਹਨ, ਗੁਰੂ ਦੇ ਮੰਡਲ ਨਾਲ ਸਤਿਸੰਗ ਦਾ ਸਬੰਧ ਜੁੜ ਜਾਂਦਾ ਹੈ। ਜਦੋਂ ਐਸੀ ਸੰਗਤ ਜੁੜ ਕੇ ਕਿਸੇ ਦੀ ਅਰਦਾਸ ਕਰ ਦੇਵੇ। ਫੇਰ ਉਹਨੂੰ ਇਹ ਚੀਜ਼ ਮਿਲ ਹੀ ਜਾਇਆ ਕਰਦੀ ਹੈ -

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***

***ਅੰਗ - 681***

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ ॥*** ***ਅੰਗ - 714***

ਪੂਰੇ ਵਿਸ਼ਵਾਸ਼ ਦੇ ਨਾਲ ਉਸ ਨੇ ਬੇਨਤੀ ਕਰੀ ਕਿ ਸਾਧਸੰਗਤ ਜੀ! ਮੈਂ ਮੰਗਤਾ ਹੋ ਕੇ ਦਰ 'ਤੇ ਖੜ੍ਹਾ ਹਾਂ। ਇਹ ਵੀ ਜੁਗਤ ਹੁੰਦੀ ਹੈ। ਜਿੰਨਾਂ ਚਿਰ ਪੂਰੀ ਜੁਗਤ ਨਾ ਹੋਵੇ, ਗੱਲ ਨਹੀਂ ਬਣਦੀ। ਅਰਦਾਸ ਕਰਨ ਵਾਲੇ ਇੱਕ ਵਾਰੀ ਜੁੜ ਹੋ ਜਾਣ ਸਾਰੇ। ਵਿਧੀ ਹੈ ਅਰਦਾਸ ਦੀ।

ਜਿਸ ਵਕਤ ਮੈਂ ਅਮਰੀਕਾ ਤੋਂ ਆਇਆ ਸੀ, ਥੋੜ੍ਹੀ ਦੇਰ ਬਾਅਦ ਮੈਨੂੰ ਚਿੱਠੀ ਆਈ, ਸਾਡੇ ਵੱਡੇ ਲੜਕੇ (ਮਨਜੀਤ ਸਿੰਘ) ਨੂੰ ਵੀ ਸੰਗਤ ਵਲੋਂ ਪੁੱਤਰ ਦੀ ਦਾਤ ਮਿਲ ਗਈ। ਛੋਟੇ ਦੀ ਅਰਦਾਸ ਕਰੀ ਉਹਨੂੰ ਵੀ ਮਿਲ ਗਈ। ਲੜਕੀ ਦੇ ਤਿੰਨ ਲੜਕੀਆਂ ਸੀ, ਉਹਨੇ ਚਿੱਠੀ ਲਿਖੀ ਰੋ-ਰੋ ਕੇ, ਸਾਰੇ ਅੱਖਰਾਂ ਦੇ ਉਤੇ ਉਹਦੇ ਹੰਝੂ ਗਿਰੇ ਪਏ ਸੀ, ਮਸਾਂ ਮੈਂ ਪੜ੍ਹੇ। ਮੈਨੂੰ ਉਹਨੇ ਕਿਹਾ, ਕਹਿੰਦੀ, ਪਿਤਾ ਜੀ! ਤੁਸੀਂ ਮੇਰੀ ਚਿੱਠੀ ਸੰਗਤ ਨੂੰ ਸੁਣਾ ਦਿਓ ਇੱਕ ਵਾਰੀ। ਉਹ ਚਿੱਠੀ ਐਨੀ ਦਰਦਨਾਕ ਸੀ। ਐਨੀ ਤਰਲੇ ਭਰੀ ਹੋਈ ਸੀ ਕਿ ਮੇਰੇ ਤੋਂ ਸੁਣਾ ਨਾ ਹੋਵੇ ਉਹ ਚਿੱਠੀ। ਕਿਉਂਕਿ ਮੈਨੂੰ ਵੀ ਉਹਦਾ ਜਿਹੜਾ ਦਰਦ ਸੀ ਹਿਰਦੇ 'ਚ ਆ ਕੇ ਮੇਰੇ ਟੁਣਕਾਰ ਮਾਰੇ ਤੇ ਉਹਦੀ ਬੇਬਸੀ ਦੇ ਉਤੇ ਬੜਾ ਹੀ ਤਰਸ ਆਵੇ ਕਿ ਸਾਡੇ ਹੱਥ ਵਿਚ ਤਾਂ ਹੈ ਨਹੀਂ ਜੇ ਹੋਵੇ, ਕੋਈ ਕੀਮਤ ਦੇ ਕੇ ਵੀ ਮਿਲਦਾ ਹੋਵੇ, ਅਸੀਂ ਲੈ ਕੇ ਦੇ ਦੇਈਏ, ਉਸਨੂੰ ਪੁੱਤਰ।

ਜਦੋਂ ਸੰਗਤ ਨੇ ਸੁਣੀ ਉਹ ਚਿੱਠੀ, ਇੱਕ ਸਿਰੇ ਤੋਂ ਲੈ ਕੇ ਦੂਸਰੇ

ਸਿਰੇ ਤੱਕ ਸਾਰੀ ਸੰਗਤ ਹਿੱਲ/ਦਰੱਵ ਗਈ, ਹਰੇਕ ਦੇ ਚਿੱਤ 'ਚ ਆ ਗਿਆ ਕਿ ਇਹ ਲੜਕੀ ਨੂੰ ਤਾਂ ਪੁੱਤਰ ਦੀ ਦਾਤ ਮਿਲਣੀ ਚਾਹੀਦੀ ਹੈ। ਜਦੋਂ ਅਰਦਾਸ ਹੋਈ, ਸਾਰਿਆਂ ਨੇ ਤੇ ਅਰਦਾਸੀਏ ਸਿੰਘ ਨੇ ਪੂਰੀ ਇਕਾਗਰਤਾ ਤੇ ਪੂਰੇ ਦਿਲ ਦੇ ਨਾਲ ਅਰਦਾਸ ਕਰ ਦਿਤੀ। ਇੱਕ ਤਾਂ ਅਰਦਾਸ ਹੁੰਦੀ ਹੈ ਅੱਖਰ ਗਿਣਨੇ, ਉਹ ਤਾਂ ਪਹੁੰਚਦੇ ਹੀ ਨਹੀਂ ਹੁੰਦੇ, ਕਿਉਂਕਿ ਨੰਬਰ ਗਲਤ ਘੁੰਮਾਈ ਜਾਂਦੇ ਨੇ। ਇੱਕ ਹੁੰਦਾ ਹੈ ਸਹੀ ਨੰਬਰ ਘੁੰਮਾ ਕੇ, ਉਥੇ ਗੱਲ ਕਰਨੀ। ਜਦੋਂ ਹਿਰਦਾ ਦਰੱਵ ਜਾਵੇ, ਢਲ ਜਾਵੇ ਤੇ ਸਾਰਿਆਂ ਦੇ ਹਿਰਦੇ 'ਚ ਹੋਵੇ ਕਿ ਇਹ ਚੀਜ਼ ਮਿਲ ਜਾਣੀ ਹੈ, ਫੇਰ ਜਿਹੜੀ ਕੀਤੀ ਹੋਈ ਅਰਦਾਸ ਹੈ ਮਹਾਰਾਜ ਕਹਿੰਦੇ, ਬਿਰਥੀ ਨਹੀਂ ਜਾਂਦੀ –

*ਧਾਰਨਾ – ਜਨ ਕੀ ਅਰਦਾਸ ਜੀ,*
*ਬਿਰਥੀ ਨਾ ਹੋਵੇ ਕਬਹੂੰ।*

*ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥*
*ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ ॥* *ਅੰਗ – 819*

ਮੈਨੂੰ ਕਹਿੰਦੇ ਨੇ ਜੀ ਆਹ ਅਰਦਾਸ ਕਰਾ ਦਿਓ, ਆਹ ਕਹਿ ਦਿਓ। ਮੈਂ ਕਿਹਾ, ਅਰਦਾਸ ਆਪਣੀ ਹੀ ਲਗਦੀ ਹੁੰਦੀ ਹੈ। ਸੱਚੇ ਦਿਲ ਨਾਲ ਤੁਸੀਂ ਅਰਦਾਸ ਕਰ ਲਓ, ਗੁਰੂ ਨਾਲ ਪਹਿਲਾਂ ਸੱਚੇ ਹੋਵੋ। ਕਰਨੀ ਨਿੰਦਿਆ, ਕਰਨੀਆਂ ਚੁਗਲੀਆਂ, ਕਰਨੀ ਈਰਖਾ, ਕਰਨੇ ਵੈਰ ਨੇ ਫੇਰ ਗੁਰੂ ਨਾਲ ਕਿਵੇਂ ਜੁੜ ਜਾਓਂਗੇ? ਗੁਰੂ ਨਾਲ ਤਾਂ, ਤਾਂਹੀ ਜੁੜ ਹੋਏਗਾ ਜੇ ਵਿਚਲੀ ਕਾਰਬਨ ਖਤਮ ਹੋਏਗੀ। ਬਿਜਲੀ ਘਰ 'ਚੋਂ ਤਾਂ ਬਿਜਲੀ ਆ ਰਹੀ ਹੈ। ਅੱਗੇ ਸਵਿੱਚਾਂ ਵਿਚ ਗਲਤੀਆਂ ਹੋਈਆਂ-ਹੋਈਆਂ ਨੇ, ਤਾਰਾਂ ਟੁੱਟੀਆਂ ਹੋਈਆਂ ਨੇ, ਪਹਿਲਾਂ ਤਾਰ ਜੋੜੋ ਗੁਰੂ ਦੇ ਨਾਲ, ਜਨ ਬਣੋ, ਜਦੋਂ ਜਨ ਬਣ ਜਾਂਦਾ ਹੈ, ਫੇਰ ਉਹਦੀ ਅਰਦਾਸ ਬਿਰਥੀ ਨਹੀਂ ਹੁੰਦੀ, ਪਰ ਇਹ ਛੋਟ ਹੈ, ਕੋਈ ਨਾ ਕੋਈ ਸੰਗਤ ਵਿਚ ਪਿਆਰਾ ਰੱਬ ਦਾ ਹੁੰਦਾ ਹੈ, ਜਿਹੜਾ ਕਹਿ ਦਿੰਦਾ ਹੈ ਕਿ ਮਹਾਰਾਜ ਇਹਨੂੰ ਦੇ ਦਿਓ।

ਅਰਦਾਸ ਕਰ ਦਿਤੀ ਸੰਗਤ ਨੇ, ਲੜਕੀ ਨੂੰ ਦਸ ਮਹੀਨਿਆਂ ਬਾਅਦ ਰੱਬ ਨੇ ਪੁੱਤਰ ਦੀ ਦਾਤ ਦੇ ਦਿਤੀ। ਇੱਥੇ ਫੇਰ ਉਹ ਦੋ ਸਾਲ ਦੇ ਨੂੰ ਲੈ ਕੇ ਆਈ ਕਿ ਜਿਸ ਸੰਗਤ 'ਚੋਂ ਮੈਨੂੰ ਬੱਚਾ ਮਿਲਿਆ ਹੈ, ਮੈਂ ਇੱਕ ਵਾਰੀ ਉਸ ਸੰਗਤ ਦੀ ਧੂੜ ਇਹਦੇ ਮਸਤਕ 'ਤੇ ਲਾਉਣੀ ਹੈ। ਇਥੇ ਆ ਕੇ ਪਾਠ ਕਰਾਏ, 15 ਪਾਠ ਉਸ ਵੇਲੇ ਅਸੀਂ ਕਰਾਏ, ਮਹਾਰਾਜ ਜੀ ਦੇ ਸ਼ੁਕਰਾਨੇ ਵਜੋਂ। 10 ਅਖੰਡਪਾਠ ਉਸ ਨੇ ਕਰਾਏ ਤੇ ਨਾਲ ਕਾਫੀ ਮਾਇਆ ਵੀ ਭੇਜੀ।

ਸੋ ਇਹ ਸਾਧਸੰਗਤ ਜੀ, ਕੋਈ ਔਖੀ ਗੱਲ ਨਹੀਂ ਹੈ। ਅਰਦਾਸ ਦੀ ਸਟੇਜ ਹੋਣੀ ਚਾਹੀਦੀ ਹੈ, ਉਸ ਅਵਸਥਾ 'ਤੇ ਜਦ ਪਹੁੰਚ ਕੇ ਸਿੱਖ ਅਰਦਾਸ ਕਰਦਾ ਹੈ, ਗੁਰੂ ਤਾਂ ਸੁਣਦਾ ਹੀ ਰਹਿੰਦਾ ਹੈ, ਗੁਰੂ ਕੋਲ ਕੀ ਘਾਟਾ ਹੈ। ਉਹਦੇ ਕਿਤੇ ਕਾਲ ਪੈ ਜਾਣਾ ਹੈ ਕਿ ਪੁੱਤਰ ਦੇ ਕੇ ਅੱਗੇ ਮੁੱਕ

ਜਾਣਗੇ। ਜੋ ਮੰਗੋ ਮਿਲ ਜਾਂਦਾ ਹੈ।

ਸੋ ਅਰਦਾਸ ਕਰ ਦਿਤੀ ਸੰਗਤ ਨੇ। ਲੇਕਿਨ ਦ੍ਰਿੜ੍ਹ ਨਿਸ਼ਚਾ ਦੇਖਣ ਵਾਸਤੇ ਥੋੜ੍ਹਾ ਜਿਹਾ ਫਰਕ ਰਹਿ ਗਿਆ। ਲੜਕੇ ਦੀ ਥਾਂ 'ਤੇ ਲੜਕੀ ਹੋ ਗਈ। ਰਾਜੇ ਨੂੰ ਖਬਰ ਹੋਈ ਕਿ ਲੜਕੀ ਹੋਈ ਹੈ, ਕਹਿੰਦਾ ਬਿਲਕੁਲ ਨਹੀਂ। ਸੰਗਤ ਦੀ ਅਰਦਾਸ ਬਿਰਥੀ ਨਹੀਂ ਜਾਂਦੀ। ਸਾਡੀਆਂ ਅੱਖਾਂ ਨੂੰ ਧੋਖਾ ਲਗ ਸਕਦਾ ਹੈ। ਲੜਕੇ ਦੀ ਖੁਸ਼ੀ ਕਰੋ, ਤੋਪਾਂ ਚਲਾਓ, ਮਠਿਆਈਆਂ ਵੰਡੋ। ਬੜੀਆਂ ਭਾਰੀਆਂ ਖੁਸ਼ੀਆਂ ਹੋਈਆਂ, ਲੜਕਾ ਕਰਕੇ ਪਾਲਿਆ। 18 ਸਾਲ ਦਾ ਹੋ ਗਿਆ ਤੇ ਉਸ ਵੇਲੇ ਰਾਜੇ ਨੇ ਆਪਣੇ ਪੰਡਤਾਂ ਨੂੰ ਬੁਲਾਇਆ, ਲਾਗੀਆਂ ਨੂੰ ਬੁਲਾਇਆ ਕਹਿਣ ਲੱਗੇ, ਜਾਓ ਇਸ ਦੀ ਸਗਾਈ ਕਰੋ। ਫਲਾਣੇ ਰਾਜੇ ਦੀ ਲੜਕੀ ਬੜੀ ਹੋਣਹਾਰ ਹੈ, ਉਹਦੇ ਨਾਲ ਜਾ ਕੇ ਇਹਦਾ ਰਿਸ਼ਤਾ ਕਰੋ। ਸਾਰੇ ਡਰ ਗਏ ਕਿ ਲੜਕੀ ਨਾਲ ਲੜਕੀ ਕਿਵੇਂ ਵਿਆਹੀ ਜਾਏਗੀ। ਬੜਾ ਮਾੜਾ ਕੰਮ ਹੋਏਗਾ। ਸੋ ਉਸ ਵੇਲੇ ਗਏ, ਜਾ ਕੇ ਰਾਜੇ ਨੂੰ ਦੱਸਿਆ ਕਿ ਉਨ੍ਹਾਂ ਦਾ ਲੜਕਾ ਹੈ, ਉਹ ਕਹਿੰਦਾ ਧੰਨ ਭਾਗ ਜੇ ਉਨ੍ਹਾਂ ਦੇ ਲੜਕੇ ਨਾਲ ਸਾਡੀ ਰਿਸ਼ਤੇਦਾਰੀ ਪਵੇ। ਇਸ ਤੋਂ ਜ਼ਿਆਦਾ ਕੀ ਚਾਹੀਦਾ ਹੈ। ਸਗਾਈ ਹੋ ਗਈ, ਵਿਆਹ ਦੀ ਤਰੀਕ ਧਰ ਦਿਤੀ ਗਈ। ਉਸ ਵੇਲੇ ਨਾਲ ਦੇ ਸਾਰੇ ਡਾਵਾਂਡੋਲ ਹੋ ਗਏ। ਵਜ਼ੀਰ ਵੀ ਡਾਵਾਂਡੋਲ ਹੋ ਰਹੇ ਨੇ। ਕਹਿੰਦੇ, ਕੀ ਹੋਏਗਾ, ਜੇ ਅਸੀਂ ਵਿਆਹੁਣ ਚਲੇ ਗਏ, ਉਹ ਤਾਂ ਸਾਰੀ ਬਰਾਤ ਨੂੰ ਸਮੇਤ ਰਾਜੇ ਦੇ, ਸਮੇਤ ਲੜਕੀ, ਰਾਜਕੁਮਾਰ ਦੇ, ਸਾਰਿਆਂ ਨੂੰ ਫੜ ਕੇ ਬੰਨ੍ਹ ਲਏਗਾ, ਕੈਦ ਕਰ ਦਏਗਾ। ਪਤਾ ਨਹੀਂ ਜਾਨੋਂ ਮਾਰ ਦਏ ਕੀ ਕਰੇ। ਅਸੀਂ ਤਾਂ ਬੜਾ ਖਤਰਾ ਲੈਣ ਲੱਗੇ ਹਾਂ। ਰਾਜੇ ਨੂੰ ਆ ਕੇ ਕਹਿੰਦੇ ਨੇ। ਰਾਜਾ ਕਹਿੰਦਾ ਇਹ ਲੜਕਾ ਹੈ, ਤੁਹਾਨੂੰ ਐਵੇਂ ਭੁਲੇਖਾ ਲਗਦਾ ਹੈ। ਉਸ ਵੇਲੇ ਬੜੀ ਭਾਰੀ ਬਰਾਤ ਤੁਰ ਪੈਂਦੀ ਹੈ ਤੇ ਉਧਰਲੇ ਪਾਸੇ ਬਰਾਤ ਜਾਂਦੇ-ਜਾਂਦੇ, ਰਸਤੇ ਦੇ ਵਿਚ ਉਹ ਰਾਜਕੁਮਾਰੀ, ਰਾਜਕੁਮਾਰ ਦੇ ਕੱਪੜੇ ਪਹਿਨੇ ਹੋਏ ਨੇ, ਇਕ ਹਰਨ ਨਿਕਲ ਆਇਆ, ਤਾਂ ਉਸ ਵੇਲੇ ਆਪਣਾ ਘੋੜਾ ਉਸ ਦੇ ਪਿੱਛੇ ਲਾ ਲਿਆ, ਪਿੱਛੇ ਲਾਇਆ ਤਾਂ ਰਾਜਾ ਵੀ ਉਹਦੇ ਪਿੱਛੇ ਹੋ ਲਿਆ। ਹਰਨ ਗਾਇਬ ਹੋ ਗਿਆ, ਅੱਗੇ ਜਾ ਕੇ ਇੱਕ ਚਾਰਦੀਵਾਰੀ ਹੈ ਉਹਦੇ ਵਿਚ ਗਈ ਤਾਂ ਸਾਧੂ ਬੈਠੇ ਨੇ, ਘੋੜਾ ਬੰਨ੍ਹ ਦਿਤਾ, ਘੋੜਾ ਬੰਨ੍ਹ ਕੇ ਜਦੋਂ ਨਮਸ਼ਕਾਰ ਕਰੀ ਤਾਂ ਉਨ੍ਹਾਂ ਦੇ ਮੁੱਖ ਤੋਂ ਨਿਕਲਿਆ, ਆਓ ਰਾਜਕੁਮਾਰ। ਕੌਣ ਬੈਠਾ ਸੀ ਸਾਧਸੰਗਤ ਜੀ! ਮਾਲਕ ਬੈਠਾ ਸੀ –

***ਧਾਰਨਾ – ਤਹਾਂ ਤਹਾਂ ਉਠ ਧਾਵੈ ਜੀ,***
***ਜਹ ਜਹ ਕਾਜ ਕਿਰਤ ਸੇਵਕ ਕੀ।***

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥***

***ਅੰਗ – 403***

ਬਚਨ ਹੋ ਗਿਆ, ਸਾਮ੍ਹਣੇ ਕੀ ਦੇਖਦੇ ਨੇ, ਗੁਰੂ ਨਾਨਕ ਪਾਤਸ਼ਾਹ

ਬੈਠੇ ਨੇ। ਆਓ ਰਾਜਕੁਮਾਰ, ਨਾਮ ਚਿੱਤ ਆਵੇ। ਕਹਿੰਦੇ ਸਾਰ ਸਾਰੇ ਹੀ ਅੰਗ ਬਦਲ ਗਏ। ਸੱਚਮੁੱਚ ਹੀ ਰਾਜਕੁਮਾਰੀ ਤੋਂ ਰਾਜਕੁਮਾਰ ਬਣ ਗਈ।

ਅੱਗੇ ਵਿਆਹ ਵਾਸਤੇ ਚਲੇ ਗਏ, ਬਰਾਤ ਢੁੱਕਦੀ ਹੈ। ਉਨ੍ਹਾਂ ਦਾ ਇੰਤਜ਼ਾਮ ਕੀਤਾ ਗਿਆ। ਨਾਲ ਦੀ ਨਾਲ ਇਹ ਗੱਲ ਦਸ ਦਿਤੀ ਕਿ ਮਹਾਰਾਜ! ਇਹ ਜੋ ਲੜਕਾ ਵਿਆਹੁਣ ਆਇਆ ਹੈ, ਇਹ ਲੜਕਾ ਨਹੀਂ ਅਸਲ ਵਿਚ ਇਹ ਲੜਕੀ ਹੈ। ਦੇਖਿਓ, ਧੋਖਾ ਨਾ ਖਾ ਲਿਓ, ਪਹਿਲਾਂ ਪੂਰੀ ਤਸੱਲੀ ਕਰ ਲਿਓ। ਉਸ ਨੇ ਗੁਪਤ ਤਰੀਕੇ ਨਾਲ ਗੱਲ ਕਰੀ ਰਾਜੇ ਨਾਲ ਕਿ ਮਹਾਰਾਜ! ਐਸੀ ਮੈਨੂੰ ਖਬਰ ਮਿਲੀ ਹੈ, ਤੁਸੀਂ ਲੜਕੀ ਨਾਲ ਲੜਕੀ ਵਿਆਹੁਣ ਆਏ ਓਂ। ਰਾਜੇ ਨੇ ਕਿਹਾ ਕਿ ਨਾ ਉਹ ਤਾਂ ਰਾਜਕੁਮਾਰ ਹੈ। ਕੌਣ ਕਹਿੰਦਾ ਹੈ, ਲੜਕੀ ਹੈ। ਉਹ ਰਾਜਾ ਜਿਹੜਾ ਸੀ ਐਡਾ ਵੱਡਾ ਸ਼ਰਧਾਲੂ ਹੋਇਆ, ਗੁਰੂ ਨਾਨਕ ਪਾਤਸ਼ਾਹ ਦਾ, ਕਿ ਉਹਦੇ 18 ਸਾਲ 'ਚ ਇੱਕ ਦਿਨ ਵੀ ਖਿਆਲ ਨਾ ਆਇਆ ਕਿ ਮੇਰੀ ਲੜਕੀ ਹੈ। ਉਹ ਲੜਕਾ ਹੀ ਕਹਿੰਦਾ ਸੀ, ਸੰਗਤ ਦੀ ਅਰਦਾਸ ਹੈ ਕਿ ਇਹ ਲੜਕਾ ਹੈ। ਸੰਗਤ ਦੀ ਅਰਦਾਸ ਕਿਵੇਂ ਬਿਰਥੀ ਹੋ ਜਾਏਗੀ। 100% ਭਰੋਸਾ ਸੀ ਉਹਦੇ ਮਨ 'ਚ। ਉਸ ਵੇਲੇ ਸੁਨੇਹਾ ਭੇਜਿਆ ਗਿਆ ਕਿ ਸਾਡੇ ਰਿਵਾਜ ਇਹ ਹੈ ਕਿ ਪਹਿਲਾਂ ਅਸੀਂ ਇਸ਼ਨਾਨ ਕਰਾਉਂਦੇ ਹਾਂ, ਆਪਣੇ ਦਾਮਾਦ ਦਾ, ਪਤਲੇ ਕੱਪੜੇ ਦੇ ਦਿਤੇ ਗਏ ਉਸ ਨੂੰ ਪਹਿਨਣ ਵਾਸਤੇ ਤੇ ਪਾਣੀ ਵਾਰਿਆ ਗਿਆ। ਉਸ ਤੋਂ ਬਾਅਦ ਬੜੀ ਪ੍ਰਸੰਨਤਾ ਹੋਈ, ਕਹਿਣ ਲੱਗੇ, ਬਿਲਕੁਲ ਗਲਤ ਇਹ ਤਾਂ ਲੜਕਾ ਹੈ।

ਸੋ ਸਾਧਸੰਗਤ ਜੀ! ਵਾਹਿਗੁਰੂ ਦੇ ਘਰ ਕੋਈ ਘਾਟਾ ਨਹੀਂ।

***ਧਾਰਨਾ – ਜਿਹੜਾ ਨਾਰੀਆਂ ਤੋਂ ਪੁਰਖ ਬਣਾਵੇ,***
***ਜਾਵਾਂ ਬਲਿਹਾਰ ਗੁਰਾਂ ਤੋਂ।***

***ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ ॥***
***ਤੇਰੇ ਸੰਤਨ ਕੀ ਹਉ ਚੇਰੀ ॥ 1 ॥ ਰਹਾਉ ॥***
***ਹਸਤੋ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ ॥***
***ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ ॥ 1 ॥***
***ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ ॥***
***ਧਰਤੀ ਤੇ ਆਕਾਸਿ ਚਢਾਵੈ ਚਢੇ ਆਕਾਸਿ ਗਿਰਾਵੈ ॥ 2 ॥***
***ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥***
***ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ ॥ 3 ॥***
***ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ ॥***
***ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ ॥***

***ਅੰਗ – 1252***

ਪਹਿਲਾਂ ਸ਼ੰਕਾ ਹੋ ਜਾਂਦਾ ਸੀ। ਲੇਕਿਨ ਅੱਜ ਦੇ ਜੁੱਗ ਦੇ ਅੰਦਰ ਕਿੰਨੀਆਂ ਐਸੀਆਂ ਮਿਸਾਲਾਂ ਨੇ ਜਿੱਥੇ ਲੜਕੀ, ਲੜਕਾ ਬਣ ਗਈ। ਹਾਕੀ

ਦੀ ਖਿਡਾਰੀ ਸੀ ਇੱਕ ਲੜਕੀ, ਬਾਹਰ ਖੇਲ੍ਹਣ ਗਈ, ਉਹ ਲੜਕਾ ਬਣ ਗਈ।

ਸੋ ਇਹ ਗੁਰੂ ਮਹਾਰਾਜ ਦੀ ਮਿਹਰ ਹੋਈ। ਕਾਹਦੀ ਮਿਹਰ ਹੋਈ? ਉਹਨੇ ਗੁਰੂ ਦੇ ਬਚਨ ਕਮਾਏ –

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***

***ਅੰਗ – 747***

ਗੁਰੂ ਦੇ ਬਚਨ ਨੂੰ ਕਮਾ ਲਓ, ਕਮਾਉਣ ਦੇ ਨਾਲ, ਸਾਡਾ ਵੀ ਉਧਾਰ ਹੋ ਜਾਏਗਾ। ਜੇ ਭਾਈ ਭੂਮੀਆਂ ਅਮਰ ਹੋ ਸਕਦਾ ਹੈ ਤਾਂ ਸਾਧਸੰਗਤ ਜੀ! ਆਪਾਂ ਵੀ ਬਚਨ ਕਮਾਈਏ। ਸਾਡੇ 'ਤੇ ਵੀ ਮਹਾਰਾਜ ਦੀ ਕ੍ਰਿਪਾ ਹੋ ਜਾਏਗੀ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 3

# ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਡੱਲਾ

ਸ਼ਾਨ.......................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਕੋਈ ਨਾਉਂ ਨਾ ਜਾਣੈ ਮੇਰਾ,*
*ਗੁਰੂ ਜੀ ਸਭ ਤੇਰੀ ਵਡਿਆਈ ਐ।*

*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ 1 ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ ॥ 1 ॥*
*ਰਹਾਉ ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥*
*ਜਿਸੁ ਜਨ ਊਪਰਿ ਤੇਰੀ ਕਿਰਪਾ*
*ਤਿਸ ਕਉ ਬਿਪੁ ਨ ਕੋਊ ਭਾਖੈ ॥ 2॥*
*ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥ 3॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ*
*ਕੋਈ ਨਾਉ ਨ ਜਾਣੈ ਮੇਰਾ॥ ਅੰਗ - 383*

*ਧਾਰਨਾ - ਸਭ ਤੇਰੀ ਵਡਿਆਈ ਮੇਰੇ ਸਾਹਿਬਾ,*
*ਕੋਈ ਨਾਉਂ ਨ ਜਾਣੈ ਮੇਰਾ।*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਦਰਬਾਰ 'ਚ ਪਹੁੰਚੇ ਓਂ। ਗੁਰੂ ਮਹਾਰਾਜ ਦੇ ਚਰਨਾਂ ਦਾ ਧਿਆਨ ਧਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਰਸਨਾ ਦੇ ਨਾਲ ਸ਼ਬਦ

ਵਿਚ ਬੋਲੋ। ਬੁੱਧੀ ਨਾਲ ਵਿਚਾਰੋ। ਖਿਆਲਾਂ ਨੂੰ ਰੋਕੋ। ਇਕਾਗਰਤਾ ਆਏਗੀ ਤੇ ਸਤਿਸੰਗ ਦਾ ਪੂਰਾ-ਪੂਰਾ ਅਨੰਦ ਮਾਣ ਕੇ, ਮਹਾਨ ਫਲ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। **ਗੁਰੂ ਦਸ਼ਮੇਸ਼ ਪਿਤਾ ਇੱਕ ਬਹੁਤ ਵੱਡਾ ਬਚਿੱਤਰ ਨਾਟਕ ਕਰਕੇ, ਚਮਕੌਰ ਸਾਹਿਬ ਪਹੁੰਚਦੇ ਨੇ। ਸਾਰੀ ਗਿਣਤੀ ਦੇ ਵਿਚ ਸਿਰਫ 40 ਸਿੰਘ ਤੇ ਦੂਸਰੇ ਪਾਸੇ ਜਦੋਂ ਮਹਾਰਾਜ ਔਰੰਗਜ਼ੇਬ ਨੂੰ ਚਿੱਠੀ ਲਿਖਦੇ ਨੇ, ਫੁਰਮਾਨ ਕਰਦੇ ਨੇ ਕਿ ਐ ਔਰੰਗਜ਼ੇਬ! ਇੱਕ ਪਾਸੇ 40 ਸਿਰਲੱਥ ਸੂਰਮੇ ਨੇ, ਦਰਗਾਹ ਦੇ ਵਿਚ ਪ੍ਰਵਾਨ ਹੋਏ-ਹੋਏ। ਇੱਕ ਪਾਸੇ ਤੂੰ ਹਰ ਥਾਂ, ਹਰ ਨਾਕੇ 'ਤੇ, ਸਾਰੇ ਪੰਜਾਬ 'ਚ, ਭਾਰਤ ਵਰਸ਼ ਵਿਚ, ਅਨੰਦਪੁਰ ਸਾਹਿਬ ਤੋਂ ਆਉਣ ਵਾਸਤੇ, ਸਿੰਘਾਂ ਨੂੰ ਰੋਕਣ ਵਾਸਤੇ ਦੱਸ ਲੱਖ ਫੌਜ ਮੈਦਾਨ-ਏ-ਜੰਗ ਲਾਈ ਹੋਈ ਹੈ। ਉਹ ਸਿਰਲੱਥ ਸੂਰਮੇ ਪੂਰਾ ਇਕ ਦਿਨ ਚਾਰ ਪਹਿਰ, ਐਨੀ ਜਵਾ-ਮਰਦੀ ਦੇ ਨਾਲ ਯੁੱਧ ਕਰਦੇ ਰਹੇ। ਪੁਰਜਾ-ਪੁਰਜਾ ਕਟ ਕੇ ਗਿਰ ਗਏ, ਲੇਕਿਨ ਗੁਰੂ ਤੱਕ ਕਿਸੇ ਨੂੰ ਪਹੁੰਚਣ ਨਹੀਂ ਦਿਤਾ।** ਰਾਤ ਪੈ ਜਾਂਦੀ ਹੈ, ਮਤਾ ਪਾਸ ਹੁੰਦਾ ਹੈ, ਪੰਜ ਸਿੰਘਾਂ ਨੇ ਪਹਿਲਾ ਮਤਾ ਚਮਕੌਰ ਸਾਹਿਬ ਦੀ ਗੜ੍ਹੀ 'ਚ ਪਾਸ ਕੀਤਾ। ਗੁਰੂ ਹਾਜ਼ਰ ਨਾਜ਼ਰ ਹੈ, ਗੁਰੂ ਦੀ ਹਜ਼ੂਰੀ ਵਿਚ ਜਦੋਂ ਪੰਜ ਸਿੰਘ ਹੋਣ, ਉਸ ਵੇਲੇ 21 ਵਿਸਵੇ ਹੋਇਆ ਕਰਦੇ ਨੇ। ਗੁਰੂ ਦੀ ਹਜ਼ੂਰੀ ਤੋਂ ਬਾਹਰ ਭਾਵੇਂ ਕਿੰਨੇ ਹੀ ਹੋਣ, ਚਾਹੇ ਲੱਖ ਹੋਣ, ਇੱਕ ਵਿਸਵਾ ਹੀ ਹੁੰਦੇ ਨੇ। ਗੁਰਸੰਗਤ 21 ਵਿਸਵੇ ਹੁੰਦੀ ਹੈ। ਗੁਰੂ 20 ਵਿਸਵੇ ਹੁੰਦਾ ਹੈ। ਗੁਰਸੰਗਤ ਤਾਂ ਪੂਰੀ ਹੁੰਦੀ ਹੈ ਜੇ ਗੁਰੂ ਵਿਚ ਹੋਵੇ। ਸੋ ਉਸ ਵੇਲੇ ਇਸ ਅਸੂਲ ਨੂੰ ਵਰਤ ਕੇ, ਮਤਾ ਪਾਸ ਕਰ ਦਿਤਾ ਜਾਂਦਾ ਹੈ ਕਿ ਪਾਤਸ਼ਾਹ! ਚਾਹੇ ਸ਼ਕਤੀ ਵਰਤ ਕੇ, ਚਾਹੇ ਕੋਈ ਕੌਤਕ ਵਰਤਾ ਕੇ, ਚਾਹੇ ਕੋਈ ਆਪਣਾ ਇਨਸਾਨੀ ਬਲ ਲਾ ਕੇ, ਆਪ ਚਮਕੌਰ ਸਾਹਿਬ ਖਾਲੀ ਕਰ ਜਾਓ। ਸਾਡੇ ਵਰਗੇ ਲੱਖਾਂ ਸਿੰਘ ਹੋਣ, ਗੁਰੂ ਨਾ ਹੋਵੇ, ਅਸੀਂ ਕੁਛ ਨਹੀਂ ਕਰ ਸਕਦੇ। ਗੁਰੂ ਹੋਵੇ, ਲੱਖਾਂ ਹੀ ਸਿੰਘ ਪੈਦਾ ਕਰ ਸਕਦੇ ਨੇ। ਪਾਤਸ਼ਾਹ! ਜਿਹੜੀ ਪਨੀਰੀ ਲਾਈ ਸੀ ਉਹਦੇ ਵਿਚੋਂ ਸਾਰੇ ਸ਼ਹੀਦ ਹੋ ਚੁੱਕੇ ਨੇ। ਦਸ ਹਜ਼ਾਰ ਸਿੰਘ, ਕਈਆਂ ਦਾ ਖਿਆਲ ਹੈ ਪੰਜ ਹਜ਼ਾਰ। ਛੇ ਮਹੀਨੇ ਦੇ ਘੇਰੇ ਵਿਚ, ਸਮੇਤ ਵੱਡੇ ਸਾਹਿਬਜ਼ਾਦਿਆਂ ਦੇ, ਸ਼ਹੀਦ ਹੋ ਗਿਆ ਤੇ ਛੋਟੇ ਸਾਹਿਬਜ਼ਾਦਿਆਂ ਦਾ ਪਤਾ ਨਹੀਂ ਲਗਦਾ ਕਿ ਕਿੱਥੇ ਨੇ, ਬਾਅਦ ਵਿਚ ਸਰਹੰਦ ਵਿਚ ਨੀਹਾਂ ਵਿਚ ਚਿਣ ਦਿਤੇ ਗਏ। ਐਨਾ torture (ਜ਼ੁਲਮ) ਐਨੀ ਸਖਤੀ ਉਨ੍ਹਾਂ ਸਿੰਘਾਂ ਨੇ ਸਹਿ ਕੇ, ਆਪਾ ਵਾਰ ਕੇ, ਗੁਰੂ ਤੱਕ ਕੋਈ ਨਹੀਂ ਪਹੁੰਚਣ ਦਿਤਾ। ਹੁਕਮ ਹੋ ਗਿਆ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਚਮਕੌਰ ਸਾਹਿਬ ਤੋਂ, ਮਾਛੀਵਾੜੇ ਆਉਂਦੇ ਨੇ, ਸਨੇ-ਸਨੇ ਚਲਦੇ ਹੋਏ, ਖਦਰਾਣੇ ਦੀ ਢਾਬ 'ਤੇ ਪਹੁੰਚ ਕੇ, ਦੁਬਾਰਾ ਫੇਰ ਇੱਕ ਯੁੱਧ ਲੜਦੇ ਨੇ, ਉਸ ਵੇਲੇ ਦੀ ਹਾਲਤ ਇਹ ਹੈ ਕਿ ਜਿਹੜੇ ਉੱਚੀ ਅਵਸਥਾ ਵਾਲੇ ਸਿੰਘ ਸੀ ਉਹ ਸਿਰਫ ਉਂਗਲੀਆਂ 'ਤੇ ਗਿਣਨ ਵਾਲੇ ਰਹਿ ਗਏ। ਬਾਕੀ ਸਾਰੇ ਨੌਕਰ ਰੱਖੇ ਗਏ, ਉਹ ਬੰਦੇ ਜਿਨ੍ਹਾਂ ਨੂੰ ਸਿੱਖੀ ਦਾ ਕੋਈ ਪਤਾ ਨਹੀਂ ਸੀ। ਸਿੱਖੀ ਕੀ ਹੁੰਦੀ ਹੈ, ਗੁਰੂ ਕੀ ਹੁੰਦਾ ਹੈ, ਗੁਰੂ ਦੇ ਉਤੇ ਕੁਰਬਾਨ ਕਿਵੇਂ ਹੋਈਦੈ? ਜੋ ਗੁਰੂ ਨਾਲ

ਜੁੜਿਆ ਹੁੰਦਾ ਹੈ, ਉਹਦੇ ਵਿਚ ਗੁਰੂ ਦੀ ਸ਼ਕਤੀ ਹੋਇਆ ਕਰਦੀ ਹੈ। ਜਿਸ ਵੀ ਜੀਵਨ ਦੇ ਅੰਦਰ ਖਾਲਸਾ ਆਦਰਸ਼ ਦਾਖਲ ਹੋ ਗਿਆ ਤੇ ਨਿਆਰਾ ਪਦ ਉਹਦਾ ਕਾਇਮ ਰਹਿੰਦਾ ਹੈ, ਮਹਾਰਾਜ ਕਹਿੰਦੇ, ਉਹਦੇ ਵਿਚ ਮੇਰੀ ਸੱਤਾ ਹੋਇਆ ਕਰੇਗੀ –

*ਜਬ ਲਗ ਖਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦੀਓ ਮਹਿ ਸਾਰਾ।*
*ਜਬ ਇਹ ਗਏ ਬਿਰਪਨ ਕੀ ਰੀਤ।*
*ਮੈਂ ਨਾ ਕਰੂੰ ਇਨ ਕੀ ਪਰਤੀਤ।*

ਜਦੋਂ ਇਹ ਗਲਤ ਗੱਲਾਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਕਰਨ ਲੱਗ ਜਾਏਗਾ। ਵਹਿਮ ਪ੍ਰਸਤੀ 'ਚ ਆ ਜਾਏਗਾ। ਉਸ ਵੇਲੇ ਮੈਂ ਪ੍ਰਤੀਤ ਨਹੀਂ ਕਰਨੀ। ਇਹ ਜਿਹੜੇ ਉਸ ਵੇਲੇ ਦੇ ਸਿੱਖ ਸੀ ਗੁਰੂ ਮਹਾਰਾਜ ਦੇ ਨਾਲ ਉਹ ਫੌਜ ਸੀ, ਸਿੱਖ ਨਹੀਂ ਸੀ, ਅੰਮ੍ਰਿਤਧਾਰੀ ਨਹੀਂ ਸੀਗੇ। ਕੁਛ ਰਾਜਪੂਤ ਸੀ, ਕੁਛ ਬਰਾੜ ਵਗੈਰਾ ਸੀ। ਜਿਹੜੇ ਗੁਰੂ ਮਹਾਰਾਜ ਤੋਂ ਗਿਆਨ ਹਾਸਲ ਕਰ ਚੁੱਕੇ ਸੀ, ਨਾਮ ਦੇ ਵਿਚ ਰੱਤੇ ਹੋਏ ਸੀ ਉਹ ਥੋੜ੍ਹੇ ਜਿਹੇ ਸੀ, ਬਹੁਤੇ ਨਹੀਂ ਸੀਗੇ। ਲੇਕਿਨ ਉਨ੍ਹਾਂ ਦੇ ਵਿਚ ਉਹ ਸਿੰਘ ਮਾਝੇ ਤੋਂ ਆ ਗਏ ਦੋ-ਤਿੰਨ ਸੌ ਦੀ ਗਿਣਤੀ 'ਚ। ਜਿਨ੍ਹਾਂ ਦੇ ਵਿਚ ਕੁਝ ਸਿੰਘ ਗੁਰੂ ਮਹਾਰਾਜ ਦੇ ਨੇੜੇ ਰਹਿ ਕੇ, ਜੀਵਨ ਦੀ ਦਾਤ ਪ੍ਰਾਪਤ ਕਰ ਚੁੱਕੇ ਸੀ ਪਰ ਕਿਸੇ ਕਾਰਨ ਕਰਕੇ ਯੁੱਧ 'ਚ ਨਹੀਂ ਸੀ ਸ਼ਾਮਲ ਹੋਏ। ਘਰੋਗੀ ਮਜ਼ਬੂਰੀਆਂ ਕਰਕੇ ਜਾਂ ਜਾ ਨਹੀਂ ਸਕੇ ਜਾਂ ਰਸਤੇ ਰੋਕ ਦਿਤੇ ਗਏ। ਉਨ੍ਹਾਂ 'ਚੋਂ ਉਹ ਵੀ ਆਏ। ਉਸ ਵੇਲੇ ਆ ਕੇ ਗੁਰੂ ਮਹਾਰਾਜ ਨੂੰ ਸਮਝਾਉਂਦੇ ਨੇ ਕਿ ਤੁਸੀਂ ਇਹ ਨੀਤੀ ਛੱਡ ਦਿਓ। ਤੁਹਾਡਾ ਸਮਝੌਤਾ ਔਰੰਗਜ਼ੇਬ ਨਾਲ ਸੀ, ਸਾਰੀਆਂ ਮਾਝੇ ਦੀਆਂ ਪੰਚਾਇਤਾਂ ਇਕੱਠੀਆਂ ਹੋ ਕੇ, ਦਿੱਲੀ ਜਾਵਾਂਗੇ, ਤੇ ਸਮਝੌਤਾ ਕਰਾ ਦਿੰਦੇ ਹਾਂ।

ਮਹਾਰਾਜ ਨੇ ਕਿਹਾ ਕਿ ਗੁਰੂ ਪੰਜਵੇਂ ਪਾਤਸ਼ਾਹ ਵੇਲੇ ਤੁਸੀਂ ਕਿੱਥੇ ਗਏ ਹੋਏ ਸੀ? ਗੁਰੂ ਤੇਗ ਬਹਾਦਰ ਸਾਹਿਬ ਵੇਲੇ ਕਿੱਥੇ ਸੀਗੇ? ਹੁਣ ਤੁਸੀਂ ਆ ਗਏ। ਜਦੋਂ ਅਨੰਦਪੁਰ ਸਾਹਿਬ ਦਾ ਯੁੱਧ ਹੋ ਰਿਹਾ ਸੀ, ਉਦੋਂ ਕਿੱਥੇ ਸੀ ਤੁਸੀਂ? ਉਹ ਬਾਰ-ਬਾਰ ਸਮਝਾਉਂਦੇ ਨੇ, ਜਿਸ ਤਰ੍ਹਾਂ ਕਿ ਗੁਰੂ ਸਾਹਿਬ ਨੂੰ ਕੁਛ ਪਤਾ ਨਹੀਂ ਹੁੰਦਾ। ਉਸ ਵੇਲੇ ਗੁਰੂ ਮਹਾਰਾਜ ਨੇ ਕਿਹਾ ਕਿ ਤੁਸੀਂ ਸਿੱਖ ਓਂ ਕਿ ਮੇਰੇ ਗੁਰੂ ਬਣ ਕੇ ਆਏ ਓਂ? ਇੱਕ ਕਾਗਜ਼ ਦੇ ਦਿਤਾ, ਜਿਹਨੇ ਸਾਡਾ ਸਾਥ ਦੇਣਾ ਹੈ ਉਹ ਇਹਦੇ 'ਤੇ ਦਸਤਖਤ ਕਰ ਦਿਓ। ਦੂਸਰਾ ਕਾਗਜ਼ ਹੈ ਜਿਹਨੇ ਨਹੀਂ ਸਾਥ ਦੇਣਾ ਇਹਦੇ 'ਤੇ ਦਸਤਖਤ ਕਰ ਦਿਓ।

ਲਾਂਭੇ ਹੋ ਕੇ ਮਤਾ ਪਕਾਇਆ ਕਿ ਯੁੱਧ ਤਾਂ ਅਸੀਂ ਕਰਨਾ ਨਹੀਂ। ਦੂਸਰੇ ਕਾਗਜ਼ 'ਤੇ ਦਸਤਖਤ ਕਰ ਦਿੰਦੇ ਨੇ, ਉਹਦੇ 'ਤੇ ਲਿਖਿਆ ਹੋਇਆ

ਸੀ ਕਿ 'ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ।'

ਕਾਗਜ਼ ਲੈ ਲਿਆ ਮਹਾਰਾਜ ਜੀ ਨੇ ਆਪਣੇ ਕੋਲ। ਰੱਖ ਲਿਆ ਕਮਰਕਸੇ 'ਚ। ਉਸ ਵੇਲੇ ਕੈਸੀ ਹਾਲਤ ਹੈ, ਤੁਸੀਂ ਆਪੇ ਹੀ ਅੰਦਾਜ਼ਾ ਲਾ ਕੇ ਦੇਖੋ ਕਿ ਵੱਡੇ ਤੋਂ ਵੱਡਾ ਜਰਨੈਲ ਵੀ ਡੋਲ ਜਾਇਆ ਕਰਦਾ ਹੈ ਚਾਰੋਂ ਪਾਸੇ ਦੇ ਹਾਲਾਤ ਦੇਖ ਕੇ। 12,000 ਫੌਜ ਚੜ੍ਹ ਕੇ ਆ ਰਹੀ ਹੈ, ਏਧਰ ਕੁਝ ਸੈਂਕੜੇ ਗੁਰੂ ਮਹਾਰਾਜ ਦੇ ਨਾਲ ਨੇ, ਉਹ ਵੀ untrained (ਅਸਿਖਿਅਕ) ਨੇ, ਨਵੇਂ ਹੀ ਰੱਖੇ ਹੋਏ ਬੰਦੇ ਨੇ, ਭਰੋਸਾ ਉਨ੍ਹਾਂ 'ਤੇ ਕੋਈ ਨਹੀਂ। ਕਿਉਂਕਿ ਅੱਗੇ ਜਾ ਕੇ ਜਦੋਂ ਗੁਰੂ ਮਹਾਰਾਜ ਚਲੇ ਜਾਂਦੇ ਨੇ, ਉਥੇ ਤਨਖਾਹ ਮੰਗਦੇ ਨੇ, ਗੁਰੂ ਸਾਹਿਬ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ, ਤੇ ਤਨਖਾਹ ਮੰਗਦੇ ਨੇ। ਜਿਹੜੇ ਗੁਰੂ ਸਾਹਿਬ ਦੇ ਘੋੜੇ ਦੀਆਂ ਵਾਗਾਂ ਫੜ ਕੇ ਤਨਖਾਹ ਮੰਗ ਸਕਦੇ ਨੇ, ਉਹ ਸਾਥ ਕੀ ਦੇ ਸਕਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਉਹ ਜੰਗ ਮਹਾਰਾਜ ਨੇ ਜਿੱਤਿਆ। ਉਨ੍ਹਾਂ ਦੇ ਵਿਚੋਂ ਕੁਛ ਨਿਕਲੇ, ਮਾਈ ਭਾਗੋ ਦੇ ਸਮੇਤ, ਉਨ੍ਹਾਂ ਨੇ ਲਕੀਰ ਕੱਢ ਦਿਤੀ ਕਿ ਅਸੀਂ ਨਹੀਂ ਜਾਣਾ। ਧੋਖੇ ਨਾਲ ਦਸਤਖਤ ਹੋ ਗਏ ਸਾਡੇ ਤੋਂ। ਐਵੇਂ ਹੀ ਸੋਚਿਆ ਵਿਚਾਰਿਆ ਨਹੀਂ। ਬਹੁਤਿਆਂ ਦੀ ਰਾਇ ਵਿਚ ਆ ਕੇ ਦਸਤਖਤ ਕਰ ਦਿਤੇ। ਅਸੀਂ ਤਾਂ ਨਹੀਂ ਜਾਣਾ, ਅਸੀਂ ਤਾਂ ਆਪਣੀ ਜਿੰਦ ਕੁਰਬਾਨ ਕਰਨੀ ਹੈ। ਪੁਰਜਾ-ਪੁਰਜਾ ਕੱਟ ਗਏ। ਇਕ ਸਿੰਘ ਗੁਰੂ ਮਹਾਰਾਜ ਨੂੰ ਸਹਿਕਦਾ ਮਿਲਿਆ। ਮਹਾਰਾਜ ਪ੍ਰਸੰਨ ਨੇ, ਕਿਉਂਕਿ ਵਿਛੜੇ ਹੋਏ ਮਿਲੇ ਸੀ, ਪਹਿਲਾਂ ਜਵਾਬ ਦੇ ਗਏ ਸੀ, ਗਲਤੀ ਮੰਨੀ ਤੇ ਫੇਰ ਆ ਕੇ ਗੁਰੂ ਮਹਾਰਾਜ ਵਾਸਤੇ ਆਪਣੀ ਜਿੰਦ ਕੁਰਬਾਨ ਕਰ ਦਿਤੀ। ਸਭ ਕੁਛ ਤਿਆਗ ਦਿਤਾ। ਓਸ ਕੁਰਬਾਨੀ ਤੋਂ ਪ੍ਰਸੰਨ ਹੋ ਕੇ, ਮਹਾਰਾਜ ਨੇ ਜਦੋਂ ਉਸ ਨੂੰ ਬੁਲਾਇਆ, ਨੇਤਰ ਖੋਲ੍ਹੇ, ਨੇਤਰਾਂ ਦੇ ਨਾਲ ਨੇਤਰ ਰਲੇ, ਹਰਕਤ ਹੋਈ, ਹੱਥ ਬੰਨ੍ਹੇ ਓਸ ਨੇ। ਗੁਰੂ ਮਹਾਰਾਜ ਤੋਂ ਓਸਦੀ ਅਧੀਨਗੀ ਸਹੀ ਨਾ ਗਈ, ਕਿਉਂਕਿ ਨੇਤਰਾਂ 'ਚੋਂ ਮੋਟੇ-ਮੋਟੇ ਟੇਪੇ ਹੰਝੂਆਂ ਦੇ ਗਿਰ ਕੇ, ਉਹਦੇ ਮੁੱਖ 'ਤੇ ਪੈ ਗਏ। ਪਿਆਰ ਜਾਗ ਪਿਆ ਕਿ ਸਿੱਖ ਨੇ ਜਵਾਬ ਦੇ ਕੇ, ਫੇਰ ਵੀ ਆਪਣੀ ਜਾਨ ਕੁਰਬਾਨ ਕਰ ਦਿਤੀ। ਕਹਿੰਦੇ, ਮੰਗ ਸਿੱਖਾਂ, ਤੂੰ ਜ਼ਿੰਦਗੀ ਚਾਹੁੰਦਾ ਹੈਂ ਦਿਵਾ ਦਿੰਦੇ ਹਾਂ। ਅਸੀਂ ਐਨੇ ਪ੍ਰਸੰਨ ਹਾਂ ਤੁਹਾਡੇ ਉਤੇ ਕਿ ਜੇ ਰਾਜ ਚਾਹੋਂ ਤਾਂ ਅਸੀਂ ਤੁਹਾਨੂੰ ਜੀਉਂਦੇ ਕਰ ਦਿੰਦੇ ਹਾਂ। ਕੀ ਚਾਹੁੰਦਾ ਹੈ?

ਕਹਿਣ ਲੱਗਿਆ, ਮਹਾਰਾਜ! ਜਿਹੜਾ ਵਲ ਪੈ ਗਿਆ, ਸਾਡੇ ਤੇ ਤੁਹਾਡੇ ਵਿਚ। ਇਹਨੂੰ ਕੱਢ ਦਿਓ। ਇਹ ਵੱਟ ਨਹੀਂ ਅਸੀਂ ਸਹਿ ਸਕਦੇ। ਕ੍ਰਿਪਾ ਕਰੋ ਉਹ ਜਿਹੜਾ ਕਾਗਜ਼ ਲਿਖ ਕੇ ਦਿਤਾ ਹੈ ਆਪ ਉਸ ਨੂੰ ਫਾੜ ਦਿਓ।

ਗੁਰੂ ਮਹਾਰਾਜ ਕਹਿਣ ਲੱਗੇ, ਮਹਾਂਸਿੰਘਾ! ਮਾਝਾ ਖਾਰਜ ਕਰ ਦਿਤਾ ਸੀ ਅਸੀਂ ਸਿੱਖੀ ਤੋਂ, ਤੂੰ ਰੱਖ ਲਿਆ।

ਅੱਗੇ ਚਲਦੇ ਨੇ ਮਹਾਰਾਜ, ਜਾਂਦੇ-ਜਾਂਦੇ ਜਿਸ ਵਕਤ ਤਲਵੰਡੀ ਦੀ ਹੱਦ ਵਿਚ ਜਾਣ ਲੱਗੇ। ਉਸ ਵੇਲੇ ਘੋੜੇ ਦੀਆਂ ਵਾਗਾਂ ਫੜ ਕੇ ਘੋੜਾ ਰੋਕ ਲਿਆ ਕਿ ਮਹਾਰਾਜ! ਤਨਖਾਹ ਦਿਓ। ਨਾਲੇ ਮੀਂਹ ਪੁਆਓ। ਮਹਾਰਾਜ ਕਹਿੰਦੇ, ਇਕ ਚੀਜ਼ ਮੰਗ ਲਓ, ਸਿੱਖੀ ਮੰਗ ਲਓ, ਚਾਹੇ ਇਹ ਚੀਜ਼ਾਂ ਮੰਗ ਲਓ। ਕਹਿੰਦੇ, ਸਿੱਖ ਤਾਂ ਅਸੀਂ ਤੁਹਾਡੇ ਹੈਗੇ ਹੀ, ਬਾਰਿਸ਼ ਤੁਸੀਂ ਕਿਹਾ ਨਹੀਂ ਕਿ ਪੁਆ ਦੇਵਾਂਗੇ। ਸਾਡੇ ਤਾਂ ਖੇਤ ਸੁਕਦੇ ਜਾਂਦੇ ਨੇ। ਮਹਾਰਾਜ ਕਹਿੰਦੇ, ਚਲੋ ਬਾਰਿਸ਼ ਪੁਆ ਦਿੰਦੇ ਹਾਂ। ਤੀਰ ਮਾਰਿਆ, ਬੇਅੰਤ ਬਾਰਿਸ਼ ਹੋਈ ਗੜ੍ਹਿਆਂ ਸਮੇਤ। ਬਹੁਤ ਮੀਂਹ ਪਿਆ, ਟਿੱਬੇ ਭਿੱਜ ਗਏ, ਟਿਬਿਆਂ ਦੇ ਉਤੋਂ ਪਾਣੀ ਚੱਲਣ ਲਗ ਗਿਆ। ਮਹਾਰਾਜ ਜੀ ਉਥੇ ਹੀ ਖੜ੍ਹੇ ਰਹੇ, ਇਹ ਸਾਰੇ ਨੱਠ ਕੇ ਝਾੜਾਂ ਵਿਚ ਜਾ ਵੜੇ। ਫੇਰ ਹਾਜ਼ਰ ਹੋਏ, ਕਹਿੰਦੇ ਮੀਂਹ ਤਾਂ ਪੈ ਗਿਆ, ਹੁਣ ਤਨਖਾਹ ਦਿਓ। ਕਿੱਡਾ ਕਠੋਰ ਵਤੀਰਾ ਹੈ, ਆਪੇ ਹੀ ਅੰਦਾਜ਼ਾ ਲਾ ਲਓ। ਮਹਾਰਾਜ ਕਹਿੰਦੇ ਕਿ ਕਿਤੇ ਬੈਠਾਂਗੇ, ਸੰਗਤ ਆਏਗੀ, ਉਸ ਵੇਲੇ ਹੀ ਤੁਹਾਡੀ ਤਨਖਾਹ ਦਿਤੀ ਜਾਏਗੀ। ਐਨੇ ਕਰੜੇ ਹੋ ਗਏ, ਕਹਿੰਦੇ ਅਸੀਂ ਜਾਣ ਨਹੀਂ ਦੇਣਾ, ਇਥੇ ਹੀ ਸਾਡੀ ਤਨਖਾਹ ਦਿਓ, ਅਗਾਹਾਂ ਹੱਦ ਬਦਲਦੀ ਹੈ। ਉਸ ਵੇਲੇ ਕੌਤਕ ਵਰਤਦਾ ਹੈ, ਕੁਬੇਰ ਵਲੋਂ ਮਾਇਆ ਦਾ ਭੰਡਾਰਾ ਆਉਂਦਾ ਹੈ, ਗੁਰੂ ਸਾਹਿਬ ਵੰਡ ਦਿੰਦੇ ਨੇ ਢਾਲੇ ਭਰ-ਭਰ ਕੇ, ਵਾਧੂ ਦਾ ਦੱਬ ਦਿੰਦੇ ਨੇ, ਉਹਦੇ ਹਵਾਲੇ ਕਰ ਦਿੰਦੇ ਨੇ। ਦਿਲ ਤੋੜਨ ਵਾਲੀ ਗੱਲ ਸੀ ਇਹ ਵੀ। ਜੇ ਕੋਈ ਹੋਰ ਹੁੰਦਾ ਉਸ ਵੇਲੇ ਬੜਾ ਪਸ਼ਚਾਤਾਪ ਕਰਦਾ ਕਿ ਮੈਂ ਸਭ ਕੁਛ ਕੁਰਬਾਨ ਕਰ ਦਿਤਾ, ਇਨ੍ਹਾਂ ਵਾਸਤੇ, ਇਨ੍ਹਾਂ ਦਾ ਧਰਮ ਬਚਾਉਣ ਵਾਸਤੇ ਤੇ ਇਨ੍ਹਾਂ ਦਾ ਵਤੀਰਾ ਮੇਰੇ ਨਾਲ ਕਿਹੋ ਜਿਹਾ ਹੈ।

ਪਰ ਮਹਾਰਾਜ ਜੀ ਅੱਗੇ ਚੱਲ ਪੈਂਦੇ ਨੇ, ਅੱਗੇ ਚੱਲੇ ਤਾਂ ਭਾਈ ਡੱਲਾ, ਬਹੁਤ ਸਾਰੇ ਸਾਥੀ, 400 ਸਸ਼ਤਰਧਾਰੀ ਜੁਆਨ ਜਿਨ੍ਹਾਂ ਦੀ ਛਾਤੀ 45 ਅਰ 50 ਇੰਚ ਦੇ ਦਰਮਿਆਨ ਸੀ। ਸਾਢੇ ਛੇ ਫੁੱਟ ਦੇ ਕਰੀਬ ਸਾਰਿਆਂ ਦੇ ਕੱਦ ਸੀਗੇ। ਉਹ ਜਦੋਂ ਮਹਾਰਾਜ ਨੂੰ ਆ ਕੇ ਮਿਲਦੇ ਨੇ ਤਾਂ ਬੜੇ ਹੀ ਜੁਆਨ ਸਾਰੇ। ਅਫਸੋਸ ਕਰਦਾ ਹੈ ਡੱਲਾ ਮਹਾਰਾਜ ਜੀ ਕੋਲ, ਪਾਤਸ਼ਾਹ! ਸਾਹਿਬਜ਼ਾਦੇ ਸ਼ਹੀਦ ਹੋ ਗਏ, ਅਨੰਦਪੁਰ ਸਾਹਿਬ ਦਾ ਜੋ ਰਾਜ ਭਾਗ ਸੀ ਉਹ ਬਰਬਾਦ ਹੋ ਗਿਆ। ਜਿੰਨੇ ਪੁਰਾਣੇ ਸਿੰਘ ਸੀਗੇ, ਸ਼ਹੀਦੀਆਂ ਪਾ ਗਏ ਤੇ ਤੁਸੀਂ ਮੈਨੂੰ ਕਿਉਂ ਨਾ ਯਾਦ ਕਰਿਆ ਉਨ੍ਹਾਂ ਦਿਨਾਂ 'ਚ। ਮੈਨੂੰ ਯਾਦ ਕਰਦੇ, ਆਹ ਸੂਰਮੇ ਦੇਖੋ, ਕਿੱਡੇ-ਕਿੱਡੇ ਨੇ। ਦੇਊਆਂ ਵਰਗੇ ਨੇ, ਜੇ ਪੂਰੇ ਜ਼ੋਰ ਨਾਲ ਖੰਡਾ ਚਲਾ ਦੇਣ, ਜੁਆਨ ਦਾ ਜ਼ਰ੍ਹਾ ਬਖਤਰ ਕੱਟ ਕੇ, ਘੋੜੇ ਦੀ ਕਾਠੀ ਕੱਟ ਕੇ, ਘੋੜੇ ਨੂੰ ਕੱਟ ਕੇ, ਧਰਤੀ ਵਿਚ ਮਾਰਦੇ ਨੇ, ਐਨਾ-ਐਨਾ ਬਲ ਹੈ। ਕਿਉਂਕਿ ਫੁਲਕਿਆਂ ਦੇ ਵਿਚ ਜਦੋਂ ਜਥੇਦਾਰ ਚੁਣਿਆ ਗਿਆ, ਉਸ ਵੇਲੇ ਸ਼ਰਤ ਇਹ ਸੀ ਕਿ ਜਿਹੜਾ ਇੱਕ ਤਲਵਾਰ ਦੇ ਜਾਂ

ਖੰਡੇ ਦੇ ਵਾਰ ਨਾਲ ਆਹ ਕਿੱਕਰ ਦਾ ਬਚਾ ਕੱਟ ਦੇਵੇ, ਉਹ ਸਾਡਾ ਜਥੇਦਾਰ ਹੋਏਗਾ। ਉਸ ਵੇਲੇ ਸਾਰਿਆਂ ਨੇ ਕੋਸ਼ਿਸ਼ ਕੀਤੀ, ਕਿਸੇ ਤੋਂ ਨਾ ਕੱਟ ਹੋਇਆ। ਜਦੋਂ ਬਾਬਾ ਆਲਾ ਸਿੰਘ ਜੀ ਆਏ, ਉਹ ਸਾਧੂਆਂ ਵਰਗੇ ਹੁੰਦੇ, ਗਿਲਟੀ ਮਾਰ ਕੇ ਰਖਦੇ ਹੁੰਦੇ। ਬਾਣੀ ਪੂਰੀ ਪੜ੍ਹਦੇ ਸੀ। ਨਿਤਨੇਮ ਦੇ ਪੱਕੇ, ਚਰਿੱਤਰ ਦੇ ਬਹੁਤ ਉੱਚੇ, ਗੁਰੂ ਅਸੂਲਾਂ ਨੂੰ ਜਾਨਣ ਵਾਲੇ, ਮਹਾਰਾਜ ਦਾ ਭਰੋਸਾ ਕਰਕੇ ਜਦੋਂ ਉਨ੍ਹਾਂ ਨੇ ਵਾਰ ਕਰਿਆ, ਕਿੱਕਰ ਦਾ ਜੋ ਬੱਚਾ ਸੀ, ਦਰਖਤ ਸੀ, ਕੱਟ ਕੇ ਪਰ੍ਹੇ ਵਗਾਹ ਕੇ ਮਾਰਿਆ। ਸੋ ਇਸ ਤਰ੍ਹਾਂ ਦੇ ਸੂਰਮੇ ਹੋਇਆ ਕਰਦੇ ਸੀ।

ਬਾਰ-ਬਾਰ ਕਹਿੰਦਾ ਹੈ, ਪਾਤਸ਼ਾਹ! ਬੜਾ ਅਫਸੋਸ ਹੈ, ਮਹਾਰਾਜ ਕਹਿੰਦੇ, ਡੱਲ੍ਹਿਆ! ਜਿਹੜਾ ਕੁਛ ਹੋ ਗਿਆ ਉਹ ਤਾਂ ਹੋ ਗਿਆ। ਬੰਦੇ ਦੇ ਕੀ ਅਖਤਿਆਰ ਹੁੰਦਾ ਹੈ। ਸਾਰਾ ਜੋ ਕੁਛ ਹੋ ਰਿਹਾ ਹੈ, ਉਹ ਹੁਕਮ ਦੀ ਹੀ ਖੇਡ ਹੋ ਰਹੀ ਹੈ। ਪੰਜ ਚਾਰ ਵਾਰੀ ਉਸ ਨੇ ਦੁਹਰਾਇਆ, ਪੰਜ ਚਾਰ ਵਾਰੀ ਮਹਾਰਾਜ ਨੇ ਕਿਹਾ, ਕੋਈ ਗੱਲ ਨਹੀਂ, ਮਰਜੀਵੜੇ ਗੁਰਸਿੱਖ ਸੀਗੇ, ਦਿਖਾ ਵੀ ਦਿਤਾ ਇੱਕ-ਇੱਕ ਵਾਰੀ ਤੇ ਨਾਲ ਸਮਝਾਉਣ ਵਾਸਤੇ ਕਹਿਣ ਲੱਗੇ, ਡੱਲ੍ਹਿਆ! ਇਹ ਸਾਰੇ ਅਣਦਿਸਦੇ ਦੇ ਪਿੱਛੇ ਇੱਕ ਸ਼ਕਤੀ ਹੈ, ਉਹਦਾ ਹੁਕਮ ਚੱਲ ਰਿਹਾ ਹੈ ਸੰਸਾਰ 'ਚ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਸਾਰੇ ਹੁਕਮ ਸਾਹਿਬ ਦਾ ਵਰਤੇ,***
***ਜੋ ਕਿਛੁ ਹੋਣਾ ਓਹੀਓ ਹੋਂਵਦੈ।***

ਡੱਲਿਆ! ਪ੍ਰਭੂ ਦਾ ਜੋ ਹੁਕਮ ਹੈ ਉਹ ਬਹੁਤ ਵਿਸ਼ਾਲ ਹੈ। ਕਹਿੰਦੇ, ਹੁਣ ਕਾਹਨੂੰ ਪਿਛਲੀਆਂ ਗੱਲਾਂ ਕਰੀ ਜਾਂਦਾ ਹੈਂ। ਉਹ ਤਾਂ ਜਿਹੜਾ ਹੋਣਾ ਸੀ ਹੋ ਚੁੱਕਿਆ। ਇਹ ਸਾਰੇ ਹੁਕਮ ਦੀ ਖੇਡ ਵਰਤ ਰਹੀ ਹੈ -

***ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥***
***ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥***
***ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥***
***ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ॥***
***ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥***
***ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥***
***ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥***
***ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥***

***ਅੰਗ - 1241***

ਬੜੀ ਲੰਮੀ ਚੌੜੀ ਗਿਣਤੀ ਕਰਕੇ, ਮਹਾਰਾਜ ਕਹਿੰਦੇ, ਇਹ ਤਾਂ ਵਾਹਿਗੁਰੂ ਆਪਣੇ ਹੁਕਮ 'ਚ ਚਲਾਉਂਦਾ ਹੈ ਤੇ ਕਰਮਾਂ ਦੇ ਨਾਲ ਕਲਮ ਵਹਿੰਦੀ ਹੈ। ਉਥੇ ਗਲਤੀ ਨਹੀਂ ਹੁੰਦੀ, ਡੱਲਿਆ! ਜੋ ਕੁਛ ਵਰਤਣਾ ਹੁੰਦਾ ਹੈ, ਓਹੀ ਵਰਤਦਾ ਹੈ।

ਆਦਮੀ ਦੇ ਹੱਥ ਵਿਚ ਕੁਛ ਹੈ ਨਹੀਂ-

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥* **ਅੰਗ - 277**

ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਇਨ੍ਹਾਂ ਜੰਤਾਂ ਦੇ ਵਸ ਨਾਹੀ,***
***ਜੋ ਕਿਛੁ ਭਾਵੈ ਹੋਂਵਦੈ।***

ਡੱਲਿਆ! ਸੰਸਾਰ ਦੇ ਜੀਵਾਂ ਦੇ ਵਸ ਵਿਚ ਨਹੀਂ ਹੈ ਕੋਈ ਗੱਲ। ਜੋ ਕੁਛ ਪ੍ਰਭੂ ਵਲੋਂ ਫੁਰਮਾ ਦਿਤਾ ਗਿਆ, ਲਿਖ ਦਿਤਾ ਗਿਆ, ਉਹੀ ਹੁੰਦਾ ਹੈ। ਸੋ ਉਨ੍ਹਾਂ ਦੀ ਚਿੰਤਾ ਨਾ ਕਰ -

*ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥*
*ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥*
*ਨਾਨਕ ਜੋ ਤਿਸੁ ਭਾਵੈ ਸੋ ਥੀਐ*
*ਇਨਾ ਜੰਤਾ ਵਸਿ ਕਿਛੁ ਨਾਹਿ ॥* **ਅੰਗ - 55**

ਇਨ੍ਹਾਂ ਜੰਤਾਂ ਦੇ ਵਸ ਵਿਚ ਨਹੀਂ ਹੈ, ਜੇ ਜ਼ੋਰ ਨਾਲ ਹਟਾਉਣਾ ਚਾਹੇ, ਨਹੀਂ ਹਟਦਾ।

ਰਾਜਾ ਜਨਕ ਬੀਰ ਯਾਤਰਾ 'ਤੇ ਜਾ ਰਿਹਾ ਹੈ। ਅੱਗੇ ਕੀ ਦੇਖਦਾ ਹੈ, ਇੱਕ ਥਾਂ 'ਤੇ ਭੀੜ ਹੋਈ-ਹੋਈ ਹੈ। ਬਹੁਤ ਸਾਰੇ ਲੋਕ ਆਲੇ-ਦੁਆਲੇ ਘੇਰਾ ਘੱਤੀ ਖੜ੍ਹੇ ਨੇ। ਕੋਈ ਕੁਛ ਕਹਿੰਦਾ ਹੈ, ਕੋਈ ਕੁਛ ਕਹਿੰਦਾ ਹੈ। ਕਈਆਂ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ, ਕਈ ਚੁੱਪ ਚਾਂਦ ਨੇ। ਕੀ ਦੇਖਦੇ ਨੇ ਰਾਜਾ ਜਨਕ ਅੱਗੇ ਵਧਿਆ, ਇੱਕ ਬੀਬੀ ਨੌਜਵਾਨ ਲੜਕੀ ਮਰੀ ਪਈ ਹੈ। ਛੇ ਮਹੀਨੇ ਦਾ ਬੱਚਾ, ਉਹ ਬਾਰ-ਬਾਰ ਕਦੇ ਏਧਰਲਾ ਥਣ ਮੂੰਹ 'ਚ ਪਾਉਂਦਾ ਹੈ, ਕਦੇ ਏਧਰਲਾ। ਦੁੱਧ ਮੰਗਦਾ ਹੈ, ਉਹਨੂੰ ਨਹੀਂ ਪਤਾ ਕਿ ਮਾਂ ਮਰ ਚੁੱਕੀ ਹੈ। ਇਸ ਗੱਲ ਨੂੰ ਦੇਖ ਕੇ ਸਾਰੇ ਬਹੁਤ ਅਫਸੋਸ ਵਿਚ ਨੇ। ਅਚਾਨਕ ਇੱਕ ਬੀਬੀ ਨੇ ਵੀ ਦੇਖਿਆ, ਦੇਖਦੇ ਸਾਰ ਉੱਚੀ-ਉੱਚੀ ਹਸ ਪਈ। ਰਾਜੇ ਜਨਕ ਨੇ ਕਿਹਾ ਕਿ ਇਹ ਕੈਸੀ ਲੜਕੀ ਹੈ, ਸਾਰੇ ਗਮਗੀਨ ਨੇ, ਅਫਸੋਸ ਵਿਚ ਨੇ ਤੇ ਇਹ ਹਸ ਪਈ ਹੈ। ਉਸ ਵੇਲੇ ਪਿੱਛੇ ਲਗ ਗਿਆ ਤੇ ਜਾ ਕੇ ਪੁੱਛਿਆ ਕਹਿੰਦੇ, ਬੇਟਾ! ਮੈਂ ਰਾਜਾ ਜਨਕ ਹਾਂ, ਬੀਰ ਯਾਤਰਾ 'ਤੇ ਆਇਆ ਹੋਇਆ ਹਾਂ। ਇੱਕ ਪ੍ਰਸ਼ਨ ਤੇਰੇ ਤੋਂ ਪੁੱਛਣਾ ਹੈ, ਜਦ ਸਾਰੇ ਲੋਕ ਗਮਗੀਨ ਨੇ ਤੂੰ ਕਿਉਂ ਹੱਸੀ। ਕਹਿਣ ਲੱਗੀ, ਮਹਾਰਾਜ! ਮੈਂ ਹੋਣੀ ਨੂੰ ਦੇਖ ਕੇ ਹਸੀ। ਕਹਿੰਦੇ, ਹੋਣੀ ਨੂੰ ਦੇਖ ਕੇ ਕਿਵੇਂ ਹਸੀਂ ਹੈਂ। ਕਹਿੰਦੀ, ਮੇਰੇ ਕੋਲ ਸਮਾਂ ਨਹੀਂ ਹੈ ਕਿ ਮੈਂ ਤੈਨੂੰ ਦਸ ਸਕਾਂ। ਹੈਰਾਨ ਹੋ ਗਿਆ ਕਿ ਤੇਰੇ ਕੋਲ ਕਿਉਂ ਨਹੀਂ ਸਮਾਂ। ਕਾਹਲੀ-ਕਾਹਲੀ ਤੂੰ ਤੁਰੀ ਜਾਂਦੀ ਹੈਂ ਕੀ ਗੱਲ ਹੈ। ਖੜ੍ਹ ਕੇ ਗੱਲ ਕਰ।

ਕਹਿਣ ਲੱਗੀ, ਮਹਾਰਾਜ! ਮੇਰੇ ਕੋਲ ਸਮਾਂ ਇਸ ਵਾਸਤੇ ਨਹੀਂ ਕਿਉਂਕਿ ਮੇਰਾ ਅੰਤ ਸਮਾਂ ਆ ਚੁੱਕਿਆ ਹੈ, ਮੇਰੇ ਕੋਲ ਕੁਛ ਘੜੀਆਂ ਬਚਦੀਆਂ ਨੇ ਤੇ ਮੈਂ ਪ੍ਰਮੇਸ਼ਰ ਦਾ ਸਿਮਰਨ ਕਰਨਾ ਚਾਹੁੰਦੀ ਹਾਂ। ਸਾਰੀ ਜ਼ਿੰਦਗੀ ਕੰਮਾਂ ਕਾਰਾਂ 'ਚ ਗੁਜ਼ਾਰੀ ਹੈ ਤੇ ਪਤੀਵਰਤਾ ਧਰਮ ਦਾ ਮੈਂ ਪਾਲਣ ਕਰਿਆ ਹੈ ਹੋਰ ਮੇਰੇ 'ਚ ਗੁਣ ਕੋਈ ਨਹੀਂ ਹੈ। ਉਸ ਧਰਮ ਦਾ ਸਦਕਾ ਮੈਨੂੰ ਅਨੁਭਵ ਪ੍ਰਕਾਸ਼ ਹੋਣ ਦਾ ਫਲ ਮਿਲਿਆ ਹੈ ਤੇ ਮੇਰੇ ਜਾਣ ਵਿਚ ਕੁਛ ਘੜੀਆਂ ਬਾਕੀ ਨੇ। ਸੋ ਮੈਂ ਪ੍ਰਮੇਸ਼ਰ ਦਾ ਨਾਮ ਜਪਣਾ ਚਾਹੁੰਦੀ ਹਾਂ। ਕਹਿਣ ਲੱਗਿਆ, ਟਲ ਨਹੀਂ ਸਕਦਾ? ਕਹਿੰਦੀ, ਨਾ ਇਹ ਨਹੀਂ ਟਲਿਆ ਕਰਦਾ। ਜਿਹੜਾ ਕੁਛ ਲਿਖਿਆ ਗਿਆ, ਇਹ ਤਾਂ ਹੋਣਾ ਹੀ ਹੋਣਾ ਹੈ, ਸਾਨੂੰ ਮੰਨ ਲੈਣਾ ਚਾਹੀਦਾ ਹੈ। ਕਹਿਣ ਲੱਗਾ, ਕਿਸੇ ਹੋਰ 'ਤੇ ਵੀ ਇਸ ਤਰ੍ਹਾਂ ਦੀ ਆਉਂਦੀ ਹੈ। ਹਾਂ, ਰਾਵਣ ਬੜਾ ਸਿਆਣਾ ਹੈ, ਵੱਡੀ ਤਾਕਤ ਵਾਲਾ। ਦੇਵਤਿਆਂ ਤਕ ਉਹਦੀ ਰੁਸਵਾਈ ਹੈ। ਬੜੇ ਮੰਤਰ ਜੰਤਰ ਜਾਣਦਾ ਹੈ, ਸਾਧਨ ਬੜੇ ਕਰੇ ਹੋਏ ਨੇ ਤੇ ਵਰ ਲਏ ਹੋਏ ਨੇ ਸੈਂਕੜੇ ਸਾਲ ਤਪਸਿਆ ਕਰਕੇ ਤੇ ਤਪਸਿਆ ਵੀ ਕਿਹੋ ਜਿਹੀ ਕੀਤੀ ਹੈ -

***ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ ॥***

***ਅੰਗ - 1363***

ਜਦੋਂ ਭੇਟਾ ਮੰਗਦੇ ਸੀ, ਸਿਰ ਕੱਟ ਦਿੰਦਾ ਸੀ। ਕਿੰਨੇ ਜਨਮ ਦੀ ਤਪਸਿਆ ਤੋਂ ਬਾਅਦ ਫੇਰ ਵਰ ਪ੍ਰਾਪਤ ਹੋਏ ਸੀ। ਸ਼ਕਤੀਆਂ ਵਾਲਾ ਸੀ, ਦੇਵ ਲੋਕ 'ਚ ਪਹੁੰਚ ਸੀ ਉਹਦੀ। ਜਿਹੜਾ ਸੰਸਾਰ ਸਾਨੂੰ ਇਨ੍ਹਾਂ ਅੱਖਾਂ ਨਾਲ ਨਹੀਂ ਦਿਸਦਾ, ਹੈਗਾ, ਉਹਦੇ ਵਿਚ ਉਹਦੀ ਪਹੁੰਚ ਸੀ। ਕਹਿਣ ਲੱਗੇ, ਫੇਰ?

ਕਹਿੰਦੀ, ਉਹਦੇ ਘਰ ਇਕ ਲੜਕੀ ਨੇ ਜਨਮ ਲੈਣਾ ਹੈ, ਉਹਦੀ ਸ਼ਾਦੀ ਉਹਦੇ ਘਰ ਹੀ ਜਿਹੜਾ ਚੰਡਾਲ ਹੈ ਉਹਦੇ ਲੜਕੇ ਨਾਲ ਹੋਣੀ ਹੈ। ਜਾਓ, ਉਹਨੂੰ ਕਹਿ ਦਿਓ ਮਿਟਾ ਲਏ ਜ਼ੋਰ ਨਾਲ। ਮਾਮੂਲੀ ਗੱਲ ਹੈ ਰਾਜੇ ਵਾਸਤੇ ਤਾਂ।

ਰਾਜਾ ਜਨਕ ਲੜਕੀ ਦੇ ਪਿੱਛੇ-ਪਿੱਛੇ ਜਾਂਦਾ ਹੈ, ਇਸ਼ਨਾਨ ਕਰਕੇ ਜਦੋਂ ਗਾਗਰ ਭਰ ਕੇ ਲੈ ਕੇ ਜਾਂਦੀ ਹੈ, ਆਪਣੇ ਪਤੀ ਦਾ ਇਸ਼ਨਾਨ ਕਰਾਉਂਦੀ ਹੈ, ਵਸਤਰ ਪੁਆ ਦਿਤੇ ਤੇ ਉਹਨੇ ਕਿਹਾ ਮੇਰੇ ਵਾਸਤੇ ਦੁੱਧ ਲਿਆ। ਰਸੋਈ ਦੇ ਵਿਚ ਜਾਂਦੀ ਹੈ, ਉਥੇ ਹੀ ਸ਼ਤੀਰ ਟੁੱਟ ਜਾਂਦਾ ਹੈ, ਉਥੇ ਹੀ ਚੜ੍ਹਾਈ ਕਰ ਜਾਂਦੀ ਹੈ। ਬੜਾ ਅਫਸੋਸ ਹੋਇਆ ਇਹਦੇ ਮਨ ਵਿਚ ਕਿ ਤਾਂ ਸੱਚ ਹੋ ਗਈ ਗੱਲ।

ਰਾਵਣ ਨੂੰ ਮਿਲ ਕੇ ਸਾਰੀ ਗੱਲ ਦੱਸੀ। ਰਾਵਣ ਕਹਿਣ ਲੱਗਿਆ, ਹੋ ਨਹੀਂ ਸਕਦੀ ਇਹ ਗੱਲ, ਗਲਤ ਹੈ। ਉਹ ਕਹਿੰਦੇ, ਪੁੱਛ ਲਓ ਤੁਸੀਂ? ਬ੍ਰਹਮਾ ਦਾ ਅਵਾਹਣ ਕਰਕੇ ਬ੍ਰਹਮਾ ਨੂੰ ਬੁਲਾਇਆ, ਇਹੀ ਸਵਾਲ ਕੀਤਾ

ਕਿ ਮੇਰੇ ਕਿਹੜੀ ਓਲਾਦ ਆ ਰਹੀ ਹੈ? ਕਹਿੰਦੇ, ਲੜਕੀ।

ਤੇ ਉਹਦਾ ਸੰਜੋਗ ਕਿੱਥੇ ਹੈ?

ਕਹਿੰਦੇ, ਜਿਹੜੇ ਤੇਰੇ ਘਰ ਦਾ ਸਫਾਈਦਾਰ ਹੈ, ਇਹਦੇ ਲੜਕੇ ਨਾਲ ਹੈ।

ਕ੍ਰੋਧ 'ਚ ਆ ਗਿਆ ਰਾਵਣ, ਕਹਿੰਦਾ, ਕੱਟ ਦਿਓ ਏਸਨੂੰ।

ਕਹਿੰਦੇ, ਸਾਡੇ ਹੱਥ ਵਿਚ ਨਹੀਂ ਤੂੰ ਬਿਹੁ ਮਾਤਾ ਨਾਲ ਗੱਲ ਕਰ। ਬਿਹੁ ਮਾਤਾ ਆਉਂਦੀ ਹੈ, ਲੇਖ ਲਿਖਣ ਵਾਸਤੇ। ਕਹਿਣ ਲੱਗਿਆ, ਕਿੱਥੇ ਚੱਲੀਂ ਹੈਂ? ਕਹਿੰਦੇ, ਲੇਖ ਲਿਖਣੇ ਨੇ ਤੇਰੇ ਬੱਚੇ ਦੇ। ਛੇ ਦਿਨ ਦਾ ਅੱਜ ਹੋ ਗਿਆ।

ਕਹਿੰਦਾ, ਕੀ ਲੇਖ ਲਿਖਣੇ ਨੇ?

ਕਹਿੰਦੀ, ਇਹ ਨਹੀਂ ਮੈਨੂੰ ਪਤਾ, ਮੈਂ ਤਾਂ ਕਲਮ ਰੱਖ ਦੇਣੀ ਹੈ। ਆਪਣੇ ਆਪ ਚੱਲਣੀ ਹੈ ਉਹ। ਲੇਖ ਲਿਖ ਕੇ ਜਦੋਂ ਵਾਪਸ ਆਉਂਦੀ ਹੈ, ਕਹਿਣ ਲੱਗਿਆ, ਕੀ ਲਿਖਿਆ ਹੈ?

ਕਹਿਣ ਲੱਗੀ, ਇਹ ਵੱਡੀ ਮਹਾਰਾਣੀ ਬਣੇਗੀ, ਬੜੇ ਤੇਜ ਪ੍ਰਤਾਪ ਵਾਲੀ ਹੋਏਗੀ, ਬਹੁਤ ਸੋਹਣਾ ਇਹਨੂੰ ਵਰ ਮਿਲੇਗਾ।

ਕਹਿੰਦਾ, ਉਹਦੀ ਜਾਤ ਕੀ ਹੋਏਗੀ?

ਕਹਿੰਦੀ, ਉਹਦੀ ਜਾਤ ਜਿਹੜਾ ਤੇਰੇ ਘਰ ਸਫਾਈ ਕਰਦਾ ਹੈ, ਗੰਦ-ਮੰਦ ਚੁੱਕਦਾ ਹੈ, ਇਹਦੇ ਬੱਚੇ ਨਾਲ ਇਸ ਦਾ ਵਿਆਹ ਹੋਣਾ ਹੈ।

ਕਹਿੰਦਾ, ਇਹ ਕੱਟ ਦੇ?

ਕਹਿੰਦੀ, ਮੇਰੇ 'ਚ ਤਾਕਤ ਨਹੀਂ ਹੈ, ਇਸਨੂੰ ਕੱਟਣ ਦੀ, ਮੈਂ ਤਾਂ ਕਲਮ ਚਲਾਉਂਦੀ ਹਾਂ, ਆਉਂਦੇ ਕਿੱਥੋਂ ਨੇ ਲੇਖ ਮੈਨੂੰ ਨਹੀਂ ਪਤਾ। ਲਿਖੇ ਜਾਂਦੇ ਨੇ। -

***ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥***

***ਅੰਗ - 74***

ਸਭਨਾਂ ਦੇ ਮੱਥੇ 'ਤੇ ਕਲਮ ਚੱਲੀ ਹੋਈ ਹੈ ਜਿਹੋ ਜਿਹੀ ਚੱਲੀ ਹੋਈ ਹੈ ਉਹੋ ਜਿਹਾ ਅਸੀਂ ਲੈ ਕੇ ਆ ਗਏ ਹਾਂ। ਉਹਨੇ ਤਾਂ ਹੋਣਾ ਹੀ ਹੋਣਾ ਹੈ। ਉਸ ਵੇਲੇ ਲੜਕੇ ਨੂੰ ਕਤਲ ਕਰਨ ਦਾ ਹੁਕਮ ਦੇ ਦਿਤਾ। ਲੇਕਿਨ ਵਜ਼ੀਰ ਸਿਆਣੇ ਸੀ, ਕਹਿਣ ਲੱਗੇ, ਮਹਾਰਾਜ! ਵਿਦਰੋਹ ਹੋ ਜਾਏਗਾ, ਪਰਜਾ ਉਠ ਖੜ੍ਹੇਗੀ ਸਾਰੀ, ਉਪਦ੍ਰਵ ਹੋ ਜਾਣਗੇ। ਕੁਛ ਅਕਲ ਤੋਂ ਕੰਮ ਲਓ। ਗੁਪਤ ਸਾਜਿਸ਼ ਬਣਾ ਲਈ, ਬੱਚੇ ਨੂੰ ਚੁੱਕ ਕੇ ਇੱਕ ਨਿਰਜਨ ਵਣ

ਵਿਚ ਸੁੱਟ ਆਂਦਾ। ਜਿੱਥੇ ਕੋਈ ਬੰਦਾ ਨਹੀਂ ਸੀ ਜਾਂਦਾ। ਦੋ ਤਿੰਨ ਗੁਜ਼ਰ ਗਏ ਭੁੱਖੇ ਨੂੰ, ਅਗੂੰਠਾ ਚੁੰਘੀ ਜਾਂਦਾ ਹੈ ਆਪਣਾ। ਉਸ ਤੋਂ ਬਾਅਦ ਇਕ ਮਹਾਤਮਾ ਅਚਾਨਕ ਚਲੇ ਜਾਂਦੇ ਨੇ, ਉਥੋਂ ਬੱਚੇ ਨੂੰ ਲਿਆ ਕੇ 18 ਸਾਲ ਤਕ 14 ਵਿਦਿਆ ਪੜ੍ਹਾਈਆਂ। ਜਹਾਜ਼ਰਾਨੀ ਸਿਖਾਈ, ਸ਼ਸਤਰ ਵਿਦਿਆ ਸਿਖਾਈ, ਪੂਰਾ ਨਿਪੁੰਨ ਕਰਕੇ ਕਹਿਣ ਲੱਗੇ। ਅਨੁਭਵੀ ਮਹਾਂਪੁਰਸ਼ ਸੀ ਕਹਿੰਦੇ, ਬੇਟਾ! ਹੁਣ ਤੂੰ ਜਾਹ, ਅੱਜ ਨਾ ਸਾਡੇ ਕੋਲ ਰਹੀਂ, ਆਹ ਜਹਾਜ਼ ਲੈ-ਲੈ ਤੇ ਆਪਣੀ ਕਿਸਮਤ ਅਜਮਾਈ ਕਰ। ਹਿੰਦੋਸਤਾਨ ਤੋਂ ਚੱਲਿਆ, ਨੇੜੇ ਹੀ ਕੋਈ ਟਾਪੂ ਸੀ ਉਹਦੇ ਵਿਚ ਜਾ ਕੇ ਜਹਾਜ਼ ਲਾ ਦਿਤਾ। ਓਧਰ ਰਾਜਾ ਮਰ ਗਿਆ, ਫੈਸਲਾ ਇਹ ਹੋਇਆ ਕਿ ਜਿਹੜਾ ਸਭ ਤੋਂ ਪਹਿਲਾਂ ਟਾਪੂ 'ਤੇ ਆ ਕੇ ਪੈਰ ਰੱਖੇਗਾ, ਉਸ ਦੇ ਸਿਰ ਦੇ ਉਤੇ ਤਾਜ ਰੱਖ ਦੇਣਾ ਹੈ। ਇਹ ਬੱਚਾ ਆ ਗਿਆ ਤੇ ਉਥੇ ਦਾ ਬਾਦਸ਼ਾਹ ਬਣ ਗਿਆ। ਬਹੁਤ ਵੱਡੇ-ਵੱਡੇ ਕੰਮ ਕੀਤੇ।

ਏਧਰ ਰਾਵਣ ਦੀ ਲੜਕੀ, ਹੁਕਮ ਹੋਇਆ ਕਿ ਇਹਦੇ ਵਾਸਤੇ ਵਰ ਟੋਲ੍ਹੋ। ਜਿੰਨੇ ਗਏ ਸੀ ਬ੍ਰਾਹਮਣ ਵਗੈਰਾ, ਸਭ ਵਰ ਟੋਲ੍ਹ ਕੇ ਆਏ, ਕਹਿੰਦੇ, ਮਹਾਰਾਜ! ਬਹੁਤ ਅੱਛਾ ਸੁੰਦਰ ਸ਼ਹਿਜ਼ਾਦਾ ਹੈ। ਵਿਆਹ ਦਾ ਇੰਤਜਾਮ ਹੋ ਗਿਆ, ਲੜਕੀ ਨੂੰ ਪੁੱਛਿਆ ਉਹ ਕਹਿੰਦੀ, ਮੈਂ ਤਾਂ ਉਹਦੇ ਨਾਲ ਹੀ ਕਰਾਉਣਾ ਚਾਹੁੰਦੀ ਹਾਂ। ਸੰਜੋਗ ਹੋ ਗਏ, ਬਰਾਤ ਆ ਗਈ, ਉਸ ਵੇਲੇ ਰਾਵਣ ਬੜਾ ਹੱਸਿਆ ਕਿ ਲੇਖ ਕਹਿੰਦੇ ਮਿਟਦੇ ਨਹੀਂ, ਮੈਂ ਮਿਟਾ ਦਿਤੇ। ਬ੍ਰਹਮਾ ਦਾ ਅਵਾਹਣ ਕਰਕੇ ਉਹਨੂੰ ਪੁੱਛਿਆ ਕਿ ਤੂੰ ਕਹਿੰਦਾ ਸੀ ਕਿ ਲੇਖ ਨਹੀਂ ਮਿਟਦੇ, ਮਿਟਾ ਦਿਤੇ ਨਾ ਮੈਂ ਜ਼ੋਰ ਨਾਲ? ਉਹ ਕਹਿੰਦੇ, ਲੜਕੇ ਦੀ ਨਿਸ਼ਾਨੀ ਕੋਈ ਰੱਖੀ ਸੀ? ਉਹ ਕਹਿੰਦਾ, ਚਾਰ ਉਂਗਲੀਆਂ ਵਢਵਾ ਦਿਤੀਆਂ ਸੀ ਪੈਰ ਦੀਆਂ। ਕਹਿੰਦੇ, ਇਹਦੀਆਂ ਉਂਗਲੀਆਂ ਦੇਖੀਆਂ ਨੇ ਪੈਰਾਂ ਦੀਆਂ? ਜਦੋਂ ਜੁਰਾਬ ਖੁਲਾ ਕੇ ਦੇਖਦਾ ਹੈ ਕਿ ਚਾਰ ਉਂਗਲੀਆਂ ਹੈ ਨਹੀਂ। ਕਹਿੰਦੇ, ਹੁਣ ਨਾ ਇਹ ਕਰ, ਹੁਣ ਪ੍ਰਮੇਸ਼ਰ ਵਲੋਂ ਹੀ ਦੇਖ।

ਸੋ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਭਾਈ ਡੱਲੇ! ਇਹ ਤਾਂ ਹੁੰਦਾ ਹੀ ਇਵੇਂ ਜਿਵੇਂ ਹੈ -

***ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥***
***ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥***
***ਨਾਨਕ ਜੋ ਤਿਸੁ ਭਾਵੈ ਸੋ ਥੀਐ***
***ਇਨਾ ਜੰਤਾ ਵਸਿ ਕਿਛੁ ਨਾਹਿ ॥*** ***ਅੰਗ - 55***

ਪਰ ਇਹ ਹੈ ਜਿਹੜੇ ਹੁਕਮ ਨੂੰ ਮੰਨ ਜਾਣ, ਉਹ ਸੁਖੀ ਹੁੰਦੇ ਨੇ, ਜਿਹੜੇ ਹੁਕਮ ਦੇ ਨਾਲ compromise (ਰਜ਼ਾਮੰਦੀ) ਨਾ ਕਰਨ, ਉਹ ਦੁਖੀ ਹੁੰਦੇ ਨੇ। ਸਾਰੀ ਜ਼ਿੰਦਗੀ ਦੁਖ ਭੋਗਦੇ ਨੇ। ਜਿਹੜੇ ਹੁਕਮ ਨੂੰ ਖੁਸ਼ੀ ਨਾਲ ਮੰਨ ਲੈਣ।

ਉਨ੍ਹਾਂ ਨੂੰ ਸੁਖ ਪ੍ਰਾਪਤ ਹੋ ਜਾਂਦਾ ਹੈ, ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਓਹੀਓ ਸੁਖ ਪਾਉਂਦੇ ਨੇ,*
*ਮੰਨਦੇ ਜੋ ਹੁਕਮ ਹਰੀ ਦਾ।*

ਜਿਹੜੇ ਹੁਕਮ ਨਾਲ ਸਮਝੌਤਾ ਕਰ ਲੈਣ, ਹੁਕਮ ਨੂੰ ਹਿਰਦੇ ਤੋਂ ਮੰਨ ਲੈਣ, ਕਹਿੰਦੇ ਉਨ੍ਹਾਂ ਨੂੰ ਤਾਂ ਨਹੀਂ ਦੁਖ ਹੋਇਆ ਕਰਦਾ। ਜਿਹੜਾ ਦੂਸਰਾ ਹੁੰਦਾ ਹੈ ਉਹਦੀ ਸਾਰੀ ਜ਼ਿੰਦਗੀ ਕਲਪਨਾ ਨਹੀਂ ਖਤਮ ਹੁੰਦੀ ਕਿ ਇਹ ਹੋਣਾ ਨਹੀਂ ਸੀ ਚਾਹੀਦਾ। ਜੇ ਮੈਂ ਇਸ ਤਰ੍ਹਾਂ ਕਰ ਲੈਂਦੀ ਫੇਰ ਨਹੀਂ ਸੀ ਇਹ ਗੱਲ ਹੋਣੀ। ਉਸ ਵੇਲੇ ਮੈਂ ਖੁੰਝ ਗਿਆ, ਮੈਨੂੰ ਆਹ ਕੰਮ ਕਰ ਲੈਣਾ ਚਾਹੀਦਾ ਸੀ। ਮਹਾਰਾਜ ਕਹਿੰਦੇ, ਇਹ ਹਟਦਾ ਨਹੀਂ ਹੁੰਦਾ। ਜੋ ਲਿਖਿਆ ਹੋਇਆ ਲੇਖ ਹੈ ਉਹ ਟਲਿਆ ਨਹੀਂ ਕਰਦਾ। ਸਾਹ ਲੈਣਾ, ਬੋਲਣਾ, ਸੌਣਾ, ਪੈਣਾ, ਪੈਰ ਚੁੱਕਣਾ, ਕਹਿੰਦੇ ਡੱਲਿਆ! ਸਭ ਹੁਕਮ ਵਿਚ ਚੱਲ ਰਿਹਾ ਹੈ -

*ਸਭਨਾ ਕਾ ਸਹੁ ਏਕੁ ਹੈ ਸਦ ਹੀ ਰਹੈ ਹਜੂਰਿ ॥*
*ਨਾਨਕ ਹੁਕਮੁ ਨ ਮੰਨਈ ਤਾ ਘਰ ਹੀ ਅੰਦਰਿ ਦੂਰਿ ॥*

***ਅੰਗ- 510***

ਜਿਹੜੇ ਹੁਕਮ ਨਹੀਂ ਉਹਦਾ ਮੰਨਦੇ, ਅੰਦਰ ਰਹਿੰਦੇ ਹੀ ਦੂਰ ਹੋ ਜਾਇਆ ਕਰਦੇ ਹਨ -

*ਹੁਕਮੁ ਭੀ ਤਿਨ੍ਾ ਮਨਾਇਸੀ ਜਿਨ੍ ਕਉ ਨਦਰਿ ਕਰੇਇ ॥*
*ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ॥*

***ਅੰਗ - 510***

ਗੁਰੂ ਪੰਜਵੇਂ ਪਾਤਸ਼ਾਹ ਨੂੰ ਇੱਕ ਗੁਰਮੁਖ ਨਾਮ ਦੇ ਸਿੱਖ ਨੇ ਪੁੱਛਿਆ, ਕਹਿੰਦੇ ਪਾਤਸ਼ਾਹ! ਕੋਈ ਐਸਾ ਵੀ ਸਿੱਖ ਹੈ, ਜਿਹੜਾ ਹੁਕਮ ਵਿਚ ਖੁਸ਼ ਰਹੇ। ਮਹਾਰਾਜ ਕਹਿੰਦੇ, ਬੇਅੰਤ ਸਿੱਖ ਨੇ। ਪਾਤਸ਼ਾਹ! ਕਿਸੇ ਦੇ ਦਰਸ਼ਨ ਤਾਂ ਕਰਾਓ। ਮਹਾਰਾਜ ਕਹਿੰਦੇ, ਹੁਣੇ ਜੇ ਦਰਸ਼ਨ ਕਰਨੇ ਨੇ ਤਾਂ ਚਾਰ ਦਿਨ ਦੇ ਅੰਦਰ-ਅੰਦਰ ਗੁਜਰਾਤ ਪਹੁੰਚ ਕੇ ਭਾਈ ਭਿਖਾਰੀ ਨੂੰ ਮਿਲ ਲੈ। ਉਥੇ ਪਹੁੰਚਦਾ ਹੈ ਤਾਂ ਭਾਈ ਭਿਖਾਰੀ ਅੱਗੇ, ਵੱਡੇ ਇਕ ਅਮੀਰ ਘਰ ਦੇ ਅੰਦਰ ਗਲੀਚੇ, ਕਾਰਪੈਟ ਵਿਛੇ ਹੋਏ ਨੇ, ਸੋਹਣੇ ਪਲੰਘ ਸਜੇ ਹੋਏ ਨੇ। ਉਪਰ ਬਲੌਰ ਵਗੈਰਾ ਲਟਕ ਰਹੇ ਨੇ। ਘਰ ਸਜਿਆ ਹੋਇਆ ਹੈ। ਆਪ ਹੇਠਾਂ ਬੈਠੇ ਇਕ ਤੱਪੜ ਸਿਉਂ ਰਹੇ ਨੇ। ਹੈਰਾਨ ਹੋ ਗਿਆ, ਉਸ ਤੋਂ ਬਾਅਦ ਨਿਗ੍ਹਾ ਪੈ ਗਈ, ਮੰਜੇ ਦੇ ਹੇਠ ਬਾਂਸਾਂ ਦੀ ਇਕ ਅਰਥੀ ਰੱਖੀ ਹੋਈ ਹੈ ਤੇ ਇਕ ਪੂਲਾ ਰੱਖਿਆ ਹੋਇਆ ਹੈ ਤੇ ਇਕ ਕੋਰਾ ਘੜਾ ਰੱਖਿਆ ਹੋਇਆ ਹੈ। ਕਹਿਣ ਲੱਗੇ, ਮਿਰਤਕ ਦਾ ਸਮਾਨ ਹੈ, ਖਿੜਕੀ ਦੇ ਵਿਚੋਂ ਆਵਾਜ਼ ਆ ਰਹੀ ਹੈ, ਮੰਗਲਾਉਚਾਰਣ ਦੇ ਭਜਨ ਗਾਏ ਜਾ ਰਹੇ ਨੇ, ਗੀਤ ਗਾਏ ਜਾ ਰਹੇ ਨੇ, ਨਿਗ੍ਹਾ ਮਾਰ ਕੇ ਦੇਖਿਆ ਵੱਡਾ

ਵਿਹੜਾ ਹੈ। ਉਹਦੇ ਵਿਚ ਕੜਾਹੇ ਚੜ੍ਹੇ ਹੋਏ ਨੇ। ਮਠਿਆਈਆਂ ਪੱਕ ਰਹੀਆਂ ਨੇ। ਉਸ ਤੋਂ ਅੱਗੇ ਨਿਗ੍ਹਾ ਜਾਂਦੀ ਹੈ ਤਾਂ ਕੀ ਦੇਖਦਾ ਹੈ ਬਹੁਤ ਸਾਰੇ ਦਰਜੀ ਸੂਈਆਂ ਹੱਥਾਂ ਵਿਚ ਨੇ ਤੇ ਵਸਤਰ ਸਿਉਂ ਰਹੇ ਨੇ। ਚਹਿਲ ਪਹਿਲ ਹੈ, ਬਹੁਤ ਸਾਰੇ ਰਿਸ਼ਤੇਦਾਰ ਆਏ ਹੋਏ ਨੇ। ਰੌਣਕਾਂ ਲੱਗੀਆਂ ਪਈਆਂ ਨੇ। ਕਿਸੇ ਥਾਂ ਤੋਂ ਆਵਾਜ਼ਾਂ ਆ ਰਹੀਆਂ ਨੇ, ਮੰਗਲ ਗੀਤਾਂ ਦੀਆਂ। ਏਧਰਲੇ ਪਾਸੇ ਭਾਈ ਭਿਖਾਰੀ ਤੱਪੜ ਸਿਉਂਦੇ ਨੇ ਤੇ ਹੇਠਾਂ ਅਰਥੀ ਪਈ ਹੈ ਤੇ ਪੂਲਾ ਪਿਆ ਹੈ, ਮਿਰਤਕ ਦਾ ਸਮਾਨ ਪਿਆ ਹੈ। ਕੁਛ ਪੁੱਛ ਨਾ ਸਕਿਆ। ਭਾਈ ਭਿਖਾਰੀ ਜੀ ਨੇ ਗੁਰੂ ਮਹਾਰਾਜ ਦੇ ਬਾਰੇ ਪੁੱਛਿਆ, ਬਚਨ ਓਹੀ ਚੱਲੀ ਗਏ ਤੇ ਸਮਾਂ ਨਾ ਮਿਲਿਆ ਹੋਰ ਕੋਈ ਗੱਲ ਪੁੱਛਣ ਨੂੰ। ਦੂਸਰੇ ਦਿਨ ਵਿਆਹ ਜਾਣਾ ਸੀ, ਨਾਲ ਹੀ ਭਾਈ ਗੁਰਮੁਖ ਨੂੰ ਲੈ ਗਏ। ਫੇਰੇ ਹੋਏ, ਉਸ ਤੋਂ ਬਾਅਦ ਜਦੋਂ ਵਾਪਸ ਆਉਂਦੇ ਨੇ, ਲੜਕਾ ਥੋੜ੍ਹੇ ਜਿਹੇ ਦੂਰ ਜਦੋਂ ਪਿੰਡ ਰਹਿ ਗਿਆ, ਉਸ ਵੇਲੇ ਉਹਦੇ ਪੇਟ ਵਿਚ ਬੜਾ ਦਰਦ ਉਠਿਆ, ਉਹ ਰਾਹ ਵਿਚ ਹੀ ਮਰ ਗਿਆ। ਡੋਲਾ ਤੁਰਿਆ ਆ ਰਿਹਾ ਹੈ, ਮਾਂ ਪਾਣੀ ਚੁੱਕੀ ਖੜ੍ਹੀ ਹੈ ਵਾਰਨ ਵਾਸਤੇ, ਭੈਣਾਂ ਦਰਵਾਜ਼ੇ ਰੋਕੀਂ ਖੜ੍ਹੀਆਂ ਨੇ, ਤੇਲ ਚੋਣ ਦਾ ਬੰਦੋਬਸਤ ਹੈ, ਪੂਰਾ ਮੰਗਲਾਚਾਰ ਦਾ ਨਕਸ਼ਾ ਬੱਝਿਆ ਹੋਇਆ ਹੈ। ਲੇਕਿਨ ਅਚਾਨਕ ਜਿਸ ਵਕਤ ਆ ਕੇ ਰਥ ਖੜ੍ਹਦਾ ਹੈ। ਉਹਦੇ ਵਿਚੋਂ ਬੀਬੀ ਉਤਰਦੀ ਹੈ, ਲੜਕਾ ਨਹੀਂ ਪਹਿਲਾਂ ਉਤਰਿਆ। ਸਾਰਿਆਂ ਦੇ ਮਨ ਵਿਚ ਸੰਸਾ ਪੈ ਗਿਆ ਕਿ ਲੜਕਾ ਨਹੀਂ ਉਤਰਿਆ, ਕੀ ਗੱਲ ਹੋ ਗਈ। ਉਸ ਵੇਲੇ ਭਾਈ ਭਿਖਾਰੀ ਨੇ ਆਪਣੇ ਕੁਝ ਨਿਜੀ ਬੰਦਿਆਂ ਨੂੰ ਬੁਲਾਇਆ ਤੇ ਉਹਦੇ ਵਿਚੋਂ ਮਿਰਤਕ ਸਰੀਰ ਕੱਢ ਲਿਆ ਉਸ ਲੜਕੇ ਦਾ। ਜਦੋਂ ਮਿਰਤਕ ਸਰੀਰ ਦੇਖਿਆ ਤਾਂ ਸਹਿ ਨਾ ਸਕੇ। ਉਥੇ ਹੀ ਧਾਹਾ ਪਿੰਜਰ ਜਿਹਾ ਪੈ ਗਿਆ, ਵਸਤਰ ਉਤਾਰ ਦਿਤੇ, ਪੁਰਾਣੇ ਵਸਤਰ ਪਹਿਨ ਲਏ। ਉਸ ਵੇਲੇ ਭਾਈ ਭਿਖਾਰੀ ਜੀ ਨੇ ਅੰਦਰੋਂ ਲਿਆ ਕੇ ਤੱਪੜ ਵਿਛਾ ਦਿਤਾ। ਸਾਰੀ ਬਰਾਤ, ਹੋਰ ਸਾਰੇ ਜਿੰਨੇ ਆਏ ਹੋਏ ਸੀ ਸਾਰੇ ਬੈਠ ਗਏ। ਕਹਿਣ ਲੱਗੇ, ਪ੍ਰੇਮੀਓਂ! ਹਨ੍ਹੇਰਾ ਨਾ ਹੋਵੇ, ਇਸ਼ਨਾਨ ਜਲਦੀ ਕਰਾਓ, ਆਹ ਅਰਥੀ ਹੈ, ਆਹ ਪੂਲਾ, ਕਫਨ ਤੇ ਘੜਾ ਹੈ। ਛੇਤੀ ਦੇ ਕੇ ਇਸ਼ਨਾਨ ਕਰਾਉਂਦੇ ਸਾਰ, ਸਮਸ਼ਾਨ ਭੂਮੀ 'ਚ ਗਏ ਜਾ ਕੇ ਸੰਸਕਾਰ ਕਰਿਆ, ਇਹ ਭਾਈ ਗੁਰਮੁਖ ਦੇ ਮਨ 'ਤੇ ਬੜਾ ਅਸਰ ਹੋਇਆ। ਗਹਿਰਾ ਅਸਰ ਹੋਇਆ, ਬੋਲ ਨਹੀਂ ਹੁੰਦਾ ਇਸ ਤੋਂ। ਆਏ ਘਰ ਤਾਂ ਇਸ਼ਨਾਨ ਕੀਤਾ, ਉਸ ਤੋਂ ਬਾਅਦ ਰਹਿਰਾਸ ਸਾਹਿਬ ਦਾ ਪਾਠ ਕਰਿਆ। ਕਹਿੰਦੇ, ਪ੍ਰਸ਼ਾਦਾ ਛਕੋ। ਆਪਣੇ ਹੱਥ ਨਾਲ ਆਪ ਵਰਤਾ ਕੇ ਸਭ ਨੂੰ ਪ੍ਰਸ਼ਾਦਾ ਛਕਾਇਆ। ਆਪ ਵੀ ਛਕਿਆ ਤੇ ਭਾਈ ਗੁਰਮੁਖ ਨੂੰ ਵੀ ਛਕਾਇਆ। ਭਜਨ ਕਰਦੇ ਰਹੇ, ਨਾਮ ਜਪਦੇ ਰਹੇ ਤੇ ਰਾਤ ਪੈ ਗਈ, ਕੀਰਤਨ ਸੋਹਿਲਾ ਪੜ੍ਹ ਕੇ ਸੌਂ ਗਏ, ਅੰਮ੍ਰਿਤ ਵੇਲੇ ਫੇਰ ਉਠੇ ਇਸ਼ਨਾਨ ਕਰਿਆ, ਬਾਣੀ ਦਾ ਪਾਠ ਉਨ੍ਹਾਂ ਦਿਨਾਂ 'ਚ ਪੂਰੀ ਪੰਜ ਗ੍ਰੰਥੀ ਦਾ ਪਾਠ ਨਿਤਨੇਮ 'ਚ ਹੋਇਆ ਕਰਦਾ। ਹਰ ਸਿੱਖ ਐਨਾ ਪਾਠ ਕਰਿਆ ਕਰਦਾ

ਸੀ। ਹੁਣ ਤਾਂ ਅਸੀਂ ਚਾਹੁੰਦੇ ਹਾਂ ਕਿ ਜਾਪੁ ਸਾਹਿਬ ਦੀਆਂ ਵੀ ਬਸ ਪੰਜ ਸੱਤ ਪਉੜੀਆਂ ਪੜ੍ਹ ਲਈਏ, ਜਪੁਜੀ ਸਾਹਿਬ ਦੀਆਂ ਵੀ ਪੰਜ ਬਹੁਤ ਨੇ, ਦੋ ਤਿੰਨ ਸਵੱਈਏ ਪੜ੍ਹ ਲਏ, ਚੌਪਈ ਬਿਲਕੁਲ ਹੀ ਕੱਟ ਦੇਈਏ। ਛੇਤੀ ਨਾਲ ਖਹਿੜਾ ਛੁਟ ਜਾਇਆ ਕਰੇ। ਦਸ ਕੁ ਮਿੰਟ ਦਾ ਨਿਤਨੇਮ ਬੜਾ ਹੈ। ਕਿਉਂਕਿ ਅਸੀਂ ਕੁਛ ਹੋਰ ਤਰ੍ਹਾਂ ਦੇ ਸਿੱਖ ਬਣ ਗਏ, ਉਹ ਨਹੀਂ ਰਹੇ ਜਿਨ੍ਹਾਂ ਦਾ ਪਿਆਰ ਗੁਰੂ ਨਾਲ ਤੇ ਬਾਣੀ ਨਾਲ ਸੀ। ਜਦੋਂ ਵਿਹਲੇ ਹੋਏ ਨਿਤਨੇਮ ਤੋਂ ਅੰਮ੍ਰਿਤ ਵੇਲੇ ਦਾ ਹਾਜ਼ਰੀ ਦਾ ਪ੍ਰਸ਼ਾਦਾ ਕਿਹਾ ਕਿ ਲਿਆਓ, ਉਸ ਵੇਲੇ ਭਾਈ ਗੁਰਮੁਖ ਨੇ ਪੁੱਛਿਆ, ਕਹਿੰਦੇ, ਭਾਈ ਭਿਖਾਰੀ ਮੈਂ ਸਾਰਾ ਸਮਾਨ ਦੇਖਿਆ ਸੀ, ਅਨੁਮਾਨ ਲਾਇਆ ਸੀ ਕਿ ਜੋ ਤੇਰੇ ਪਲੰਘ ਦੇ ਥੱਲੇ ਹੈ ਸਾਰਾ ਮਿਰਤਕ ਦਾ ਸਮਾਨ ਹੈ ਕੀ ਤੈਨੂੰ ਪਤਾ ਸੀ ਕਿ ਤੇਰੇ ਲੜਕੇ ਨੇ ਚੜ੍ਹਾਈ ਕਰ ਜਾਣੀ ਹੈ। ਕਹਿੰਦੇ, ਹਾਂ ਸਾਨੂੰ ਪਤਾ ਸੀ। ਕਹਿਣ ਲੱਗੇ, ਫੇਰ ਤੁਸੀਂ ਸ਼ਾਦੀ ਕਿਉਂ ਕੀਤੀ? ਉਹ ਕਹਿੰਦੇ ਇਸ ਕਰਕੇ ਕਿ ਇਹਦਾ ਕਾਲ ਸ਼ਾਦੀ ਕਰਨ ਤੋਂ ਬਾਅਦ ਆਉਣਾ ਸੀ।

ਕਹਿਣ ਲੱਗੇ, ਫੇਰ ਜੇ ਪਤਾ ਸੀ ਤੁਸੀਂ ਗੁਰੂ ਅਰਜਨ ਦੇਵ ਪਾਤਸ਼ਾਹ ਦੇ ਪਾਸ ਜਾ ਕੇ ਉਮਰ ਕਿਉਂ ਨਾ ਮੰਗੀ?

ਕਹਿੰਦੇ, ਭਾਈ ਗੁਰਮੁਖ ਉਮਰ ਤਾਂ ਮਿਲ ਜਾਂਦੀ ਹੈ। ਲੇਕਿਨ ਫੇਰ ਵੀ ਜਾਣਾ ਸੀ ਸੰਸਾਰ ਤੋਂ। ਗੁਰੂ ਤੋਂ ਜੇ ਮੰਗਣਾ ਹੈ ਤਾਂ ਕੋਈ ਹੋਰ ਚੀਜ਼ ਮੰਗਣੀ ਚਾਹੀਦੀ ਹੈ। ਜੇ ਗੁਰੂ ਤੋਂ ਬਗੈਰ ਹੋਰ ਚੀਜ਼ ਮੰਗੀਏ, ਉਹ ਦੁਖ ਹੀ ਹੋਇਆ ਕਰਦਾ ਹੈ –

***ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥***
***ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥***

***ਅੰਗ – 958***

ਗੁਰੂ ਤੋਂ ਤਾਂ ਵੱਡੀ ਕੀਮਤੀ ਚੀਜ਼ ਮੰਗੋ, ਦੇਣ ਵਾਲਾ ਦਿੰਦਾ ਹੀ ਹੈ ਫੇਰ ਛੋਟੀਆਂ ਚੀਜ਼ਾਂ ਕੀ ਮੰਗਣੀਆਂ। ਇਹ ਸੰਸਾਰ ਤਾਂ ਨਾਸ਼ਵਾਨ ਹੈ, ਆਉਣਾ ਜਾਣਾ ਬਣਿਆ ਹੋਇਆ ਹੈ। ਕਰਮਾਂ ਤੇ ਹੁਕਮ ਦੇ ਮੁਤਾਬਿਕ। ਸੋ ਕਹਿਣ ਲੱਗਿਆ, ਲੜਕੀ ਨੂੰ ਤਾਂ ਬੜਾ ਅਫਸੋਸ ਹੋਇਆ ਹੋਣਾ? ਕਹਿੰਦੇ, ਲੜਕੀ ਨੂੰ ਨਹੀਂ ਹੋਇਆ, ਉਹ ਵੀ ਗਿਆਨਵਾਨ ਹੈ। ਪੁੱਛ ਲੈ ਜਾ ਕੇ। ਲੜਕੀ ਕੋਲ ਗਏ, ਲੜਕੀ ਕਹਿਣ ਲੱਗੀ, ਪਿਤਾ ਜੀ! ਇਹ ਤਾਂ ਹੁਕਮ ਹੈ ਪ੍ਰਭੂ ਦਾ ਇਵੇਂ ਜਿਵੇਂ ਹੀ ਹੋਣਾ ਸੀ। ਕਹਿੰਦੇ, ਤੈਨੂੰ ਪਤਾ ਸੀ? ਕਹਿੰਦੀ ਹਾਂ ਮੈਨੂੰ ਪਤਾ ਸੀ ਕਿ ਮੇਰੀ ਜਦੋਂ ਸ਼ਾਦੀ ਹੋਣੀ ਹੈ, ਮੈਂ ਦਰਵਾਜ਼ੇ ਨਹੀਂ ਵੜਨਾ ਉਸ ਤੋਂ ਪਹਿਲਾਂ-ਪਹਿਲਾਂ ਮੈਂ ਵਿਧਵਾ ਹੋ ਜਾਣਾ ਹੈ।

ਅਫਸੋਸ ਨਹੀਂ ਤੈਨੂੰ?

ਕਹਿੰਦੀ, ਨਾ ਮੈਨੂੰ ਅਫਸੋਸ ਨਹੀਂ, ਮੈਨੂੰ ਬੜੀ ਖੁਸ਼ੀ ਹੈ।

ਕਹਿੰਦਾ, ਅਜੀਬ ਗੱਲ ਹੈ।

ਓਧਰ ਪਿਤਾ ਨਾਲ ਗੱਲ ਕਰੀ ਹੈ, ਓਧਰ ਨਵੀਂ ਆਈ ਬੀਬੀ ਨਾਲ ਘਰ ਵਿਚ ਗੱਲ ਕਰੀ ਹੈ। ਦੋਵੇਂ ਇਕੋ ਗੱਲ ਕਰਦੇ ਨੇ। ਕਹਿੰਦੇ, ਬੀਬਾ! ਫੇਰ ਮੇਰਾ ਸ਼ੰਕਾ ਨਵਿਰਤ ਕਰ ਦੇ।

ਕਹਿਣ ਲੱਗੀ, ਪਿਤਾ ਜੀ! ਮੈਂ ਪਿਛਲੇ ਜਨਮ ਵਿਚ ਰਾਜੇ ਦੀ ਲੜਕੀ ਸੀ, ਬੜਾ ਤਪ ਕਰਿਆ, ਬੜਾ ਭਜਨ ਕਰਿਆ। ਮੇਰਾ ਜਲਾਲ ਐਨਾ ਵਧ ਗਿਆ ਕਿ ਕੋਈ ਮਨੁੱਖ ਮੇਰੇ ਨੇਤਰਾਂ ਵਲ ਦੇਖ ਹੀ ਨਹੀਂ ਸੀ ਸਕਦਾ। ਸ਼ਾਦੀ ਦੀ ਸ਼ਰਤ ਮੈਂ ਇਹ ਰੱਖੀ ਕਿ ਜਿਹੜਾ ਮੇਰੇ ਨੇਤਰਾਂ ਵਲ ਦੇਖ ਕੇ, ਜਿਹਦੇ ਨੇਤਰ ਠਹਿਰ ਜਾਣ, ਖੱਪਰ ਠਹਿਰ ਜਾਣ, ਉਹਦੇ ਨਾਲ ਮੈਂ ਸ਼ਾਦੀ ਕਰਾਵਾਂਗੀ, ਦੂਜੇ ਨਾਲ ਨਹੀਂ। ਸੁਅੰਬਰ ਰਚਿਆ ਗਿਆ, ਜਿੰਨੇ ਰਾਜਕੁਮਾਰ ਆਏ ਸੀ, ਉਨ੍ਹਾਂ ਵਿਚੋਂ ਕੋਈ ਵੀ ਨੇਤਰਾਂ ਵਲ ਨਹੀਂ ਝਾਕ ਸਕਿਆ, ਨੇਤਰ ਮਿਲਾ ਨਹੀਂ ਸਕੇ। ਇਸ ਕਰਕੇ ਮੈਂ ਹਾਰ ਨਹੀਂ ਪਾਇਆ, ਤੀਰਥ ਯਾਤਰਾ ਸ਼ੁਰੂ ਕਰ ਦਿਤੀ। ਇਕ 22 ਸਾਲ ਦਾ ਬ੍ਰਹਮਚਾਰੀ, ਬੜੇ ਹੀ ਤੇਜ ਵਾਲਾ, ਜਿਸ ਵਕਤ ਮੈਂ ਉਹਦੇ ਸਾਮ੍ਹਣੇ ਜਾ ਕੇ ਨਮਸ਼ਕਾਰ ਕਰਕੇ ਉਹਦੇ ਨੇਤਰਾਂ ਵਲ ਦੇਖਿਆ ਤੇ ਮੇਰੇ ਨੇਤਰ ਇਕ ਦਮ ਗਿਰ ਗਏ ਕਿਉਂਕਿ ਬਹੁਤ ਜਲਾਲ ਸੀ ਉਹਦੇ ਵਿਚ। ਮੇਰੇ ਪਿਤਾ ਨੇ ਸਮਝ ਲਿਆ ਕਿ ਇਥੇ ਹੀ ਸ਼ਾਦੀ ਹੋਣੀ ਹੈ। ਉਸ ਨੂੰ ਪੁਛਿਆ ਲੇਕਿਨ ਉਹਨੇ ਜਵਾਬ ਦੇ ਦਿਤਾ। ਮੈਂ ਕਿਹਾ, ਪਿਤਾ ਨੂੰ ਕਿ ਪਿਤਾ ਜੀ! ਮੈਨੂੰ ਇਥੇ ਹੀ ਛੱਡ ਦਿਓ, ਮੇਰਾ ਸੰਜੋਗ ਇਹੀ ਹੈ। ਦਸ-ਪੰਦਰਾਂ ਸਾਲ ਮੈਂ ਅਤੁੱਟ ਸੇਵਾ ਕੀਤੀ ਇਸ ਦੀ, ਬਹੁਤ ਸੇਵਾ ਕੀਤੀ, ਲਕੜੀਆਂ ਲਿਆਉਣੀਆਂ, ਪ੍ਰਸ਼ਾਦੇ ਬਣਾਉਣੇ, ਛਕਾਉਣੇ, ਪਾਣੀ ਭਰਨਾ, ਇਸ਼ਨਾਨ ਕਰਾਉਣਾ, ਬਾਰ੍ਹਾਂ ਸਾਲ ਬਾਅਦ ਇਹ ਬੋਲਿਆ, ਕਹਿੰਦਾ, ਲੜਕੀ! ਐਨੀ ਸੇਵਾ ਤੂੰ ਕਰ ਰਹੀ ਹੈਂ, ਤੇਰੀ ਇਛਿਆ ਕੀ ਹੈ? ਕਹਿਣ ਲੱਗੀ, ਮਹਾਰਾਜ! ਮੇਰੀ ਇਛਿਆ ਇਹ ਹੈ ਮੈਂ ਤੁਹਾਨੂੰ ਆਪਣਾ ਪਤੀ ਬਣਾਉਣਾ ਚਾਹੁੰਦੀ ਹਾਂ। ਉਹ ਕਹਿੰਦਾ, ਦੇਖ, ਮੈਂ ਪ੍ਰਣ ਲਿਆ ਹੋਇਆ ਹੈ ਬ੍ਰਹਮਚਰੀਆ ਦਾ। ਇਸ ਜਨਮ 'ਚ ਤਾਂ ਨਹੀਂ, ਪਰ ਅਗਲੇ ਜਨਮ ਵਿਚ ਮੈਂ ਤੇਰਾ ਪਤੀ ਬਣਾਂਗਾ, ਸੰਜੋਗ ਨਹੀਂ ਕੋਈ ਵੀ ਹੋਣਾ। ਮੈਂ ਬੜੀ ਖੁਸ਼ੀ ਕੀਤੀ ਕਿ ਜੇ ਮੇਰਾ ਤੇ ਇਹਦਾ ਸੰਬੰਧ ਜੁੜ ਜਾਵੇ ਤਾਂ ਮੈਂ ਕਿਸਮਤ ਵਾਲੀ ਹੋਵਾਂਗੀ। ਇਹਨੇ ਵੀ ਸਰੀਰ ਛੱਡ ਦਿਤਾ, ਮੈਂ ਵੀ ਛੱਡ ਦਿਤਾ ਤੇ ਜਦ ਹੁਣ ਧਾਰਿਆ, ਤੇ ਮੈਨੂੰ ਸਾਰੀ ਗੱਲ ਯਾਦ ਸੀ ਤੇ ਮੈਂ ਇੰਤਜ਼ਾਰ ਕਰਦੀ ਸੀ ਕਦੋਂ ਮੇਰੇ ਨਾਲ ਉਹਦੀ ਸ਼ਾਦੀ ਹੋਏਗੀ, ਇਹਨੂੰ ਵੀ ਪਤਾ ਸੀਗਾ ਕਿ ਮੈਂ ਚੜ੍ਹਾਈ ਕਰ ਜਾਣਾ ਹੈ। ਸੋ ਜਦ ਸਾਨੂੰ ਪਤਾ ਹੀ ਸੀ, ਜਾਣ ਕੇ ਅਸੀਂ ਕਰਿਆ, ਫੇਰ ਕਾਹਦਾ ਦੁਖ, ਇਹ ਤਾਂ ਹੁਕਮ ਵਰਤਦਾ ਹੈ। ਸੋ ਮਹਾਰਾਜ ਕਹਿੰਦੇ, ਜਿਹੜੇ ਹੁਕਮ ਨੂੰ ਮੰਨ ਲੈਂਦੇ ਨੇ-

***ਹੁਕਮੁ ਮੰਨਿ ਸੁਖੁ ਪਾਇਆ ਪ੍ਰੇਮ ਸੁਹਾਗਣਿ ਹੋਇ ॥***

***ਅੰਗ- 510***

ਜਿਹੜੇ ਹੁਕਮ ਨਹੀਂ ਮੰਨਦੇ, ਉਨ੍ਹਾਂ ਨੂੰ ਮਹਾਰਾਜ ਕਹਿੰਦੇ, ਦੁਖ ਹੋਇਆ

ਕਰਦਾ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜੇ ਕਉ ਮੂਰਖ ਆਪਹੁ ਜਾਣੈ,***
***ਅੰਧਾ ਅੰਧ ਕਮਾਵੈ ।***

ਕਹਿਣ ਲੱਗੇ, ਡੱਲਿਆ! ਜੇ ਕੋਈ ਰੱਬੀ ਹੁਕਮ ਦੇ ਨਾਲ compromise (ਸੰਮਤੀ) ਨਾ ਕਰਕੇ, ਆਪਣੇ ਜ਼ੋਰ ਨਾਲ ਕਹਿੰਦਾ ਹੈ ਕਿ ਮੈਂ ਨਹੀਂ ਇਹ ਗੱਲ ਹੋਣ ਦੇਣੀ, ਕਹਿੰਦੇ ਉਹ ਅੰਧ ਕਮਾਉਂਦਾ ਹੈ ਕਿਉਂਕਿ –

***ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥***
***ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥***
***ਨਾਨਕ ਹੁਕਮੁ ਕੋ ਗੁਰਮੁਖਿ ਬੁਝੈ***
***ਜਿਸ ਨੋ ਕਿਰਪਾ ਕਰੇ ਰਜਾਇ ॥ ਅੰਗ – 557***

ਰਾਜਾ ਜਨਮੇਜਾ ਅਰਜਨ ਦਾ ਪੜੋਤਾ ਸੀ। ਮਹਾਂਭਾਰਤ ਦੇ ਯੁੱਧ ਵਿਚ 7 ਘੱਟ 45 ਲੱਖ ਬੰਦਾ, 18 ਦਿਨਾਂ 'ਚ ਮਾਰਿਆ ਗਿਆ। ਐਡੀ ਵੱਡੀ ਦੁਖਾਂਤ ਘਟਨਾ ਦੁਨੀਆਂ 'ਚ ਹੋਈ ਨਹੀਂ, ਇਸੇ ਕਰਕੇ ਇਹਦਾ ਨਾਉਂ ਮਹਾਂਭਾਰਤ ਹੈ। ਜੇ world war second ਲੱਗੀ, (ਦੂਜਾ ਸੰਸਾਰ ਯੁੱਧ ਹੋਇਆ) ਬੰਦੇ ਤਾਂ ਕਰੋੜਾਂ ਮਰ ਗਏ ਉਹਦੇ 'ਚ। ਪਰ ਪੰਜ ਸਾਲ ਲੱਗੇ ਉਸਨੂੰ ਲਗਾਤਾਰ। ਇਹ ਸਿਰਫ 18 ਦਿਨ ਯੁੱਧ ਹੋਇਆ ਹੈ। 18 ਦਿਨਾਂ 'ਚ 45 ਲੱਖ ਬੰਦਾ ਮਾਰਿਆ ਗਿਆ, 7 ਬੰਦੇ ਬਚੇ ਸੀ। ਸਾਰਾ ਹਿੰਦੋਸਤਾਨ ਖੋਖਲਾ ਹੋ ਗਿਆ। ਬਹਾਦਰ ਸਾਰੇ ਹੀ ਮਾਰੇ ਗਏ। ਔਰਤਾਂ ਵਿਧਵਾ ਹੋ ਗਈਆਂ ਤੇ ਇਹ ਰਾਜਾ ਜਨਮੇਜਾ ਇਸੇ ਗੱਲ ਨੂੰ ਸੋਚਦਾ ਰਹਿੰਦਾ ਸੀ ਕਿ ਕਿੱਡੇ-ਕਿੱਡੇ ਸਿਆਣੇ ਬੰਦੇ ਸੀ ਯੁੱਧ ਕਰਾ ਕੇ ਸਾਰਾ ਹਿੰਦੋਸਤਾਨ ਹੀ ਖਤਮ ਕਰਾ ਦਿਤਾ। ਕ੍ਰਿਸ਼ਨ ਮਹਾਰਾਜ ਨੇ ਕਿਉਂ ਯੁੱਧ ਕਰਾਇਆ ਜਦ ਕਿ ਅਰਜਨ ਕਹਿੰਦਾ ਸੀ ਮੇਰੇ ਤੋਂ ਨਹੀਂ ਹੁੰਦਾ। ਫੇਰ ਕਰਾਉਣਾ ਨਹੀਂ ਸੀ ਚਾਹੀਦਾ। ਇਹ ਗੱਲਾਂ ਇਹਦੇ ਸੰਸੇ ਦੇ ਵਿਚ ਵਿਆਪਕ ਨੇ। ਅੰਦਰ ਬੈਠ ਗਈਆਂ, ਬਿਆਸ ਜੀ ਜਦੋਂ ਆਉਂਦੇ ਨੇ ਸਤਿਕਾਰ ਕੀਤਾ ਏਸ ਨੇ, ਨਾਲ ਕਿਹਾ ਕਿ ਮਹਾਰਾਜ! ਮੇਰੇ ਮਨ 'ਚ ਇਕ ਸੰਸਾ ਹੈ ਜ਼ਬਰਦਸਤ, ਤੁਸੀਂ ਵੀ ਸੀਗੇ, ਕ੍ਰਿਸ਼ਨ ਮਹਾਰਾਜ ਵੀ ਸੀਗੇ, ਭੀਸ਼ਮ ਪਿਤਾਮਾ ਸੀ, ਗੁਰੂ ਦਰੋਣਾਚਾਰੀਆ ਸੀ, ਬਿਦਰ ਵਰਗੇ ਨੀਤੀਵਾਨ ਸੀਗੇ। ਵੱਡੇ-ਵੱਡੇ ਪ੍ਰਾਕਰਮੀ ਰਾਜੇ ਸੀ। ਫੇਰ ਵੀ ਤੁਸੀਂ ਯੁੱਧ ਕਿਉਂ ਕਰਿਆ ਘਰ ਦਾ। ਸਾਰਾ ਸਰਵਨਾਸ਼ ਕਰ ਲਿਆ।

ਉਸ ਵੇਲੇ ਕਹਿਣ ਲੱਗੇ ਕਿ ਰਾਜਾ ਜਨਮੇਜਾ! ਜੋ ਕੁਛ ਹੋਣਾ ਹੁੰਦਾ ਹੈ, ਹੋ ਹੀ ਜਾਇਆ ਕਰਦਾ ਹੈ। ਕਹਿੰਦੇ, ਮਹਾਰਾਜ! ਅਕਲ ਤਾਂ ਇਹ ਗੱਲ ਕਹਿੰਦੀ ਨਹੀਂ। ਕਹਿੰਦੇ ਅਕਲ ਤਾਂ ਮਾਰੀ ਜਾਂਦੀ ਹੁੰਦੀ ਹੈ –

***ਵਿਨਾਸ ਕਾਲੰ ਬਿਪਰੀਤ ਬੁੱਧੀ ।***

ਜਦੋਂ ਕਿਸੇ ਦਾ ਨਾਸ਼ ਹੋਣਾ ਹੁੰਦਾ ਹੈ। ਚਾਹੇ ਕੌਮ ਦਾ, ਚਾਹੇ ਘਰ ਦਾ, ਚਾਹੇ ਦੇਸ਼ ਦਾ, ਉਸ ਵੇਲੇ ਬੁੱਧੀ ਉਲਟੀ ਹੋ ਜਾਂਦੀ ਹੈ। ਉਲਟਾ ਹੀ ਸੋਚਦੇ ਨੇ ਸਿੱਧਾ ਸੋਚਦੇ ਹੀ ਨਹੀਂ –

***ਹੋਣਹਾਰ ਹਿਰਦੇ ਬਸੀ ਗਈ ਸਰੀਰੋਂ ਬੁੱਧ।***

ਉਸ ਵੇਲੇ ਬੁੱਧੀ ਨਾਸ਼ ਹੋ ਜਾਂਦੀ ਹੈ ਬੰਦੇ ਦੀ। ਭਲਾ ਤੇ ਬੁਰਾ ਸੋਚ ਨਹੀਂ ਸਕਦਾ। ਸਤਿ ਤੇ ਅਸਤਿ ਦੇ ਵਿਚ ਨਿਰਣਾ ਨਹੀਂ ਕਰ ਸਕਦਾ। ਜੋ ਕੁਛ ਆ ਗਿਆ ਉਹਦੇ ਮਨ ਵਿਚ, ਉਹਨੇ ਕਰ ਕੇ ਰਹਿਣਾ ਹੈ। ਸੋ ਇਸ ਕਰਕੇ ਯੁੱਧ ਹੋਇਆ। ਹੋਣਾ ਹੀ ਠੀਕ ਹੈ। ਕਹਿੰਦੇ, ਇਹ ਤਾਂ ਗਲਤ ਹੈ। ਤੁਹਾਨੂੰ ਤਾਂ ਪਤਾ ਸੀ ਕਿ ਇਹ ਹੋਣਾ ਹੈ?

ਕਹਿੰਦੇ, ਹਾਂ ਸਾਨੂੰ ਪਤਾ ਸੀ।

ਕਹਿੰਦੇ ਕ੍ਰਿਸ਼ਨ ਮਹਾਰਾਜ ਨੂੰ?

ਕਹਿੰਦੇ, ਉਨ੍ਹਾਂ ਨੂੰ ਵੀ ਪਤਾ ਸੀ।

ਹੋਰ?

ਕਹਿੰਦੇ, ਭੀਸ਼ਮ ਪਿਤਾਮਾ ਨੂੰ ਵੀ ਪਤਾ ਸੀ, ਉਹ ਬਾਲ ਜਤੀ ਸੀ। ਕਹਿੰਦਾ, ਇਹ ਤਾਂ ਗੱਲ ਮਾੜੀ ਹੈ, ਪਤਾ ਹੋਵੇ ਤੇ ਆਦਮੀ ਖੂਹ ਵਿਚ ਗਿਰੇ? ਫੇਰ ਤਾਂ ਬਚ ਹੀ ਜਾਂਦਾ ਹੈ ਕਿ ਮੈਂ ਖੂਹ 'ਚ ਕਿਉਂ ਗਿਰਾਂ। ਜੇ ਮੈਨੂੰ ਪਤਾ ਹੋਵੇ, ਮੈਂ ਨਹੀਂ ਸੀ ਇਹ ਗੱਲ ਹੋਣ ਦੇਣੀ। ਸਾਰੇ ਪਿਛੋਂ ਕਹਿ ਦਿੰਦੇ ਨੇ ਕਿ ਭਾਣਾ ਜੀ, ਹੁਕਮ ਜੀ, ਫਲਾਣਾ ਜੀ। ਜੇ ਪਹਿਲਾਂ ਪਤਾ ਹੋਵੇ ਬੰਦਾ ਹੋਣ ਨਹੀਂ ਦਿੰਦਾ।

ਉਹ ਕਹਿਣ ਲੱਗੇ ਕਿ ਰਾਜਾ ਜਨਮੇਜਾ! ਲੈ ਤੈਨੂੰ ਦਸ ਦਿੰਦੇ ਹਾਂ ਕਿ ਤੇਰੇ ਨਾਲ ਕੀ ਭਾਣਾ ਵਰਤਣਾ ਹੈ। ਤੂੰ ਇਕ ਘੋੜੀ ਖਰੀਦਣੀ ਹੈ। ਉਹ ਖਰੀਦ ਕੇ ਦੱਖਣ ਦਿਸ਼ਾ ਨੂੰ ਜਾਣਾ ਹੈ। ਉਥੇ ਤੈਨੂੰ ਪਾਣੀ ਦੀ ਲੱਗਣੀ ਹੈ ਪਿਆਸ। ਇਕ ਲੜਕੀ ਨੇ ਤੈਨੂੰ ਪਾਣੀ ਪਿਲਾਉਣ ਵਾਸਤੇ ਝੌਂਪੜੀ 'ਚੋਂ ਨਿਕਲਣਾ ਹੈ। ਉਹਦੀ ਸੁੰਦਰਤਾ ਦੇਖ ਕੇ ਤੂੰ ਮੋਹਿਆ ਜਾਏਂਗਾ। ਤੇਰੀ ਸੁਰਤ ਮਾਰੀ ਜਾਏਗੀ ਤੇ ਤੈਨੂੰ ਭਲੇ ਤੇ ਬੁਰੇ ਦਾ ਧਿਆਨ ਖਤਮ ਹੋ ਜਾਏਗਾ। ਉਸ ਲੜਕੀ ਨੂੰ ਤੂੰ ਲੈ ਆਏਂਗਾ। ਕਿਉਂਕਿ ਉਹਦੀ ਜਾਤੀ ਦਾ ਪਤਾ ਨਹੀਂ ਹੈ ਇਸ ਕਰਕੇ ਸਾਰੀ ਪਰਜਾ ਖਿਲਾਫ ਹੋ ਜਾਏਗੀ। ਤੂੰ ਅਸ੍ਵਮੇਧ ਯੱਗ ਕਰੇਂਗਾ। ਕਿਸੇ ਵੀ ਬ੍ਰਾਹਮਣ ਨੇ ਤੇਰੇ ਯੱਗ ਵਿਚ ਸ਼ਾਮਲ ਨਹੀਂ ਹੋਣਾ। ਤੂੰ ਸਕੂਲਾਂ ਦੇ ਬੱਚੇ ਲਿਆਏਂਗਾ ਉਸ ਵੇਲੇ ਕੋਈ ਐਸੀ ਘਟਨਾ ਵਾਪਰੇਗੀ, ਤੂੰ ਕ੍ਰੋਧ ਵਿਚ ਆ ਕੇ ਉਨ੍ਹਾਂ ਦੇ ਸਿਰ ਵੱਢ ਦੇਵੇਂਗਾ। ਉਹਦਾ ਫਲ ਇਹ ਹੋਏਗਾ ਕਿ ਤੈਨੂੰ ਕੋਹੜ ਹੋ ਜਾਏਗਾ। ਤੂੰ ਦੁਖੀ ਹੋਏਂਗਾ। ਇਥੇ ਤੱਕ ਤਾਂ ਮੈਂ ਤੈਨੂੰ ਹੁਣ ਗੱਲ ਦਸਦਾ ਹਾਂ। ਜਦੋਂ ਇਹ ਗੱਲ ਵਾਪਰ ਗਈ ਫੇਰ ਮੈਨੂੰ ਯਾਦ ਕਰ ਲਈਂ। ਅਗਾਹਾਂ ਵਾਲੀ ਫੇਰ ਮੈਂ ਦੱਸਾਂਗਾ।

ਕਹਿੰਦਾ, ਹੋ ਹੀ ਨਹੀਂ ਸਕਦਾ। ਹੁਕਮ ਦੇ ਦਿਤਾ ਕਿ ਕੋਈ ਘੋੜਾ ਨਹੀਂ ਖਰੀਦਣਾ। ਚਾਰ ਸਾਲ ਲੰਘ ਗਏ। ਘੋੜੇ ਜਿਹੜੇ ਸੀ ਉਹ ਮਾੜੇ ਹੋ ਗਏ, ਬੁੱਢੇ ਹੋ ਗਏ। ਜਰਨੈਲਾਂ ਨੇ ਕਿਹਾ ਕਿ ਲੜਾਈ ਨਹੀਂ ਲੜੀ ਜਾਣੀ। ਨਵੇਂ ਘੋੜੇ ਖਰੀਦੋ। ਹੁਕਮ ਹੋ ਗਿਆ ਕਿ ਘੋੜੇ ਖਰੀਦ ਲਓ, ਘੋੜੀ ਨਹੀਂ ਖਰੀਦਣੀ। ਲੇਕਿਨ ਇਕ ਘੋੜੀ ਐਸੀ ਆ ਗਈ ਜਿਹਨੇ ਵੀ ਦੇਖੀ ਉਹ ਕਹਿਣ ਕਿ ਇਹ

ਘੋੜੀ ਤਾਂ ਸਾਡੇ ਮਹਾਰਾਜ ਕੋਲ ਚਾਹੀਦੀ ਹੈ। ਰਾਜੇ ਜਨਮੇਜੇ ਨੂੰ ਮਨਾ ਲਿਆ ਕਿ ਘੋੜੀ ਲੈ ਲਓ, ਪਰ ਇਸ 'ਤੇ ਚੜ੍ਹਿਓ ਨਾ, ਘੋੜੀ ਅਸਤਬਲ 'ਚ ਖੜ੍ਹੀ ਰਹੇਗੀ। ਘੋੜੀ ਖਰੀਦ ਲਈ, ਰੋਜ਼ ਉਸ ਕੋਲ ਜਾਂਦਾ ਹੈ, ਘੋੜੀ ਮਾੜੀ ਹੋਣੀ ਸ਼ੁਰੂ ਹੋ ਗਈ।

ਅਖੀਰ ਇਹ ਹੋਇਆ ਕਿ ਮਹਾਰਾਜ! ਤੁਸੀਂ ਦੱਖਣ ਦਿਸ਼ਾ ਨਾ ਜਾਇਓ, ਬਾਕੀ ਤਾਂ ਸੈਰ-ਸਪਾਟੇ ਕਰੋ ਇਸ 'ਤੇ। ਕਰਦੇ-ਕਰਦੇ ਇਕ ਦਿਨ ਦਿਸ਼ਾ ਭਰਮ ਲਗ ਗਿਆ, ਦੱਖਣ ਦਿਸ਼ਾ 'ਚ ਚਲਾ ਗਿਆ। ਉਥੇ ਜਾ ਕੇ ਪਿਆਸ ਲੱਗ ਗਈ। ਉਸ ਲੜਕੀ ਨੇ ਪਾਣੀ ਪਿਲਾ ਦਿਤਾ, ਦੇਖਦੇ ਸਾਰ ਮੋਹਿਆ ਗਿਆ ਸਭ ਜਪ, ਤਪ, ਗਿਆਨ, ਧਿਆਨ ਸੁਆਹ ਬਣ ਗਏ। ਉਹਦੇ ਰੂਪ ਵਿਚ ਮੋਹਿਤ ਹੋ ਕੇ ਉਹਨੂੰ ਚੁੱਕ ਲਿਆਇਆ, ਜਾਤੀ-ਕੁਜਾਤੀ ਦਾ ਵੀ ਕੋਈ ਫਰਕ ਨਾ ਇਹਨੇ ਦੇਖਿਆ। ਮਹਿਲਾਂ 'ਚ ਲੈ ਆਇਆ। ਬੜਾ ਰੋਸ ਜਾਗ ਗਿਆ ਪ੍ਰਜਾ ਵਿਚ। ਉਹਨੂੰ ਦੂਰ ਕਰਨ ਵਾਸਤੇ ਅਸ੍ਵਮੇਧ ਯੱਗ ਰਚ ਦਿਤਾ ਇਹਨੇ। ਅਸ੍ਵਮੇਧ ਵਿਚ ਬ੍ਰਾਹਮਣ ਆਇਆ ਕੋਈ ਨਾ। ਬੱਚੇ ਲਿਆਇਆ ਇਹ ਪੜ੍ਹਨ ਵਾਲੇ ਬ੍ਰਾਹਮਣਾਂ ਦੇ 18-18 ਸਾਲ ਦੇ। ਜਿਸ ਵਕਤ ਯੱਗ ਕਰ ਰਿਹਾ ਹੈ। ਉਸ ਵੇਲੇ ਰਾਜਾ ਤੇ ਰਾਣੀ ਵਿਚ ਘੁੰਮ ਰਹੇ ਨੇ। ਥੋੜ੍ਹੀ ਦੇਰ ਬਾਅਦ ਰਾਣੀ ਅੰਦਰ ਚਲੀ ਜਾਂਦੀ ਹੈ। ਫੇਰ ਆ ਜਾਂਦੀ ਹੈ। ਇੱਕ ਬੱਚੇ ਦਾ ਧਿਆਨ ਗਿਆ ਕਿਉਂਕਿ ਚੰਚਲ ਬਿਰਤੀ ਹੁੰਦੀ ਹੈ। ਇਕ ਕਹਿਣ ਲੱਗਿਆ, ਰਾਣੀਆਂ ਬਦਲ-ਬਦਲ ਕੇ ਆਉਂਦੀਆਂ ਨੇ। ਉਹ ਕਹਿੰਦਾ, ਨਹੀਂ ਬਦਲ ਕੇ ਨਹੀਂ ਆਉਂਦੀਆਂ, ਇੱਕੋ ਰਾਣੀ ਕੱਪੜੇ ਬਦਲ-ਬਦਲ ਕੇ ਆਉਂਦੀ ਹੈ। ਕਹਿਣ ਲੱਗੇ, ਤੈਨੂੰ ਕਿਵੇਂ ਪਤਾ ਹੈ? ਕਹਿੰਦਾ, ਮੈਂ ਹੁਣ ਜਦੋਂ ਲੰਘੀ ਸੀ, ਨਹੁੰ 'ਤੇ ਰੱਖ ਕੇ ਮੈਂ ਚੌਲ ਮਾਰਿਆ ਸੀ, ਉਹਦੇ ਪੈਰ 'ਤੇ ਲੱਗਿਆ ਹੋਇਆ ਹੈ, ਜੇ ਤਾਂ ਲੱਗਿਆ ਹੋਇਆ ਹੈ ਫੇਰ ਤਾਂ ਓਹੀ ਹੈ। ਰਾਣੀ ਜਿਸ ਵਕਤ ਸਾੜੀ ਬਦਲ ਕੇ ਫੇਰ ਆਈ, ਦੂਰੋਂ ਹੀ ਬੱਚਿਆਂ ਨੇ ਦੇਖ ਲਿਆ ਕਿ ਚੌਲ ਲੱਗਿਆ ਹੋਇਆ ਤੇ ਉਹ ਸਾਰੇ ਹੱਸ ਪਏ। ਏਧਰੋਂ ਜ਼ੋਰ ਦੀ ਹਵਾ ਆਈ ਰਾਣੀ ਦਾ ਪੱਲਾ ਉੱਡ ਗਿਆ। ਏਧਰ ਰਾਜੇ ਦੇਖਿਆ ਕਿ ਰਾਣੀ ਦਾ ਪੱਲਾ ਉੱਡ ਗਿਆ ਤਾਂ ਇਹ ਹਸਦੇ ਨੇ। ਐਨਾ ਕ੍ਰੋਧਿਤ ਹੋਇਆ ਕਿ ਬੱਚੇ ਚੁੱਕ-ਚੁੱਕ ਕੇ ਕੜਾਹਿਆਂ 'ਚ ਸੁੱਟ ਦਿਤੇ, ਭੱਠਾਂ 'ਚ ਸੁੱਟ ਦਿਤੇ। ਸਾਰੇ ਮਾਰ ਦਿਤੇ। ਅਖੀਰ ਕੋਹੜ ਹੋ ਗਿਆ। ਮਹਾਰਾਜ ਕਹਿੰਦੇ -

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥***

***ਅੰਗ - 1344***

ਵਰਜ-ਵਰਜ ਕੇ ਦੱਸਿਆ ਕਿ ਜੇ ਆਹ ਕਰ ਲਿਆ, ਆਹ ਨਾ ਕਰੀ, ਇਹ ਕਰ ਲਿਆ ਤਾਂ ਹੁਣ ਇਹ ਨਾ ਕਰੀਂ। ਲੇਕਿਨ ਹੋਇਆ ਕੀ? -

***ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥***

***ਅੰਗ - 1344***

ਮੱਥੇ ਦਾ ਲੇਖ ਬਦਲਿਆ ਨਾ। ਉਸ ਵੇਲੇ ਬਿਆਸ ਜੀ ਨੂੰ ਯਾਦ ਕਰਿਆ, ਦੁਖੀ ਹੋ ਕੇ। ਕਹਿੰਦੇ, ਦੇਖ –

***ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ – 274***

ਤੈਨੂੰ ਮੈਂ ਹਰੀ ਦੀ ਕਥਾ ਸੁਣਾਉਂਦਾ ਹਾਂ ਤੇ ਉਹਦੇ ਵਿਚ ਸਾਖੀਆਂ ਵੀ ਆਉਣਗੀਆਂ, ਹਰੀ ਦਾ ਬਲ ਵੀ ਆਏਗਾ ਤੇ ਤੂੰ ਨਾਂਹ ਨਾ ਕਹੀਂ ਕਿਤੇ। ਜਿੱਥੇ ਕਹੇਂਗਾ, ਉਥੇ ਹੀ ਤੇਰੇ ਕੋਹੜ ਰਹਿ ਜਾਏਗਾ।

ਕਹਿਣ ਲੱਗੇ, ਅਸੀਂ ਇਹ ਵੀ ਤੈਨੂੰ ਦਸ ਦਿੰਦੇ ਹਾਂ, ਜਦੋਂ ਅਸੀਂ ਤੈਨੂੰ ਇਹ ਪੁਰਬ ਸੁਣਾਵਾਂਗੇ ਕਿ ਭੀਮ ਨੇ ਹਾਥੀ ਮਾਰੇ ਮੰਤ੍ਰ ਬਲ ਨਾਲ ਚੁੱਕ-ਚੁੱਕ ਕੇ ਉਪਰ ਤੇ ਹੁਣ ਤੱਕ ਘੁੰਮਦੇ ਫਿਰਦੇ ਨੇ ਉਪਰਲੇ ਮੰਡਲ 'ਚ। ਤੂੰ ਮੰਨਣਾ ਨਹੀਂ ਤੇ ਉਸ ਕੋਹੜ ਦੇ ਨਾਲ ਤੂੰ ਮਰ ਜਾਏਂਗਾ। ਇੱਕੋ ਗੱਲ ਰਹਿ ਗਈ, ਹੁਣ ਅਸੀਂ ਤੈਨੂੰ ਨੇੜੇ ਆ ਕੇ ਦੱਸੀਏ ਜੇ ਪਹਿਲਾਂ ਦੱਸੀ ਤਾਂ ਤੂੰ ਭੁੱਲ ਜਾਏਂਗਾ। ਸਤਿ-ਸਤਿ ਕਰੀ ਗਿਆ। ਜਦੋਂ ਇਹ ਪ੍ਰਸੰਗ ਆਇਆ, ਨੱਕ ਚਾੜ੍ਹ ਲਿਆ। ਕਹਿੰਦਾ, ਆਦਮੀ 'ਚ ਤਾਂ ਐਨਾ ਬਲ ਹੀ ਨਹੀਂ ਕਿ outer space (ਖੁੱਲ੍ਹੇ ਆਕਾਸ਼) 'ਚ ਮਾਰੇ ਕੋਈ ਚੀਜ਼। ਉਸ ਵੇਲੇ ਨਾਂਹ ਕਹਿ ਦਿਤੀ, ਕਹਿੰਦਾ ਮਨ ਨਹੀਂ ਮੰਨਦਾ ਏਸ ਗੱਲ ਨੂੰ। ਉਸੇ ਵੇਲੇ ਵਿਆਸ ਰਿਸ਼ੀ ਨੇ ਆਪਣੇ ਯੋਗ ਬਲ ਦੇ ਨਾਲ ਸਾਰੇ ਹਾਥੀ ਥੱਲੇ ਲਾਹ ਲਏ, ਕਹਿੰਦੇ ਇਹ ਦੇਖ। ਕਹਿੰਦੇ, ਦੇਖ ਲੈ ਇਹ ਤੇਰਾ ਲਿਖਿਆ ਹੋਇਆ ਲੇਖ ਸੀ ਕਿ ਤੇਰੇ ਨੱਕ 'ਤੇ ਕੋਹੜ ਰਹਿ ਜਾਣਾ ਹੈ ਤੇ ਹੁਣ ਤੇਰੀ ਮੌਤ ਹੈ, ਉਸੇ ਨੱਕ ਦੇ ਕੋਹੜ ਨਾਲ ਰਾਜਾ ਜਨਮੇਜਾ ਮਰ ਗਿਆ।

ਸੋ ਮਹਾਰਾਜ ਕਹਿੰਦੇ, ਜਿਹੜਾ ਜਾਣਦਾ ਹੈ ਨਾ ਕਿ ਮੈਂ ਕਰ ਲਵਾਂਗਾ –

***ਸਭੁ ਕਿਛੁ ਹੁਕਮੇ ਆਵਦਾ ਸਭੁ ਕਿਛੁ ਹੁਕਮੇ ਜਾਇ ॥***
***ਜੇ ਕੋ ਮੂਰਖੁ ਆਪਹੁ ਜਾਣੈ ਅੰਧਾ ਅੰਧੁ ਕਮਾਇ ॥***
***ਨਾਨਕ ਹੁਕਮੁ ਕੋ ਗੁਰਮੁਖਿ ਬੁਝੈ***
***ਜਿਸ ਨੋ ਕਿਰਪਾ ਕਰੇ ਰਜਾਇ ॥ ਅੰਗ – 556***

ਉਸ ਵੇਲੇ ਦਸ਼ਮੇਸ਼ ਪਿਤਾ ਜੀ ਨੇ ਜਦੋਂ ਡੱਲੇ ਨਾਲ ਇਹ ਵਾਰਤਾ ਕੀਤੀ। ਕਹਿੰਦੇ, ਡੱਲਿਆ! ਕੀ ਕਹੀ ਜਾਂਦਾ ਹੈਂ ਬਾਰ-ਬਾਰ ਇਹ ਤਾਂ ਹੁਕਮ ਦੀ ਖੇਡ ਸੀ ਸਾਰੀ। ਹੁਕਮ ਵਰਤ ਗਿਆ।

ਤਾਂ ਇਹ ਸਵਾਲ ਪੈਦਾ ਹੋ ਗਿਆ ਕਿ ਜੇ ਹੁਕਮ ਹੈ ਫੇਰ ਅਸੀਂ ਸਤਿਸੰਗ 'ਚ ਕੀ ਕਰਨ ਆਉਂਦੇ ਹਾਂ। ਫੇਰ ਸਾਡੇ ਉਤੇ clamity (ਬਿਪਤਾ) ਆਉਂਦੀ ਹੈ, ਅਸੀਂ ਅਰਦਾਸ ਕਿਉਂ ਕਰਦੇ ਹਾਂ, ਅਖੰਡਪਾਠ ਕਰਾਉਂਦੇ ਹਾਂ, ਹੋਰ ਬੜਾ ਕੁਛ ਕਰਦੇ ਹਾਂ। ਕੀ ਹੁਕਮ ਟਾਲਿਆ ਜਾ ਸਕਦਾ ਹੈ? ਇਹ ਜ਼ਬਰਦਸਤ ਸਵਾਲ ਹੈ ਸਾਡੇ ਸਾਮ੍ਹਣੇ। ਇਹ ਸਾਰੇ ਜਿੰਨੇ ਧਰਮ ਨੇ, ਏਸ ਅਟੱਲ ਹੁਕਮ ਦੇ ਨਾਲ ਜਿਹਦਾ ਸਮਝੌਤਾ ਨਹੀਂ ਹੋ ਸਕਦਾ, ਕਮਜ਼ੋਰ ਹੈ, ਉਹਦੇ ਕੋਲ ਇਕ ਚੀਜ਼ ਦੇ ਦਿਤੀ ਅਕਾਲਪੁਰਖ ਨੇ, ਉਹਦਾ ਨਾਉਂ ਹੈ ਅਰਦਾਸ, ਦੁਆ, prayer। ਇਸਲਾਮ ਵਾਲੇ ਦੁਆ ਕਹਿੰਦੇ ਨੇ।

ਜਦੋਂ ਬਾਬਰ ਹਾਰਨ ਲੱਗਿਆ ਪਾਣੀਪਤ ਦੇ ਮੈਦਾਨ 'ਚ, ਉਥੇ ਸ਼ਸਤਰ ਰੱਖ ਕੇ ਅਰਦਾਸ ਕੀਤੀ। ਕਹਿਣ ਲੱਗਿਆ, ਹੇ ਖੁਦਾਵੰਦ ਤਾਲਾ ਅੱਜ ਤੋਂ ਬਾਅਦ ਮੈਂ ਤੋਬਾ ਕਰਦਾ ਹਾਂ, ਸ਼ਰਾਬ ਨਹੀਂ ਪੀਵਾਂਗਾ ਤੇ ਜੇ ਮੈਨੂੰ ਰਾਜ ਪ੍ਰਾਪਤ ਹੋ ਗਿਆ, ਨਿਆਂ ਦਾ ਰਾਜ ਕਰਾਂਗਾ। ਮੈਨੂੰ ਰਾਜ ਦਿਵਾ ਦੇ, ਮੈਂ ਅੱਜ ਤੋਂ ਬਾਅਦ ਕੋਈ ਮਾੜਾ ਕੰਮ ਨਹੀਂ ਕਰਾਂਗਾ। ਦੁਆ ਕਬੂਲ ਹੋਈ, ਦੋ ਲੱਖ ਫੌਜ ਰਾਣਾ ਸਾਂਗਾ ਦੀ ਹਾਰ ਗਈ। 12000 ਬੰਦਾ ਸੀ ਸਿਰਫ ਇਹਦੇ ਕੋਲ। ਪੁੱਤਰ ਮਰ ਰਿਹਾ ਹੈ, ਮੰਜੇ ਦੇ ਦੁਆਲੇ ਇਹਨੇ ਪ੍ਰਕਰਮਾ ਕੱਢੀਆਂ ਹਮਾਯੂੰ ਦੇ। ਅਰਦਾਸ ਕੀਤੀ ਕਿ ਹੇ ਖੁਦਾਵੰਦ ਤਾਲਾ ਇਹਨੂੰ ਬਚਾ ਦੇ ਤੇ ਮੇਰੀ ਉਮਰ ਇਹਨੂੰ ਲਾ ਦੇ। ਉਹਦੀ ਉਮਰ ਲਗ ਜਾਂਦੀ ਹੈ ਤੇ ਬਾਬਰ ਮਰ ਜਾਂਦਾ ਹੈ।

ਭੁੱਚੋ ਮੰਡੀ ਦੇ ਵਿਚ ਸੰਤ ਮਹਾਰਾਜ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਇੱਕ ਖੱਤਰੀ ਦੇ ਘਰ ਗਏ ਹੋਏ ਨੇ। ਸਹਿਜਧਾਰੀ ਹੈ, ਪ੍ਰੇਮ ਕਰਨ ਵਾਲਾ ਸੀ ਸੰਗਤਾਂ ਨੂੰ। ਘਰਵਾਲੀ ਬਿਮਾਰ ਹੈ ਬਹੁਤ। ਕਹਿਣ ਲੱਗਿਆ, ਮਹਾਰਾਜ! ਤੁਸੀਂ ਕ੍ਰਿਪਾ ਕਰੋ ਇਸ 'ਤੇ। ਕਹਿੰਦੇ, ਸੇਠ ਜੀ! ਕ੍ਰਿਪਾ ਤਾਂ ਹੋ ਜਾਂਦੀ ਹੈ, ਤੁਸੀਂ ਵੀ ਕੁਰਬਾਨੀ ਕਰੋ, ਇਹ ਤਾਂ ਹੁਣ ਚੜ੍ਹਾਈ ਕਰਨ ਵਾਲੀ ਹੈ। ਕਹਿੰਦਾ, ਜੋ ਹੁਕਮ ਕਰੋ ਮੈਂ ਕੁਰਬਾਨੀ ਕਰਾਂਗਾ। ਕਹਿੰਦੇ, ਤੇਰੀ ਵੀਹ ਸਾਲ ਦੀ ਉਮਰ ਹੈ 10 ਸਾਲ ਇਹਨੂੰ ਦੇ-ਦੇ। ਦਸ ਤੂੰ ਰੱਖ ਲੈ ਇਕੱਠੇ ਹੀ ਜਾਇਓ ਫੇਰ। ਉਹ ਮੰਨ ਗਿਆ, ਅਰਦਾਸ ਕਰ ਦਿਤੀ ਮਹਾਂਪੁਰਸ਼ਾਂ ਨੇ। ਦਸ ਸਾਲ ਦੀ ਉਮਰ ਉਹਨੂੰ ਲਾ ਦਿਤੀ। ਦਸ ਸਾਲ ਤੋਂ ਬਾਅਦ ਦੋਵੇਂ ਇਕੱਠੇ ਹੀ ਚੜ੍ਹਾਈ ਕਰ ਗਏ। ਕਿਉਂਕਿ ਪ੍ਰਮੇਸ਼ਰ ਨੇ ਆਪਣਾ ਕਰਾਰਾ ਹੁਕਮ ਚਲਾ ਕੇ, ਇਕ veto power (ਬਦਲ ਦੇਣ ਦੀ ਸ਼ਕਤੀ) ਦੇ ਦਿਤੀ। ਉਸ veto power ਨੂੰ ਜਿਹੜੇ ਸ਼ਾਸਤਰ ਨੇ, ਵੇਦ ਨੇ ਉਹ ਜਾਣਦੇ ਨਹੀਂ ਹਨ, ਮਹਾਰਾਜ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਿਆ ਹੈ -

***ਧਾਰਨਾ - ਮਹਿਮਾ ਸੰਤਾਂ ਦੀ ਵੇਦ ਨਾ ਜਾਣਦੇ।***

***ਸਾਧ ਕੀ ਮਹਿਮਾ ਬੇਦ ਨ ਜਾਨਹਿ ॥***
***ਜੇਤਾ ਸੁਨਹਿ ਤੇਤਾ ਬਖਿਆਨਹਿ ॥*** ***ਅੰਗ- 272***

ਸੋ ਉਨ੍ਹਾਂ ਕੋਲ veto power ਹੋਇਆ ਕਰਦੀ ਹੈ। ਜਿਹੜੇ ਅਭੇਦ ਅਵਸਥਾ ਦੇ ਮਹਾਤਮਾ ਹੁੰਦੇ ਨੇ। ਅਭੇਦ ਅਵਸਥਾ ਦਾ ਉਹ ਹੁੰਦਾ ਹੈ ਜਿਹੜਾ 24 ਘੰਟੇ ਵਾਹਿਗੁਰੂ ਦੇ ਵਿਚ ਰਹਿੰਦਾ ਹੈ। ਇਕ ਸਕਿੰਟ ਵੀ ਵਾਹਿਗੁਰੂ ਤੋਂ ਬਾਹਰ ਨਹੀਂ ਆਇਆ ਕਰਦਾ। ਲੀਨ ਰਹਿੰਦਾ ਹੈ ਹਰ ਵਕਤ ਉਹਦੇ ਵਿਚ। ਧਿਆਨ ਹੋਰ ਪਾਸੇ ਉਹਦਾ ਜਾਂਦਾ ਹੀ ਨਹੀਂ। ਉਨ੍ਹਾਂ ਦੇ ਵਾਸਤੇ ਉਨ੍ਹਾਂ ਨੂੰ ਅੰਨਿਨ ਭਗਤ ਕਿਹਾ ਹੈ।

***ਦਾਸ ਅੰਨਿਨ ਮੇਰੋ ਨਿਜ ਰੂਪ॥*** ***ਅੰਗ - 1252***

ਪ੍ਰਮੇਸ਼ਰ ਕਹਿੰਦੇ ਉਹ ਤਾਂ ਮੇਰਾ ਹੀ ਰੂਪ ਨੇ। ਉਨ੍ਹਾਂ ਕੋਲ authority (ਸ਼ਕਤੀ) ਕਿੰਨੀ ਹੈ -

***ਜੋ ਕਿਛੁ ਕਰਹਿ ਸੋਈ ਅਬ ਸਾਰੁ ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥*** ***ਅੰਗ - 1159***

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥*** ***ਅੰਗ - 748***

ਰੰਗ ਵਿਚ, ਪਿਆਰ ਵਿਚ ਰੱਤਿਆਂ ਹੋਇਆਂ ਦੀ ਗੱਲ ਜੋ ਵੀ ਕਰ ਦੇਣ, ਪ੍ਰਮੇਸ਼ਰ ਮੰਨਦਾ ਹੈ -

***ਧਾਰਨਾ - ਮੇਰੀ ਬੰਨ੍ਹੀ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀ ਨਾ ਛੁਟਦੀ।***
***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*** ***ਅੰਗ - 1253***

ਸੋ ਹੁਕਮ ਦੇ ਵਿਚ ਜੋ ਚੱਲ ਰਿਹਾ ਹੈ, ਜੇ ਕੋਈ ਪਰਿਵਰਤਨ ਕਰਨ ਦੀ ਸ਼ਕਤੀ ਰਖਦਾ ਹੈ ਤਾਂ ਉਹਦੇ ਪਿਆਰੇ ਕਰ ਸਕਦੇ ਨੇ। ਹੋਰ ਨਹੀਂ ਕੋਈ ਕਰ ਸਕਦਾ। ਇਹ ਭਰਮ ਪਿਆ ਹੋਇਆ ਹੈ ਮੰਡੀ ਸਕੇਤ ਦੇ ਰਾਜੇ ਨੂੰ, ਜਦੋਂ ਉਸ ਨੇ ਗੁਰੂ ਪੰਜਵੇਂ ਪਾਤਸ਼ਾਹ ਦੇ ਦਰਬਾਰ 'ਚ ਆ ਕੇ 60 ਹਜ਼ਾਰ ਰੁਪਿਆ ਮੱਥਾ ਟੇਕਣ ਤੋਂ ਬਾਅਦ ਖੜ੍ਹਾ ਹੋਇਆ ਤੇ ਤੁਕ ਸੁਣੀ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***
***ਅੰਗ - 937***

ਸ਼ੰਕਾ ਹੋ ਗਿਆ, ਗੁਰੂ ਮਹਾਰਾਜ ਦੇ ਕੋਲ ਆ ਕੇ ਸਵਾਲ ਕਰਿਆ। ਮਹਾਰਾਜ ਕਹਿੰਦੇ, ਕੱਲ੍ਹ ਨੂੰ ਜਵਾਬ ਦੇਵਾਂਗੇ। ਰਾਤ ਨੂੰ ਜਾ ਕੇ ਸੁਪਨਾ ਆਉਂਦਾ ਹੈ, ਗਰੀਬ ਦੇ ਘਰ, ਚੰਡਾਲਾਂ ਦੇ ਘਰ ਪੈਦਾ ਹੋ ਗਿਆ। 40 ਸਾਲ ਉਥੇ ਜੀਵਨ ਗੁਜ਼ਾਰਿਆ, ਸਾਂਝੀ ਰਲਿਆ। ਹੋਰ ਬੇਅੰਤ ਇਹੋ ਜਿਹੇ ਕੰਮ ਕੀਤੇ। ਕੁਝ ਬਾਲ-ਬੱਚੇ ਹੋ ਗਏ ਤੇ ਚੜ੍ਹਾਈ ਕਰ ਗਿਆ। ਕਬਰ 'ਚ ਦੱਬ ਦਿਤਾ ਤੇ ਜਾਗ ਆ ਗਈ। ਦੂਸਰੇ ਦਿਨ ਮਹਾਰਾਜ ਨੇ ਸਮਾਂ ਬਦਲ ਦਿਤਾ। ਪੰਜਾਹ ਸਾਲ ਅਗਲਾ ਸਮਾਂ ਦਿਖਾ ਦਿਤਾ। ਉਥੇ ਜਾ ਕੇ ਕੀ ਦੇਖਦਾ ਹੈ ਕਿ ਓਹੀ ਪਿੰਡ ਆ ਗਿਆ। ਘਰ ਨੂੰ ਤੁਰ ਗਿਆ ਤਾਂ ਆਪਣਾ ਘਰ ਪਛਾਣ ਲਿਆ। ਬੱਚੇ ਨੇ ਪਛਾਣ ਲਿਆ, ਦੌੜਿਆ ਜਾਂਦਾ ਹੈ, ਕਹਿੰਦਾ ਬੇਬੇ-ਬੇਬੇ! ਕਹਿੰਦਾ ਬਾਪੂ ਤਾਂ ਘੋੜੇ 'ਤੇ ਚੜ੍ਹਿਆ ਫਿਰਦਾ ਹੈ ਰਾਜਾ ਬਣਿਆ। ਸਾਰੇ ਬੱਚੇ ਇਕੱਠੇ ਹੋ ਗਏ, ਸਾਰਾ ਨਗਰ ਇਕੱਠਾ ਹੋ ਗਿਆ। ਕਹਿੰਦੇ, ਆਹ ਤੂੰ ਕਿੱਥੋਂ ਘੋੜਾ ਚੋਰੀ ਕਰ ਲਿਆ। ਉਹ ਕਹਿੰਦਾ ਮੈਂ ਰਾਜਾ ਹਾਂ ਸਕੇਤਮੰਡੀ ਦਾ। ਉਹ ਮੰਨਦੇ ਨਹੀਂ ਹਨ। ਗੁਰੂ ਸਾਹਿਬ ਪਹੁੰਚ ਜਾਂਦੇ ਨੇ। ਗੁਰੂ ਮਹਾਰਾਜ ਕਹਿੰਦੇ, ਦੇਖੋ ਭਾਈ! ਇਕ ਸ਼ਕਲ ਦੇ ਦੋ ਬੰਦੇ ਹੋ ਜਾਂਦੇ ਨੇ। ਤੁਸੀਂ ਆਪਣੀ ਕਬਰ ਪੁੱਟੋ। ਜਦੋਂ ਕਬਰ ਪੁੱਟੀ ਤਾਂ ਹੂ-ਬ-ਹੂ ਉਹਦੇ ਵਰਗਾ ਹੀ। ਕਹਿੰਦੇ, ਭੁੱਲ ਹੋਈ ਮਹਾਰਾਜ।

ਮਹਾਰਾਜ ਵਾਪਸ ਆ ਜਾਂਦੇ ਨੇ ਕਹਿੰਦੇ, ਕਿਉਂ ਰਾਜਨ? ਕਹਿੰਦਾ,

ਮਹਾਰਾਜ ਇਹ ਹੋਇਆ ਕੀ? ਕਹਿੰਦੇ, ਹੋਇਆ ਤੇਰੇ ਮਨ ਵਿਚ ਸੰਸਾ ਸੀ। ਨਮਸ਼ਕਾਰ ਕਰਨ ਦੇ ਨਾਲ ਮਾੜੇ ਲੇਖ ਬਦਲ ਜਾਇਆ ਕਰਦੇ ਹਨ। ਰਿਆਇਤ ਹੋ ਜਾਂਦੀ ਹੈ। ਹੁੰਦਾ ਤਾਂ ਹੈ ਸੂਲ ਚੁਭੇਗੀ, ਸੂਲੀ ਕੱਟੀ ਜਾਏਗੀ। ਥੋੜ੍ਹਾ ਦੁਖ ਆਏਗਾ, ਵੱਡਾ ਦੁਖ ਕੱਟਿਆ ਜਾਏਗਾ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਭਾਈ ਡੱਲੇ ਨੂੰ ਸਮਝਾਉਣ ਦਾ ਯਤਨ ਕੀਤਾ। ਸਮਝਦਾ ਹੈ, ਲੇਕਿਨ ਮਨ ਅੰਦਰ ਅਭਿਮਾਨ ਹੈ। ਫੇਰ ਕਹਿੰਦਾ, ਮਹਾਰਾਜ! ਤੁਸੀਂ ਮੈਨੂੰ ਤਾਂ ਯਾਦ ਕਰ ਲੈਣਾ ਸੀ। ਮਹਾਰਾਜ ਕਹਿੰਦੇ, ਡੱਲ੍ਹਿਆ! ਜੋ ਬੀਤੀ ਸੋ ਬੀਤੀ। ਜਿਹੜੀ ਹੋ ਗਈ, ਹੋ ਗਈ ਉਹਨੂੰ ਕਾਹਨੂੰ ਯਾਦ ਕਰੀਂ ਜਾਂਦਾ ਹੈਂ। ਕਹਿੰਦਾ, ਮਹਾਰਾਜ! ਮੇਰੇ ਜਵਾਨ ਦੇਖੋ ਕਿਹੋ ਜਿਹੇ ਨੇ।

ਮਹਾਰਾਜ ਕਹਿੰਦੇ, ਕੋਈ ਨਾ ਦੇਖ ਲਵਾਂਗੇ। ਐਨੇ ਨੂੰ ਕਿਸੇ ਨੇ ਰਾਈਫਲ ਆ ਕੇ ਮਹਾਰਾਜ ਨੂੰ ਭੇਟਾ ਕਰੀ। ਮਹਾਰਾਜ ਕਹਿੰਦੇ, ਨਿਸ਼ਾਨਾ ਚੈੱਕ ਕਰਨਾ ਹੈ ਡੱਲਿਆ ਕਿ ਕਿੱਡੀ ਕੁ ਦੂਰ ਜਾਂਦਾ ਹੈ। ਇੱਕ ਆਪਣਾ ਜਵਾਨ ਨੇੜੇ ਖੜ੍ਹਾ ਦੇ, ਇਕ ਪਰ੍ਹੇ ਖੜ੍ਹਾ ਦੇ, ਦੇਖੀਏ ਕਿ ਦੋਹਾਂ ਦੇ ਵਿਚੋਂ ਗੋਲੀ ਲੰਘਦੀ ਹੈ ਕਿ ਨਹੀਂ? ਸਭ ਨੀਵੀਆਂ ਪਾ ਗਏ, ਮੂੰਹ ਫਿੱਕੇ ਹੋ ਗਏ। ਡੱਲਾ ਵੀ, ਕੋਈ ਨਾ ਰਿਹਾ ਸਭ ਖਿਸਕ ਗਏ। ਐਨੇ ਨੂੰ ਮਹਾਰਾਜ ਕਹਿੰਦੇ ਕੋਈ ਸਿੱਖ ਹੈ? ਬੁਲਾ ਹਾਕ ਮਾਰ ਕੇ। ਇੱਕ ਨੂੰ ਹਾਕ ਮਾਰੀ, ਦੋ ਆ ਜਾਂਦੇ ਨੇ। ਮਹਾਰਾਜ ਕਹਿੰਦੇ, ਮੈਂ ਤਾਂ ਇੱਕ ਨੂੰ ਬੁਲਾਇਆ ਹੈ। ਇਕ ਕਹਿੰਦਾ ਕਿ ਪਾਤਸ਼ਾਹ ਪਹਿਲਾਂ ਮੈਂ ਆਇਆ ਹਾਂ, ਮੇਰਾ ਹੱਕ ਹੈ। ਕਹਿੰਦੇ, ਰਾਈਫਲ ਟੈਸਟ ਕਰਨੀ ਹੈ। ਪਹਿਲਾ ਕਹਿੰਦਾ, ਮਹਾਰਾਜ! ਮੇਰੇ 'ਤੇ ਕਰੋ, ਦੂਜਾ ਕਹਿੰਦਾ ਮੇਰੇ 'ਤੇ ਕਰੋ। ਦੋਵੇਂ ਖੜ੍ਹ ਗਏ, ਮਹਾਰਾਜ ਨੇ ਸਿਸ਼ਤ ਲਈ ਦਸਤਾਰ ਦੀ, ਦਸਤਾਰ ਦੇ ਨਾਲ ਛੋਂਹਦੀ ਹੋਈ ਗੋਲੀ ਨਿਕਲ ਗਈ। ਕਹਿੰਦੇ, ਡੱਲਿਆ! ਆਹ ਮਰਜੀਵੜੇ ਸਿੱਖ ਨੇ ਜਿਨ੍ਹਾਂ ਨੇ ਸਾਡਾ ਸਾਥ ਦਿਤਾ ਹੈ, ਜਿਹੜੇ ਮਾਇਆ ਦੇ ਵਿਚ ਨੇ ਉਹ ਸਾਥ ਨਹੀਂ ਦੇ ਸਕਿਆ ਕਰਦੇ। ਕੱਚੇ ਹਮੇਸ਼ਾ ਹੀ ਟੁੱਟਦੇ ਨੇ -

***ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥***
***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥***

***ਅੰਗ - 1102***

ਸੂਰਮੇ ਉਹ ਹੁੰਦੇ ਨੇ -

***ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥***

***ਅੰਗ - 404***

ਜਿਹਨੇ ਪੰਜਾਂ ਚੋਰਾਂ ਨੂੰ ਮਾਰ ਲਿਆ। ਕਾਮ ਨੂੰ ਮਾਰ ਲਿਆ, ਲੋਭ ਨੂੰ ਮਾਰ ਲਿਆ, ਹੰਕਾਰ ਨੂੰ ਮਾਰ ਲਿਆ, ਮੋਹ ਨੂੰ ਮਾਰ ਲਿਆ, ਜਿਹੜਾ ਕੇਵਲ ਗੁਰੂ ਦੇ ਉਤੇ, ਮਹਾਂਪੁਰਸ਼ਾਂ ਦੇ ਉਤੇ ਭਰੋਸਾ ਰੱਖ ਕੇ ਉਨ੍ਹਾਂ ਦੇ ਨਾਲ ਚਲਦਾ ਹੈ, ਕਹਿੰਦੇ ਉਹ ਤਾਂ ਹੁੰਦਾ ਹੈ ਸੂਰਮਾ। ਬਾਕੀ ਤਾਂ ਗਿਰ ਜਾਂਦੇ ਨੇ ਸਾਰੇ -

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ***
***ਸੋ ਕਹੀਅਤ ਹੈ ਸੂਰਾ ॥***
***ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥***

***ਅੰਗ - 679***

ਵੱਡੇ-ਵੱਡੇ ਮਹਾਤਮਾ ਹੋਏ ਨੇ, ਬਾਬਾ ਰਾਮ ਸਿੰਘ ਜੀ ਨਾਮਧਾਰੀ ਹੋਏ ਨੇ। ਸਾਰੀ ਸਰਕਾਰ ਇਕ ਪਾਸੇ ਹੈ, ਉਹ ਇਕੱਲਾ ਇਕ ਸੂਰਮਾ ਇਕ ਪਾਸੇ ਹੈ। ਨਹੀਂ ਹਾਰ ਮੰਨਦਾ। ਫੜਿਆ ਗਿਆ, ਕਿੱਥੇ ਮਾਂਡਲੇ ਜਾ ਕੇ ਸਰੀਰ ਛੱਡਿਆ। ਬਾਬਾ ਮਹਾਰਾਜ ਸਿੰਘ ਜੀ ਇਕੱਲੇ ਨੇ, ਰਾੜਾ ਸਾਹਿਬ ਵਾਲੀ ਸੰਪਰਦਾ ਨਾਲ ਸਬੰਧ ਰੱਖਣ ਵਾਲੇ ਬਾਬਾ ਮਹਾਰਾਜ ਸਿੰਘ ਜੀ, ਬਾਬਾ ਬੀਰ ਸਿੰਘ ਜੀ ਤੋਂ ਬਾਅਦ ਹੋਏ। ਚੇਲਿਆਂ ਵਾਲੀ ਦੀ ਲੜਾਈ ਦੇ ਵਿਚ ਯੁੱਧ ਕੀਤਾ ਤੇ ਉਥੇ ਸਿੰਘ ਦਿਲ ਛੱਡ ਗਏ। ਸ਼ਸਤਰ ਰੱਖਣੇ ਸ਼ੁਰੂ ਹੋ ਗਏ, ਸ. ਸ਼ੇਰ ਸਿੰਘ ਅਟਾਰੀ ਵਾਲੇ ਨੇ ਕਿਹਾ ਸ਼ਸਤਰ ਰੱਖ ਲਓ। ਲਾਇਨਾਂ ਲਗ ਗਈਆਂ। ਸ਼ਸਤਰ ਕਮਾਂਡਰ ਇਨ ਚੀਫ ਜਿਹੜਾ ਸੀ ਉਹਦੇ ਪੈਰਾਂ 'ਚ ਬੂਟ ਪਾਏ ਨੇ, ਸ੍ਰੀ ਸਾਹਿਬ ਜੋ ਗੁਰੂ ਸਾਹਿਬ ਨੇ ਬਖਸ਼ੀ ਹੈ, ਉਹਨੇ ਬੂਟਾਂ 'ਚ ਰੱਖਣੀਆਂ ਸ਼ੁਰੂ ਕਰ ਦਿਤੀਆਂ। ਬਾਬਾ ਜੀ ਕਹਿੰਦੇ ਕਿ ਨਹੀਂ ਰੱਖਣੀ। ਇੱਕ ਘੋੜਾ ਚੰਗਾ ਫੁਰਤੀਲਾ ਨਜ਼ਰ ਆਇਆ, ਲਾਇਨ 'ਚੋਂ ਨਿਕਲ ਕੇ ਪਲਾਕੀ ਮਾਰ ਕੇ ਉਤੇ ਚੜ੍ਹ ਗਏ, ਜਦ ਨੂੰ ਅੰਗਰੇਜ਼ ਨੇ ਘੋੜੇ ਪਿੱਛੇ ਛੱਡੇ, ਇਕ ਕਰਨਲ ਰਾਮ ਸਿੰਘ, ਦੋ ਜਣੇ ਸੀ ਅੱਖਾਂ ਤੋਂ ਓਹਲੇ ਹੋ ਗਏ। ਮੁੜ ਕੇ ਡਾਹ ਹੀ ਨਹੀਂ ਦਿਤੀ। ਚਾਰ ਸਾਲ ਪੰਜਾਬ ਨੂੰ ਜਗਾਉਂਦੇ ਰਹੇ। 1852 'ਚ ਗ੍ਰਿਫਤਾਰੀ ਦੇ ਕੇ, 1856 'ਚ ਸਿੰਘਾਪੁਰ ਜਾ ਕੇ ਉਹਨਾਂ ਨੇ ਸਰੀਰ ਛੱਡਿਆ, ਮਾਫੀ ਨਹੀਂ ਮੰਗੀ, ਕੋਈ ਅਰਜ਼ੀ ਨਹੀਂ ਦਿਤੀ। ਸੂਰਮੇ ਸੀਗੇ।

ਇਸੇ ਤਰ੍ਹਾਂ ਦੇ ਨਾਲ ਬਾਬਾ ਬੀਰ ਸਿੰਘ ਜੀ ਸੂਰਮੇ ਸੀ। ਮਹਾਰਾਜ ਕਹਿੰਦੇ ਸੂਰਮੇ ਉਹ ਹੁੰਦੇ ਨੇ ਜਿਹੜੇ ਮਰਜੀਵੜੇ ਹੁੰਦੇ ਨੇ। ਬਾਕੀ ਨਹੀਂ ਹੋਇਆ ਕਰਦੇ -

***ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥***

***ਅੰਗ - 1089***

ਤੇਰੇ ਜਿਹੜੇ ਸੂਰਮੇ ਨੇ ਉਹ ਅਭਿਮਾਨ ਵਿਚ, ਹਉਮੈ ਵਿਚ ਤਾਂ ਲੜਨਗੇ, ਇਨ੍ਹਾਂ ਦੇ ਉਤੇ ਹਮਲਾ ਹੋ ਜਾਏ ਉਹਨੂੰ ਤਾਂ ਬਚਾਉਣਗੇ। ਸਾਂਝੇ ਕੰਮ ਵਾਸਤੇ ਨਹੀਂ ਇਹ ਲੜ ਸਕਦੇ। ਜਿਸ ਕੰਮ 'ਚੋਂ ਕੋਈ ਨਤੀਜਾ ਨਾ ਨਿਕਲੇ, ਹਿਤ ਨਾ ਹੋਵੇ, ਦੂਸਰਿਆਂ ਦੇ ਫਾਇਦੇ ਵਾਸਤੇ ਹੋਵੇ, ਡੱਲਿਆ! ਤੇਰੇ ਜਵਾਨਾਂ ਨੂੰ ਅਜੇ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਹੈ। ਇਹ ਆਪਣੇ ਲੁੱਟ-ਮਾਰ ਕਰਨ ਵਾਸਤੇ ਲੜ ਪੈਣਗੇ। ਹੰਕਾਰ 'ਚ ਆ ਕੇ ਲੜ ਪੈਣਗੇ ਲੇਕਿਨ ਉਹ ਯੁੱਧ ਨਹੀਂ ਕਰ ਸਕਦੇ ਜਿਹੜਾ ਨਿਸ਼ਕਾਮ ਹੁੰਦਾ ਹੈ -

***ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ ॥***
***ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥***
***ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥***

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*
*ਅਹੰਕਾਰਿ ਮੁਏ ਸੇ ਵਿਗਤੀ ਗਏ*
*ਮਰਿ ਜਨਮਹਿ ਫਿਰਿ ਆਵਹਿ ॥* *ਅੰਗ - 1089*

ਕਹਿੰਦੇ, ਜਿਹੜੇ ਅਭਿਮਾਨ ਦੇ ਨਾਲ ਮਰਦੇ ਨੇ ਉਹ ਸੂਰਮੇ ਨਹੀਂ ਹੁੰਦੇ, ਉਨ੍ਹਾਂ ਦੀ ਗਤੀ ਨਹੀਂ ਕੋਈ ਵੀ ਹੋਇਆ ਕਰਦੀ। ਉਹ ਮਰ ਕੇ ਫੇਰ ਜੰਮਦੇ ਨੇ, ਭੂਤ ਪ੍ਰੇਤ ਬਣ ਜਾਂਦੇ ਨੇ। ਸੋ ਇਸ ਤਰ੍ਹਾਂ ਸਮਝਾਇਆ, ਬੜੀ ਸੇਵਾ ਕਰਦਾ ਹੈ। ਮਹਾਰਾਜ ਬੜੇ ਪ੍ਰਸੰਨ ਹੋ ਗਏ।

ਸਰਹੰਦ ਤੋਂ ਚਿੱਠੀ ਆਉਂਦੀ ਹੈ ਕਿ ਡੱਲਿਆ! ਤੇਰੇ ਕੋਲ ਗੁਰੂ ਗੋਬਿੰਦ ਸਿੰਘ ਠਹਿਰੇ ਹੋਏ ਨੇ। ਦੱਸ ਅਸੀਂ ਆਈਏ ਤੇ ਤੂੰ ਸਾਨੂੰ ਉਨ੍ਹਾਂ ਨੂੰ ਗ੍ਰਿਫਤਾਰ ਕਰਾ ਦੇ। ਤੈਨੂੰ ਵੱਡੀ ਚੌਧਰ ਹੋਰ ਦਿਵਾ ਦੇਵਾਂਗੇ। ਜਵਾਬ ਦਿੰਦਾ ਹੈ ਕਿ ਜਿਵੇਂ ਤੁਹਾਡੇ ਪੀਰ ਹੁੰਦੇ ਨੇ, ਇਸ ਤਰ੍ਹਾਂ ਗੁਰੂ ਸਾਹਿਬ ਮੇਰੇ ਗੁਰੂ ਨੇ ਤੇ ਇਕ-ਇਕ ਬੰਦਾ ਉਨ੍ਹਾਂ ਲਈ ਕਟ ਕੇ ਮਰ ਜਾਏਗਾ। ਮਹਾਰਾਜ ਨੂੰ ਪਤਾ ਲਗਦਾ ਹੈ ਇਸ ਚਿੱਠੀ ਦਾ ਬੜੇ ਪ੍ਰਸੰਨ ਹੋਏ।

ਇਸ ਤਰ੍ਹਾਂ ਅੰਮ੍ਰਿਤ ਛਕਾ ਲਿਆ, ਡੱਲਾ ਸਿੰਘ ਬਣ ਗਿਆ ਤੇ ਜਦੋਂ ਵੀ ਬੇਨਤੀ ਕਰਦਾ ਹੈ ਤਾਂ ਇਹੀ ਕਰਦਾ ਹੈ ਕਿ ਮਹਾਰਾਜ! ਮੈਨੂੰ ਇਕ ਪੀੜ੍ਹੀ ਜੋਗਾ ਥਾਂ ਆਪਣੇ ਚਰਨਾਂ 'ਚ ਦੇ ਦਿਓ। ਮਹਾਰਾਜ ਕਹਿੰਦੇ, ਡੱਲਿਆ! ਅਸੀਂ ਤੇਰੇ 'ਤੇ ਪ੍ਰਸੰਨ ਹਾਂ, ਪੀੜ੍ਹੀ ਜੋਗਾ ਕਿਉਂ ਮੰਗਦਾ ਹੈ, ਤੂੰ ਤਾਂ ਮੁਰੱਬੇ ਮੰਗ। ਉਥੇ ਕੋਈ ਥਾਂ ਦਾ ਘਾਟਾ ਹੈ।

ਇਸੇ ਤਰ੍ਹਾਂ ਦੇ ਨਾਲ ਪਰਿਵਾਰ ਹੈ ਭਾਈ ਭਗਤੂ ਜੀ ਦਾ, ਭਾਈ ਗੌਰੇ ਤੇ ਭਾਈ ਜੀਵਨ ਦੇ ਪੁੱਤਰ, ਪੋਤਰੇ ਨੇ। ਉਨ੍ਹਾਂ ਉਤੇ ਗੁਰੂ ਮਹਾਰਾਜ ਦੀ ਬਹੁਤ ਮਿਹਰ ਹੈ, ਨਾਲ ਰਹਿੰਦੇ ਨੇ, ਹਰ ਵਕਤ ਸੇਵਾ ਕਰਦੇ ਨੇ। ਰਾਮ ਸਿੰਘ ਤੇ ਫਤਹਿ ਸਿੰਘ ਖਾਸ ਕਰਕੇ। ਮਹਾਰਾਜ ਜੀ ਦੀ ਹੱਦ ਤੋਂ ਜ਼ਿਆਦਾ ਉਨ੍ਹਾਂ ਉਤੇ ਪ੍ਰਸੰਨਤਾ ਹੈ। ਬਾਰ-ਬਾਰ ਮਹਾਰਾਜ ਦੇ ਕੌਤਕ ਦੇਖਦੇ ਨੇ। ਮੀਂਹ ਪੈਂਦਾ ਨਹੀਂ, ਡੱਲਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਬਾਰਿਸ਼ ਨਹੀਂ ਹੋਈ, ਫਸਲਾਂ ਖਰਾਬ ਹੋ ਰਹੀਆਂ ਹਨ। ਮਹਾਰਾਜ ਕਹਿਣ ਲੱਗੇ ਕਿ ਅਸਮਾਨੀ ਕੌਂਸਲ ਨੇ ਫੈਸਲਾ ਕਰ ਲਿਆ ਕਿ ਮੀਂਹ ਨਹੀਂ ਪਾਉਣਾ ਐਤਕੀਂ। ਕਹਿਣ ਲੱਗਿਆ, ਮਹਾਰਾਜ! ਫੇਰ ਅਸੀਂ ਕੀ ਕਰਾਂਗੇ, ਅਸੀਂ ਤਾਂ ਮਰ ਜਾਵਾਂਗੇ ਸਾਰੇ। ਜੇ ਮੋਠ, ਬਾਜਰੀ ਨਾ ਹੋਈ ਸਾਡੀ, ਮਾਰੂ ਖੇਤੀ ਹੈ। ਫੇਰ ਉਜਾੜਾ ਪੈ ਜਾਏਗਾ, ਇਥੇ ਸੇਵਾ ਕੌਣ ਕਰੇਗਾ। ਕ੍ਰਿਪਾ ਕਰੋ ਤੁਸੀਂ ਮੀਂਹ ਪੁਆ ਦਿਓ। ਕਹਿੰਦੇ, ਡੱਲਿਆ! ਇੰਦਰ ਨਰਾਜ਼ ਹੋਇਆ-ਹੋਇਆ ਹੈ। ਕਹਿੰਦਾ, ਮਹਾਰਾਜ! ਤੁਹਾਡੇ ਤੋਂ ਵੱਡਾ ਤਾਂ ਹੈ ਨਹੀਂ ਕੋਈ। ਕਹਿੰਦੇ, ਚੰਗਾ ਫੇਰ ਤੂੰ ਉਹਦੇ ਸੱਤ ਜੁੱਤੀਆਂ ਲਾ ਕਿ ਕਿਉਂ ਨਹੀਂ ਮੀਂਹ ਪਾਉਂਦਾ। ਡੱਲੇ ਤੋਂ ਸੱਤ ਜੁੱਤੀਆਂ ਮਰਵਾ ਦਿਤੀਆਂ। ਕਹਿੰਦੇ, ਉਤੇ ਨੂੰ ਮਾਰੀ ਜਾਹ ਜੁੱਤੀ। ਬੇਅੰਤ ਬਾਰਿਸ਼ ਹੋਈ। ਨਿਹਚਾ ਆ ਗਿਆ ਕਿ ਇਹ ਤਾਂ ਪੂਰਨ ਨੇ। ਕੇਵਲ ਯੋਧੇ ਨਹੀਂ ਹਨ, ਰੂਹਾਨੀ ਸ਼ਕਤੀਆਂ ਦੇ ਮਾਲਕ ਨੇ।

ਫੇਰ ਇੱਕ ਵਾਰੀ ਕਹਿਣ ਲੱਗਿਆ ਕਿ ਮਹਾਰਾਜ ਮੀਂਹ ਪੁਆ ਦਿਓ।

ਕਹਿੰਦੇ ਹਾਕ ਮਾਰ ਇੰਦਰ ਨੂੰ ਕਿ ਮੀਂਹ ਪੁਆ ਦੇ। ਫੇਰ ਪੁਆ ਲੈਂਦਾ ਹੈ ਮੀਂਹ। ਇਸੇ ਤਰ੍ਹਾਂ ਦੇ ਨਾਲ ਬਹੁਤ ਸ਼ਕਤੀਆਂ ਦੇਖਦਾ ਹੈ।

ਇੱਕ ਵਾਰੀ ਫੌਜ ਨੂੰ ਦੇਣ ਨੂੰ ਤਨਖਾਹ ਨਹੀਂ ਸੀ। ਮਹਾਰਾਜ ਕਹਿੰਦੇ, ਆ ਡੱਲਿਆ! ਤਨਖਾਹ ਦੇਈਏ। ਬਹੁਤ ਭੇਤੀ ਬਣਾ ਲਿਆ। ਹਰ ਵਕਤ ਗੁਰੂ ਮਹਾਰਾਜ ਨਾਲ ਰਹਿੰਦਾ ਹੈ। ਕਹਿੰਦਾ, ਮਹਾਰਾਜ! ਕੀ ਹੁਕਮ ਹੈ? ਕਹਿੰਦੇ ਆਹ ਜੰਡ ਦੇ ਥੱਲਿਓਂ ਥਾਉਂ ਪੁੱਟ, ਜੜ੍ਹਾਂ ਕੋਲੋਂ ਥਾਂ ਪੁੱਟਿਆ। ਕਹਿੰਦੇ, ਢਾਲਾਂ ਲਿਆ, ਭਰ ਦਿਤੇ। ਫੌਜ ਨੂੰ ਸਾਰੀ ਨੂੰ ਤਨਖਾਹ ਦੇ ਦਿਤੀ। ਕਹਿੰਦੇ, ਮਿੱਟੀ ਪਾ ਦੇ। ਮਿੱਟੀ ਪਾ ਕੇ ਜਦੋਂ ਫੇਰ ਦੇਖਿਆ, ਉਥੇ ਕੁਛ ਵੀ ਨਾ।

ਐਸੇ-ਐਸੇ ਅਨੇਕ ਕੌਤਕ ਉਸਨੇ ਗੁਰੂ ਮਹਾਰਾਜ ਦੇ ਦੇਖ ਕੇ, ਫੇਰ ਸੇਵਾ ਐਨੀ ਕਰਦਾ ਹੈ ਕਿ ਦਿਨ ਰਾਤ ਗੁਰੂ ਮਹਾਰਾਜ ਦੇ ਕੋਲ ਰਹਿੰਦਾ ਹੈ। ਜੇ ਪਹਿਰਾ ਦਿੰਦਾ ਹੈ ਤਾਂ ਪਹਿਰੇਦਾਰਾਂ ਨੂੰ ਨਹੀਂ ਲੱਗਣ ਦਿੰਦਾ, ਕਹਿੰਦਾ ਮੈਂ ਹੀ ਪਹਿਰਾ ਦੇਵਾਂਗਾ। ਚੌਵੀ-ਚੌਵੀ ਘੰਟੇ ਪਹਿਰਾ ਦਿੰਦਾ ਹੈ ਤੇ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਉਹਦੇ ਉਤੇ ਐਨੇ ਪ੍ਰਸੰਨ ਹੋਏ ਕਿ ਇਕ ਜੜਾਊ ਕੜਿਆਂ ਦੀ ਜੋੜੀ ਜੋ ਉਸ ਵੇਲੇ ਦੇ ਦੋ ਹਜ਼ਾਰ ਰੁਪਏ ਦੀ ਸੀ। ਜੇ ਕਿਸੇ ਨੇ ਅੱਜ ਦੀ ਕੀਮਤ ਕੱਢਣੀ ਹੈ, ਤਾਂ ਇੱਕ ਰੁਪਏ ਦੇ ਨੌਂ ਮਣ ਛੋਲੇ ਆਉਂਦੇ ਸੀ। ਉਨ੍ਹਾਂ ਨਾਲ ਬਣਾ ਕੇ ਕੱਢ ਲਿਓ। ਦਸ ਲੱਖ ਬਣ ਜਾਏ, ਵੀਹ ਲੱਖ ਬਣ ਜਾਏ, ਆਪੇ ਹੀ ਕੱਢ ਕੇ ਦੇਖ ਲਿਓ। ਖੁਸ਼ ਹੋ ਕੇ ਮਹਾਰਾਜ ਨੇ ਉਸ ਨੂੰ ਐਡੀ ਵੱਡੀ ਕੜਿਆਂ ਦੀ ਜੋੜੀ ਦਿਤੀ ਤੇ ਨਾਲ ਜੋ ਆਪਣਾ ਖੰਡਾ ਸੀ, ਮਹਾਰਾਜ ਨੇ ਆਪਣੇ ਗਾਤਰੇ 'ਚੋਂ ਲਾਹ ਕੇ ਉਸਨੂੰ ਦੇ ਦਿਤਾ। ਕਹਿੰਦੇ, ਲੈ ਡੱਲਿਆ! ਆਹ ਖੰਡਾ ਸਾਡੀ ਨਿਸ਼ਾਨੀ ਰੱਖਿਆ ਕਰ। ਬਰਕਤਾਂ ਦੇ ਦਿਤੀਆਂ। ਸਭ ਕੁਛ ਕਰਦੇ ਹੋਏ, ਅਜੇ ਸਿੱਖੀ ਦੀ ਸੋਝੀ ਨਹੀਂ ਸੀ ਪਈ। ਗੁਰਮਤਿ ਦੀ ਸੋਝੀ ਨਹੀਂ ਸੀ ਕਿਉਂਕਿ ਗੁਰਮਤਿ ਦੀ ਜਿਹੜੀ ਸੋਝੀ ਹੈ ਸਾਧਸੰਗਤ ਜੀ! ਉੱਚੀ ਹੈ। ਤਿੰਨ ਤਰ੍ਹਾਂ ਦੇ ਸਿੱਖ ਹੁੰਦੇ ਨੇ - ਸਿੱਖ, ਸਿਦਕੀ ਸਿੱਖ, ਮਰਜੀਵੜਾ ਸਿੱਖ। ਗੁਰੂ ਨੂੰ ਮਰਜੀਵੜਾ ਸਿੱਖ ਭਾਉਂਦਾ ਹੈ। ਇਸ ਤਰ੍ਹਾਂ ਨਾਲ ਭਾਈ ਗੁਰਦਾਸ ਜੀ ਨੇ ਫੁਰਮਾਨ ਕੀਤਾ ਹੈ -

***ਧਾਰਨਾ - ਮੁਰਦਾ ਹੋਇਕੈ ਮੁਰੀਦ ਬਣ ਜਾਵਣਾ।***

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***

***ਭਾਈ ਗੁਰਦਾਸ ਜੀ, ਵਾਰ 3/18***

ਜੇ ਕੋਈ ਕਹਿੰਦਾ ਹੈ ਕਿ ਮੈਂ ਸਿੱਖ ਹਾਂ, ਮੈਂ ਮੁਰੀਦ ਹਾਂ। ਮੈਂ ਫਲਾਣੇ ਸੰਤਾਂ ਦਾ ਸੇਵਕ ਹਾਂ। ਉਹਦੀ ਤਾਂ ਸ਼ਰਤ ਹੁੰਦੀ ਹੈ ਕਿ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ- 1102***

ਜਿੰਨਾਂ ਚਿਰ ਤੇਰੀ ਅਹੰ ਬਿਰਤੀ ਨਹੀਂ ਮਰਦੀ, ਕੁਛ ਨਹੀਂ ਬਨਿਆ ਕਰਦਾ। ਸੋ ਮੁਰਦਾ ਹੋਣਾ ਪੈਂਦਾ ਹੈ।

*ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।*

*ਭਾਈ ਗੁਰਦਾਸ ਜੀ, ਵਾਰ 3/18*

ਜਿੰਨਾਂ ਚਿਰ ਤੱਕ ਮੈਂ ਕਾਇਮ ਹੈ, ਮਹਾਰਾਜ ਕਹਿੰਦੇ, ਤੇਰਾ ਕੁਛ ਵੀ ਨਹੀਂ ਬਣਨਾ, ਐਵੇਂ ਤੂੰ ਖੇਚਲ ਸਹਿੰਦਾ ਹੈਂ। ਕਿਉਂਕਿ ਤੂੰ ਅੱਡ ਹੈਂ, ਆਪਣੇ ਮਨ ਦੀ ਮੱਤ ਕਰਦੈਂ ਤੇ ਮੈਂ ਬਨਿਆ ਹੋਇਆ ਹੈਂ। ਇਹ ਤਾਂ ਛੱਡਣੀ ਪੈਂਦੀ ਹੈ-

*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥* *ਅੰਗ - 286*

ਕਾਰਜ ਰਾਸ, ਤਰੱਕੀ ਤਾਂ ਹੋਏਗੀ ਜੇ ਮਨ ਵੇਚ ਦਿਤਾ। ਜੇ ਆਪਣੇ ਕੋਲ ਮਨ ਦੀ ਮਤ ਧਾਰਨ ਕਰ ਰੱਖੀ ਹੈ ਫੇਰ ਗੁਰੂ ਕੋਲ ਆ, ਚਾਹੇ ਨਾ ਆ, ਕੁਛ ਨਹੀਂ ਬਣਦਾ ਕਿਉਂਕਿ ਬੰਦ ਹੋ ਗਿਆ, ਦਰਵਾਜ਼ਾ ਉਸ ਨੇ ਬੰਦ ਕਰ ਲਿਆ, ਬਖਸ਼ਿਸ਼ਾਂ ਜਿੱਥੋਂ ਆਉਂਦੀਆਂ ਨੇ।'ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।' ਹੱਦ ਤੋਂ ਜ਼ਿਆਦਾ ਸਬਰ ਵਾਲਾ। ਸ਼ਕਤੀਆਂ ਹੁੰਦੇ ਹੋਏ, ਫੇਰ ਵੀ ਨਾ ਦਿਖਾਉਣੀਆਂ।

ਭਾਈ ਦਇਆ ਸਿੰਘ ਜੀ ਨੂੰ ਗੁਰੂ ਮਹਾਰਾਜ ਨੇ ਦੂਜੀ ਵਾਰ ਔਰੰਗਜ਼ੇਬ ਕੋਲ ਭੇਜ ਦਿਤਾ ਕਿ ਆਹ ਚਿੱਠੀ ਜਿਹੜੀ ਅਸੀਂ ਦੀਨੇ ਕਾਂਗੜ ਤੋਂ ਲਿਖੀ ਹੈ। ਇਹ ਦੇ ਕੇ, ਇਹਦਾ ਜਵਾਬ ਲੈ ਕੇ ਆ। ਉਧਰਲੇ ਪਾਸੇ ਸੂਬੇ ਸਰਹੰਦ ਨੂੰ ਪਤਾ ਲੱਗ ਗਿਆ ਕਿ ਪਹਿਲੀ ਚਿੱਠੀ ਆਉਣ 'ਤੇ ਔਰੰਗਜ਼ੇਬ ਨੇ ਸਾਨੂੰ ਚਿੱਠੀਆਂ ਲਿਖ ਦਿਤੀਆਂ ਕਿ ਤੁਸੀਂ ਮਾੜਾ ਕੰਮ ਕਰਿਆ, ਗੁਰੂ ਗੋਬਿੰਦ ਸਿੰਘ ਨੂੰ ਤੁਸੀਂ ਦੁਖ ਦਿਤਾ। ਬਈ, ਫੇਰ ਪਤਾ ਲੱਗ ਗਿਆ ਕਿ ਦੀਨੀਓ ਚੱਲਿਆ ਹੈ। ਸੀ.ਆਈ.ਡੀ ਪਿੱਛੇ ਸੀ। ਨਵਾਬ ਨੂੰ ਜਾ ਕੇ ਦਸ ਦਿਤਾ। ਕਈ ਨਵਾਬ ਇਹਦੇ ਵਿਚ involve (ਸੰਮਿਲਤ) ਸੀ। ਜਿੰਨਿਆਂ ਨੇ ਸਹੁੰ ਤੋੜ ਕੇ ਹੱਲਾ ਕਰਿਆ ਸੀ, ਸਾਰੇ ਹੀ ਸੀਗੇ। ਉਨ੍ਹਾਂ ਦੇ ਉਥੇ ਸੈੱਲ ਬਣੇ ਹੋਏ ਸੀ। ਸਾਰਿਆਂ ਦੇ ਵਿਚ ਮੰਤਰ ਗਿਣ ਲਿਆ ਕਿ ਭਾਈ ਦਇਆ ਸਿੰਘ ਦੀ ਮੁਲਾਕਾਤ ਨਹੀਂ ਹੋਣ ਦੇਣੀ। 60 ਮੀਲ ਉਰ੍ਹੇ ਭਾਈ ਦਇਆ ਸਿੰਘ ਠਹਿਰੇ ਤੇ ਸੱਠ ਮੀਲ ਜਾਇਆ ਕਰਦੇ ਸੀ। ਫੇਰ ਜਾ ਕੇ ਸਮਾਂ ਨਾ ਮਿਲਣਾ। ਫੇਰ ਬਹਾਨਾ ਲੱਗ ਜਾਣਾ। ਫੇਰ ਆਪ ਨੇ ਠਹਿਰਣਾ, ਫੇਰ ਜਾਣਾ। ਜਦੋਂ ਨੌਂ ਮਹੀਨੇ ਲੰਘ ਗਏ, ਗੁਰੂ ਮਹਾਰਾਜ ਇੰਤਜ਼ਾਰ ਕਰਦੇ ਨੇ। ਉਸ ਵੇਲੇ ਕਾਸਦ ਦੇ ਹੱਥ ਚਿੱਠੀ ਭੇਜੀ ਕਿ ਪਾਤਸ਼ਾਹ ਤੁਸੀਂ ਸਭ ਕੁਛ ਜਾਣਦੇ ਓਂ, ਬੜੀ ਗੱਲ ਵਿਗੜ ਚੁੱਕੀ ਹੈ। ਹੁਣ ਮੇਰੇ ਵਸ ਤੋਂ ਬਾਹਰਲੀ ਗੱਲ ਹੈ, ਤੁਸੀਂ ਕ੍ਰਿਪਾ ਕਰੋ। ਉਸ ਵੇਲੇ ਮਹਾਰਾਜ ਜੀ ਨੇ ਜਦੋਂ ਔਰੰਗਜ਼ੇਬ ਸੌਂ ਗਿਆ, ਇਹਨੂੰ ਫੜ ਲਿਆ। ਬਹੁਤ ਘੂਰਿਆ ਤੇ ਕਿਹਾ ਕਿ ਅੱਜ ਤਾਂ ਤੈਨੂੰ ਅਸੀਂ ਛੱਡ ਦਿੰਦੇ ਹਾਂ, ਸਾਡਾ ਸਿੱਖ ਨੌਂ ਮਹੀਨੇ ਦਾ ਬੈਠਾ ਹੈ, ਨਾਉਂ ਭਾਈ ਦਇਆ ਸਿੰਘ ਹੈ। ਕੱਲ੍ਹ ਨੂੰ ਆਵਾਜ਼ ਮਾਰ ਕੇ ਉਸਨੂੰ ਪਾਸ ਬੁਲਾ, ਚਿੱਠੀ ਭੇਜੀ ਹੋਈ ਹੈ, ਤੇਰੇ ਅਹਿਲਕਾਰ ਤੇਰੇ ਤੱਕ ਪਹੁੰਚਣ ਨਹੀਂ ਦਿੰਦੇ। ਨਾਲ ਇਕ ਤੀਰ ਦੇ ਦਿਤਾ ਮਹਾਰਾਜ ਨੇ, ਕਹਿੰਦੇ,

ਤੀਰ ਸਾਡੀ ਨਿਸ਼ਾਨੀ ਉਹਨੂੰ ਦੇ ਦੇਈਂ, ਉਹ ਮੰਗੇਗਾ ਤੇ ਤੂੰ ਦੇ ਦੇਈਂ। ਇਧਰ ਭਾਈ ਦਇਆ ਸਿੰਘ ਜੀ ਦੇ ਪਾਸ ਸਾਰੀ ਗੱਲ ਸਿਮਰਨ ਵੇਲੇ ਸਾਰਾ ਸੁਨੇਹਾ ਪਹੁੰਚ ਗਿਆ। ਭਾਈ ਦਇਆ ਸਿੰਘ ਜੀ ਨੂੰ ਬੁਲਾ ਲਿਆ ਗਿਆ, ਮਹਾਰਾਜ ਨੇ ਕਿਹਾ ਹੁਣ ਜਾ ਕੇ ਮੁਗਲਈ ਤਰੀਕੇ ਨਾਲ ਜਾ ਕੇ ਨਹੀਂ ਸਤਿਕਾਰ ਕਰਨਾ ਕਿ ਨੀਵੇਂ ਹੋ ਕੇ ਸੱਤ ਸਲਾਮਾਂ ਕਰੋ। ਫਤਹਿ ਬੁਲਾਉਣੀ ਹੈ, ਸ਼ਸਤਰ ਲੈ ਕੇ ਅੰਦਰ ਜਾਣਾ ਹੈ। ਸੋ ਅੰਦਰੋਂ ਸੁਨੇਹਾ ਆ ਗਿਆ ਕਿ ਭਾਈ ਦਇਆ ਸਿੰਘ ਨੂੰ ਭੇਜ ਦਿਓ। ਭਾਈ ਸਾਹਿਬ ਸਿੰਘ ਜੀ ਨਾਲ ਨੇ ਉਨ੍ਹਾਂ ਦੇ। ਉਥੇ ਦੇ ਗੁਰਸਿੱਖ ਸੀਗੇ। ਉਨ੍ਹਾਂ ਨੇ ਕਿਹਾ ਕਿ ਸ਼ਸਤਰ ਲੈ ਕੇ ਤੁਸੀਂ ਜਾ ਨਹੀਂ ਸਕਦੇ। ਉਹ ਕਹਿੰਦੇ, ਅਸੀਂ ਤਾਂ ਸ਼ਸਤਰਾਂ ਸਮੇਤ ਜਾਣਾ ਹੈ। ਔਰੰਗਜ਼ੇਬ ਕੋਲ ਗੱਲ ਪਹੁੰਚੀ, ਕਹਿੰਦਾ ਲੈ ਆਓ। ਕੁਛ ਨਹੀਂ ਮੈਨੂੰ ਕਹਿੰਦੇ। ਉਸੇ ਤਰ੍ਹਾਂ ਗਏ, ਜਾ ਕੇ ਫੇਰ ਸੱਤ ਸਲਾਮਾਂ ਨਹੀਂ ਕਰੀਆਂ। ਗੱਜ ਕੇ ਫਤਹਿ ਬੁਲਾਈ –

***ਵਾਹਿਗੁਰੂ ਜੀ ਕਾ ਖਾਲਸਾ,***
***ਵਾਹਿਗੁਰੂ ਜੀ ਕੀ ਫਤਹਿ।***

ਔਰੰਗਜ਼ੇਬ ਕਹਿੰਦਾ, ਗੁਰੂ ਨੇ ਬੜੀ ਕਾਹਲੀ ਕਰੀ ਹੈ। ਛੇਤੀ ਬਣਾ ਦਿਤਾ, Pre time Khalsa (ਸਮੇਂ ਤੋਂ ਪਹਿਲਾਂ ਖਾਲਸਾ) ਪੈਦਾ ਕਰ ਦਿਤਾ। ਅਜੇ ਨਹੀਂ ਸੀ ਚਾਹੀਦਾ।

ਜਵਾਬ ਦਿਤਾ ਕਿ ਬਾਦਸ਼ਾਹ! ਤੂੰ ਵੀ ਬਹੁਤ ਕਾਹਲੀ ਕਰੀ, ਦੋ ਧਰਮਾਂ ਤੋਂ ਇੱਕ ਬਣਾਉਣ ਦੀ। ਗੁਰੂ ਨੇ ਕਿਹਾ ਕਿ ਦੋ ਤੋਂ ਇੱਕ ਨਹੀਂ ਬਣਨਾ। ਦੋ ਤੋਂ ਤਿੰਨ ਬਣਨਗੇ। ਨਿਝੱਕ ਹੋ ਕੇ ਗੱਲਬਾਤ ਕਰੀ, ਬੜਾ ਅਸਰ ਪਿਆ ਉਸ ਦੇ ਉਤੇ। ਬਈ ਇਹ ਤਾਂ ਬੜੇ ਜਲਾਲ ਵਾਲੇ ਨੇ। ਕਹਿਣ ਲੱਗਿਆ, ਗੁਰੂ ਵਿਚ ਕੋਈ ਸ਼ਕਤੀਆਂ ਵੀ ਹੈਗੀਆਂ। ਕਹਿੰਦੇ, ਤੇਰੀ ਫੌਜ ਤਾਂ ਲੜ ਹੀ ਨਹੀਂ ਸੀ ਸਕਦੀ ਉਹਦੇ ਨਾਲ। ਇਹ ਤਾਂ ਉਨ੍ਹਾਂ ਦੀ ਇੱਕ ਖੇਡ ਸੀ, ਗੁਰੂ ਘਰ ਦੇ ਤਾਂ ਕੁੱਤਿਆਂ ਵਿਚ ਵੀ ਸ਼ਕਤੀ ਹੈ। ਜੇ ਗੁਰੂ ਕੁੱਤੇ ਵਲ ਦੇਖ ਲਵੇ, ਕੁੱਤਾ ਵੀ ਸ਼ਕਤੀਸ਼ਾਲ ਹੋ ਜਾਂਦਾ ਹੈ।

ਕਹਿੰਦਾ, ਤੇਰੇ ਵਿਚ ਵੀ ਸ਼ਕਤੀ ਹੈ?

ਕਹਿੰਦਾ, ਸਾਡੀ ਕਾਹਦੀ ਗੱਲ ਕਰਦਾ ਹੈਂ, ਕੁੱਤਿਆਂ ਵਿਚ ਵੀ ਸ਼ਕਤੀ ਹੈ।

ਔਰੰਗਜ਼ੇਬ ਨੇ ਕੁੱਤਾ ਮੰਗਾ ਲਿਆ। ਕਹਿੰਦਾ, ਫੇਰ ਇਹਦੀ ਸ਼ਕਤੀ ਦਿਖਾਓ ਤੁਸੀਂ ਸਾਨੂੰ। ਉਹ ਬਹੁਤ ਦੂਰ ਤੱਕ ਜਾਂਦਾ ਸੀ। ਰਾਮਰਾਇ ਜੀ ਤੋਂ 72 ਸ਼ਕਤੀਆਂ ਦੇਖ ਕੇ ਫੇਰ ਵੀ ਪਤੀਜਿਆ ਨਹੀਂ ਸੀ। ਉਸ ਵੇਲੇ ਭਾਈ ਦਇਆ ਸਿੰਘ ਜੀ ਨੇ ਕੁੱਤੇ ਵੱਲ ਦੇਖਿਆ। ਬਰਛੇ ਨਾਲ ਛੋਹਿਆ, ਕਹਿੰਦੇ, ਇਹਦੇ ਨਾਲ ਗੱਲ ਕਰ। ਔਰੰਗਜ਼ੇਬ ਨੇ ਪੁੱਛਿਆ ਕਿ ਤੂੰ ਕੌਣ ਹੈਂ? ਕਹਿੰਦਾ, ਮੈਂ ਤੇਰਾ ਭਾਈ ਹਾਂ। ਕਹਿੰਦਾ, ਮੇਰਾ ਭਾਈ ਕਿਵੇਂ? ਕਹਿੰਦਾ, ਤੂੰ ਵੀ ਪਹਿਲਾਂ ਕੁੱਤਾ ਹੀ ਸੀਗਾ ਤੇ ਹੁਣ ਵੀ ਸਾਡੇ ਵਿਚ ਹੀ ਆਏਂਗਾ ਮਰਨ ਤੋਂ ਬਾਅਦ। ਤੇਰਾ ਅਸੀਂ ਇੰਤਜ਼ਾਰ ਕਰਦੇ ਹਾਂ, ਤੂੰ ਤਾਂ ਰਾਜਗੱਦੀ

ਦੇ ਬੈਠਣ ਦੇ ਕਾਬਲ ਹੀ ਨਹੀਂ। ਰਾਜਾ ਤਾਂ ਉਹ ਬੈਠੇ ਜਿਹੜਾ ਲਾਇਕ ਹੋਵੇ, ਜਿਹਦੇ ਕੋਲ ਇਨਸਾਫ ਦੀ ਚੂਲੀ ਹੋ ਜਾਏ। ਉਹਦਾ ਧਰਮ ਇਨਸਾਫ ਹੋਇਆ ਕਰਦਾ ਹੈ -

***ਰਾਜੇ ਚੁਲੀ ਨਿਆਵ ਕੀ ........॥*** ***ਅੰਗ - 1242***

ਜਦੋਂ ਕਾਫੀ ਗੱਲਾਂ ਕਰੀਆਂ, ਸੁਣ ਨਹੀਂ ਸਕਦਾ। ਬਹੁਤ ਖਰੀਆਂ-ਖਰੀਆਂ ਕੁੱਤਾ ਸੁਣਾਈ ਜਾਂਦਾ ਹੈ। ਕਹਿੰਦਾ, ਬੱਸ ਕਰੋ। ਕਹਿੰਦੇ, ਸੁਣ ਲਈ ਫੇਰ ਕੁੱਤੇ ਦੀ ਗੱਲ।

ਐਨੀ ਸ਼ਕਤੀ ਦੇ ਮਾਲਕ ਹੁੰਦੇ ਹੋਏ ਸਾਬਰ ਸੀਗੇ, ਸ਼ਕਤੀ ਨਹੀਂ ਸੀ ਦਿਖਾਲਦੇ। ਗੁਰੂ ਦੇ ਹੁਕਮ 'ਚ ਦਿਖਾਲੀ। ਉਂਵ ਨਹੀਂ ਸੀ ਦਿਖਾਲੀ। ਉਂਵ ਤਾਂ ਇੱਕ-ਇੱਕ ਗੁਰਸਿੱਖ 'ਚ ਹੀ ਬੇਅੰਤ ਸ਼ਕਤੀ ਸੀ।

ਜੇ ਭਾਈ ਮਤੀ ਦਾਸ ਜੀ ਕਹਿੰਦੇ ਨੇ ਕਿ ਮੈਂ ਲਾਹੌਰ ਤੇ ਦਿੱਲੀ ਦੇ ਛੈਣੇ ਵਜਾ ਦੇਵਾਂ ਤੇ ਓਧਰ ਗੁਰੂ ਪੰਜਵੇਂ ਪਾਤਸ਼ਾਹ ਵੇਲੇ ਕਹਿੰਦੇ ਨੇ ਕਿ ਅਸੀਂ ਲਾਹੌਰ ਨੂੰ ਢਾਹ ਦੇਈਏ, ਉਲਟਾ ਕਰ ਦੇਈਏ। ਸ਼ਕਤੀਆਂ ਤਾਂ ਮਹਾਰਾਜ ਨੇ ਮਨ੍ਹਾ ਕਰ ਦਿਤੀਆਂ ਕਿ ਨਹੀਂ ਸਾਬਰ ਹੋ, ਤੁਸੀਂ ਸੇਵਕ ਹੋਂ -

***ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥***
***ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥***
***ਅੰਗ- 28***

ਜਿਹੜਾ ਕਹਿੰਦਾ ਹੈ, ਮੈਂ ਸਿੱਖ ਹਾਂ, ਮੈਂ ਸੇਵਕ ਹਾਂ। ਉਹ ਕਹਿੰਦੇ, ਮਨ ਵੀ ਤਨ ਵੀ ਦੋਵੇਂ ਦੇ ਦੇਵੇ ਸਾਧੂਆਂ ਨੂੰ। ਗੁਰੂ ਨੂੰ ਦੇ ਦੇਵੇ। ਜੇ ਮਨ ਆਪਣੇ ਕੋਲ ਰੱਖਿਆ, ਫੇਰ ਮਨਮਤਿ ਕਰੇਗਾ; ਤਨ ਆਪਣੇ ਕੋਲ ਰੱਖਿਆ ਫੇਰ ਕੁਛ ਸਾਂਝ ਹੀ ਨਹੀਂ ਪਈ। ਇਹ ਦੋਨੋਂ ਦੇਣੇ ਪੈਂਦੇ ਨੇ -

***ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ***
***ਹੁਕਮਿ ਮੰਨਿਐ ਪਾਈਐ ॥*** ***ਅੰਗ - 918***

ਕਹਿੰਦੇ ਸੋ ਸੇਵਕ ਉਹ ਹੋਇਆ ਕਰਦਾ ਹੈ -

***ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥***
***ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥***
***ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥***
***ਅੰਗ - 28***

***ਆਗਿਆ ਮਹਿ ਭੂਖ ਸੋਈ ਕਰਿ ਸੂਖਾ***
***ਸੋਗ ਹਰਖ ਨਹੀ ਜਾਨਿਓ ॥*** ***ਅੰਗ - 1000***

ਭੁੱਖ ਆ ਗਈ ਫੇਰ ਨੱਠ ਜਾਓ ਜੀ। ਇਥੇ ਤਾਂ ਲੰਗਰ ਵਿਚ ਰੋਟੀਆਂ ਰੁੱਖੀਆਂ ਹੀ ਮਿਲਦੀਆਂ ਨੇ ਜੀ। ਕਹਿੰਦੇ ਇਹ ਕੋਈ ਸੇਵਕ ਹੁੰਦੇ ਹਨ? ਇਹ ਨਹੀਂ ਹੁੰਦਾ-

***ਮਾਨ ਅਭਿਮਾਨ ਮੰਧੇ ਸੋ ਸੇਵਕੁ ਨਾਹੀ ॥*** ***ਅੰਗ - 51***

ਖਾਣ ਪੀਣ ਦੇ ਉਹ ਤਾਂ ਹੁੰਦੇ ਨੇ -

ਮਹਾਰਾਜ ਕਹਿੰਦੇ, ਜੇ ਭੁੱਖ ਆ ਗਈ ਤਾਂ ਵੀ ਖੁਸ਼ੀ, ਦੁਖ ਆ ਗਿਆ ਤਾਂ ਵੀ ਖੁਸ਼ੀ। ਭੁੱਖ ਨੂੰ, ਦੁੱਖ ਨੂੰ ਵੀ ਸੁੱਖ ਕਰਕੇ ਮੰਨੇ -

***ਆਗਿਆ ਮਹਿ ਭੂਖ ਸੋਈ ਕਰਿ ਸੂਖਾ***
***ਸੋਗ ਹਰਖ ਨਹੀ ਜਾਨਿਓ ॥***
***ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥***

***ਅੰਗ - 1000***

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਸਮਝਾਉਣਾ ਕੀਤਾ ਕਿ ਡੱਲਿਆ! ਸਿੱਖੀ ਬੜੀ ਦੂਰ ਹੈ। ਠੀਕ ਹੈ ਤੂੰ ਕੁਰਬਾਨੀ ਕਰਦਾ ਹੈਂ। ਇਕ ਵਾਰੀ ਪਤਾ ਲੱਗਿਆ, ਗੁਪਤਚਰ ਨੇ ਦੱਸਿਆ ਕਿ ਸੂਬਾ ਸਰਹੰਦ ਛਾਪਾ ਮਾਰਨਾ ਚਾਹੁੰਦਾ ਹੈ ਗੁਰੂ ਸਾਹਿਬ 'ਤੇ। ਡੱਲੇ ਨੂੰ ਲੱਗਿਆ ਪਤਾ, ਤਿੰਨ ਦਿਨ ਆਪਣੇ ਜਵਾਨ ਲੈ ਕੇ ਬਾਹਰ ਜਾ ਕੇ ਮੂਹਰੇ ਰਸਤੇ 'ਤੇ ਜਾ ਕੇ ਬੈਠਾ ਰਿਹਾ। ਗੁਰੂ ਮਹਾਰਾਜ ਬੜੇ ਪ੍ਰਸੰਨ ਹੋਏ। ਉਥੇ ਨੌਂ ਮਹੀਨੇ, ਨੌਂ ਦਿਨ, ਨੌਂ ਘੜੀਆਂ, ਨੌਂ ਪਹਿਰ, ਨੌਂ ਪਲ ਗੁਰੂ ਮਹਾਰਾਜ ਉਥੇ ਰਹੇ। ਉਸ ਵੇਲੇ ਗੱਲਾਂ ਵਾਲੇ ਬਹੁਤ ਆ ਗਏ। ਹਰੇਕ ਇੱਕ ਤੋਂ ਇੱਕ ਚੜ੍ਹਦਾ ਬਣਦਾ ਜਾਂਦਾ ਹੈ ਕਿ ਮੈਂ ਸਿੱਖ ਹਾਂ, ਦੂਜਾ ਕਹਿੰਦਾ ਮੈਂ ਸਿੱਖ ਹੈ। ਕਿਉਂਕਿ ਐਸਾ ਹੀ ਹਿਸਾਬ ਹੈ -

***ਧਾਰਨਾ - ਗੱਲਾਂ ਵਾਲੇ ਹੈਨ ਘਨੇਰੇ, ਚਾਕਰ ਕੋਈ-ਕੋਈ ਹੈ।***

***ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥***
***ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥ ਅੰਗ - 474***

ਗੁਰੂ ਸਾਹਿਬ ਨੂੰ ਕਹਿੰਦਾ ਹੈ ਕਿ ਮਹਾਰਾਜ! ਹੁਣ ਆਉਣ ਹੁਣ ਉਨ੍ਹਾਂ ਨੂੰ ਦੱਸਾਂਗੇ। ਹੁਣ ਪੁਰਜਾ-ਪੁਰਜਾ ਕਟ ਕੇ ਮਰ ਜਾਵਾਂਗੇ। ਕਿੱਡੇ-ਕਿੱਡੇ ਜਵਾਨ ਨੇ ਮਹਾਰਾਜ, ਹੁਣ ਨਹੀਂ ਅਸੀਂ ਫੌਜ ਨਿਵਾਉਣੀ। ਗੱਲਾਂ ਮਾਰਦੇ ਨੇ। ਗੱਲਾਂ ਨਾਲ ਵੱਡੇ ਤੋਂ ਵੱਡੇ ਬਣਦੇ ਤੁਰੇ ਜਾ ਰਹੇ ਨੇ। ਅਸਲੀ ਨਹੀਂ ਹਨ। ਜਿਹੜੇ ਅਸਲੀ ਹੁੰਦੇ ਨੇ ਉਨ੍ਹਾਂ ਦੀਆਂ ਨਿਸ਼ਾਨੀਆਂ ਹੋਰ ਹੋਇਆ ਕਰਦੀਆਂ ਹਨ। ਨਕਲੀ ਤਾਂ ਜਿਹੜੇ ਨੇ ਝੜ ਜਾਇਆ ਕਰਦੇ ਨੇ।

ਗੁਰੂ ਮਹਾਰਾਜ ਨੇ ਸਮੇਂ ਦੀ ਵਿਚਾਰ ਕਰਕੇ ਨੌਂ ਮਹੀਨੇ, ਨੌਂ ਦਿਨ, ਨੌਂ ਪਹਿਰ, ਨੌਂ ਘੜੀਆਂ, ਨੌਂ ਪਲ ਠਹਿਰ ਕੇ ਦਮਦਮੇ ਸਾਹਿਬ ਇੱਕ ਦਿਨ ਸੰਗਤ ਵਿਚ ਕਿਹਾ ਕਿ ਪ੍ਰੇਮੀਓਂ! ਅਸੀਂ ਹੁਣ ਦੱਖਣ ਨੂੰ ਜਾਣਾ ਹੈ। ਮੁੜਨਾ ਹੈ ਕਿ ਨਹੀਂ ਮੁੜਨਾ ਇਹ ਅਕਾਲ ਪੁਰਖ ਨੂੰ ਪਤਾ ਹੈ ਤੇ ਸਾਡੇ ਨਾਲ ਹੁਣ ਤੁਸੀਂ ਤਿਆਰੀ ਕਰ ਲਓ ਚੱਲਣ ਦੀ। ਜਿਹੜੇ ਦੁੱਧ ਪੀਣ ਵਾਲੇ ਮਜਨੂੰ ਸੀ ਸਾਰਿਆਂ ਦੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ ਕਿ ਹੈਂ ਹੁਣ ਸਾਨੂੰ ਦੱਖਣ 'ਚ ਲੈ ਜਾਣਗੇ ਜਿਥੋਂ ਮੁੜਨਾ ਹੀ ਨਹੀਂ। ਬਾਲ-ਬੱਚੇ ਕੀ ਕਰਨਗੇ ਸਾਡੇ। ਉਸ ਵੇਲੇ ਝੜਨੇ ਸ਼ੁਰੂ ਹੋ ਗਏ। ਰਾਤ ਨੂੰ ਪਹਿਲੀ ਰਾਤ ਹੀ ਜਿੰਨੇ ਡਰਪੋਕ ਸੀ ਸਾਰੇ ਨੱਸਣ ਲਗ ਗਏ। ਜਿਹੜੇ ਫੌਜ ਦੇ ਜਵਾਨ ਸੀ ਉਹ ਵੀ ਨੱਠਣੇ ਸ਼ੁਰੂ ਹੋ ਗਏ। ਮਹਾਰਾਜ ਜੀ ਨੂੰ ਦੱਸਿਆ ਕਿ ਮਹਾਰਾਜ! ਸੈਂਕੜੇ ਹੀ ਬੰਦੇ ਭਗੌੜੇ ਹੋ ਗਏ ਰਾਤ। ਪੱਕੇ ਤਾਂ ਥੋੜ੍ਹੇ ਹੀ ਰਹਿ ਗਏ, ਜਿਹੜੇ ਪੱਕੇ ਹੁੰਦੇ ਨੇ ਉਨ੍ਹਾਂ ਦੀ ਨਿਸ਼ਾਨੀ ਹੋਇਆ ਕਰਦੀ ਹੈ

–

***ਧਾਰਨਾ – ਮੁੱਖੜਾ ਨਾ ਮੋੜਦੇ, ਰੱਤੇ ਜੋ ਨਾਲ ਗੁਰਾਂ ਦੇ।***

***ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ੀ ਸਿਞਾਤਾ ਸਾਈ ॥***

***ਅੰਗ – 1425***

ਕਹਿੰਦੇ ਮੁੱਖ ਨਹੀਂ ਮੋੜਿਆ ਕਰਦੇ, ਚਾਹੇ ਦੁਖ ਆ ਜਾਏ, ਚਾਹੇ ਸੁਖ ਆ ਜਾਏ। ਗੁਰੂ ਦੇ ਨਾਲ ਲਗ ਗਏ ਤੇ ਫੇਰ ਨਹੀਂ ਨੱਠਿਆ ਕਰਦੇ।

ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਨੇ ਕਸਵੱਟੀ ਲਾ ਦਿਤੀ। ਪਹਿਲਾਂ ਪੰਜ ਪਿਆਰੇ ਛਾਂਟਣ ਦੀ ਕਸਵੱਟੀ ਲਾਈ। ਅੱਜ ਦੱਖਣ ਨੂੰ ਤੁਰਨ ਦੀ ਕਸਵੱਟੀ ਲਗ ਗਈ। ਉਸ ਵੇਲੇ ਕੱਚੇ ਝੜਨੇ ਸ਼ੁਰੂ ਹੋ ਗਏ, ਜਿਵੇਂ ਹਨ੍ਹੇਰੀ ਆਈ 'ਤੇ ਬੇਰ ਝੜਦੇ ਨੇ ਜਾਂ ਅੰਬੀਆਂ ਝੜਦੀਆਂ ਨੇ, ਇਸ ਤਰ੍ਹਾਂ ਨਾਲ ਝੜਨ ਲੱਗ ਗਏ। ਛਿੱਦ ਪੈ ਗਈ। ਇਹ ਕਸਵੱਟੀ ਹੋਇਆ ਕਰਦੀ ਹੈ। ਮਰਜੀਵੜੇ ਤੋਂ ਬਗੈਰ ਕਸਵੱਟੀ 'ਚ ਨਹੀਂ ਪਾਸ ਹੋਇਆ ਕਰਦਾ –

***ਧਾਰਨਾ – ਜਦੋਂ ਲਗਦੀ ਹੈ ਰਾਮ ਕਸੌਟੀ,***
***ਪਾਸ ਹੁੰਦੇ ਮਰਜੀਵੜੇ।***

***ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥***
***ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥ ਅੰਗ – 948***

ਕੱਚੇ ਝੜ ਜਾਂਦੇ ਨੇ –

***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ ॥***

***ਅੰਗ – 1425***

ਬਾਬਾ ਫਰੀਦ 'ਤੇ ਕਸਵੱਟੀ ਲਗ ਜਾਂਦੀ ਹੈ। ਬਾਰ੍ਹਾਂ ਸਾਲ ਤਪ ਕਰਿਆ, ਮਾਂ ਦੇ ਕੋਲ ਪਹੁੰਚਦੇ ਨੇ। ਰਸਤੇ 'ਚ ਇੱਕ ਲੜਕੀ ਮਿਲ ਜਾਂਦੀ ਹੈ ਪਾਣੀ ਕੱਢ-ਕੱਢ ਕੇ ਡੋਲ੍ਹੀ ਜਾਂਦੀ ਹੈ। ਫਰੀਦ ਨੇ ਰਸਤੇ ਵਿਚ ਜਾਂਦੇ-ਜਾਂਦੇ ਪੰਛੀ ਸ਼ੋਰ ਕਰਦੇ ਸੀ ਤਪ ਕਰਨ ਨਾਲ ਕ੍ਰੋਧ ਵਧਿਆ ਹੋਇਆ ਸੀ। ਮੂੰਹ 'ਚੋਂ ਕੱਢ ਦਿਤਾ ਉਤੇ ਨੂੰ ਦੇਖ ਕੇ – ਮਰ ਵੰਞਸੋ। ਸਾਰੇ ਹੀ ਪੰਛੀ ਮਰ ਗਏ। ਖਿਆਲ ਆਇਆ ਕਿ ਮੈਂ ਇਹ ਕਿਉਂ ਮਾਰ ਦਿਤੇ। ਕਹਿੰਦੇ, ਉਡ ਵੰਞਸੋ। ਸਾਰੇ ਹੀ ਉਡ ਗਏ। ਬੀਬੀ ਕੋਲ ਆ ਕੇ ਪਾਣੀ ਮੰਗਦਾ ਹੈ, ਬਾਰ-ਬਾਰ ਕਹਿੰਦਾ ਹੈ। ਬੀਬੀ ਕਹਿੰਦੀ ਬਾਬਾ, ਇਹ ਚਿੜੀਆਂ ਨਹੀਂ ਜਿਹੜੀਆਂ ਮਾਰ ਦਏਂਗਾ ਤੇ ਉਡਾ ਦਏਂਗਾ। ਹੈਰਾਨ ਹੋ ਗਿਆ ਕਿ ਆਹ 22 ਸਾਲ ਦੀ ਕੁੜੀ ਇਹਨੇ ਕਿਵੇਂ ਦੇਖ ਲਿਆ ਕਿ ਮੈਂ ਚਿੜੀਆਂ ਮਾਰਦਾ ਹਾਂ। ਉਥੇ ਤਾਂ ਕੋਈ ਬੰਦਾ ਹੀ ਨਹੀਂ ਸੀ। ਭੇਤ ਲੈਣ ਵਾਸਤੇ ਰੁਕ ਗਿਆ। ਲੜਕੀ ਪਾਣੀ ਜਿੰਨਾਂ ਡੋਲ੍ਹਣਾ ਸੀ ਡੋਲ੍ਹ ਹਟੀ। ਉਸ ਤੋਂ ਬਾਅਦ ਕਹਿੰਦੀ, ਆਓ ਦਰਵੇਸ਼! ਜਲ ਪੀਓ। ਕਹਿੰਦਾ, ਬੀਬੀ! ਤੂੰ ਮੈਨੂੰ ਪਹਿਲਾਂ ਪਾਣੀ ਕਿਉਂ ਨਹੀਂ ਸੀ ਪਿਲਾਇਆ? ਕਹਿੰਦੀ, ਤੈਨੂੰ ਨਹੀਂ ਪਤਾ? ਕਹਿੰਦਾ ਨਾ। ਕਹਿੰਦੀ, ਇਥੋਂ ਵੀਹ ਮੀਲ 'ਤੇ ਮੇਰੀ ਭੈਣ ਦਾ ਘਰ ਹੈ, ਉਹਨੂੰ ਅੱਗ ਲੱਗ ਗਈ ਸੀ। ਉਹ ਸਤਿਸੰਗ 'ਤੇ ਗਈ ਹੋਈ ਹੈ। ਮੈਨੂੰ ਖਿਆਲ

ਆ ਗਿਆ ਕਿ ਬੁਝਾ ਦੇਵਾਂ। ਮੈਂ ਪਾਣੀ ਪਾ ਕੇ ਅੱਗ ਬੁਝਾਈ ਹੈ। ਹੈਰਾਨ ਹੋ ਗਿਆ ਕਿ ਮੈਨੂੰ ਤਾਂ ਇਸ ਗੱਲ ਦਾ ਪਤਾ ਨਹੀਂ, ਇਹ ਲੜਕੀ ਨੂੰ ਪਤਾ ਹੈ। ਕਹਿਣ ਲੱਗੀ ਕਿ ਸਭ ਮੈਨੂੰ ਪਤੀਵਰਤਾ ਧਰਮ 'ਚੋਂ ਮਿਲਿਆ ਹੈ।

ਵਾਪਸ ਚਲਿਆ ਜਾਂਦਾ ਹੈ ਮਾਂ ਨੂੰ ਮਿਲ ਕੇ। ਬਾਰ੍ਹਾਂ ਸਾਲ ਕਠਨ ਤਪਸਿਆ, ਕਦੇ ਖੂਹ ਵਿਚ ਲਟਕਦਾ ਹੈ। ਕਦੇ ਭੁੱਖਾ-ਤਿਹਾਇਆ ਰਹਿੰਦਾ ਹੈ। ਕਾਉਂ ਚੁੰਝਾਂ ਮਾਰਦੇ ਨੇ, ਸਰੀਰ ਸੁੱਕ ਗਿਆ। ਹੱਡੀਆਂ ਦੀ ਮੁੱਠੀ ਬਣ ਗਿਆ, ਪਰ ਪ੍ਰਮੇਸ਼ਰ ਨਾ ਮਿਲਿਆ। ਕਿਸੇ ਸਾਂਈ ਨੇ ਕਿਹਾ ਕਿ ਓ ਫਰੀਦਾ! ਕਾਹਨੂੰ ਟੱਕਰਾਂ ਮਾਰਦਾ ਹੈਂ ਰੱਬ ਤੇਰੇ ਅੰਦਰ ਹੈ। ਮੁਰਸ਼ਦ ਤੋਂ ਬਗੈਰ ਪ੍ਰਗਟ ਨਹੀਂ ਹੋਣਾ। ਅਜਮੇਰ ਸ਼ਰੀਫ ਜਾ ਕੇ ਮੁਰਸ਼ਦ ਧਾਰ ਕੇ, ਚੌਦਾਂ ਸਾਲ ਲਗਾਤਾਰ ਅਖੰਡ ਸੇਵਾ ਕਰਦਾ ਹੈ। ਇੱਕ ਦਿਨ ਵੀ ਐਸਾ ਨਹੀਂ ਸੀ ਕਿ ਮੁਰਸ਼ਦ ਨੂੰ ਕੋਈ ਗੱਲ ਕਹਿਣੀ ਪਵੇ ਕਿਉਂਕਿ ਸੰਤਾਂ ਦੀ ਸੇਵਾ ਬੜੀ ਔਖੀ ਹੁੰਦੀ ਹੈ। ਗੁਰੂਆਂ ਦੀ ਸੇਵਾ ਬੜੀ ਔਖੀ ਹੁੰਦੀ ਹੈ। ਪੀਰਾਂ ਫਕੀਰਾਂ ਦੀ ਸੇਵਾ ਬਹੁਤ ਔਖੀ ਹੈ ਜੇ ਤਾਂ ਕਰ ਜਾਵੇ ਤਾਂ ਲੰਘ ਗਿਆ ਤਾਂ ਸਭ ਕੁਛ ਲੈ ਗਿਆ, ਜੇ ਆਖਰੀ ਦਿਨ ਟੁੱਟ ਜਾਏ ਫੇਰ ਸਭ ਗਿਆ ਉਹਦਾ, ਸਭ ਖਤਮ ਹੋ ਜਾਂਦਾ ਹੈ -

***ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥***

***ਅੰਗ - 1422***

ਲੇਕਿਨ ਸੁੱਖ ਦੇਣ ਵਾਲੀ ਹੁੰਦੀ ਹੈ। ਬਾਬਾ ਫਰੀਦ ਮੁਰਸ਼ਦ ਦਾ ਇਸ਼ਨਾਨ ਕਰਾਇਆ ਕਰਦਾ ਸੀ। ਅੱਜ ਕਸਵੱਟੀ ਲਾ ਦਿਤੀ। ਐਨੇ ਜ਼ੋਰ ਦੀ ਮੀਂਹ ਪਿਆ, ਸਰਦੀ ਦਾ ਮਹੀਨਾ ਹੈ। ਝਾਂਜਾ ਵਗ ਰਿਹਾ ਹੈ ਤੇ ਅੱਗ ਬੁੱਝ ਗਈ। ਇਕ ਵਜੇ ਉੱਠ ਕੇ ਅੱਗ ਮਚਾਉਣ ਦਾ ਯਤਨ ਕਰਦਾ ਹੈ ਤੇ ਦੇਖਦਾ ਹੈ ਉਥੇ ਤਾਂ ਪਾਣੀ ਭਰਿਆ ਪਿਆ ਹੈ। ਹੁਣ ਕੁਝ ਨਹੀਂ ਸੁਝਦਾ, ਸ਼ਹਿਰ ਦੂਰ ਹੈ। ਸ਼ਹਿਰ ਵਲ ਨੂੰ ਜਾਂਦਾ ਹੈ। ਉਨ੍ਹਾਂ ਦਿਨਾਂ ਦੇ ਉਸ ਸਮੇਂ ਦੇ ਜੋ ਸ਼ਬਦ ਨੇ -

***ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥***
***ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥***

***ਅੰਗ - 1379***

ਨੇਮ ਨਾ ਤੋੜਨਾ ਵੱਡੀ ਬਾਤ ਹੋਇਆ ਕਰਦੀ ਹੈ। ਨੇਮ ਟੁੱਟ ਜਾਵੇ, ਬਾਰ੍ਹਾਂ ਸਾਲ ਸੇਵਾ ਤੋਂ ਬਾਅਦ ਇਕ ਦਿਨ ਰਹਿ ਜਾਏ, ਉਸ ਦਿਨ ਨੇਮ ਟੁੱਟ ਜਾਏ, ਗੱਲ ਉਸ ਦਿਨ ਹੀ ਗਲਤ ਹੋ ਜਾਇਆ ਕਰਦੀ ਹੈ। ਜਿਹੜੇ ਨੇਮ ਪਾਲ ਲੈਂਦੇ ਨੇ ਉਹ ਵੱਡੀਆਂ-ਵੱਡੀਆਂ ਸ਼ਕਤੀਆਂ ਦੇ ਮਾਲਕ ਹੋਏ ਨੇ। ਬੇਅੰਤ ਮਿਸਾਲਾਂ ਨੇ ਗੁਰੂ ਘਰ 'ਚ। ਸੋ ਅਖੀਰ ਸ਼ਹਿਰ ਚਲਿਆ ਜਾਂਦਾ ਹੈ। ਇਕ ਦਰਵਾਜ਼ੇ ਨੂੰ ਖੜਕਾਉਂਦਾ ਹੈ, ਅੰਦਰ ਰੋਸ਼ਨੀ ਹੈ। ਅਜੇ ਸੁੱਤੇ ਨਹੀਂ ਹੈਗੇ। ਆਵਾਜ਼ ਆਉਂਦੀ ਹੈ ਕੌਣ?

ਕਹਿੰਦਾ, ਮੈਂ ਫਰੀਦ?

ਕਿਹੜਾ ਫਰੀਦ।

ਕਹਿੰਦਾ, ਮੈਂ ਮੁਰੀਦ ਹਾਂ ਖਵਾਜਾ ਜੀ ਦਾ।

ਕਹਿੰਦੀ, ਫਰੀਦਾ! ਇਹ ਪੀਰਾਂ ਮੁਰੀਦਾਂ ਦਾ ਘਰ ਨਹੀਂ ਹੈ। ਇਥੇ ਤਾਂ ਨਰਕ ਘੋਰ ਦਾ ਟਿਕਟ ਮਿਲਦਾ ਹੈ। ਵੇਸਵਾ ਦਾ ਘਰ ਹੈ। ਜਾਹ, ਕੋਈ ਹੋਰ ਦੁਆਰਾ ਭਾਲ।

ਬੀਬੀ! ਮੈਨੂੰ ਤੇਰੇ ਤੱਕ ਕੰਮ ਹੈ। ਮੈਨੂੰ ਅੱਗ ਚਾਹੀਦੀ ਹੈ, ਅੱਗ ਬੁੱਝ ਗਈ, ਮੈਂ ਮੁਰਸ਼ਦ ਦਾ ਇਸ਼ਨਾਨ ਕਰਾਉਣਾ ਹੈ।

ਕਹਿੰਦੀ, ਐਨਾ ਮੁਰਸ਼ਦ ਨਾਲ ਪਿਆਰ। ਜੇ ਅੱਗ ਜ਼ਰੂਰ ਲੈਣੀ ਹੈ ਤਾਂ ਆਪਣੇ ਜਿਸਮ ਦਾ ਕੋਈ ਅੰਗ ਦੇ-ਦੇ। ਉਸ ਵੇਲੇ ਬਾਬਾ ਫਰੀਦ ਖ਼ੁਸ਼ੀ ਦੇ ਨਾਲ ਨੱਚਣ ਲਗ ਗਿਆ ਕਿ ਇਹ ਭਾਵਨਾ ਮਹਿਸੂਸ ਕਰਦਾ ਹੈ -

***ਧਾਰਨਾ - ਸਿਰ ਦਿਤਿਆਂ ਜੇ ਹਰਿ ਜੀ ਮਿਲ ਜਾਏ।***
***ਸੌਦਾ ਸਸਤਾ ਹੈ ਪਿਆਰਿਓ।***
***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥***
***ਅੰਗ - 1412***

ਕਹਿੰਦੇ ਸਿਰ ਨੂੰ ਤਲੀ 'ਤੇ ਰੱਖ ਕੇ ਆ ਜਾ। ਸੀਸ ਬਦਲੇ ਜੇ ਤੈਨੂੰ ਪਿਆਰ ਮਿਲਦਾ ਹੈ, ਬੜਾ ਹੀ ਸਸਤਾ ਸੌਦਾ ਹੈ।

***ਤਨ ਗੰਦਗੀ ਕੀ ਕੋਠੜੀ, ਹਰਿ ਹੀਰਿਆਂ ਦੀ ਖਾਣ।***
***ਜੇ ਸਿਰ ਦਿਤਿਆਂ ਹਰਿ ਮਿਲੇ, ਤਾਂ ਵੀ ਸਸਤਾ ਜਾਣ।***

ਨੱਚਣ ਲੱਗ ਗਿਆ ਫਰੀਦ। ਕਹਿੰਦਾ, ਹੈਂ ਇਹ ਤਾਂ ਬੜਾ ਸਸਤਾ ਸੌਦਾ ਹੈ। ਕਹਿੰਦਾ, ਆ ਬੀਬੀ! ਦੱਸ ਕਿਹੜਾ ਅੰਗ ਕੱਟਾਂ? ਕਹਿੰਦੀ, ਡੇਲਾ ਕੱਢ ਦੇ ਅੱਖ ਦਾ। ਡੇਲਾ ਕੱਢ ਕੇ ਦੇ ਦਿੰਦਾ ਹੈ ਤੇ ਉਸੇ ਤਰ੍ਹਾਂ ਪੱਟੀ ਬੰਨ੍ਹ ਲਈ। ਮੁਰਸ਼ਦ ਦਾ ਇਸ਼ਨਾਨ ਕਰਾਇਆ। ਸਵੇਰਾ ਹੋਇਆ ਮੁਰਸ਼ਦ ਨੇ ਬੁਲਾਇਆ। ਕਹਿੰਦੇ, ਫਰੀਦਾ! ਅੱਖ ਬੰਨ੍ਹੀ ਹੈ। ਕਹਿੰਦਾ, ਆਈ ਹੋਈ ਹੈ ਮਹਾਰਾਜ। ਕਹਿੰਦੇ, ਫਰੀਦਾ! ਆਈਆਂ ਅੱਖਾਂ ਨਹੀਂ ਬੰਨੀਂਦੀਆਂ, ਗਈਆਂ ਬੰਨ੍ਹੀਦੀਆਂ ਨੇ। ਖੋਲ੍ਹ ਦੇ ਪੱਟੀ। ਪੂਰਾ ਕਰ ਦਿਤਾ ਫਰੀਦ।

ਸੋ ਇਹਨੂੰ ਕਸਵੱਟੀ ਕਹਿੰਦੇ ਨੇ। ਆਮ ਮਹਾਂਪੁਰਸ਼ਾਂ ਦੇ ਅੱਜ ਤੱਕ ਰਿਵਾਜ ਚੱਲਿਆ ਆਉਂਦਾ ਹੈ ਕਿ ਜਦੋਂ ਕਿਸੇ ਨੂੰ ਕੋਈ ਵੱਡੀ ਚੀਜ਼ ਦੇਣੀ ਹੁੰਦੀ ਹੈ। ਉਹਦੇ ਉਤੇ ਕਸਵੱਟੀ ਲਗ ਜਾਂਦੀ ਹੈ। ਜੇ ਤਾਂ ਪੂਰਾ ਨਿਕਲ ਜਾਵੇ ਫੇਰ ਤਾਂ ਸਭ ਕੁਛ ਲੈ ਜਾਂਦਾ ਹੈ। ਨਾ ਨਿਕਲੇ ਰਹਿ ਜਾਂਦਾ ਹੈ। ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ ਐਸੀਆਂ। ਸੋ ਪੂਰਾ ਭਾਂਡਾ ਹੋਵੇ ਉਸਨੂੰ ਬ੍ਰਹਮਗਿਆਨ ਦੀ ਦਾਤ ਮਿਲਿਆ ਕਰਦੀ ਹੈ। ਦੂਸਰਾ ਖਾਲੀ ਰਹਿ

ਜਾਇਆ ਕਰਦਾ ਹੈ। ਸੋ ਗੁਰੂ ਦਸਵੇਂ ਪਾਤਸ਼ਾਹ ਦੇ ਜਿਹੜੇ ਆਲੇ ਦੁਆਲੇ ਸਿੱਖ ਸੀਗੇ, ਗੁਰੂ ਮਹਾਰਾਜ ਮੰਜ਼ਲ-ਦਰ-ਮੰਜ਼ਲ ਤੁਰੇ ਜਾਂਦੇ ਨੇ। ਚਾਰ ਮੰਜ਼ਲਾਂ ਚਲੇ ਗਏ। ਉਸ ਵੇਲੇ ਕੁਝ ਜਿਹੜੇ ਗੁਰੂ ਮਹਾਰਾਜ ਦੇ ਬਹੁਤੇ ਹੀ ਆਲੇ-ਦੁਆਲੇ ਰਹਿੰਦੇ ਸੀ, ਕਿਸੇ ਨੂੰ ਨੇੜੇ ਨਹੀਂ ਸੀ ਲੱਗਣ ਦਿੰਦੇ। ਉਹ ਭੈ ਰਾਮ, ਪ੍ਰਿਥੀ ਚੰਦ ਦੀ ਉਲਾਦ ਵਿਚੋਂ ਤੇ ਕੁਛ ਦੀਵਾਨੇ ਸੀਗੇ, ਬਰਾੜ ਸੀ ਬਹੁਤ। ਰਾਤ ਨੂੰ ਸਾਰੇ ਹੀ ਇਕੱਠੇ ਹੋ ਕੇ ਨੱਠ ਗਏ। ਸਵੇਰ ਵੇਲੇ ਮਹਾਰਾਜ ਨੂੰ ਦੱਸਿਆ ਕਿ ਮਹਾਰਾਜ ਬਹੁਤ ਨੱਠ ਗਏ ਰਾਤ ਤਾਂ। ਕਹਿੰਦੇ, ਕੋਈ ਨਾ। ਅਗਲੀ ਮੰਜ਼ਲ ਜਾਂਦੇ ਨੇ ਉਥੇ ਦੋ ਸਿੱਖ ਸੀਗੇ, ਘਰਵਾਰੀ ਸਿੰਘ ਤੇ ਦਰਬਾਰੀ ਸਿੰਘ। ਉਹ ਵੀ ਨੱਠ ਗਏ ਨਾਲ ਲੈ ਕੇ ਆਪਣੇ ਸਾਥੀਆਂ ਨੂੰ। ਕਿੰਨੇ-ਕਿੰਨੇ ਸਾਥੀ ਇਕ-ਇਕ ਨਾਲ ਹੁੰਦੇ ਨੇ। ਮਹਾਰਾਜ ਨੂੰ ਕਿਹਾ ਕਿ ਮਹਾਰਾਜ! ਹੋਰ ਨੱਠ ਗਏ।

ਉਹ ਮੌਕਾ ਹੁੰਦਾ ਹੈ ਜਦੋਂ ਕਿਸੇ ਦਾ ਦਿਲ ਟੁੱਟ ਜਾਂਦਾ ਹੈ। ਲੇਕਿਨ ਧੰਨ ਗੁਰੂ ਦਸ਼ਮੇਸ਼ ਪਿਤਾ, ਕਿਸੇ ਪਾਸੇ ਵੀ ਇਤਿਹਾਸ ਦੇ ਅੰਦਰ ਇਕ ਜ਼ਿਕਰ ਨਹੀਂ ਆਉਂਦਾ ਕਿ ਆਪ ਦੇ ਨੇਤਰਾਂ 'ਚੋਂ ਕਦੇ ਜਲ ਸਿਮਿਆ ਹੋਵੇ। ਸਾਹਿਬਜ਼ਾਦੇ ਸ਼ਹੀਦ ਹੋ ਗਏ, ਅਰਦਾਸ ਕਰੀ ਕਿ ਹੇ ਪ੍ਰਭੂ ਤੇਰੀ ਅਮਾਨਤ ਅਦਾ ਹੋ ਗਈ। ਲੇਕਿਨ ਇਹਦੇ ਮੁਕਾਬਲੇ 'ਤੇ ਜੇ ਹੋਰ ਆਪਾਂ ਲਾਈਏ ਤਾਂ ਉਥੇ ਨਹੀਂ ਇਹ ਗੱਲ ਹੁੰਦੀ। ਜੇ ਅਭਿਮੰਨਯੂ ਮਾਰਿਆ ਗਿਆ ਤਾਂ ਸਾਰੇ ਪਾਂਡਵ ਉੱਚੀ-ਉੱਚੀ ਰੋਂਦੇ ਸੀ। ਕ੍ਰਿਸ਼ਨ ਮਹਾਰਾਜ ਨੇ ਸਮਝਾਏ ਤਾਂ ਚੁੱਪ ਕੀਤੇ।

ਸੋ ਇਸ ਤਰ੍ਹਾਂ ਦੇ ਨਾਲ ਅਗਲੀ ਮੰਜ਼ਲ 'ਤੇ ਗਏ। ਹਰ ਵਕਤ ਡੱਲਾ ਸਿੰਘ ਪਹਿਰੇ 'ਤੇ ਰਹਿੰਦਾ ਹੈ। ਉਸ ਵੇਲੇ ਜਾ ਕੇ ਰਾਮ ਸਿੰਘ ਨੇ ਕਿਹਾ ਕਿ ਸੱਚੇ ਪਾਤਸ਼ਾਹ! ਫਤਹਿ ਸਿੰਘ ਵੀ ਨਾਲ ਹੈ ਤੇ ਮੈਂ ਵੀ ਨਾਲ ਹਾਂ, ਦੋਵੇਂ ਭਰਾ ਹਾਂ, ਘਰ ਕੋਈ ਹੈ ਨਹੀਂ, ਤੁਸੀਂ ਕ੍ਰਿਪਾ ਕਰੋ ਤੇ ਫਤਹਿ ਸਿੰਘ ਵਾਪਸ ਕਰ ਦਿਓ। ਪੰਜ ਸੱਤ ਵਾਰੀ ਬੇਨਤੀ ਕਰੀ। ਮਹਾਰਾਜ ਕਹਿੰਦੇ, ਰਾਮ ਸਿੰਘਾ! ਤੂੰ ਸਾਡੇ ਨਾਲ ਛਲ ਖੇਲ੍ਹਦਾ ਹੈਂ। ਤੇਰੇ ਮਨ ਵਿਚ ਹੋਰ ਗੱਲ ਹੈ, ਉਤੋਂ ਤੂੰ ਹੋਰ ਗੱਲ ਕਰਦਾ ਹੈਂ -

***ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥***

***ਅੰਗ - 488***

ਕਹਿੰਦੇ, ਉਹ ਤਾਂ ਕੱਚੇ ਹੁੰਦੇ ਨੇ। ਧੋਖਾ ਦਿੰਦੇ ਨੇ। ਕਹਿੰਦੇ, ਛਲ ਕਰਦਾ ਹੈਂ ਤੂੰ ਸਾਡੇ ਨਾਲ, ਧੋਖਾ ਦੇ ਰਿਹਾ ਹੈਂ ਤੂੰ ਸਾਨੂੰ। ਤੇਰੇ ਅੰਦਰ ਤਾਂ ਹੈ ਕਿ ਮੈਂ ਵੀ ਚਲਿਆ ਜਾਵਾਂ। ਨਹੀਂ ਸੱਚੇ ਪਾਤਸ਼ਾਹ! ਤੁਸੀਂ ਫਤਹਿ ਸਿੰਘ ਨੂੰ ਭੇਜ ਦਿਓ, ਘਰ ਕੰਮ ਚਲੀ ਜਾਊਂਗਾ। ਰਾਤ ਨੂੰ ਫਤਹਿ ਸਿੰਘ ਨੂੰ ਨਠਾ ਦਿਤਾ। ਮਹਾਰਾਜ ਕਹਿੰਦੇ, ਫਤਹਿ ਸਿੰਘ? ਕਹਿੰਦੇ, ਉਹ ਤਾਂ ਚਲਿਆ ਗਿਆ। ਅਸੀਂ ਤੁਹਾਡੇ ਤੋਂ ਆਗਿਆ ਲੈ ਲਈ ਸੀ।

ਮਹਾਰਾਜ ਕਹਿੰਦੇ, ਅਸੀਂ ਕਦ ਆਗਿਆ ਦਿਤੀ ਹੈ। ਆਪੇ ਹੀ ਬਣਾ ਲਈ ਗੱਲ। ਅਗਲੀ ਮੰਜ਼ਲ 'ਤੇ ਫੇਰ ਚਲੇ ਜਾਂਦੇ ਨੇ। ਉਥੇ ਗਏ,

ਰਾਤ ਨੂੰ ਡੱਲਾ ਸਿੰਘ ਪਹਿਰਾ ਦੇ ਰਿਹਾ ਹੈ। ਅੱਧੀ ਰਾਤ ਹੋ ਗਈ, ਮਹਾਰਾਜ ਦੇ ਪਲੰਘ ਦੇ ਕੋਲ ਆ ਕੇ ਬੈਠ ਗਿਆ। ਜਿਹੜੇ ਜੜਾਊ ਕੰਗਣ ਸੀ 2000 ਦੇ ਉਹ ਵੀ ਲਾਹ ਦਿਤੇ। ਜਿਹੜੀ ਮਹਾਰਾਜ ਨੇ ਬਖਸ਼ਿਸ਼ ਕੀਤੀ ਸੀ ਖੰਡੇ ਉਹ ਵੀ ਲਾਹ ਦਿਤੀ। ਸਰ੍ਹਾਣੇ ਦੇ ਨਾਲ ਖੰਡਾ ਖੜ੍ਹਾ ਦਿਤਾ ਤੇ ਜੜਾਊ ਸੀ ਉਹ ਮਹਾਰਾਜ ਦੇ ਪਲੰਘ ਦੇ ਉਤੇ ਮਲਕ ਦੇ ਕੇ ਰੱਖ ਕੇ, ਪ੍ਰਕਰਮਾ ਕੀਤੀ। ਉਸ ਵੇਲੇ ਦੌੜ ਗਿਆ। ਜਦੋਂ ਸਵੇਰੇ ਮਹਾਰਾਜ ਨੇ ਆਵਾਜ਼ ਦਿਤੀ, ਡੱਲਾ ਸਿੰਘ! ਡੱਲਿਆ। ਉਥੇ ਇਕ ਫਕੀਰ ਬੈਠਾ ਸੀ, ਉਹ ਕਹਿਣ ਲੱਗਿਆ, ਗੁਰੂ ਜੀ! ਨਾ ਡੱਲਾ ਨਾ ਮੱਲਾ, ਰਹਿ ਗਿਆ ਗੁਰੂ ਇਕੱਲਾ।

ਮਹਾਰਾਜ ਕਹਿੰਦੇ, ਫਕੀਰਾ! ਗੁਰੂ ਕਦੇ ਵੀ ਨਾ ਇਕੱਲਾ, ਗੁਰੂ ਨਾਲ ਸਦਾ ਅੱਲਾ।

ਸਾਧਸੰਗਤ ਜੀ! ਕਿੰਨੀ ਚੜ੍ਹਦੀ ਕਲਾ ਹੈ। ਬੇਮੁਖ ਹੋ ਗਿਆ ਸਾਧਸੰਗਤ ਜੀ, ਇਕੱਲਾ ਨਹੀਂ ਗਿਆ, ਨਾਲ ਜਿਹੜੇ ਬਰਾੜ ਕਹਿੰਦਾ ਸੀ ਮਰਨਗੇ, ਉਨ੍ਹਾਂ ਨੂੰ ਸਾਰਿਆਂ ਨੂੰ ਨਠਾ ਕੇ ਲੈ ਗਿਆ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਬੇਮੁਖ ਹੋ ਗਿਆ ਗੁਰਾਂ ਤੋਂ ਮਤਹੀਣਾ।***
***ਤੋੜ ਕੇ ਪਿਆਰ ਭੱਜਿਆ।***

ਪਾਤਸ਼ਾਹ! ਡੱਲਾ ਸਿੰਘ ਵੀ ਨੱਠ ਗਿਆ। ਕਹਿੰਦੇ, ਡੱਲਾ ਸਿੰਘ ਤਾਂ ਸਾਡੇ ਤੋਂ ਪੀੜ੍ਹੀ ਜੋਗਾ ਥਾਂ ਮੰਗਦਾ ਸੀ, ਸਾਡੇ ਚਰਨਾਂ 'ਚ। ਹੈਂ! ਡੱਲਾ ਸਿੰਘ ਵੀ ਨੱਠ ਗਿਆ। ਮਹਾਰਾਜ ਕਹਿੰਦੇ ਮੱਤ ਮਾਰੀ ਗਈ। ਪਿਆਰ ਟੁੱਟ ਗਿਆ, ਭਰੋਸਾ ਟੁੱਟ ਗਿਆ।

ਆਪ ਦੇ ਅੰਦਰ ਕਪਟ ਪਿਆ ਹੋਇਆ ਹੈ, ਬਾਹਰ ਸਾਰਿਆਂ ਦੇ ਵਿਚ ਕਪਟ ਹੀ ਕਪਟ ਦੇਖਦਾ ਹੈ। ਆਪ ਹਿੱਲ ਗਿਆ, ਸਭ ਨੂੰ ਹਿੱਲਿਆ ਹੋਇਆ ਦੇਖਦਾ ਹੈ।

ਮਹਾਰਾਜ ਰਾਮ ਸਿੰਘ ਨੂੰ ਕਹਿਣ ਲੱਗੇ, ਰਾਮ ਸਿੰਘਾ! ਦੇਖ ਅਸੀਂ ਡੱਲਾ ਸਿੰਘ ਨੂੰ ਕਿੰਨੀ ਵਾਰੀ ਬਚਨ ਕਰਿਆ ਹੈ ਕਿ ਤੈਨੂੰ ਅਸੀਂ ਦਿੱਲੀ ਦੀ ਰਾਜਗੱਦੀ ਦਿਵਾ ਦਿੰਦੇ ਹਾਂ। ਤੁਰਕਾਂ ਦਾ ਨਾਸ਼ ਅਸੀਂ ਆਪਣੇ ਬਲ ਦੇ ਨਾਲ ਕਰ ਦਿੰਦੇ ਹਾਂ ਤੇ ਤੇਰੇ 'ਤੇ ਅਸੀਂ ਐਨੇ ਪ੍ਰਸੰਨ ਹਾਂ ਕਿ ਤੂੰ ਦਿੱਲੀ ਦੇ ਤਖਤ 'ਤੇ ਬੈਠ ਜਾ। ਜਿਹੜਾ ਕੰਮ ਬੰਦਾ ਸਿੰਘ ਬਹਾਦਰ ਤੋਂ ਕਰਾਇਆ ਹੈ। ਉਹ ਮਹਾਰਾਜ ਨੇ ਡੱਲਾ ਸਿੰਘ ਤੋਂ ਕਰਾਉਣਾ ਸੀ ਸਾਰਾ ਤੇ ਦਿੱਲੀ ਦੇ ਤਖਤ 'ਤੇ ਬਿਠਾ ਦੇਣਾ ਸੀ। ਰਾਜ ਬਦਲ ਜਾਣਾ ਸੀ। ਕਹਿੰਦੇ, ਅਸੀਂ ਤਾਂ ਬੜੀਆਂ ਬਰਕਤਾਂ ਦਿੰਦੇ ਸੀ, ਦਰਗਾਹ ਦੀਆਂ ਵੀ ਬਰਕਤਾਂ ਦਿੰਦੇ ਸੀ, ਇਹ ਤਾਂ ਪੀੜ੍ਹੀ ਜੋਗਾ ਥਾਂ ਮੰਗਦਾ ਸੀ, ਹੁਣ ਬੇਮੁੱਖ ਹੋ ਗਿਆ, ਪਿੱਠ ਦੇ ਕੇ ਨੱਠ ਗਿਆ ਇਹ ਵੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਬਚਨ ਕਰਦੇ ਨੇ। ਇਹੋ ਜਿਹੇ ਮੌਕਿਆਂ 'ਤੇ ਵੱਡੇ-ਵੱਡੇ ਡੋਲ ਜਾਇਆ ਕਰਦੇ ਨੇ, ਜਦੋਂ ਸਾਥੀ ਸਾਥ ਛੱਡ ਜਾਣ। ਜਿਹੜੇ ਭਰੋਸੇ ਵਾਲੇ ਬੰਦੇ ਹੁੰਦੇ ਨੇ, ਜਿਸ ਉਤੇ ਸਭ ਤੋਂ ਜ਼ਿਆਦਾ ਭਰੋਸਾ ਹੁੰਦਾ ਹੈ, ਉਹ ਪਿੱਠ ਫੇਰ

ਜਾਵੇ, ਉਸ ਵੇਲੇ ਵੱਡੇ-ਵੱਡੇ ਮਹਾਂਪੁਰਸ਼ ਹੋਏ ਨੇ ਉਨ੍ਹਾਂ ਨੂੰ ਵੀ ਕੋਈ ਨਾ ਕੋਈ ਫਰਕ ਪਿਆ ਹੈ।

ਮਨਸੂਰ ਨੂੰ ਹੁਕਮ ਹੋ ਗਿਆ ਕਿ ਇਹਨੂੰ ਸੂਲੀ ਚਾੜ੍ਹਨਾ ਹੈ। ਸ਼ਹਿਰ ਵਿਚੋਂ ਦੀ ਲੰਘਾਓ ਤੇ ਸਾਰਾ ਸ਼ਹਿਰ ਇਹਦੇ ਪੱਥਰ ਮਾਰੇ। ਪੱਥਰ ਮਾਰਦੇ ਨੇ, ਜਦੋਂ ਪੱਥਰ ਲਗਦਾ ਹੈ ਉੱਚੀ-ਉੱਚੀ ਹਸਦਾ ਹੈ। ਪੱਥਰ ਨੂੰ ਬ੍ਰਹਮ ਰੂਪ ਦੇਖਦਾ ਹੈ। ਜਿਸ ਵਕਤ ਚਲਦੇ-ਚਲਦੇ ਸ਼ਿਵਲੀ ਦੇ ਕੋਲ ਦੀ ਲੰਘਣ ਲੱਗੇ, ਜੋ ਇਹਦਾ ਮਿੱਤਰ ਸੀ ਤੇ ਬ੍ਰਹਮਗਿਆਨ ਦਾ ਰੋਜ਼ ਜਿਹਦੇ ਨਾਲ ਵਿਚਾਰ-ਵਟਾਂਦਰਾ ਹੁੰਦਾ। ਉਹਨੂੰ ਆ ਗਿਆ ਕਿ ਜੇ ਮੈਂ ਨਾ ਪੱਥਰ ਮਾਰਿਆ ਤਾਂ ਮੈਨੂੰ ਸਜ਼ਾ ਮਿਲੇਗੀ। ਇਕ ਗੁਲਾਬ ਦਾ ਫੁੱਲ ਹਲਕਾ ਜਿਹਾ, ਇੱਕ ਕਲੀ ਤੋੜ ਲਿਆਇਆ ਚਮੇਲੀ ਦੀ। ਸਾਰੇ ਮਾਰਦੇ ਨੇ, ਉਹਨੇ ਵੀ ਉਸੇ ਤਰ੍ਹਾਂ ਮਾਰਿਆ ਤੇ ਚਮੇਲੀ ਦਾ ਫੁੱਲ ਉਹਦੇ ਜਾ ਕੇ ਲੱਗਿਆ। ਮਨਸੂਰ ਉੱਚੀ-ਉੱਚੀ ਰੋਣ ਲਗ ਗਿਆ। ਉਸ ਵੇਲੇ ਹੈਰਾਨ ਹੁੰਦਾ ਹੈ ਕਿ ਮਨਸੂਰ ਪੱਥਰ ਮਾਰਿਆਂ ਤੇ ਹਸਦਾ ਹੈ ਤੇ ਮੇਰੇ ਫੁੱਲ ਨਾਲ ਰੋਇਆ। ਕਹਿੰਦਾ, ਮਨਸੂਰ ਮੇਰੇ ਫੁੱਲ ਨਾਲ ਕਿਉਂ ਰੋਇਆ। ਕਹਿੰਦਾ, ਮਿੱਤਰਾ! ਤੂੰ ਮੇਰਾ ਭੇਤੀ ਸੀ, ਤੈਨੂੰ ਇਸ ਰਮਜ਼ ਦੀ ਸਮਝ ਸੀ ਕਿ 'ਅਨਹਲ ਹੱਕ ਬਿਗੋ'। 'ਅਹੰ ਬ੍ਰਹਮ ਅਸਮੀ' ਤੂੰ ਪੂਰੀ ਤਰ੍ਹਾਂ ਜਾਣਦਾ ਸੀ। ਮਿੱਤਰਾ! ਮਿੱਤਰਾਂ ਦੇ ਫੁੱਲ ਵੱਡੀ ਮਾਰ ਹੋਇਆ ਕਰਦੀ ਹੈ ਤੇ ਵੈਰੀਆਂ ਦੀਆਂ ਗੋਲੀਆਂ ਕੁਛ ਨਹੀਂ ਵਿਗਾੜ ਸਕਿਆ ਕਰਦੀਆਂ। ਮਿੱਤਰ ਦਾ ਫੁੱਲ ਗੋਲੀ ਤੋਂ ਜ਼ਿਆਦਾ ਮਾਰ ਕਰਿਆ ਕਰਦਾ। ਤੂੰ ਤਾਂ ਮੇਰਾ ਦਿਲ ਤੋੜ ਦਿਤਾ, ਤੇਰੇ 'ਤੇ ਮੈਨੂੰ ਬੜਾ ਭਰੋਸਾ ਸੀ ਕਿ ਸਾਰੇ ਸ਼ਹਿਰ 'ਚੋਂ ਇਕ ਬੰਦਾ ਤਾਂ ਨਿਤਰੇਗਾ, ਜਿਹੜਾ ਇਸ ਗੱਲ ਨਾਲ ਸਹਿਮਤ ਹੋਏਗਾ। ਪਰ ਤੂੰ ਵੀ ਬਹਿ ਗਿਆ। ਅਫਸੋਸ ਹੋਇਆ ਬਹੁਤ ਜ਼ਬਰਦਸਤ।

ਈਸਾ ਜੀ ਦੇ ਨਾਲ ਫੜੇ ਗਏ, ਬਾਰ੍ਹਾਂ ਮੁਖੀ ਚੇਲੇ ਸੀਗੇ ਤੇ ਸਭ ਤੋਂ ਵੱਡਾ ਜਿਹੜਾ ਚੇਲਾ ਸੀ। ਜਿਵੇਂ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਗੁਰੂ ਅੰਗਦ ਸਾਹਿਬ ਦਾ ਸਬੰਧ ਸੀ ਐਨਾ ਹੀ ਸਬੰਧ ਸੀ। ਉਹਦਾ ਨਾਉਂ ਪੀਟਰ ਸੀ। ਉਹ ਪੀਟਰ ਕੈਦ ਵਿਚ ਸੀਗਾ। ਉਥੇ ਅਰਦਾਸ ਕਰਦਾ ਸੀ ਕਿ ਹੇ ਪ੍ਰਭੂ! ਤੁਸੀਂ ਮੈਨੂੰ ਕੈਦ ਤੋਂ ਛੁਡਾ ਦਿਓ। ਉਸ ਵੇਲੇ ਈਸਾ ਜੀ ਨੇ ਸੱਤ ਤਾਲੇ ਉਹਦੇ ਤੋੜ ਦਿਤੇ ਸ਼ਕਤੀ ਨਾਲ ਤੇ ਦਰਵਾਜ਼ੇ ਖੋਲ੍ਹ ਦਿਤੇ ਤੇ ਅਵਾਜ਼ ਦਿਤੀ ਕਿ ਪੀਟਰ! ਨਿਕਲ ਆ ਇਨ੍ਹਾਂ ਦਰਵਾਜ਼ਿਆਂ ਦੇ ਵਿਚੋਂ। ਸਾਰੇ ਕੌਤਕ, ਸਾਰੀ ਸ਼ਕਤੀ ਅੱਖਾਂ ਨਾਲ ਦੇਖ ਕੇ ਤੇ ਮੁਖੀ ਚੇਲਾ ਬਣ ਗਿਆ। ਹਰ ਵਕਤ ਨਾਲ ਰਹਿੰਦਾ ਹੈ ਜਿਵੇਂ ਗੁਰੂ ਦਸ਼ਮੇਸ਼ ਪਿਤਾ ਦੇ ਨਾਲ ਹਰ ਵਕਤ ਭਾਈ ਦਇਆ ਸਿੰਘ ਜੀ ਰਹਿੰਦੇ ਸੀ। ਜਿਸ ਵਕਤ ਯਹੂਦੀਆਂ ਨੇ ਇਸਨੂੰ ਫੜ ਲਿਆ। ਉਸ ਵੇਲੇ ਮੁਕੱਦਮੇ ਦੀ ਸੁਣਵਾਈ ਹੋਣ ਲੱਗੀ, ਕਹਿਣ ਲੱਗੇ, ਸਫਾਈ ਦਾ ਕੋਈ ਗਵਾਹ ਲਿਆ। ਕੋਈ ਹੈ ਤੇਰਾ?

ਈਸਾ ਜੀ ਨੇ ਬਾਰ੍ਹਾਂ ਚੇਲਿਆਂ ਵਲ ਇਸ਼ਾਰਾ ਕਰਿਆ, ਸੂਲੀ ਦੇ ਉਤੇ ਚਾੜ੍ਹਿਆ ਜਾ ਰਿਹਾ ਹੈ ਉਨ੍ਹਾਂ ਨੂੰ। ਬਾਰ੍ਹਾਂ ਚੇਲੇ ਹੇਠਾਂ ਖੜ੍ਹੇ ਨੇ, ਪੁੱਛਣਾ ਸ਼ੁਰੂ ਕਰਿਆ ਕਿ ਤੁਸੀਂ ਜਾਣਦੇ ਓਂ? ਕਹਿੰਦੇ, ਨਾ ਜੀ ਅਸੀਂ ਤਾਂ

ਜਾਣਦੇ ਨਹੀਂ। ਗਿਆਰ੍ਹਾਂ ਨੇ ਜਵਾਬ ਦੇ ਦਿਤਾ ਤੇ ਈਸਾ ਜੀ ਦਾ ਖਿਆਲ ਸੀ ਕਿ ਪੀਟਰ ਨਹੀਂ ਕਹਿ ਸਕਦਾ। ਜਦੋਂ ਪੀਟਰ ਨੂੰ ਪੁੱਛਿਆ ਕਿ ਤੂੰ ਇਹਨੂੰ ਜਾਣਦਾ ਹੈਂ। ਕਹਿਣ ਲੱਗਿਆ, ਮੈਂ ਦੇਖਿਆ ਤਾਂ ਹੈ, ਇਹਦੇ ਸਤਿਸੰਗ ਹੁੰਦੇ, ਮੈਂ ਕਦੇ-ਕਦੇ ਆਉਂਦਾ ਹੁੰਦਾ ਸੀ। ਮੁਕਰ ਗਿਆ, ਉਸ ਵੇਲੇ ਈਸਾ ਜੀ ਦਾ ਦਿਲ ਟੁੱਟ ਗਿਆ, ਸਾਧਸੰਗਤ ਜੀ। ਕਹਿਣ ਲੱਗਿਆ, ਪੀਟਰ! ਤੂੰ ਵੀ ਮੈਨੂੰ ਜਵਾਬ ਦੇ ਗਿਆ। ਕਹਿਣ ਲੱਗੇ, ਛੇਤੀ ਕਰੋ, ਹੁਣ ਮੈਨੂੰ ਸੂਲੀ 'ਤੇ ਚਾੜ੍ਹੋ। ਵੱਡਿਆਂ-ਵੱਡਿਆਂ ਦੇ ਦਿਲ ਟੁੱਟੇ ਨੇ।

ਜੂਲੀਅਟ ਸੀਜ਼ਰ ਇਕ ਬਹੁਤ ਵੱਡਾ ਯੋਧਾ ਹੋਇਆ ਹੈ ਤੇ ਉਸਨੇ ਸਾਰੇ ਯੂਰਪ 'ਤੇ ਕਬਜ਼ਾ ਕਰ ਲਿਆ। 400 ਸੰਮਤ ਦੀ ਗੱਲ ਹੈ ਇਹ। ਇੰਗਲੈਂਡ 'ਤੇ ਵੀ ਕਬਜ਼ਾ ਕਰ ਲਿਆ, ਜਰਮਨੀ 'ਤੇ ਵੀ, ਸਾਰਿਆਂ 'ਤੇ ਕਰ ਲਿਆ। ਅਖੀਰ ਉਹਦੇ ਜਰਨੈਲਾਂ ਨੇ ਸਾਜਿਸ਼ ਕਰੀ ਕਿ ਇਸਨੂੰ ਕਤਲ ਕਰ ਦਿਤਾ ਜਾਵੇ। ਉਸਨੂੰ ਇਕ ਜਰਨੈਲ ਦੇ ਉਤੇ ਹੱਦ ਤੋਂ ਜ਼ਿਆਦਾ ਭਰੋਸਾ ਸੀ ਉਹਦਾ ਨਾਉਂ ਸੀ ਬਰੂਟਸ। ਬਈ ਸਾਰੀ ਦੁਨੀਆਂ ਏਧਰ ਹੋ ਜਾਏ, ਸੂਰਜ ਪੱਛਮ 'ਚੋਂ ਚੜ੍ਹਨ ਲਗ ਜਾਏ, ਪੂਰਬ 'ਚ ਜਾਣ ਲੱਗ ਜਾਏ ਪਰ ਜਿਹੜਾ ਬਰੂਟਸ ਹੈ ਇਹ ਜਰਨੈਲ ਮੈਨੂੰ ਧੋਖਾ ਨਹੀਂ ਦੇ ਸਕਦਾ। ਹਰ ਵਕਤ ਨਾਲ ਰਖਦਾ ਸੀ। ਰਾਤ ਨੂੰ ਜਦੋਂ ਸਾਜਿਸ਼ ਕਰੀ ਤਾਂ ਸ਼ਾਹੀ ਮਹੱਲ ਦੇ ਦਰਵਾਜ਼ੇ ਖੋਲ੍ਹੇ ਗਏ, ਸਾਜਿਸ਼ ਦੇ ਨਾਲ। ਜੂਲੀਅਟ ਸੀਜ਼ਰ ਅੰਦਰ ਚਲੇ ਗਏ ਬੈਡਰੂਮ ਦੇ ਅੰਦਰ। ਕੀ ਦੇਖਦਾ ਹੈ ਸਾਰੇ ਜਰਨੈਲ ਪਛਾਣ ਲਏ ਕਿ ਆਹ ਵੀ, ਆਹ ਵੀ। ਆਪਣੇ ਸ਼ਸਤਰ ਚੁੱਕ ਲਏ ਉਸ ਨੇ ਮੁਕਾਬਲਾ ਕਰਨ ਵਾਸਤੇ। ਜਿਸ ਵਕਤ ਬਰੂਟਸ ਨੂੰ ਉਨ੍ਹਾਂ ਦੇ ਵਿਚ ਖੜ੍ਹਾ ਦੇਖਿਆ, ਕਹਿਣ ਲੱਗਿਆ, ਬਰੂਟਸ ਤੂੰ ਵੀ ਇਨ੍ਹਾਂ ਦੇ ਨਾਲ ਰਲ ਗਿਆ। ਤੂੰ ਵੀ ਮੈਨੂੰ ਧੋਖਾ ਦੇ ਦਿਤਾ, ਤੇਰੇ ਉਤੇ ਤਾਂ ਮੈਨੂੰ ਹੱਦ ਤੋਂ ਜ਼ਿਆਦਾ ਇਤਬਾਰ ਸੀ। ਤੈਨੂੰ ਤਾਂ ਮੈਂ ਇਹ ਸਮਝਦਾ ਸੀ ਕਿ ਤੂੰ ਮੇਰੇ ਨਾਲ ਜ਼ਿੰਦਗੀ ਦੇਵੇਂਗਾ। ਤੇਰੇ ਸਾਹ ਮੇਰੇ ਸਾਹ ਇਕੱਠੇ, ਤੇਰਾ ਸਰੀਰ ਤੇ ਮੇਰਾ ਸਰੀਰ ਇਕੱਠਾ, ਮੈਨੂੰ ਤੂੰ ਧੋਖਾ ਦੇ ਦਿਤਾ। ਉਸ ਵੇਲੇ ਸ਼ਸਤਰ ਸੁੱਟ ਦਿਤੇ, ਕਤਲ ਹੋਣ ਵਾਸਤੇ ਤਿਆਰ ਹੋ ਗਿਆ। ਐਨਾ ਦਿਲ ਟੁੱਟਿਆ ਸਾਧਸੰਗਤ ਜੀ।

ਸੋ ਗੁਰੂ ਦਸ਼ਮੇਸ਼ ਪਿਤਾ! ਕਿੰਨੇ ਮੌਕੇ ਆਏ ਪਾਉਂਟਾ ਸਾਹਿਬ ਦੀ ਲੜਾਈ ਵੇਲੇ। ਪੰਜ ਸੌ ਪਠਾਣ ਲੜਾਈ ਦੇ ਵਿਚੋਂ ਨੱਠ ਗਏ। ਅਨੰਦਪੁਰ ਸਾਹਿਬ ਵਿਚੋਂ ਸੈਂਕੜੇ ਬੰਦੇ ਬੇਦਾਵਾ ਦੇ ਕੇ ਨੱਠ ਜਾਂਦੇ ਨੇ। ਪਰ ਗੁਰੂ ਦਸ਼ਮੇਸ਼ ਪਿਤਾ ਚੜ੍ਹਦੀ ਕਲਾ 'ਚ ਨੇ। ਜੇ ਇਕੱਲੇ ਰਹਿ ਗਏ ਤਾਂ ਵੀ ਚੜ੍ਹਦੀ ਕਲਾ 'ਚ ਰਹੇ।

ਵੱਡੇ-ਵੱਡੇ ਜਰਨੈਲ ਹੋਏ ਨੇ। ਬੋਇਰ ਇਕ ਕੌਮ ਹੈ ਉਹਦੇ ਜਰਨੈਲ ਮਸ਼ਹੂਰ ਸੀ। ਵੱਡਾ ਭਾਰਾ ਯੁੱਧ ਉਨ੍ਹਾਂ ਨੇ ਕੀਤਾ ਤੇ ਅਖੀਰ ਉਹ ਘਿਰ ਗਏ। ਘਿਰੇ ਹੋਇਆ ਨੇ ਜਦ ਦੇਖਿਆ ਕਿ ਅਸੀਂ ਹੁਣ ਨਿਕਲ ਨਹੀਂ ਸਕਦੇ। ਹਥਿਆਰ ਸੁੱਟ ਦਿਤੇ।

ਪਰ ਗੁਰੂ ਗੋਬਿੰਦ ਸਿੰਘ ਮਹਾਰਾਜ ਚਮਕੌਰ 'ਚ ਘਿਰੇ ਹੋਏ, ਅਨੰਦਪੁਰ ਸਾਹਿਬ 'ਚ ਘਿਰੇ ਹੋਏ, ਹਥਿਆਰ ਨਹੀਂ ਸੁੱਟੇ, ਆਖਰੀ ਦਮ ਤਕ ਸ਼ਹੀਦੀ ਪ੍ਰਾਪਤ ਕਰਨ ਵਾਸਤੇ ਤਿਆਰ ਰਹੇ।

ਨਪੋਲੀਅਨ ਬੋਨਾਪਾਟ ਨੇ ਸਾਰੀ ਦੁਨੀਆਂ ਨੇ ਕੰਬਾ ਦਿਤੀ। ਜਦੋਂ ਵਾਟਰਲੂ ਦੀ ਲੜਾਈ ਵਿਚ ਹਾਰ ਹੋਈ ਘਿਰ ਗਿਆ, ਬੇਅੰਤ ਸਿਪਾਹੀ ਸਨ,ਹਥਿਆਰ ਸੁੱਟ ਦਿਤੇ।

ਬੰਗਲਾ ਦੇਸ਼ ਦੇ ਵਿਚ ਸਾਰਿਆਂ ਨੂੰ ਪਤਾ ਹੈ। ਸਵਾ ਲੱਖ ਸਿਪਾਹੀ ਨੇ, ਜਰਨੈਲਾਂ ਨੇ ਹਥਿਆਰ ਸੁੱਟੇ, ਹਾਲਾਂਕਿ ਜੀਉਂਦੇ ਜਾਗਦੇ ਸੀ। ਪਰ ਇਹ ਚਾਲੀ ਸਿੰਘ ਹਥਿਆਰ ਸੁੱਟੇ ਇਨ੍ਹਾਂ ਨੇ? ਇਕ ਵੀ ਸਿੰਘ ਹਥਿਆਰ ਨਹੀਂ ਸੁੱਟਦਾ। ਗੁਰੂ ਦਸ਼ਮੇਸ਼ ਪਿਤਾ ਆਉਂਦੇ ਨੇ ਗੁਲਾਬੇ ਮਸੰਦ ਦੇ ਉਤੇ ਬੜਾ ਭਰੋਸਾ ਹੈ ਕਿ ਮਾਛੀਵਾੜੇ ਚੱਲੀਏ ਤੇ ਉਥੇ ਜਿਹੜੇ ਜ਼ਖਮ ਹੋ ਗਏ ਨੇ। ਪੈਰਾਂ ਵਿਚ ਛਾਲੇ ਪੈ ਗਏ ਨੇ, ਦੋ ਦਿਨ ਠਹਿਰਾਂਗੇ ਤੇ ਗੁਲਾਬੇ ਦੇ ਪਾਸ ਆਰਾਮ ਕਰਾਂਗੇ। ਭਾਈ ਦਇਆ ਸਿੰਘ ਤੇ ਹੋਰ ਸਿੰਘਾਂ ਦੇ ਸਮੇਤ ਉਥੇ ਆ ਜਾਂਦੇ ਨੇ। ਬੜੀ ਸੇਵਾ ਕੀਤੀ, ਨਾਲ ਦੀ ਨਾਲ ਕਿਹਾ ਸੱਚੇ ਪਾਤਸ਼ਾਹ! ਰਹੋ ਨਾ ਤੁਸੀਂ ਇਥੋਂ ਚਲੇ ਜਾਓ। ਕਿਉਂਕਿ ਜੇ ਰਹੇ ਮੇਰਾ ਘਰ ਬਾਰ ਲੁੱਟਿਆ ਜਾਏਗਾ। ਮੈਂ ਮਾਰਿਆ ਜਾਵਾਂਗਾ।

ਕਹਿੰਦੇ, ਗੁਲਾਬਿਆ! ਤੇਰੇ 'ਤੇ ਤਾਂ ਅਸੀਂ ਬੜੀ ਆਸ ਕਰਕੇ ਆਏ ਸੀ ਕਿ ਤੂੰ ਤਾਂ ਸਾਡੀ ਰਮਜ਼ ਦਾ ਭੇਤੀ ਹੈਂ ਤੇ ਤੂੰ ਵੀ ਸਾਥ ਛੱਡ ਗਿਆ, ਜਵਾਬ ਦੇ ਦਿਤਾ।

ਸੋ ਇਸ ਤਰ੍ਹਾਂ ਇਹ ਮੌਕਾ ਹੁੰਦਾ ਹੈ ਸਾਧਸੰਗਤ ਜੀ। ਗੁਰੂ ਦਸ਼ਮੇਸ਼ ਪਿਤਾ ਨੂੰ ਸਭ ਤੋਂ ਭਰੋਸੇ ਵਾਲਾ ਜਿਹੜਾ ਬੰਦਾ ਸੀ ਭਾਈ ਡੱਲਾ ਸਿੰਘ, ਜਿਸ ਦੇ ਉਤੇ ਵੱਡੀਆਂ-ਵੱਡੀਆਂ ਬਰਕਤਾਂ, ਜਿਹਨੂੰ ਰਾਜ ਦੇਣਾ ਚਾਹੁੰਦੇ ਸੀ, ਧੋਖਾ ਦੇ ਕੇ ਨਿਕਲ ਜਾਂਦਾ ਹੈ।

ਦਿਨ ਦੂਸਰਾ ਚੜ੍ਹ ਜਾਂਦਾ ਹੈ, ਅਗਲੀ ਮੰਜ਼ਲ 'ਤੇ ਚਲੇ ਜਾਂਦੇ ਨੇ। ਸਵੇਰੇ ਹੀ ਖਬਰ ਹੋਈ ਕਿ ਸੱਚੇ ਪਾਤਸ਼ਾਹ! ਰਾਮ ਸਿੰਘ ਵੀ ਆਪਣੇ ਸਾਥੀਆਂ ਨੂੰ ਲੈ ਕੇ ਨੱਠ ਗਿਆ। ਕਹਿੰਦੇ ਰਾਮ ਸਿੰਘ! ਭਾਈ ਭਗਤੂ ਦੀ ਓਲਾਦ, ਪੜੋਤਾ। ਇਹਦੇ ਨਾਲ ਤਾਂ ਗੁਰੂ ਘਰ ਦਾ ਮੁੱਢ ਤੋਂ ਸਬੰਧ ਹੈ। ਜਾਗੀ ਹੋਈ ਰੂਹ ਹੈ, ਬੰਦਗੀ ਕਰਨ ਵਾਲਾ ਹੈ। ਇਹਦੇ ਪਿਤਾ ਨੇ ਤਾਂ ਸਰੀਰ ਦਿਤਾ ਹੈ ਗੁਰੂ ਸੱਤਵੇਂ ਪਾਤਸ਼ਾਹ ਨੂੰ, ਇਕ ਬ੍ਰਾਹਮਣ ਦੇ ਲੜਕੇ ਨੂੰ ਜੀਉਂਦਾ ਕਰਨ ਵਾਸਤੇ। ਕਹਿੰਦੇ, ਰਾਮ ਸਿੰਘ ਵੀ ਭੱਜ ਗਿਆ? ਕਹਿੰਦੇ, ਹਾਂ। ਸੋ ਸਵਾਰ ਨੂੰ ਹੁਕਮ ਦਿਤਾ ਕਿ ਰਾਮ ਸਿੰਘ ਨੂੰ ਮੋੜ ਕੇ ਲਿਆਓ। ਸਵਾਰ ਚਲਿਆ ਜਾਂਦਾ ਹੈ, ਰਾਮ ਸਿੰਘ ਨੂੰ ਕਿਹਾ, ਰਾਮ ਸਿੰਘਾ! ਗੁਰੂ ਕਲਗੀਧਰ ਪਾਤਸ਼ਾਹ ਤੈਨੂੰ ਬੁਲਾਉਂਦੇ ਹਨ। ਚਲਿਆ ਬੇਸ਼ੱਕ ਜਾਈਂ, ਇੱਕ ਵਾਰੀ ਸਾਨੂੰ ਮੂੰਹ ਤਾਂ ਦਿਖਾਲ ਜਾ। ਇਕ ਗੱਲ ਕਰਨੀ ਹੈ ਤੇਰੇ ਨਾਲ।

ਮੁੜਿਆ ਨਹੀਂ ਹੈ। ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਤਾਂ ਮੁੜਿਆ

ਨਹੀਂ। ਮਹਾਰਾਜ ਕਹਿੰਦੇ, ਫੇਰ ਜਾਹ। ਸਾਡੀ ਸਹੁੰ ਖਲਾ ਉਸਨੂੰ। ਸੁਗੰਧ ਪਾ ਦਿਤੀ। ਫੇਰ ਜਾਂਦਾ ਹੈ ਕਿ ਰਾਮ ਸਿੰਘਾ! ਤੈਨੂੰ ਸੁਗੰਧ ਹੈ ਗੁਰੂ ਦਸ਼ਮੇਸ਼ ਪਿਤਾ ਦੀ, ਇੱਕ ਵਾਰੀ ਮੁੜ ਕੇ ਤੂੰ ਚਲਿਆ ਜਾਹ। ਆਗਿਆ ਲੈ-ਲੈ, ਫੇਰ ਚਲਿਆ ਜਾਈਂ। ਤੇਰਾ ਭਲਾ ਹੈ ਇਸ ਵਿਚ।

ਮਹਾਰਾਜ ਕਹਿੰਦੇ ਨੇ ਕਿ ਭਲਾ ਹੋਵੇ ਉਸ ਦਾ, ਅਸੀਂ ਕੁਝ ਬਚਨ ਕਰਨੇ ਨੇ ਉਸ ਨਾਲ। ਨਹੀਂ ਮੁੜਦਾ। ਅੱਗੇ ਨੂੰ ਵੱਧ ਗਿਆ।

ਕਹਿਣ ਲੱਗੇ ਕਿ ਮਹਾਰਾਜ! ਉਹ ਤਾਂ ਮੁੜਿਆ ਨਹੀਂ।

ਮਹਾਰਾਜ ਕਹਿੰਦੇ, ਆਹ ਸਾਡਾ ਰੁਮਾਲ ਲੈ ਲੈ ਤੇ ਇਹ ਕਹਿ ਦੇਈਂ ਕਿ ਗੁਰੂ ਦਸਵੇਂ ਪਾਤਸ਼ਾਹ ਦੀ ਦਸਤਾਰ ਹੈ, ਧਰਤੀ 'ਤੇ ਰੱਖ ਦੇਈਂ ਤੇ ਉਹਨੂੰ ਕਹਿ ਦੇਈਂ ਕਿ ਦਸਤਾਰ ਦੇ ਉਤੇ ਦੀ ਟੱਪ ਕੇ ਜਾਣਾ ਹੈ ਤਾਂ ਜਾਹ। ਤੇਰੀ ਮਰਜ਼ੀ। ਆਖਰੀ ਜਿਹੜੀ ਸਿਰੇ ਦੀ ਗੱਲ ਹੁੰਦੀ ਹੈ, ਉਹ ਮਹਾਰਾਜ ਨੇ ਕਹਿ ਦਿਤੀ। ਜਿਸ ਵਕਤ ਰੁਮਾਲ ਰੱਖ ਦਿਤਾ, ਕਹਿੰਦੇ ਰਾਮ ਸਿੰਘਾ! ਗੁਰੂ ਕਲਗੀਧਰ ਪਾਤਸ਼ਾਹ ਦੀ ਦਸਤਾਰ ਹੈ, ਇਹਦੇ ਉਤੇ ਦੀ ਟੱਪ ਕੇ ਜਾਣਾ ਹੈ ਤਾਂ ਜਾਹ।

ਆਰਾਮ ਨਾਲ ਘੋੜਾ ਲੰਘਾ ਲੈਂਦਾ ਹੈ ਉਤੇ ਦੀ। ਉਸ ਵੇਲੇ ਬਹੁਤ ਵੱਡੀਆਂ-ਵੱਡੀਆਂ ਗੱਲਾਂ ਕਰਦਾ ਸੀ। ਵਾਪਸ ਆ ਜਾਂਦਾ ਹੈ ਸਿੱਖ। ਸੱਚੇ ਪਾਤਸ਼ਾਹ! ਉਹ ਵੀ ਨੱਠ ਗਿਆ। ਮਹਾਰਾਜ ਕਹਿੰਦੇ, ਉਦੋਂ ਤਾਂ ਕਹਿੰਦੇ ਸੀ ਕਿ ਆਖਰੀ ਦਮ ਤੱਕ, ਜਦੋਂ ਤੱਕ ਸਾਡੇ ਸਰੀਰ ਵਿਚ ਸਵਾਸ ਹੈ, ਤੇਰਾ ਸਾਥ ਨਹੀਂ ਛੱਡਾਂਗੇ -

***ਧਾਰਨਾ- ਜਿਹੜੇ ਕਹਿੰਦੇ ਸੀ ਮਰਾਂਗੇ ਨਾਲ ਗੁਰਾਂ ਦੇ,***
***ਪਿੱਠ ਦੇ ਕੇ ਸਭ ਭੱਜ ਗਏ।***

ਕਹਿੰਦੇ, ਮੁੜਿਆ ਨਹੀਂ ਰਾਮ ਸਿੰਘ?

ਕਹਿੰਦੇ, ਨਾ ਮਹਾਰਾਜ।

ਕਹਿੰਦੇ, ਇਹਦੇ ਉਤੇ ਤਾਂ ਸਾਨੂੰ ਬੜਾ ਵਿਸ਼ਵਾਸ਼ ਸੀ, ਭੇਤੀ ਸੀ ਸਾਰੇ ਭੇਤ ਦੀਆਂ ਗੱਲਾਂ ਇਹਦੇ ਨਾਲ ਕਰਦੇ ਸੀ। ਇਹ ਬੰਦਾ ਵੀ ਸਾਨੂੰ ਧੋਖਾ ਦੇ ਗਿਆ।

ਬੜਾ ਔਖਾ ਸਮਾਂ ਹੁੰਦਾ ਹੈ ਸਾਧਸੰਗਤ ਜੀ! ਜਦੋਂ ਆਪਣੇ ਭਰੋਸੇ ਵਾਲੇ ਬੰਦੇ ਧੋਖਾ ਦੇਣਾ ਸ਼ੁਰੂ ਕਰ ਦੇਣ। ਉਸ ਵੇਲੇ ਮਹਾਰਾਜ ਕਹਿੰਦੇ ਚੰਗਾ, ਘਰ ਨੂੰ ਇਹਨੇ ਪਿਆਰਾ ਕਰਿਆ ਹੈ। ਹੁਣ ਮਹੀਨਾ ਭਰ ਘਰ ਨਾਲ ਟੱਕਰਾਂ ਮਾਰੇਗਾ। ਰਾਮ ਸਿੰਘ ਚਲਿਆ ਜਾਂਦਾ ਹੈ। ਜਦੋਂ ਪਿੰਡ ਪਹੁੰਚਦਾ ਹੈ ਆਪਣੇ, ਪੱਕੇ ਗ੍ਰਾਮ, ਕੋਠੇ, ਉਸ ਵੇਲੇ ਇਹਦਾ ਸਿਰ ਦੁਖਣ ਲੱਗ ਗਿਆ। ਫਤਹਿ ਸਿੰਘ ਨੇ ਕਿਹਾ ਕਿ ਆ ਗਿਆ ਭਰਾ। ਕਹਿੰਦਾ ਹਾਂ ਆ ਗਿਆ। ਕਹਿੰਦਾ, ਬੜਾ ਚੰਗਾ ਹੋਇਆ, ਗੁਰੂ ਤਾਂ ਆਪਾਂ ਨੂੰ ਲੈ ਚਲਿਆ ਸੀ ਦੱਖਣ ਨੂੰ। ਬੇਮੁਖ ਹੋ ਗਏ। ਗੁਰੂ ਤੋਂ ਪਰਤੀਤ ਹਟ ਗਈ। ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਗੁਰੂ ਦੀਆਂ।

ਰਾਮ ਸਿੰਘ ਕਹਿੰਦਾ ਸਿਰ ਦੁਖਦਾ ਹੈ। ਐਨਾ ਜ਼ਿਆਦਾ ਦੁਖਣ ਲਗ ਗਿਆ, ਜੇ ਟੱਕਰ ਮਾਰਦਾ ਹੈ ਕੰਧ ਨਾਲ ਤਾਂ ਆਰਾਮ ਆਉਂਦਾ ਹੈ। ਨਹੀਂ ਤਾਂ ਆਉਂਦਾ ਨਹੀਂ। ਮਹੀਨਾ ਭਰ ਟੱਕਰਾਂ ਮਾਰੀ ਗਿਆ ਤੇ ਅਖੀਰ ਸਿਰ ਫਟ ਗਿਆ ਤੇ ਮਰ ਗਿਆ।

ਸੋ ਕੌਣ ਸੁੱਖ ਪਾਉਂਦਾ ਹੈ ਗੁਰੂ ਨਾਲੋਂ ਕੋਈ ਟੁੱਟ ਕੇ? ਗੁਰੂ ਦੇ ਨਾਲੋਂ ਪਿਆਰ ਤੋੜ ਕੇ ਸੁਖ ਨਹੀਂ ਮਿਲਿਆ ਕਰਦਾ -

***ਧਾਰਨਾ - ਦੁਖ ਬਹੁਤਾ ਪਾਵੇਂਗਾ,***
***ਮੂਰਖਾ ਭੱਜਦੈਂ ਕਿਉਂ ਪਿੱਠ ਦੇ ਕੇ।***

ਪਿੱਠ ਦੇ ਗਏ, ਸੈਂਕੜੇ ਨਹੀਂ, ਬੇਅੰਤ ਗੁਰਸਿੱਖ ਜਿਹੜੇ ਵੱਡੇ-ਵੱਡੇ ਭਰੋਸੇ ਵਾਲੇ ਸੀ, ਇੱਕ-ਇੱਕ ਕਰਕੇ ਸਾਥ ਛੱਡਦੇ ਜਾ ਰਹੇ ਨੇ -

***ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥***
***ਅੰਗ - 1429***

ਸੁੱਖ ਨਹੀਂ ਹੋਇਆ ਕਰਦਾ -

***ਮਨਮੁਖ ਜਨਮੁ ਭਇਆ ਹੈ ਬਿਰਥਾ ਆਵਤ ਜਾਤ ਲਜਾਈ ॥***
***ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥ ਤਿਨ ਸਿਧਿ ਨ ਬੁਧਿ ਭਈ ਮਤਿ ਮਧਿਮ***
***ਲੋਭ ਲਹਰਿ ਦੁਖੁ ਪਾਈ ॥***
***ਗੁਰ ਬਿਹੂਨ ਮਹਾ ਦੁਖੁ ਪਾਇਆ***
***ਜਮ ਪਕਰੇ ਬਿਲਲਾਈ ॥*** ***ਅੰਗ - 1265***

ਪਿੱਠ ਦੇ ਕੇ ਗੁਰੂ ਨੂੰ ਫੇਰ ਕੀ ਸੁੱਖ ਪਾ ਲਏਗਾ? ਭਾਈ ਡੱਲਾ ਘਰ ਪਹੁੰਚ ਜਾਂਦਾ ਹੈ। ਜਾਂਦੇ ਨੂੰ ਹੀ ਬੁਖਾਰ ਚੜ੍ਹ ਗਿਆ। ਇਲਾਜ ਕਰਦੇ ਨੇ ਹੁੰਦਾ ਨਹੀਂ ਹੈ। ਇਕ ਮਹੀਨੇ ਤੋਂ ਬਾਅਦ ਆਸ ਹਟ ਗਈ ਕਿ ਹੁਣ ਅੰਤਮ ਸਵਾਸਾਂ 'ਤੇ ਆ ਜਾਣਾ ਹੈ। ਆਇਆ ਤਾਂ ਘਰ ਨੂੰ ਸੰਭਾਲਣ ਸੀ, ਉਧਰ ਗੁਰੂ ਕਹਿੰਦਾ ਹੈ ਕਿ ਤੈਨੂੰ ਮਹਾਰਾਜਾ ਬਣਾ ਦੇਈਏ, ਰਾਜ ਦੇ ਦੇਈਏ। ਮੋਹ ਕਰਕੇ ਆਇਆ ਸੀ ਪਰਿਵਾਰ ਦਾ। ਪੋਤਾ ਖੇਲ੍ਹਦਾ ਫਿਰਦਾ ਹੈ, ਤੱਕਲਾ ਹੱਥ ਵਿਚ ਹੈ, ਦੌੜੇ ਜਾਂਦੇ ਦੇ ਤੱਕਲਾ ਢਿੱਡ 'ਚ ਵੜ ਗਿਆ ਤੇ ਦਿਲ ਵਿਚੀਂ ਲੰਘ ਗਿਆ, ਉਥੇ ਹੀ ਮਰ ਗਿਆ।

ਦੂਜਾ ਪੋਤਰਾ ਬੜਾ ਹੋਣਹਾਰ ਹੈ, ਡੱਲੇ ਦੇ ਨਾਲ ਹੀ ਉਸਨੂੰ ਬੁਖਾਰ ਚੜ੍ਹਿਆ ਤੇ ਸੀਤਲਾ ਨਿਕਲ ਆਈ, ਡੱਲੇ ਦੇ ਦੇਖਦੇ-ਦੇਖਦੇ ਉਹ ਵੀ ਚੜ੍ਹਾਈ ਕਰ ਗਿਆ। ਉਸ ਤੋਂ ਇੱਕ ਮਹੀਨੇ ਤੋਂ ਬਾਅਦ ਆਪ ਮਰ ਜਾਂਦਾ ਹੈ। ਇਹਦੇ ਦੁਸ਼ਮਣਾਂ ਨੂੰ ਪਤਾ ਲੱਗਿਆ ਕਿ ਡੱਲਾ ਜਿਸਦੀ ਧਾਂਕ ਪਈ ਹੋਈ ਸੀ ਦੂਰ-ਦੂਰ ਤੱਕ ਚੜ੍ਹਾਈ ਕਰ ਗਿਆ, ਹੁਣ ਮੌਕਾ ਹੈ, ਉਨ੍ਹਾਂ ਨੇ ਆ ਕੇ ਹੱਲਾ ਕਰਿਆ, ਕਿਲ੍ਹਾ ਤੋੜ ਲਿਆ, ਸਾਰਾ ਘਰ-ਬਾਰ ਲੁੱਟ ਕੇ ਲੈ ਗਏ।

ਸੁੱਖ ਪਾਇਆ ਫੇਰ ਕੀ? ਇਹ ਤਾਂ ਹੋਈ ਦੁਨੀਆਂ ਦੀ ਗੱਲ। ਦੂਸਰੀ ਗੱਲ ਹੈ ਕਿ ਬੇਮੁੱਖ ਨੂੰ ਦੰਡ ਮਿਲਦਾ ਹੈ, ਵੱਡੀ ਭਾਰੀ ਹੱਤਿਆ ਹੈ।

ਗੁਰੂ ਨਾਨਕ ਨੂੰ ਪੁੱਛਿਆ, ਗੁਰੂ ਨਾਨਕ ਕਹਿੰਦੇ, ਬੇਅੰਤ ਪਾਪੀ ਹਤਿਆਰੇ ਹੋਣ, ਲੱਖਾਂ ਹੀ ਹਤਿਆਰੇ, ਉਨ੍ਹਾਂ ਦੇ ਬਰਾਬਰ ਬੇਮੁੱਖ ਹੋਣ ਦਾ ਪਾਪ ਹੋਇਆ ਕਰਦਾ ਹੈ। ਜਿਹੜੀ ਹੱਤਿਆ ਕਿਤੇ ਨਹੀਂ ਦੁਨੀਆਂ ਭਰ 'ਚ ਲਹਿੰਦੀ-

***ਧਾਰਨਾ - ਤੇਰੀ ਹੱਤਿਆ ਕਿਤੇ ਨਾ ਲਹਿਣੀ,***
***ਬੇਮੁਖ ਹੋ ਗਿਐਂ ਗੁਰਾਂ ਤੋਂ।***

***ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।***
***ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ।***
***ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ।***
***ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।***
***ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।***
***ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥***

***ਭਾਈ ਗੁਰਦਾਸ ਜੀ, ਵਾਰ 34/17***

ਗੁਰੂ ਘਰ ਦੇ ਅੰਦਰ ਬੇਮੁਖ ਹੋ ਜਾਣਾ, ਸਭ ਤੋਂ ਵੱਡਾ ਪਾਪ ਹੈ। ਜਿਸ ਦਾ ਕਿਸੇ ਥਾਂ ਦੇ ਉਤੇ, ਬਗੈਰ ਗੁਰੂ ਦੀ ਪ੍ਰਸੰਨਤਾ ਤੋਂ ਨਹੀਂ ਪਾਪ ਲਹਿਆ ਕਰਦਾ -

***ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥***
***ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥***

***ਅੰਗ - 920***

ਪਾਪੀਆਂ ਨੂੰ ਗਿਣਦੇ ਨੇ ਕਿ - 'ਬਾਮ੍ਹਣ ਗਾਂਈ ਵੰਸ ਘਾਤ ਅਪਰਾਧ ਕਰਾਰੇ।' ਤਿੰਨ ਵੱਡੀਆਂ ਹੱਤਿਆ ਨੇ - ਬ੍ਰਾਹਮਣ ਨੂੰ ਮਾਰ ਦੇਣਾ, ਗਾਂ ਨੂੰ ਮਾਰ ਦੇਣਾ ਤੇ ਵੰਸ ਦਾ ਘਾਤ ਕਰ ਦੇਣਾ। 'ਮਦੁ ਪੀ ਜੂਏ ਖੇਲਦੇ ਜੋਹਨਿ ਪਰਨਾਰੇ।' ਸ਼ਰਾਬਾਂ ਪੀ ਕੇ ਜੂਆ ਖੇਲ੍ਹਦੇ ਨੇ, ਪਰਾਈਆਂ ਇਸਤ੍ਰੀਆਂ ਵਲ ਨਿਗ੍ਹਾ ਰਖਦੇ ਨੇ। 'ਮੁਹਨਿ ਪਰਾਈ ਲਛਮੀ ਠਗ ਚੋਰ ਚਗਾਰੇ।' ਬੇਗਾਨੀ ਮਾਇਆ ਦੇ ਉਤੇ ਮੋਹੇ ਜਾਂਦੇ ਨੇ, ਬੇਅੰਤ ਠੱਗ ਨੇ, ਬੇਅੰਤ ਚੋਰ ਨੇ। 'ਵਿਸਾਸ ਧ੍ਰੋਹੀ ਅਕਿਰਤਘਣਿ ਪਾਪੀ ਹਤਿਆਰੇ।' ਵਿਸ਼ਵਾਸਘਾਤੀ, ਅਕਿਰਤਘਣ, ਧ੍ਰੋਹ ਕਰਨ ਵਾਲੇ, ਵੱਡੇ-ਵੱਡੇ ਹੱਤਿਆ ਕਰਨ ਵਾਲੇ ਪਾਪੀ 'ਲਖ ਕਰੋੜੀ ਜੋੜੀਅਨਿ ਅਣਗਿਣਤ ਅਪਾਰੇ।' ਕਹਿੰਦੇ ਲੱਖ ਕਰੋੜ ਕਿੰਨਾਂ ਹੁੰਦਾ ਹੈ, ਸੌ ਖਰਬ ਜੋੜ ਲਓ ਕਹਿੰਦੇ ਇਹਨੂੰ। ਇਸ ਤੋਂ ਵੀ ਵੱਧ ਜੋੜ ਲਓ। ਕਿੱਡਾ ਪਾਪ ਹੈ, 'ਇਕਤੁ ਲੂਇ ਨ ਪੁਜਨੀ ਬੇਮੁਖ ਗੁਰਦੁਆਰੇ॥' ਬੇਮੁਖ ਦੇ ਇਕ ਲੂੰ ਦੇ ਬਰਾਬਰ ਵੀ ਇਹ ਸਾਰੇ ਪਾਪ ਨਹੀਂ ਪਹੁੰਚਦੇ। ਫੇਰ ਉਹਦੀ ਗਤੀ ਕਿੱਥੋਂ ਹੋ ਜਾਏਗੀ।

ਸੋ ਇਸ ਤਰ੍ਹਾਂ ਜਿਨ੍ਹਾਂ ਦੀਆਂ ਝੂਠੀਆਂ ਪ੍ਰੀਤਾਂ ਹੁੰਦੀਆਂ ਨੇ। ਉਹ ਨਹੀਂ ਨਿਭਿਆ ਕਰਦੀਆਂ -

***ਧਾਰਨਾ - ਝੜ-ਝੜ ਕੇ ਗਿਰਦੇ ਨੇ, ਕੱਚੀਆਂ ਪ੍ਰੀਤਾਂ ਵਾਲੇ।***
***ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਾ ਕਾਰਿ ਨ ਆਈ ॥***

***ਅੰਗ - 1425***

ਕਿਉਂਕਿ ਪਿਆਰ ਗੁਰੂ ਦੇ ਨਾਲ ਜੋੜਦਾ ਹੈ। ਉਸ ਵੇਲੇ ਜੇ ਗਰਜ

ਹੋਵੇ ਵਿਚ ਉਹ ਝੜ ਜਾਇਆ ਕਰਦਾ ਹੈ, ਉਹ ਨਹੀਂ ਨਿਭਿਆ ਕਰਦਾ। ਬੇਅੰਤ ਆਉਂਦੇ ਨੇ ਡੇਰਿਆਂ ਦੇ ਵਿਚ, ਸਾਡੇ ਕੋਲ ਵੀ ਬੇਅੰਤ ਆਉਂਦੇ ਨੇ। ਪਰ ਤੀਬਰ-ਤਮ ਬੈਰਾਗ ਜਿਸਨੂੰ ਹੋ ਗਿਆ ਹੋਵੇ, ਉਹ ਤਾਂ ਲੰਘ ਜਾਂਦਾ ਹੈ। ਬਾਕੀ ਤਾਂ ਵਿਚਾਲੇ ਹੀ ਰਹਿ ਜਾਂਦੇ ਨੇ। ਆਇਆ ਕਰਦੇ ਨੇ, ਮੈਂ ਪੁੱਛਦਾ ਹੁੰਦਾ ਭਾਈ ਲਖਬੀਰ ਸਿੰਘ ਨੂੰ ਕਿ ਫਲਾਣਾ ਕਿੱਥੇ ਹੈ? ਕਹਿੰਦੇ ਨੇ ਕਿ ਉਹ ਤਾਂ ਚਲਿਆ ਗਿਆ ਜੀ। ਪਹਿਲਾਂ ਉਹ ਤਾਂ ਕਹਿੰਦਾ ਸੀ ਕਿ ਮੈਂ ਇਥੇ ਹੀ ਰਹਿਣਾ ਹੈ, ਮੈਂ ਸਾਰੀ ਜ਼ਿੰਦਗੀ ਇਥੇ ਦੇਣ ਵਾਸਤੇ ਆਇਆ ਹਾਂ। ਪਿਆਰ ਨਹੀਂ ਹੈ ਸਾਧਸੰਗਤ ਜੀ, ਪਿਆਰ ਕੱਚੇ ਹੋਇਆ ਕਰਦੇ ਨੇ। ਅੰਮ੍ਰਿਤ ਛਕ ਲੈਂਦੇ ਨੇ, ਇੱਕ ਬੋਤਲ ਦੇਖ ਕੇ ਗਿਰ ਜਾਂਦੇ ਨੇ ਸ਼ਰਾਬ ਦੀ। ਗੁਰੂ ਨੂੰ ਪਿੱਠ ਦੇ ਦਿੰਦੇ ਨੇ, ਮਨਮੁਖ ਹੋ ਜਾਂਦੇ ਨੇ ਬੇਮੁਖ ਹੋ ਜਾਂਦੇ ਨੇ। ਬੇਮੁਖ ਦਾ ਦੋਸ਼ ਲਗਦਾ ਹੈ। ਬੇਮੁਖ ਨੂੰ ਤਾਂ ਮਹਾਰਾਜ ਕਹਿੰਦੇ ਦੋਸ਼ ਹੀ ਦੋਸ਼ ਹੋਇਆ ਕਰਦਾ ਹੈ। ਜਿਹੋ ਜਿਹਾ ਸੁੱਕਿਆ ਹੋਇਆ ਰੁਖ ਹੁੰਦਾ ਹੈ, ਇਹੋ ਜਿਹਾ ਹੀ ਮਨਮੁਖ ਹੋ ਜਾਇਆ ਕਰਦਾ ਹੈ -

***ਧਾਰਨਾ - ਕੋਈ ਸੁਖ ਨਾ ਮਿਲੇ ਵਿਚ ਜਗ ਦੇ,***
***ਬੇਮੁਖ ਸੁੱਕੇ ਰੁੱਖ ਵਰਗਾ।***

***ਮਖਣੁ ਲਇਆ ਵਿਰੋਲਿਕੈ ਛਾਹਿ ਛੁਟੜਿ ਹੋਈ।***
***ਪੀੜ ਲਈ ਰਸੁ ਗੰਨਿਅਹੁ ਛਿਲੁ ਛੁਹੈ ਨ ਕੋਈ।***
***ਰੰਗੁ ਮਜੀਠਹੁ ਨਿਕਲੈ ਅਢੁ ਲਹੈ ਨ ਸੋਈ।***
***ਵਾਸੁ ਲਈ ਫੁਲਵਾੜੀਅਹੁ ਫਿਰਿ ਮਿਲੈ ਨ ਢੋਈ।***
***ਕਾਇਆ ਹੰਸੁ ਵਿਛੁੰਨਿਆ ਤਿਸੁ ਕੋ ਨ ਸਥੋਈ।***
***ਬੇਮੁਖ ਸੁਕੇ ਰੁਖ ਜਿਉ ਵੇਖੈ ਸਭ ਲੋਈ॥***

***ਭਾਈ ਗੁਰਦਾਸ ਜੀ, ਵਾਰ 34/12***

ਕੋਈ ਪੱਤਾ ਨਹੀਂ, ਕੋਈ ਫਲ ਨਹੀਂ, ਜਿਹੋ ਜਿਹਾ ਸੁੱਕਾ ਰੁਖ ਹੁੰਦਾ ਹੈ ਐਸਾ ਹੀ ਬੇਮੁਖ ਦਾ ਜੀਵਨ ਹੁੰਦਾ ਹੈ। ਸੋ ਇਸ ਕਰਕੇ ਗੁਰੂ ਦੀ ਸਿੱਖੀ ਨੂੰ ਕਮਾਉਣਾ, ਸਾਰੇ ਬਣੇ ਫਿਰਦੇ ਨੇ ਕਿ ਮੈਂ ਉਸ ਤੋਂ ਵੱਧ ਹਾਂ, ਮੈਂ ਉਸ ਤੋਂ ਵੱਧ, ਮੈਂ ਐਨੇ ਪਾਠ ਕਰਦਾ ਹਾਂ, ਮੈਂ ਆਹ ਸੇਵਾ ਕਰਦਾ ਹਾਂ, ਜਦੋਂ ਕਸਵੱਟੀ ਲਗਦੀ ਹੈ ਕੋਈ ਵਿਰਲਾ ਹੀ ਰਹਿ ਜਾਂਦਾ ਹੈ। ਬਾਕੀ ਸਭ ਝੜ-ਝੜ ਜਾਂਦੇ ਨੇ। ਕਿਉਂਕਿ ਸੰਸਾਰ ਗੱਲਾਂ ਵਾਲਾ ਹੀ ਹੈ -

***ਧਾਰਨਾ - ਗੱਲਾਂ ਵਾਲੀ ਦੁਨੀਆਂ ਬਹੁਤੀ,***
***ਚਾਕਰ ਕੋਈ-ਕੋਈ ਹੈ।***

ਵਿਰਲਾ-ਵਿਰਲਾ ਸੇਵਕ ਹੈ, ਇਨ੍ਹਾਂ ਦੇ ਨਾਲ ਹੀ ਭਾਈ ਰੂਪੇ ਦੀ ਸੰਤਾਨ, ਭਾਈ ਧਰਮ ਸਿੰਘ, ਭਾਈ ਪਰਮ ਸਿੰਘ; ਜਿਸ ਵਕਤ ਇਨ੍ਹਾਂ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਮਾਲਵੇ 'ਚ ਆ ਗਏ। ਸਾਹਿਬਜ਼ਾਦੇ ਸ਼ਹੀਦ ਹੋ ਗਏ ਨੇ, ਇਹ ਦਰਸ਼ਨ ਕਰਨ ਆਉਂਦੇ ਨੇ। ਬਹੁਤ ਬੈਰਾਗ ਕਰਦੇ ਨੇ, ਬਾਰ-ਬਾਰ ਕਹਿੰਦੇ ਨੇ ਕਿ ਪਾਤਸ਼ਾਹ! ਤੁਸੀਂ ਬਚਾ ਸਕਦੇ ਸੀ। ਮਹਾਰਾਜ ਬੜਾ ਦਿਲਾਸਾ ਦਿੰਦੇ ਨੇ ਲੇਕਿਨ ਦਿਲਾਸਾ ਕੰਮ ਨਹੀਂ ਦਿੰਦਾ। ਦਿਲੋਂ ਪਿਆਰ ਹੈ, ਚਾਰ ਦਿਨ, ਚਾਰ ਰਾਤਾਂ ਰੋਂਦਿਆਂ ਨੂੰ ਲੰਘ ਗਈਆਂ ਉਨ੍ਹਾਂ ਦੀਆਂ। ਮਹਾਰਾਜ ਨੇ ਕਿਹਾ ਕਿ ਇਸ ਤਰ੍ਹਾਂ ਨਹੀਂ, ਕਿਸੇ ਕੌਤਕ ਨਾਲ ਇਹ ਸਮਝਣਗੇ। ਦੁੱਧ ਲਈਂ ਆ ਰਹੇ ਨੇ, ਸਿਰਾਂ ਦੇ ਉਤੇ ਬਲਟੋਹੀਆਂ

ਨੇ, ਰਸਤੇ 'ਚ ਇਕ ਸਿੰਘ ਮਿਲ ਜਾਂਦਾ ਹੈ। ਉਹਦੇ ਨਾਲ ਵਾਰਤਾਲਾਪ ਚਲਦੀ ਹੈ ਤੇ ਇਕ ਗੱਲ ਕਹਿੰਦੇ ਨੇ ਕਿ ਸ਼ਕਤੀ ਕਿਉਂ ਨਾ ਦਿਖਾਈ ਗੁਰੂ ਸਾਹਿਬ ਨੇ? ਸਾਹਿਬਜ਼ਾਦਿਆਂ ਨੂੰ ਤਾਂ ਬਚਾ ਲੈਣਾ ਸੀ। ਸ਼ਕਤੀ ਦਿਖਾ ਦੇਣੀ ਸੀ, ਸਾਰੀ ਫੌਜ ਨੂੰ ਸੁੰਨ ਕਰ ਦਿੰਦੇ। ਉਹ ਕਹਿੰਦਾ, ਸ਼ਕਤੀਆਂ ਦਿਖਾਉਣੀਆਂ ਨਹੀਂ ਸੀ, ਇਹ ਤਾਂ ਇਵੇਂ ਜਿਵੇਂ ਬਚਿੱਤ੍ਰ ਨਾਟਕ ਹੋ ਰਿਹਾ ਸੀ। ਭਾਣੇ ਦੀ ਖੇਡ ਹੋ ਰਹੀ ਸੀ, ਭਾਣੇ ਦਾ ਮਾਲਕ ਆਪ ਹੀ ਕਰ ਰਿਹਾ ਸੀ। ਜਦੋਂ ਨਾ ਸਮਝੇ, ਸਿੰਘ ਕਹਿਣ ਲੱਗਿਆ ਕਿ ਜੇ ਮੈਨੂੰ ਇਕੱਲੇ ਨੂੰ ਹੁਕਮ ਹੋ ਜਾਵੇ, ਮੈਂ ਸਾਰੀਆਂ ਫੌਜਾਂ ਨੂੰ ਉਥੇ ਹੀ ਸੁਲਾ ਦਿੰਦਾ। ਕਹਿੰਦੇ, ਸਿੰਘਾਂ! ਫੇਰ ਤੂੰ ਜਦ ਕਿੱਥੇ ਗਿਆ ਹੋਇਆ ਸੀ? ਕਹਿੰਦਾ, ਅਸੀਂ ਹੱਥ ਜੋੜ ਕੇ ਗੁਰੂ ਸਾਹਿਬ ਤੋਂ ਆਗਿਆ ਮੰਗਦੇ ਸੀ, ਸਾਡੇ ਤੋਂ ਦੇਖਿਆ ਨਹੀਂ ਸੀ ਜਾਂਦਾ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ। ਬੜੇ ਬੰਦਗੀ ਕਰਨ ਵਾਲੇ ਬ੍ਰਹਮਗਿਆਨੀ, ਮਹਾਂਪੁਰਸ਼ਾਂ ਦੀਆਂ ਸ਼ਹੀਦੀਆਂ ਮੈਦਾਨ-ਏ-ਜੰਗ 'ਚ ਹੋਈਆਂ। ਕਹਿੰਦੇ, ਤੂੰ ਕੀ ਕਰ ਸਕਦਾ ਸੀ, ਫੇਰ ਤੂੰ ਕਰ ਲੈਣਾ ਸੀ? ਤੇਰੇ 'ਚ ਤਾਕਤ ਕਿੰਨੀ ਕੁ ਹੈ? ਕਹਿੰਦਾ, ਮੇਰੇ 'ਚ ਸਾਰੀ ਹੀ ਤਾਕਤ ਹੈ। ਉਸ ਵੇਲੇ ਉਨ੍ਹਾਂ ਦਾ ਭਰਮ ਦੂਰ ਕਰਨ ਵਾਸਤੇ ਜਿਵੇਂ ਕ੍ਰਿਸ਼ਨ ਮਹਾਰਾਜ ਨੇ ਅਰਜਨ ਨੂੰ ਵਿਰਾਟ ਸਰੂਪ ਦਿਖਾਇਆ, ਉਹਨੇ ਵਿਰਾਟ ਸਰੂਪ ਦਿਖਾ ਦਿਤਾ। ਬੱਦਲਾਂ ਤੋਂ ਵੀ ਉੱਚਾ ਹੋ ਗਿਆ। ਉਥੋਂ ਆਵਾਜ਼ ਆਈ, ਸਿੰਘਾਂ ਦਸ ਹੁਣ ਮੈਂ ਲੰਮੀ ਬਾਂਹ ਕਰਕੇ ਚੁੱਕ ਲਿਆਵਾਂ ਔਰੰਗਜ਼ੇਬ ਨੂੰ ਸਣੇ ਤਖਤ ਦੇ। ਐਨੀ ਤਾਕਤ ਹੈ। ਹੈ ਕੋਈ ਜਿਹੜਾ ਮੇਰਾ ਮੁਕਾਬਲਾ ਕਰ ਲਵੇ। ਡਰ ਗਏ ਉਸ ਵੇਲੇ। ਕਹਿੰਦੇ, ਸਿੰਘ ਸਾਹਿਬ ਅਸਲੀ ਹਾਲਤ ਵਿਚ ਆਓ। ਕਹਿੰਦੇ, ਤੁਸੀਂ ਹੋਂ ਕੌਣ? ਕਹਿੰਦੇ ਅਸੀਂ ਸ਼ਹੀਦੀ ਫੌਜਾਂ ਹਾਂ। ਹਰ ਵਕਤ ਬੰਦਗੀ ਕਰਨ ਵਾਲਿਆਂ ਨਾਲ ਤੇ ਗੁਰੂ ਮਹਾਰਾਜ ਜੀਆਂ ਨਾਲ ਅਸੀਂ ਹਰ ਵਕਤ ਨਾਲ ਰਹਿੰਦੇ ਹਾਂ। ਸਾਡੇ ਪਹਿਰੇ ਲੱਗੇ ਰਹਿੰਦੇ ਨੇ-

***ਰੋਗਨ ਤੇ ਅਰ ਸੋਗਨ ਤੇ,***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ,***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰੁ ਦੇ ਕਰਿ,***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੋਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥*** ***(ਸ੍ਵਯੇ ਪਾਤਸ਼ਾਹੀ 10)***

ਸਿੰਘਾਂ ਬੰਦਗੀ ਕਰਨ ਵਾਲਿਆਂ ਦੇ ਦੁਆਲੇ ਸਾਡਾ ਪਹਿਰਾ ਹੁੰਦਾ ਹੈ। ਉਹ ਬੇਪਰਵਾਹ ਹੁੰਦੇ ਨੇ, ਆਪਣੇ ਸਰੀਰ ਤੋਂ, ਆਪਣੀ ਰਾਖੀ ਤੋਂ ਵੀ, ਅਸੀਂ ਰਾਖੀ ਉਨ੍ਹਾਂ ਦੀ ਕਰਦੇ ਹਾਂ। ਉਸ ਵੇਲੇ ਸਮਝ ਆ ਗਈ, ਕਹਿੰਦੇ ਗੁਰੂ ਸਾਹਿਬ ਤਾਂ ਇਕ ਫੁਰਨਾ ਕਰ ਦੇਣ, ਸਭ ਕੁਛ ਹੀ ਖਤਮ ਹੋ ਜਾਂਦਾ ਹੁਣੇ ਹੀ। ਕੀ ਸਮਝਦਾ ਹੈਂ ਤੂੰ ਗੁਰੂ ਸਾਹਿਬ ਨੂੰ। ਉਨ੍ਹਾਂ ਦੀ ਰਜ਼ਾ ਹੈ।

ਇਹ ਧਰਮ ਸਿੰਘ ਤੇ ਪਰਮ ਸਿੰਘ ਗੁਰੂ ਮਹਾਰਾਜ ਦੇ ਨਾਲ ਜਾ

ਰਹੇ ਨੇ। ਹਰ ਰੋਜ਼ ਨਵਾਂ ਪਲੰਘ ਬਣਾ ਕੇ ਦਿੰਦੇ ਨੇ, ਨਵੇਂ ਥਾਂ, ਨਵਾਂ ਪਲੰਘ। ਅੱਜ ਗੁਰੂ ਮਹਾਰਾਜ ਦੇ ਨਾਲ ਰਹੇ ਤੇ ਲੇਟ ਪਹੁੰਚਦੇ ਨੇ। ਮਹਾਰਾਜ ਦੇ ਮਨ ਵਿਚ ਆਇਆ ਕਿ ਅੱਜ ਕਿਵੇਂ ਬਣਾਉਣਗੇ, ਦੇਖੀਏ। ਇਹ ਗਏ, ਛੇਤੀ-ਛੇਤੀ ਜਾ ਕੇ ਇਨ੍ਹਾਂ ਨੇ ਛੋਟੇ-ਛੋਟੇ ਦਰਖਤ ਚਾਰ ਵੱਢੇ, ਜੜ੍ਹਾਂ ਵਲ ਛੇਕ ਪਾਏ, ਉਹ ਪਾਵੇ ਬਣਾ ਦਿਤੇ, ਬਾਂਹੀਆਂ ਉਨ੍ਹਾਂ ਦੀਆਂ ਬਣਾ ਕੇ ਬੇੜ ਨਾਲ ਬੁਣ ਦਿਤੇ। ਉਤੇ ਬਿਸਤਰਾ ਵਿਛਾ ਦਿਤਾ। ਮਹਾਰਾਜ ਜੀ ਜਦੋਂ ਉਤੇ ਬੈਠੇ, ਉੱਚਾ ਹੈ ਥਾਉਂ। ਮਹਾਰਾਜ ਕਹਿੰਦੇ, ਆਹ ਤਾਂ ਬਹੁਤ ਵਧੀਆਂ ਬਣਾ ਦਿਤਾ ਤੂੰ, ਜਿਵੇਂ ਤਖਤ ਹੀ ਹੁੰਦਾ ਹੈ। ਸੇਵਾ 'ਤੇ ਪ੍ਰਸੰਨ ਹੋ ਕੇ ਮਹਾਰਾਜ ਨੇ ਉਨ੍ਹਾਂ ਨੂੰ ਸ਼ਸਤਰ ਬਖਸ਼ ਦਿਤੇ ਨਾਲ ਘੋੜੇ ਬਖਸ਼ ਦਿਤੇ। ਕਹਿੰਦੇ, ਤੁਸੀਂ ਪੈਦਲ ਨਾ ਚੱਲਿਆ ਕਰੋ। ਆਹ ਸ਼ਸਤਰ ਪਏ ਨੇ ਪਹਿਨੋ ਤੇ ਇਹ ਘੋੜੇ ਲੈ ਲਓ। ਅਗਲੀ ਮੰਜ਼ਲ 'ਤੇ ਜਾਂਦੇ ਨੇ, ਉਸ ਤੋਂ ਅਗਲੀ 'ਤੇ ਜਾਂਦੇ ਨੇ। ਇਕ ਸਿੱਖ ਨੇ ਕਿਹਾ, ਪਾਤਸ਼ਾਹ! ਸੱਚੇ ਧਰਮ ਸਿੰਘ ਤੇ ਪਰਮ ਸਿੰਘ ਨੂੰ ਘੋੜੇ ਬਖਸ਼ੇ ਸੀ, ਸ਼ਸਤਰ ਬਖਸ਼ੇ ਸੀ, ਵਰਦੀ ਬਖਸ਼ੀ ਸੀ। ਕਹਿੰਦੇ ਹਾਂ। ਕਹਿੰਦੇ, ਉਹ ਤਾਂ ਪਹਿਨਦੇ ਨਹੀਂ ਮਹਾਰਾਜ। ਕਹਿੰਦੇ, ਕੀ ਕਰਦੇ ਨੇ? ਕਹਿੰਦੇ, ਗੱਠੜੀ ਬੰਨ੍ਹ ਕੇ ਉਨ੍ਹਾਂ ਨੇ ਸਿਰ 'ਤੇ ਰੱਖੀ ਹੋਈ ਹੈ, ਵਿਚੇ ਹੀ ਸ਼ਸਤਰ ਨੇ ਤੇ ਵਸਤਰ ਨੇ, ਘੋੜਿਆਂ 'ਤੇ ਚੜ੍ਹਦੇ ਨਹੀਂ, ਘੋੜਿਆਂ ਦੀਆਂ ਵਾਗਾਂ ਫੜ ਕੇ ਨਾਲ ਹੀ ਨੱਠੇ ਆਉਂਦੇ ਨੇ ਪੈਦਲ ਹੀ, ਪਰ ਘੋੜਿਆਂ 'ਤੇ ਨਹੀਂ ਚੜ੍ਹਦੇ।

ਮਹਾਰਾਜ ਨੇ ਬੁਲਾਏ, ਕਿਹਾ ਸਿੰਘੋ! ਤੁਹਾਨੂੰ ਤਾਂ ਇਹ ਪਹਿਨਣ ਵਾਸਤੇ ਦਿਤੇ ਸੀ?

ਕਹਿੰਦੇ, ਸੱਚੇ ਪਾਤਸ਼ਾਹ! ਅਸੀਂ ਬੜੇ ਹੀ ਵੱਡੇ ਭਾਗਾਂ ਵਾਲੇ ਹਾਂ ਸਾਨੂੰ ਆਪ ਦੇ ਵਸਤਰ ਪ੍ਰਾਪਤ ਹੋਏ ਨੇ। ਇਹ ਤਾਂ ਪਵਿੱਤਰ ਨੇ ਅਸੀਂ ਕਿਵੇਂ ਪਹਿਨ ਲਈਏ ਮਹਾਰਾਜ। ਆਪ ਦੇ ਦਿਤੇ ਹੋਏ ਘੋੜਿਆਂ ਦੇ ਉਤੇ ਅਸੀਂ ਕਿਵੇਂ ਸਵਾਰੀ ਕਰ ਲਈਏ? ਮਹਾਰਾਜ ਬੜੇ ਹੀ ਪ੍ਰਸੰਨ ਹੋਏ ਕਹਿੰਦੇ, ਚੰਗਾ! ਸ਼ਸਤਰ ਜਮ੍ਹਾ ਕਰਵਾ ਦਿਓ। ਘੋੜੇ ਵੀ ਦੇ ਦਿਓ। ਜਾਓ, ਤੁਹਾਨੂੰ ਸ਼ਸਤਰ ਦੀ ਲੋੜ ਨਹੀਂ ਰਹਿਣੀ, ਤੁਹਾਡੀ ਜ਼ੁਬਾਨ ਤਲਵਾਰ ਤੋਂ ਪਹਿਲਾਂ ਕੰਮ ਕਰ ਦਿਆ ਕਰੇਗੀ। ਸਾਡੀਆਂ ਖੁਸ਼ੀਆਂ ਨੇ, ਤੁਹਾਡਾ ਸਿਦਕ ਨਿਭ ਗਿਆ। ਤੁਸੀਂ ਕਸਵੱਟੀ 'ਚ ਪਾਸ ਹੋ ਗਏ, ਤੁਸੀਂ ਹੁਣ ਮੁੜ ਜਾਓ, ਘਰ ਬਾਰ ਸੰਭਾਲੋ ਜਾ ਕੇ। ਖੁਸ਼ੀਆਂ ਕਰ ਦਿਤੀਆਂ, ਜਾਂਦੇ ਨਹੀਂ ਬੜਾ ਹੀ ਵੈਰਾਗ ਕਰਦੇ ਨੇ। ਪਾਤਸ਼ਾਹ! ਅਸੀਂ ਕੀ ਕਰਾਂਗੇ? ਬੜਾ ਮੁਸ਼ਕਲ ਹੋ ਜਾਏਗਾ ਸਾਨੂੰ। ਤੁਹਾਡੇ ਦਰਸ਼ਨਾਂ ਬਿਨਾਂ ਅਸੀਂ ਕਿਵੇਂ ਜੀਵਾਂਗੇ?

ਉਸ ਵੇਲੇ ਮਹਾਰਾਜ ਜੀ ਭੇਜ ਦਿੰਦੇ ਨੇ, ਉਹ ਘਰ ਆ ਜਾਂਦੇ ਨੇ। ਮੰਜ਼ਲਾਂ ਕੱਟਦੇ-ਕੱਟਦੇ, ਕਿੰਨਿਆਂ ਦਿਨਾਂ 'ਚ। ਜਦੋਂ ਘਰ ਆਏ ਤਾਂ ਬਜ਼ੁਰਗ ਭਾਈ ਰੂਪ ਚੰਦ ਦੀ ਉਲਾਦ ਸੀ ਇਹ। ਗੁਰੂ ਛੇਵੇਂ ਪਾਤਸ਼ਾਹ ਵੇਲੇ ਹੋਏ ਨੇ, ਨਰਾਜ਼ ਹੋ ਗਿਆ। ਕਹਿੰਦਾ, ਤੁਸੀਂ ਗੁਰੂ ਨੂੰ ਪਿੱਠ ਦੇ ਕੇ ਆ ਗਏ? ਬੜਾ ਮਾੜਾ ਕੰਮ ਤੁਸੀਂ ਕਰਿਆ। ਘਰ ਨਾ ਵੜਿਓ, ਬਾਹਰ ਰਹੋ, ਮੈਂ ਨਹੀਂ ਵੜਨ ਦੇਣਾ ਤੁਹਾਨੂੰ ਘਰ। ਕਹਿੰਦੇ, ਸਾਨੂੰ ਗੁਰੂ ਮਹਾਰਾਜ ਨੇ ਆਗਿਆ ਨਾਲ ਭੇਜਿਆ ਹੈ। ਬੜੀਆਂ ਬਰਕਤਾਂ ਨਾਲ ਭੇਜਿਆ ਹੈ। ਕਹਿੰਦਾ, ਨਹੀਂ ਮੈਂ ਨਹੀਂ ਵੜਨ ਦੇਣਾ। ਕੋਈ ਨਿਸ਼ਾਨੀ ਹੈ ਤੁਹਾਡੇ ਕੋਲ

ਗੁਰੂ ਦੀ, ਜਿਹੜੀ ਮੈਨੂੰ ਦਿਖਾ ਕੇ ਕਹੋਂ। ਉਸੇ ਵੇਲੇ ਵਾਪਸ ਕਰ ਦਿਤੇ, ਨਾ ਪਾਣੀ ਦਿਤਾ, ਨਾ ਪ੍ਰਸ਼ਾਦਾ ਦਿਤਾ। ਮੰਜ਼ਲਾਂ ਕਟਦੇ-ਕਟਦੇ ਫੇਰ ਗੁਰੂ ਮਹਾਰਾਜ ਨੂੰ ਦੱਖਣ ਦੇ ਰਾਹ 'ਚ ਆ ਕੇ ਮਿਲਦੇ ਨੇ, ਰਾਜਪੂਤਾਨੇ 'ਚ। ਮਹਾਰਾਜ ਕਹਿੰਦੇ, ਧਰਮ ਸਿੰਘਾਂ! ਤੁਸੀਂ ਫੇਰ ਆ ਗਏ। ਸੱਚੇ ਪਾਤਸ਼ਾਹ! ਬਜ਼ੁਰਗ ਘਰ ਨਹੀਂ ਵੜਨ ਦਿੰਦੇ। ਕਹਿੰਦੇ, ਤੁਸੀਂ ਗੁਰੂ ਨੂੰ ਪਿੱਠ ਦੇ ਕੇ ਆ ਗਏ। ਜਿਵੇਂ ਡੱਲੇ ਉਹਨੀਂ ਨੱਠ ਕੇ ਆ ਗਏ, ਰਾਮ ਸਿੰਘ ਉਹਨੀਂ ਆ ਗਏ, ਤੁਸੀਂ ਵੀ ਉਵੇਂ ਆ ਗਏ। ਮਹਾਰਾਜ ਹੋਰ ਪ੍ਰਸੰਨ ਹੋਏ। ਬੜੇ ਵਰ ਦਿਤੇ।

ਗੁਰੂ ਛੇਵੇਂ ਪਾਤਸ਼ਾਹ ਨੇ ਵੀ ਵਰ ਦਿਤੇ ਸੀ। ਉਸ ਵੇਲੇ ਮਹਾਰਾਜ ਜੀ ਨੇ ਆਪਣੀ ਨਿੱਜ ਦੀ ਪੋਥੀ ਜਿਹਦੇ ਉਤੋਂ ਨਿਤਨੇਮ ਕਰਿਆ ਕਰਦੇ ਸੀ, ਪੰਜ ਗ੍ਰੰਥੀ, ਉਹ ਪੋਥੀ ਉਨ੍ਹਾਂ ਨੂੰ ਦਿਤੀ, ਰੁਮਾਲੇ 'ਚ ਵਲੇਟ ਕੇ, ਕਹਿੰਦੇ, ਲੈ ਧਰਮ ਸਿੰਘਾ! ਆਹ ਲੈ ਜਾਓ। ਇਹ ਸਾਡੀ ਨਿਸ਼ਾਨੀ ਤੁਹਾਡੇ ਕੋਲ ਸਦਾ ਕਾਇਮ ਰਹਿਣੀ ਹੈ। ਘਰ ਲਿਆਉਂਦੇ ਨੇ, ਲਿਆ ਕੇ ਗੁਰੂ ਮਹਾਰਾਜ ਦੀ ਦਸਤਖਤਾਂ ਵਾਲੀ ਪੋਥੀ ਦਿਖਾਈ। ਤਾਂ ਉਹ ਰਹੇ। ਅੱਜ ਇਹ ਪੋਥੀ ਭਾਈ ਸਾਹਿਬ ਬਾਗੜੀਆਂ ਦੇ ਘਰ ਪਈ ਹੈ।

ਸੋ ਇਸ ਤਰ੍ਹਾਂ ਦੇ ਨਾਲ ਸਿੱਖੀ ਹੈ ਸਾਧਸੰਗਤ ਜੀ। ਸਿੱਖੀ ਕੋਈ ਸੁਖਾਲੀ ਚੀਜ਼ ਨਹੀਂ ਹੈ। ਇਹਦਾ ਡੇਰਾ ਤਾਂ ਸਿਰ ਤੋਂ ਪਰ੍ਹੇ ਹੁੰਦਾ ਹੈ।

***ਧਾਰਨਾ - ਡੇਰਾ ਨੀਂ ਜਿੰਦੇ ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।***

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***

***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***

***ਇਤੁ ਮਾਰਗਿ ਪੈਰੁ ਧਰੀਜੈ ॥***

***ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - 1412***

ਸੋ ਇਹ ਗੁਰਸਿਖੀ ਜੋ ਹੈ ਸਾਧਸੰਗਤ ਜੀ! ਇਹ ਤਾਂ ਗੁਰੂ ਕੋਲ ਆਪਣਾ ਆਪ ਵੇਚਣਾ ਪੈਂਦਾ ਹੈ। ਜਿਹੜੇ ਵਿਚ-ਵਿਚਾਲੇ ਨੇ, ਆਪਣੇ ਮਨ ਦੀ ਮਰਜ਼ੀ ਵੀ ਕਰਨੀ ਹੈ। ਇਹ ਧੋਖਾ ਹੋਇਆ ਕਰਦਾ ਹੈ ਗੁਰੂ ਨਾਲ। ਇਹ ਸਿੱਖੀ ਪ੍ਰਵਾਨ ਨਹੀਂ ਹੋਇਆ ਕਰਦੀ। ਚਾਹੇ ਸਾਧੂਆਂ ਨਾਲ ਹੋਵੇ, ਚਾਹੇ ਗੁਰੂ ਨਾਲ ਹੋਵੇ, ਨਿਭਦੀ ਹੀ ਇਕ ਨਾਲ ਪ੍ਰੀਤ ਹੈ। ਦੋ ਕਿਸ਼ਤੀਆਂ 'ਤੇ ਪੈਰ ਧਰ ਕੇ ਕਦੇ ਵੀ ਬੰਦਾ ਪਾਰ ਨਹੀਂ ਹੁੰਦਾ, ਵਿਚਾਲੇ ਡੁੱਬਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਆਪਾਂ ਗੁਰੂ ਮਹਾਰਾਜ ਦੇ ਹੁਕਮ ਦੀ ਕ੍ਰਿਆ, ਸਿੱਖੀ ਸਿਦਕ ਬਾਰੇ ਬਹੁਤ ਸਾਰੀਆਂ ਵਿਚਾਰਾਂ ਕੀਤੀਆਂ ਨੇ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤ ਕਰਦੇ ਹਾਂ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 4

## ਹਰਿ ਬਿਨੁ ਜੀਓ

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥*

*ਅੰਗ - 624*

*ਧਾਰਨਾ - ਮੋਹਿ ਪ੍ਰਿਤਪਾਲ, ਜਿਉਂ ਭਾਵੈ ਤਿਉਂ।*

*ਜਿਉ ਭਾਵੈ ਤਿਉ ਮੋਹਿ ਪ੍ਰਤਿਪਾਲ ॥*
*ਪਾਰਬ੍ਰਹਮ ਪਰਮੇਸਰ ਸਤਿਗੁਰ*
*ਹਮ ਬਾਰਿਕ ਤੁਮ੍ ਪਿਤਾ ਕਿਰਪਾਲ ॥ 1 ॥ ਰਹਾਉ ॥*
*ਮੋਹਿ ਨਿਰਗੁਣ ਗੁਣੁ ਨਾਹੀ ਕੋਈ*
*ਪਹੁਚਿ ਨ ਸਾਕਉ ਤੁਮ੍ਰੀ ਘਾਲ ॥*
*ਤੁਮਰੀ ਗਤਿ ਮਿਤਿ ਤੁਮ ਹੀ ਜਾਨਹੁ*
*ਜੀਉ ਪਿੰਡੁ ਸਭੁ ਤੁਮਰੋ ਮਾਲ ॥ 1 ॥*
*ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ ॥*
*ਤਨੁ ਮਨੁ ਸੀਤਲੁ ਹੋਇ ਹਮਾਰੋ*
*ਨਾਨਕ ਪ੍ਰਭ ਜੀਉ ਨਦਰਿ ਨਿਹਾਲ ॥ ਅੰਗ - 828*

***ਧਾਰਨਾ - ਜਗ ਭਰਮ ਭੁਲਾਇਆ ਜੀ, ਬਿਨਾਂ ਹਰਿ ਨਾਮ ਤੋਂ।***

ਸਾਧਸੰਗਤ ਜੀ, ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਲਜੁਗ ਦਾ ਜਲਦਾ-ਬਲਦਾ ਸਮਾਂ ਜਿਸਦੇ ਅੰਦਰ ਆਦਮੀ ਨੂੰ ਕੁਛ ਵੀ ਪਤਾ ਨਹੀਂ ਲਗਦਾ। ਕੋਈ ਰਸਤਾ ਨਜ਼ਰ ਨਹੀਂ ਆਉਂਦਾ। ਕੋਈ ਜ਼ਿੰਦਗੀ ਦਾ ਨਿਸ਼ਾਨਾ ਨਹੀਂ ਕਾਇਮ ਹੁੰਦਾ ਕਿ ਮੈਂ ਕੀ ਕਰਾਂ। ਜੋ ਵੀ ਨਿਸ਼ਾਨਾ ਬੰਨ੍ਹਦਾ ਹੈ, ਉਹਦੇ ਵਿਚ ਸਫਲਤਾ ਨਹੀਂ ਹੁੰਦੀ, ਅਖੀਰ ਦੇ ਉਤੇ ਪਛਤਾਉਣਾ ਪੈਂਦਾ ਹੈ। ਜ਼ਿੰਦਗੀ ਦਾ ਬਹੁਤ ਵੱਡਾ ਹਿੱਸਾ ਇਨ੍ਹਾਂ ਗੱਲਾਂ ਦੇ ਉਤੇ ਖਤਮ ਹੋ ਜਾਂਦਾ ਹੈ। ਕਿ ਮੈਂ ਮੇਰਾ ਜੀਵਨ ਮਨੋਰਥ ਕੀ ਹੈ? ਬਹੁਤ ਸਾਰਿਆਂ ਦੇ ਮਨਾਂ 'ਚ ਖਿਆਲ ਹੁੰਦਾ ਹੈ ਕਿ ਮੈਂ ਵੱਡਾ ਆਫੀਸਰ ਬਣ ਜਾਵਾਂ, ਮੈਂ ਵੱਡਾ ਵਪਾਰੀ ਬਣ ਜਾਵਾਂ। ਵੱਡਾ ਰਾਜਨੀਤਕ ਨੇਤਾ ਬਣ ਜਾਵਾਂ। ਫੇਰ ਸ਼ਾਇਦ ਮੇਰਾ ਜੋ ਨਿਸ਼ਾਨਾ ਹੈ ਉਹ ਪੂਰਾ ਹੋ ਜਾਵੇ। ਮਹਾਰਾਜ ਕਹਿੰਦੇ ਇਹਦੇ 'ਚ ਤਾਂ ਅੰਤ ਹੀ ਨਹੀਂ ਹੈ। ਵੱਡੇ ਤੋਂ ਵੱਡੇ ਪਏ ਨੇ, ਉਸ ਤੋਂ ਹੋਰ ਵੱਡੇ ਪਏ ਨੇ। ਉਹ ਕਿਤੇ ਵੀ ਨਹੀਂ ਖੜ੍ਹ ਸਕਦਾ ਕਿਉਂਕਿ ਇਕ ਅਗਨ ਲੱਗੀ ਹੋਈ ਹੈ। ਉਸ ਦੇ ਅੰਦਰ ਜਿਸਨੂੰ ਤ੍ਰਿਸ਼ਨਾ ਦੀ ਅੱਗ ਕਹਿੰਦੇ ਨੇ -

***ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ 1 ॥ ਰਹਾਉ ॥***
***ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ***
***ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - 213***

ਪਹਿਲਾਂ ਤਾਂ ਕਹਿੰਦਾ ਹੈ ਕਿ ਇਕ ਕਰੋੜ ਰੁਪਿਆ ਹੋ ਜਾਏ ਮੇਰੇ ਕੋਲ। ਜਦ ਹੋ ਜਾਂਦਾ ਹੈ ਫੇਰ ਕਹਿੰਦਾ ਹੈ ਕਿ ਇਹ ਤਾਂ ਥੋੜ੍ਹਾ ਹੈ, ਲੱਖ ਕਰੋੜ ਯਾਨਿ ਸੌ ਖਰਬ ਹੋਣਾ ਚਾਹੀਦਾ ਹੈ। ਮਨ ਹੋਰ ਅੱਗੇ ਪਿਆਸਾ ਹੋ ਜਾਂਦਾ ਹੈ। ਕਿਉਂਕਿ ਅਗਨ ਹੈ ਅਗਨ ਦੀ ਪਿਆਸ ਨਹੀਂ ਬੁਝਿਆ ਕਰਦੀ, ਪਦਾਰਥਾਂ ਦੇ ਨਾਲ। ਜਿੰਨੇ ਪਦਾਰਥ, ਜਿੰਨੀਆਂ ਮਰਜ਼ੀ ਲੱਕੜੀਆਂ ਅੱਗ ਵਿਚ ਪਾਓ, ਓਨਾਂ ਹੀ ਭਾਂਬੜ ਵੱਡਾ ਮਚ ਪੈਂਦਾ ਹੈ। ਇਸੇ ਤਰ੍ਹਾਂ ਦੇ ਨਾਲ ਜਿੰਨੇ ਪਦਾਰਥ ਆਦਮੀ ਨੂੰ ਪ੍ਰਾਪਤ ਹੁੰਦੇ ਜਾਂਦੇ ਨੇ, ਓਨੀਂ ਹੀ ਉਹਦੀ ਭੁੱਖ ਜਿਹੜੀ ਹੈ ਅਗਾਹਾਂ ਹੀ ਅਗਾਹਾਂ ਵਧਦੀ ਚਲੀ ਜਾਂਦੀ ਹੈ। ਦੁਨੀਆਂ ਦੇ ਸਾਰੇ ਹੀ ਪਦਾਰਥ ਚੇਤਨ ਪਦਾਰਥ ਵੀ, ਜੜ੍ਹ ਪਦਾਰਥ ਵੀ, ਸੂਖਸ਼ਮ ਚੇਤਨ ਪਦਾਰਥ ਵੀ। ਸਭ ਚੀਜ਼ਾਂ ਮਿਲ ਜਾਂਦੀਆਂ ਨੇ, ਮਹਾਰਾਜ ਕਹਿੰਦੇ ਪਰ ਇਹ ਅੱਗ ਇਹੋ ਜਿਹੀ ਬੁਰੀ ਹੈ ਕਿ ਬੁਝਿਆ ਨਹੀਂ ਕਰਦੀ। ਸੋ ਜੀਵਨ ਦਾ ਮਨੋਰਥ ਜੇ ਸਾਡਾ ਨਿਰਾ ਪੈਸੇ ਕਮਾਉਣਾ, ਦੁਨੀਆਂ ਦੀਆਂ ਪ੍ਰਾਪਤੀਆਂ ਮਿੱਥ ਲਿਆ ਜਾਵੇ ਤਾਂ ਜਦੋਂ ਅਸੀਂ ਇਸ ਦੀ ਖੋਜ ਕਰਾਂਗੇ, ਸਰਵੇ ਕਰਾਂਗੇ, ਵੱਡੇ-ਵੱਡੇ ਬੰਦਿਆਂ ਨੂੰ ਪੁੱਛਾਂਗੇ, ਉਸ ਵੇਲੇ ਸਾਨੂੰ ਪਤਾ ਲੱਗੇਗਾ ਕਿ ਜਿਸ ਰਸਤੇ 'ਤੇ ਮੈਂ ਪਿਆ ਹੋਇਆ ਹਾਂ ਕਿਉਂਕਿ ਜਿਹੜੇ ਮੇਰੇ ਤੋਂ ਪਹਿਲਾਂ ਪਏ ਹੋਏ ਨੇ, ਜਿਨ੍ਹਾਂ ਕੋਲ ਬਹੁਤਾ ਕੁਛ ਹੈ, ਇਨ੍ਹਾਂ ਨੂੰ ਤਾਂ ਸ਼ਾਂਤੀ ਆਈ ਨਹੀਂ ਹੈ। ਇਨ੍ਹਾਂ ਦੇ ਅੰਦਰੋਂ ਤਾਂ ਹਉਕੇ ਨਿਕਲਦੇ ਨੇ, ਵੈਰ-ਵਿਰੋਧ ਇਨ੍ਹਾਂ ਦੇ ਅੰਦਰ ਨੂੰ ਜਾ ਰਿਹਾ ਹੈ, ਈਰਖਾ ਇਨ੍ਹਾਂ ਦੇ ਅੰਦਰ ਨੂੰ ਸਾੜ ਰਹੀ ਹੈ। ਇਹ ਤਾਂ ਕੋਈ ਜ਼ਿੰਦਗੀ ਦਾ ਮਕਸਦ ਨਾ ਹੋਇਆ। ਇਨ੍ਹਾਂ ਨੇ ਬੜੀਆਂ ਮਿਹਨਤਾਂ ਕਰੀਆਂ ਨੇ, ਬੜੀਆਂ

ਤਜਾਰਤਾਂ ਕਰੀਆਂ, ਵਪਾਰ ਚਲਦੇ ਨੇ ਦੇਸਾਂ-ਪ੍ਰਦੇਸਾਂ ਦੇ ਅੰਦਰ, ਫੇਰ ਵੀ ਕੁਛ ਨਹੀਂ ਬਣਿਆ। ਭੁੱਖ ਨਹੀਂ ਲਹਿੰਦੀ, ਤੁਸੀਂ ਰੋਜ਼ ਪੜ੍ਹ ਲਓ ਅਖਬਾਰਾਂ ਦੇ ਅੰਦਰ। ਅਸੀਂ ਤਾਂ ਲੱਖਾਂ ਦੀਆਂ ਹੀ ਗੱਲਾਂ ਕਰਦੇ ਹਾਂ, ਇਥੇ ਇਹ ਭਾਰਤ ਵਰਸ਼ ਅਰਬਾਂ ਦੀਆਂ ਗੱਲਾਂ ਕਰਦਾ ਹੈ, ਪਹਿਲੇ-ਪਹਿਲੇ ਸਮਿਆਂ 'ਚ ਅਰਬ ਰੁਪਏ ਦਾ ਨਾਂ ਸੁਣ ਕੇ ਇਸ ਤਰ੍ਹਾਂ ਲਗਦਾ ਸੀ ਕਿ ਹੈਂ ਅਰਬ ਰੁਪਿਆ? ਹੁਣ ਪਤਾ ਲਗਦਾ ਹੈ ਕਿ ਕਿੰਨੇ-ਕਿੰਨੇ ਅਰਬ ਰੁਪਿਆਂ ਦੇ ਵਾਸਤੇ ਦੁਨੀਆਂ ਬੇਈਮਾਨੀਆਂ, ਠੱਗੀਆਂ, ਧੋਖੇ ਦਿੰਦੀ ਹੈ। ਲੇਕਿਨ ਰੱਜ ਨਹੀਂ ਆ ਰਿਹਾ, ਉਸ ਤੋਂ ਅੱਗੇ ਖਰਬਾਂ ਨੂੰ ਹੱਥ ਪਾਉਣਗੇ। ਸੋ ਇਹ ਤਾਂ aim of life ਜੀਵਨ ਮਨੋਰਥ ਨਾ ਹੋਇਆ। ਮਹਾਰਾਜ ਕਹਿੰਦੇ ਜੇ ਐਨੀਆਂ ਪ੍ਰਾਪਤੀਆਂ ਵੀ ਹੋ ਜਾਣ -

***ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥***
***ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥***

***ਅੰਗ - 14***

ਇੱਟਾਂ, ਗਾਰੇ, ਸੀਮਿੰਟ ਦੀ ਥਾਂ ਦੇ ਉਤੇ ਕੋਈ ਮਸਾਲਾ ਹੋਵੇ ਜਿਹੜਾ ਮੋਤੀਆਂ ਨੂੰ ਜੋੜ ਦੇਵੇ ਤੇ ਰਤਨਾਂ ਨੂੰ ਵਿਚ ਲਾ ਦੇਵੇ। ਅੰਦਰ ਵੀ ਚਮਕ ਤੇ ਬਾਹਰ ਵੀ ਚਮਕ। ਮਣੀਆਂ ਲੱਖਾਂ ਕਰੋੜਾਂ ਰੁਪਏ ਦੀਆਂ, ਉਹ ਪ੍ਰਾਪਤ ਹੋ ਜਾਣ। ਉਹਦੀ ਸਜਾਵਟ ਕੀਤੀ ਜਾਵੇ। ਸੋਨੇ ਦੇ ਨਾਲ ਦਰਵਾਜ਼ੇ ਮੜ੍ਹੇ ਹੋਏ ਹੋਣ ਤੇ ਬਹੁਤ ਜ਼ਿਆਦਾ ਸਜਾਵਟਾਂ ਅੰਦਰ ਕੀਤੀਆਂ ਹੋਣ। ਮਹਾਰਾਜ ਕਹਿੰਦੇ, ਇਹ ਸਭ ਕੁਛ ਪ੍ਰਾਪਤ ਵੀ ਹੋ ਜਾਵੇ, ਜੇ ਇਕ ਚੀਜ਼ ਇਹਨੂੰ ਪ੍ਰਾਪਤ ਨਹੀਂ ਹੋਈ ਤਾਂ ਕੁਛ ਵੀ ਪ੍ਰਾਪਤ ਨਹੀਂ ਹੋਇਆ।

ਇਥੇ ਇਕ ਗੱਲ ਧਿਆਨ ਦੇਣ ਦੀ ਲੋੜ ਹੈ। ਇਹ ਮਹਾਰਾਜ ਨੇ ਖਾਰਜ ਨਹੀਂ ਕੀਤੇ ਕਿ ਨਾ ਹੋਣ। ਕਹਿੰਦੇ, ਹੋਣ ਠੀਕ ਹੈ, ਪਰ ਇਨ੍ਹਾਂ 'ਚ ਇਕ ਨੁਕਸ ਹੈ, ਉਹ ਇਹ ਹੈ ਕਿ ਜਦੋਂ ਪ੍ਰਾਪਤੀ ਹੁੰਦੀ ਹੈ ਮਾਇਕ ਵਸਤੂਆਂ ਦੀ, ਉਸ ਵੇਲੇ ਆਦਮੀ ਦਾ ਮਨ ਭੁੱਲ ਜਾਇਆ ਕਰਦਾ ਹੈ। ਉਹਦੇ ਮਨ 'ਚੋਂ ਪ੍ਰਮੇਸ਼ਰ ਦਾ ਧਿਆਨ ਨਿਕਲ ਜਾਂਦਾ ਹੈ। ਧਿਆਨ ਆ ਵਸਦਾ ਹੈ ਫੇਰ ਪਦਾਰਥਕ ਚੀਜ਼ਾਂ ਦਾ। ਚਾਹੇ ਉਹ ਚੇਤਨ ਨੇ, ਚਾਹੇ ਉਹ ਜੜ੍ਹ ਨੇ, ਓਧਰ ਨੂੰ ਮਨ ਦਾ ਰੁਖ ਹੋ ਜਾਣਾ ਹੈ ਤੇ ਏਧਰਲੇ ਪਾਸਿਓਂ ਟੁੱਟ ਜਾਣਾ ਹੈ। ਮਹਾਰਾਜ ਕਹਿੰਦੇ, ਇਹ ਖਤਰਾ ਹੈ-

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ - 14***

ਜੇ ਪ੍ਰਮੇਸ਼ਰ ਦਾ ਨਾਉਂ ਭੁੱਲ ਗਿਆ ਤਾਂ ਕੁਛ ਵੀ ਨਾ ਹੋਇਆ -

***ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥***

***ਅੰਗ - 14***

ਹੀਰਿਆਂ ਦੇ ਨਾਲ ਜੜ੍ਹੀ ਹੋਈ ਧਰਤੀ, ਪਲੰਘਾਂ ਦੇ ਉਤੇ ਹੀਰੇ ਤੇ ਲਾਲ ਝਿਲਮਿਲ-ਝਿਲਮਿਲ ਕਰਦੇ ਪਲੰਘ ਜਿਨ੍ਹਾਂ ਦੇ ਉਤੇ ਨਿਗ੍ਹਾ ਨਹੀਂ ਟਿਕਦੀ -

***ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥ ਅੰਗ- 14***

ਇਹ ਵੀ ਚੀਜ਼ਾਂ ਪ੍ਰਾਪਤ ਹੋਣ -

***ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥***
***ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ 3 ॥***
***ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥***
***ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥***
***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥***

***ਅੰਗ - 14***

ਰਾਜਨੀਤਕ ਸ਼ਕਤੀ ਐਨੀ ਹੋ ਜਾਵੇ ਕਿ ਸਾਰੀ ਦੁਨੀਆਂ ਦੇ ਵਿਚ ਮੇਰੀ ਬਾਦਸ਼ਾਹਤ ਕਾਇਮ ਹੋ ਜਾਵੇ। ਸਾਰੇ ਹੁਕਮ ਮੇਰੇ ਹੱਥ ਵਿਚ ਹੋਣ, ਕੋਈ ਕਾਨੂੰਨ ਮੇਰੇ ਉਤੇ ਲਾਗੂ ਨਾ ਹੋਵੇ। ਮਹਾਰਾਜ ਕਹਿੰਦੇ ਕੀ ਹੈ ਸਭ? 'ਨਾਨਕਾ ਸਭ ਵਾਉ' ਜਿਵੇਂ ਹਵਾ ਲੰਘ ਜਾਂਦੀ ਹੈ ਇਸ ਤਰ੍ਹਾਂ ਇਹ ਛਿਨਭੰਗਰ ਚੀਜ਼ਾਂ ਥੋੜ੍ਹੀ ਦੇਰ ਤੋਂ ਬਾਅਦ ਲੰਘ ਜਾਂਦੀਆਂ ਹਨ। ਲੇਕਿਨ ਅਸਲੀ ਚੀਜ਼ ਜੋ ਇਸ ਨੇ ਪ੍ਰਾਪਤ ਕਰਨੀ ਸੀ ਉਹ ਸੀ ਇਹਦੇ ਅੰਦਰ ਮਹਾਨ ਖੇੜੇ ਦੇਣ ਵਾਲਾ 'ਨਾਮ' ਜੋ ਪ੍ਰਮੇਸ਼ਰ ਨੇ ਰੱਖਿਆ ਹੈ, ਉਹਦੀ ਪ੍ਰਾਪਤੀ ਕਰਨੀ। ਜੇ ਨਾਮ ਨਹੀਂ ਪ੍ਰਾਪਤ ਹੋਇਆ -

***ਹਰਿ ਬਿਨੁ ਜੀਉ ਜਲਿ ਬਲਿ ਜਾਉ ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥***

***ਅੰਗ - 14***

ਜੇ ਨਾਮ ਦੀ ਪ੍ਰਾਪਤੀ ਨਹੀਂ ਹੋਈ ਤਾਂ ਮਹਾਰਾਜ ਕਹਿੰਦੇ ਕੁਛ ਵੀ ਪ੍ਰਾਪਤ ਨਹੀਂ ਹੋਇਆ। ਇਹ ਸਾਰੀਆਂ ਚੀਜ਼ਾਂ ਜਿਹੜੀਆਂ ਨੇ ਅੰਦਰਲੇ ਕੌਲ ਨੂੰ ਸਿੱਧਾ ਨਹੀਂ ਕਰ ਸਕਦੀਆਂ। ਪਰ ਜੇ ਪ੍ਰਮੇਸ਼ਰ ਦਾ ਨਾਮ ਮਿਲ ਜਾਵੇ ਤਾਂ ਇਹੀ ਉਲਟਿਆ ਹੋਇਆ ਕਮਲ -

***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥***

***ਅੰਗ - 1291***

ਫੇਰ ਮਨ ਨਹੀਂ ਕਿਤੇ ਵੀ ਜਾਂਦਾ। ਮਹਾਨ ਸ਼ਾਂਤੀ ਦੇ ਵਿਚ ਲੀਨ ਹੋ ਜਾਂਦਾ ਹੈ ਕਿਉਂਕਿ ਅੰਦਰ ਮਹਾਨ ਸੁੱਖ ਦੀ ਪ੍ਰਾਪਤੀ ਹੋ ਗਈ। ਜਿਸ ਸੁੱਖ ਦੇ ਬਾਰੇ ਅਸੀਂ ਸੁਣਦੇ ਤਾਂ ਹੈਗੇ, ਲੇਕਿਨ ਸਾਨੂੰ ਪ੍ਰਾਪਤ ਨਹੀਂ ਹੁੰਦਾ। ਸੋ ਇਸ ਤਰ੍ਹਾਂ ਮਹਾਰਾਜ ਜੀ ਦਾ ਫੁਰਮਾਨ ਹੈ ਇਹਨੂੰ ਧਿਆਨ ਦੇ ਨਾਲ ਸਰਵਣ ਕਰੋ, ਮਨ ਵਿਚ ਵਸਾਓ। ਕੇਵਲ ਗਾਓ ਨਾ। ਜਦੋਂ ਕੋਈ ਗੱਲ ਕਿੰਨੀ ਹੀ ਵੱਡੀ ਕੀਮਤੀ ਹੋਵੇ, ਜਦੋਂ ਉਹ ਰਸਮ ਬਣ ਜਾਵੇ, ਬਾਰ-ਬਾਰ ਅਸੀਂ ਉਸ ਨੂੰ ਪੜ੍ਹੀ ਜਾਈਏ, ਉਹਦਾ ਅੰਦਰਲਾ ਅਸਰ ਜਿਹੜਾ ਹੈ ਉਹ ਖਤਮ ਹੋ ਜਾਇਆ ਕਰਦਾ ਹੈ। ਉਹ ਅਸਰ ਨਹੀਂ ਰਹਿੰਦਾ ਜਿਹੜਾ ਉਹਦੇ ਵਿਚ ਅਸਲੀ ਚੀਜ਼ ਹੈ। ਕਿਉਂਕਿ ਮਨ ਦੀ ਗੈਰ-ਹਾਜ਼ਰੀ ਦੇ ਨਾਲ ਅਸੀਂ ਉਸ ਚੀਜ਼ ਨੂੰ ਪੜ੍ਹਦੇ ਹਾਂ। ਅੰਦਰ ਹਿਰਦੇ 'ਚ ਵਿਚਾਰ ਨਹੀਂ ਕਰਦੇ। ਸੋ ਮਹਾਰਾਜ ਜੀ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਜਲ ਬਲ ਜਾਵੇ ਜਿਊੜਾ, ਨਾਮ ਤੋਂ ਬਿਨਾਂ।*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥ ਅੰਗ- 14*

ਗੁਰੂ ਨਾਨਕ ਪਾਤਸ਼ਾਹ ਨੇ ਸਾਰੀ ਦੁਨੀਆਂ ਦੀਆਂ ਉੱਚੀਆਂ ਤੋਂ ਉੱਚੀਆਂ ਪ੍ਰਾਪਤੀਆਂ ਦਾ ਨਿਰਣਾ ਕਰਨ ਤੋਂ ਬਾਅਦ ਇਕ ਸਿਧਾਂਤ ਸਾਨੂੰ ਦੱਸਿਆ ਹੈ ਕਿ ਨਾਮ ਤੋਂ ਬਗੈਰ ਜਿਹੜਾ ਜਿਊੜਾ ਹੈ ਅੰਦਰ, ਜਿਹੜਾ ਸੁੱਖ ਤੇ ਦੁੱਖ ਨੂੰ ਮਹਿਸੂਸ ਕਰਨ ਵਾਲਾ ਅੰਗ ਹੈ ਸਾਡੇ ਸਰੀਰ ਦੇ ਅੰਦਰ ਉਹ ਕਹਿੰਦੇ ਜਲ ਜਾਂਦਾ ਹੈ। ਜਲ ਕੇ ਉਹਨੂੰ ਫੇਰ ਕੁਛ ਮਹਿਸੂਸ ਨਹੀਂ ਹੁੰਦਾ। ਦੁਖਾਂ ਦੇ ਵਿਚ ਰਹਿੰਦਾ ਹੈ, ਸੁੱਖ ਦਾ ਨਾਮ-ਨਿਸ਼ਾਨ ਨਹੀਂ ਉਹਦੇ ਕੋਲ ਪਹੁੰਚਦਾ -

*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥*
*ਅੰਗ - 14*

ਕੋਈ ਹੋਰ ਤਰੀਕਾ ਦੁਨੀਆਂ ਦੇ ਅੰਦਰ ਹੈ ਹੀ ਨਹੀਂ, ਇਸ ਕਰਕੇ ਦੁਨੀਆਂ ਦੀਆਂ ਸਾਰੀਆਂ ਥਿਊਰੀਆਂ ਛਿਨਭੰਗਰ ਤੇ ਅਧੂਰੀਆਂ ਨੇ। ਮਹਾਰਾਜ ਕਹਿੰਦੇ -

*ਐਸਾ ਜਗੁ ਦੇਖਿਆ ਜੂਆਰੀ ॥*
*ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - 222*

ਨਾਮ ਨੂੰ ਭੁੱਲ ਕੇ ਕਹਿੰਦਾ ਹੈ ਮੈਂ ਸੁਖੀ ਹੋ ਜਾਵਾਂਗਾ, ਕਿਵੇਂ ਸੁਖੀ ਹੋ ਜਾਏਂਗਾ, ਜਦ ਓਧਰ ਸੁਖ ਹੈ ਹੀ ਨਹੀਂ, ਜਿੰਨਾਂ ਫੈਲਾਓ ਹੈ, ਜਿੰਨੀ ਪ੍ਰਕ੍ਰਿਤੀ ਹੈ, ਜਿੰਨਾਂ ਆਦਮੀ ਬਾਹਰ ਨੂੰ ਜਾਂਦਾ ਹੈ, ਓਨਾਂ ਦੁਖ ਵਲ ਨੂੰ ਤੁਰਿਆ ਜਾਂਦਾ ਹੈ। ਜਿੰਨਾਂ ਅੰਦਰ ਨੂੰ ਜਾਏਗਾ, ਆਪਣੇ ਅਸਲੇ ਵਲ ਨੂੰ ਜਾਏਗਾ, ਆਪਣੇ ਮੂਲ ਵਲ ਨੂੰ ਜਾਏਗਾ, ਰੁਖ ਸੋਮੇ ਵਲ ਹੋਏਗਾ, ਓਨਾਂ ਸੁਖ ਦੇ ਨੇੜੇ ਨੂੰ ਚਲਿਆ ਜਾਏਗਾ ਕਿਉਂਕਿ ਜੋ ਸਾਡੇ ਅੰਦਰ ਅੰਤਮ ਸਤਿ ਹੈ, ਉਹ ਸਤਿ, ਚਿਤ, ਅਨੰਦ ਹੈ, ਪਰਮ ਅਨੰਦ ਹੈ ਸਾਡਾ ਆਪਣਾ ਆਪ। ਜਿਸਨੂੰ ਨਾਮ ਕਹਿੰਦੇ ਨੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ - 293*

ਜਦੋਂ ਨਾਮ ਦੇ ਮੰਡਲ ਵਿਚ ਅਸੀਂ ਪਹੁੰਚ ਗਏ, ਜਿਹੜਾ ਦੇਹੀ ਦੇ ਅੰਦਰ, ਉਥੇ ਨਿਸ਼ਾਨੀ ਇਹ ਹੈ ਕਿ ਫੁਰਨੇ ਹਟ ਜਾਂਦੇ ਨੇ, ਮਨ ਨੱਠਣ-ਭੱਜਣ ਤੋਂ ਹਟ ਜਾਂਦਾ ਹੈ। ਸੁੰਨ ਸਮਾਧ ਲਗ ਜਾਂਦੀ ਹੈ ਜਿਹਨੂੰ ਸਹਿਜ ਸਮਾਧ ਕਹਿੰਦੇ ਨੇ ਤੇ ਨਿਸ਼ਾਨੀ ਕੋਈ ਹੈ? ਕਹਿੰਦੇ ਆਤਮਕ ਸੰਗੀਤ ਆਪਣੇ ਆਪ ਹੀ ਵੱਜਣਾ ਸ਼ੁਰੂ ਹੋ ਜਾਂਦਾ ਹੈ। ਉਹ ਐਨਾ ਮਿੱਠਾ ਸੰਗੀਤ ਹੈ ਉਹਦੀਆਂ ਤਰਬਾਂ ਸਾਡੇ ਸਰੀਰ ਦੇ ਨਾਲ ਐਨੀਆਂ ਮੇਲ ਖਾਂਦੀਆਂ ਨੇ, ਐਨੀਆਂ ਤਰਬਾਂ ਸਾਡੇ ਸਰੀਰ 'ਚ ਹੁੰਦੀਆਂ ਹਨ ਕਿ ਮਹਾਰਾਜ ਕਹਿੰਦੇ ਓਸ ਅਨੰਦ ਨੂੰ ਅਸੀਂ ਦਸ ਨਹੀਂ ਸਕਦੇ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - 293*

ਲੇਕਿਨ ਅੱਗੇ ਸ਼ਰਤ ਲਾ ਦਿਤੀ ਕਿ ਇਹ ਹਰ ਬੰਦੇ ਦੇ ਵਸ ਵਿਚ ਨਹੀਂ -

*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਅੰਗ - 293*

ਇਹਦੇ ਵਿਚ ਪ੍ਰਮੇਸ਼ਰ ਦਾ ਹੱਥ ਤੇ ਗੁਰੂ ਦਾ ਹੱਥ, ਗੁਰੂ ਦੀ ਮਦਦ ਤੇ ਪ੍ਰਮੇਸ਼ਰ ਦੀ ਦਇਆ, ਦੋ ਚੀਜ਼ਾਂ ਜ਼ਰੂਰੀ ਹੈ। ਓਹੀ ਉਥੇ ਪਹੁੰਚ ਸਕਦਾ ਹੈ ਜਿਹਦੇ ਉਤੇ ਕ੍ਰਿਪਾ ਕਰ ਦੇਣ। ਹੁਣ ਕ੍ਰਿਪਾ ਹਰੇਕ ਦੇ ਉਤੇ ਤਾਂ ਨਹੀਂ ਹੁੰਦੀ। ਪਹਿਲਾਂ ਹੱਕਦਾਰ ਬਣੇ ਜੋ ਆਦਮੀ ਤਰੱਕੀ ਵਾਸਤੇ ਹੱਕ ਰਖਦਾ ਕਰਦਾ ਹੈ, ਉਸੇ ਦੀ ਹੁੰਦੀ ਹੈ। ਜਿਹਨੇ ਹਜ਼ਾਰਾਂ ਗਲਤੀਆਂ ਕੀਤੀਆਂ ਹੁੰਦੀਆਂ ਨੇ, ਸਰਵਿਸ ਬੁੱਕ ਆਪਣੀ ਖਰਾਬ ਕਰ ਲਈ ਹੁੰਦੀ ਹੈ। ਉਹ ਨਹੀਂ ਵੱਡੀਆਂ ਤਰੱਕੀਆਂ 'ਤੇ ਪਹੁੰਚਦਾ ਹੈ। ਕਿਉਂਕਿ ਹੱਕ ਨਹੀਂ ਰੱਖਦਾ। ਸੋ ਜਿਹੜਾ ਮਿਹਨਤ ਕਰਦਾ ਹੈ -

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*

*ਅੰਗ - 8*

ਜਿਹਨੇ ਨਾਮ ਦੀਆਂ ਮਸ਼ਕੱਤਾਂ ਘਾਲੀਆਂ ਨੇ, ਉਨ੍ਹਾਂ ਦੇ ਉਤੇ ਫੇਰ ਨਦਰ ਹੁੰਦੀ ਹੈ -

*ਜਿਨ ਕਉ ਨਦਰਿ ਕਰਮੁ ਤਿਨ ਕਾਰ ॥*
*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - 8*

ਕਹਿੰਦੇ ਉਹ ਦੇਖ ਸਕਦਾ ਹੈ -

*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥ ਅੰਗ - 293*

ਸੋ ਨਾਮ ਤੋਂ ਬਗੈਰ ਸਾਰਾ ਹੀ ਸੰਸਾਰ ਭੁੱਲ ਗਿਆ, ਇਸ ਵਾਸਤੇ ਭੁੱਲ ਗਿਆ ਕਿਉਂਕਿ ਉਲਟੇ ਪਾਸੇ ਨੂੰ ਤੁਰਿਆ ਜਾਂਦਾ ਹੈ। ਮਹਾਰਾਜ ਕਹਿੰਦੇ, ਇਹਦੇ ਵਿਚ ਇਕ ਬਹੁਤ ਹੀ ਅਮੋਲਕ ਚੀਜ਼ ਹੈ ਜਿਸਨੂੰ 'ਨਾਮ' ਦਾ ਧਨ ਕਹਿੰਦੇ ਨੇ, ਇਹ ਕਿਸੇ ਤਰੀਕੇ ਦੇ ਨਾਲ ਕਿਸੇ ਦੇ ਹੱਥ ਵਿਚ ਨਹੀਂ ਆਉਂਦਾ। ਇਹ ਕੇਵਲ ਜਿਹੜੇ ਸ਼ਰਧਾ ਵਾਲੇ ਪ੍ਰੇਮੀ ਨੇ, ਜਿਨ੍ਹਾਂ ਨੇ ਆਪਣੇ ਜੀਵਨ ਨੂੰ ਗੁਰੂ ਦੇ ਚਰਨਾਂ ਵਿਚ ਅਰਪਣ ਕਰ ਦਿਤਾ ਹੈ ਤੇ ਉਹਦਾ ਹੁਕਮ ਮੰਨਦੇ ਨੇ -

*ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥*

*ਅੰਗ - 610*

ਤਿੰਨ ਗੱਲਾਂ ਜਿਹੜੇ ਈਮਾਨਦਾਰੀ ਦੇ ਨਾਲ ਗੁਰੂ ਦੇ ਚਰਨਾਂ 'ਚ ਭੇਟ ਕਰ ਦਿੰਦੇ ਨੇ, ਇਕ ਤਾਂ ਗਾਉਂਦੇ ਨੇ ਉਹ ਤਾਂ ਗੱਲ ਹੋਰ ਹੈ, ਇਕ ਸੱਚਮੁੱਚ ਹੀ ਭੇਟ ਕਰਨ ਦੀ ਕੋਸ਼ਿਸ਼ ਕਰਦੇ ਨੇ। ਉਹ ਜਿਹੜੇ ਸ਼ਰਧਾ ਵਾਲੇ ਨੇ, ਜਿਹੜੇ ਪ੍ਰਮੇਸ਼ਰ ਨੂੰ ਹਰ ਵਕਤ ਯਾਦ ਰਖਦੇ ਨੇ, ਜਿਨ੍ਹਾਂ ਨੂੰ ਵਿਸਰਦਾ ਨਹੀਂ -

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - 319*

ਜਿਹੜੇ ਭੈ ਦੀਆਂ ਸਲਾਈਆਂ ਦੇ ਕੇ ਭਾਵ ਦਾ ਸ਼ਿੰਗਾਰ ਕਰਦੇ ਨੇ, ਅਦਬ ਦਾ ਸੁਰਮਾ ਪਾਉਂਦੇ ਨੇ ਤੇ ਪਿਆਰ ਦਾ ਕਰਦੇ ਨੇ ਸ਼ਿੰਗਾਰ, ਉਹ ਇਸ ਪਿਆਰ ਦੇ ਵਿਚ ਰਹਿੰਦੇ ਨੇ, ਉਨ੍ਹਾਂ ਨੂੰ ਭਗਤ ਕਹਿੰਦੇ ਨੇ - ਭੈ ਦੀ ਗਤੀ। ਅਦਬ ਦੇ ਵਿਚ ਚੱਲਣ ਵਾਲੇ ਬੰਦੇ ਉਨ੍ਹਾਂ ਨੂੰ ਭਗਤ ਜਨ ਸੰਤ, ਗੁਰਮੁਖ, ਗੁਰਸਿੱਖ ਆਖਿਆ ਜਾਂਦਾ ਹੈ। ਕਹਿੰਦੇ, ਉਹ ਇਸ ਧਨ ਨੂੰ ਖੱਟਦੇ ਨੇ-

***ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ***
***ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥ ਅੰਗ - 852***

ਬਾਕੀ ਤਾਂ ਜਗਤ ਭਰਮ 'ਚ ਭੁੱਲ ਗਿਆ -

***ਗੁਰ ਪਰਸਾਦੀ ਨਾਮੁ ਮਨਿ ਵਸਿਆ***
***ਅਨਦਿਨੁ ਨਾਮੁ ਧਿਆਇਆ ॥ ਅੰਗ - 852***

ਗੁਰੂ ਨੇ ਕ੍ਰਿਪਾ ਕਰ ਦਿਤੀ ਕਿ ਉਹ ਨਾਮ, ਵਾਹਿਗੁਰੂ ਮੰਤ੍ਰ, ਰਾਮ ਦਾ ਮੰਤਰ, ਅੱਲਾਹ ਦਾ ਮੰਤਰ। ਇਹ ਜਾਪ ਕਰਦੇ-ਕਰਦੇ, ਰਸਨਾ ਤੋਂ ਸਵਾਸ 'ਤੇ ਚਲਿਆ ਗਿਆ, ਸਵਾਸ ਤੋਂ ਅੰਦਰ ਸੂਖਸ਼ਮ ਮੰਡਲ 'ਚ ਪ੍ਰਵੇਸ਼ ਕਰਨ ਲਗ ਗਿਆ। ਜਿਥੇ ਮਾਨਸਿਕ ਤੌਰ 'ਤੇ ਅਸੀਂ ਰਹਿੰਦੇ ਹਾਂ, ਉਸ ਥਾਂ ਦੇ ਉਤੇ ਜਦੋਂ ਪ੍ਰਵੇਸ਼ ਕਰਿਆ, ਤਾਂ ਉਸ ਥਾਂ ਨੂੰ ਏਸ ਨੇ ਘੇਰ ਲਿਆ। ਇਹਨੂੰ ਨਾਮ ਦੇ ਵਿਚ ਵਸ ਜਾਣਾ ਕਹਿੰਦੇ ਨੇ। ਮਨ ਵਿਚ ਨਾਮ ਵਸ ਗਿਆ ਕਿਉਂਕਿ ਫੁਰਨੇ ਆਉਂਦੇ ਨਹੀਂ ਹਨ ਕੇਵਲ ਨਾਮ ਰਹਿੰਦਾ ਹੈ ਉਥੇ। ਕਹਿੰਦੇ, ਜਿਹਦੇ ਕ੍ਰਿਪਾ ਕਰਕੇ ਨਾਮ ਮਨ 'ਚ ਵਸ ਗਿਆ, ਉਹ ਫੇਰ ਦਿਨ-ਰਾਤ ਨਾਮ ਦਾ ਹੀ ਧਿਆਨ ਰਖਦਾ ਹੈ -

***ਬਿਖਿਆ ਮਾਹਿ ਉਦਾਸ ਹੈ ਹਉਮੈ ਸਬਦਿ ਜਲਾਇਆ ॥***
***ਅੰਗ - 852***

ਆਹ ਹਉਮੈ ਦੀ ਜ਼ਹਿਰ ਜਿਹੜੀ ਸਾਨੂੰ ਚੜ੍ਹੀ ਹੋਈ ਹੈ ਤੇ ਮਾਇਆ, ਭਰਮ, ਅਗਿਆਨਤਾ, ਭੁੱਲ ਦੀ ਜ਼ਹਿਰ ਸਾਡੇ ਅੰਦਰ ਫੈਲ ਗਈ, ਜਿਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਅੰਗ - 289***

ਜੇ ਤੂੰ ਗੁਣ ਗਾਵੇਂਗਾ, ਇਹ ਮੈਲ ਉਤਰਨ ਲੱਗ ਜਾਵੇਗੀ-

***ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ- 289***

ਜਿਹੜੀ ਵਿਹੁ ਤੇਰੇ ਅੰਦਰ ਫੈਲ ਚੁੱਕੀ ਹੈ, ਹਉਮੈ ਦੀ, ਮੈਂ ਦੀ ਇਹ ਤੇਰੇ ਅੰਦਰ ਖਤਮ ਹੋਣੀ ਸ਼ੁਰੂ ਹੋ ਜਾਏਗੀ। ਤੈਨੂੰ ਉਹ ਜ਼ਿੰਦਗੀ ਪ੍ਰਾਪਤ ਹੋ ਜਾਏਗੀ, ਜਿਹਨੂੰ ਮੌਤ ਤੋਂ ਅਗਾਂਹਾਂ ਦੀ ਜ਼ਿੰਦਗੀ ਕਹਿੰਦੇ ਨੇ, ਉਹ ਦੁਬਾਰਾ ਨਹੀਂ ਮਰਿਆ ਕਰਦਾ, ਅਮਰ ਜ਼ਿੰਦਗੀ ਪ੍ਰਾਪਤ ਹੋ ਜਾਏਗੀ। ਪਰ ਹਉਮੈ ਦੀ ਜ਼ਿੰਦਗੀ ਅਮਰ ਨਹੀਂ ਹੈ। ਹਉਮੈ ਤੋਂ ਉਪਰ ਜਾ ਕੇ ਰੂਹਾਨੀ ਜ਼ਿੰਦਗੀ ਸ਼ੁਰੂ ਹੁੰਦੀ ਹੈ। ਮਹਾਰਾਜ ਕਹਿੰਦੇ ਇਹ ਜਿਹੜੀ ਚੀਜ਼ ਹੈ - 'ਬਿਖਿਆ ਮਾਹਿ ਉਦਾਸ' ਰਹਿੰਦਾ ਇਹਦੇ ਵਿਚ ਹੀ ਹੈ, ਹਉਮੈ ਵਾਲੀ ਦੁਨੀਆਂ 'ਚ ਰਹਿੰਦਾ ਹੋਇਆ ਉਦਾਸ ਹੈ, detached ਨਿਰਲੇਪ

ਰਹਿੰਦਾ ਹੈ ਇਹਦੇ ਨਾਲ ਤੇ ਇਹਦੀ ਹਉਮੈ ਜਿਹੜੀ ਹੈ ਉਹ ਗੁਰੂ ਦੇ ਸ਼ਬਦ ਨੇ ਜਾਲ ਦਿਤੀ। ਫੇਰ ਕੀ ਹੁੰਦਾ ਹੈ? ਕਹਿੰਦੇ, ਆਪ ਵੀ ਤਰਦਾ ਹੈ, ਸੰਸਾਰ ਨੂੰ ਵੀ ਤਾਰਦਾ ਹੈ ਤੇ ਜਿਹੜੀਆਂ ਉਹਦੀਆਂ ਕੁਲਾਂ ਉਹਦੇ ਉਤੇ ਵਿਸ਼ਵਾਸ਼ ਰੱਖਣ ਵਾਲੀਆਂ, ਪਿਆਰ ਵਾਲੀਆਂ ਨੇ, ਜਿਹੜੀਆਂ ਜੁੜੀਆਂ ਰਹਿੰਦੀਆਂ ਨੇ ਉਹਦੇ ਨਾਲ ਕਹਿੰਦੇ ਉਨ੍ਹਾਂ ਨੂੰ ਵੀ ਤਾਰਦਾ ਹੈ।

ਇਥੇ ਇਕ ਫਰਕ ਹੈ ਕਿ ਇਕ ਤਾਂ ਉਹ ਨੇ ਜਿਹੜੇ ਸ਼ਰਧਾ ਪਿਆਰ ਦੇ ਨਾਲ ਜੁੜੇ ਰਹਿੰਦੇ ਨੇ, ਇਕ ਉਹ ਬੱਚੇ ਹੁੰਦੇ ਨੇ। ਜਿਹੜੇ ਟੁੱਟ ਜਾਂਦੇ ਨੇ, ਟੁੱਟੇ ਹੋਏ ਕਿਸੇ ਦੇ ਵੀ ਨਹੀਂ ਹੋਇਆ ਕਰਦੇ। ਉਨ੍ਹਾਂ 'ਤੇ ਬਜ਼ੁਰਗਾਂ ਦੀ ਕ੍ਰਿਪਾ ਨਹੀਂ ਹੋਇਆ ਕਰਦੀ। ਦੇਵਤਿਆਂ ਦੀ ਕ੍ਰਿਪਾ ਨਹੀਂ ਹੁੰਦੀ, ਪਿੱਤਰਾਂ ਦੀ ਕ੍ਰਿਪਾ ਨਹੀਂ ਹੁੰਦੀ, ਕਿਉਂਕਿ ਗਲਤ ਕੰਮ ਕਰ ਲਏ। ਜੇ ਤਮਾਕੂ ਹੀ ਪੀ ਲਵੇ। ਰਹਿਤਨਾਮੇ 'ਚ ਆਉਂਦਾ ਹੈ -

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***

ਜਿਹੜੇ ਦੇਵ ਲੋਕ ਦੇ ਵਿਚ ਦੇਵਤਾ ਪਦਵੀ ਨੂੰ ਪਹੁੰਚੇ ਹੋਏ ਨੇ ਤੇ ਸਾਡੇ ਉਤੇ ਮਿਹਰ ਦੀ ਨਿਗ੍ਹਾ ਰੱਖ ਰਹੇ ਨੇ ਕਹਿੰਦੇ ਉਹ ਵੀ ਤੇ ਪਿੱਤਰ ਲੋਕ 'ਚ ਜਿਹੜੇ ਪਿੱਤਰ ਗਏ ਹੋਏ ਨੇ ਸਾਡੇ ਉਹ ਵੀ, ਛੱਡ ਦਿੰਦੇ ਨੇ, ਬੇਦਾਵਾ ਦੇ ਦਿੰਦੇ ਨੇ ਕਿ ਸਾਡਾ ਇਹਦੇ ਨਾਲ ਕੋਈ ਸਬੰਧ ਨਹੀਂ। ਕਿਉਂਕਿ ਉਹਦਾ ਐਨਾ ਪਾਪ ਵਧ ਜਾਂਦਾ ਹੈ ਕਿ -

***ਪਾਣੀ ਤਾ ਕੇ ਹਾਥ ਕਉ ਮਦਰਾ ਸਮ ਅਘਦਾਇ।***

ਜਿੰਨਾਂ ਉਹਦਾ ਸ਼ਰਾਬ ਪੀਣ ਦਾ ਦੋਸ਼ ਹੁੰਦਾ ਹੈ, ਓਨਾਂ ਉਹਦੇ ਹੱਥ ਤੋਂ ਲੈ ਕੇ ਪਾਣੀ ਪੀਣ ਦਾ ਦੋਸ਼ ਹੋਇਆ ਕਰਦਾ ਹੈ। ਸ਼ਰਾਬ ਦੇ ਦੋਸ਼ ਬਾਰੇ ਕਹਿੰਦੇ ਨੇ ਕਿ -

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।***
***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।***

ਸ਼ਰਾਬ ਸੱਤ ਕੁਲਾਂ ਦਾ ਨਾਸ਼ ਕਰਦੀ ਹੈ, ਭੰਗ ਇਕ ਤਨ ਦਾ। ਨਿੰਦਾ ਕਰਨ ਵਾਲੇ ਦੀਆਂ ਤਾਂ ਕੁਲਾਂ ਹੀ ਡੁੱਬ ਜਾਂਦੀਆ ਨੇ। ਤਮਾਕੂ ਵਾਲੇ ਦੀ ਸੌ ਕੁਲ ਗਿਣੀ ਹੈ ਨਿੰਦਿਆ ਵਾਲੇ ਦੀਆਂ ਗਿਣੀਆਂ ਹੀ ਨਹੀਂ। ਉਹ ਤਾਂ ਕਹਿੰਦੇ ਅਨੇਕ ਕੁਲਾਂ ਨੇ ਗਿਣਤੀ ਤੋਂ ਬਾਹਰ ਨੇ। ਸੋ ਇਸੇ ਕਰਕੇ ਗੁਰੂ ਮਹਾਰਾਜ ਕਹਿੰਦੇ ਨੇ -

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥*** ***ਅੰਗ - 328***

ਜਿਹੜੀ ਕੁਲ ਦੇ ਵਿਚ ਗਿਆਨ ਦੇ ਵਿਚਾਰ ਵਾਲਾ ਪੁੱਤਰ ਨਹੀਂ ਨਾ ਪੈਦਾ ਹੁੰਦਾ। ਉਹ ਚੰਗਾ ਸੀ ਕਿ ਉਹਦਾ ਪਿਉ ਮਰ ਜਾਂਦਾ। ਨਿਕੰਮਾ ਪੁੱਤਰ ਤਾਂ ਨਾ ਖਾਨਦਾਨ 'ਚ ਪੈਦਾ ਹੁੰਦਾ। ਨਿੰਦਿਆ ਕਰਨ ਵਾਲਾ, ਚੁਗਲੀਆਂ ਕਰਨ ਵਾਲਾ, ਈਰਖਾ ਕਰਨ ਵਾਲਾ, ਕਿਉਂਕਿ ਉਹਨੇ ਕੁਲਾਂ ਡੋਬ ਦੇਣੀਆਂ ਨੇ ਸਾਰੀਆਂ। ਸੋ ਕੁਲ ਉਹੀ ਭਲੀ ਹੈ ਜਿਹਦੇ ਵਿਚ ਪ੍ਰਮੇਸ਼ਰ ਦਾ ਪਿਆਰਾ ਆ ਜਾਵੇ, ਬਾਕੀ ਤਾਂ ਮਹਾਰਾਜ ਕਹਿੰਦੇ ਢਾਕ

ਪਲਾਸ ਖੜ੍ਹਾ ਹੈ। ਕੋਈ ਫਾਇਦਾ ਨਹੀਂ ਜੀਵ ਜੰਮੀ ਜਾਂਦੇ ਨੇ, ਮਰੀ ਜਾਂਦੇ ਨੇ। ਸੰਸਾਰ ਦਾ ਪ੍ਰਵਾਹ ਤੁਰਿਆ ਜਾਂਦਾ ਹੈ, ਪਰ ਕੋਈ ਜੀਉਂਦੀ ਜਾਗਦੀ ਰੂਹ ਨਹੀਂ ਆਉਂਦੀ, ਜਿਹੜੀ ਸੰਸਾਰ ਨੂੰ ਬਦਲ ਦੇਵੇ। ਉਹ ਉਸਦੀ ਬਦਲਦੀ ਹੈ ਜਿਹਦੇ ਵਿਚ ਨਾਮ ਦਾ ਨਿਵਾਸ ਹੋ ਜਾਂਦਾ ਹੈ –

*ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥*

*ਅੰਗ – 852*

*ਧਾਰਨਾ – ਧੰਨ-ਧੰਨ ਨੇ ਜਣੇਦੀਆਂ ਮਾਵਾਂ,*
*ਜਿਨ੍ਹਾਂ ਦੇ ਪੁੱਤਰ ਨਾਮ ਜਪਦੇ।*

ਜਿਸ ਕੁਲ ਦੇ ਅੰਦਰ ਪ੍ਰਮੇਸ਼ਰ ਦਾ ਪਿਆਰਾ ਆ ਜਾਵੇ, ਉਸ ਸਾਰੀ ਕੁਲ ਦਾ ਉਧਾਰ ਹੋ ਜਾਇਆ ਕਰਦਾ ਹੈ। ਜੇ ਨਾਮ ਜਪਣ ਵਾਲਾ ਨਹੀਂ ਆਇਆ ਤਾਂ ਉਸ ਕੁਲ ਦੇ ਅੰਦਰ ਢੱਕ ਤੇ ਪਲਾਸ ਵਰਗੇ ਜਿਹੜੇ ਨਿਕੰਮੇ ਦਰੱਖਤ ਨੇ ਅੱਗ ਵੀ ਨਹੀਂ ਜਿਨ੍ਹਾਂ ਨਾਲ ਬਲਦੀ, ਐਸੀਆਂ ਹਸਤੀਆਂ ਦਾ ਪ੍ਰਵਾਹ ਤੁਰਿਆ ਆਉਂਦਾ ਹੈ। ਸੋ ਜਿੱਥੇ ਪ੍ਰਮੇਸ਼ਰ ਦਾ ਪਿਆਰਾ ਆ ਜਾਵੇ –

*ਆਪਿ ਤਰਿਆ ਕੁਲ ਉਧਰੇ ਧੰਨੁ ਜਣੇਦੀ ਮਾਇਆ ॥*

*ਅੰਗ – 852*

ਧੰਨ ਹੈ ਉਹਦੀ ਮਾਂ ਜਿਹਨੇ ਐਸੇ ਪੁੱਤਰ ਨੂੰ ਜਨਮ ਦਿਤਾ। ਜੋ ਹਉਮੈ ਦੀ ਦੁਨੀਆਂ 'ਚ ਰਹਿੰਦਾ ਹੋਇਆ ਉਦਾਸ ਹੋਵੇ ਤੇ ਹਉਮੈ ਨੂੰ ਜਾਲ ਦੇਵੇ ਨਾਮ ਦੇ ਬਲ ਦੇ ਨਾਲ। ਉਹ ਆਪ ਵੀ ਤਰਦਾ ਹੈ, ਸੰਸਾਰ ਦਾ ਵੀ ਉਧਾਰ ਕਰਦਾ ਹੈ। ਧੰਨ ਹੈ ਉਸ ਦਾ ਆਉਣਾ, ਇਹਦੀ ਵਡਿਆਈ ਮਾਂ ਨੂੰ ਦਿਤੀ ਹੈ। ਜਿਸ ਕੁਲ ਦੇ ਅੰਦਰ ਨਾਲਾਇਕ ਪੁੱਤਰ ਪੈਦਾ ਹੁੰਦਾ ਹੈ, ਉਥੇ ਧਿਰਕਾਰ ਹੈ, ਇਕ ਤਰ੍ਹਾਂ ਦੀ ਫਿਟਕਾਰ ਹੈ। ਮਾਂ ਨੂੰ ਕਿਹਾ ਹੈ ਕਿ ਤੂੰ ਜਿਉਂਦੀ ਤਾਂ ਰਹਿ, ਪਰ ਵਿਧਵਾ ਹੋ ਕੇ ਜਿਉਂ। ਬੜੀ ਵੱਡੀ ਧਿਰਕਾਰ ਹੈ ਮਹਾਰਾਜ ਜੀ ਦੀ। ਵਿਧਵਾ ਹੋ ਕੇ ਕਿਉਂ ਜਿਉਂ? ਕਹਿੰਦੇ ਉਹ ਬੰਦਾ ਮਰ ਜਾਂਦਾ ਜਿਹਦਾ ਪੁੱਤਰ ਪ੍ਰਮੇਸ਼ਰ ਦਾ ਨਾਮ ਨਹੀਂ ਜਪਦਾ। ਪੁਰਾਣੇ ਜ਼ਮਾਨਿਆਂ ਦੇ ਅੰਦਰ ਜਦੋਂ ਪਤਾ ਲਗ ਜਾਂਦਾ ਸੀ ਕਿ ਬੱਚਾ ਪੇਟ ਵਿਚ ਹੈ, ਉਸ ਵੇਲੇ ਬਹੁਤ ਵੱਡੇ ਸਮਾਗਮ ਰਚੇ ਜਾਂਦੇ ਸੀ। ਬੀਬੀਆਂ ਨਾਮ ਜਪਦੀਆਂ ਸੀ, ਸਾਧਨ ਕਰਦੀਆਂ ਸੀ, ਸੇਵਾ ਕਰਦੀਆਂ ਸੀ, ਸਤਿਸੰਗ ਸੁਣਿਆ ਕਰਦੀਆਂ ਸੀ। ਤੀਰਥ ਯਾਤਰਾ ਕਰਦੀਆਂ ਸੀ, ਬਾਣੀ ਦਾ ਪਾਠ, ਵੇਦਾਂ-ਸ਼ਾਸਤਰਾਂ ਦਾ ਵਿਚਾਰ ਤੇ ਮਾਂ ਇਹ ਕਹਿੰਦੀ ਸੀ ਕਿ ਮੈਂ ਐਸੇ ਪੁੱਤਰ ਨੂੰ ਜਨਮ ਦੇਣਾ ਹੈ ਜਿਹੜਾ ਸਾਡੀ ਕੁਲ ਦਾ ਨਾਮ ਰੋਸ਼ਨ ਕਰ ਦੇਵੇ। ਐਸੀਆਂ ਬਹੁਤ ਸਾਰੀਆਂ ਮਾਵਾਂ ਹੋਈਆਂ ਨੇ ਜਿਨ੍ਹਾਂ ਨੇ ਕਹਿ ਕੇ ਆਪਣੀ ਔਲਾਦ ਨੂੰ ਬ੍ਰਹਮਗਿਆਨੀ ਬਣਾਇਆ। ਸੋ ਸਾਰੇ ਬ੍ਰਹਮਗਿਆਨੀ ਬਣਾ ਦਿਤੇ, ਲੋਰੀਆਂ-ਲੋਰੀਆਂ 'ਚ ਹੀ ਗਿਆਨ ਦੇ ਦਿੰਦੀ ਸੀ ਮਾਂ। ਰਾਜੇ ਨੇ ਕਿਹਾ ਕਿ ਤੁਸੀਂ ਤਾਂ ਸਾਰੇ ਹੀ ਦੁਨੀਆਂ ਤੋਂ ਉਚਾਟ ਕਰੀ ਜਾਂਦੇ ਓਂ, ਕੋਈ ਰਾਜ ਕਰਨ ਵਾਲਾ ਵੀ ਚਾਹੀਦਾ ਹੈ। ਤਾਂ ਉਹ ਕਹਿਣ ਲੱਗੀ ਕਿ ਹੁਣ ਜਿਹੜਾ ਪੁੱਤਰ ਪੈਦਾ ਹੋਏਗਾ ਉਹ ਰਾਜ ਕਰੇਗਾ। ਉਹਨੂੰ ਕਰਮ ਯੋਗ

ਦੀ ਸਿਖਸ਼ਾ ਦਿਤੀ ਪੰਜ ਸਾਲ ਦੇ ਜੀਵਨ ਤੱਕ। ਬ੍ਰਹਮਗਿਆਨ ਵੀ ਕਰਾ ਦਿਤਾ ਤੇ ਨਾਲ ਰਾਜ ਯੋਗੀ ਵੀ ਬਣਾ ਦਿਤਾ। ਕਹਿੰਦੀ, ਇਹ ਰਾਜ ਕਰੇਗਾ। ਉਸ ਰਾਜੇ ਦਾ ਨਾਮ ਰਾਜਾ ਨਿਰਮੋਹੀ ਹੋਇਆ ਹੈ। ਮਸ਼ਹੂਰ ਹੈ ਉਸਦਾ ਰਾਜ ਤੇ ਉਹਦੀ ਬਿਰਤੀ ਸੰਸਾਰ 'ਚ ਅੱਜ ਤੱਕ। ਸੋ ਇਸ ਕਰਕੇ ਧੰਨ ਕਿਹਾ ਜਾਂਦਾ ਹੈ ਮਾਂ ਨੂੰ -

***ਸਦਾ ਸਹਜੁ ਸੁਖੁ ਮਨਿ ਵਸਿਆ ਸਚੇ ਸਿਉ ਲਿਵ ਲਾਇਆ ॥***

***ਅੰਗ - 852***

ਬਾਕੀ ਜਿਹੜੀ ਦੁਨੀਆਂ ਹੈ ਸਾਰੀ ਮਹਾਰਾਜ ਕਹਿੰਦੇ, ਭੁੱਲੀ ਪਈ ਹੈ। ਕੀ ਦੇਵਤੇ, ਕੀ ਪੜ੍ਹੇ ਹੋਏ, ਵੱਡੇ-ਵੱਡੇ ਪੀ ਐਚਡੀ, ਫਿਲਾਸਫਰ, ਕਿਤਾਬਾਂ ਤਾਂ ਲਿਖ ਦਿੰਦੇ ਨੇ ਫਿਲਾਸਫਰ ਏਧਰਲੀਆਂ-ਓਧਰਲੀਆਂ ਦੇਖ ਕੇ। ਦਿਮਾਗੀ ਅਸਰ ਹੁੰਦਾ ਹੈ ਫਿਲਾਸਫਰਾਂ 'ਤੇ, ਪੱਕਾ ਨਹੀਂ ਹੋਇਆ ਕਰਦਾ। ਜਦੋਂ ਸੋਚ ਵਿਚ ਬਹਿੰਦੇ ਨੇ, ਉਸ ਵੇਲੇ ਉਹ ਚੀਜ਼ਾਂ ਆ ਜਾਂਦੀਆਂ ਹਨ। ਅੱਜਕੱਲ੍ਹ ਤਾਂ ਗੱਲ ਹੀ ਹੋਰ ਹੈ। ਮੌਲਿਕ ਵਿਦਿਆ ਹੀ ਨਹੀਂ ਰਹੀ, ਪੁਰਾਣੀਆਂ ਕਿਤਾਬਾਂ ਛਾਂਟ ਲਓ, ਢੇਰ ਲਾ ਲਓ, ਪੰਜ-ਸੱਤ ਸੌ ਕਿਤਾਬ ਪਿੱਛੇ ਲਿਸਟ ਦਿਤੀ ਹੁੰਦੀ ਹੈ, ਮੈਂ ਪੰਜ ਕਿਤਾਬਾਂ 'ਚੋਂ ਪੜ੍ਹ ਕੇ ਲਿਖਿਆ ਹੈ। ਉਹ ਲਕੀਰ ਦੇ ਫਕੀਰ ਹੁੰਦੇ ਨੇ। ਪੰਜ ਸੌ ਕਿਤਾਬ 'ਚੋਂ ਹਵਾਲਾ ਦੇ ਦਿੰਦੇ ਨੇ ਕਿ ਫਲਾਣੇ ਪੰਨੇ 'ਤੇ, ਫਲਾਣੇ ਨੇ ਇਸ ਤਰ੍ਹਾਂ ਲਿਖਿਆ ਹੈ। ਇਹਦਾ ਮਤਲਬ ਹੈ ਅਗਾਂਹਾਂ ਮੌਲਿਕ ਵਿਦਿਆ ਦਾ ਘਾਟਾ ਪੈ ਗਿਆ। ਅੱਗੇ ਨਹੀਂ ਚੱਲ ਰਹੀ ਚੀਜ਼। ਸੋ ਐਸੇ ਜੋ ਹੋਇਆ ਕਰਦੇ ਨੇ, ਲਾਇਬ੍ਰੇਰੀ 'ਚ ਬੈਠ ਕੇ ਲਿਖਦੇ ਨੇ, ਦਿਮਾਗੀ ਤੌਰ ਤੇ ਉਨ੍ਹਾਂ ਦਾ ਫੈਸਲਾ ਹੋਇਆ ਕਰਦਾ ਹੈ, ਜੀਵਨ ਨਹੀਂ ਉਹਦੇ ਮੁਤਾਬਿਕ ਹੁੰਦਾ। ਜੀਵਨ ਉਹਦੇ ਪ੍ਰਤੀਕੂਲ ਹੁੰਦਾ ਹੈ। ਸੋ ਉਹਨੂੰ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਭੁਲੇ ਹਉਮੈ ਮੋਹੁ ਵਧਾਇਆ ॥***

***ਅੰਗ- 852***

ਮੁਖੀ ਦੇਵਤੇ ਨੇ -

***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***

***ਅੰਗ - 7***

ਇਹ ਵੀ ਤਿੰਨ ਗੁਣੀ ਮਾਇਆ ਦੇ ਵਿਚ ਭੁੱਲ ਗਏ। ਕਿਉਂ ਭੁੱਲ ਗਏ? ਕਿਉਂਕਿ ਪ੍ਰਮੇਸ਼ਰ ਨਜ਼ਰ ਨਹੀਂ ਆਉਂਦਾ-

***ਓਹੁ ਵੇਖੈ ਓਨਾ ਨਦਰਿ ਨ ਆਵੈ***
***ਬਹੁਤਾ ਏਹੁ ਵਿਡਾਣੁ ॥*** ***ਅੰਗ - 7***

ਪ੍ਰਮੇਸ਼ਰ ਤਾਂ ਦੇਖ ਰਿਹਾ ਹੈ, ਨਿਰੰਕਾਰ ਸਾਰਿਆਂ ਨੂੰ ਜਾਣਦਾ ਹੈ। ਲੇਕਿਨ ਇਹ ਮੁਖੀ ਦੇਵਤੇ ਹੋ ਕੇ ਇਕ ਮਾਇਆ ਦੇ ਵਿਚੋਂ ਤਿੰਨ ਧਾਰਾਂ ਦੇ ਕੰਮ ਕਰਨ ਵਾਲੇ ਪੈਦਾ ਹੋ ਕੇ, ਸਾਰੇ ਸੰਸਾਰ ਤੋਂ ਵੱਡੇ ਕਹਾਉਂਦੇ ਨੇ। ਮਹਾਰਾਜ ਕਹਿੰਦੇ, ਇਹ ਤਿੰਨੋਂ ਹੀ ਮਾਇਆ 'ਚ ਭੁੱਲ ਗਏ। ਇਨ੍ਹਾਂ ਨੂੰ ਸੋਝੀ ਨਾ ਰਹੀ। ਇਨ੍ਹਾਂ ਦੇ ਉਪਦੇਸ਼ ਨੇ ਹਉਮੈ ਤੇ ਮੋਹ ਨੂੰ ਵਧਾ ਦਿਤਾ

–

***ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥***

***ਅੰਗ – 852***

ਪੰਡਤ ਕਹਿੰਦੇ ਨੇ, ਜਿਨ੍ਹਾਂ ਕੋਲ ਬਹੁਤ ਵੱਡੀ ਡਿਗਰੀ ਹੁੰਦੀ ਹੈ ਜਿਵੇਂ ਪੀਐਚ.ਡੀ ਹੈ। ਇਸ ਤਰ੍ਹਾਂ ਦੀ ਡਿਗਰੀ ਚਾਰੋਂ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ ਹੋਰ ਜੋਤਿਸ਼ ਵਗੈਰਾ, ਹਰੇਕ ਚੀਜ਼ ਜਿਹੜਾ ਜਾਣਦਾ ਸੀ। ਉਹਨੂੰ ਉਪਾਧੀ ਮਿਲਿਆ ਕਰਦੀ ਸੀ ਪੰਡਤ ਦੀ। ਚਾਹੇ ਬ੍ਰਾਹਮਣ ਹੋਵੇ, ਚਾਹੇ ਖੱਤ੍ਰੀ ਹੋਵੇ, ਕੋਈ ਹੋਵੇ। ਕਹਿੰਦੇ, ਉਹ ਵੀ ਪੜ੍ਹ–ਪੜ੍ਹ ਕੇ, ਜਿਹੜੇ ਮੋਨੀ ਸੀ, ਜਿਹੜੇ ਬੋਲਦੇ ਹੀ ਨਹੀ ਸੀਗੇ, ਖੋਜ ਵਿਚ ਰਹਿੰਦੇ ਸੀ ਕਹਿੰਦੇ ਉਹ ਵੀ ਭੁੱਲ ਗਏ ਕਿਉਂਕਿ ਉਨ੍ਹਾਂ ਨੇ ਦੂਜੇ ਭਾਅ ਚਿੱਤ ਲਾ ਲਿਆ,ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾ ਲਿਆ, ਵਾਹਿਗੁਰੂ ਨੂੰ ਛੱਡ ਕੇ। ਦੇਖਣ ਵਾਲੀਆਂ ਚੀਜ਼ਾਂ 'ਚ ਉਨ੍ਹਾਂ ਦਾ ਚਿੱਤ ਲੱਗ ਗਿਆ –

***ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥***

***ਅੰਗ – 852***

ਸਮਰੱਥ ਗੁਰੂ ਨਾ ਮਿਲਣ ਕਰਕੇ ਇਹ ਵੀ ਧਰਮਾਂ 'ਚ, ਭੇਖਾਂ 'ਚ ਭੁੱਲ ਗਿਆ।

***ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ***
***ਤਿਨ੍ਹੀ ਬਿਰਥਾ ਜਨਮੁ ਗਵਾਇਆ ॥ ਅੰਗ – 852***

ਜਿਹੜੇ ਮਨ ਦੇ ਪਿੱਛੇ ਲੱਗਣ ਵਾਲੇ ਪ੍ਰੇਮੀ ਨੇ, ਮਹਾਰਾਜ ਕਹਿੰਦੇ ਹਰ ਵਕਤ ਭੁੱਲੇ ਹੀ ਰਹਿੰਦੇ ਨੇ, ਉਨ੍ਹਾਂ ਨੂੰ ਤਾਂ ਯਾਦ ਆਉਂਦਾ ਹੀ ਨਹੀਂ ਪ੍ਰਮੇਸ਼ਰ। ਉਨ੍ਹਾਂ ਦੀ ਤਾਂ ਗੱਲ ਹੀ ਨਾ ਕਰੋ, ਉਨ੍ਹਾਂ ਨੇ ਤਾਂ ਬਿਰਥਾ ਜਨਮ ਗਵਾ ਦਿਤਾ। ਉਨ੍ਹਾਂ ਦੇ ਬਾਰੇ ਤਾਂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਬਿਰਥਾ ਜਨਮ ਗਵਾਇਆ, ਮਨਮੁਖ ਬੰਦਿਆਂ ਨੇ।***

ਦੋ ਕਿਸਮ ਦੇ ਬੰਦੇ ਨੇ ਇਕ ਤਾਂ ਉਹ ਨੇ ਜੋ ਗੁਰੂ ਨੂੰ ਗਾਈਡ ਬਣਾਉਂਦੇ ਨੇ। ਗੁਰੂ ਸਾਹਿਬ ਇਸ ਮਾਮਲੇ 'ਚ ਕੀ ਕਹਿੰਦੇ ਨੇ। ਕਿਸੇ ਨਾਲ ਵੈਰ ਕਰਨਾ ਹੈ, ਬੜੀ ਸੁਖਾਲੀ ਗੱਲ ਹੈ, ਹਰੇਕ ਦੇ ਮਨ ਵਿਚ ਜਜ਼ਬੇ ਉਠਦੇ ਨੇ ਕਿ ਇਹਨੇ ਮੇਰੇ ਨਾਲ ਮਾੜੀ ਕਰੀ ਹੈ ਤੇ ਮੇਰੇ 'ਚ ਤਾਕਤ ਹੈ ਕਿ ਮੈਂ ਇਸਨੂੰ ਚੰਗੀ ਤਰ੍ਹਾਂ ਦੰਡ ਦੇ ਸਕਦਾ ਹਾਂ। ਵੈਰ ਭਾਵ ਮਨ ਵਿਚ ਰੱਖ ਲੈਂਦਾ ਹੈ, ਜੇ ਸਾਮ੍ਹਣੇ ਆ ਜਾਵੇ, ਉਸੇ ਵੇਲੇ ਮਨ ਉਦਾਸ ਹੋ ਜਾਂਦਾ ਹੈ। ਕਿਉਂਕਿ ਵੈਰ ਭਾਵ ਅੰਦਰ ਪਿਆ ਹੈ। ਇਹ ਤਾਂ ਹੈਗੀ ਮਨ ਦੀ ਗੱਲ। ਜੇ ਕਹੇ ਕਿ ਗੁਰੂ ਮਹਾਰਾਜ ਤੋਂ ਪੁੱਛੀਏ ਕਿ ਗੁਰੂ ਕੀ ਕਹਿੰਦੇ ਨੇ? ਗੁਰੂ ਮਹਾਰਾਜ ਕਹਿੰਦੇ ਨੇ –

***ਵਵਾ ਵੈਰੁ ਨ ਕਰੀਐ ਕਾਹੂ ॥ ਘਟ ਘਟ ਅੰਤਰਿ ਬ੍ਰਹਮ ਸਮਾਹੂ ॥***

***ਅੰਗ – 259***

ਤੇਰੇ ਨੈਣ ਨਹੀਂ ਅਜੇ ਖੁੱਲ੍ਹੇ ਪਰ ਤੂੰ ਸਾਡੀ ਗੱਲ ਮੰਨ ਲੈ। ਇਹਦੇ ਵਿਚ ਵਾਹਿਗੁਰੂ ਬੈਠਾ ਹੈ। ਜਿਹੜਾ ਤੇਰੇ ਸਰੀਰ ਦੀ ਕਾਰ ਚਲਾ ਰਿਹਾ ਹੈ, ਉਹੀ ਇਹਦੇ ਸਰੀਰ ਦੀ ਕਾਰ ਚਲਾ ਰਿਹਾ ਹੈ। ਇਹ ਜਿਹੜਾ ਤੁਹਾਡਾ ਰੌਲਾ-ਗੌਲਾ ਪਿਆ ਹੈ, ਇਹ ਗੁਣਾਂ ਦਾ ਫਰਕ ਹੈ। ਕਿਤੇ ਗੁਣ ਵੱਧ ਨੇ, ਤਮੋ ਗੁਣ ਵਧ ਗਿਆ, ਕਿਤੇ ਛਲੀਆ, ਕਪਟੀ, ਧੋਖੇਬਾਜ਼ ਹੋ ਜਾਂਦਾ ਹੈ। ਸਤੋ ਗੁਣ ਵਧ ਗਿਆ ਉਥੇ ਉਹ ਬੰਦਾ ਚੰਗਾ ਹੋ ਜਾਂਦਾ ਹੈ। ਇਹ ਭੁਲਾਇਆ ਹੋਇਆ ਭੁੱਲਿਆ ਹੈ। ਇਹਦੀ ਕਿਰਤ ਨੇ ਇਸਨੂੰ ਭੁਲਾ ਦਿਤਾ ਤੇ ਹੁਕਮ ਦੇ ਵਿਚ ਇਹ ਭੁੱਲ ਗਿਆ। ਕਹਿੰਦੇ, ਵੈਰ ਨਾ ਕਰ, ਕਿਉਂਕਿ ਪ੍ਰਮੇਸ਼ਰ ਹੈ ਇਹਦੇ 'ਚ। ਦੂਸਰਾ ਇਹ ਹੈ ਕਿ -

***ਪਰ ਕਾ ਬੁਰਾ ਨ ਰਾਖਹੁ ਚੀਤ ॥***
***ਤੁਮ ਕਉ ਦੁਖੁ ਨਹੀ ਭਾਈ ਮੀਤ ॥*** ***ਅੰਗ - 259***

ਪਰਾਇਆ ਬੁਰਾ ਚਿੱਤ 'ਚ ਨਾ ਰੱਖ, ਤੈਨੂੰ ਦੁਖ ਆਉਣਾ ਹੀ ਨਹੀਂ ਹੈ ਕਿਉਂਕਿ ਤੂੰ ਭਲਾ ਲੋਚਦਾ ਹੈਂ ਸਭ ਦਾ, ਤੂੰ ਈਮਾਨਦਾਰੀ ਨਾਲ ਕਿਹਾ ਕਰ -

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।***

ਵੈਰ ਨਾ ਚਿਤਵਿਆ ਕਰ -

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਅੰਗ - 1352***

ਕਹਿੰਦੇ ਜੀ, ਬੁਰੇ ਨੇ।

ਕਹਿੰਦੇ, ਕੋਈ ਗੱਲ ਨਹੀਂ, ਥੋੜ੍ਹਾ ਜਿਹਾ ਚਿਰ ਆਪਾਂ ਰਹਿਣਾ ਹੈ ਸੰਸਾਰ 'ਚ, ਬਹੁਤਾ ਚਿਰ ਤਾਂ ਰਹਿਣਾ ਨਹੀਂ, ਬੀਜ ਨਾ ਬੀਜੋ ਜਿਹਦਾ ਬਦਲਾ ਫੇਰ ਦੇਣਾ ਪਵੇ। ਬੁਰੇ ਦਾ ਵੀ ਭਲਾ ਕਰੋ ਕਿਉਂਕਿ ਗੁਰੂ ਨਾਨਕ ਦਾ ਮੱਤ ਹੈ ਇਹ।

***ਬੁਰਿਆਂ ਨਾਲ ਬੁਰਿਆਈ ਕਰਦੇ, ਮਾਫ ਕਰਨ ਕਈ ਸਿਆਣੇ।***
***ਬੁਰਿਆਂ ਨਾਲ ਭਲਿਆਈ ਕਰਨੀ, ਇਹ ਗੁਰੂ ਨਾਨਕ ਜਾਣੇ।***

ਇਹ ਗੁਰੂ ਨਾਨਕ ਨੂੰ ਹੀ ਪਤਾ ਹੈ ਕਿ ਬੁਰੇ ਦੇ ਨਾਲ ਮੈਂ ਭਲਾ ਕਰ ਦੇਵਾਂ। ਕੌਡਾ ਰਾਕਸ਼ ਮਰਦਾਨੇ ਨੂੰ ਤਲ ਕੇ ਖਾਣ ਲੱਗਿਆ, ਲੇਕਿਨ ਗੁਰੂ ਨਾਨਕ ਦਾ ਰਵੱਯਾ ਕੀ ਹੈ? ਉਹਦੇ 'ਚੋਂ ਬੁਰਿਆਈ ਕੱਢ ਦਿਤੀ ਤੇ ਕੌਡੇ ਨੂੰ ਕਹਿੰਦੇ ਤੂੰ ਇਸ ਇਲਾਕੇ ਦਾ ਗੁਰੂ ਹੋ ਕੇ ਨਾਮ ਦੀ ਦਾਤ ਦਿਆ ਕਰ। ਇਕ ਦਮ ਪੂਰਾ ਕਰ ਦਿਤਾ।

ਸੱਜਣ ਠੱਗ ਗੁਰੂ ਨਾਨਕ ਨੂੰ ਮਾਰਨ ਦੀਆਂ ਵਿਉਂਤਾਂ ਬਣਾ ਰਿਹਾ ਹੈ। ਸਾਰੀ ਰਾਤ ਸੋਚਾਂ ਪਏ ਰਹੇ ਕਿ ਇਹ ਤਿੰਨ ਬੰਦਿਆਂ ਨੂੰ ਕਿਵੇਂ ਮਾਰ ਦੇਈਏ। ਤਾਕਤ ਵੀ ਥੋੜ੍ਹੀ ਇਸਤੇਮਾਲ ਕਰ ਦੇਈਏ, ਤਕੜੇ ਬੰਦੇ ਨੇ ਕਿਤੇ ਐਸਾ ਨਾ ਹੋਵੇ ਸਾਡੇ ਬੰਦੇ ਮਾਰੇ ਜਾਣ। ਕੋਈ ਜੁਗਤ ਖੇਲੋ। ਸਾਰੀ ਰਾਤ ਵਿਉਂਤਾਂ ਬਣਾਈ ਜਾਂਦੇ ਨੇ, ਰੱਸੇ ਇਕੱਠੇ ਕਰਦੇ ਨੇ, ਖਾਣ ਪੀਣ ਦੇ

ਵਿਚ ਵਿਹੁ ਮਿਲਾ ਰਹੇ ਨੇ, ਬੇਹੋਸ਼ੀ ਦੀਆਂ ਦਵਾਈਆਂ ਛਿੜਕ ਰਹੇ ਨੇ। ਲੇਕਿਨ ਗੁਰੂ ਨਾਨਕ ਸਾਹਿਬ ਕੀ ਕਰਦੇ ਨੇ? ਗੁਰੂ ਨਾਨਕ ਸਾਹਿਬ ਉਸੇ ਸੱਜਣ ਨੂੰ ਸੰਤ ਬਣਾ ਦਿੰਦੇ ਨੇ, ਠੱਗ ਨਹੀਂ ਰਹਿਣ ਦਿੰਦੇ ਨੇ। ਸਾਧੂ ਬਣਾ ਕੇ ਪਹਿਲੀ ਮੰਜੀ ਸੱਜਣ ਠੱਗ ਨੂੰ ਦਿਤੀ ਹੈ। ਪਹਿਲਾਂ ਨਾਮ ਉਹਦਾ ਮਸ਼ਹੂਰ ਹੈ। ਲੇਕਿਨ ਸੰਤ ਬਣ ਗਿਆ ਸੱਜਣ। ਅਸਲੀ ਸੱਜਣ ਬਣਾ ਦਿਤਾ –

***ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥***
***ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ਅੰਗ – 729***

ਸੋ ਇਸ ਤਰ੍ਹਾਂ ਦੇ ਨਾਲ ਇਕ ਤਾਂ ਉਹ ਨੇ ਜਿਹੜੇ ਮਨ ਦੇ ਪਿਛੇ ਲੱਗਣ ਵਾਲੇ ਨੇ। ਇਕ ਉਹ ਨੇ ਜਿਹੜੇ ਰੋਸ਼ਨੀ ਲੈਂਦੇ ਨੇ ਗੁਰੂ ਤੋਂ, ਹਰ ਨੁਕਤੇ 'ਤੇ। ਜਿਹੜੇ ਪਿਛਲੀ ਕਿਸਮ ਦੇ ਬੰਦੇ ਨੇ ਉਨ੍ਹਾਂ ਨੂੰ ਗੁਰਮੁਖ ਕਹਿੰਦੇ ਨੇ। ਗੁਰਮੁਖ ਜਿਹੜੇ ਨੇ ਉਹ ਗੁਰੂ ਦੀ ਦਰਗਾਹ 'ਚ ਜਾ ਕੇ ਪ੍ਰਵੇਸ਼ ਕਰਕੇ, ਸਦਾ ਵਾਸਤੇ ਅਮਰ ਜ਼ਿੰਦਗੀ ਪ੍ਰਾਪਤ ਕਰ ਲੈਂਦੇ ਹਨ। ਜਿਹੜੇ ਮਨ ਦੇ ਪਿੱਛੇ ਲੱਗਣ ਵਾਲੇ ਬੰਦੇ ਨੇ, ਮਹਾਰਾਜ ਕਹਿੰਦੇ, ਉਨ੍ਹਾਂ ਨੂੰ ਸੁੱਖ ਕਦੇ ਸੁਪਨੇ ਵਿਚ ਵੀ ਨਹੀਂ ਪ੍ਰਾਪਤ ਹੋਏਗਾ –

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥***
***ਅੰਗ – 947***

***ਮਨਮੁਖਿ ਆਵੈ ਮਨਮੁਖਿ ਜਾਵੈ ॥***
***ਮਨਮੁਖਿ ਫਿਰਿ ਫਿਰਿ ਚੋਟਾ ਖਾਵੈ ॥***
***ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ ॥***
***ਅੰਗ – 1073***

ਜਿੰਨੇ ਨਰਕ ਨੇ ਸਾਰੇ ਮਨਮੁਖ ਦੇ ਹਿੱਸੇ 'ਚ ਆਏ ਹੋਏ ਨੇ, ਗੁਰਮੁਖ ਨੂੰ ਭੋਰਾ ਜਿੰਨੀ ਵੀ ਲੇਪ ਨਹੀਂ ਲਗਦੀ। ਕਿਉਂਕਿ ਉਸ ਨੇ ਸਾਰੀ ਜ਼ਿੰਦਗੀ ਗੁਰੂ ਦੀ ਰੋਸ਼ਨੀ ਦੇ ਵਿਚ ਬਤੀਤ ਕੀਤੀ ਹੈ, ਹਨ੍ਹੇਰਾ ਨਹੀਂ ਕੀਤਾ। ਹਨ੍ਹੇਰੇ ਵਾਲੀ ਜ਼ਿੰਦਗੀ ਨਹੀਂ ਬਤੀਤ ਕੀਤੀ, ਪ੍ਰਕਾਸ਼ ਵਾਲੀ ਕੀਤੀ ਹੈ। ਸੋ ਮਹਾਰਾਜ ਕਹਿੰਦੇ, ਐਸੇ ਜੋ ਲੋਕ ਨੇ –

***ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ..........॥ ਅੰਗ – 852***

ਪੰਜ ਭਰਮ ਹੁੰਦੇ ਨੇ ਉਨ੍ਹਾਂ 'ਚ ਭੁੱਲੇ ਰਹਿੰਦੇ ਨੇ। ਉਨ੍ਹਾਂ ਦਾ ਜਿਹੜਾ ਜਨਮ ਹੈ –

***..........ਤਿਨ੍ਹੀ ਬਿਰਥਾ ਜਨਮੁ ਗਵਾਇਆ ॥ ਅੰਗ – 852***

ਬਿਰਥਾ ਹੀ ਚਲੇ ਗਏ। ਜਿਹੋ ਜਿਹੇ ਆਏ, ਉਹਾ ਜਿਹਾ ਹੀ ਚਲੇ ਗਏ। ਸਗੋਂ ਪਾਪ ਨਾਲ ਲੈ ਗਏ। 'ਨਾਨਕ ਨਾਮ ਰਤੇ' ਹੁਣ ਸਮਝਦੇ ਕਿਹੜੇ ਨੇ, ਮਹਾਰਾਜ ਕਹਿੰਦੇ, ਜਿਹੜੇ ਨਾਮ ਦੇ ਵਿਚ ਰੱਤੇ ਹੋਏ ਨੇ,

ਜਿਨ੍ਹਾਂ ਨੇ ਮਸ਼ੱਕਤਾਂ ਘਾਲੀਆਂ ਹੋਈਆਂ ਨੇ। ਜਿਹੜੇ ਅੰਮ੍ਰਿਤ ਵੇਲੇ ਜਾਗਦੇ ਹਨ ਤੇ ਚਿੱਤ ਲਾਉਂਦੇ ਨੇ ਪ੍ਰਮੇਸ਼ਰ ਦੇ ਨਾਲ। ਮਿਹਨਤਾਂ ਕਰਦੇ ਨੇ। ਅੰਦਰ ਦਾਖਲ ਹੁੰਦੇ ਨੇ। ਮੁੜ ਸੋਮੇ ਵਲ ਜਾਂਦੇ ਨੇ ਤੇ ਉਨ੍ਹਾਂ ਨੂੰ ਤੱਤ ਦੀ ਪਛਾਣ ਆ ਜਾਂਦੀ ਹੈ। ਕਹਿੰਦੇ ਉਹ ਜਿਹੜੇ ਨਾਮ ਨਾਲ ਪਿਆਰ ਦੇ ਵਿਚ ਗੜੂੰਦ ਹੋਏ-ਹੋਏ ਨੇ, ਰੱਤੇ ਹੋਏ, ਕਹਿੰਦੇ ਉਹੀ ਸਮਝਦੇ ਨੇ।

*ਨਾਨਕ ਨਾਮਿ ਰਤੇ ਸੇਈ ਜਨ ਸਮਧੇ*
*ਜਿ ਆਪੇ ਬਖਸਿ ਮਿਲਾਇਆ ॥* **ਅੰਗ - 852**

ਸੋ ਮਹਾਰਾਜ ਕਹਿੰਦੇ, ਕਿਉਂ ਪ੍ਰੇਮੀਆਂ! ਜੋ ਸਚਾਈ ਹੈ ਉਸ ਨੂੰ ਤੂੰ ਕਿਉਂ ਭੁੱਲਿਆ ਹੋਇਆ ਹੈਂ? ਸਚਾਈ ਹੈ ਕਿ ਤੇਰੇ ਅੰਦਰ ਬਾਹਰ ਸਾਰੇ ਇਕ ਤੱਤ ਜਿਸਨੂੰ ਪਰਮ ਤੱਤ ਕਹਿੰਦੇ, ਜਿਸਨੂੰ ਵਾਹਿਗੁਰੂ ਤੱਤ ਕਹਿੰਦੇ ਨੇ, ਰਾਮ ਤੱਤ ਕਹਿੰਦੇ ਨੇ। ਪਰਮ ਸ਼ਕਤੀ ਕਹਿੰਦੇ ਨੇ, ਪਰਮ ਜੋਤੀ ਕਹਿੰਦੇ ਨੇ। ਉਹਦਾ ਪ੍ਰਕਾਸ਼ ਹੋਇਆ-ਹੋਇਆ ਹੈ ਤੇਰੇ ਚਾਰੋਂ ਪਾਸੇ। ਉਹਦਾ ਸੂਰਜ ਵਰਗਾ ਚਾਨਣਾ ਨਹੀਂ, ਉਹ ਗਿਆਨ ਦਾ ਚਾਨਣਾ ਹੈ। ਨਾਮ ਜਪਣ ਵਾਲਿਆਂ ਨੂੰ ਜਦੋਂ ਅੰਦਰ ਅਨੁਭਵ ਖੁੱਲ੍ਹ ਜਾਂਦਾ ਹੈ, ਫੇਰ ਪਤਾ ਲਗਦਾ ਹੈ ਕਿ ਵਾਹਿਗੁਰੂ ਦਾ ਸਰੂਪ ਆਹ ਸੀ। ਅਸੀਂ ਤਾਂ ਵੱਡਾ ਪ੍ਰਕਾਸ਼ ਸਮਝਦੇ ਰਹੇ ਉਸਨੂੰ। ਉਹ ਮਹਾਨ ਪ੍ਰਕਾਸ਼, ਸੂਰਜ ਚੰਦਰਮਾ ਵਰਗਾ ਪ੍ਰਕਾਸ਼ ਨਹੀਂ, ਉਹ ਤਾਂ ਪ੍ਰਕਾਸ਼ ਹੀ ਹੋਰ ਹੈ ਜਿਸ ਵਿਚ ਸਭ ਚੀਜ਼ਾਂ ਜਿਹੜੀਆਂ ਸੂਰਜ ਚੰਦਰਮਾ ਨਾਲ ਨਹੀਂ ਆਉਂਦੀਆਂ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*

**ਅੰਗ - 463**

ਘੋਰ ਅੰਧਾਰ ਹੁੰਦਾ ਹੈ ਉਨ੍ਹਾਂ ਨੂੰ। ਕੇਵਲ ਨਾਮ ਦੇ ਨਾਲ ਉਨ੍ਹਾਂ ਵਿਚ ਪ੍ਰਕਾਸ਼ ਆਉਂਦਾ ਹੈ। ਕਰੋੜਾਂ ਸੂਰਜਾਂ ਦੇ ਪ੍ਰਕਾਸ਼ ਤੋਂ ਵੱਧ ਪ੍ਰਕਾਸ਼ ਹੈ ਉਹਦਾ। ਸੋ ਉਹਦੇ ਵਿਚ ਆ ਕੇ ਇਹ ਦੇਖਦਾ ਹੈ ਕਿ ਇਸ ਸੰਸਾਰ ਦੇ ਵਿਚ ਤਾਂ ਵਾਹਿਗੁਰੂ ਦੇਖਦਾ ਵੀ ਹੈ, ਸੁਣਦਾ ਵੀ ਹੈ। ਨਾਲ ਰਹਿੰਦਾ ਹੈ ਮੇਰੇ ਹਰ ਵਕਤ। ਮਹਾਰਾਜ ਕਹਿੰਦੇ ਫੇਰ ਜੇ ਸਾਨੂੰ ਮੱਥਾ ਵੀ ਟੇਕਦਾ ਹੈਂ, ਇਸ ਆਸ ਨਾਲ ਆਉਂਦਾ ਹੈ ਕਿ ਮੇਰਾ ਉਧਾਰ ਹੋ ਜਾਏਗਾ। ਮੈਂ ਸੰਸਾਰ ਸਾਗਰ ਤੋਂ ਤਰ ਜਾਵਾਂਗਾ। ਫੇਰ ਵੀ ਪ੍ਰੇਮੀਆਂ ਤੂੰ ਭੁੱਲਦਾ ਕਿਉਂ ਹੈ ਸਾਡੇ ਬਚਨ ਨੂੰ। ਇਸ ਤਰ੍ਹਾਂ ਦੇ ਨਾਲ ਆਪ ਫੁਰਮਾਨ ਕਰਦੇ ਨੇ -

*ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,*
*ਉਹਨੂੰ ਕਾਹਤੋਂ ਭੁੱਲਿਐਂ।*

ਕਹਿਣ ਲੱਗੇ, ਵਾਹਿਗੁਰੂ ਦੇਖਦਾ ਵੀ ਹੈ, ਸੁਣਦਾ ਵੀ ਹੈ ਤੇ ਤੇਰੇ ਨਾਲ ਰਹਿੰਦਾ ਹੈ। ਇਹ ਤਿੰਨ ਬਚਨ ਤੱਤ ਦੇ ਅਸੀਂ ਤੈਨੂੰ ਕਹਿੰਦੇ ਹਾਂ। ਫੇਰ ਤੂੰ ਕਿਉਂ ਹਰ ਵਕਤ ਭੁੱਲਿਆ ਰਹਿੰਦਾ ਹੈਂ -

*ਕਰਹਿ ਕਰਾਵਹਿ ਮੂਕਰਿ ਪਾਵਹਿ*
*ਪੇਖਤ ਸੁਨਤ ਸਦਾ ਸੰਗਿ ਹਰੇ ॥* **ਅੰਗ - 823**

ਕਰਦਾ ਹੈਂ ਤੇ ਫੇਰ ਮੁਕਰਦਾ ਹੈਂ। ਕਹਿੰਦੇ, ਉਹ ਤਾਂ ਤੈਨੂੰ ਦੇਖ

ਰਿਹਾ ਹੈ। ਉਹ ਤੇਰੀਆਂ ਸਾਰੀਆਂ ਗੱਲਾਂ ਜਿਹੜੀਆਂ ਤੂੰ ਕਿਸੇ ਨਾਲ ਨਹੀਂ ਕਰੀਆਂ। ਤੇਰੇ ਅੰਦਰ ਹੋ ਰਹੀਆਂ ਨੇ ਉਹ ਵੀ ਉਹ ਜਾਣ ਰਿਹਾ ਹੈ। ਫੇਰ ਉਹਨੂੰ ਐਨਾ ਨੇੜੇ ਰਹਿਣ ਵਾਲੇ ਸਾਥੀ ਨੂੰ ਕਿਉਂ ਭੁੱਲਿਆ ਹੈਂ।

ਇਕ ਵਾਰੀ ਇਕ ਮਹਾਤਮਾ ਜਦੋਂ ਸਮਾਂ ਆਇਆ ਉਨ੍ਹਾਂ ਦਾ ਸਰੀਰ ਛੱਡਣ ਦਾ, ਸੰਗਤ ਬਹੁਤ ਸੀ ਤੇ ਮਹਾਤਮਾ ਕਈ ਵਾਰੀ ਐਸਾ ਸੋਚ ਲੈਂਦੇ ਨੇ ਪਰਉਪਕਾਰ ਵਾਸਤੇ ਕਿ ਜੇ ਅਸੀਂ ਸਰੀਰ ਛੱਡ ਦਿਤਾ। ਕੋਈ ਸੰਗਤ ਦਾ ਸਰੀਰ ਪਹਿਲੀ 'ਚ ਹੈ, ਕੋਈ ਚੌਥੀ 'ਚ ਹੈ, ਕੋਈ ਅੱਠਵੀਂ 'ਚ ਹੈ, ਕੋਈ ਦਸਵੀਂ ਹੈ ਕਿ ਇਨ੍ਹਾਂ ਸਾਰਿਆਂ ਦੀ ਰੂਹਾਨੀ ਤਰੱਕੀ ਰੁਕ ਜਾਏਗੀ। ਹੋਵੇ ਨਾ ਤਾਂ ਕੋਈ ਲਾਇਕ ਬੰਦਾ ਮੁਕੱਰਰ ਕਰ ਦੇਈਏ ਜਿਹੜਾ ਕਾਫੀ ਉੱਚਾ ਪਹੁੰਚਿਆ ਹੋਵੇ ਤੇ ਦੂਸਰਿਆਂ ਨੂੰ ਗਾਈਡ ਕਰ ਸਕਦਾ ਹੋਵੇ। ਸੋ ਉਹਦੇ ਵਾਸਤੇ ਉਨ੍ਹਾ ਦੇ ਦੋ ਮੁਖੀ ਚੇਲੇ, ਦੋ ਸੇਵਕ ਸਨ, ਜਿਨ੍ਹਾਂ ਦਾ ਅਦਬ ਸਾਰੀ ਸੰਗਤ ਕਰਦੀ ਸੀ। ਸੰਗਤ ਨੂੰ ਬੁਲਾ ਲਿਆ, ਸਾਰਿਆਂ ਨੂੰ, ਨਾਲ ਦਸ ਦਿਤਾ ਕਿ ਅਸੀਂ ਸਰੀਰ ਛੱਡਣਾ ਹੈ ਭਾਈ। ਸਾਡੇ ਤੋਂ ਕੋਈ ਗੱਲ ਪੁੱਛਣੀ ਹੈ ਪੁੱਛ ਲਓ, ਫੇਰ ਨਾ ਸ਼ੰਕਾ ਰਹਿ ਜਾਵੇ। ਸੋ ਉਸ ਵੇਲੇ ਜਦੋਂ ਸੰਗਤਾਂ ਦਾ ਇਕੱਠ ਹੋ ਗਿਆ, ਦੋਹਾਂ ਚੇਲਿਆਂ ਨੂੰ ਬੁਲਾਇਆ ਕਹਿੰਦੇ, ਦੇਖੋ ਪ੍ਰੇਮੀਓ! ਤੁਸੀਂ ਦੋਵੇਂ ਸੇਵਾ ਕਰਦੇ ਆਏ ਓਂ। ਅਸੀਂ ਗੱਦੀ ਉਸਨੂੰ ਦੇਣੀ ਹੈ ਜਿਹੜਾ ਕਾਰਜ ਅਸੀਂ ਕਹਿਣਾ ਹੈ, ਉਹ ਪਹਿਲਾਂ ਕਰ ਲਵੇ। ਦੋ ਕਬੂਤਰ ਮੰਗਾ ਲਏ, ਇਕ-ਇਕ ਦੋਹਾਂ ਦੇ ਹੱਥ ਫੜਾ ਦਿਤਾ। ਕਹਿੰਦੇ, ਦੇਖੋ ਇਸ ਕਬੂਤਰ ਨੂੰ ਮਾਰ ਕੇ ਲਿਆਉਣਾ ਹੈ, ਪਰ ਮਾਰਨਾ ਉਥੇ ਹੈ ਜਿੱਥੇ ਕੋਈ ਦੇਖਦਾ ਨਾ ਹੋਵੇ। ਜਿਹੜਾ ਪਹਿਲਾਂ ਆ ਜਾਏਗਾ, ਉਹਨੂੰ ਮੈਂ ਗੱਦੀ ਦੇ ਦੇਵਾਂਗਾ। ਦੋਵੇਂ ਇਕ ਦਮ ਜਾਂਦੇ ਨੇ, ਇਕ ਕੰਧ ਦੇ ਉਹਲੇ ਹੋਇਆ, ਆਲਾ-ਦੁਆਲਾ ਦੇਖਿਆ, ਕਬੂਤਰ ਦੀ ਗਰਦਨ ਮਰੋੜ ਕੇ ਪੂਰੇ ਜ਼ੋਰ ਨਾਲ ਨੱਠ ਕੇ ਆ ਕੇ ਮਹਾਂਪੁਰਸ਼ਾਂ ਦੇ ਅੱਗੇ ਆ ਕੇ ਸੁੱਟ ਦਿਤਾ, ਕਹਿੰਦਾ, ਲਓ ਮਹਾਰਾਜ। ਕਹਿੰਦੇ, ਇਹਨੂੰ ਰੱਖ ਦਿਓ ਪਰ੍ਹੇ ਚੁੱਕ ਕੇ।

ਦੂਸਰੇ ਦੀ ਪ੍ਰਤੀਕਸ਼ਾ ਕਰਨ ਲੱਗ ਗਏ। ਅੱਧਾ ਘੰਟਾ ਲੰਘ ਗਿਆ, ਘੰਟਾ ਲੰਘ ਗਿਆ, ਦੋ ਘੰਟੇ ਲੰਘ ਗਏ, ਪਹਿਰ ਲੰਘ ਗਿਆ। ਕਾਫੀ ਸਮੇਂ ਤੋਂ ਬਾਅਦ ਵਾਪਸ ਆਇਆ ਤੇ ਉਸਨੂੰ ਆ ਕੇ ਕਬੂਤਰ ਜਿੰਦਾ ਹੀ ਮੋੜ ਲਿਆਂਦਾ। ਕਹਿੰਦੇ, ਮਾਰ ਕੇ ਨਹੀਂ ਲਿਆਇਆ? ਕਹਿੰਦਾ, ਮਹਾਰਾਜ ਉਹ ਸ਼ਰਤ ਨਹੀਂ ਮੈਂ ਪੂਰੀ ਕਰ ਸਕਿਆ ਕਿਉਂਕਿ ਆਪ ਦਾ ਹੁਕਮ ਇਹ ਸੀ ਕਿ ਜਿੱਥੇ ਹੋਈ ਦੇਖਦਾ ਨਾ ਹੋਵੇ, ਕਹਿੰਦਾ ਨਾਲ ਦੇ ਖੇਤ 'ਚ ਮੈਂ ਵੜਿਆ ਗੰਨੇ ਵਿਚ, ਉਥੇ ਟਿੱਡੇ ਛਾਲਾਂ ਮਾਰਦੇ ਸੀ। ਉਹ ਮੇਰੇ ਵਲ ਵੀ ਦੇਖਦੇ ਸੀ ਤੇ ਮੈਂ ਉਨ੍ਹਾਂ ਵਲ ਦੇਖਦਾ ਸੀ। ਕਬੂਤਰ ਵਲ ਵੀ ਦੇਖਦੇ ਸੀ, ਕਬੂਤਰ ਉਨ੍ਹਾਂ ਵਲ ਦੇਖਦਾ ਸੀ। ਉਸ ਤੋਂ ਮੈਂ ਅੱਗੇ ਜੰਗਲ 'ਚ ਚਲਿਆ ਗਿਆ ਤੇ ਜਿਸ ਸੰਘਣੇ ਦਰਖਤ ਦੇ ਥੱਲੇ ਬੈਠ ਕੇ ਮੈਂ ਮਾਰਨ ਲੱਗਿਆ, ਉਥੇ ਉਪਰ ਪੰਛੀ ਬੈਠੇ ਸੀ, ਉਹ ਦੇਖ ਰਹੇ ਸੀ ਸਾਡੇ ਵਲ। ਅੱਗੇ ਇਕ ਟੋਆ ਸੀ ਮੈਂ ਟੋਏ 'ਚ ਵੜ ਗਿਆ। ਉਹਦੇ 'ਚ ਵੜ ਕੇ ਜਦੋਂ ਮੈਂ ਮਾਰਨ ਲੱਗਿਆ, ਮੈਂ ਇਹਨੂੰ ਦੇਖਦਾ ਸੀ, ਇਹ ਮੈਨੂੰ ਦੇਖਦਾ

ਸੀ। ਮੈਂ ਅੱਖਾਂ 'ਤੇ ਪੱਟੀ ਬੰਨ੍ਹ ਲਈ ਤੇ ਉਪਰ ਕੱਪੜੇ ਦੀ ਬੁੱਕਲ ਮਾਰ ਲਈ ਤੇ ਕਬੂਤਰ ਹੇਠਾਂ ਕਰ ਲਿਆ, ਮੈਂ ਕਿਹਾ ਹੁਣ ਨਹੀਂ ਕੋਈ ਦੇਖਦਾ, ਲੇਕਿਨ ਤੁਹਾਡਾ ਉਪਦੇਸ਼ ਮੇਰੇ ਸਾਮ੍ਹਣੇ ਸੀ ਕਿ ਕੋਈ ਥਾਂ ਦੁਨੀਆਂ 'ਚ ਐਸਾ ਨਹੀਂ, ਜਿੱਥੇ ਵਾਹਿਗੁਰੂ ਜੀ ਨਾ ਦੇਖਦੇ ਹੋਣ, ਨਾ ਸੁਣਦੇ ਹੋਣ ਤੇ ਮਹਾਰਾਜ ਜੀ, ਜਿੱਥੇ ਸਾਰੇ ਪਰੀਪੂਰਨ ਹੈ ਵਾਹਿਗੁਰੂ, ਦੁਨੀਆਂ 'ਚ ਥਾਂ ਹੀ ਕੋਈ ਨਹੀਂ ਹੈ ਜਿੱਥੇ ਕੋਈ ਨਾ ਦੇਖਦਾ ਹੋਵੇ। ਜੇ ਤੁਸੀਂ ਇਹ ਕਹਿ ਦਿੰਦੇ ਕਿ ਵਾਹਿਗੁਰੂ ਨੂੰ ਛੱਡ ਕੇ ਹੋਰ ਸਾਰੇ ਕੋਈ ਨਾ ਦੇਖਦਾ ਹੋਵੇ, ਫੇਰ ਮੈਂ ਮਾਇਆਵੀ ਜੀਵਾਂ ਤੋਂ ਕੋਈ ਪੜਦਾ ਕਰ ਲੈਂਦਾ, ਲੇਕਿਨ ਇਹ ਸ਼ਰਤ ਨਹੀਂ ਮੈਂ ਪੂਰੀ ਕਰ ਸਕਿਆ। ਸੋ ਇਸ ਕਰਕੇ ਮੈਂ ਵਾਪਸ ਦਿੰਦਾ ਹਾਂ। ਸਾਰੀ ਸੰਗਤ ਪ੍ਰਸੰਨ ਹੋ ਗਈ ਕਿ ਮਹਾਂਪੁਰਸ਼ਾਂ ਦਾ ਮਤਲਬ ਕਬੂਤਰ ਮਰਵਾਉਣੇ ਨਹੀਂ ਸੀ, ਮਹਾਂਪੁਰਸ਼ਾਂ ਦਾ ਮਤਲਬ ਇਹ ਸੀ ਕਿ ਕੀ ਇਨ੍ਹਾਂ ਦੇ ਅੰਦਰ ਉਹ ਸੋਝੀ ਘਰ ਕਰ ਗਈ ਕਿ ਜਿਹਦੇ ਵਿਚ ਪੱਕਾ ਇਹ ਵਿਸ਼ਵਾਸ਼ ਹੋ ਜਾਵੇ ਕਿ ਵਾਹਿਗੁਰੂ ਅੰਦਰ ਬਾਹਰ ਦੇਖਦਾ ਹੈ। ਪੜ੍ਹਦੇ ਤਾਂ ਅਸੀਂ ਵੀ ਹਾਂ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* *ਅੰਗ – 294*

ਇਸ ਤੋਂ ਜ਼ਿਆਦਾ ਮਹਾਰਾਜ ਕੀ ਕਹਿੰਦੇ ਨੇ ਕਿ ਕੋਈ ਥਾਂ ਹੀ ਨਹੀਂ ਹੈ, ਨਾ ਪਾਣੀ, ਨਾ ਅੱਗ, ਨਾ ਹਵਾ, ਹਰ ਚੀਜ਼ ਦੇ ਵਿਚ ਵਾਹਿਗੁਰੂ ਜੀ ਦੀ ਜੋਤ ਪਰੀਪੂਰਨ ਹੈ। ਮਹਾਰਾਜ ਕਹਿੰਦੇ, ਉਹਨੂੰ ਕਿਉਂ ਭੁੱਲਿਐਂ ਹੈਂ ਪ੍ਰੇਮੀਆਂ। ਤੇਰੀ ਹਾਲਤ ਇਹ ਹੋਈ ਹੈ –

*ਕਾਚ ਬਿਹਾਝਨ ਕੰਚਨ ਛਾਡਨ .....॥* *ਅੰਗ – 823*

ਕੰਚ ਨੂੰ ਤਾਂ ਇਕੱਠਾ ਕਰ ਰਿਹਾ ਹੈਂ ਤੇ ਸੋਨੇ ਨੂੰ ਛੱਡ ਰਿਹਾ ਹੈਂ –

*.....ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥ ਅੰਗ– 823*

ਜਿਨ੍ਹਾਂ ਨੇ ਤੈਨੂੰ ਨਿੰਦਿਆ, ਚੁਗਲੀਆਂ, ਈਰਖਾ ਦੀਆਂ ਗੱਲਾਂ ਸੁਣਾ ਕੇ, ਕੱਚ-ਪਿਚ ਸੁਣਾ ਕੇ ਨਰਕਾਂ 'ਚ ਲੈ ਕੇ ਜਾਣਾ ਹੈ ਉਨ੍ਹਾਂ ਦੇ ਨਾਲ ਤਾਂ ਤੇਰਾ ਪਿਆਰ ਹੈ। ਜਿਹੜੇ ਸੱਜਣ ਨੇ –

*ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥*

***ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥***

***ਅੰਗ - 1102***

ਜਿਨ੍ਹਾਂ ਨੇ ਦਰਗਾਹ ਵਿਚ ਵੀ ਸਹਾਇਤਾ ਕਰਨੀ ਸੀ, ਉਨ੍ਹਾਂ ਨੂੰ ਤੂੰ ਛੱਡ ਬੈਠਿਆ। ਸੱਜਣਾਂ ਨੂੰ ਤਾਂ ਛੱਡ ਦਿਤਾ ਜਿਨ੍ਹਾਂ ਨੇ ਦਰਗਾਹ 'ਚ ਸਹਾਇਤਾ ਕਰਨੀ ਸੀ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਬਾਬਾ ਸਾਹਿਬ ਸਿੰਘ ਜੀ ਊਨਾ ਸਾਹਿਬ ਵਾਲੇ, ਆਪ ਦੇ ਦਰਬਾਰ ਵਿਚ ਲੰਗਰ ਦੀ ਸੇਵਾ ਭਾਈ ਭਾਗ ਸਿੰਘ ਕਰਿਆ ਕਰਦੇ ਸੀ। ਉਨ੍ਹਾਂ ਦੀ ਮਾਤਾ ਚੜ੍ਹਾਈ ਕਰ ਗਈ, ਬਾਬਾ ਜੀ ਨੂੰ ਖਬਰ ਹੋਈ, ਬਾਬਾ ਜੀ ਕਹਿੰਦੇ ਸਸਕਾਰ ਨਾ ਕਰਿਓ, ਅੰਤਰ ਧਿਆਨ ਹੋ ਕੇ ਦੇਖ ਲਿਆ ਕਿ ਗਲਤ ਲਿਜਾ ਰਹੇ ਨੇ ਮਾਤਾ ਨੂੰ। ਮਾਤਾ ਜਿਉਂਦੀ ਹੋ ਗਈ, ਬਾਬਾ ਜੀ ਕੋਲ ਆ ਗਏ ਸਾਰੇ। ਕਹਿੰਦੇ, ਮਹਾਰਾਜ! ਕਿੰਨੇ ਘੰਟੇ ਮਰੀ ਪਈ 'ਤੇ ਜਿਉਂਦੀ ਹੋਈ। ਬਾਬਾ ਜੀ ਕਹਿਣ ਲੱਗੇ, ਮਾਤਾ ਤੂੰ ਦੱਸ, ਤੇਰੇ ਨਾਲ ਕਿਵੇਂ ਹੋਇਆ? ਕਹਿੰਦੀ, ਮਹਾਰਾਜ! ਮੈਨੂੰ ਧਰਮਰਾਜ ਦੇ ਦੂਤ ਆ ਕੇ ਲੈ ਗਏ। ਉਥੇ ਜਾ ਕੇ ਜਦੋਂ ਮੇਰਾ ਨਾਮ ਕੱਢਿਆ, ਕਹਿੰਦੀ ਨਾਮ ਮੇਰਾ ਨਿਕਲਿਆ ਹੀ ਨਾ। ਉਸ ਵੇਲੇ ਧਰਮਰਾਜ ਨੇ ਕਿਹਾ ਕਿ ਇਹ ਗਲਤ ਲੈ ਆਂਦੀ ਤੁਸੀਂ, ਇਹ ਤਾਂ ਆਪਣੀ ਹੈ ਹੀ ਨਹੀਂ। ਕਿਉਂਕਿ ਸਾਨੂੰ ਤਾਂ ਅਕਾਲ ਪੁਰਖ ਦਾ ਹੁਕਮ ਹੈ -

***ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥***
***ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥***

***ਅੰਗ - 38***

ਜਿਨ੍ਹਾਂ ਨੇ ਦ੍ਵੈਤ ਦੇ ਨਾਲ ਚਿੱਤ ਲਾਇਆ ਹੈ, ਵਾਹਿਗੁਰੂ ਨੂੰ ਛੱਡ ਕੇ ਤੇ ਦੁਸ਼ਟਤਾਈਆਂ ਕੀਤੀਆਂ ਹਨ। ਉਨ੍ਹਾਂ ਦਾ ਨਾਂ ਧਰਮਰਾਜ ਦੇ ਦਫਤਰ 'ਚ ਹੁੰਦਾ ਹੈ। ਜਿਹੜੇ ਗੁਰਮੁਖ ਪਿਆਰੇ ਹੁੰਦੇ ਨੇ ਉਹ ਧਰਮਰਾਜ ਦੇ ਦਫਤਰ 'ਚ ਨਹੀਂ ਜਾਂਦੇ। ਉਹ ਤਾਂ ਕਿਤੇ ਚਲੇ ਜਾਣ ਤਾਂ ਧਰਮਰਾਜ ਵੀ ਕਹਿੰਦਾ ਹੈ ਕਿ ਮੇਰੇ ਭਾਗ ਜਾਗ ਪਏ -

***ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥***

***ਅੰਗ - 1425***

ਮੇਰਾ ਤਾਂ ਭਵਨ ਪਵਿੱਤ੍ਰ ਹੋ ਗਿਆ ਕਿਉਂਕਿ ਇਥੇ ਪ੍ਰਮੇਸ਼ਰ ਦੇ ਪਿਆਰੇ ਆਏ ਨੇ।

ਕਹਿਣ ਲੱਗੀ, ਮਹਾਰਾਜ! ਜਿਵੇਂ ਮੈਂ ਮੁਜਰਮ ਹੁੰਦੀ ਹਾਂ ਪਹਿਲਾਂ ਤਾਂ ਇਸ ਤਰ੍ਹਾਂ ਮੈਨੂੰ ਲੈ ਕੇ ਗਏ। ਮਾਰਿਆ ਤਾਂ ਮੈਨੂੰ ਹੈ ਨਹੀਂ। ਲੇਕਿਨ ਜਦੋਂ ਧਰਮਰਾਜ ਨੂੰ ਪਤਾ ਲੱਗਿਆ ਕਿ ਇਹ ਗੁਰੂ ਦੇ ਲੰਗਰ 'ਚ ਸੇਵਾ ਕਰਦੀ ਹੈ, ਸੰਗਤਾਂ ਦੀ ਸੇਵਾ ਕਰਦੀ ਹੈ, ਉਸ ਵੇਲੇ ਮਹਾਰਾਜ! ਮੇਰੀ ਸੇਵਾ ਕਰਨੀ ਸ਼ੁਰੂ ਕਰ ਦਿਤੀ, ਬੜਾ ਆਦਰ ਕੀਤਾ ਉਨ੍ਹਾਂ ਨੇ।

ਮਹਾਰਾਜ ਜੀ ਕਹਿਣ ਲੱਗੇ, ਬਾਬਾ ਸਾਹਿਬ ਸਿੰਘ ਜੀ, ਕਿਉਂ ਸਾਧਸੰਗਤ ਜੀ! ਤੁਹਾਨੂੰ ਗੁਰੂ ਪੰਚਮ ਪਾਤਸ਼ਾਹ ਮਹਾਰਾਜ ਨੇ ਜਿਹੜੇ 'ਸੁਖਮਨੀ

ਸਾਹਿਬ 'ਚ ਬਚਨ ਕੀਤੇ ਨੇ, ਉਨ੍ਹਾਂ ਦੇ ਉਤੇ ਭਰੋਸਾ ਆਉਂਦਾ ਹੈ? ਚੁੱਪ ਕਰੇ ਬੈਠੇ ਨੇ ਸਾਰੇ ਕਿਸੇ ਦੇ ਖਿਆਲ ਨਹੀਂ ਆਇਆ ਕਿ ਮਹਾਂਪੁਰਸ਼ਾਂ ਦਾ ਇਸ਼ਾਰਾ ਕਿੱਧਰ ਹੈ? ਬੇਨਤੀ ਕੀਤੀ ਕਿ ਮਹਾਰਾਜ ਖੋਲ੍ਹ ਕੇ ਦੱਸੋ ਕਿ ਕਿਹੜੇ ਬਚਨ ਵਲ ਆਪ ਦਾ ਇਸ਼ਾਰਾ ਹੈ? ਉਸ ਵੇਲੇ ਆਪ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

***ਧਾਰਨਾ - ਧਰਮਰਾਜਾ ਵੀ ਕਰੇਗਾ ਸੇਵਾ,***
***ਸਾਧੂਆਂ ਦੇ ਸੰਗੀਆਂ ਦੀ।***

***ਸਾਧਸੰਗਿ ਧਰਮ ਰਾਇ ਕਰੇ ਸੇਵਾ ॥***
***ਸਾਧ ਕੈ ਸੰਗਿ ਸੋਭਾ ਸੁਰਦੇਵਾ ॥*** ***ਅੰਗ - 271***

ਇਥੇ ਸੰਗਤ ਕਰਦੇ ਓਂ ਤੇ ਸੋਭਾ ਕਿੱਥੇ ਹੋ ਰਹੀ ਹੈ, ਦਰਗਾਹ ਵਿਚ, ਕਲਜੁਗ ਦੇ ਅੰਦਰ, ਜਲਦੇ-ਬਲਦੇ ਸਮੇਂ ਦੇ ਅੰਦਰ, ਭਾਗ ਜਾਗੇ ਹੋਏ ਨੇ, ਜੋ ਹਰੀ ਦਾ ਕੀਰਤਨ, ਹਰੀ ਦਾ ਜਸ ਸਰਵਣ ਕਰ ਰਹੇ ਨੇ।

ਮਾਤਾ ਕਹਿੰਦੀ ਉਹ ਉਸ ਵੇਲੇ ਮੇਰੀ ਸੇਵਾ ਕਰਨ ਲੱਗ ਗਏ।

ਕਹਿਣ ਲੱਗੇ, ਫੇਰ ਮਾਤਾ ਅਗਾਂਹਾਂ ਕੀ ਹੋਇਆ?

ਕਹਿਣ ਲੱਗੀ, ਫੇਰ ਮੈਨੂੰ ਬੜੇ ਆਦਰ ਦੇ ਨਾਲ ਵਿਦਾ ਕਰ ਦਿਤਾ ਕਿ ਜਲਦੀ ਜਾਓ, ਇਹ ਨਾ ਹੋਵੇ ਸਸਕਾਰ ਕਰ ਦੇਣ ਤੇ ਮੈਂ ਬੇਨਤੀ ਕੀਤੀ ਕਿ ਮੈਂ ਆਉਣਾ ਤਾਂ ਹੈ ਹੀ, ਜਿੱਥੇ ਮੈਂ ਮਰਨ ਤੋਂ ਬਾਅਦ ਆਉਣਾ ਹੈ ਮੈਨੂੰ ਦਿਖਾਲ ਤਾਂ ਜਾਓ?

ਕਹਿੰਦੀ, ਮੈਨੂੰ ਗੁਰੂ ਨਾਨਕ ਦੀ ਦਰਗਾਹ 'ਚ ਲੈ ਗਏ, ਉਥੇ ਹੁਕਮ ਹੋਇਆ ਕਿ ਅਜੇ ਤਾਂ ਸੱਤ ਸਾਲ ਤੇਰੇ ਰਹਿੰਦੇ ਨੇ। ਸੱਤ ਸਾਲ ਬਾਅਦ ਆਏਂਗੀ ਤੂੰ।

ਸੋ ਮਹਾਰਾਜ ਕਹਿੰਦੇ, ਇਹੋ ਜਿਹੇ ਸੱਜਣਾਂ ਨੂੰ ਤੂੰ ਛੱਡ ਦਿਤਾ? ਜਿਨ੍ਹਾਂ ਨੇ ਡੋਬਣਾ ਹੈ ਉਨ੍ਹਾਂ ਨਾਲ ਤੇਰਾ ਪਿਆਰ ਪੈ ਗਿਆ, ਨਿੰਦਿਆ ਵਾਲੇ ਡੋਬ ਦਿੰਦੇ ਨੇ।

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਅੰਗ - 274***

ਕਹਿੰਦੇ, ਜਿਹੜਾ ਸੁਣਦਾ ਹੈ -

***ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥***
***ਅੰਗ- 373***

ਕਹਿੰਦੇ, ਨਿੰਦਕ ਉਹਨੂੰ ਵੀ ਡੋਬ ਦਿੰਦਾ ਹੈ ਜਿਹੜਾ ਹਾਂ-ਹੂੰ ਕਰ ਦੇਵੇ। ਕਿਉਂਕਿ ਉਹਦੇ ਸੰਸਕਾਰ ਅੰਦਰ ਐਨੇ ਗਹਿਰੇ ਲਹਿ ਜਾਂਦੇ ਨੇ, ਉਹਦਾ ਭਰੋਸਾ ਟੁੱਟ ਜਾਂਦਾ ਹੈ ਤੇ ਫੇਰ ਉਹ ਸਾਰੀ ਜ਼ਿੰਦਗੀ ਬੇ-ਭਰੋਸਗੀ 'ਚ ਟੁੱਟੀ ਹੋਈ ਚੀਜ਼ ਵਾਂਗੂੰ ਗੁਜ਼ਾਰਾ ਕਰਦਾ ਹੈ। ਆਉਂਦਾ-ਜਾਂਦਾ ਹੈ, ਪਰ ਉਹਦਾ ਨਿਹਚਾ ਅੰਦਰੋਂ ਪੋਲਾ ਹੋ ਗਿਆ ਹੁੰਦਾ ਹੈ। ਕਿਉਂਕਿ ਨਿੰਦਿਆ ਸੁਣ ਲਈ। ਕਹਿੰਦੇ, ਉਨ੍ਹਾਂ ਨਾਲ ਤਾਂ ਤੂੰ ਪਿਆਰ ਪਾ ਲਿਆ। 'ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥ ' ਸੱਜਣ ਜਿਨ੍ਹਾਂ ਨੇ ਦਰਗਾਹ 'ਚ

ਵੀ ਮਦਦ ਕਰਨੀ ਸੀ ਉਹ ਛੱਡ ਦਿਤੇ –

*ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥*
*ਅੰਗ – 823*

'ਹੋਵਨੁ' ਕੀ ਹੈ? ਕਹਿੰਦੇ, ਹੈਗਾ ਤਾਂ ਇਥੇ ਵਾਹਿਗੁਰੂ, ਹੋਰ ਕੋਈ ਚੀਜ਼ ਜਿਹੜੀ ਮਾਇਆ ਦਿਸਦੀ ਹੈ, ਛਿਨ ਭੰਗਰ ਹੈ। ਥੋੜ੍ਹਾ ਸਮਾਂ ਪਹਿਲੇ ਇਥੇ ਮੋਹਾਲੀ ਸ਼ਹਿਰ ਵਗੈਰਾ ਕੁਛ ਨਹੀਂ ਸੀ ਹੁੰਦਾ, ਖੇਤ ਹੁੰਦੇ ਸੀ, ਨਾ ਚੰਡੀਗੜ੍ਹ ਹੁੰਦਾ ਸੀ। ਖੇਤ ਖਤਮ ਹੋ ਗਏ, ਸ਼ਹਿਰ ਬਣ ਗਏ। ਕੋਈ ਸਮਾਂ ਆਏਗਾ, ਜਦ ਕੋਈ ਸ਼ਹਿਰ ਨਹੀਂ ਹੋਏਗਾ, ਮੁੜ ਕੇ ਫੇਰ ਖੇਤ ਹੋਣਗੇ। ਪੱਕੀ ਚੀਜ਼ ਤਾਂ ਹੈ ਨਹੀਂ ਨਾ। ਜਿੰਨੇ ਬੰਦੇ ਨਜ਼ਰ ਆਉਂਦੇ ਨੇ ਥੋੜ੍ਹੇ ਸਮੇਂ ਤੋਂ ਬਾਅਦ ਨਜ਼ਰ ਹੀ ਨਹੀਂ ਆਉਂਦੇ। ਪਤਾ ਹੀ ਨਹੀਂ ਲਗਦਾ ਕਿ ਕਿਹੜਾ ਹੈਗਾ ਕਿਹੜਾ ਨਹੀਂ।

ਆਹ ਪਿੰਡ ਜਾਈਦਾ ਹੈ ਕਦੇ-ਕਦੇ। ਜਿਹਨੂੰ ਪੁੱਛੀਦਾ ਹੈ, ਕਹਿੰਦੇ ਨੇ ਜੀ ਉਹ ਤਾਂ ਚੜ੍ਹਾਈ ਕਰ ਗਿਆ। ਪੁੱਛਣ ਤੋਂ ਹੀ ਹਟ ਗਏ ਅਸੀਂ ਕਿ ਖਬਰੇ ਕਿਹੜਾ ਹੈਗਾ, ਕਿਹੜਾ ਨਹੀਂ, ਕਾਹਨੂੰ ਸਮਾਂ ਖਰਾਬ ਕਰਨਾ ਹੈ ਇਹ ਤਾਂ ਚਲੋ-ਚਲੀ ਦਾ ਮੇਲਾ ਹੈ, ਚਲੇ ਹੀ ਜਾਣਾ ਹੈ ਵਾਰੀ-ਵਾਰੀ ਸਭ ਨੇ। ਉਹ ਤਾਂ ਹੈਗੇ, 'ਅਨਹੋਵਨ' ਜਿਹੜਾ 'ਹੋਵਨ' ਹੈ ਉਹ ਹੈ ਵਾਹਿਗੁਰੂ। ਸਾਧੂ ਨਹੀਂ ਜਾਂਦੇ, ਵਾਹਿਗੁਰੂ ਨਹੀਂ ਜਾਂਦਾ, ਗੁਰੂ ਦਾ ਕਦੇ ਵੀ ਵਿਛੋੜਾ ਨਹੀਂ ਹੋਇਆ ਕਰਦਾ, ***'ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ '*** ਉਨ੍ਹਾਂ ਨੂੰ ਤਾਂ ਕਹਿੰਦੇ ਕੌੜਾ ਕਰਕੇ ਜਾਣਦਾ ਹੈ। ***'ਅਨਹੋਵਨੁ ਮੀਠਾ'*** ਜਿਹੜੀਆਂ ਚੀਜ਼ਾਂ ਨੇ ਸਦਾ ਥਿਰੁ ਨਹੀਂ ਰਹਿਣਾ ਉਹ ਮਿੱਠੀਆਂ ਲਗਦੀਆਂ ਨੇ। ***'ਬਿਖਿਆ ਮਹਿ ਲਪਟਾਇ ਜਰੇ '*** ਕਹਿੰਦੇ ਬਿਹੁ ਚੜ੍ਹ ਗਈ ਇਹਨੂੰ। ਠਗਮੂਰੀ ਬੂਟੀ ਚੜ੍ਹ ਗਈ। ਬਿਖਿਆ ਦੇ ਵਿਚ ਲਿਪਟ ਗਿਆ –

*ਅੰਧ ਕੂਪ ਮਹਿ ਪਰਿਓ ਪਰਾਨੀ*
*ਭਰਮ ਗੁਬਾਰ ਮੋਹ ਬੰਧਿ ਪਰੇ ॥* *ਅੰਗ – 823*

ਮਹਾਰਾਜ ਕਹਿੰਦੇ, ਪ੍ਰੇਮੀਆਂ! ਤੈਨੂੰ ਨਹੀਂ ਪਤਾ, ਤੇਰੀ ਮਤ ਹੋਰ ਹੈ, ਤੂੰ ਤਾਂ ਅੰਨ੍ਹੇ ਖੂਹ 'ਚ ਪਿਆ ਹੋਇਆ ਹੈਂ। ਜਿੱਥੇ ਰੋਸ਼ਨੀ ਵੀ ਨਹੀਂ ਪਹੁੰਚਦੀ। ਭਰਮ ਗੁਬਾਰ ਦੀਆਂ ਹਥਕੜੀਆਂ ਦੇ ਨਾਲ ਤੂੰ ਬੰਨ੍ਹਿਆ ਪਿਆ ਹੈਂ। ਤੇਰੇ ਅੰਦਰ ਭਰਮ ਨੇ। ਪੰਜ ਭਰਮ ਹੁੰਦੇ ਨੇ ਜਿਹੜੇ ਪ੍ਰਮੇਸ਼ਰ ਨੂੰ ਸ਼ਾਖਸ਼ਾਤ ਨਹੀਂ ਹੋਣ ਦਿਆ ਕਰਦੇ। ਉਹ ਜ਼ਬਰਦਸਤ ਭਰਮ ਹੋਇਆ ਕਰਦੇ ਨੇ। ਮਹਾਰਾਜ ਕਹਿੰਦੇ, ਉਹ ਨਹੀਂ ਹਟਦੇ –

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥*
*ਅੰਗ – 684*

ਭਰਮ ਦਾ ਹਨ੍ਹੇਰਾ ਦੂਰ ਨਹੀਂ ਹੁੰਦਾ ਜਦੋਂ ਤੱਕ ਆਪਾ ਨਹੀਂ ਚੀਨਦਾ। ਆਪਾ ਚੀਨਣ ਦੀ ਜੁਗਤ ਸਾਧੂਆਂ ਕੋਲ ਹੁੰਦੀ ਹੈ। ਉਹ ਕਹਿੰਦੇ ਨੇ ਭਰਮ ਦੇ ਹਨ੍ਹੇਰੇ ਦੇ ਗੁਬਾਰ ਦੇ ਵਿਚ ਬੰਨ੍ਹਿਆ ਪਿਆ ਹੈ –

***ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥***

***ਅੰਗ - 823***

ਜੇ ਪੂਰਾ ਗੁਰੂ ਪ੍ਰਸੰਨ ਹੋ ਜਾਵੇ, ਦਇਆਲ ਹੋ ਜਾਵੇ, ਉਹ ਕਹਿੰਦੇ ਬਾਂਹ ਤੋਂ ਫੜ ਕੇ ਖਿੱਚ ਲੈਂਦਾ ਹੈ, ਹੋਰ ਕੋਈ ਤਰੀਕਾ ਨਹੀਂ ਹੈ। ਸੋ ਪੂਰਾ ਗੁਰੂ ਮਿਲ ਜਾਵੇ ਤਾਂ ਭਰਮਾਂ 'ਚ ਪਏ ਹੋਏ ਨੂੰ ਕੱਢ ਲੈਂਦਾ ਹੈ। ਭਰਮ ਕੀ ਹੈ, ਵਾਹਿਗੁਰੂ ਨੂੰ ਦੂਰ ਜਾਨਣਾ, ਬਾਕੀ ਸਭ ਚੀਜ਼ਾਂ ਨੂੰ ਸਤਿ ਮੰਨਣਾ ਤੇ ਪ੍ਰਮੇਸ਼ਰ ਨੂੰ ਨਾ ਮੰਨਣਾ। ਪ੍ਰਮੇਸ਼ਰ ਨੂੰ ਨਿਆਰਾ ਹੀ ਕੱਢ ਦੇਣਾ ਸਾਰਿਆਂ ਤੋਂ। ਮਹਾਰਾਜ ਕਹਿੰਦੇ -

***ਏ ਮਨ ਮਤ ਜਾਣਹਿ ਹਰਿ ਦੂਰਿ ਹੈ ਸਦਾ ਵੇਖੁ ਹਦੂਰਿ ॥***

***ਅੰਗ - 429***

ਐਨਾ ਹੀ ਵਿਸ਼ਵਾਸ਼ ਕਰ ਲੈ ਕਿ ਵਾਹਿਗੁਰੂ ਸਦਾ ਹੀ ਹਦੂਰਿ ਹੈ, ਸਦਾ ਹੀ ਮੇਰੇ ਨਾਲ ਹੀ ਹੈ।

***ਸਦ ਸੁਣਦਾ ਸਦ ਵੇਖਦਾ ਸਬਦਿ ਰਹਿਆ ਭਰਪੂਰਿ ॥***

***ਅੰਗ - 429***

ਸਦਾ ਹੀ ਵੇਖਦਾ ਹੈ, ਸਦਾ ਹੀ ਸੁਣਦਾ ਹੈ ਤੇ ਆਹ ਜਿਹੜਾ ਨਾਮ ਜਪਦੇ ਹਾਂ ਵਾਹਿਗੁਰੂ-ਵਾਹਿਗੁਰੂ, ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ॥ ਜਪੁ ॥

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ 1 ॥***

ਕਹਿੰਦੇ, ਇਹਦੇ ਵਿਚ ਵਾਹਿਗੁਰੂ ਹੈ। ਭਰਿਆ ਪਿਆ ਹੈ, ਭਰਪੂਰ ਹੈ ਵਾਹਿਗੁਰੂ ਮੰਤ੍ਰ ਹੀ। ਇਹ ਵਾਹਿਗੁਰੂ ਮੰਤ੍ਰ ਦਾ ਜਾਪ ਕਰ-ਕਰਕੇ ਉਸ ਪ੍ਰਮੇਸ਼ਰ ਨੂੰ ਤੁਸੀਂ ਦੇਖਣ ਦਾ ਯਤਨ ਕਰੋ। ਬਾਕੀ ਜਿਹੜੀਆਂ ਹੋਰ ਕਿਰਿਆ ਨੇ ਇਸ ਚੀਜ਼ ਨੂੰ ਛੱਡ ਕੇ, ਸਾਰੀਆਂ ਪ੍ਰਮੇਸ਼ਰ ਦੇ ਨਾਮ ਨੂੰ ਭੁਲਾ ਕੇ, ਭੁੱਲ ਵਿਚ ਪਾਉਂਦੇ ਨੇ। ਜਿਹੜਿਆਂ ਦੇ ਅੰਦਰ ਸ਼ੌਂਕ ਹੁੰਦਾ ਹੈ ਪ੍ਰਮੇਸ਼ਰ ਦੇ ਨਾਮ ਜਪਣ ਦਾ ਮਹਾਰਾਜ ਕਹਿੰਦੇ, ਉਹ ਸਾਰੇ ਕੰਮ ਛੱਡ ਕੇ ਉਸ ਥਾਂ ਆਉਂਦੇ ਨੇ, ਜਿਸ ਥਾਂ ਨੂੰ ਸਤਿਸੰਗਤ ਕਹਿੰਦੇ ਨੇ -

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥*** ***ਅੰਗ - 72***

ਜਿੱਥੇ ਨਾਮ ਦੀ ਮਹਿਮਾ ਦੀ ਗੱਲ ਹੁੰਦੀ ਹੋਵੇ, ਨਾਮ ਜਪਣ ਵਾਲਿਆਂ ਦੀ ਮਹਿਮਾ ਦੀ ਗੱਲ ਹੁੰਦੀ ਹੋਵੇ। ਜੁੜਨ ਵਾਲੇ ਬਚਨ ਹੋਣ, ਤੋੜਨ ਵਾਲੇ ਬਚਨ ਨਾ ਹੋਣ। ਕਹਿੰਦੇ, ਉਥੇ ਉਹ ਇਕੱਠੇ ਹੋ ਜਾਇਆ ਕਰਦੇ ਨੇ, ਇਕੱਠੇ ਹੋ ਕੇ ਫੇਰ ਉਹ ਨਾਮ ਦਾ ਧਨ ਖੱਟਦੇ ਨੇ, ਗੁਰੂ ਸ਼ਬਦ ਦੀ ਵਿਚਾਰ ਸੁਣਦੇ ਨੇ, ਨਾਮ ਦੀ ਮਹਿਮਾ ਸੁਣਦੇ ਨੇ। ਇਸ ਕਰਕੇ ਮਹਾਰਾਜ ਇਕ ਸੱਦਾ ਦਿੰਦੇ ਇਸ ਤਰ੍ਹਾਂ ਸਾਰਿਆਂ ਨੂੰ -

***ਧਾਰਨਾ - ਆਵੋ ਨਾਮ ਦੇ ਵਪਾਰੀਓ,***
***ਧਨ ਖੱਟ ਲਓ ਨਾਮ ਦਾ।***

ਫੁਰਮਾਨ ਕਰਦੇ ਨੇ ਗੁਰੂ ਪੰਜਵੇਂ ਪਾਤਸ਼ਾਹ ਕਿ ਪ੍ਰੇਮੀਓਂ! ਸੰਗਤ ਬੈਠੀ ਹੈ, ਦੀਵਾਨ ਆਪ ਦਾ ਲੱਗਿਆ ਹੋਇਆ ਹੈ ਦਰਬਾਰ ਸਾਹਿਬ 'ਚ। ਉਸ ਵੇਲੇ ਆਪ ਫੁਰਮਾਨ ਕਰਦੇ ਕਿ ਪ੍ਰੇਮੀਓਂ! ਆਹ ਜਿਹੜਾ ਮੈਂ ਬਣਿਆ ਹੋਇਆ ਹੈਂ ਨਾ, ਜਿਹਨੂੰ ਮੈਂ ਕਹਿੰਦਾ ਹੈਂ, ਜਿਹਨੂੰ ਸਖਸ਼ੀਅਤ ਕਹਿੰਦੇ ਹਾਂ, ਜਾਤ ਕਹਿੰਦੇ ਹਾਂ –

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***

***ਅੰਗ – 466***

ਇਹ ਜਿਹੜੀ ਜਾਤਿ ਹੈ, ਸ਼ਖਸੀਅਤ ਜਿਹਨੂੰ ਕਹਿੰਦੇ ਹਾਂ ਅਸੀਂ, ਆਪਣੀ ਹੋਂਦ ਕਹਿੰਦੇ ਹਾਂ, ਕਹਿੰਦੇ ਇਹ ਹਉਮੈ ਹੈ। ਅਸਲ ਨਹੀਂ ਇਹ ਚੀਜ਼, ਇਹ ਗਲਤੀ ਦੇ ਨਾਲ ਅਸੀਂ ਕਹਿੰਦੇ ਹਾਂ। ਅਸਲੀ ਚੀਜ਼ ਹੋਰ ਹੈ –

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***

***ਅੰਗ – 550***

ਕਹਿੰਦੇ ਇੱਕ ਤਾਂ ਉਹ ਪੰਖੀ ਹੈ ਇਸ ਬੁੱਧੀ ਰੂਪੀ ਬ੍ਰਿਖ ਦੇ ਉਤੇ ਜਿਹੜਾ ਕਿਤੇ ਆਉਂਦਾ-ਜਾਂਦਾ ਨਹੀਂ, ਨਾ ਕਿਤੇ ਭੋਗਦਾ ਹੈ, ਉਹਨੂੰ ਨਾ ਕੋਈ ਪੁੰਨ ਹੈ ਨਾ ਪਾਪ ਹੈ, ਨਾ ਉਹਨੂੰ ਦੁਖ ਹੈ ਨਾ ਸੁਖ ਹੈ, ਕੇਵਲ ਸਾਖੀ ਰੂਪ ਦੇ ਅੰਦਰ ਸਰੀਰ ਨੂੰ ਚਲਾ ਰਿਹਾ ਹੈ। ਇਕ ਬੁੱਧੀ ਰੂਪ ਬ੍ਰਿਖ ਦੇ ਉਤੇ ਉਹ ਬੈਠਾ ਹੈ, ਨਕਲੀ ਪੰਛੀ ਪਰਛਾਵਾਂ, ਜਿਹੜਾ ਕਹਿੰਦਾ ਹੈ ਮੈਂ ਕਰਦਾ ਹਾਂ, ਮੈਂ ਭੋਗਦਾ ਹਾਂ, ਮੈਂ ਹਿੰਦੂ ਹਾਂ, ਮੈਂ ਮੁਸਲਮਾਨ ਹਾਂ, ਮੈਂ ਸਿੱਖ ਹਾਂ, ਮੈਂ ਗੋਰਾ ਹਾਂ, ਮੈਂ ਕਾਲਾ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ। ਮੈਂ ਦੇ ਨਾਲ ਮੇਰੀ ਚੱਲ ਪੈਂਦੀ ਹੈ ਕਿ ਮੇਰੀ ਜਾਇਦਾਦ ਹੈ। ਕਹਿੰਦੇ ਇਕ ਨਕਲ ਹੈ ਇਕ ਅਸਲ ਹੈ। ਇਹ ਭੁਲਾ ਦਿਤਾ ਹਉਮੈ ਤੱਤ ਨੇ, ਅਸਲ ਨੂੰ ਭੁੱਲ ਕੇ ਆਪਣੇ ਆਪ ਨੂੰ ਭੁੱਲ ਗਿਆ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਇਕ ਸਾਖੀ ਸੁਣਾਇਆ ਕਰਦੇ ਸੀ ਕਿ ਇਕ ਰਾਜਾ ਰਾਤ ਦੇ ਖਾਣੇ ਲਈ ਬਾਹਰ ਚਲਿਆ ਗਿਆ। ਉਥੇ ਗਿਆ ਤਾਂ ਬਹੁਤ ਸ਼ਰਾਬ ਪੀ ਲਈ ਉਸ ਨੇ। ਹੋਸ਼ ਗਵਾ ਲਏ ਆਪਣੇ। ਜਦੋਂ ਏਧਰਲੀਆਂ-ਓਧਰਲੀਆ ਗੱਲਾਂ ਮਾਰਨ ਲੱਗ ਗਿਆ, ਕਮਲਿਆਂ ਵਾਲੀਆਂ, ਉਸ ਵੇਲੇ ਅਮੀਰਾਂ-ਵਜ਼ੀਰਾਂ ਨੇ ਰਾਜੇ ਨੂੰ ਫੜ ਕੇ ਬੱਘੀ 'ਚ ਬਿਠਾਲ ਲਿਆ ਕਿ ਹੁਣ ਇਨ੍ਹਾਂ ਨੂੰ ਮਹਿਲਾਂ 'ਚ ਲੈ ਚੱਲੀਏ। ਬੇਇਜ਼ਤੀ ਹੋਏਗੀ। ਕਦੇ ਕੁਛ ਕਰਦਾ ਹੈ, ਕਦੇ ਕੁਛ ਕਰਦਾ ਹੈ। ਜਦੋਂ ਮਹਿਲਾਂ 'ਚ ਆਇਆ, ਅਜੇ ਵੀ ਨਸ਼ਾ ਬੜੇ ਜ਼ਿਆਦਾ ਸੀ, ਉਥੇ ਕੀ ਦੇਖਦਾ ਹੈ, ਸਿਪਾਹੀ ਪਹਿਰਾ ਦਿੰਦੇ ਨੇ, ਸਿਪਾਹੀ ਨੇ ਬੱਘੀ ਨੂੰ ਚੈਲੰਜ ਕਰਿਆ ਤੇ ਕੁਆਟਰ ਸਾਈਨ ਪੁੱਛਿਆ। ਇਹਨੇ ਉਹਦੇ ਵਲ ਨੂੰ ਘੂਰ ਕੇ ਦੇਖਿਆ, ਥੱਲੇ ਉਤਰ ਆਇਆ, ਕਹਿੰਦਾ ਮੈਨੂੰ ਦੇ ਰਾਈਫਲ, ਮੈਨੂੰ ਦੇ ਵਰਦੀ। ਅਮੀਰ-ਵਜ਼ੀਰ ਕਹਿੰਦੇ ਨੇ ਕਿ ਮਹਾਰਾਜ!

ਤੁਸੀਂ ਤਾਂ ਬਾਦਸ਼ਾਹ ਓਂ। ਕਹਿੰਦਾ, ਮੈਂ ਕੋਈ ਬਾਦਸ਼ਾਹ ਨਹੀਂ। ਅਖੀਰ ਜਦੋਂ ਜਿੱਦ ਕੀਤੀ, ਉਸ ਵੇਲੇ ਰਾਈਫਲ ਉਹਦੇ ਹੱਥ 'ਚ ਫੜਾ ਦਿਤੀ। ਪੱਟੀਆਂ ਲੱਤਾਂ 'ਤੇ ਬੰਨ੍ਹ ਦਿਤੀਆਂ। ਵੰਡੋਲੀਅਰ ਗਲ ਵਿਚ ਪਾ ਦਿਤਾ ਤੇ ਵਰਦੀ ਪਾ ਦਿਤੀ ਸਿਪਾਹੀ ਵਾਲੀ। ਬੀਟ ਦਸ ਦਿਤੀ ਕਿ ਤੁਸੀਂ ਏਥੋਂ ਦੀ ਏਥੇ ਤਕ ਘੁੰਮੀ ਜਾਣਾ ਹੈ। ਉਸੇ ਵੇਲੇ ਘੁੰਮਣਾ ਸ਼ੁਰੂ ਕਰ ਦਿਤਾ ਜਿਵੇਂ ਸਿਪਾਹੀ ਘੁੰਮਦੇ ਸੀ। ਅਮੀਰ-ਵਜ਼ੀਰ ਥੋੜ੍ਹਾ ਲੁੱਕ ਕੇ ਪਾਸੇ ਹੋ ਕੇ ਬੈਠ ਗਏ ਕਿ ਜਦ ਹੋਸ਼ ਆਏਗੀ, ਉਸ ਵੇਲੇ ਅਸੀਂ ਇਹਨੂੰ ਮਿਲ ਲਵਾਂਗੇ। ਉਸ ਤੋਂ ਬਾਅਦ ਜਦੋਂ ਘੁੰਮਦੇ-ਘੁੰਮਦੇ ਨੂੰ ਇਹਨੂੰ ਜਦ ਹੋਸ਼ ਆਈ, 2 ਘੰਟੇ ਬੀਤ ਗਏ। ਆਪਣੀ ਵਰਦੀ ਵਲ ਦੇਖਣ ਲਗ ਗਿਆ ਕਿ ਆਹ ਵੰਡੋਲੀਅਰ ਮੇਰੇ ਕਿਉਂ ਗਲ ਪਾਇਆ ਹੋਇਆ ਹੈ? ਆਹ ਮੇਰੀ ਵਰਦੀ ਸਿਪਾਹੀਆਂ ਵਾਲੀ ਕਿਉਂ ਹੈ? ਕਿਉਂਕਿ ਸਿਪਾਹੀ ਹੀ ਪਹਿਰਾ ਦਿੰਦੇ ਨੇ। ਜਦੋਂ ਆਪਣੇ ਬੂਟਾਂ ਨੂੰ ਦੇਖਿਆ, ਏਧਰ ਵਰਦੀ ਨੂੰ ਦੇਖਿਆ, ਉਸੇ ਵੇਲੇ ਆ ਗਏ ਉਹ। ਆ ਕੇ ਨਮਸ਼ਕਾਰਾਂ ਕਰਨ ਲੱਗ ਗਏ, ਪੁੱਛਣ ਲੱਗ ਗਿਆ ਕਿ ਆਹ ਵਰਦੀ ਮੇਰੇ ਕਿਵੇਂ ਪਈ ਹੋਈ ਹੈ, ਕਹਿੰਦੇ, ਹਜ਼ੂਰ! ਮਹਿਲਾਂ 'ਚ ਚੱਲੋ। ਉਥੇ ਦੱਸਾਂਗੇ। ਸੋ ਉਸੇ ਵੇਲੇ ਮਹਿਲਾਂ 'ਚ ਚਲੇ ਗਏ, ਵਰਦੀ ਲੁਹਾ ਲਈ। ਕਹਿਣ ਲੱਗੇ, ਗੱਲ ਕੀ ਹੋਈ ਸੀ? ਉਹ ਕਹਿੰਦੇ, ਮਹਾਰਾਜ! ਆਪ ਨੇ ਐਨਾ ਨਸ਼ਾ ਪੀ ਲਿਆ ਸੀ ਕਿ ਆਪ ਨੂੰ ਆਪਣਾ ਆਪ ਹੀ ਭੁੱਲ ਗਿਆ ਸੀ ਕਿ ਮੈਂ ਕੌਣ ਹਾਂ। ਆਪ ਦੇ ਸਾਮ੍ਹਣੇ ਸਿਪਾਹੀ ਆ ਗਿਆ, ਆਪ ਦੇ ਉਤੇ ਅਧਿਆਸ ਹੋ ਗਿਆ ਸਿਪਾਹੀ ਦਾ, ਆਭਾਸ ਪੈਣ ਦੇ ਨਾਲ ਤੁਸੀਂ ਸਿਪਾਹੀ ਬਣ ਗਏ। ਅਸੀਂ ਬੈਠੇ ਉਡੀਕਦੇ ਰਹੇ ਕਿਉਂਕਿ ਤੁਸੀਂ ਮੰਨਦੇ ਨਹੀਂ ਸੀ ਕੋਈ ਗੱਲ। ਹੁਣ ਆਪ ਨੂੰ ਜਦ ਹੋਸ਼ ਪਰਤੀ ਹੈ ਤਾਂ ਅਸੀਂ ਆ ਗਏ, ਹੁਣ ਵਰਦੀ ਲਾਹ ਦਿਓ ਤੇ ਆਪਣੇ ਸ਼ਾਹੀ ਲਿਬਾਸ ਦੇ ਵਿਚ ਹੋ ਜਾਓ।

ਇਸੇ ਤਰ੍ਹਾਂ ਦੇ ਨਾਲ ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਇਹ ਜਿਹੜਾ ਜੀਵ ਹੈ, ਆਤਮ ਸ਼ਹਿਜ਼ਾਦਾ ਵਾਹਿਗੁਰੂ ਦਾ। ਇਹਨੇ ਮਾਇਆ ਦਾ ਨਸ਼ਾ ਪੀ ਲਿਆ। ਮਾਇਆ ਦਾ ਨਸ਼ਾ ਪੀ ਕੇ ਨਿਮਾਣਾ-ਨਿਤਾਣਾ ਜੀਵ ਬਣ ਗਿਆ, ਆਤਮ ਪਦ ਤੋਂ ਗਿਰ ਗਿਆ। ਗਿਰਿਆ ਹੋਇਆ ਭੁੱਲ ਗਿਆ। ਭੁੱਲੇ ਹੋਏ ਨੇ ਇਥੇ ਪਸਾਰਾ ਪਸਾਰ ਲਿਆ, ਦੁਖੀ ਹੁੰਦਾ ਫਿਰਦਾ ਹੈ ਆਪਣੇ ਸਰੂਪ ਨਾਲੋਂ ਟੁੱਟ ਕੇ ਤੇ ਜਦੋਂ ਤੱਕ ਇਹਨੂੰ ਕੋਈ ਜਗਾਉਣ ਵਾਲਾ ਨਾ ਹੋਵੇ, ਇਹ ਜਾਗਦਾ ਨਹੀਂ ਹੈ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ-

***ਹਉਮੈ ਮੇਰਾ ਜਾਤਿ ਹੈ .............॥ ਅੰਗ - 429***

ਆਹ ਜਿਹੜੀ ਜਾਤ ਹੈ, ਪਹਿਲਾਂ ਤਾਂ ਮੈਂ ਭਾਵ ਪੈਦਾ ਹੋ ਗਿਆ, I am, (ਮੈਂ ਹਾਂ) ਉਸ ਤੋਂ ਬਾਅਦ 'ਮੇਰਾ' ਵੀ ਚਾਹੀਦਾ ਹੈ - ਮੇਰੇ ਮਕਾਨ, ਮੇਰਾ ਪੁੱਤਰ, ਮੇਰੀਆਂ ਧੀਆਂ, ਮੇਰਾ ਪਰਿਵਾਰ, ਮੇਰਾ ਅਹੁਦਾ। ਮੈਂ ਦੇ ਨਾਲ ਮੇਰਾ ਜ਼ਰੂਰੀ ਹੈ, ਦੋ ਚੀਜ਼ਾਂ ਪੈਦਾ ਹੋ ਗਈਆਂ। ਹੰਗਤਾ ਤੇ ਮਮਤਾ, ਦੋਹਾਂ ਨੂੰ ਜੋੜ ਕੇ ਹਉਮੈ ਕਹਿੰਦੇ ਨੇ। ਇਹਦੇ ਵਿਚ ਫੇਰ ਤਮੋ

ਗੁਣੀ ਦੇ ਜਿਹੜੇ ਗੁਣ ਨੇ ਉਹ ਆ ਜਾਂਦੇ ਨੇ –

*...........ਅਤਿ ਕ੍ਰੋਧੁ ਅਭਿਮਾਨੁ ॥* **ਅੰਗ – 429**

ਹੁਣ ਸਵਾਲ ਆਉਂਦਾ ਹੈ ਕਿ ਇਹ ਜਾਤ ਜਾਵੇ ਕਿਵੇਂ, ਹਉਮੈ ਦਾ ਨਾਸ਼ ਕਿਵੇਂ ਹੋਵੇ, ਅਸੀਂ ਫਸ ਗਏ ਬੁਰੀ ਤਰ੍ਹਾਂ ਨਾਲ। ਮਹਾਰਾਜ ਕਹਿੰਦੇ, ਹਉਮੈ ਦਾ ਨਾਸ਼ ਹੁੰਦਾ ਹੈ –

*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
**ਅੰਗ – 466**

ਜੇ ਨਾਮ ਇਹ ਤਾਂ ਕਹਿੰਦੇ, ਗੁਰੂ ਦੇ ਸ਼ਬਦ ਦੀ ਕਮਾਈ ਕਰਨ ਦੇ ਨਾਲ ਹਉਮੈ ਸ਼ਬਦ ਨਾਲ ਜਲ ਜਾਂਦੀ ਹੈ –

*ਸਬਦਿ ਮਰੈ ਤਾ ਜਾਤਿ ਜਾਇ......... ॥*
**ਅੰਗ – 429**

ਜੇ ਗੁਰੂ ਦੇ ਸ਼ਬਦ ਵਿਚ ਮਰ ਜਾਵੇ, ਆਪਣੇ ਸਰੂਪ ਨੂੰ ਬੁੱਝ ਲਵੇ, ਇਹ ਜੀਵ–ਆਤਮਾ। ਪਹਿਲਾਂ ਤਾਂ ਆਪਣੇ ਆਪ ਜੀਵ ਆਤਮਾ ਹੀ ਨਹੀਂ ਅਸੀਂ ਮੰਨਦੇ, ਅਸੀਂ ਸਰੀਰ ਮੰਨਦੇ ਹਾਂ, ਸਾਢੇ ਤਿੰਨ ਹੱਥ ਦੀ ਦੇਹ। ਇਸ ਤੋਂ ਅੱਗੇ ਤਾਂ ਅਸੀਂ ਜਾਂਦੇ ਹੀ ਨਹੀਂ, ਚਾਹੇ ਸਾਰੀ ਉਮਰ ਸਤਿਸੰਗ ਕਰੀ ਜਾਓ। ਕੋਈ ਭਾਗਾਂ ਵਾਲਾ ਹੈ ਜਿਹੜਾ ਸਾਢੇ ਤਿੰਨ ਹੱਥ ਦੀ ਦੇਹ ਤੋਂ ਪਿਛਲੇ ਪਾਸੇ ਜਾਵੇ। ਮਹਾਰਾਜ ਕਹਿੰਦੇ, ਜੇ ਇਸਨੂੰ ਆਪਣੇ ਸਰੂਪ ਦਾ ਗਿਆਨ ਹੋਵੇ ਕਿ ਮੈਂ ਜੀਵ–ਆਤਮਾ ਨਹੀਂ ਹਾਂ, ਮੈਂ ਆਤਮਾ ਹਾਂ। ਉਹ ਗੱਲਾਂ ਨਾਲ ਤਾਂ ਹੁੰਦਾ ਨਹੀਂ –

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*
*ਅੰਤਰਿ ਬਾਹਰਿ ਏਕੁ ਪਛਾਣੈ*
*ਇਉ ਘਰੁ ਮਹਲੁ ਸਿਞਾਪੈ ॥* **ਅੰਗ – 930**

ਜੇ ਪਛਾਣ ਆ ਜਾਵੇ ਵਾਹਿਗੁਰੂ ਦੀ ਅੰਦਰ–ਬਾਹਰ, ਤਾਂ, ਤਾਂ ਇਹ ਗੱਲ ਬਣਦੀ ਹੈ। ਜੇ ਪਛਾਣ ਨਹੀਂ ਆਉਂਦੀ, ਕਹਿਣ ਕਹਾਉਣ ਨਾਲ ਨਹੀਂ ਇਹ ਜਾਂਦੀ ਹਉਮੈ। ਉਹ ਕਹਿੰਦੇ ਗੁਰੂ ਦੇ ਸ਼ਬਦ ਵਿਚ ਮਰੇ, ਤਾਂ ਹਉਮੈ ਦਾ ਨਾਸ਼ ਹੋਣਾ ਹੈ। ਫੇਰ ਕੀ ਹੋਏਗਾ? ਆਪਣਾ ਸਰੂਪ ਹੈ ਇਹਦਾ ਜੋਤੀ। ਪਰਮ ਆਪਾ, ਕਹਿੰਦੇ ਉਸ ਵਿਚ ਸਮਾਅ ਜਾਂਦਾ ਹੈ –

*...............ਜੋਤੀ ਜੋਤਿ ਮਿਲੈ ਭਗਵਾਨੁ ॥ 2 ॥*
*ਪੂਰਾ ਸਤਿਗੁਰੁ ਭੇਟਿਆ ਸਫਲ ਜਨਮੁ ਹਮਾਰਾ ॥*
**ਅੰਗ – 429**

ਜਿਹਨੇ ਪੂਰੇ ਸਤਿਗੁਰੂ ਦੇ ਨਾਲ ਮਿਲਾਪ ਕਰ ਲਿਆ, ਉਹਦਾ ਜਨਮ ਸਫਲ ਹੈ –

*ਨਾਮੁ ਨਵੈ ਨਿਧਿ ਪਾਇਆ ਭਰੇ ਅਖੁਟ ਭੰਡਾਰਾ ॥*
**ਅੰਗ – 429**

ਹੁਣ ਸਾਨੂੰ ਆਵਾਜ਼ ਦਿੰਦੇ ਹਨ, ਕਹਿੰਦੇ –

***ਆਵਹਿ ਇਸੁ ਰਾਸੀ ਕੇ ਵਾਪਾਰੀਏ ਜਿਨ੍ਾ ਨਾਮੁ ਪਿਆਰਾ ॥***
***ਅੰਗ - 429***

ਨਾਮ ਧਨ ਖੱਟਣ ਵਾਸਤੇ, ਵਪਾਰੀ ਇਕੱਠੇ ਹੋ ਜਾਂਦੇ ਨੇ, ਸੰਗਤ ਦੇ ਰੂਪ ਦੇ ਅੰਦਰ -

***ਗੁਰਮੁਖਿ ਹੋਵੈ ਸੋ ਧਨੁ ਪਾਏ ........॥ ਅੰਗ - 429***

ਜਿਹੜੇ ਗੁਰੂ ਦੀ ਮੱਤ ਨੂੰ ਧਾਰਨ ਕਰਦੇ ਨੇ, ਤੇ ਗੁਰੂ ਹੋਵੇ ਹਾਜ਼ਰ ਨਾਜ਼ਰ ਕਹਿੰਦੇ ਉਹ ਇਸ ਧਨ ਨੂੰ ਪ੍ਰਾਪਤ ਕਰਦੇ ਨੇ -

***ਤਿਨ੍ਾ ਅੰਤਰਿ ਸਬਦੁ ਵੀਚਾਰਾ ॥ ਅੰਗ- 429***

ਅੰਦਰ ਸ਼ਬਦ ਦੀ ਵੀਚਾਰ ਚਲਦੀ ਹੈ। ਵੀਚਾਰ ਚੱਲ ਕੇ ਪਤਾ ਲਗਦਾ ਹੈ ਕਿ ਏਥੇ ਵਾਹਿਗੁਰੂ ਹੈ ਆਪ ਹੀ ਹੋਰ ਕੋਈ ਨਹੀਂ ਹੈ -

***ਭਗਤੀ ਸਾਰ ਨ ਜਾਣਨ੍ਹੀ ਮਨਮੁਖ ਅਹੰਕਾਰੀ ॥***
***ਅੰਗ - 429***

ਕਹਿੰਦੇ, ਇਨ੍ਹਾਂ ਗੱਲਾਂ ਦੀ ਸਮਝ ਮਨ ਦੇ ਪਿੱਛੇ ਲੱਗਣ ਵਾਲੇ ਅਹੰਕਾਰੀ ਬੰਦੇ ਨੂੰ ਨਹੀਂ ਹੁੰਦੀ ਕਿਉਂਕਿ -

***ਧੁਰਹੁ ਆਪਿ ਖੁਆਇਅਨੁ ਜੂਐ ਬਾਜੀ ਹਾਰੀ ॥***
***ਅੰਗ - 429***

ਦਰਗਾਹ ਤੋਂ ਪੁੱਠਾ ਲੇਖ ਉਹਦੇ ਮੱਥੇ 'ਚ ਹੁੰਦਾ ਹੈ। ਭੁਲਾ ਦਿਤਾ। ਉਹ ਤਾਂ ਕਰਮ ਭੋਗਣ ਵਾਸਤੇ ਆਇਆ ਹੈ, ਅਜੇ ਉਹਦਾ ਸਮਾਂ ਨਹੀਂ ਆਇਆ ਕਿ ਸੰਗਤ 'ਚ ਆ ਕੇ ਬੈਠੇ ਤੇ ਸੰਗਤ 'ਚ ਆ ਕੇ ਆਪਣੀ ਜਾਤਿ ਨੂੰ ਦੂਰ ਕਰਨ ਦਾ ਸਾਧਨ ਸੋਚੇ। ਸੋ ਜਿਹੋ ਜਿਹੀ ਕਿਸੇ ਦੀ ਬਿਰਤੀ ਹੈ, ਪਹਿਲੀ, ਦੂਜੀ, ਚੌਥੀ ਵਾਲੇ ਸਾਰੇ ਸੰਗਤ 'ਚ ਹੋਇਆ ਕਰਦੇ ਨੇ। ਸੋ ਮਹਾਰਾਜ ਕਹਿੰਦੇ, ਇਹ ਜਿਹੜੀ ਭਗਤੀ ਹੈ, ਸ਼ਰਧਾ ਹੈ, ਜਦੋਂ ਤੱਕ ਅੰਦਰ ਪਿਆਰ ਨਹੀਂ ਪੈਦਾ ਹੁੰਦਾ, ਉਨੀਂ ਦੇਰ ਤੱਕ ਇਹ ਹੋਇਆ ਨਹੀਂ ਕਰਦੀ। ਪਹਿਲਾਂ ਪਿਆਰ ਜ਼ਰੂਰੀ ਹੈ, ਭਗਤੀ ਵਿਚ ਪਿਆਰ ਹੈ। ਨੌਂ ਤਰ੍ਹਾਂ ਦੀ ਭਗਤੀ ਹੈ - ਕੀਰਤਨ ਭਗਤੀ, ਸਿਮਰਨ ਭਗਤੀ, ਸਰਵਣ ਭਗਤੀ, ਨਮਸ਼ਕਾਰ ਭਗਤੀ, ਪਾਦ ਸੇਵਨ ਭਗਤੀ, ਅਰਚਣ ਭਗਤੀ, ਸਖਾ ਭਾਵ ਭਗਤੀ, ਪਤੀਵਰਤਾ ਇਸਤ੍ਰੀ ਵਾਂਗੂੰ ਭਗਤੀ, ਦਾਸ ਤੇ ਮਾਲਕ ਵਾਲੀ ਭਗਤੀ, ਇਹਨੂੰ ਫਲ ਪਿਆ ਕਰਦਾ ਹੈ ਪ੍ਰੇਮ ਦਾ। ਪ੍ਰੇਮ ਭਗਤੀ ਜਦੋਂ ਆ ਜਾਂਦੀ ਹੈ। ਪ੍ਰੇਮਾ ਭਗਤੀ ਹੈ -

***ਸਾਚੁ ਕਹੌਂ ਸੁਨ ਲੇਹੁ ਸਭੈ ਜਿਨਿ***
***ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

ਜਦੋਂ ਪ੍ਰੇਮ ਕਰਦਾ-ਕਰਦਾ ਆਪਣਾ-ਆਪਾ ਗਵਾ ਦਿੰਦਾ ਹੈ, ਮੈਂ ਨਹੀਂ ਉਹਦੇ 'ਚ ਰਹਿੰਦੀ, ਘਿਸ ਜਾਂਦਾ ਹੈ, ਖਤਮ ਹੋ ਜਾਂਦਾ ਹੈ, ਫੇਰ ਪਰਾ ਭਗਤੀ ਆ ਜਾਂਦੀ ਹੈ -

***ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਅੰਗ - 827***

ਉਸ ਤੋਂ ਬਾਅਦ ਅਪਰਾ ਭਗਤੀ ਆ ਜਾਂਦੀ ਹੈ। ਉਥੇ ਆ ਜਾਂਦਾ

ਹੈ ਕਿ ਇਥੇ ਤਾਂ ਕੋਈ ਹੈ ਹੀ ਨਹੀਂ ਹੋਰ, ਆਪਣੇ ਆਪ ਹੀ ਆ ਜਾਂਦਾ ਹੈ। ਨਾ ਮੈਂ ਹਾਂ, ਨਾ ਤੂੰ ਹੈਂ। ਇਥੇ ਤਾਂ ਇਕੋ ਹੀ ਪ੍ਰਮੇਸ਼ਰ ਹੈ, ਹੋਰ ਦੂਸਰਾ ਹੈ ਨਹੀਂ।

***ਜੀਅ ਜੰਤ ਕੇ ਠਾਕੁਰਾ ਆਪੇ ਵਰਤਣਹਾਰ ॥***
***ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ ॥***

***ਅੰਗ - 292***

ਕਹਿੰਦੇ, ਦੂਜਾ ਕੀਹਨੂੰ ਕਹੀਏ, ਆਪੇ ਹੀ ਪਸਰਿਆ ਹੈ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***

***ਜਾਪੁ ਸਾਹਿਬ***

ਸੋ ਪਿਆਰ ਜਿੰਨਾਂ ਚਿਰ ਹਿਰਦੇ 'ਚ ਨਹੀਂ ਆਉਂਦਾ, ਮਹਾਰਾਜ ਕਹਿੰਦੇ, ਭਗਤੀ ਨਹੀਂ ਹੁੰਦੀ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਬਿਨਾਂ ਪਿਆਰ ਤੋਂ ਪਿਆਰੇ ਭਗਤੀ ਨਾ ਹੋਵੇ।***

ਜਦੋਂ ਤਕ ਅੰਦਰ ਪਿਆਰ ਨਾ ਹੋਵੇ, ਨਾ ਸਰਵਣ ਭਗਤੀ ਹੁੰਦੀ ਹੈ, ਨਾ ਕੀਰਤਨ ਭਗਤੀ ਹੁੰਦੀ ਹੈ, ਖੁਸ਼ਕੀ ਹੁੰਦੀ ਹੈ, ਭਾਵੇਂ ਮੂੰਹ ਦੇ ਨਾਲ ਗਾਈ ਜਾਂਦਾ ਹੈ। ਅੰਦਰਲਾ ਜੇ ਨਹੀਂ ਭਿੱਜਦਾ, ਅੰਦਰਲਾ ਜੇ ਉਸ ਗੱਲ ਨੂੰ ਮੰਨਦਾ ਨਹੀਂ, ਰਸ ਵਿਚ ਨਹੀਂ ਆਉਂਦਾ, ਉਸ ਚੀਜ਼ ਨੂੰ ਸਮਝਦਾ ਨਹੀਂ, ਪਿਆਰ ਤਰਬਾਂ (vibration) ਮਹਿਸੂਸ ਨਹੀਂ ਕਰਦਾ ਤਾਂ ਕਹਿੰਦੇ ਓਪਰੀ ਚੀਜ਼ ਬਣ ਜਾਂਦੀ ਹੈ, ਇਹ ਭਗਤੀ ਨਹੀਂ ਕਹਾਉਂਦੀ। ਪਿਆਰ ਹੋਣਾ ਚਾਹੀਦਾ ਹੈ -

***ਬਿਨੁ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰਿ ॥***
***ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ ॥***

***ਅੰਗ - 429***

ਪ੍ਰੇਮ ਆ ਜਾਏ ਫੇਰ ਕੀ ਹੁੰਦਾ ਹੈ? ਕਹਿੰਦੇ, ਹਉਮੈ ਮਿਟ ਜਾਂਦੀ ਹੈ -

***ਜਿਸ ਨੋ ਭਗਤਿ ਕਰਾਏ ਸੋ ਕਰੇ ਗੁਰ ਸਬਦ ਵੀਚਾਰਿ ॥***
***ਹਿਰਦੈ ਏਕੋ ਨਾਮੁ ਵਸੈ ਹਉਮੈ ਦੁਬਿਧਾ ਮਾਰਿ ॥***

***ਅੰਗ - 429***

ਇਸ ਤਰ੍ਹਾਂ ਦੇ ਬਚਨ ਗੁਰੂ ਮਹਾਰਾਜ ਪੰਜਵੇਂ ਪਾਤਸ਼ਾਹ ਸ੍ਰੀ ਦਰਬਾਰ ਸਾਹਿਬ ਬੇਅੰਤ ਸੰਗਤਾਂ ਸੁਣ ਰਹੀਆਂ ਨੇ, ਆਪ ਸਮਾਪਤੀ ਤੋਂ ਬਾਅਦ ਨਮਸ਼ਕਾਰ ਕਰਦੇ ਨੇ, ਸ੍ਰੀ ਦਰਬਾਰ ਸਾਹਿਬ ਵਲ ਨੂੰ ਤੇ ਉਸ ਤੋਂ ਬਾਅਦ ਆਪ ਪ੍ਰਕਰਮਾ ਦੇ ਵਿਚ ਹੌਲੀ-ਹੌਲੀ ਟਹਿਲ ਰਹੇ ਨੇ। ਨਾਲ ਕੋਈ ਨਹੀਂ ਲਿਆ ਹੋਇਆ, ਇਕੱਲੇ ਹੀ ਜਾ ਰਹੇ ਨੇ। ਇਕ ਪ੍ਰਕਰਮਾ ਕਰ ਲਈ, ਦੂਸਰੀ, ਦੂਸਰੀ ਤਰ੍ਹਾਂ ਨੂੰ ਫੇਰ ਕਰਦੇ ਨੇ, ਅੱਗੇ ਕੀ ਦੇਖਦੇ ਨੇ ਕਿ ਇਕ ਕੋਈ ਕਰਮਕਾਂਡੀ ਬੰਦਾ, ਬ੍ਰਾਹਮਣ, ਸਾਲਗ੍ਰਾਮ ਦੀ ਪੂਜਾ ਕਰਨ ਵਾਲਾ ਬੈਠਾ ਹੈ ਤੇ ਗੁਰੂ ਸਾਹਿਬ ਨੂੰ ਆਉਂਦਿਆਂ ਨੂੰ ਦੇਖ ਲਿਆ। ਉਸ ਨੇ ਇਕ

ਵਸਤ੍ਰ ਹੇਠਾਂ ਵਿਛਾਇਆ ਹੋਇਆ ਹੈ, ਚੌਂਕੀ ਰੱਖੀ ਹੋਈ ਹੈ, ਉਹਦੇ ਉਤੇ ਸਾਲਗ੍ਰਾਮ ਹੈ ਤੇ ਚੰਦਨ ਘਸਾ ਰਿਹਾ ਹੈ। ਨਾਲ ਇਕ ਘੰਟਾ ਰੱਖਿਆ ਹੋਇਆ ਹੈ, ਕੁਛ ਪੂਜਾ ਕਰਨ ਦੀ ਸਮੱਗਰੀ ਰੱਖੀ ਹੋਈ ਹੈ। ਜਦੋਂ ਗੁਰੂ ਮਹਾਰਾਜ ਨੂੰ ਦੇਖਦਾ ਹੈ ਤਾਂ ਉਸ ਵੇਲੇ ਉਨ੍ਹਾਂ 'ਤੇ ਤਰਕ ਕਰਦਾ ਹੈ ਕਿ ਇਹ ਕੋਈ ਪੂਜਾ ਨਹੀਂ ਕਰਦੇ, ਜੇ ਇਹ ਕੋਈ ਕਰਦੇ ਹੋਣਗੇ, ਤਾਂ ਮੇਰੇ ਕੋਲ ਆਉਣਗੇ ਤੇ ਮੈਨੂੰ ਕੁਛ ਧਨ ਵੀ ਦੇਣਗੇ। ਨਾਲ ਮੈਨੂੰ ਵੀ ਨਮਸ਼ਕਾਰ ਕਰਨਗੇ ਤੇ ਸਾਲਗ੍ਰਾਮ ਨੂੰ ਵੀ ਕਰਨਗੇ। ਇਸ ਤਰ੍ਹਾਂ ਮਨ ਵਿਚ ਉਹਦੇ ਖ਼ਿਆਲ ਆ ਰਹੇ ਨੇ। ਪੈਸੇ ਵਲ ਉਸ ਦਾ ਧਿਆਨ ਹੈ, ਘਰ ਦੇ ਕੰਮਾਂ ਨੂੰ ਚਿਤਵ ਰਿਹਾ ਹੈ ਤੇ ਥੋੜ੍ਹੀ ਦੇਰ ਬਾਅਦ ਅੱਖ ਖੋਲ੍ਹ ਕੇ ਦੇਖ ਰਿਹਾ ਹੈ ਕਿ ਗੁਰੂ ਮਹਾਰਾਜ ਨੇੜੇ-ਨੇੜੇ ਆ ਰਹੇ ਨੇ ਤੇ ਮੇਰੇ ਵਲ ਨੂੰ ਆ ਜਾਣਗੇ। ਲੇਕਿਨ ਅੰਦਰਲੇ ਪਾਸੇ ਦੀ ਅਵਸਥਾ ਹੈ ਕਿ ਬਗਲੇ ਵਾਂਗਣ ਧਿਆਨ ਲਾਈ ਬੈਠਾ ਹੈ, ਅੰਦਰ ਕੋਈ ਪਿਆਰ ਨਹੀਂ ਹੈ, ਕੋਈ ਸਤਿਕਾਰ ਨਹੀਂ ਹੈ। ਤ੍ਰਿਸ਼ਨਾ ਦੀ ਅੱਗ ਅੰਦਰ ਬਲ ਰਹੀ ਹੈ, ਅੰਦਰੋਂ ਚਾਹੁੰਦਾ ਹੈ ਕਿ ਮੇਰੇ ਕੋਲ ਆ ਜਾਣ, ਆ ਕੇ ਨਮਸ਼ਕਾਰ ਕਰਨ ਤੇ ਮਹਾਰਾਜ ਜੀ ਨੇ ਓਪਰੀ ਜਿਹੀ ਨਿਗ੍ਹਾ ਦੇ ਨਾਲ ਦੇਖਿਆ ਤੇ ਉਸ 'ਤੇ ਬਾਅਦ ਆਪ ਚਲੇ ਜਾਂਦੇ ਨੇ, ਈਰਖਾ ਕਰਦਾ ਹੈ, ਕਹਿਣ ਲੱਗਿਆ ਦੇਖੋ, ਹਿੰਦੂ ਧਰਮ ਜਿਹੜਾ ਸੀ ਉਹਨੂੰ ਤਾਂ ਇਨ੍ਹਾਂ ਨੇ ਬਿਲਕੁਲ ਹੀ ਛੱਡ ਦਿਤਾ। ਸਾਲਗ੍ਰਾਮ ਮੈਂ ਰੱਖੀਂ ਬੈਠਾ ਹਾਂ, ਇਨ੍ਹਾਂ ਨੂੰ ਚਾਹੀਦਾ ਸੀ ਕਿ ਉਸ ਨੂੰ ਆ ਕੇ ਨਮਸ਼ਕਾਰ ਕਰਦੇ। ਮੈਂ ਬ੍ਰਾਹਮਣ ਹਾਂ, ਇਹ ਖੱਤਰੀ ਨੇ ਜਾਤ ਦੇ, ਇਨ੍ਹਾਂ ਨੇ ਉਹ ਵੀ ਧਿਆਨ ਨਹੀਂ ਰੱਖਿਆ ਤੇ ਮੇਰਾ ਆ ਕੇ ਕੋਈ ਸਤਿਕਾਰ ਨਹੀਂ ਕਰਿਆ। ਇਸ ਤਰ੍ਹਾਂ ਬਾਰ੍ਹਾਂ ਅੰਗਾਂ ਦੇ ਉਤੇ ਤਿਲਕ ਲਾਏ ਹੋਏ ਨੇ ਤੇ ਪੂਰਾ ਰੂਪ ਬਣਾਇਆ ਹੋਇਆ ਹੈ। ਮਹਾਰਾਜ ਨੇ ਦੇਖਿਆ ਤੇ ਦੇਖ ਕੇ ਸਹਿਜ ਸੁਭਾਅ ਚਲੇ ਗਏ। ਉਸ ਤੋਂ ਬਾਅਦ ਜਦ ਪ੍ਰਕਰਮਾ ਕਰਕੇ ਦੂਸਰੀ ਵਾਰ ਆਏ, ਬੜੇ ਭਾਵ ਗਲਤ ਚਲ ਰਹੇ ਨੇ ਅੰਦਰ ਕਿ ਇਹ ਕੀ ਦਸਦੇ ਹੋਣੇ ਨੇ, ਐਨੇ ਲੋਕ ਇਕੱਠੇ ਹੁੰਦੇ ਨੇ, ਇਹ ਐਵੇਂ ਹੀ ਇਕੱਠੇ ਹੁੰਦੇ ਨੇ, ਕੋਈ ਗੱਲ ਤਾਂ ਦਸਦੇ ਨਹੀਂ ਹੋਣੇ, ਸਾਲਗ੍ਰਾਮ ਬਾਰੇ ਬਚਨ ਹੀ ਨਹੀਂ ਕਰਦੇ। ਜੇ ਇਨ੍ਹਾਂ ਦੇ ਮਨ ਵਿਚ ਸ਼ਰਧਾ ਹੋਵੇ ਤਾਂ ਆਉਣ, ਆ ਕੇ ਨਮਸ਼ਕਾਰ ਕਰਨ। ਕੁਛ ਭੇਟਾ ਕਰਨ, ਕੁਛ ਮੈਨੂੰ ਵੀ ਦੇਣ। ਜਦੋਂ ਮਹਾਰਾਜ ਜੀ ਦੂਜੀ ਵਾਰ ਲੰਘਣ ਲੱਗੇ, ਕੋਲ ਦੀ ਆਏ। ਉਸ ਵੇਲੇ ਮਹਾਰਾਜ ਜੀ ਵਿਸ਼ੇਸ਼ ਕਰਕੇ ਓਧਰ ਨੂੰ ਹੋ ਲਏ। ਕਿਉਂਕਿ ਉਹ ਬਾਰ-ਬਾਰ ਚਿਤਵੀ ਜਾਂਦਾ ਸੀ। ਉਪਦੇਸ਼ ਵੀ ਦਿੰਦਾ ਸੀ ਲੋਕਾਂ ਨੂੰ, ਲੇਕਿਨ ਆਪ ਬਿਲਕੁਲ ਕੋਰਾ ਸੀ, ਮਾਇਆ ਚਿਤਵ ਰਿਹਾ ਸੀ। ਬਗਲੇ ਵਾਂਗੂੰ ਸਮਾਧੀ ਲੱਗੀ ਹੋਈ, ਪਾਖੰਡ ਕਰ ਰਿਹਾ ਹੈ, ਦਿਲ ਵਿਚ ਕੋਈ ਸਤਿਕਾਰ ਨਹੀਂ। ਨਹੀਂ ਜਾਣਦਾ ਕਿ ਸਾਲਗ੍ਰਾਮ ਕੀ ਹੁੰਦਾ ਹੈ, ਠਾਕੁਰ ਕੀ ਹੁੰਦਾ ਹੈ, ਇਕ ਦੇਖਾ-ਦੇਖੀ ਦੀ ਗੱਲ ਕਰ ਰਿਹਾ ਹੈ। ਉਸ ਵੇਲੇ ਮਹਾਰਾਜ ਜੀ ਜਦ ਨਜ਼ਦੀਕ ਆਏ, ਇਹਨੇ ਸੋਚਿਆ ਕਿ ਹੁਣ ਨਮਸ਼ਕਾਰ ਕਰਨਗੇ। ਲੇਕਿਨ ਗੁਰੂ ਪੰਜਵੇਂ ਪਾਤਸ਼ਾਹ ਜੀ ਨੇ ਫੇਰ ਵੀ ਨਮਸ਼ਕਾਰ ਨਾ ਕਰੀ, ਉਸੇ ਤਰ੍ਹਾਂ ਖੜ੍ਹ ਕੇ ਆਪ ਨੇ ਉਹਦੇ ਵਲ ਬੜੀ

ਦਰਦਭਰੀ ਦ੍ਰਿਸ਼ਟੀ ਨਾਲ ਦੇਖਿਆ ਕਿ ਮਿਹਨਤਾਂ ਵੀ ਕਰ ਰਿਹਾ ਹੈ। ਲੇਕਿਨ ਬਿਰਥਾ ਹੀ ਜਾ ਰਿਹਾ ਹੈ ਇਹਦਾ ਕਰਮ-ਕਾਂਡ, ਪੂਜਾ। ਕਿਉਂਕਿ ਖੁੰਝਿਆ ਹੋਇਆ ਹੈ, ਗੱਲ ਸਮਝ ਨਹੀਂ ਰਿਹਾ। ਬਿਨਾਂ ਸਮਝ ਤੋਂ ਕੇਵਲ ritual (ਰੀਤਾਂ) ਦੇ ਨਾਲ ਤਰਨਾ ਚਾਹੁੰਦਾ ਹੈ। ਉਸ ਵੇਲੇ ਮਹਾਰਾਜ ਜੀ ਨੇ ਉਹਦੇ ਵਲ ਦੇਖ ਕੇ, ਇਸ ਤਰ੍ਹਾਂ ਨਾਲ ਫੁਰਮਾਨ ਕੀਤਾ -

***ਧਾਰਨਾ - ਦਿੰਦੈ ਲੋਕਾਂ ਨੂੰ ਉਪਦੇਸ਼,***
***ਕਾਹਤੋਂ ਆਪ ਕਮਾਉਂਦਾ ਨਹੀਂ।***

ਮਹਾਰਾਜ ਜੀ ਫੁਰਮਾਨ ਕਰਦੇ ਨੇ, ਉਹਨੂੰ ਸਾਮ੍ਹਣੇ ਦੇਖ ਕੇ ਗੱਲ ਕਹਿ ਰਹੇ ਨੇ -

***ਮੁਖ ਤੇ ਪੜਤਾ ਟੀਕਾ ਸਹਿਤ ॥*** ***ਅੰਗ - 887***

ਐ ਬ੍ਰਾਹਮਣ ਦੇਵਤਾ! ਮੂੰਹ ਨਾਲ ਤੂੰ ਪੜ੍ਹਦਾ ਹੈਂ, ਟੀਕਾ ਵੀ ਕਰਦਾ ਹੈਂ ਲੇਕਿਨ ਜਿਹੜਾ ਕੁਛ ਤੂੰ ਪੜ੍ਹ ਸੁਣਾਉਂਦਾ ਹੈਂ, ਤੇਰੇ ਹਿਰਦੇ ਦੇ ਵਿਚ ਉਹ ਵਿਸ਼ਵਾਸ਼ ਨਹੀਂ-

***ਹਿਰਦੈ ਰਾਮੁ ਨਹੀ ਪੂਰਨ ਰਹਤ ॥*** ***ਅੰਗ - 887***

ਉਹਦੇ ਮੁਤਾਬਿਕ ਤੂੰ ਆਪ ਨਹੀਂ ਚਲਦਾ। ਲੋਕਾਂ ਨੂੰ ਤਾਂ ਬਹੁਤ ਵਧੀਆ ਅਲੰਕਾਰ ਬਣਾ-ਬਣਾ ਕੇ ਸੁਣਾਉਂਦਾ ਹੈਂ ਪਰ ਆਪਣੇ ਆਪ ਦੇ ਉਤੇ ਤਾਂ ਅਸਰ ਨਹੀਂ ਕਰਦਾ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ, ਕੀਰਤਨ ਹੋ ਰਿਹਾ ਹੈ, ਰਾਗੀ ਬਹੁਤ ਹੀ ਵਧੀਆ ਸ਼ਬਦ ਪੜ੍ਹਦੇ ਨੇ, ਕੋਈ ਪ੍ਰੇਮੀ ਬਹੁਤ ਹੀ ਦੁਖੀ ਆਇਆ, ਸ਼ਬਦ ਦੇ ਵਿਚਾਲੇ ਹੀ ਬੋਲ ਪਿਆ, ਬੇਅਦਬੀ ਸੀ, ਵਿਚਾਲੇ ਬੋਲਣਾ ਸ਼ਬਦ ਦੀ ਲੈਅ ਤੋੜਨੀ, ਮਹਾਰਾਜ ਕਹਿੰਦੇ, ਕੀ ਗੱਲ ਹੈ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੈਂ ਤਾਂ ਲੁੱਟਿਆ ਗਿਆ, ਮੇਰੇ ਤਾਂ ਘਰ ਦੇ ਜਿੰਨੇ ਗਹਿਣੇ, ਮਿਹਨਤ ਕਰ-ਕਰ ਕੇ ਜਿੰਨੀ ਮੈਂ ਕਮਾਈ ਕੀਤੀ ਸੀ, ਮੈਂ ਆਪ ਦੇ ਸਤਿਸੰਗ 'ਚ ਆ ਗਿਆ ਤੇ ਪਿੱਛੋਂ ਮੇਰਾ ਤਾਲਾ ਭੰਨ ਕੇ ਸਭ ਚੋਰੀ ਹੋ ਗਿਆ। ਮਹਾਰਾਜ ਕਹਿੰਦੇ, ਕੋਈ ਨਾ ਤੂੰ ਦੀਵਾਨ 'ਚ ਬਹਿ ਜਾ, ਕਹਿੰਦੇ, ਕਹੀ ਇਥੇ ਹੀ ਹੈ। ਰਾਗੀਆਂ ਦੀ ਸੁਰ ਥਿੜਕਣ ਲਗ ਗਈ। ਮਹਾਰਾਜ ਨੇ ਦੇਖਿਆ ਕਿ ਸੁਰ ਥਿੜਕਦੀ ਹੈ ਇਨ੍ਹਾਂ ਦੀ। ਸ਼ਬਦ ਦੀ ਸਮਾਪਤੀ ਹੋਈ, ਸੰਗਤ ਨੇ ਕਿਹਾ ਕਿ ਮਹਾਰਾਜ! ਇਹ ਦੁਖੀ ਆਇਆ ਸੀ, ਇਹਨੇ ਫਰਿਆਦ ਕਰੀ, ਆਪ ਨੇ ਐਨੀਓਂ ਗੱਲ ਕਹਿ ਦਿਤੀ ਕਿ ਕਹੀ ਇਥੇ ਹੀ ਹੈ।

ਮਹਾਰਾਜ ਕਹਿੰਦੇ, ਤੁਹਾਨੂੰ ਇਕ ਕਹਾਣੀ ਸੁਣਾਉਂਦੇ ਹਾਂ ਜਿਹੜੀ ਇਕ ਲੋਕ ਗਾਥਾ ਹੈ। ਇਕ ਕੋਈ ਚੌਧਰੀ ਸੀ ਪਿੰਡ ਦਾ ਮਾਲਕ, ਬੜੇ ਅਖਤਿਆਰ ਸੀ ਉਹਦੇ ਕੋਲ। ਉਹਦੀ ਕਹੀ ਗੁਆਚ ਗਈ। ਉਸ ਨੇ ਪਿੰਡ ਦਾ ਜਿਹੜਾ ਭਰਾਈ ਸੀ, ਢੋਲ ਵਜਾਉਣ ਵਾਲਾ, ਉਸਨੂੰ ਕਿਹਾ ਕਿ ਸਾਰੇ ਪਿੰਡ ਦੇ ਵਿਚ ਢੰਡੋਰਾ ਦੇ-ਦੇ, ਨਾਲੇ ਕਹਿ ਦੇ ਕਿ ਜਿਹਦੇ ਘਰੋਂ ਕਹੀ ਨਿਕਲੀ, ਉਹਨੂੰ ਬਹੁਤ ਸਖਤ ਜ਼ੁਰਮਾਨਾ ਹੋਏਗਾ ਤੇ ਮਾਰ ਵੀ ਪਏਗੀ।

ਢੰਡੋਰਾ ਦੇ ਦਿਤਾ, ਕਿਸੇ ਨੇ ਨਾ ਹਾਂ ਕਰੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਚੋਰੀ ਰੱਖ ਦਿਓ, ਅਸੀਂ ਕੁਛ ਨਹੀਂ ਕਹਾਂਗੇ, ਫਲਾਣੇ ਥਾਂ ਰੱਖ ਆਓ ਜਾ ਕੇ। ਕਹੀ ਕਿਸੇ ਨੇ ਨਾ ਰੱਖੀ। ਉਸ ਤੋਂ ਬਾਅਦ ਚੌਧਰੀ ਕਹਿਣ ਲੱਗਿਆ ਕਿ ਤਲਾਸ਼ੀ ਕਰੋ। ਢੰਡੋਰੇ ਵਾਲਾ ਨਾਲ ਹੋ ਗਿਆ, ਤਲਾਸ਼ੀ ਕਰਾਈ ਜਾਂਦਾ ਹੈ ਸਭ ਦੀ ਨਾਲ ਹੋ ਕੇ। ਕਿਉਂਕਿ ਉਹ ਤਾਂ ਉਨ੍ਹਾਂ ਵਿਚ ਆ ਗਿਆ ਜਿਹੜਾ ਢੰਡੋਰਾ ਦਿੰਦਾ ਸੀ। ਸਾਰੇ ਪਿੰਡ ਦੀ ਤਲਾਸ਼ੀ ਹੋਈ, ਕਹੀ ਫੇਰ ਵੀ ਨਾ ਨਿਕਲੀ। ਅਖੀਰ ਚੌਧਰੀ ਨੇ ਕਿਹਾ ਕਿ ਹੁਣ ਕੋਈ ਰਹਿ ਤਾਂ ਨਹੀਂ ਗਿਆ। ਕਹਿੰਦੇ, ਤੁਹਾਡਾ ਢੰਡੋਰਚੀ ਰਹਿ ਗਿਆ। ਕਹਿੰਦੇ ਇਹਦੇ ਘਰ ਵੀ ਦੇਖੋ, ਜਦੋਂ ਅੰਦਰ ਗਏ ਤਾਂ ਕਹੀ ਉਹਦੇ ਘਰ ਪਈ। ਮਹਾਰਾਜ ਕਹਿੰਦੇ, ਆਹ ਗੱਲ ਹੈ ਭਾਈ। ਢੰਡੋਰਾ ਤਾਂ ਦਿੰਦੇ ਨੇ ਪਰ ਕਹੀ ਇਥੇ ਹੀ ਹੈ। ਕਹਿੰਦੇ, ਮਹਾਰਾਜ! ਅਜੇ ਵੀ ਨਹੀਂ ਅਸੀਂ ਸਮਝੇ। ਕਹਿੰਦੇ, ਸਮਝਣਾ ਕੀ ਹੈ, ਦੋ-ਚਾਰ ਸਿੰਘ ਜਾਓ, ਜਾ ਕੇ ਆਹ ਜਿਹੜੇ ਰਾਗੀ ਸਿੰਘ ਸ਼ਬਦ ਪੜ੍ਹਦੇ ਨੇ ਇਨ੍ਹਾਂ ਦੇ ਟਰੰਕ ਖੋਲ੍ਹੋ ਉਥੇ ਪਏ ਨੇ ਗਹਿਣੇ ਸਾਰੇ। ਟਰੰਕ ਫਰੋਲ ਲਏ ਤੇ ਗਹਿਣੇ ਨਿਕਲ ਆਏ। ਸੋ ਮਹਾਰਾਜ ਇਹਨੂੰ ਕਹਿੰਦੇ ਨੇ ਕਿ ਰਹਿਤ ਨਹੀਂ ਹੈ, ਜਿਹੜਾ ਕੁਛ ਸੁਣਾਉਂਦਾ ਹੈ ਲੋਕਾਂ ਨੂੰ, ਉਹ ਰਹਿਤ ਆਪ ਦੀ ਨਹੀਂ ਹੈ, ਕੇਵਲ ਗਾਉਂਦਾ ਹੀ ਗਾਉਂਦਾ ਹੈ, ਰਹਿਤ ਨਹੀਂ ਹੈ ਉਹਦੀ। ਰਹਿਤ ਉਹਦੀ ਵਿਪਰੀਤ ਹੈ। ਇਨ੍ਹਾਂ ਦਾ ਗਾਇਨ ਇਕ ਆਰਟ ਹੈ।

ਜਦੋਂ ਮੈਂ ਇੰਗਲੈਂਡ 'ਚ ਵੂਲਵਰਹੈਂਪਟਨ ਗਿਆ, ਉਥੇ ਬੜੇ ਪ੍ਰੇਮੀ ਬੰਦਿਆਂ ਨੇ ਸ਼ਿਕਾਇਤ ਕਰੀ, ਕਹਿਣ ਲੱਗੇ, ਜੀ ਸਾਡਾ ਜਿਹੜਾ ਗ੍ਰੰਥੀ ਹੈ, ਇਹ ਪੱਬ 'ਚ ਜਾ ਕੇ, ਦੁਨੀਆਂ ਦੇ ਨਾਲ ਕੇ ਸ਼ਰਾਬ ਪੀਂਦਾ ਹੈ। ਹੈ ਬੜਾ ਵਧੀਆ, ਕਥਾ ਬਹੁਤ ਵਧੀਆ ਕਰਦਾ ਹੈ, ਬੋਲ ਬੜਾ ਰਸੀਲਾ ਹੈ ਤੇ ਡਿਊਟੀ ਦਾ ਬੜਾ ਪੱਕਾ ਹੈ ਪਰ ਇਹ ਗੱਲ ਤੋਂ ਹਟਦਾ ਨਹੀਂ ਹੈ। ਉਹ ਗੱਲਾਂ ਜਿਹੜੀਆਂ ਸ਼ਰਾਬੀ ਕਰਦੇ ਨੇ ਉਹ ਸਾਰੀਆਂ ਹੀ ਕਰਦਾ ਹੈ। ਕਹਿੰਦੇ, ਇਕ ਦਿਨ ਅਸੀਂ ਬੁਲਾ ਕੇ ਕਮੇਟੀ 'ਚ ਉਹਨੂੰ ਪੁੱਛਿਆ, ਕਹਿਣ ਲੱਗਿਆ, ਦੇਖੋ ਤੁਹਾਨੂੰ ਦਸਦਾ ਹਾਂ ਕਿ ਮੈਂ ਕੀ ਹਾਂ, ਤੁਸੀਂ ਮੈਨੂੰ ਸਾਧੂ-ਸੰਤ ਤਾਂ ਮੰਨਦੇ ਨਹੀਂ, ਕਰਮਚਾਰੀ ਮੰਨਦੇ ਓਂ? ਕਹਿੰਦੇ ਹਾਂ। ਕਹਿੰਦਾ, ਤੁਸੀਂ ਵੀ ਕਰਮਚਾਰੀ ਓਂ, ਤੁਸੀਂ ਫੈਕਟਰੀਆਂ 'ਚ ਕੰਮ ਕਰਦੇ ਓਂ, ਮੈਂ ਗੁਰਦੁਆਰੇ 'ਚ ਕਰਦਾ ਹੈ, ਤੁਹਾਡੀ ਵੀ ਨਿਜੀ ਜ਼ਿੰਦਗੀ ਹੈ, ਮੇਰੀ ਵੀ ਨਿਜੀ ਜ਼ਿੰਦਗੀ ਹੈ, ਤੁਸੀਂ ਵੀ ਜਾਂਦੇ ਓਂ ਉਹਦੇ ਵਿਚ ਮੈਂ ਵੀ ਜਾਂਦਾ ਹਾਂ। ਮੈਂ ਕਰਮਚਾਰੀ ਹਾਂ, ਮੈਂ ਕਿਸੇ ਨੂੰ ਕੁਛ ਕਰਦਾ ਤਾਂ ਨਹੀਂ, ਮੈਂ ਡਿਊਟੀ ਆਪਣੀ ਪੂਰੀ ਕਰ ਦਿੰਦਾ ਹਾਂ। ਇਹ ਤਾਂ ਮੇਰੀ ਨੌਕਰੀ ਹੈ।

ਸੋ ਸਾਧਸੰਗਤ ਜੀ! ਇਹ ਜਿਹੜਾ ਵਖਰੇਵਾਂ ਹੈ ਇਸ ਚੀਜ਼ ਦਾ, ਉਹ ਕਹਿੰਦੇ ਨੇ ਕਿ ਜਿਹੜਾ ਮੂੰਹ ਤੋਂ ਕਹੋ ਉਹ ਕਮਾਓ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਕਹਿੰਦੇ ਨੇ - ***'ਮੁਖ ਤੇ ਪੜਤਾ ਟੀਕਾ ਸਹਿਤ ॥ ਹਿਰਦੈ ਰਾਮੁ ਨਹੀ ਪੂਰਨ ਰਹਤ ॥'*** ਹਿਰਦੇ 'ਚ ਉਹ ਰਹਿਤ ਨਹੀਂ ਹੈ, ਜਿਹੜੀ ਤੂੰ ਟੀਕੇ ਵਿਚ ਦਸਦਾ ਹੈਂ, ਨਾ ਹਿਰਦੇ 'ਚ ਪ੍ਰਮੇਸ਼ਰ ਹੈ।

ਉਹਦੇ 'ਤੇ ਸ਼ਰਧਾ ਨਹੀਂ ਤੈਨੂੰ –

*ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥* *ਅੰਗ - 887*

ਲੋਕਾਂ ਨੂੰ ਬਾਰ-ਬਾਰ ਦ੍ਰਿੜ੍ਹ ਕਰਾ ਰਿਹਾ ਹੈ, ਉਪਦੇਸ਼ ਕਰ-ਕਰ ਕੇ ਕਿ ਦੇਖਿਓ, ਆਹ ਕੰਮ ਨਾ ਕਰਿਓ। ਵੈਰ ਨਹੀਂ ਕਰਨਾ, ਨਿੰਦਿਆ ਨਹੀਂ ਕਰਨੀ, ਮਾਇਆ ਦੀ ਲੋਚਾ ਨਹੀਂ ਕਰਨੀ। ਕਹਿੰਦੇ, ਭਗਤ ਜੀ! ਤੂੰ ਕੀ ਕਰਦਾ ਹੈਂ ਉਦੋਂ ਦਾ, ਕਿ ਗੁਰੂ ਆ ਕੇ ਮੱਥਾ ਟੇਕੇ, ਮੇਰੀ ਜਾਤ ਉੱਚੀ ਹੈ, ਇਹ ਕੁਛ ਪੈਸੇ ਦੇਵੇ, ਇਹ ਹੁਣ ਸਾਲਗ੍ਰਾਮ ਨੂੰ ਦੇਖ ਕੇ ਸਤਿਕਾਰ ਨਹੀਂ ਕਰਦਾ। ਕਹਿੰਦੇ, ਆਹ ਤੇਰੀ ਰਹਿਤ ਹੈ –

*ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ ॥*
*ਅਪਨਾ ਕਹਿਆ ਆਪਿ ਨ ਕਮਾਵੈ ॥ 1 ॥*
*ਪੰਡਿਤ ਬੇਦੁ ਬੀਚਾਰਿ ਪੰਡਿਤ ॥*
*ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥* *ਅੰਗ- 887*

ਕਾਹਨੂੰ ਸਾਡੇ ਉਤੇ ਗੁੱਸੇ ਹੋ ਰਿਹਾ ਹੈਂ। ਇਸ ਕ੍ਰੋਧ ਨੂੰ ਨਿਵਾਰ ਦੇ। ਇਸ ਤਰ੍ਹਾਂ ਦੀ ਬਿਰਤੀ ਨਾ ਰੱਖ। ਜਿਹੜਾ ਤੂੰ ਟੀਕਾ ਕੱਢ-ਕੱਢ ਕੇ ਕਹਿੰਦਾ ਹੈਂ, ਉਹਦੇ ਵਿਚ ਕ੍ਰੋਧ ਨੂੰ ਚੰਡਾਲ ਦੇ ਨਾਲ ਤੁਲਨਾ ਦਿਤੀ ਹੋਈ ਹੈ। ਸੋ ਇਸ ਤਰ੍ਹਾਂ ਦੇ ਬਚਨ ਕਰਕੇ ਮਹਾਰਾਜ ਕਹਿਣ ਲੱਗੇ ਕਿ ਦੇਖ, ਤੂੰ ਸਾਲਗ੍ਰਾਮ ਦੀ ਤਾਂ ਪੂਜਾ ਕਰਦਾ ਹੈਂ, ਜੇ ਤਾਂ ਤੂੰ ਸੱਚਮੁੱਚ ਪੂਜਾ ਕਰਦਾ ਹੁੰਦਾ ਤਾਂ ਅਸੀਂ ਜ਼ਰੂਰ ਆ ਕੇ ਨਮਸ਼ਕਾਰ ਕਰਦੇ ਕਿਉਂਕਿ ਤੂੰ ਪ੍ਰਮੇਸ਼ਰ ਨਾਲ ਜੁੜਿਆ ਹੋਇਆ ਬੰਦਾ ਹੁੰਦਾ। ਜਿਹੜਾ ਜੁੜਿਆ ਹੈ, ਜੇ ਦੋ ਬਚਨ ਵੀ ਸੁਣਾ ਦੇਵੇ ਪ੍ਰਮੇਸ਼ਰ ਦੇ –

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ - 558*

ਤੂੰ ਪ੍ਰਮੇਸ਼ਰ ਨਾਲ ਤਾਂ ਜੁੜਿਆ ਨਹੀਂ, ਤੇ ਉਡਾਰੀਆਂ ਮਾਰਦਾ ਹੈ ਤੇਰਾ ਮਨ ਪੈਸੇ ਵਾਸਤੇ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਮਨ ਮਾਰਦਾ ਉਡਾਰੀਆਂ ਤੇਰਾ,*
*ਸਾਲਗ੍ਰਾਮ ਪਿਆ ਰਹਿ ਗਿਆ।*

ਕਹਿਣ ਲੱਗੇ, ਬ੍ਰਾਹਮਣ ਦੇਵਤਾ! ਅਸੀਂ ਤੇਰੇ ਵਲ ਨੂੰ ਆ ਰਹੇ ਸੀ ਤੇ ਤੂੰ ਚੰਦਨ ਤਾਂ ਘਸਾ ਰਿਹਾ ਸੀ ਪੂਜਾ ਵਾਸਤੇ ਤੇ ਸੋਚਦਾ ਕੀ ਸੀ ਕਿ ਗੁਰੂ ਆਵੇ, ਮੱਥਾ ਟੇਕੇ, ਕੁਛ ਪੈਸੇ ਮੱਥਾ ਟੇਕੇ। ਇਹ ਖੱਤਰੀ ਹੈ ਮੈਂ ਬ੍ਰਾਹਮਣ ਹਾਂ, ਇਹ ਮੇਰੀ ਜਾਤ ਦਾ ਸਤਿਕਾਰ ਕਰੇ। ਜੇ ਮੈਂ ਇਥੇ ਨਾ ਬੈਠਦਾ, ਓਧਰਲੇ ਪਾਸੇ ਬੈਠਦਾ, ਓਧਰ ਲੋਕਾਂ ਨੇ ਜ਼ਰੂਰ ਮੱਥੇ ਟੇਕ-ਟੇਕ ਕੇ ਜਾਣੇ ਸੀ ਤੇ ਕੁਛ ਪੈਸੇ ਹੋ ਹੀ ਜਾਂਦੇ। ਕਹਿੰਦੇ, ਤੇਰਾ ਮਨ ਤਾਂ ਇਸ ਤਰ੍ਹਾਂ ਉਡਾਰੀਆਂ ਮਾਰਦਾ ਹੈ –

*ਆਗੈ ਰਾਖਿਓ ਸਾਲ ਗਿਰਾਮੁ ॥*
*ਮਨੁ ਕੀਨੋ ਦਹ ਦਿਸ ਬਿਸ੍ਰਾਮੁ ॥* *ਅੰਗ - 888*

ਦੱਸਾਂ ਦਿਸ਼ਾਂ ਦੇ ਵਿਚ ਉਡਾਰੀਆਂ ਮਾਰਦਾ ਹੈ, ਫੁਰਨਾ ਤੇਰੇ ਮਨ

ਵਿਚ ਮਾਇਆ ਦਾ ਚਲਦਾ ਹੈ ਤੇ ਹੱਥ ਤੇਰਾ ਮਣਕਿਆਂ ਦੇ ਉਤੇ ਘੁੰਮ ਰਿਹਾ ਹੈ। ਮੂੰਹ ਤੋਂ ਰਾਮ-ਰਾਮ ਕਰੀਂ ਜਾਂਦਾ ਹੈਂ, ਪਰ ਇਹਦੇ ਨਾਲ ਤਾਂ ਗੱਲ ਬਣਨੀ ਨਹੀਂ ਹੈ। ਹੱਥ ਮਾਲਾ ਫੇਰਦੇ ਨੇ, ਤੇਰਾ ਮਨ ਤਾਂ ਨਹੀਂ ਮਾਲਾ ਫੇਰਦਾ। ਇਸ ਤਰ੍ਹਾਂ ਨਾਲ ਪੜ੍ਹ ਲਓ -

***ਧਾਰਨਾ- ਫੁਰਨਾ ਮਾਇਆ ਦਾ ਤੇ ਹੱਥ ਮਾਲਾ ਫੇਰਦੇ,***
***ਭਵਜਲ ਕਿਵੇਂ ਪਾਰ ਲੰਘੇਂਗਾ।***

ਪੰਡਤ ਜੀ! ਦੂਸਰੀ ਗੱਲ ਹੈ ਕਿ ਤੇਰੇ ਹੱਥ ਵਿਚ ਮਾਲਾ ਘੁੰਮ ਰਹੀ ਹੈ। ਰੁਦਰਾਖਸ਼ ਦੇ ਮਣਕੇ ਤੇ ਮਣਕਾ ਠਹਿਕ-ਠਹਿਕ ਕੇ ਵੱਜਦਾ, ਉਥੇ ਜਾਂਦਿਆਂ ਨੂੰ ਸਾਨੂੰ ਸੁਣਦਾ ਹੈ। ਪਰ ਇਹ ਤਾਂ ਹੱਥ ਕੰਮ ਕਰ ਰਹੇ ਨੇ, ਤੇਰਾ ਮਨ ਤਾਂ ਨਹੀਂ ਕੰਮ ਕਰ ਰਿਹਾ। ਤੇਰਾ ਮਨ ਤਾਂ ਉਡਾਰੀਆਂ ਮਾਰ ਰਿਹਾ ਹੈ -

***ਖਟੁ ਕਰਮਾ ਅਰੁ ਆਸਣੁ ਧੋਤੀ ॥***
***ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥ ਅੰਗ - 888***

ਰੋਜ਼ ਪੋਥੀ ਪੜ੍ਹਦਾ ਹੈਂ, ਛੇਈਂ ਕਰਮ ਕਰਦਾ ਹੈਂ ਤੇ ਆਸਣ ਵੀ ਲਾਉਂਦਾ ਹੈਂ, ਵਸਤਰ ਵੀ ਉਸ ਤਰ੍ਹਾਂ ਦੇ ਪਾਉਂਦਾ ਹੈਂ -

***ਮਾਲਾ ਫੇਰੈ ਮੰਗੈ ਬਿਭੂਤ ॥ ਅੰਗ - 888***

ਫੇਰਦਾ ਤੂੰ ਮਾਲਾ ਹੈ, ਪਰ ਬਿਭੂਤੀ ਮੰਗੀ ਜਾਂਦਾ ਹੈ ਕਿ ਪੈਸੇ ਮਿਲ ਗਏ ਤਾਂ ਗਊ ਲਵਾਂਗੇ, ਗਊ ਦਾ ਦੁੱਧ ਪੀਵਾਂਗੇ, ਗਊ ਨੂੰ ਬੰਨ੍ਹਣ ਵਾਸਤੇ, ਕੋਠੇ ਵਾਸਤੇ ਵੀ ਪੈਸੇ ਚਾਹੀਦੇ ਨੇ। ਤੂੰ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਸੋਚਦਾ ਹੈਂ। ਮਾਲਾ ਫੇਰ ਰਿਹਾ ਹੈਂ, ਲੋਕ ਸਭ ਕਹਿੰਦੇ ਨੇ ਕਿ ਭਜਨ ਕਰ ਰਿਹਾ ਹੈ -

***ਇਹ ਬਿਧਿ ਕੋਇ ਨ ਤਰਿਓ ਮੀਤ ॥ ਅੰਗ - 888***

ਕਹਿੰਦੇ, ਏਸ ਤਰੀਕੇ ਦੇ ਨਾਲ ਕੋਈ ਵੀ ਨਹੀਂ ਤਰਦਾ। ਤੂੰ ਤਾਂ ਮਾਇਆ ਦੇ ਪਿੱਛੇ ਭੁੱਲਿਆ ਹੋਇਆ, ਓਸ ਪ੍ਰਮੇਸ਼ਰ ਨੂੰ ਨਹੀਂ ਪਛਾਣ ਰਿਹਾ, ਜਿਹੜਾ ਨਾਲ ਰਹਿੰਦਾ ਹੈ। ਪੰਡਤ ਤਾਂ ਉਹ ਹੁੰਦਾ ਹੈ ਜਿਹੜਾ ਤਿੰਨੋ ਗੁਣਾਂ - ਰਜੋ ਗੁਣ, ਤਮੋ ਗੁਣ, ਸਤੋ ਗੁਣ ਦੀ ਪੰਡ ਲਾਹ ਕੇ ਮਾਰੇ। ਕਿਉਂਕਿ ਸੰਸਾਰ ਨੂੰ ਇਨ੍ਹਾਂ ਤਿੰਨਾਂ ਗੁਣਾਂ ਨੇ ਪ੍ਰਮੇਸ਼ਰ ਦੇ ਨਾਲੋਂ ਤੋੜ ਦਿਤਾ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਤੇ ਅਰਜਨ ਜਾਂਦੇ ਨੇ, ਸਹਿਜ ਸੁਭਾਅ ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਅਰਜਨ! ਜਿਹੜੀ ਮੇਰੀ ਤਿੰਨ ਗੁਣੀ ਮਾਇਆ ਹੈ, ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ। ਮੈਂ ਇਹਦੇ ਓਹਲੇ ਰਹਿ ਕੇ ਹੀ ਕੰਮ ਕਰਦਾ ਹਾਂ ਕਿਉਂਕਿ ਬ੍ਰਹਮ ਭਾਵ ਵਿਚ ਬੋਲਦੇ ਸੀ, ਇਥੇ ਅਸੀਂ ਥੋੜ੍ਹਾ ਜਿਹਾ, ਤਰਕ ਕਰ ਦਿੰਦੇ ਹਾਂ। ਇਸ ਕਰਕੇ ਸਾਨੂੰ ਇਹ ਪਤਾ ਨਹੀਂ ਹੈ ਕਿ ਬ੍ਰਹਮ ਭਾਵ ਕੀ ਹੁੰਦਾ ਹੈ ਤੇ ਜੀਵ ਭਾਵ ਕੀ ਹੁੰਦਾ ਹੈ। ਉਸ ਵੇਲੇ ਉਹ ਪ੍ਰਮੇਸ਼ਰ ਦੇ ਰੂਪ ਵਿਚ ਬੋਲ ਰਹੇ ਸੀ। ਸਰੀਰ ਨਹੀਂ ਪ੍ਰਮੇਸ਼ਰ ਹੁੰਦਾ, ਜੋਤ ਜਿਹੜੀ ਹੁੰਦੀ ਹੈ ਉਹ ਪ੍ਰਮੇਸ਼ਰ ਤੋਂ ਵੱਖ ਨਹੀਂ ਹੁੰਦੀ, ਕਿਸੇ ਦੀ ਵੀ ਤੇ ਉਹਦੇ ਵਿਚ ਕਹਿ ਰਹੇ ਸੀ ਕਿ ਹੇ ਅਰਜਨ!

ਇਹ ਸਾਰਾ ਸੰਸਾਰ ਮੇਰੀ ਬਣਾਈ ਹੋਈ ਮਾਇਆ ਨੂੰ ਤਾਂ ਦੇਖਦਾ ਹੈ, ਪਰ ਮੈਨੂੰ ਨਹੀਂ ਦੇਖਦਾ ਇਹ। ਇਹਦੇ ਉਹਲੇ ਮੈਂ ਛੁਪਿਆ ਹੋਇਆਂ, ਮੈਨੂੰ ਸਾਰੇ ਭੁੱਲੇ ਪਏ ਨੇ। ਅਰਜਨ ਕਹਿਣ ਲੱਗਿਆ, ਮਹਾਰਾਜ! ਮੈਂ ਤਾਂ ਭੁੱਲਿਆ ਹੋਇਆ ਨਹੀਂ। ਮਹਾਰਾਜ ਕਹਿੰਦੇ, ਅਰਜਨ ਤੂੰ ਵੀ ਭੁੱਲਿਆ ਹੋਇਆ ਹੈਂ। ਨਹੀਂ ਭੁੱਲਿਆ ਹੋਇਆ ਤਾਂ ਭੁੱਲ ਸਕਦਾ ਹੈਂ। ਕਹਿੰਦਾ, ਤੁਹਾਨੂੰ ਨਹੀਂ ਮੈਂ ਮਹਾਰਾਜ, ਭੁੱਲ ਸਕਦਾ। ਕਹਿੰਦੇ, ਮੈਨੂੰ, ਤੂੰ ਤਾਂ ਆਪਣੇ ਆਪ ਨੂੰ ਭੁੱਲ ਜਾਏਂਗਾ। ਮੈਨੂੰ ਤਾਂ ਇਕ ਪਾਸੇ ਰਹਿ ਗਿਆ, ਤੈਨੂੰ ਤਾਂ ਇਹ ਵੀ ਨਹੀਂ ਪਤਾ ਰਹਿਣਾ ਕਿ ਮੈਂ ਅਰਜਨ ਹਾਂ।

ਕਹਿੰਦਾ, ਐਸੀ ਵੀ ਗੱਲ ਹੋ ਸਕਦੀ ਹੈ?

ਕਹਿੰਦੇ ਹਾਂ।

ਕੁਛ ਜਨਮ ਪਾ ਕੇ, ਮਾਂ ਦੇ ਪੇਟ 'ਚੋਂ ਆ ਕੇ ਤਾਂ ਆਦਮੀ ਨੇ ਭੁੱਲਣਾ ਹੀ ਭੁੱਲਣਾ ਹੁੰਦਾ ਹੈ, ਪਰ ਤੂੰ ਤਾਂ ਇਥੇ ਹੁਣੇ ਭੁੱਲ ਸਕਦਾ ਹੈਂ। ਕਹਿੰਦਾ, ਨਹੀਂ ਮਹਾਰਾਜ। ਬਾਰ-ਬਾਰ ਬਚਨ ਕਰਦੇ ਨੇ, ਇਹ ਬਾਰ-ਬਾਰ ਹੱਠ ਕਰਦਾ ਹੈ। ਦੂਸਰੇ ਦਿਨ ਫੇਰ ਇਹ ਗੱਲ ਚੱਲ ਪਈ ਤੇ ਕ੍ਰਿਸ਼ਨ ਮਹਾਰਾਜ ਨੂੰ ਕਹਿਣ ਲੱਗਿਆ ਕਿ ਇਹ ਗੱਲ ਹੋ ਨਹੀਂ ਸਕਦੀ। ਮੈਂ ਮੰਨਦਾ ਨਹੀਂ ਹਾਂ। ਮਹਾਰਾਜ ਕਹਿੰਦੇ, ਸਿਰਫ ਮਨ ਦਾ ਫਿਰਨਾ ਹੀ ਹੁੰਦਾ ਹੈ। ਇਹ ਜਿਹੜਾ ਦਿਮਾਗ ਹੈ ਜੇ ਇਹਦੇ 'ਚ ਉਲਟਾ ਅਧਿਆਸ ਹੋ ਜਾਏ, ਉਹੀ ਗੱਲ ਕਹੀ ਜਾਂਦਾ ਹੈ ਫੇਰ ਉਹ। ਉਹ ਗੱਲ ਕਿਉਂਕਿ ਪੱਕ ਜਾਂਦੀ ਹੈ।

ਇਕ ਵਾਰੀ ਇਕ ਪੇਂਜਾ ਸੀ, ਇਕ ਮਹਾਂਪੁਰਸ਼ ਆਇਆ ਕਰਦੇ ਸੀ। ਉਸ ਤੋਂ ਆ ਕੇ ਰਜਾਈ ਬਣਵਾਇਆ ਕਰਦੇ ਸੀ। ਹਰਿਦੁਆਰ ਨੂੰ ਜਾਣ ਵੇਲੇ। ਸਰਦੀਆਂ ਰਜਾਈ 'ਚ ਕੱਟ ਕੇ, ਉਸ ਤੋਂ ਬਾਅਦ ਚੁੱਕਿਆ ਨਹੀਂ ਸੀ ਕਰਦੇ, ਜਿਹੜਾ ਨੇੜੇ ਹੋਣਾ ਉਸ ਨੂੰ ਦੇ ਦੇਣੀ। ਅਗਲੇ ਸਾਲ ਫੇਰ ਉਸ ਪੇਂਜੇ ਨੂੰ ਕਹਿਣਾ ਕਿ ਲੈ ਬਈ ਪ੍ਰੇਮੀਆਂ! ਇਕ ਰਜਾਈ ਬਣਾ ਦੇ।

ਇਕ ਦਿਨ ਉਹਨੂੰ ਸੁਪਨਾ ਆਇਆ, ਸੁਪਨੇ ਦੇ ਵਿਚ ਮਹਾਤਮਾ ਆਏ, ਕਹਿਣ ਲੱਗੇ, ਏ ਪੇਂਜੇ! ਐਤਕੀਂ ਬੜੇ ਸਾਧੂ ਇਕੱਠੇ ਹੋ ਰਹੇ ਨੇ ਹਰਿਦੁਆਰ 'ਚ ਤੇ ਅਸੀਂ ਪੰਜਾਹ ਗੱਡੇ ਰੂੰ ਦੇ, ਪਹਿਲਾਂ ਤੇਰੇ ਤੋਂ ਰੂੰ ਪਿਜਾਉਣੀ ਹੈ, ਫੇਰ ਪੰਜਾਹ ਗੱਡੇ ਰੂੰ ਦੀਆਂ ਰਜਾਈਆਂ ਭਰਾਉਣੀਆਂ ਨੇ ਤੇ ਰਾਜੇ ਨੇ ਹੁਕਮ ਦਿਤਾ ਹੈ ਕਿ ਤੈਨੂੰ ਇਕ ਪੈਸਾ ਵੀ ਨਹੀਂ ਦੇਣਾ। ਤੇਰੇ ਤੋਂ ਸਾਰੀ ਮਿਹਨਤ ਮੁਫਤ ਕਰਾਉਣੀ ਹੈ। ਸੁਪਨੇ 'ਚ ਕਹਿੰਦਾ ਕਿ ਇਹ ਤਾਂ ਮੈਂ ਭੁੱਖਾ ਮਰ ਜਾਵਾਂਗਾ। ਪੰਜਾਹ ਗੱਡੇ ਮੈਂ ਕਦੋਂ ਪਿੰਜੇ। ਦਿਮਾਗ ਦੇ ਉਤੇ ਅਸਰ ਹੋ ਗਿਆ ਤੇ ਜਾਗ ਆ ਗਈ। ਜਾਗਿਆ ਹੋਇਆ ਵੀ ਕਰੀ ਜਾਂਦਾ ਹੈ ਕਿ ਮੈਂ ਪੰਜਾਹ ਗੱਡੇ ਕਿਵੇਂ ਪਿੰਜ ਸਕਦਾ ਹਾਂ। ਮੈਂ ਕਿਵੇਂ ਰਜਾਈਆਂ ਭਰ ਦੇਵਾਂਗਾ, ਮੈਂ ਭੁੱਖਾਂ ਮਰ ਜਾਵਾਂਗਾ। ਇਹੀ ਕਹੀ ਜਾਂਦਾ

ਹੈ, ਜਦੋਂ ਕੋਈ ਆਉਂਦਾ ਹੈ ਰੂੰ ਪਿੰਜਾਉਣ ਵਾਲਾ, ਉਹਦੇ ਨਾਲ ਤਾਂ ਗੱਲ ਨਹੀਂ ਕਰਦਾ, ਕਿ ਮੈਂ ਪੰਜਾਹ ਗੱਡੇ ਕਿਵੇਂ ਪਿੰਜਾਂਗਾ। ਕਰਦਾ-ਕਰਦਾ ਘਰ ਛੱਡ ਦਿਤਾ। ਰਾਜੇ ਦੇ ਸਿਪਾਹੀ ਨਾ ਕਿਤੇ ਮੈਨੂੰ ਫੜ ਲੈਣ। ਜ਼ਬਰਦਸਤੀ ਨਾ ਕਰਾਉਣ ਲੱਗ ਜਾਣ, ਪਿੰਡਾਂ 'ਚ ਫਿਰਦਾ ਹੈ ਥਾਂ-ਥਾਂ ਦੇ ਉਤੇ। ਸਾਲ ਤੋਂ ਬਾਅਦ ਮਹਾਤਮਾ ਆਏ, ਆ ਕੇ ਕਹਿਣ ਲੱਗੇ ਕਿ ਪੇਂਜਾ ਕਿੱਥੇ ਹੈ। ਲੋਕ ਕਹਿਣ ਲੱਗੇ ਕਿ ਮਹਾਰਾਜ! ਉਹਦਾ ਤਾਂ ਦਿਮਾਗ ਖਰਾਬ ਹੋ ਗਿਆ।

ਕਹਿੰਦੇ, "ਕਿਵੇਂ ਹੋ ਗਿਆ?"

ਕਹਿੰਦੇ, "ਇਸ ਤਰ੍ਹਾਂ ਕਹੀ ਜਾਂਦਾ ਹੈ ਮਹਾਰਾਜ, ਕਿ ਮੈਂ 50 ਗੱਡੇ ਨਹੀਂ ਰੂੰ ਦੇ ਪਿੰਜਣੇ। ਮੈਂ ਮੁਫਤ ਰਜਾਈਆਂ ਨਹੀਂ ਭਰਨੀਆਂ, ਮੇਰਾ ਟੱਬਰ ਭੁੱਖਾ ਮਰ ਜਾਏਗਾ।"

ਮਹਾਤਮਾ ਸਮਝ ਗਏ ਕਿ ਕੋਈ ਗਹਿਰਾ ਸੁਪਨਾ ਆਇਆ ਹੈ ਇਸ ਨੂੰ। ਸੁਪਨੇ ਦੇ ਵਿਚ ਇਹ ਭੁੱਲ ਗਿਆ, ਉਹਦਾ ਅਸਰ ਇਹਦੇ ਦਿਮਾਗ 'ਤੇ ਹੋ ਗਿਆ ਤੇ ਹੁਣ ਜਿੰਨੀ ਦੇਰ ਤੱਕ ਇਹਦੇ ਵਿਪਰੀਤ ਨਾ ਕੀਤਾ ਜਾਵੇ। ਓਨੀਂ ਦੇਰ ਤੱਕ ਇਹਦਾ ਦਿਮਾਗ ਸਹੀ ਨਹੀਂ ਹੁੰਦਾ। ਕਹਿੰਦੇ, ਪੇਂਜਾ ਹੈ ਕਿੱਥੇ? ਕਹਿੰਦੇ, ਮਹਾਰਾਜ! ਹੁਣ ਤਾਂ ਇਸੇ ਪਿੰਡ 'ਚ ਗਲੀਆਂ 'ਚ ਫਿਰਦਾ ਹੈ। ਕਹਿੰਦੇ, ਲਿਆਓ ਸਾਡੇ ਕੋਲ। ਸੰਤਾਂ ਕੋਲ ਆ ਗਿਆ। ਆ ਕੇ ਕਹਿੰਦਾ ਕਿ ਮੈਂ ਕਿਵੇਂ ਪਿੰਜ ਦੇਵਾਂਗਾ 50 ਗੱਡੇ। ਤੁਸੀਂ ਮੇਰੇ ਤੋਂ 50 ਗੱਡੇ ਪਿੰਜਾਉਣ ਲੱਗੇ ਓਂ।

ਉਹ ਕਹਿੰਦੇ, ਗੱਲ ਸੁਣ, ਤੈਨੂੰ ਮੈਂ ਖੁਸ਼ਖਬਰੀ ਦਸਦਾ ਹਾਂ। ਕਹਿੰਦੇ, ਕੀ?

ਕਹਿੰਦੇ, ਸਾਡੀ ਡਿਊਟੀ ਲਾ ਦਿਤੀ ਰਾਜੇ ਨੇ। ਅਸੀਂ ਰਾਜੇ ਨੂੰ ਬਥੇਰਾ ਕਿਹਾ ਕਿ ਉਹ ਗਰੀਬ ਵਿਚਾਰਾ ਕੀ ਕਰੇਗਾ। ਕਹਿੰਦੇ, ਉਹ ਰਾਜਾ ਮੰਨਿਆ ਨਾ, ਜ਼ਬਰਦਸਤੀ ਉਹਨੇ ਪੰਜਾਹ ਗੱਡੇ ਭਰ ਕੇ ਰੂੰ ਦੇ ਭੇਜ ਦਿਤੇ ਤੇ ਜਿਹੜੇ ਰਾਤ ਨੂੰ ਵੀ ਤੁਰਦੇ ਸੀ, ਦਿਨ ਨੂੰ ਵੀ ਤੁਰਦੇ ਸੀ।

ਕਹਿੰਦੇ, ਰਾਤ ਨੂੰ ਦੀਵਾ ਰੱਖ ਦਿਤਾ, ਗੱਡੇ ਦੇ ਜੂਲੇ 'ਤੇ, ਹਵਾ ਚਲਦੀ ਸੀ ਬਹੁਤ।

ਕਹਿੰਦਾ, ਫੇਰ ਕੀ ਹੋਇਆ?

ਕਹਿੰਦੇ, ਇੱਕ ਗੱਡੇ ਨੂੰ ਅੱਗ ਲੱਗ ਗਈ।

ਕਹਿੰਦਾ, ਕਿੰਨੇ ਜਲ ਗਏ?

ਕਹਿੰਦੇ, ਸਾਰੇ ਹੀ ਜਲ ਗਏ। ਗੱਡੇ ਵੀ ਜਲ ਗਏ, ਰੂੰ ਵੀ ਜਲ ਗਈ।

ਕਹਿੰਦਾ, ਹੁਣ ਤਾਂ ਨਹੀਂ ਮੇਰੇ ਕੋਲ ਆਉਂਦੇ। ਕਹਿੰਦੇ, ਨਾ ਹੁਣ

ਨਹੀਂ ਆਉਂਦੇ, ਰਾਜੇ ਨੇ ਕਹਿ ਦਿਤਾ ਕਿ ਨਹੀਂ ਹੁਣ ਸਾਡਾ ਖਿਆਲ ਬਦਲ ਗਿਆ, ਹੁਣ ਨਹੀਂ ਅਸੀਂ ਮੁਫਤ ਰਜਾਈਆਂ ਦੇਣੀਆਂ। ਉਸੇ ਵੇਲੇ ਦਿਮਾਗ ਦਾ ਪੁਰਜਾ ਜਿਹੜਾ ਗਲਤ ਹੋਇਆ-ਹੋਇਆ ਸੀ, ਕਹਿੰਦਾ, ਠੀਕ ਹੈ ਫੇਰ ਤੁਹਾਡੀ ਤਾਂ ਰਜਾਈ ਮੈਂ ਫੇਰ ਮੁਫਤ ਹੀ ਭਰ ਦੇਵਾਂਗਾ। ਕੰਮ 'ਤੇ ਲੱਗ ਗਿਆ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਅਰਜੁਨ ਐਨੀ ਕੁ ਗੱਲ ਹੈ ਸਾਰੀ। ਇਹਦੇ ਵਿਚ ਹੀ ਸਾਰਾ ਸੰਸਾਰ ਭੁੱਲਿਆ ਫਿਰਦਾ ਹੈ। ਇਕ ਪੁਰਜਾ ਖਰਾਬ ਹੈ ਉਹ ਵਾਹਿਗੁਰੂ ਨੂੰ ਨਹੀਂ ਦੇਖ ਰਿਹਾ, ਮਾਇਆ ਨੂੰ ਦੇਖ ਰਿਹਾ ਹੈ। ਕਹਿੰਦਾ, ਮੈਂ ਨਹੀਂ ਭੁੱਲ ਸਕਦਾ। ਕਹਿੰਦੇ, ਚੰਗਾ ਜਾਹ, ਪਾਣੀ ਲੈ ਕੇ ਆ, ਅਸੀਂ ਦਾਤਨ ਕਰਨੀ ਹੈ। ਗੜਵਾ ਲੈ ਕੇ ਚਲਿਆ ਗਿਆ, ਪਾਣੀ ਲੈਣ ਵਾਸਤੇ, ਸਰੋਵਰ ਦੇ ਕੰਢੇ ਬੈਠੇ ਸੀ, ਪੈਰ ਰੱਖਿਆ ਇਸਨੇ ਮਾਇਆ ਪਾ ਦਿਤੀ। ਸਮਾਂ ਬਦਲ ਗਿਆ, ਨਾ ਉਥੇ ਕ੍ਰਿਸ਼ਨ ਮਹਾਰਾਜ, ਨਾ ਕੁਛ ਹੋਰ। ਕੀ ਦੇਖਦਾ ਹੈ, ਸਾਮ੍ਹਣੇ ਸ਼ੇਰ ਆਉਂਦਾ ਹੈ, ਨੱਠ ਕੇ ਦਰੱਖਤ 'ਤੇ ਚੜ੍ਹ ਗਿਆ। ਉਹ ਵੀ ਉਥੇ ਹੀ ਖੜ੍ਹ ਗਿਆ, ਦੂਸਰਾ ਜਾਨਵਰ ਆਉਂਦਾ ਹੈ, ਸੱਪ ਚੜ੍ਹਨ ਲੱਗ ਗਿਆ, ਟਾਹਣੇ-ਟਾਹਣੇ 'ਤੇ ਫਿਰਦਾ ਹੈ। ਜਿਧਰ ਜਾਂਦਾ ਹੈ ਸੱਪ ਆ ਜਾਂਦਾ ਹੈ। ਸਾਰੀ ਰਾਤ ਉੱਚੀ-ਉੱਚੀ ਹਾਕਾਂ ਮਾਰੀ ਜਾਂਦਾ ਹੈ, ਹੇ ਭਗਵਾਨ! ਤੁਸੀਂ ਕਿੱਥੇ ਚਲੇ ਗਏ। ਦਿਨ ਲੰਘ ਗਿਆ, ਰਾਤ ਲੰਘ ਗਈ, ਤਿੰਨ ਦਿਨ, ਤਿੰਨ ਰਾਤਾਂ ਭੁੱਖੇ ਨੂੰ ਲੰਘ ਗਈਆਂ ਤੇ ਪੱਕਾ ਉਸਨੂੰ ਹੋ ਗਿਆ ਕਿ ਉਹ ਤਾਂ ਚਲੇ ਗਏ ਤੇ ਮੈਂ ਕਿੱਥੇ ਫਸ ਗਿਆ। ਅਖੀਰ ਚੌਥੇ ਦਿਨ ਬਾਹਰ ਨਿਕਲਿਆ ਜੰਗਲ 'ਚੋਂ, ਰੋਂਦਾ ਜਾਂਦਾ ਹੈ ਕਿ ਹੇ ਭਗਵਾਨ! ਤੁਸੀਂ ਕਿੱਥੇ ਓਂ? ਬੰਦਾ ਕੋਈ ਮਿਲਿਆ, ਕਹਿਣ ਲੱਗਿਆ ਪਰਦੇਸੀ! ਤੂੰ ਕਿਉਂ ਰੋਂਦਾ ਹੈਂ। ਕਹਿੰਦਾ, ਮੈਂ ਪਰਦੇਸੀ ਨਹੀਂ ਅਰਜੁਨ ਹਾਂ। ਕਹਿਣ ਲੱਗਿਆ, ਕਿਹੜਾ ਅਰਜੁਨ?

ਕਹਿਣ ਲੱਗਿਆ, ਮੈਂ ਮਹਾਂਭਾਰਤ ਵਾਲਾ ਅਰਜਨ।

ਕਹਿੰਦੇ, ਮਹਾਂ-ਭਾਰਤ ਵਾਲਾ, ਉਹਨੂੰ ਤਾਂ ਤਿੰਨ ਸੌ ਸਾਲ ਹੋ ਗਏ। ਉਹ ਅਰਜਨ ਤਾਂ ਜਾ ਕੇ ਬਰਫਾਂ 'ਚ ਗਲ ਗਿਆ ਸੀ, ਪੰਜੇ ਭਰਾ। ਭਜਨ ਕਰਨ ਗਏ ਸੀ, ਉਨ੍ਹਾਂ ਦੀ ਉਨ੍ਹਾਂ ਦੀ ਉੱਘ ਸੁੱਘ ਮੁੜ ਕੇ ਨਹੀਂ ਨਿਕਲੀ। ਕ੍ਰਿਸ਼ਨ ਮਹਾਰਾਜ ਜਿਹੜੇ ਸੀ ਉਹ ਵੀ ਸਰੀਰ ਛੱਡ ਕੇ ਆਪਣੇ ਨਿੱਜ ਧਾਮ ਚਲੇ ਗਏ, ਜੇ ਮੇਰੇ 'ਤੇ ਇਤਬਾਰ ਨਹੀਂ ਤਾਂ ਆਜਾ, ਮੈਂ ਤੈਨੂੰ ਕਥਾ ਸੁਣਾ ਦਿੰਦਾ ਹਾਂ। ਧਰਮਸਾਲਾ 'ਚ ਲੈ ਗਏ, ਉਥੇ ਮਹਾਂਭਾਰਤ ਦੀ ਕਥਾ ਸੁਣਦਾ ਹੈ ਸਾਰੀ। ਉਸ ਤੋਂ ਬਾਅਦ ਉਨ੍ਹਾਂ ਦੇ ਸਰੀਰ ਛੱਡਣ ਦੀ ਕਥਾ, ਉਸ ਤੋਂ ਬਾਅਦ ਉਹਦਾ ਲੜਕਾ ਪ੍ਰੀਸ਼ਦ ਦੀ, ਪੋਤਾ, ਰਾਜਾ ਜਨਮੇਜੇ ਦੀ ਤੇ ਜਨਮੇਜੇ ਦੇ ਪੁੱਤਰ ਦੀ। ਉਹ ਕਹਿਣ ਲੱਗਿਆ ਕਿ ਦੇਖ ਹੁਣ ਤੈਨੂੰ ਪਤਾ ਲੱਗ ਗਿਆ ਕਿ ਅਰਜਨ ਨੂੰ ਤਾਂ ਤਿੰਨ ਸੌ ਸਾਲ ਹੋ ਗਏ, ਹੋਏ ਨੂੰ। ਤੂੰ ਕਿਵੇਂ ਕਹਿੰਦਾ ਹੈਂ ਕਿ ਮੈਂ ਅਰਜਨ ਹਾਂ, ਪਾਗਲ ਹੈਂ ਤੂੰ? ਸ਼ੱਕ ਪੈ ਗਿਆ ਆਪਣੀ ਗੱਲ 'ਤੇ ਆਪੇ ਹੀ। ਕਹਿੰਦੇ, ਰਾਜਾ ਹੈਗਾ ਕ੍ਰਿਸ਼ਨ

ਭਗਤ, ਜੇ ਉਹਨੂੰ ਪਤਾ ਲਗ ਗਿਆ ਤਾਂ ਤੈਨੂੰ ਸਖਤ ਸਜ਼ਾ ਦੇਵੇਗਾ। ਤੂੰ ਅਰਜਨ ਨਾ ਕਹੀਂ, ਤੂੰ ਪਰਦੇਸੀ ਕਹਿ ਦੇਵੀਂ ਕਿ ਤੇਰਾ ਨਾਂ ਪਰਦੇਸੀ ਹੈ। ਰਾਜੇ ਤੱਕ ਗੱਲ ਪਹੁੰਚ ਗਈ, ਰਾਜੇ ਨੇ ਦੇਖਿਆ ਤੇ ਉਹਨੇ ਕਿਹਾ ਮੈਂ ਤੀਰ ਅੰਦਾਜ਼ ਬਹੁਤ ਹਾਂ ਤੇ ਉਹਦੀ ਕਿਰਿਆ ਦੇਖ ਕੇ ਕਮਾਂਡਰ-ਇਨ-ਚੀਫ ਬਣਾ ਦਿਤਾ। ਫੌਜਾਂ ਦਾ ਵੱਡਾ ਅਫਸਰ ਬਣਾ ਦਿਤਾ। ਪੁੱਛਿਆ, ਨਾਉਂ ਕੀ ਹੈ? ਕਹਿਣ ਲੱਗਿਆ, ਮੇਰਾ ਨਾਉਂ ਪਰਦੇਸੀ ਹੈ। ਹੌਲੀ-ਹੌਲੀ ਰਾਜੇ ਨੇ ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ, ਐਸਾ ਭੋਗਾਂ ਵਿਚ ਮਸਤ ਹੋਇਆ, ਨਾ ਕੋਈ ਕਿਰਿਆ ਕਰਮ, ਨਾ ਕੋਈ ਪੂਜਾ ਪਾਠ, ਜੇ ਕੋਈ ਆ ਕੇ ਭਜਨ ਦੀ ਗੱਲ ਕਰਦਾ ਹੈ, ਰੱਬ ਦੀ ਗੱਲ ਕਰਦਾ ਸੀ, ਉਹਦੇ ਗਲ ਪੈ ਜਾਂਦਾ ਸੀ। ਜੇ ਕੋਈ ਕ੍ਰਿਸ਼ਨ ਦੀ ਗੱਲ ਕਰ ਦੇਵੇ ਤਾਂ ਗਾਲ੍ਹਾਂ ਕੱਢਣ ਲੱਗ ਜਾਂਦਾ ਸੀ। ਐਨਾ ਭੁਲਿਆ ਉਹ। ਬਾਲ-ਬੱਚੇ ਹੋ ਗਏ। ਉਸ ਤੋਂ ਬਾਅਦ ਉਹਦੀ ਘਰਵਾਲੀ ਚੜ੍ਹਾਈ ਕਰ ਗਈ। ਚੜ੍ਹਾਈ ਕਰ ਗਈ ਤਾਂ ਐਨਾ ਮੋਹ 'ਚ ਗ੍ਰਸਤ ਹੋਇਆ-ਹੋਇਆ, ਜਦ ਉਹ ਚੜ੍ਹਾਈ ਕਰ ਰਹੀ ਸੀ ਤਾਂ ਕਹਿੰਦਾ ਸੀ ਕਿ ਮੈਂ ਨਹੀਂ ਤੇਰੇ ਬਿਨਾਂ ਜੀਉਣਾ, ਮੈਂ ਤਾਂ ਤੇਰੇ ਨਾਲ ਹੀ ਜਲ ਜਾਣਾ ਹੈ। ਉਹ ਕਹਿੰਦੀ, ਆਦਮੀਆਂ ਦਾ ਤਾਂ ਦਸਤੂਰ ਨਹੀਂ ਬੀਬੀਆਂ ਸਤੀ ਹੁੰਦੀਆਂ ਨੇ, ਆਦਮੀ ਤਾਂ ਸਤੀ ਨਹੀਂ ਕਦੇ ਹੋਏ। ਕਹਿੰਦਾ, ਮੈਂ ਦਸਤੂਰ ਚਲਾਉਣਾ ਹੈ। ਅਖੀਰ ਇਥੇ ਤਕ ਆ ਗਿਆ ਕਿ ਚਿਖਾ ਨੂੰ ਅੱਗ ਨਾ ਲਾਉਣ ਦੇਵੇ, ਮੈਂ ਨਾਲ ਬੈਠਣਾ ਹੈ। ਐਨੇ ਨੂੰ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਭੇਜ ਦਿਤਾ ਕਿ ਜਾਹ, ਇਹਦੇ ਨਾਲ ਜਾ ਕੇ ਕੋਈ ਗਿਆਨ ਦੀ ਗੱਲ ਕਰ। ਊਧੋ ਜਾ ਕੇ ਕਹਿਣ ਲੱਗਿਆ, ਹੇ ਅਰਜਨ! ਇਹ ਤੈਨੂੰ ਕੀ ਹੋ ਗਿਆ? ਕਹਿੰਦਾ, ਕਿਹੜਾ ਅਰਜਨ, ਅਰਜਨ ਨੂੰ ਹੋਏ ਨੂੰ ਤਾਂ 300 ਸਾਲ ਹੋ ਗਏ। ਕਹਿੰਦਾ, ਮੈਨੂੰ ਭਗਵਾਨ ਨੇ ਭੇਜਿਆ ਹੈ। ਕਹਿੰਦਾ, ਕਿਹੜਾ ਭਗਵਾਨ? ਮੇਰੇ ਕੋਲ ਕ੍ਰਿਸ਼ਨ ਦਾ ਨਾਂ ਨਾ ਲਈਂ, ਐਨਾ ਖਿਲਾਫ ਹੋਇਆ ਕਹਿੰਦਾ ਮੇਰੇ ਕੋਲ ਉਹਦੀ ਗੱਲ ਨਾ ਕਰੀਂ। ਅਖੀਰ ਕ੍ਰਿਸ਼ਨ ਮਹਾਰਾਜ ਆਏ, ਕਹਿਣ ਲੱਗੇ, ਅਰਜਨ ਤੂੰ ਭੁੱਲ ਗਿਆ, ਮੈਨੂੰ ਹੁਣੇ ਤੂੰ ਕਹਿੰਦਾ ਸੀ ਕਿ ਮਾਇਆ ਦੇ ਵਿਚ ਮੈਂ ਨਹੀਂ ਭੁੱਲਦਾ।

ਕਹਿਣ ਲੱਗਿਆ, ਤੂੰ ਕੌਣ ਹੈਂ?

ਕਹਿੰਦੇ, ਕ੍ਰਿਸ਼ਨ।

ਕਹਿੰਦਾ, ਤੂੰ ਕਿਸੇ ਪਾਗਲਖਾਨੇ ਤੋਂ ਤਾਂ ਨਹੀਂ ਨੱਠ ਕੇ ਆਇਆ। 300 ਸਾਲ ਹੋ ਗਏ ਕ੍ਰਿਸ਼ਨ ਚੜ੍ਹਾਈ ਕਰ ਗਿਆ। ਬੱਧਕ ਨੇ ਉਹਦੇ ਬਾਣ ਮਾਰਿਆ ਸੀ, ਮੈਨੂੰ ਭੁਲਾਉਂਦਾ ਹੈਂ। ਮੈਂ ਵੀ ਇਸ ਤਰ੍ਹਾਂ ਹੀ ਕਰਦਾ ਸੀ। ਐਨਾ ਭੁੱਲਿਆ ਮੰਨਦਾ ਹੀ ਨਹੀਂ। ਅਖੀਰ ਕ੍ਰਿਸ਼ਨ ਮਹਾਰਾਜ ਨੇ ਹਲਕਾ ਜਿਹਾ ਮੂੰਹ ਦੇ ਉਤੇ ਤਮਾਚਾ ਜਿਹਾ ਮਾਰਿਆ, ਮਾਇਆ ਲਾਹ ਦਿਤੀ। ਮਾਇਆ ਲਾਹੀ ਤਾਂ ਰੋਈ ਜਾਂਦਾ ਹੈ ਕਿ ਮੇਰੀ ਔਰਤ ਕਿੱਥੇ ਗਈ, ਕਿੱਥੇ ਗਈ ਉਹ ਚਿਖਾ, ਮੈਂ ਤਾਂ ਉਹਦੇ ਨਾਲ ਜਲਣਾ ਹੈ।

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਅਰਜਨ! ਤੂੰ ਹੋਸ਼ ਵਿਚ ਆ।

ਕਿੱਥੇ ਹੈ ਉਹ ਸਮਾਂ ਜਿਹੜਾ ਤੂੰ ਦੇਖਦਾ ਸੀ, ਨਾ ਰਾਜ ਹੈ, ਨਾ ਕੋਈ ਦਰਬਾਰ ਹੈ ਇਹ ਤਾਂ ਮੈਂ ਇਕ ਸਮਾਂ ਤੈਨੂੰ 300 ਸਾਲ ਅੱਗੇ ਕਰਕੇ ਦਿਖਾਇਆ ਸੀ। ਤੂੰ ਉਸ ਮਾਇਆ 'ਚ ਭੁੱਲ ਗਿਆ। ਜੇ ਤੂੰ ਉਸ ਵੇਲੇ ਜਨਮ ਲਵੇਂ ਤਾਂ ਤੂੰ ਮੈਨੂੰ ਬਿਲਕੁਲ ਹੀ ਭੁੱਲ ਜਾਵੇਂ। ਸਚਮੁੱਚ ਹੀ ਤੂੰ ਮੈਨੂੰ ਭੁਲਣਾ ਸੀ ਇਸੇ ਤਰ੍ਹਾਂ ਨਾਲ। ਸਮਾਂ ਤੇਰਾ ਲੰਘਾਇਆ ਹੈ ਅਸੀਂ, ਤੈਨੂੰ ਦਿਖਾ ਦਿਤਾ ਕਿ ਇਸ ਤਰ੍ਹਾਂ ਭੁੱਲ ਜਾਈਦਾ ਹੈ।

ਸੋ ਮਾਇਆ ਦੇ ਵਿਚ ਆਦਮੀ ਇਸ ਤਰ੍ਹਾਂ ਭੁੱਲ ਜਾਂਦਾ ਹੈ। ਮਹਾਰਾਜ ਕਹਿੰਦੇ, ਪੰਡਤ ਉਹ ਹੁੰਦਾ ਹੈ, ਜਿਹੜਾ ਮਾਇਆ ਦੇ ਵਿਚ ਭੁੱਲੇ ਨਾ –

***ਸੋ ਪੰਡਿਤੁ ਗੁਰ ਸਬਦੁ ਕਮਾਇ ॥***
***ਤ੍ਰੈ ਗੁਣ ਕੀ ਓਸੁ ਉਤਰੀ ਮਾਇ ॥*** ***ਅੰਗ – 888***

ਜਿਹੜਾ ਗੁਰੂ ਦੇ ਸ਼ਬਦ ਦੀ ਕਮਾਈ ਕਰਦਾ ਹੈ, ਉਹਦੇ ਉਤੋਂ ਤਿੰਨਾਂ ਗੁਣਾਂ ਦੀ ਮਾਇਆ ਲਹਿ ਜਾਂਦੀ ਹੈ। ਉਹਨੂੰ ਆਪਣੇ ਸਰੂਪ ਦਾ ਗਿਆਨ ਹੋ ਜਾਂਦਾ ਹੈ ਕਿ ਮੈਂ ਜੋਤ ਸਰੂਪ ਹਾਂ। ਮਹਾਰਾਜ ਕਹਿੰਦੇ, ਜਿਹੜਾ ਮਨ ਨੂੰ ਸਹੀ ਕਰ ਲੈਂਦਾ ਹੈ –

***ਸੋ ਪੰਡਿਤੁ ਜੋ ਮਨੁ ਪਰਬੋਧੈ ॥***
***ਰਾਮ ਨਾਮੁ ਆਤਮ ਮਹਿ ਸੋਧੈ ॥***
***ਰਾਮ ਨਾਮ ਸਾਰੁ ਰਸੁ ਪੀਵੈ ॥***
***ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥***
***ਹਰਿ ਕੀ ਕਥਾ ਹਿਰਦੈ ਬਸਾਵੈ ॥***
***ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥***
***ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥***
***ਸੂਖਮ ਮਹਿ ਜਾਨੈ ਅਸਥੂਲੁ ॥*** ***ਅੰਗ– 274***

ਇਹ ਜਿਹੜਾ ਸੰਸਾਰ ਹੈ ਨਾ ਸਾਰਾ, ਇਹ ਸੂਖਮ ਦੇ ਵਿਚ ਹੈ ਸਾਰਾ। ਆਪਾਂ ਸਵਾਲ ਕਰਾਂਗੇ ਕਿ ਇਹਦਾ ਤਾਂ ਅੰਤ ਹੀ ਨਹੀਂ ਹੈ ਕੋਈ, ਸੂਖਮ 'ਚ ਕਿਵੇਂ ਆ ਗਿਆ। ਸੂਖਮ ਵੀ ਜਿਹੜਾ ਹੈ –

***ਸੂਛਮ ਤੇ ਸੂਛਮ ਕਰ ਚੀਨੇ***
***ਬ੍ਰਿਧਨ ਬ੍ਰਿਧ ਬਤਾਏ॥***

***ਸ਼ਬਦ ਹਜ਼ਾਰੇ ਪਾਤਸ਼ਾਹੀ 10***

ਨਾ ਪਸਾਰੇ ਦਾ ਅੰਤ ਹੈ, ਨਾ ਸੂਖਸ਼ਮ ਦਾ ਅੰਤ ਹੈ ਕਿ ਕਿੰਨਾ ਕੁ ਛੋਟਾ ਹੈ। ਉਹ ਛੋਟੇ ਦੇ ਵਿਚ ਸਾਰਾ ਕਿਵੇਂ ਆ ਜਾਏਗਾ। ਕਬੀਰ ਸਾਹਿਬ ਕਹਿੰਦੇ ਨੇ –

***ਬਟਕ ਬੀਜ ਮਹਿ ਰਵਿ ਰਹਿਓ***
***ਜਾ ਕੋ ਤੀਨਿ ਲੋਕ ਬਿਸਥਾਰ ॥ 3 ॥*** ***ਅੰਗ – 340***

ਬੋਹੜ ਦਾ ਬੀਜ ਖਸਖਸ ਦੇ ਦਾਣੇ ਜਿੰਨਾਂ ਹੁੰਦਾ ਹੈ, ਪਰ ਉਹਦੇ ਵਿਚ ਕਿੱਡਾ ਬੋਹੜ ਦਾ ਦਰਖਤ ਪਿਆ ਹੁੰਦਾ ਹੈ। ਇਸੇ ਤਰ੍ਹਾਂ ਉਸ ਬੀਜ ਦੇ ਵਿਚ ਪ੍ਰਮੇਸ਼ਰ ਦਾ ਸਰਗੁਣ ਸਰੂਪ ਵੀ ਇਸੇ ਤਰ੍ਹਾਂ ਦਾ ਪਿਆ ਹੁੰਦਾ

ਹੈ। ਮਹਾਰਾਜ ਕਹਿੰਦੇ ਇਸਨੂੰ -

*ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ ॥*
*ਸੂਖਮ ਮਹਿ ਜਾਨੈ ਅਸਥੂਲੁ ॥*
*ਚਹੁ ਵਰਨਾ ਕਉ ਦੇ ਉਪਦੇਸੁ ॥*
*ਨਾਨਕ ਉਸੁ ਪੰਡਿਤ ਕਉ ਸਦਾ ਅਦੇਸੁ ॥*

***ਅੰਗ - 274***

ਸੋ ਉਸ ਵੇਲੇ ਮਹਾਰਾਜ ਕਹਿਣ ਲੱਗੇ, ਪੰਡਤ ਜੀ!-

*ਚਤੁਰ ਬੇਦ ਪੂਰਨ ਹਰਿ ਨਾਇ ॥*
*ਨਾਨਕ ਤਿਸ ਕੀ ਸਰਣੀ ਪਾਇ ॥* ***ਅੰਗ - 888***

ਚਾਰੇ ਵੇਦ ਇਹ ਦਸਦੇ ਨੇ ਕਿ ਪ੍ਰਮੇਸ਼ਰ ਹਰ ਥਾਂ ਦੇ ਉਤੇ ਪੂਰਨ ਹੈ। ਉਹਦੀ ਸ਼ਰਨ ਵਿਚ ਆ ਜਾ। ਕਿੱਥੇ ਭੁੱਲਿਆ ਫਿਰਦਾ ਹੈਂ ਤੂੰ, ਗਲਤ ਗੱਲਾਂ ਦੇ ਅੰਦਰ। ਮਨ ਤੇਰਾ ਕਿਤੇ ਫਿਰਦਾ ਹੈ, ਪੱਥਰ ਸਾਮ੍ਹਣੇ ਰੱਖਿਆ ਹੋਇਆ ਹੈ, ਇਹਦੇ ਵਿਚ ਤੂੰ ਬੁੱਧੀ ਪ੍ਰਮੇਸ਼ਰ ਦੀ ਕਰੀ ਨਹੀਂ ਤੇ ਗੁਰੂ ਪੂਰਾ ਟੋਲ੍ਹ ਲੈ ਕਿਤੇ, ਜਿੰਨਾਂ ਚਿਰ ਗੁਰੂ ਨਹੀਂ ਲੱਭਦਾ ਓਨੀਂ ਦੇਰ ਤਕ ਗੱਲ ਨਹੀਂ ਬਣਦੀ। ਜਿਹੜਾ ਪੂਰਾ ਗੁਰੂ ਤੈਨੂੰ ਮਿਲਦਾ ਹੈ, ਉਹਦੇ 'ਚ ਈਸ਼੍ਵਰ ਬੁੱਧੀ ਧਾਰਨ ਕਰ। ਉਹਦੇ 'ਚ ਮਨੁੱਖ ਬੁੱਧੀ ਨਾ ਧਾਰਨ ਕਰ। ਕਿਉਂਕਿ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਕੋਈ।

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨ ਭਾਈ।*

ਗੁਰੂ ਅੰਗਦ ਸਾਹਿਬ ਮਹਾਰਾਜ ਗੁਰਸਿੱਖਾਂ 'ਚ ਬੈਠੇ ਨੇ, ਅਚਾਨਕ ਆਪ ਨੇ ਸਵਾਲ ਕਰ ਦਿਤਾ, ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨਾਲ, ਸਾਰੇ ਸੰਸਾਰ ਦੇ ਵਿਚ ਭ੍ਰਮਣ ਕੀਤਾ ਹੈ, ਸੱਤਾਂ ਦੀਪਾਂ, ਨੌਆਂ ਖੰਡਾਂ ਦੇ ਵਿਚ ਤੇ ਅੱਖਾਂ ਦੇ ਨਾਲ ਆਪ ਨੇ ਸਾਰੇ ਉਨ੍ਹਾਂ ਦੇ ਕੌਤਕ ਤੇ ਉਪਦੇਸ਼ ਸੁਣੇ ਨੇ, ਤੁਸੀਂ ਗੁਰੂ ਨਾਨਕ ਨੂੰ ਕੀ ਸਮਝਦੇ ਰਹੇ। ਦੋਵੇਂ ਹੱਥ ਜੋੜ ਲਏ ਭਾਈ ਬਾਲਾ ਜੀ ਨੇ, ਬੜੀ ਸ਼ਰਧਾ 'ਚ ਆ ਕੇ ਕਹਿਣ ਲੱਗੇ ਪਾਤਸ਼ਾਹ ਉਹ ਤਾਂ ਪੂਰਨ ਸੰਤ ਸੀਗੇ। ਮਹਾਰਾਜ ਜੀ ਕਹਿਣ ਲੱਗੇ, ਅੱਛਾ ਭਾਈ ਤੂੰ ਵੀ ਸੰਤ ਹੋਇਆ। ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਬਾਬਾ ਜੀ! ਤੁਸੀਂ ਕੀ ਸਮਝਦੇ ਰਹੇ ਗੁਰੂ ਨਾਨਕ ਪਾਤਸ਼ਾਹ ਨੂੰ? ਕਿਉਂਕਿ ਤੁਸੀਂ ਵੀ 8 ਕੁ ਸਾਲ ਦੀ ਉਮਰ 'ਚ ਉਨ੍ਹਾਂ ਕੋਲ ਆ ਗਏ ਸੀ। ਸਾਰੇ ਕੌਤਕ ਆਪ ਨੇ ਉਨ੍ਹਾਂ ਦੇ ਸੁਣੇ ਨੇ ਤੇ ਦੇਖੇ ਨੇ। ਕਹਿਣ ਲੱਗੇ, ਮਹਾਰਾਜ! ਮੈਂ ਤਾਂ ਪੂਰਨ ਨਿਹਚੇ ਨਾਲ ਕਹਿ ਸਕਦਾ ਹਾਂ ਕਿ ਉਹ ਪੂਰਨ ਬ੍ਰਹਮਗਿਆਨੀ ਸੀਗੇ। ਮਹਾਰਾਜ ਕਹਿੰਦੇ, ਅੱਛਾ ਭਾਈ! ਤੂੰ ਬ੍ਰਹਮਗਿਆਨੀ ਹੋਇਆ। ਦੂਜਿਆਂ ਨੂੰ ਪੁੱਛਿਆ, ਕਿਸੇ ਨੇ ਕਿਸੇ ਤਰ੍ਹਾਂ ਜਵਾਬ ਦਿਤਾ, ਕਿਸੇ ਨੇ ਕਿਸੇ ਤਰ੍ਹਾਂ, ਅਖੀਰ ਸਾਰੀ ਸੰਗਤ ਨੇ ਹੱਥ ਬੰਨ੍ਹ ਕੇ ਪੁਛਿਆ, ਪਾਤਸ਼ਾਹ! ਆਪ ਵੀ ਆਪਣਾ ਨਿਹਚਾ ਦੱਸੋ, ਤਾਂਕਿ ਸਾਨੂੰ ਵੀ ਪਤਾ ਲੱਗੇ ਕਿ ਤੁਸੀਂ ਗੁਰੂ ਨਾਨਕ ਸਾਹਿਬ ਨੂੰ ਕੀ ਸਮਝਦੇ ਰਹੇ। ਉਸ ਵੇਲੇ ਆਪ ਦੇ ਨੇਤਰ ਬੰਦ ਹੋ ਗਏ, ਭਾਵ ਵਿਚ ਆ ਗਏ ਤੇ ਦੋਹਾਂ ਕੋਇਆਂ ਦੇ ਕੋਲੋਂ ਇਕ-ਇਕ

ਹੰਝੂ ਹੇਠਾਂ ਨੂੰ ਤਿਲਕਿਆ ਤੇ ਉਸ ਤੋਂ ਬਾਅਦ ਆਪ ਬੋਲੇ, ਕਹਿਣ ਲੱਗੇ, ਸਾਧਸੰਗਤ ਜੀ! ਗੁਰੂ ਨਾਨਕ ਪਾਤਸ਼ਾਹ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ, ਗੁਰੂ ਜੋਤੀ, ਆਪ ਸੰਸਾਰ ਦਾ ਉਧਾਰ ਕਰਨ ਵਾਸਤੇ, ਗੁਰੂ ਨਾਨਕ ਦਾ ਜਾਮਾ ਉਨ੍ਹਾਂ ਨੇ ਧਾਰਨ ਕਰਿਆ। ਸਾਰਿਆਂ ਨੇ ਨਮਸ਼ਕਾਰ ਕਰ ਦਿਤੀ ਕਹਿਣ ਲੱਗੇ, ਪਾਤਸ਼ਾਹ! ਤਾਂਹੀ ਤੁਸੀਂ ਪ੍ਰਮੇਸ਼ਰ ਦਾ ਰੂਪ ਬਣ ਗਏ।

ਚਾਰ ਨਿਸ਼ਚੇ ਹੁੰਦੇ ਨੇ - ਪਹਿਲਾਂ ਹੁੰਦਾ ਹੈ ਕਿ ਮੇਰਾ ਗੁਰੂ ਬਹੁਤ ਚੰਗਾ ਸੰਤ ਹੈ। ਦੂਸਰਾ ਨਿਹਚਾ ਹੁੰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਤੋਂ ਚੰਗਾ ਸੰਤ ਹੈ। ਤੀਸਰਾ ਨਿਹਚਾ ਹੋਇਆ ਕਰਦਾ ਹੈ ਕਿ ਉਹ ਤਾਂ ਪ੍ਰਮੇਸ਼ਰ ਵਰਗਾ ਹੈ, ਚੌਥਾ ਨਿਹਚਾ ਹੋਇਆ ਕਰਦਾ ਹੈ ਕਿ ਉਹ ਤਾਂ ਆਪ ਹੀ ਪ੍ਰਮੇਸ਼ਰ ਹੈ ਸੋ ਗੁਰਬਾਣੀ ਜਦ ਸਾਨੂੰ ਨਿਹਚਾ ਦਿੰਦੀ ਹੈ, ਉਹ ਇਹ ਦਿੰਦੀ ਹੈ ਕਿ -

***ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ ॥***
***ਜਿਨ ਕਉ ਪੂਰਬਿ ਲਿਖਿਆ ਸੇਈ ਨਾਮੁ ਧਿਆਇ ॥***
***ਨਾਨਕ ਗੁਰ ਸਰਣਾਗਤੀ ਮਰੈ ਨ ਆਵੈ ਜਾਇ ॥ 4 ॥***

***ਅੰਗ- 53***

***ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥***
***ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ ਅਲਖ ਅਭੇਵ ॥***

***ਅੰਗ - 522***

ਗੁਰੂ ਤੇ ਪ੍ਰਮੇਸ਼ਰ ਦਾ ਕੋਈ ਭੇਤ ਨਹੀਂ ਹੋਇਆ ਕਰਦਾ। ਇਕ ਮਹਾਂਪੁਰਸ਼ ਦਸਦੇ ਨੇ ਕਿ-

***ਗੁਰ ਕੋ ਮਾਨਸ ਜਾਨ ਲੇ।***

ਜਿਹੜਾ ਗੁਰੂ ਨੂੰ ਮਨੁੱਖ ਕਰਕੇ ਮੰਨਦਾ ਹੈ ਤੇ -

***ਤੇ ਨਰ ਕਹੀਐ ਅੰਧ।***

ਸਾਡੇ ਹੀ ਲਿਖਾਰੀ ਇਸ ਗੱਲ ਤੋਂ ਡਰਦੇ ਹੋਏ, ਗੁਰੂ ਦੀ ਮਹਿਮਾ ਨੂੰ ਛੁਪਾ ਲੈਂਦੇ ਨੇ, ਲਿਖਣ ਲੱਗਿਆਂ। ਉਨ੍ਹਾਂ ਨੂੰ ਇਕ ਸੋਹਣਾ ਮਨੁੱਖ ਜਾਣ ਕੇ ਲਿਖਦੇ ਨੇ ਕਿ ਸੋਹਣਾ ਮਨੁੱਖ ਸੀਗਾ, ਸੁਲਝਿਆ ਹੋਇਆ ਮਨੁੱਖ ਸੀਗਾ। ਉਸੇ ਤਰ੍ਹਾਂ ਦੀਆਂ ਗੱਲਾਂ ਲਿਖਣਗੇ, ਜਿੱਥੇ ਉਨ੍ਹਾਂ ਦੀ ਵਡੱਤਣ ਆਏਗੀ, ਉਥੇ ਕਲਮ ਉਨ੍ਹਾਂ ਦੀ ਰੁਕ ਜਾਏਗੀ, ਉਥੇ ਨਹੀਂ ਲਿਖਦੇ ਫੇਰ ਕੁਛ। ਕਿਉਂ, ਡਰਦੇ ਨੇ ਕਿ ਦੂਜੇ ਜਿਹੜੇ ਹੈਗੇ ਉਹ ਜਦੋਂ ਪੜਚੋਲ ਕਰਨਗੇ ਤਾਂ ਤਰਕਾਂ ਕਰਨਗੇ ਕਿਤਾਬ ਦੇ ਉਤੇ ਕਿ ਸ਼ਰਧਾ 'ਚ ਆ ਕੇ ਲਿਖੀ ਹੈ ਇਸਨੇ। ਸ਼ਰਧਾ 'ਚ ਆ ਕੇ ਲਿਖਣਾ ਕੋਈ ਬੁਰੀ ਬਾਤ ਹੁੰਦੀ ਹੈ? ਕਿਉਂਕਿ ਸ਼ਰਧਾ 'ਚ ਆ ਕੇ ਜਿਹੜਾ ਲਿਖਦਾ ਹੈ ਉਹ ਅੰਦਰੋਂ ਪ੍ਰੇਰਿਤ ਹੋ ਕੇ ਲਿਖਦਾ ਹੈ, ਉਹਨੂੰ ਜਿਹੜਾ ਪੜ੍ਹੇਗਾ ਉਹਨੂੰ ਵੀ ਸ਼ਰਧਾ ਲੱਗੇਗੀ, ਜਿਹੜਾ ਖੁਸ਼ਕ ਲਿਖਦਾ ਹੈ ਉਹਦੀ ਪੜ੍ਹਾਈ ਖੁਸ਼ਕ ਕਰ ਦੇਵੇਗੀ। ਬਿਲਕੁਲ ਹੀ ਅਨੰਦ ਨਹੀਂ ਆਏਗਾ, ਐਵੇਂ ਖਾਨਾਪੂਰੀ ਜਿਹੀ ਹੋਏਗੀ। ਸੋ ਕਹਿੰਦੇ, ਜਿਹੜਾ ਆਪਣੇ ਗੁਰੂ ਨੂੰ ਮਨੁੱਖ ਜਾਣਦਾ ਹੈ ਉਹ ਅੰਨੇ ਨੇ।

***ਹੋਆ ਦੁਖੀ ਸੰਸਾਰ ਮੇਂ, ਆਗੇ ਜਨਮ ਕਾ ਫੰਧ।***

ਇਥੇ ਦੁਖੀ ਰਹੇਗਾ ਅਤੇ ਅੱਗੇ ਜਨਮ ਮਰਨ ਦਾ ਫੰਧਾਂ ਉਹਦੇ ਗਲ 'ਚੋਂ ਨਹੀਂ ਨਿਕਲੇਗਾ।

***ਗੁਰ ਕੋ ਮਾਨਸ ਮਾਨਤੇ ਚਰਨਾਮ੍ਰਿਤ ਕੋ ਪਾਨ।***

ਜਿਹੜੇ ਗੁਰੂ ਨੂੰ ਮਨੁੱਖ ਜਾਣ ਕੇ ਚਰਨਾਮ੍ਰਿਤ ਲੈਂਦੇ ਨੇ -

***ਤੇ ਨਰ ਨਰਕੇ ਜਾਏਂਗੇ, ਜਨਮ ਜਨਮ ਹੋਇ ਸੁਆਨ।***

ਕਹਿੰਦੇ, ਉਹ ਨਰਕ 'ਚ ਜਾਣਗੇ ਤੇ ਜਨਮ-ਜਨਮ ਕੁੱਤੇ ਹੀ ਬਣਦੇ ਰਹਿਣਗੇ। ਕਿਉਂਕਿ ਉਨ੍ਹਾਂ ਦਾ ਨਿਹਚਾ ਆਪਣੇ ਗੁਰੂ 'ਤੇ ਨਹੀਂ ਆਇਆ। ਸੋ ਮਹਾਰਾਜ ਕਹਿਣ ਲੱਗੇ, ਪੰਡਤ ਜੀ! ਗੁਰੂ ਤੋਂ ਬਗੈਰ ਸਾਲਗ੍ਰਾਮ ਦੀ ਸਮਝ ਨਹੀਂ ਪੈਂਦੀ।

ਕਹਿਣ ਲੱਗਿਆ, ਮਹਾਰਾਜ! ਸਮਝ ਕਿਉਂ ਨਹੀਂ ਪੈਂਦੀ? ਤੁਹਾਡਾ ਕੋਈ ਸਾਲਗ੍ਰਾਮ ਹੋਰ ਕਿਸਮ ਦਾ ਹੈ ਕਿ ਸਮਝ ਨਹੀਂ ਪੈਂਦੀ। ਆਹ ਮੇਰੇ ਸਾਮ੍ਹਣੇ ਸਾਲਗ੍ਰਾਮ ਪਿਆ ਹੈ, ਮੈਂ ਇਹਦੀ ਪੂਜਾ ਕਰਦਾ ਹਾਂ। ਚੰਦਨ ਘਸਾ ਕੇ ਮੈਂ ਉਤੇ ਲਾਉਂਦਾ ਹਾਂ। ਘੰਟਾ ਮੇਰੇ ਕੋਲ ਹੈ ਮੈਂ ਵਜਾਉਂਦਾ ਹਾਂ, ਆਰਤੀ ਕਰਨੀ ਹੈ ਤੇ ਮੈਨੂੰ ਸਮਝ ਹੀ ਨਹੀਂ ਆਈ ਅਜੇ ਤੱਕ?

ਮਹਾਰਾਜ ਕਹਿੰਦੇ, ਨਾ ਪੰਡਤ ਜੀ! ਤੇਰਾ ਜਿਹੜਾ ਸਾਲਗ੍ਰਾਮ ਹੈ ਇਹ ਤਾਰਨ ਵਾਲਾ ਨਹੀਂ ਹੈ। ਤੇਰਾ ਨਿਹਚਾ ਜਿਹੜਾ ਉਥੇ ਕੰਮ ਕਰ ਰਿਹਾ ਹੈ, ਪੈਸਿਆਂ 'ਚ ਤੇਰੀ ਬਿਰਤੀ ਫਿਰਦੀ ਹੈ ਉਤੋਂ ਹੱਥਾਂ ਨਾਲ ਦਿਖਾਵੇ ਨਾਲ ਗੱਲਾਂ ਕਰਦਾ ਹੈਂ, ਇਹਦੇ ਨਾਲ ਤਾਂ ਤੂੰ ਨਰਕਾਂ ਵਿਚ ਜਾਏਂਗਾ। ਕਹਿੰਦਾ, ਤੁਹਾਡਾ ਵੀ ਸਾਲਗ੍ਰਾਮ ਹੈ? ਕਹਿੰਦੇ ਹਾਂ ਸਾਡਾ ਵੀ ਸਾਲਗ੍ਰਾਮ ਹੈ, ਅਸੀਂ ਵੀ ਮੰਨਦੇ ਹਾਂ ਸਾਲਗ੍ਰਾਮ ਨੂੰ, ਪਰ ਤੇਰੇ ਵਾਲਾ ਨਹੀਂ ਹੈ, ਸਾਡੇ ਵਾਲਾ ਬਹੁਤ ਵੱਡਾ ਸਾਲਗ੍ਰਾਮ ਹੈ। ਕਹਿੰਦਾ, ਮਹਾਰਾਜ! ਮੈਂ ਤੁਹਾਡੇ ਅੰਦਰ ਤਾਂ ਦੇਖਿਆ ਨਹੀਂ ਕਿਤੇ। ਕਿੱਥੇ ਰੱਖਿਆ ਹੋਇਆ ਹੈ ਤੁਸੀਂ? ਉਹ ਬਹੁਤ ਵੱਡਾ ਹੋਣਾ, 10-20 ਕਿਲੋ ਦਾ ਹੋਣਾ ਹੈ। ਮਹਾਰਾਜ ਕਹਿੰਦੇ, ਸਾਡਾ ਸਾਲਗ੍ਰਾਮ ਇਹੋ ਜਿਹਾ ਨਹੀਂ, ਸਾਡਾ ਤਾਂ ਜੀਉਂਦਾ ਜਾਗਦਾ ਠਾਕੁਰ ਹੈ।

***ਧਾਰਨਾ - ਠਾਕੁਰ ਸਾਰੀਆਂ ਘਟਾਂ ਦੇ ਵਿਚ ਵਸਦਾ,***
***ਕਰ ਲੈ ਪਛਾਣ ਓਸਦੀ।***

ਕਹਿਣ ਲੱਗੇ, ਪੰਡਤ ਜੀ! ਜਿਹੜਾ ਸਾਡਾ ਸਾਲਗ੍ਰਾਮ ਹੈ ਕੋਈ ਥਾਂ ਐਸੀ ਦੁਨੀਆਂ 'ਚ ਐਸੀ ਨਹੀਂ ਦਸ ਸਕਦੇ, ਜਿੱਥੇ ਉਹ ਨਾ ਹੋਵੇ। ਤੁਹਾਡਾ ਜਿਹੜਾ ਸਾਲਗ੍ਰਾਮ ਹੈ ਇਹ ਗੰਢਕ ਨਦੀ 'ਚੋਂ ਮਿਲਦਾ ਹੈ। ਉਸ ਪਿੰਡ ਦੇ ਕੋਲ ਗੰਢਕ ਪਿੰਡ ਹੈ ਉਥੋਂ ਇਹ ਨਦੀ ਦੇ ਕਿਨਾਰੇ ਤੋਂ ਧਾਰੀ ਵਾਲਾ ਵੱਟਾ ਮਿਲਦਾ ਹੈ ਇਹਨੂੰ ਤੁਸੀਂ ਵਿਸ਼ਨੂੰ ਦਾ ਰੂਪ ਥਾਪ ਲੈਂਦੇ ਓਂ ਨਿਰੰਕਾਰ ਨਹੀਂ, ਨਿਰੰਕਾਰ ਤੇ ਵਿਸ਼ਨੂੰ ਦੇ ਵਿਚ ਫਰਕ ਹੈ। ਉਹ ਮੁਖੀ ਦੇਵਤਾ ਨੇ, ਨਿਰੰਕਾਰ ਸਾਰੀ ਸ੍ਰਿਸ਼ਟੀ ਦਾ ਮਾਲਕ ਹੈ। ਕਹਿਣ ਲੱਗੇ ਉਹ ਜਿਹੜਾ ਹੈ -

***ਸੋ ਅੰਤਰਿ ਸੋ ਬਾਹਰਿ ਅਨੰਤ ॥***

***ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ- 293***

ਉਹ ਤਾਂ ਸਾਰੀਆਂ ਘਟਾਂ 'ਚ ਵਸਣ ਵਾਲਾ ਹੈ, ਕੋਈ ਥਾਂ ਖਾਲੀ ਨਹੀਂ ਹੈ ਉਸ ਤੋਂ ਤੇ ਤੁਸੀਂ ਜਿਹੜਾ ਚੀਨਦੇ ਓਂ, ਤੁਹਾਡਾ ਤੇ ਸਾਡਾ ਫਰਕ ਹੈ -

***ਤੁਮ ਸਿਲਾ ਰੂਪ ਪ੍ਰਭੁ ਚੀਨਾ।***
***ਜੋ ਘਟ ਘਟ ਬਯਾਪ ਪ੍ਰਬੀਨਾ।***
***ਬ੍ਰਹਮੰਡ ਕੋਟ ਆਧਾਰਾ।***
***ਸਭਿ ਮੰਗਤਿ ਕੋ ਦਾਤਾਰਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 2024***

ਸਾਡਾ ਜਿਹੜਾ ਠਾਕੁਰ ਹੈ ਉਹ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ -

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ***
***ਸਰਬ ਜੀਆ ਕਾ ਦਾਤਾ ਰੇ ॥ ਅੰਗ - 612***

ਸਾਰੇ ਜੀਆਂ ਨੂੰ ਰੋਜ਼ੀ ਦੇਣ ਵਾਲਾ ਹੈ, ਉਹਦੀ ਮਹਿਮਾ ਜਿਹੜੀ ਹੈ ਉਹ ਜਿਹੜੇ ਦੇਵਤਿਆਂ ਨੂੰ ਤੁਸੀਂ ਮੰਨਦੇ ਓਂ ਇਨ੍ਹਾਂ ਨੇ ਵੀ ਉਨ੍ਹਾਂ ਦੀ ਮਹਿਮਾ ਨਹੀਂ ਪਾਈ -

***ਧਾਰਨਾ - ਓਹਦਾ ਬ੍ਰਹਮਾ ਨੇ ਅੰਤ ਨਹੀਂ ਪਾਇਆ,***
***ਮਹਿਮਾ ਨਾ ਓਹਦੀ ਵੇਦ ਜਾਣਦੇ।***

ਕਹਿਣ ਲੱਗੇ, ਪੰਡਤ ਜੀ! ਉਹ ਐਡਾ ਵੱਡਾ ਠਾਕੁਰ ਹੈ ਕਿ ਉਹਦੀ ਮਹਿਮਾ -

***ਮਹਿਮਾ ਨ ਜਾਨਹਿ ਬੇਦ ॥***
***ਬ੍ਰਹਮੇ ਨਹੀ ਜਾਨਹਿ ਭੇਦ ॥***
***ਅਵਤਾਰ ਨ ਜਾਨਹਿ ਅੰਤੁ ॥***
***ਪਰਮੇਸਰੁ ਪਾਰਬ੍ਰਹਮ ਬੇਅੰਤੁ ॥ 1 ॥***
***ਅਪਨੀ ਗਤਿ ਆਪਿ ਜਾਨੈ ॥***
***ਸੁਣਿ ਸੁਣਿ ਅਵਰ ਵਖਾਨੈ ॥ 1 ॥ ਰਹਾਉ ॥***
***ਸੰਕਰਾ ਨਹੀ ਜਾਨਹਿ ਭੇਵ ॥ ਖੋਜਤ ਹਾਰੇ ਦੇਵ ॥***
***ਦੇਵੀਆ ਨਹੀ ਜਾਨੈ ਮਰਮ ॥***
***ਸਭ ਊਪਰਿ ਅਲਖ ਪਾਰਬ੍ਰਹਮ ॥ ਅੰਗ - 894***

ਕਹਿੰਦੇ ਐਡਾ ਵੱਡਾ ਸਾਡਾ ਠਾਕੁਰ ਹੈ, ਐਨਾ ਸਮਰੱਥ ਹੈ ਕਿ ਉਸ ਨੇ ਕੇਵਲ ਇਕ ਸ਼ਬਦ ਕਿਹਾ। ਇਕ ਸ਼ਬਦ ਕਹਿਣ ਦੇ ਨਾਲ ਸਾਰੀ ਸ੍ਰਿਸ਼ਟੀ ਪੈਦਾ ਹੋ ਗਈ।

***ਪ੍ਰਥਮ ਓਅੰਕਾਰ ਤਿਨ ਕਹਾ,***
***ਸੋ ਧੁਨ ਪੂਰ ਜਗਤ ਮੋ ਰਹਾ।***
***ਓਅੰਕਾਰਿ ਬ੍ਰਹਮਾ ਉਤਪਤਿ ॥***
***ਓਅੰਕਾਰੁ ਕੀਆ ਜਿਨਿ ਚਿਤਿ ॥***
***ਓਅੰਕਾਰਿ ਸੈਲ ਜੁਗ ਭਏ ॥***
***ਓਅੰਕਾਰਿ ਬੇਦ ਨਿਰਮਏ ॥ ਅੰਗ - 930***

ਕਹਿੰਦੇ, ਉਸ ਤੋਂ ਹੀ ਬ੍ਰਹਮਾ ਪੈਦਾ ਹੋਇਆ ਹੈ, ਉਸ ਤੋਂ ਹੀ ਸਾਰੀ ਜਾਗ੍ਰਤ ਆਈ ਹੈ ਸੰਸਾਰ ਦੇ ਅੰਦਰ। ਉਸ ਤੋਂ ਕਾਲ ਅਤੇ ਪੁਲਾੜ (time and space) ਪੈਦਾ ਹੋਏ ਨੇ, ਉਸ ਤੋਂ ਹੀ ਗਿਆਨ ਆਇਆ ਹੈ ਸਾਰਾ। ਉਸ ਨੂੰ ਅਸੀਂ ਠਾਕੁਰ ਕਹਿੰਦੇ ਹਾਂ, ਉਸ ਨੂੰ ਜਦ ਠਾਕੁਰ ਕਰਕੇ ਮੰਨੇਂਗਾ, ਉਸ ਵੇਲੇ ਕਲਿਆਣ ਹੁੰਦਾ ਹੈ, ਇਕ ਸ਼ਬਦ ਦੇ ਨਾਲ ਦੁਨੀਆਂ ਸਾਰੀ ਪੈਦਾ ਕਰ ਦਿਤੀ –

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥*** ***ਅੰਗ – 3***

ਇਸ ਸਾਲਗ੍ਰਾਮ ਨੂੰ ਕਹਿ ਕਿ ਬਣਾ ਕੇ ਦਿਖਾਵੇ ਦੁਨੀਆਂ। ਆਪੇ ਹੀ ਵਿਚਾਰ ਕਰ ਤੂੰ ਸਾਡੇ ਬਚਨ ਦੀ। ਗੁੱਸੇ ਨਾ ਹੋਈਂ ਕਿਉਂਕਿ ਅਸੀਂ ਮਨ ਦੇ ਹਨ੍ਹੇਰੇ ਕੱਢਣ ਵਾਸਤੇ ਸੰਸਾਰ ਦੇ ਅੰਦਰ ਸੇਵਾ ਕਰ ਰਹੇ ਹਾਂ ਤੇ ਉਹ ਤਾਂ ਐਨਾ ਸਮਰੱਥ ਹੈ।

***ਤਿਸੁ ਭਾਵੈ ਤਾ ਕਰੇ ਬਿਸਥਾਰੁ ॥***
***ਤਿਸੁ ਭਾਵੈ ਤਾ ਏਕੰਕਾਰੁ ॥***
***ਅਨਿਕ ਕਲਾ ਲਖੀ ਨਹ ਜਾਇ ॥***
***ਜਿਸੁ ਭਾਵੈ ਤਿਸੁ ਲਏ ਮਿਲਾਇ ॥*** ***ਅੰਗ – 294***

ਕਹਿੰਦੇ, ਐਵੇਂ ਤੂੰ ਪੱਥਰ ਨੂੰ ਪੂਜ ਕੇ ਆਪਣਾ ਜਨਮ ਗਵਾ ਰਿਹਾ ਹੈਂ, ਅਸਲੀ ਚੀਜ਼ ਨੂੰ ਸਮਝਣ ਦਾ ਯਤਨ ਕਰ। ਕਹਿੰਦੇ ਥਕੇਵਾਂ ਪੱਲੇ ਪੈ ਜਾਂਦਾ ਹੈ। ਉਸ ਠਾਕੁਰ ਨੂੰ ਜਾਨਣ ਵਾਸਤੇ ਧਿਆਨ ਦੇ ਕੇ ਸਰਵਣ ਕਰ।

***ਆਠ ਪਹਰ ਉਦਕ ਇਸਨਾਨੀ ॥***
***ਸਦ ਹੀ ਭੋਗੁ ਲਗਾਇ ਸੁਗਿਆਨੀ ॥***
***ਬਿਰਥਾ ਕਾਹੂ ਛੋਡੈ ਨਾਹੀ ॥***
***ਬਹੁਰਿ ਬਹੁਰਿ ਤਿਸੁ ਲਾਗਹ ਪਾਈ ॥ 1 ॥***
***ਸਾਲਗਿਰਾਮੁ ਹਮਾਰੈ ਸੇਵਾ ॥***
***ਪੂਜਾ ਅਰਚਾ ਬੰਦਨ ਦੇਵਾ ॥ 1 ॥ ਰਹਾਉ ॥***
***ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥*** ***ਅੰਗ – 393***

ਤੇਰਾ ਘੰਟਾ ਜਿਹੜਾ ਰੱਖਿਆ ਹੋਇਆ ਹੈ ਇਹ ਤਾਂ ਉਥੇ ਕੁ ਤੱਕ ਹੀ ਸੁਣਦਾ ਹੈ, ਉਹਦਾ ਘੰਟਾ ਜਦ ਵਜਦਾ ਹੈ, ਕਾਲ ਦਾ ਘੰਟਾ ਚਾਰੇ ਕੁੰਟਾਂ 'ਚ ਸੁਣਿਆ ਜਾਂਦਾ ਹੈ। ਕੋਈ ਨਹੀਂ ਬਚਦਾ ਉਸ ਤੋਂ –

***ਆਸਨੁ ਜਾ ਕਾ ਸਦਾ ਬੈਕੁੰਠ ॥*** ***ਅੰਗ – 393***

ਉਹਦਾ ਤਾਂ ਸਦਾ ਹੀ ਥਿਰੁ ਆਸਣ ਜਿਹੜਾ ਹੈ ਸਚਖੰਡ 'ਚ ਰਹਿੰਦਾ ਹੈ ਹਿਲਦਾ ਨਹੀਂ ਹੈ –

***ਜਾ ਕਾ ਚਵਰੁ ਸਭ ਊਪਰਿ ਝੂਲੈ ॥*** ***ਅੰਗ – 393***

ਆਹ ਹਵਾ ਦਾ ਚੌਰ ਸਾਰਿਆਂ ਦੇ ਸਿਰਾਂ 'ਤੇ ਝੁੱਲ ਰਿਹਾ ਹੈ, ਇਹ ਉਹਦਾ ਚੌਰ ਹੈ।

***ਤਾ ਕਾ ਧੂਪੁ ਸਦਾ ਪਰਫੁਲੈ ॥ 2 ॥*** ***ਅੰਗ – 393***

ਉਹਦੀ ਜਿਹੜੀ ਫੁੱਲਾਂ ਦੀ ਸੁਗੰਧੀ ਹੈ ਸਦਾ ਹੀ ਪ੍ਰਫੁੱਲਤ ਰਹਿੰਦੀ ਹੈ, ਹਵਾ ਨੂੰ ਸੁਗੰਧਤ ਕਰਦੀ ਰਹਿੰਦੀ ਹੈ-

***ਘਟਿ ਘਟਿ ਸੰਪਟੁ ਹੈ ਰੇ ਜਾ ਕਾ ॥*** ***ਅੰਗ - 393***

ਤੂੰ ਤਾਂ ਡੱਬਾ ਰੱਖਿਆ ਹੋਇਆ ਹੈ ਇਹਦੇ 'ਚ ਪਾ ਲੈਂਦਾ ਹੈ ਇਹ। ਪਰ ਸਾਡਾ ਠਾਕੁਰ ਜਿਹੜਾ ਹੈ ਸਾਰਿਆਂ ਹਿਰਦੇ 'ਚ ਡੱਬਾ ਹੈ ਉਹਦੇ ਵਿਚ ਰਹਿੰਦਾ ਹੈ -

***ਅਭਗ ਸਭਾ ਸੰਗਿ ਹੈ ਸਾਧਾ ॥*** ***ਅੰਗ - 393***

ਉਹਦੀ ਜਿਹੜੀ ਸੰਗਤ ਹੈ, ਉਹ ਕਦੇ ਭੰਗ ਨਹੀਂ ਹੁੰਦੀ। ਸੰਤਾਂ ਦਾ ਮੇਲ ਜਿੱਥੇ ਹੁੰਦਾ ਹੈ ਉਥੇ ਉਹਦੀ ਸੰਗਤ ਹੋ ਜਾਂਦੀ ਹੈ -

***ਆਰਤੀ ਕੀਰਤਨੁ ਸਦਾ ਅਨੰਦ ॥*** ***ਅੰਗ - 393***

ਸਦਾ ਆਰਤੀ ਕਰਦੇ ਹਾਂ, ਸਦਾ ਹੀ ਕੀਰਤਨ ਕਰਦੇ ਹਾਂ -

***ਮਹਿਮਾ ਸੁੰਦਰ ਸਦਾ ਬੇਅੰਤ ॥*** ***ਅੰਗ - 393***

ਉਹਦੀ ਮਹਿਮਾ ਸੁੰਦਰ ਹੈ, ਬੇਅੰਤ ਹੈ -

***ਜਿਸਹਿ ਪਰਾਪਤਿ ਤਿਸ ਹੀ ਲਹਨਾ ॥ ਅੰਗ - 393***

ਲੇਕਿਨ ਜਿਹਨੂੰ ਪ੍ਰਾਪਤ ਹੋਵੇ ਉਹਨੂੰ ਮਿਲਦਾ ਹੈ -

***ਸੰਤ ਚਰਨ ਓਹੁ ਆਇਓ ਸਰਨਾ ॥*** ***ਅੰਗ - 393***

ਉਹ ਕੀ ਕਰਦਾ ਹੈ ਜਿਹਦੇ 'ਤੇ ਕ੍ਰਿਪਾ ਹੋ ਜਾਵੇ ਉਹ ਗੁਰੂ ਦੀ ਸ਼ਰਨ ਵਿਚ ਆ ਜਾਂਦਾ ਹੈ। ਗੁਰੂ ਧਾਰਨ ਕਰ ਲੈਂਦਾ ਹੈ, ਗੁਰੂ ਦਾ ਬਣ ਜਾਂਦਾ ਹੈ। ਗੁਰੂ ਮੰਤ੍ਰ ਦਿੰਦਾ ਹੈ, ਉਸ ਮੰਤ੍ਰ ਦੀ ਉਹ ਕਮਾਈ ਕਰਦਾ ਹੈ। ਕਮਾਈ ਕਰਦੇ-ਕਰਦੇ ਉਸ ਨਾਮ 'ਚੋਂ ਹੀ ਉਹ ਪ੍ਰਗਟ ਹੋ ਜਾਂਦਾ ਹੈ -

***ਹਾਥਿ ਚੜਿਓ ਹਰਿ ਸਾਲਗਿਰਾਮੁ ॥*** ***ਅੰਗ- 393***

ਵਿਰਲੇ-ਵਿਰਲਿਆਂ ਦੇ ਹੱਥ ਵਿਚ ਇਹ ਸਾਲਗ੍ਰਾਮ ਆਇਆ ਹੋਇਆ ਹੈ। ਤੇਰੇ ਵਾਲਾ ਤਾਂ ਮੁੱਲ ਵਿਕਦਾ ਹੈ, ਨਦੀ 'ਚੋਂ ਜਾ ਕੇ ਲੈ ਆਓ। ਸਾਡੇ ਵਾਲਾ ਸਾਲਗ੍ਰਾਮ ਮੁੱਲ ਨਹੀਂ ਵਿਕਦਾ, ਇਹਦਾ ਮੁੱਲ ਪ੍ਰੇਮ ਦੇਣਾ ਪੈਂਦਾ ਹੈ।

***ਕੰਚਨ ਸਿਉ ਪਾਈਐ ਨਹੀ ਤੋਲਿ ॥***
***ਮਨੁ ਦੇ ਰਾਮੁ ਲੀਆ ਹੈ ਮੋਲਿ ॥*** ***ਅੰਗ - 327***

ਕਹਿੰਦੇ ਮਨ ਦੇਣਾ ਪੈਂਦਾ ਹੈ ਪੰਡਤ ਜੀ -

***ਕਹੁ ਨਾਨਕ ਗੁਰਿ ਕੀਨੋ ਦਾਨੁ ॥*** ***ਅੰਗ - 393***

ਗੁਰੂ ਇਸ ਨੂੰ ਦਾਨ ਕਰਦਾ ਹੈ, ਗੁਰੂ ਤੋਂ ਬਗੈਰ ਨਹੀਂ ਮਿਲਦਾ।

ਪੰਡਤ ਨੇ ਸੁਣ ਲਿਆ, ਹੁਣ ਜਵਾਬ ਨਹੀਂ ਦਿੰਦਾ।

ਮਹਾਰਾਜ ਕਹਿੰਦੇ, ਦੇਖ ਪੰਡਤ ਜੀ! ਅਸੀਂ ਈਮਾਨਦਾਰੀ ਨਾਲ ਦਸਦੇ ਹਾਂ, ਜੇ ਤੂੰ ਸਚਮੁੱਚ ਲਿਵ 'ਚ ਹੁੰਦਾ, ਤੇਰੀ ਬਿਰਤੀ ਇਸ ਸਾਲਗ੍ਰਾਮ ਨਾਲ ਲੱਗੀ ਹੁੰਦੀ ਤਾਂ ਅਸੀਂ ਤੈਨੂੰ ਜ਼ਰੂਰ ਨਮਸ਼ਕਾਰ ਕਰ ਦੇਣੀ ਸੀ ਕਿ ਧੰਨ

ਹੈਂ ਤੂੰ ਕਿ ਪ੍ਰਮੇਸ਼ਰ ਨਾਲ ਇਕ ਚਿੱਤ ਹੋਇਆ ਬੈਠਾ ਹੈ। ਕਿਉਂਕਿ ਤੇਰੀ ਬਿਰਤੀ ਤਾਂ ਹੋਰ ਪਾਸੇ ਸੀ, ਤੂੰ ਹਨ੍ਹੇਰੇ 'ਚ ਤੁਰਿਆ ਫਿਰਦਾ ਹੈਂ ਤੇ ਸਾਨੂੰ ਕਹਿੰਦਾ ਹੈਂ ਮੱਥਾ ਟੇਕ। ਅਸੀਂ ਕਿਵੇਂ ਤੈਨੂੰ ਮੱਥਾ ਟੇਕ ਦੇਈਏ। ਕਿਵੇਂ ਪੂਜਾ ਕਰ ਦੇਈਏ, ਕਿਵੇਂ ਧਨ ਲਿਆ ਕੇ ਤੇਰੇ ਚਰਨਾਂ 'ਚ ਰੱਖ ਦੇਈਏ। ਇਹ ਰਸਮ ਨਹੀਂ।

ਉਸ ਵੇਲੇ ਪੰਡਤ ਨੂੰ ਸਭ ਸੋਝੀ ਪੈ ਗਈ, ਇਕ ਇਤਰਾਜ਼ ਰਹਿ ਗਿਆ ਉਸ ਨੂੰ। ਉਹ ਕਹਿਣ ਲੱਗਿਆ ਕਿ ਮਹਾਰਾਜ! ਇਹ ਜਿਹੜੇ ਤੁਸੀਂ ਭਾਖਾ ਦੇ ਬਚਨ ਨੇ, ਭਾਖਾ ਕਹਿੰਦੇ ਨੇ ਦੇਸੀ ਬੋਲੀ ਜਿਵੇਂ ਮੈਂ ਹੁਣ ਬੋਲਦਾ ਹਾਂ। ਇਹ ਜਿਹੜੀ ਦੇਸੀ ਬੋਲੀ ਹੈ ਇਹਦੇ 'ਚ ਪ੍ਰਵਾਨ ਨਹੀਂ ਹੈਗਾ ਧਰਮ ਦਾ ਉਪਦੇਸ਼। ਧਰਮ ਦਾ ਉਪਦੇਸ਼ ਕੇਵਲ ਸੰਸਕ੍ਰਿਤ ਵਿਚ ਹੈ ਹੋਰ ਕਿਸੇ 'ਚ ਨਹੀਂ। ਉਹ ਤਾਂ ਮਲੇਛ ਭਾਖਿਆ ਹੈ। ਉਰਦੂ, ਫਾਰਸੀ, ਅੰਗ੍ਰੇਜ਼ੀ ਹੋਰ ਜਿਹੜੀਆਂ ਬੋਲੀਆਂ ਨੇ ਇਨ੍ਹਾਂ ਨੂੰ ਮਲੇਛ ਭਾਖਿਆ ਕਹਿੰਦੇ ਨੇ। ਜਿਹੜੀ ਸਾਡੀ ਬੋਲੀ ਹੈ ਇਹਨੂੰ ਕਹਿੰਦੇ ਨੇ ਭਾਖਿਆ। ਦਿਬ ਭਾਖਿਆ। ਜਿਹੜੀ ਸੰਸਕ੍ਰਿਤ ਹੈ ਇਹਨੂੰ ਦੇਵ ਬਾਣੀ ਕਹਿੰਦੇ ਨੇ, ਦੇਵਤਿਆਂ ਦੀ ਬਾਣੀ ਹੈ। ਇਹਦੇ ਵਿਚ ਹੀ ਗਿਆਨ ਹੈ, ਹੋਰ ਕਿਤੇ ਹੈ ਨਹੀਂ। ਤੇ ਮੈਨੂੰ ਇਤਰਾਜ਼ ਹੈ ਕਿ ਤੁਸੀਂ ਤਾਂ ਭਾਖਿਆ 'ਚ ਗੱਲਾਂ ਕਰਦੇ ਓਂ, ਤੁਹਾਡੇ ਸੇਵਕ ਕਿਵੇਂ ਲੰਘਣਗੇ?

ਮਹਾਰਾਜ ਕਹਿਣ ਲੱਗੇ, ਦੇਖੋ ਪੰਡਤ ਜੀ! ਇਹ ਤੁਸੀਂ ਵਿਚਾਰ ਕਰੋ। ਵਿਚਾਰ ਇਹ ਹੈ ਜਿਹੜੀ ਅਸੀਂ ਬੋਲੀ ਬੋਲਦੇ ਹਾਂ। ਇਹ ਤਾਂ ਹੈਗੀ ਮਹਾਂਰਥੀ, ਸੰਸਕ੍ਰਿਤ ਹੈਗੀ ਰਥੀ। ਮਹਾਂਰਥੀ ਉਹਨੂੰ ਕਹਿੰਦੇ ਨੇ ਜਿਹਦੇ ਪਿੱਛੇ, ਚਾਹੇ ਹਜ਼ਾਰ ਦੁਸ਼ਮਣ ਲੱਗਿਆ ਹੋਵੇ ਉਹ ਕਿਸੇ ਦੀ ਮਦਦ ਤੋਂ ਬਗੈਰ ਇਕੱਲਾ ਹੀ ਲੜ ਲਿਆ ਕਰਦਾ ਹੈ। ਜਿਹੜਾ ਰਥੀ ਹੁੰਦਾ ਹੈ ਉਹਨੂੰ ਦੂਜਿਆਂ ਦੀ ਮਦਦ ਦੀ ਲੋੜ ਪੈਂਦੀ ਹੈ। ਜਿਹੜੀ ਸੰਸਕ੍ਰਿਤ ਹੈ ਪਹਿਲਾਂ ਤਾਂ ਜਿਹੜਾ ਇਹਨੂੰ ਪੜ੍ਹਦਾ ਹੈ, ਬਹੁਤ ਇਹਨੂੰ ਵਿਚਾਰ ਕਰਨ ਦਾ ਅਧਿਕਾਰੀ ਹੋਣਾ ਚਾਹੀਦਾ ਹੈ, ਬਹੁਤ ਉਤਮ ਦਿਮਾਗ ਹੋਣਾ ਚਾਹੀਦਾ ਹੈ। 20-25 ਸਾਲ ਤਾਂ ਇਹਦੀ ਗਰਾਮਰ ਨਹੀਂ ਸਮਝ 'ਚ ਆਉਂਦੀ ਤੇ ਵਿਆਕਰਣ ਨਹੀਂ ਸਮਝ 'ਚ ਆਉਂਦੀ। ਕਿੰਨਾ ਸਮਾਂ ਲੱਗ ਗਿਆ ਪੰਡਤ ਜੀ? ਜੇ ਐਨੀ ਉਮਰ ਨਾ ਹੋਵੇ, ਫੇਰ ਤਾਂ ਅਧੂਰਾ ਹੀ ਰਹਿ ਗਿਆ। ਫੇਰ ਇਹ ਹੈ ਕਿ ਇਹਦੇ 'ਚ ਉਤਮ ਅਧਿਕਾਰੀ ਹੋਵੇ, ਉਹ ਤਾਂ ਅਰਥ ਕੱਢ ਲੈਂਦਾ ਹੈ, ਦੂਜਾ ਅਨਰਥ ਕਰੀ ਜਾਂਦਾ ਹੈ। ਇਕ-ਇਕ ਅੱਖਰ ਦੇ ਹਜ਼ਾਰਾਂ ਅਰਥ ਨੇ। ਕਿ ਉਹ ਕਿਵੇਂ ਲੰਘ ਸਕੇਗਾ, ਆਪ ਵੀ ਉਹਨੂੰ ਸੰਸਾ ਬਣਿਆ ਰਹਿਣਾ ਹੈ ਤੇ ਸੰਸਾਰ ਨੂੰ ਕਿਵੇਂ ਸੁਣਾਏਗਾ। ਜੇ ਤੂੰ ਭਾਖਿਆ ਦੀ ਮਦਦ ਨਾ ਲਵੇਂ, ਸੰਸਕ੍ਰਿਤ ਇਥੇ ਬੋਲੀ ਜਾਵੇਂ ਸੰਗਤ ਦੇ ਸਾਮ੍ਹਣੇ, ਦੱਸ ਤੇਰੀ ਗੱਲ ਕਿਸੇ ਦੀ ਸਮਝ ਆਏਗੀ? ਹੁਣ ਤੂੰ ਜੋ ਮੇਰੇ ਨਾਲ ਗੱਲ ਕਰ ਰਿਹਾ ਹੈਂ, ਉਹ ਕੀ ਤੂੰ ਸੰਸਕ੍ਰਿਤ 'ਚ ਕਰ ਰਿਹਾ ਹੈਂ? ਮੇਰੇ ਨਾਲ ਆਪਣੀ ਭਾਖਿਆ 'ਚ ਗੱਲ ਕਰ ਰਿਹਾ ਹੈਂ। ਇਹ ਜਿਹੜੀ ਭਾਖਿਆ ਹੈ ਇਹਨੂੰ ਕਿਸੇ ਦੀ ਲੋੜ ਨਹੀਂ ਹੈ। ਇਹ ਮਹਾਂਰਥੀ ਦਾ ਦਰਜਾ ਰੱਖਦੀ ਹੈ,

ਅਸੀਂ ਬੋਲਦੇ ਹਾਂ ਸਭ ਸੁਣਦੇ ਨੇ ਸਾਰਿਆਂ ਦਾ ਉਧਾਰ ਹੋ ਜਾਂਦਾ ਹੈ। ਦੂਸਰਾ ਜਿਹੜਾ ਸੰਸਕ੍ਰਿਤ ਪੜ੍ਹ ਜਾਂਦਾ ਹੈ ਉਹ ਆਪਣੇ ਆਪ ਨੂੰ ਵਿਦਵਾਨ ਕਹਾਉਂਦਾ ਹੈ, ਪੰਡਤ ਕਹਾਉਂਦਾ ਹੈ, ਉਹਦੇ 'ਚ ਅਭਿਮਾਨ ਆ ਜਾਂਦਾ ਹੈ ਜਿਹਦੇ 'ਚ ਅਭਿਮਾਨ ਆ ਜਾਵੇ, ਉਹ ਰੱਬ ਵਲੋਂ ਖਾਲੀ ਰਹਿ ਜਾਂਦਾ ਹੈ –

***ਧਾਰਨਾ – ਗਰਬ ਜਿਨ੍ਹਾਂ ਵਡਿਆਈਆਂ,***
***ਖਾਲੀ ਦੁਨੀਆਂ ਵਿਚੋਂ ਜਾਣਗੇ।***

***ਫਰੀਦਾ ਗਰਬੁ ਜਿਨ੍ਹਾ ਵਡਿਆਈਆ***
***ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥***

***ਅੰਗ – 1383***

ਮਹਾਰਾਜ ਕਹਿੰਦੇ, ਪੰਡਤ ਜੀ! ਸੰਸਕ੍ਰਿਤ ਦੇ ਵਿਚ ਦੋਸ਼ ਹੈ ਜਦ ਆਦਮੀ ਐਨੀ ਮਿਹਨਤ ਕਰਕੇ, ਪੜ੍ਹ ਕੇ ਪੰਡਤਾਈ ਦਾ ਖਿਤਾਬ ਲੈ ਲਏਗਾ, ਫੇਰ ਉਹ ਅਨਪੜ੍ਹਾਂ ਨੂੰ ਤਾਂ ਨਿਗ੍ਹਾਂ 'ਚ ਨਹੀਂ ਲਿਆਉਂਦਾ, ਕਿ ਇਹ ਤਾਂ ਅਧਿਕਾਰੀ ਨਹੀਂ ਹੈ, ਫੇਰ ਉਪਦੇਸ਼ ਕੀਹਨੂੰ ਦਏਂਗਾ? ਤੂੰ ਖਾਲੀ ਰਹਿ ਜਾਏਂਗਾ, ਕਿਉਂਕਿ ਤੁਹਾਡੇ ਮਨਾਂ ਦੇ ਅੰਦਰ ਅਭਿਮਾਨ ਹੋ ਜਾਣਾ ਹੈ ਪੜ੍ਹਾਈ ਦਾ। ਕਿਉਂਕਿ ਪੰਜ, ਛੇ ਅਭਿਮਾਨ ਹੁੰਦੇ ਨੇ, ਪੈਸੇ ਦਾ ਵੀ ਅਭਿਮਾਨ ਹੁੰਦਾ ਹੈ, ਵਿਦਿਆ ਦਾ ਅਭਿਮਾਨ ਹੁੰਦਾ ਹੈ, 'ਰਾਜ, ਮਾਲ, ਰੂਪ, ਜਾਤ, ਜੋਬਨ– ਇਹ ਸਾਰੇ ਠੱਗ ਨੇ। ਮਹਾਰਾਜ ਕਹਿੰਦੇ –

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***

***ਅੰਗ – 1288***

ਇਹ ਤਾਂ ਠੱਗ ਲੈਣਗੇ। ਬਾਕੀ ਇਹ ਤੂੰ ਸਾਰਿਆਂ ਨੂੰ ਤਾਂ ਸੁਣਾ ਨਹੀਂ ਨਾ ਸਕਦਾ। ਇਸ ਬੋਲੀ ਦੀ ਮਦਦ ਲੈਣੀ ਪਵੇਗੀ। ਇਸ ਕਰਕੇ ਤੂੰ ਆਪ ਨਿਰਣਾ ਕਰ ਕਿ ਸੰਸਕ੍ਰਿਤ ਦੇ ਵਿਚ ਪ੍ਰਚਾਰ ਹੋਣਾ ਚਾਹੀਦਾ ਹੈ ਕਿ ਜਿਹੜੀ ਬੋਲੀ 'ਚ ਅਸੀਂ ਬੋਲਦੇ ਹਾਂ ਉਸ ਵਿਚ? ਕਹਿਣ ਲੱਗਿਆ, ਮਹਾਰਾਜ! ਫੇਰ ਅਸੀਂ ਤਾਂ ਅਧਿਕਾਰੀ ਤੇ ਅਨਅਧਿਕਾਰੀ ਦੇਖਦੇ ਹਾਂ। ਮਹਾਰਾਜ ਕਹਿੰਦੇ, ਇਹੀ ਤਾਂ ਅਸੀਂ ਕਹਿੰਦੇ ਹਾਂ, ਤੁਸੀਂ ਤਾਂ ਪੜ੍ਹਾਉਂਦੇ ਹੀ ਨਹੀਂ, ਜਿਹੜਾ ਬ੍ਰਾਹਮਣ ਨਾ ਹੋਵੇ, ਉਹਨੂੰ ਸੰਸਕ੍ਰਿਤ ਹੀ ਨਹੀਂ ਪੜ੍ਹਾਉਂਦੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਪੰਜ ਸਿੰਘਾਂ, ਭਾਈ ਰਾਮ ਸਿੰਘ ਵਗੈਰਾ ਨੂੰ ਪੜ੍ਹਨ ਵਾਸਤੇ ਭੇਜਿਆ ਕਿ ਜਾਓ ਧਰਮ ਦੇ ਅੰਦਰ ਪੂਰਾ ਗਿਆਨ ਹੋਣਾ ਚਾਹੀਦਾ ਹੈ, ਦੂਸਰੇ ਧਰਮਾਂ ਦਾ ਵੀ। ਇਹ ਨਹੀਂ ਕਿ ਆਪਣਾ ਹੀ ਗਿਆਨ ਹੈ। ਉਹ ਤਾਂ ਹੋ ਸਕਦਾ ਹੈ ਕਿ ਸਾਰੀਆਂ ਬੋਲੀਆਂ ਪੜ੍ਹੋ।

ਪੁਰਾਣੇ ਜ਼ਮਾਨੇ 'ਚ ਇਕ ਗੱਲ ਚਲਦੀ ਹੁੰਦੀ ਸੀ ਉਹ ਕਹਿੰਦੇ ਹੁੰਦੇ ਸੀ – 'ਪੜ੍ਹੇ ਫਾਰਸੀ ਵੇਚੇ ਤੇਲ।' ਕਹਿੰਦੇ, ਮਲੇਛ ਭਾਖਿਆ ਪੜ੍ਹਨੀ ਨਹੀਂ

ਚਾਹੀਦੀ। ਰਾਜ ਸੀ ਉਸ ਵੇਲੇ ਇਸਲਾਮ ਵਾਲਿਆਂ ਦਾ ਤੇ ਰਹਿਤਨਾਮੇ 'ਚ ਆਉਂਦਾ ਸੀ ਕਿ ਪੰਜਾਬੀ ਤਾਂ ਜ਼ਰੂਰ ਪੜ੍ਹਨੀ ਹੈ, ਗੁਰਮੁਖੀ ਤਾਂ ਸਿੱਖ, ਸਿੱਖ ਨੂੰ ਪੜ੍ਹਾਵੇ। ਬਾਕੀ ਜਿਹੜੀ ਵਿਦਿਆ ਹੈ ਜਿੱਥੋਂ ਕਿਤੋਂ ਮਿਲਦੀ ਹੈ ਉਸ ਤੋਂ ਪਿੱਠ ਨਾ ਕਰੋ। ਸਭ ਬੋਲੀਆਂ ਦੇ ਜਾਣੂ ਹੋਵੋ, ਸਾਰੀਆਂ ਵਿਦਿਆ ਦੇ ਜਾਣੂ ਹੋਵੋ। ਵਿਦਵਾਨ ਹੋਣਾ ਚਾਹੀਦਾ ਹੈ ਪੰਥ। ਜੇ ਮੂਰਖਾਂ ਦਾ ਟੋਲਾ ਹੋਵੇ ਇਨ੍ਹਾਂ ਨੂੰ ਸੋਝੀ ਨਹੀਂ ਆਉਣੀ। ਪੜ੍ਹੇ ਲਿਖੇ ਹੋਣੇ ਚਾਹੀਦੇ ਨੇ। ਇਸ ਕਰਕੇ ਮਹਾਰਾਜ ਜੀ ਨੇ ਜਿੱਥੇ ਆਪ ਫਾਰਸੀ ਦੇ ਵੱਡੇ ਵਿਦਵਾਨ ਸੀ, ਅਰਬੀ ਦੇ ਵਿਦਵਾਨ ਸੀ, ਕਿੱਡੀ ਵੱਡੀ ਚਿੱਠੀ ਲਿਖੀ ਔਰੰਗਜ਼ੇਬ ਨੂੰ ਜਿਹਨੂੰ ਜ਼ਫਰਨਾਮਾ ਕਹਿੰਦੇ ਨੇ। ਕਿਸੇ ਲਿਖਾਰੀ ਤੋਂ ਤਾਂ ਲਿਖਾਈ ਨਹੀਂ ਮਹਾਰਾਜ ਨੇ ਆਪਣੇ ਹੱਥ ਨਾਲ ਮਿੰਟਾਂ 'ਚ ਲਿਖ ਦਿਤੀ। ਜੇ ਫਾਰਸੀ ਜਾਣਦੇ ਸੀ ਤਾਂ ਹੀ ਲਿਖੀ। ਗੁਰੂ ਨਾਨਕ ਸਾਹਿਬ ਜੇ ਫਾਰਸੀ ਜਾਣਦੇ ਸੀ ਤਾਂ ਹੀ ਅਰਬ ਦੇਸ਼ਾਂ ਵਿਚ ਘੁੰਮੇ। ਅਰਬੀ ਜਾਣਦੇ ਸੀ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਪੰਡਤ ਜੀ! ਬੋਲੀਆਂ ਸਾਰੀਆਂ ਹੀ ਠੀਕ ਨੇ ਜਿਹਦੇ ਵਿਚ ਪ੍ਰਮੇਸ਼ਰ ਦਾ ਨਾਮ ਆਵੇ, ਉਹੀ ਬੋਲੀ ਪੂਜਣਯੋਗ ਹੈ। ਬਾਕੀ ਜੇ ਆਪਾਂ ਨਿਰਣਾ ਕਰੀਏ ਤੁਸੀਂ ਆਪ ਹੀ ਦੱਸੋ, ਸੰਸਕ੍ਰਿਤ ਬੋਲੀ ਦੇ ਵਿਚ ਕਰਮਕਾਂਡ ਜ਼ਿਆਦਾ ਦੱਸਿਆ ਹੋਇਆ ਹੈ। ਪ੍ਰਮੇਸ਼ਰ ਦੇ ਨਾਮ ਬਾਰੇ ਤਾਂ ਗੱਲ ਹੀ ਥੋੜ੍ਹੀ ਕਰੀ ਹੋਈ ਹੈ, ਲੇਕਿਨ ਜਿਹੜੀ ਭਗਤਾਂ ਦੀ ਬੋਲੀ ਹੈ, ਇਸ ਸਾਰੀ ਵਿਚ ਪ੍ਰੇਮ ਤੇ ਗਿਆਨ ਹੈ। ਜਿਹਨੂੰ ਤੁਸੀਂ ਭਾਖਾ ਕਹਿੰਦੇ ਓਂ। ਜਿਹੜੀ ਬੋਲੀ ਵਿਚ ਪ੍ਰੇਮ ਤੇ ਗਿਆਨ ਹੋਵੇ, ਉਹ ਆਦਮੀ ਨੂੰ ਤਾਰ ਦਿੰਦੀ ਹੈ। ਉਹਨੂੰ ਵਿਚਾਰ ਕੇ ਆਦਮੀ ਤਰ ਜਾਂਦਾ ਹੈ। ਸੋ ਇਹ ਤੁਹਾਡਾ ਸ਼ੰਕਾ ਜਿਹੜਾ ਹੈ ਇਹ ਨਿਰਮੂਲ ਹੈ। ਬਾਕੀ ਅਧਿਕਾਰ ਦੀ ਗੱਲ ਕਰੀ ਹੈ। ਤੁਹਾਡੀ ਬੋਲੀ 'ਚ ਕੇਵਲ ਪੰਡਤ ਪੜ੍ਹ ਸਕਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਪੜ੍ਹਨ ਭੇਜੇ, ਕਹਿਣ ਲੱਗੇ, ਸੱਚੇ ਪਾਤਸ਼ਾਹ! ਸਾਨੂੰ ਰਹਿਣਾ, ਬਹਿਣਾ ਔਖਾ ਹੋ ਜਾਣਾ ਹੈ। ਕਿਵੇਂ ਕਰੀਏ? ਉਥੇ ਚਲੇ ਜਾਂਦੇ ਨੇ, ਕਿਸੇ ਨੇ ਨਾ ਉਨ੍ਹਾਂ ਨੂੰ ਆਪਣੇ ਸਕੂਲ 'ਚ ਦਾਖਲ ਕਰਿਆ। ਕਹਿਣ ਲੱਗੇ, ਤੁਹਾਡੀਆਂ ਤਾਂ ਜਾਤਾਂ ਹੋਰ ਨੇ, ਤੁਸੀਂ ਤਾਂ ਪੜ੍ਹ ਹੀ ਨਹੀਂ ਸਕਦੇ। ਮਹਾਰਾਜ ਨੂੰ ਬੇਨਤੀ ਭੇਜੀ ਕਿ ਸੱਚੇ ਪਾਤਸ਼ਾਹ! ਜਿਸ ਲਿਬਾਸ 'ਚ ਤੁਸੀਂ ਸਾਨੂੰ ਭੇਜਿਆ ਹੈ ਸਾਨੂੰ ਦਾਖਲਾ ਨਹੀਂ ਮਿਲਦਾ। ਮਹਾਰਾਜ ਕਹਿੰਦੇ, ਇਨ੍ਹਾਂ ਵਰਗਾ ਹੀ ਬਣਾ ਲਓ ਤੁਸੀਂ। ਭਗਵੇਂ ਕੱਪੜੇ ਪਹਿਨ ਲਓ, ਇਨ੍ਹਾਂ ਵਾਂਗਣ ਹੀ ਰਹੋ, ਜਿਵੇਂ ਇਹ ਰਹਿੰਦੇ ਨੇ। ਬੋਲੀ ਜ਼ਰੂਰ ਸਿੱਖਣੀ ਹੈ ਤੇ ਪੰਜ ਸਿੱਖ ਕੇ ਆਏ। ਉਨ੍ਹਾਂ ਨੇ ਆ ਕੇ ਫੇਰ ਸਾਰੇ ਜਿੰਨੇ ਵੇਦ ਸ਼ਾਸਤਰ ਸੀ, ਏਧਰ ਆ ਕੇ ਪੜ੍ਹਾਏ ਤੇ ਮੁਕਾਬਲਾ ਕਰਿਆ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਖੋਲ੍ਹ-ਖੋਲ੍ਹ ਕੇ ਅਸਲ ਆਸ਼ਿਆਂ ਨੂੰ ਦਸਿਆ।

ਸੋ ਮਹਾਰਾਜ ਕਹਿੰਦੇ, ਬੋਲੀਆਂ ਤਾਂ ਸਾਰੀਆਂ ਹੀ ਪਵਿੱਤਰ ਨੇ ਪੰਡਤ ਜੀ। ਲੇਕਿਨ ਜੋ ਭਾਖਾ ਹੈ ਇਹਦੇ 'ਚ ਅਧਿਕਾਰੀ, ਅਨ-ਅਧਿਕਾਰੀ ਕੋਈ

ਨਹੀਂ ਕਿ ਫਲਾਣੀ ਜਾਤ ਹੈ ਤਾਂ ਇਹ ਪੜ੍ਹੇਗਾ। ਜਿਹੜਾ ਗੁਰੂ ਨਾਨਕ ਦਾ ਉਪਦੇਸ਼ ਹੈ ਉਸ ਵਿਚ ਜਾਤ-ਪਾਤ ਦਾ ਸਵਾਲ ਨਹੀਂ ਹੈ -

***ਧਾਰਨਾ - ਉਪਦੇਸ਼ ਸਤਿਗੁਰੂ ਨਾਨਕ ਦਾ,***
***ਚਹੁੰ ਵਰਨਾ ਕਉ ਸਾਂਝਾ।***

***ਖਤ੍ਰੀ ਬ੍ਰਾਹਮਣ ਸੂਦ ਵੈਸ***
***ਉਪਦੇਸੁ ਚਹੁ ਵਰਨਾ ਕਉ ਸਾਝਾ ॥***
***ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ***
***ਘਟਿ ਘਟਿ ਨਾਨਕ ਮਾਝਾ ॥*** ***ਅੰਗ - 748***

ਕਹਿਣ ਲੱਗੇ, ਪੰਡਤ ਜੀ! ਗੁਰੂ ਨਾਨਕ ਦਾ ਉਪਦੇਸ਼ ਸਾਰੀ ਸ੍ਰਿਸ਼ਟੀ ਵਾਸਤੇ ਸਾਂਝਾ ਹੈ। ਚਾਹੇ ਫਾਰਸੀ ਪੜ੍ਹਨ ਵਾਲੇ ਪੜ੍ਹ ਲੈਣ, ਚਾਹੇ ਅੰਗ੍ਰੇਜ਼ੀ ਜਾਨਣ ਵਾਲੇ ਪੜ੍ਹ ਲੈਣ, ਚਾਹੇ ਸ਼ੂਦਰ ਜਿਨ੍ਹਾਂ ਨੂੰ ਕਹਿੰਦੇ ਨੇ ਉਹ ਪੜ੍ਹ ਲੈਣ। ਜਿਹੜਾ ਵੀ ਵਿਚਾਰ ਕਰੇਗਾ। ਕਿਉਂਕਿ ਇਹਦੇ ਵਿਚ ਨਾਮ ਹੈ, ਜਿਹੜਾ ਵੀ ਬੰਦਗੀ ਕਰੇਗਾ ਉਸ ਦਾ ਉਧਾਰ ਹੋ ਜਾਏਗਾ। ਸੋ ਇਸ ਕਰਕੇ ਤੁਸੀਂ ਨਿਆਂ ਪੂਰਵਕ ਦੱਸੋ ਕਿ ਜਿਹੜੇ ਅਸੀਂ ਬਚਨ ਕਹੇ ਨੇ।

ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੁਹਾਡੇ ਬਚਨ ਨਹੀਂ ਹਨ, ਇਹ ਤਾਂ ਤੁਸੀਂ ਬਾਣ ਮਾਰੇ ਨੇ ਮੇਰੇ ਹਿਰਦੇ 'ਚ। ਮੈਨੂੰ ਤਾਂ ਸੋਝੀ ਪੈ ਗਈ। ਮੈਂ ਤਾਂ ਪਿਛਲਾ ਜਨਮ ਐਵੇਂ ਹੀ ਗੁਆ ਲਿਆ, ਮੈਨੂੰ ਉਸ ਠਾਕੁਰ ਦੇ ਲੜ ਲਾ ਦਿਓ। ਜਿਹੜੇ ਠਾਕੁਰ ਦੀ ਤੁਸੀਂ ਗੱਲ ਕਰੀ ਹੈ। ਸੱਚਮੁੱਚ ਮੈਂ ਇਕ ਪੱਥਰ ਦੇ ਪਿੱਛੇ ਪਿਆ ਰਿਹਾ। ਤੁਸੀਂ ਜਿਹੜੇ ਮੈਨੂੰ ਬਚਨ ਕਹੇ ਨੇ ਇਸੇ ਤਰ੍ਹਾਂ ਮੈਂ ਮਾਇਆ ਸੋਚਦਾ ਸੀ, ਇਕ ਪਾਖੰਡ ਕਰਦਾ ਸੀ, ਇਸ ਪਖੰਡ ਦੇ ਆਸਰੇ ਮੈਂ ਆਪਣੀ ਉਪਜੀਵਿਕਾ ਕਮਾਉਂਦਾ ਸੀ, ਬਾਹਰੋਂ-ਬਾਹਰੋਂ ਮੇਰੀ ਰਹਿਤ ਸੀ, ਅੰਦਰੋਂ ਤਾਂ ਮੈਂ ਖੋਖਲਾ ਹੋਇਆ ਪਿਆ ਹਾਂ ਮਹਾਰਾਜ। ਮੇਰਾ ਕਿਤੇ ਚਿੱਤ ਨਹੀਂ ਲਗਦਾ, ਨਾ ਮੈਂ ਰੱਬ ਨੂੰ ਮੰਨਦਾ ਹਾਂ। ਨਾਸਤਕ ਮੇਰੀ ਬਿਰਤੀ ਹੋਈ-ਹੋਈ ਹੈ। ਤੁਸੀਂ ਕ੍ਰਿਪਾ ਕਰ ਦਿਤੀ, ਹੁਣ ਕ੍ਰਿਪਾ ਕਰੋ ਤੇ ਮੈਨੂੰ ਉਸ ਠਾਕੁਰ ਦੇ ਦਰਸ਼ਨ ਕਰਾ ਦਿਓ, ਜਿਹਦੀ ਤੁਸੀਂ ਗੱਲ ਕਰੀ ਹੈ। ਕ੍ਰਿਪਾ ਕਰੋ। ਐਨੀ ਗੱਲ ਕਹਿ ਕੇ ਆਸਣ ਤੋਂ ਉੱਠਿਆ, ਕਹਿੰਦਾ ਸੱਚੇ ਪਾਤਸ਼ਾਹ! ਹੁਕਮ ਕਰੋ, ਮੈਂ ਹੁਣ ਇਨ੍ਹਾਂ ਨੂੰ ਕਿੱਥੇ ਰੱਖਾਂ? ਮੈਂ ਬੰਦ ਕਰ ਦਿੰਦਾ ਹਾਂ ਸਦਾ ਵਾਸਤੇ। ਕ੍ਰਿਪਾ ਕਰੋ ਮੈਨੂੰ ਆਪਣੇ ਲੜ ਲਾਓ, ਮੈਂ ਤੁਹਾਡੇ ਵਿਚ ਪ੍ਰਮੇਸ਼ਰ ਭਾਵਨਾ ਕੀਤੀ ਹੈ। ਆ ਕੇ ਚਰਨ ਫੜ ਲਏ। ਐਨੇ ਨੂੰ ਪੰਜ-ਦਸ ਗੁਰਸਿੱਖ ਵੀ ਇਕੱਠੇ ਹੋ ਗਏ। ਉਸ ਵੇਲੇ ਮਹਾਰਾਜ ਨੇ ਕਿਹਾ ਕਿ ਜਾਓ ਭਾਈ ਬਰਤਨ ਲੈ ਕੇ ਆਓ ਜਲ ਦਾ। ਜਲ ਦਾ ਬਰਤਨ ਲਿਆਂਦਾ ਮਹਾਰਾਜ ਨੇ ਉਸ ਵੇਲੇ ਚਰਨ ਪਾਹੁਲ ਦੇ ਕੇ ਨਾਮ ਦੀ ਦਾਤ ਦਿਤੀ, ਸਾਮ੍ਹਣੇ ਬਿਠਾ ਲਿਆ, ਮਹਾਰਾਜ ਨੇ ਕਿਹਾ - 'ਕਹੁ ਵਾਹਿਗੁਰੂ' ਵਾਹਿਗੁਰੂ ਕਿਹਾ ਬੇਸੁਧ ਹੋ ਗਿਆ ਕਹਿੰਦੇ ਸਾਰ। ਨੇਤਰ ਬੰਦ ਹੋ ਗਏ, ਤਿੰਨ ਵਾਰੀ ਕਹਾਇਆ। ਸੁੱਧ ਬੁੱਧ ਭੁੱਲ ਗਈ, ਕਿਸੇ ਹੋਰ ਹੀ ਦੁਨੀਆਂ 'ਚ ਚਲਿਆ ਗਿਆ। ਅੱਖ ਖੁੱਲ੍ਹ ਗਈ, ਜਿਹਨੂੰ ਮਹਾਰਾਜ ਕਹਿੰਦੇ ਨੇ -

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***

*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* **ਅੰਗ- 407**

ਘਟ-ਘਟ ਦੇ ਵਿਚ ਵਿਆਪਕ ਪ੍ਰਮੇਸ਼ਰ ਦੇ ਦਰਸ਼ਨ ਹੋ ਰਹੇ ਨੇ, ਆਪਣੇ ਸਾਲਗ੍ਰਾਮ ਵਲ ਦੇਖਦਾ ਹੈ ਉਹਦੇ ਵਿਚ ਵੀ ਓਹੀ, ਜਿਧਰ ਦੇਖਦਾ ਹੈ ਓਧਰ ਓਹੀ ਹੈ, ਕੋਈ ਥਾਂ ਨਹੀਂ ਹੈ ਜਿਥੇ ਉਹ ਨਹੀਂ ਦਿਸਦਾ -

*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥* **ਅੰਗ- 294**

ਹਵਾ 'ਚ ਵੀ ਨਜ਼ਰ ਆਉਂਦਾ ਹੈ, ਪਾਣੀ 'ਚ ਵੀ ਨਜ਼ਰ ਆਉਂਦਾ ਹੈ। ਜੋਤੀ ਦਾ ਪ੍ਰਕਾਸ਼ ਹੋ ਗਿਆ, ਬੱਜਰ ਕਪਾਟ ਖੁੱਲ੍ਹ ਗਏ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
**ਅੰਗ - 954**

ਉਸ ਵੇਲੇ ਅਵਸਥਾ ਉਹਦੀ ਜਿਸ ਤਰ੍ਹਾਂ ਕਬੀਰ ਸਾਹਿਬ ਨੇ ਵਰਣਨ ਕਰੀ ਹੈ ਉਸ ਤਰ੍ਹਾਂ ਦੀ ਹੋ ਗਈ -

*ਧਾਰਨਾ - ਗੁਰਾਂ ਨੇ ਮੇਰੇ ੳ ਬਾਣ ਮਾਰਿਆ,*
*ਮੇਰੇ ਪੈ ਗਿਆ ਕਲੇਜੇ ਛੇਕ।*
*ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ ॥*
**ਅੰਗ - 1374**

ਸ਼ਬਦ ਦਾ ਬਾਣ, ਐਸਾ ਮਹਾਰਾਜ ਨੇ ਸ਼ਕਤੀਸ਼ਾਲੀ ਮਾਰਿਆ, ਸ਼ੁੱਧ ਬੁੱਧ ਭੁੱਲ ਗਈ, ਬਦਲ ਗਿਆ ਉਹ ਪੰਡਤ। ਸਾਲਗ੍ਰਾਮ ਦੇ ਦਰਸ਼ਨ ਹੋ ਗਏ ਜੋ ਘਟ-ਘਟ ਦੇ ਵਿਚ ਵਿਆਪਕ, ਹਰ ਥਾਂ, ਕੋਈ ਥਾਂ ਐਸਾ ਨਹੀਂ ਜਿੱਥੇ ਉਹ ਨਾ ਹੋਵੇ। ਗੱਲ ਸਮਝ 'ਚ ਆ ਗਈ, ਕ੍ਰਿਤ-ਕ੍ਰਿਤ ਹੋ ਗਿਆ। ਨਮਸ਼ਕਾਰਾਂ ਕਰੀ ਜਾਂਦਾ ਹੈ ਤੇ ਆਵਾਜ਼ ਦੇ-ਦੇ ਕੇ ਕਹਿੰਦਾ ਹੈ ਕਿ ਮੇਰੇ ਸੁੱਤੇ ਭਾਗ ਜਾਗ ਪਏ, ਮੈਨੂੰ ਪੂਰੇ ਗੁਰੂ ਦਾ ਮੇਲਾ ਹੋ ਗਿਆ। ਗੁਰਸਿੱਖੀ ਦੇ ਅੰਦਰ ਜੀਵਨ ਬਤੀਤ ਕਰਿਆ।

ਧੰਨ ਹੈ ਸਾਧਸੰਗਤ ਜੀ ਉਹ। ਬਚਨ ਓਹੀ ਆਪਾਂ ਕਰੇ ਨੇ, ਓਹੀ ਬਾਣੀ ਜਿਹੜੇ ਸ਼ਬਦ ਮਹਾਰਾਜ ਨੇ ਉਸ ਦੇ ਪ੍ਰਥਾਇ ਬੋਲੇ ਸੀ, ਓਹੀ ਆਪਾਂ ਵਿਚਾਰ ਕਰੇ ਨੇ। ਲੇਕਿਨ ਅਸੀਂ ਬਹੁਤ ਤਕੜੇ ਹਾਂ, ਸਾਡੇ ਬੁਲਟ ਪਰੂਫ ਜੈਕਟ ਪਾਈ ਹੋਈ ਹੈ, ਸਾਡੇ 'ਤੇ ਤਾਂ ਉਪਦੇਸ਼ ਕੋਈ ਅਸਰ ਹੀ ਨਹੀਂ ਕਰ ਸਕਦਾ। ਉਥੇ ਦੇ ਉਥੇ ਰਹਿੰਦੇ ਹਾਂ, ਸੁਣਦੇ ਵੀ ਹਾਂ ਸਭ ਕੁਛ ਕਰਦੇ ਹਾਂ ਲੇਕਿਨ ਇਕ ਗੱਲ 'ਤੇ ਨਿਹਚਾ ਸਾਡਾ ਬੱਝਦਾ ਹੀ ਨਹੀਂ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ। ਕੋਈ ਉਸ ਤੋਂ ਬਗੈਰ ਹੋਰ ਹੈ ਨਹੀਂ। ਆਹ ਗੱਲ ਨਹੀਂ ਆਉਂਦੀ। ਜਿੰਨਾਂ ਚਿਰ ਇਹ ਗੱਲ ਨਹੀਂ ਆਉਂਦੀ ਓਨਾਂ ਚਿਰ ਸਾਨੂੰ ਕੁਛ ਪ੍ਰਾਪਤ ਨਹੀਂ ਹੁੰਦਾ, ਜਿਹਦੇ ਅੰਦਰ, ਭਾਗਾਂ ਵਾਲੇ ਦੇ ਬੈਠ ਜਾਵੇ, ਮਹਾਰਾਜ ਕਹਿੰਦੇ -

*ਮੰਨੇ ਕੀ ਗਤਿ ਕਹੀ ਨ ਜਾਇ ॥*

*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥* *ਅੰਗ - 3*

ਨਾਮ ਦੀ ਪ੍ਰਾਪਤੀ ਜਿਸਨੂੰ ਕਹਿੰਦੇ ਨੇ, ਉਹ ਇਸ ਅਨੁਭਵ ਦੀ ਪ੍ਰਾਪਤੀ ਹੈ, ਜਦੋਂ ਹਰ ਵਕਤ ਗਿਆਨ ਦ੍ਰਿਸ਼ਟੀ ਦਾ ਪ੍ਰਕਾਸ਼ ਆਦਮੀ ਦੇ ਅੰਦਰ ਰਹਿੰਦਾ ਹੈ। ਉਥੇ ਨਾ ਹਉਮੈ ਪਹੁੰਚਦੀ ਹੈ, ਨਾ ਉਥੇ ਕੋਈ ਹੋਰ ਚੀਜ਼ ਪਹੁੰਚਦੀ ਹੈ, ਉਥੇ ਆਪਣੇ ਸਰੂਪ ਦਾ ਤੱਤ ਗਿਆਨ ਹੁੰਦਾ ਹੈ ਤੇ ਉਹਨੇ ਆਪਣੇ ਜੀਵਨ ਦਾ ਜੋ ਮਨੋਰਥ ਹੈ ਉਹ ਪੂਰਾ ਕਰ ਲਿਆ ਹੁੰਦਾ ਹੈ। ਸੋ ਇਸ ਤਰ੍ਹਾਂ ਮੈਂ ਬੇਨਤੀ ਕੀਤੀ ਸੀ ਕਿ ਜੀਵਨ ਮਨੋਰਥ ਸਾਡੇ ਵੱਖਰੇ-ਵੱਖਰੇ ਨੇ। ਕੋਈ ਧਨ ਦੇ ਵਿਚੋਂ ਸੁਖ ਚਾਹੁੰਦਾ ਹੈ, ਕੋਈ ਭੋਗਾਂ ਦੇ ਵਿਚੋਂ ਚਾਹੁੰਦਾ ਹੈ, ਕੋਈ ਰਾਜਸੀ ਸ਼ਕਤੀ 'ਚੋਂ ਚਾਹੁੰਦਾ ਹੈ ਲੇਕਿਨ ਮਹਾਰਾਜ ਕਹਿੰਦੇ ਜਿਹੜਾ ਸੁਖ ਹੈ, ਜਦੋਂ ਤਕ ਆਪਣੇ ਸਰੂਪ ਦਾ ਗਿਆਨ ਹੋ ਕੇ ਹਨ੍ਹੇਰਾ ਦੂਰ ਨਹੀਂ ਹੁੰਦਾ, ਓਨਾਂ ਚਿਰ ਸੁੱਖ ਨਹੀਂ ਪ੍ਰਾਪਤ ਹੁੰਦਾ। ਜਦੋਂ ਹਨ੍ਹੇਰਾ ਦੂਰ ਹੋ ਗਿਆ, ਸਰੂਪ ਪ੍ਰਤੱਖ ਹੋ ਗਿਆ, ਉਸ ਵੇਲੇ ਫੇਰ ਸਾਰੇ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਤੇ ਸੁੱਖ ਹੀ ਸੁੱਖ ਪ੍ਰਾਪਤ ਹੋ ਜਾਇਆ ਕਰਦੇ ਨੇ। ਸੋ ਸਾਡਾ ਜੋ ਸਿਧਾਂਤ ਹੈ ਗੁਰੂ ਘਰ ਦਾ ਉਹ ਹੈ -

*ਏਕੋ ਬ੍ਰਹਮੁ ਦੁਤੀਯ ਨਾਸਤਿ॥*

ਇਕ ਪ੍ਰਮੇਸ਼ਰ ਹੀ ਹੈ ਇਥੇ ਦੂਜਾ ਕੋਈ ਹੈ ਨਹੀਂ। ਉਸ ਦੀ ਪ੍ਰਾਪਤੀ ਵਾਸਤੇ ਭਗਤੀ ਦਾ ਸਾਧਨ ਹੈ, ਗੱਲਾਂ ਨਾਲ ਉਥੇ ਪਹੁੰਚ ਨਹੀਂ ਸਕਦਾ। ਹੌਲੀ-ਹੌਲੀ ਸਤਿਸੰਗ ਕਰਨਾ, ਸੇਵਾ ਕਰਨੀ, ਸਿਮਰਨ ਕਰਨਾ, ਦਾਨ ਦੇਣਾ, ਥੋੜ੍ਹਾ-ਥੋੜ੍ਹਾ ਮਾਇਆ ਨਾਲੋਂ ਪਿੱਛੇ ਹਟ ਕੇ ਪ੍ਰਮੇਸ਼ਰ ਵਲ ਨੂੰ ਵਧਦੇ ਜਾਣਾ, ਏਧਰੋਂ ਮਨ ਖਿੱਚ ਲੈਣਾ, ਓਧਰ ਵਧਾ ਲੈਣਾ, ਕਰਦੇ-ਕਰਦੇ ਹੌਲੀ-ਹੌਲੀ ਗੁਰੂ ਦੀ ਕ੍ਰਿਪਾ ਹੋ ਜਾਂਦੀ ਹੈ, ਸੰਗਤ ਦੇ ਵਿਚ ਆ ਕੇ, ਸੰਗਤ ਦਾ ਪੁੰਨ ਜਿਹੜਾ ਹੈ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - 546*

ਇਹ ਪੁੰਨ ਦੀ ਪ੍ਰਾਪਤੀ ਹੋਣ ਦੇ ਨਾਲ ਸਾਡੇ ਫੇਰ ਭਾਗ ਜਾਗ ਪਿਆ ਕਰਦੇ ਨੇ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥* *ਅੰਗ - 204*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ-

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

# 5

## ਬਾਬਾ ਏਹੁ ਲੇਖਾ ਲਿਖਿ ਜਾਣੁ

ਸ਼ਾਨ..........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਰਾਖੋ ਰਾਖਨਹਾਰ ਦਇਆਲਾ,*
*ਨਾਨਕ ਘਰ ਕੇ ਗੋਲੇ ਜੀ।*

*ਤੁਮ ਦਾਤੇ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥1॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥ 1 ॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥ 2 ॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥*

*ਅੰਗ - 674*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਚੱਲ ਕੇ ਟਰਾਲੀਆਂ-ਟਰੱਕਾਂ, ਬੱਸਾਂ, ਸਕੂਟਰਾਂ ਤੇ ਹੋਰ ਅਨੇਕਾਂ ਸਾਧਨਾਂ ਦੇ ਰਾਹੀਂ ਏਸ ਅਸਥਾਨ ਵਿਚ ਆ

ਪਹੁੰਚੇ ਹੋਂ। **ਗੁਰੂ ਨਾਨਕ ਪਾਤਸ਼ਾਹ ਦਾ ਪ੍ਰਕਾਸ਼ ਉਤਸਵ ਮਨਾਉਣ ਵਾਸਤੇ, ਸ਼ਰਧਾ ਤੇ ਭਾਵਨਾ ਨਾਲ ਪਹੁੰਚੇ ਹੋਂ। ਇਕ-ਇਕ ਕਦਮ ਦਾ ਫਲ, ਇਕ-ਇਕ ਯੱਗ ਦੇ ਬਰਾਬਰ ਹੋਇਆ ਕਰਦਾ ਹੈ। ਚਿਤ ਲਾ ਕੇ ਸਰਵਣ ਕਰੋ, ਫੇਰ ਸਮਝੋ ਤੇ ਜ਼ੁਬਾਨ ਦੇ ਨਾਲ ਗਾਵੋ, ਫੇਰ ਉਸ ਨੂੰ ਮੰਨੋ, ਮਹਾਰਾਜ ਕਹਿੰਦੇ -**

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਕਈ ਕਰੋੜ ਯੱਗਾਂ ਦਾ ਫਲ ਮਿਲਦਾ ਹੈ ਜੇ ਲੇਖੇ ਵਿਚ ਤੁਹਾਡਾ ਗਾਉਣਾ ਤੇ ਸੁਣਨਾ ਪੈ ਜਾਵੇਗਾ। ਲੇਖੇ 'ਚ ਕਦੋਂ ਪੈਂਦਾ ਹੈ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥***

***ਅੰਗ - 669***

ਉਹਦਾ ਥਾਂ ਪੈਂਦਾ ਹੈ, ਜਿਹੜਾ ਗੁਰੂ ਦੀ ਆਗਿਆ ਨੂੰ ਮੰਨ ਲੈਂਦਾ ਹੈ। ਮੰਨਣ ਤੋਂ ਬਾਅਦ ਫੇਰ ਜੀਵਨ ਵਿਚ ਲੈ ਆਉਂਦਾ ਹੈ।

ਸੋ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਸਮਾਂ ਹੋਏ ਨੂੰ 500, ਸਵਾ 500 ਸਾਲ ਬੀਤੇ ਹਨ। ਜਿਉਂ-ਜਿਉਂ ਸਮਾਂ ਬੀਤਦਾ ਜਾਂਦਾ ਹੈ, ਹਰ ਬੰਦਾ ਕਹਿੰਦਾ ਹੈ ਕਿ ਜਦ ਮੈਂ ਬਚਪਨ 'ਚ ਸੀ, ਸਮਾਂ ਬੜਾ ਚੰਗਾ ਸੀ। ਹੁਣ ਮੈਂ ਵੱਡੀ ਉਮਰ 'ਚ ਆ ਗਿਆ, ਸਮੇਂ ਨੂੰ ਕੀ ਹੋ ਗਿਆ? ਓਦੋਂ ਤਾਂ ਲੋਕ ਹੋਰ ਤਰ੍ਹਾਂ ਦੇ ਸੀ, ਹੁਣ ਹੋਰ ਤਰ੍ਹਾਂ ਦੇ ਹੁੰਦੇ ਜਾਂਦੇ ਨੇ, ਆਹ ਮੇਰੇ ਦੇਖਦੇ-ਦੇਖਦੇ ਸਮਾਂ ਬਦਲ ਗਿਆ। ਉਹ ਕਦਰਾਂ-ਕੀਮਤਾਂ ਵੀ ਯਾਦ ਨੇ, ਜਿਨ੍ਹਾਂ ਦੇ ਵਿਚ ਬੰਦੇ ਕਿਸੇ ਅਨੁਸ਼ਾਸਨ ਦੇ ਵਿਚ ਹੋਇਆ ਕਰਦੇ ਸੀ। ਅੱਜ ਦਾ ਵੀ ਸਮਾਂ ਹੈ, ਜੇ ਕੋਈ 100 ਸਾਲ ਤੋਂ ਪਹਿਲਾਂ ਦਾ ਬਜ਼ੁਰਗ ਆ ਜਾਵੇ, ਉਹ ਕਹੇਗਾ ਕਿ ਹੋ ਕੀ ਗਿਆ ਹੈ ਸਮੇਂ ਨੂੰ? ਸਮਾਂ ਬਦਲਦਾ ਤੁਰਿਆ ਜਾਂਦਾ ਹੈ, ਹਾਲਾਤ ਇਸਨੂੰ ਬਦਲਾਂਦੇ ਜਾਂਦੇ ਹਨ। ਵਾਹਿਗੁਰੂ ਜੀ ਦੀ ਜੋ ਕੁਦਰਤ ਹੈ, ਉਹਦਾ ਜੋ ਪ੍ਰਭਾਵ ਹੈ, ਜਿਹਨੂੰ environment (ਵਾਤਾਵਰਣ) ਕਹਿੰਦੇ ਨੇ, ਇਹ ਆਦਮੀ ਦੇ ਮਨ ਨੂੰ ਬਦਲਾਉਂਦੀਆਂ ਨੇ। ਇਕ ਥਾਂ ਨਹੀਂ ਰਹਿਣ ਦਿੰਦੀਆਂ, ਕਦੇ ਚੰਗਾ ਵੀ ਆ ਜਾਂਦਾ ਹੈ, ਕਦੇ ਬਹੁਤ ਮਾੜਾ ਆ ਜਾਂਦਾ ਹੈ। ਕਦੇ ਸੋਝੀ ਵਾਲਾ ਵੀ ਆ ਜਾਂਦਾ ਹੈ, ਕਦੇ ਬਿਲਕੁਲ ਅੰਧਕਾਰ ਦਾ ਵੀ ਸਮਾਂ ਆ ਜਾਂਦਾ ਹੈ, ਇਹ ਲਹਿਰਾਂ ਚਲਦੀਆਂ ਨੇ। 20-20 ਸਾਲ, 30-30 ਸਾਲ, 50-50 ਸਾਲ, 100-100 ਸਾਲ ਦੀ ਲਹਿਰ ਹੁੰਦੀ ਹੈ। ਹਜ਼ਾਰ ਸਾਲ ਦੀ ਵੀ ਹੁੰਦੀ ਹੈ, ਬਦਲ ਜਾਇਆ ਕਰਦਾ ਹੈ ਸਮਾਂ। 5000 ਸਾਲ ਤੋਂ ਪਹਿਲਾਂ ਜਿਹੜਾ ਸਮਾਂ ਸੀ, ਉਹਦੇ 'ਚ ਪੁਰਸ਼ ਸਤਿਵਾਦੀ ਹੋਇਆ ਕਰਦੇ ਸੀ, ਬਚਨ ਕਰ ਲੈਣਾ, ਭੀਸ਼ਮ ਪਿਤਾਮਾ ਨੇ ਬਚਨ ਕਰ ਲਿਆ ਕਿ ਮੈਂ ਸਾਰੀ ਜ਼ਿੰਦਗੀ ਸ਼ਾਦੀ ਨਹੀਂ ਕਰਾਉਣੀ, ਬਾਲ ਬ੍ਰਹਮਚਾਰੀ ਰਹਾਂਗਾ, ਬੜਾ ਮਜ਼ਬੂਰ ਕਰਿਆ ਉਸਨੂੰ, ਇਥੇ ਤਕ

ਇਕ ਲੜਕੀ ਆਈ ਕਿ ਜੇ ਤੂੰ ਮੇਰੇ ਨਾਲ ਸ਼ਾਦੀ ਨਾ ਕਰੀ ਤਾਂ ਮੈਂ ਤੇਰੇ ਤੋਂ ਬਦਲਾ ਲਵਾਂਗਾ ਕਿਉਂਕਿ ਮੈਂ ਤੈਨੂੰ ਪਤੀ ਬਣਾ ਲਿਆ, ਤੂੰ ਮੈਨੂੰ ਮੰਨਦਾ ਨਹੀਂ ਹੈ। ਉਹ ਕਹਿਣ ਲੱਗਿਆ, ਮੈਂ ਬਚਨ ਲਿਆ ਹੋਇਆ ਹੈ ਕਿ ਮੈਂ ਬ੍ਰਹਮਚਾਰੀ ਰਹਿਣਾ ਹੈ। ਇਸ ਕਰਕੇ ਮੈਂ ਸ਼ਾਦੀ ਨਹੀਂ ਕਰਨੀ। ਉਹ ਮਰ ਜਾਂਦੀ ਹੈ, ਮਰਨ ਤੋਂ ਬਾਅਦ ਉਸਦਾ ਦੁਬਾਰਾ ਜਨਮ ਹੁੰਦਾ ਹੈ। ਇਨ੍ਹਾਂ ਨੂੰ ਪਤਾ ਸੀ ਕਿ ਇਹ ਓਹੀ ਲੜਕੀ ਹੈ, ਜਦੋਂ ਅਰਜਨ ਦੇ ਰਥ ਦੇ ਵਿਚ ਆ ਕੇ ਘੋੜੇ ਹੱਕਣ ਲਗਦਾ ਹੈ, ਦੂਸਰੇ ਜਨਮ ਵਿਚ ਸ਼ਿਖੰਡੀ ਜਿਸਦਾ ਨਾਮ ਸੀ, ਉਸ ਵੇਲੇ ਦਰੋਣਾਚਾਰੀਆਂ ਨੇ ਪ੍ਰਣ ਕੀਤਾ ਹੋਇਆ ਸੀ ਕਿ ਮੈਂ ਕਦੇ ਵੀ ਇਸਤ੍ਰੀ ਉਤੇ ਵਾਰ ਨਹੀਂ ਕਰਨਾ, ਉਨ੍ਹਾਂ ਦਿਨਾਂ 'ਚ ਕਰਦਾ ਹੀ ਨਹੀਂ ਸੀ ਕੋਈ ਵਾਰ। ਇਸਤ੍ਰੀ, ਬੱਚਾ, ਬੁੱਢਾ ਤਿੰਨਾਂ ਤੇ ਨਹੀਂ ਸੀ ਕੋਈ ਵਾਰ ਕਰਦਾ। ਬਿਮਾਰ 'ਤੇ ਵਾਰ ਨਹੀਂ ਸੀ ਕਰਦਾ ਕਿਉਂਕਿ ਉਹ ਕਲਚਰ ਫੇਰ ਵੀ ਬਹੁਤ ਉੱਚੀ ਸੀ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਇਕ ਵਾਰੀ ਸਿੱਖਾਂ ਨੂੰ ਕਿਹਾ ਸੀ ਕਿ ਦੇਖੋ, ਜੇ ਤੁਸੀਂ ਆਪਣਾ ਤਪ ਤੇਜ਼ ਕਾਇਮ ਕਰਨਾ ਹੈ, ਯੁੱਧ ਜੰਗ ਹੁੰਦੇ ਨੇ, ਇਹ ਡਾਕਟਰ ਵਾਂਗੂੰ ਨੇ, ਜਿਵੇਂ ਫੋੜਾ ਹੋ ਜਾਂਦਾ ਹੈ, ਡਾਕਟਰ ਨਸ਼ਤਰ ਨਾਲ ਫੋੜਾ ਕੱਢ ਦਿੰਦਾ ਹੈ। ਇਹ ਸਮਾਜ 'ਚੋਂ ਬੁਰਿਆਈਆਂ ਕੱਢਣ ਵਾਸਤੇ ਨੇ ਪਰ ਇਹਦੇ 'ਚ ਕੁਛ ਗੱਲਾਂ ਦਾ ਧਿਆਨ ਰੱਖਿਓ। ਇਕ ਤਾਂ ਬੁੱਢੇ ਉਤੇ ਤੁਸੀਂ ਵਾਰ ਨਹੀਂ ਕਰਨਾ, ਦੂਸਰਾ ਇਸਤ੍ਰੀ 'ਤੇ ਵਾਰ ਨਹੀਂ ਕਰਨਾ, ਤੀਸਰਾ ਬੱਚੇ 'ਤੇ ਨਹੀਂ ਕਰਨਾ। ਚੌਥਾ ਜੇ ਕੋਈ ਬੀਮਾਰ ਹੋ ਜਾਵੇ ਤਾਂ ਨਹੀਂ ਕਰਨਾ। ਪੰਜਵਾਂ ਜੇ ਕੋਈ ਹੱਥ ਬੰਨ੍ਹ ਕੇ ਸ਼ਰਨ ਮੰਗ ਲਵੇ ਕਿ ਮੈਂ ਤੇਰੀ ਸ਼ਰਨ ਹਾਂ, ਉਸ 'ਤੇ ਵਾਰ ਨਹੀਂ ਕਰਨਾ। ਛੇਵਾਂ ਨਿਸ਼ਸਤਰੇ 'ਤੇ ਨਹੀਂ ਕਰਨਾ, ਜੇ ਦੁਸ਼ਮਣ ਮਿਲ ਜਾਵੇ ਤੇ ਉਹਦੇ ਕੋਲ ਸ਼ਸਤਰ ਕੋਈ ਨਾ ਹੋਵੇ, ਫੇਰ ਨਹੀਂ ਵਾਰ ਕਰਨਾ। ਐਸਾ ਵੀ ਹੋਇਆ ਹੈ ਕਿ ਆਪਣੀ ਜਿਹੜੀ ਵਾਧੂ ਤਲਵਾਰ ਹੁੰਦੀ, ਜਿਹੜੇ ਵੱਡੇ-ਵੱਡੇ ਯੋਧੇ ਹੁੰਦੇ, ਉਹ ਕੱਢ ਕੇ ਦੇ ਦਿੰਦੇ ਸੀ ਕਿ ਖਾਲੀ ਹੱਥ ਹੋ ਗਿਆ ਤੂੰ, ਆਹ ਫੜ ਮੇਰੀ ਤਲਵਾਰ। ਮੈਂ ਤੇਰੇ 'ਤੇ ਖਾਲੀ ਹੱਥ ਵਾਰ ਨਹੀਂ ਕਰਨਾ। ਮਹਾਰਾਜ ਕਹਿੰਦੇ, ਇਹ ਵੀ ਨਹੀਂ ਕਰਨਾ। ਇੱਕ ਘਾਤ ਲਾ ਕੇ ਵਾਰ ਨਹੀਂ ਕਰਨਾ, ਦੱਸ ਕੇ ਕਰਨਾ ਹੈ ਅਗਲੇ ਨੂੰ ਕਿ ਮੈਂ ਇਸ ਤਰ੍ਹਾਂ ਕਰਾਂਗਾ। ਇਕ ਨੱਠੇ ਜਾਂਦੇ ਦੁਸ਼ਮਣ 'ਤੇ ਵਾਰ ਨਹੀਂ ਕਰਨਾ। ਇਹ ਸੱਤ-ਅੱਠ ਜੇ ਤੁਸੀਂ ਨਾ ਕਰੀਆਂ ਤਾਂ ਤੁਹਾਡਾ ਤਪ ਤੇਜ਼ ਬਹੁਤ ਵਧਿਆ ਰਹੇਗਾ। ਸੋ ਸਮਾਂ ਹੁੰਦਾ ਹੈ।

ਉਹ ਕਹਿਣ ਲੱਗਿਆ, ਮੈਂ ਵਾਰ ਨਹੀਂ ਕਰਨਾ। ਨਤੀਜਾ ਕੀ ਹੋਇਆ, ਸਾਰਾ ਸਰੀਰ ਬਾਣਾਂ ਦੇ ਨਾਲ ਛਲਣੀ-ਛਲਣੀ ਹੋ ਗਿਆ। ਇਸ ਤਰ੍ਹਾਂ ਹੋ ਗਿਆ ਜਿਵੇਂ ਇਕ ਸੇਜਾ ਹੁੰਦੀ ਹੈ, ਉਹਦੇ ਉਤੇ ਹੀ ਲੰਮਾ ਪਿਆ ਰਿਹਾ ਉਹ। ਕਈ ਮਹੀਨੇ ਪਿਆ ਰਿਹਾ। ਇਸ ਤਰ੍ਹਾਂ ਉਹ ਸਤਿਵਾਦੀ ਹੁੰਦੇ, ਝੂਠ ਨਹੀਂ ਸੀ ਬੋਲਿਆ ਕਰਦੇ। ਜੋ ਬਚਨ ਕਰ ਲੈਂਦੇ ਸੀ ਉਸੇ ਤਰ੍ਹਾਂ ਰਹਿੰਦੇ ਸੀ। ਇਹ ਸਮੇਂ ਨੇ ਬਦਲਾ ਖਾਧਾ, ਨਾਸਤਕਤਾ ਆ ਗਈ ਇਥੇ,

ਬੇਅੰਤ ਕਿਸਮ ਦੇ ਖਿਆਲ ਚੱਲ ਪਏ। ਦੁਨੀਆਂ ਉਲਝ ਗਈ, ਹਨ੍ਹੇਰੇ ਵਿਚ ਫਸ ਗਈ, ਇਸ ਤੋਂ ਵੀ ਉਪਰ ਜਿਹੜੇ ਰਾਜੇ ਸੀ ਉਸ ਸਮੇਂ ਦੇ ਸ਼ਾਸਕ ਸੀ, ਜਿਨ੍ਹਾਂ ਦੇ ਕੋਲ ਰਾਜਸੀ ਸ਼ਕਤੀ ਸੀ, ਗੁਰੂ ਨਾਨਕ ਤੱਕ ਪਹੁੰਚਦੇ-ਪਹੁੰਚਦੇ ਉਹ ਬਿਲਕੁਲ ਗੁਰੂ ਨਾਨਕ ਜੀ ਕਹਿੰਦੇ ਕਿ ਉਹ ਬਘਿਆੜਾਂ ਵਰਗੇ ਹੋ ਗਏ। ਰਾਜਾ ਜਿਹੜਾ ਸੀ ਉਹ ਸ਼ੇਰ ਵਰਗਾ ਹੋ ਗਿਆ। ਸ਼ੇਰ ਨੇ ਮਾਲ ਮਾਰ ਦੇਣਾ, ਖਾ ਜਾਣਾ, ਪਿਛੋਂ ਇਨ੍ਹਾਂ ਬਘਿਆੜਾਂ ਤੇ ਕੁੱਤਿਆਂ ਨੇ ਆ ਕੇ ਉਸੇ ਮੁਰਦੇ ਨੂੰ ਚੱਟਣਾ। ਕਹਿੰਦੇ, ਆਹ ਸੀ ਪਰਜਾ ਦੀ ਹਾਲਤ ਉਸ ਵੇਲੇ।

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥***

***ਅੰਗ - 145***

ਕਲਜੁਗ ਦੇ ਜਿਹੜੇ ਰਾਜੇ ਸੀ ਉਹ ਕੈਂਚੀ ਵਰਗੇ ਹੋ ਗਏ, ਉਨ੍ਹਾਂ ਨੇ ਬਚਾਉਣਾ ਨਹੀਂ ਕਿਸੇ ਨੂੰ ਮਾਰਨਾ ਹੀ ਮਾਰਨਾ ਹੈ, ਬਚਾਉਣ ਦੀ ਗੱਲ ਸੋਚਣੀ ਨਹੀਂ ਕਿ ਬਚਾ ਵੀ ਦੇਈਏ। ਕੋਈ ਤਰੀਕਾ ਸੋਚੀਏ, ਜਿਹਦੇ ਨਾਲ ਇਹ ਨਾ ਮਰੇ। ਕਹਿੰਦੇ, ਕੈਂਚੀ ਵਾਂਗਣ ਪਾੜ ਦਿਤੀ ਇਨ੍ਹਾਂ ਨੇ ਜਨਤਾ। ਕੁਛ ਮੁਸਲਮਾਨ ਹੋ ਗਏ, ਕੁਛ ਹਿੰਦੂ ਹੋ ਗਏ, ਕੁਛ ਹੋਰ ਹੋ ਗਏ। ਕਲਜੁਗ ਕੈਂਚੀ, ਰਾਜੇ ਉਹਦੇ ਵਿਚ ਕਸਾਈ ਬਣ ਗਏ। ਕਸਾਈ ਜਿਹੜਾ ਹੈ ਉਹਦਾ ਕੰਮ ਹੀ ਮਾਰਨਾ ਹੁੰਦਾ ਹੈ। 'ਧਰਮੁ ਪੰਖ ਕਰਿ ਉਡਰਿਆ' ਜਿਹੜੀ ਧਰਮ ਦੀ ਗੱਲ ਸੀ, ਨਾ ਦਇਆ ਰਹੀ, ਨਾ ਖਿਮਾ ਰਹੀ, ਨਾ ਧੀਰਜ ਰਹੀ, ਨਾ ਸਤਿ ਦਾ ਜੀਵਨ ਰਿਹਾ, ਨਾ ਮਨ ਵਿਚ ਸੰਤੋਖ ਰਿਹਾ। ਤ੍ਰਿਸ਼ਨਾ ਦੀ ਅੱਗ ਭੜਕ ਉੱਠੀ ਤੇ ਨਾ ਬ੍ਰਹਮਚਰੀਯ ਰਿਹਾ। ਚਰਿੱਤਰ ਗਿਰ ਗਿਆ ਆਦਮੀਆਂ ਦਾ। ਇਸਤ੍ਰੀ ਤੇ ਪੁਰਖ ਦਾ ਕੋਈ ਸਾਥ ਨਾ ਰਿਹਾ, ਪੈਸੇ ਦਾ ਰਹਿ ਗਿਆ। ਪੈਸਾ ਲਿਆਉਂਦਾ ਹੈ ਤਾਂ ਸਾਥ ਨਿਭਦਾ ਹੈ, ਜੇ ਪੈਸਾ ਨਹੀਂ ਲਿਆਉਂਦਾ ਤਾਂ ਕੋਈ ਹਮਦਰਦੀ ਨਹੀਂ ਹੈ। ਗੁਰੂ ਜੀ ਦਸਦੇ ਹਨ -

***ਰਾਜੇ ਸੀਹ ਮੁਕਦਮ ਕੁਤੇ ॥***
***ਜਾਇ ਜਗਾਇਨਿ੍ ਬੈਠੇ ਸੁਤੇ ॥***
***ਚਾਕਰ ਨਹਦਾ ਪਾਇਨਿ੍ ਘਾਉ ॥***
***ਰਤੁ ਪਿਤੁ ਕੁਤਿਹੋ ਚਟਿ ਜਾਹੁ ॥***
***ਜਿਥੈ ਜੀਆਂ ਹੋਸੀ ਸਾਰ ॥***
***ਨਕੀਂ ਵਢੀਂ ਲਾਇਤਬਾਰ ॥ 2 ॥*** ***ਅੰਗ - 1288***

ਕਹਿੰਦੇ ਮੁਕਦਮ ਕੁੱਤੇ ਬਣ ਗਏ। ਪਰਜਾ ਦਾ ਖੂਨ ਚੂਸਦੇ ਨੇ, ਚੱਟਦੇ ਨੇ। ਕੁੱਤੇ ਮੂੰਹੀਂ ਕਲਜੁਗ ਆ ਗਿਆ, ਮੁਰਦਾਰ ਖਾਜਾ ਹੋ ਗਿਆ। ਵਾੜ ਖੇਤ ਨੂੰ ਖਾਣ ਲੱਗ ਗਈ। ਵਾੜ ਦਾ ਕੰਮ ਹੁੰਦਾ ਹੈ ਖੇਤ ਦੀ ਰਾਖੀ ਕਰਨੀ।

***ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।***
***ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।***

***ਭਾਈ ਗੁਰਦਾਸ ਜੀ, ਵਾਰ 1/30***

ਕ੍ਰਿਸ਼ਨ ਮਹਾਰਾਜ ਇਕ ਦਿਨ ਪਾਂਡਵਾਂ 'ਚ ਬੈਠੇ ਨੇ ਕਹਿਣ ਲੱਗੇ ਕਿ ਕਲਜੁਗ ਆ ਗਿਆ। ਕਲਜੁਗ ਦਾ ਨਾਉਂ ਸੁਣ ਕੇ ਹੀ ਡਰ ਗਏ ਸਾਰੇ। ਕਿਉਂਕਿ ਉਹਦੇ ਬਾਰੇ ਸ਼ਾਸਤਰਾਂ 'ਚ ਲਿਖਿਆ ਹੋਇਆ ਸੀ ਕਿ ਕਲਜੁਗ ਦਾ ਜਿਹੜਾ ਜਨਮ ਹੈ ਉਹ ਚੰਡਾਲ ਦੇ ਘਰ ਹੋਣਾ ਹੈ ਤੇ ਸਾਰੀ ਉੱਚੀ ਮਰਿਆਦਾ ਨੇ ਗਿਰ ਕੇ ਉਹਦੀ ਮਰਿਆਦਾ ਦੇ ਨਾਲ ਮਿਲ ਜਾਣਾ ਹੈ। ਆਪਣਾ ਸਾਰਾ ਸੁਭਾਅ ਛੱਡ ਦੇਣਾ ਹੈ –

***ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਅੰਗ – 161***

ਫੇਰ ਇਸ ਕਲਜੁਗ ਨੇ ਕਰਮ, ਧਰਮ, ਬੋਲ, ਬਾਣੀ, ਬਚਨ, ਆਦਮੀ ਦਾ ਨਿੱਜੀ ਚਰਿੱਤਰ, ਰਾਜ ਦਾ ਚਰਿੱਤਰ, ਸਮਾਜ ਦਾ ਚਰਿੱਤਰ ਜ਼ੀਰੋ 'ਤੇ ਲੈ ਜਾਣਾ ਹੈ। ਨਾ ਅਸਲੀ ਦਵਾਈਆਂ ਮਿਲਣੀਆਂ ਨੇ, ਨਾ ਖਾਣ ਨੂੰ ਕੋਈ ਅਸਲੀ ਚੀਜ਼ ਮਿਲਣੀ ਹੈ, ਸਾਰੇ ਪੈਸਾ ਹੀ ਪੈਸਾ, ਦੁਨੀਆਂ ਚਾਹੇ ਸਾਰੀ ਮਰ ਜਾਏ, ਆਹ ਕੀ ਹੈ ਮਾੜੀ ਚੀਜ਼ ਹੈ ਸ਼ਰਾਬ, ਇਹ ਵੀ ਅਸਲੀ ਨਹੀਂ ਮਿਲਦੀ। ਤਿੰਨ-ਤਿੰਨ ਸੌ ਬੰਦਾ ਅੰਨ੍ਹਾ ਹੁੰਦਾ ਹੈ ਜਦੋਂ ਇਹਦੇ 'ਚ ਮਿਲਾਵਟ ਕਰਦੇ ਨੇ। ਤਿੰਨ-ਤਿੰਨ, ਚਾਰ-ਚਾਰ ਸੌ ਮਰ ਜਾਂਦਾ ਹੈ। ਕਹਿੰਦਾ, ਇਸ ਤਰ੍ਹਾਂ ਕਲਜੁਗ ਆ ਗਿਆ ਭਾਈ, ਹਨ੍ਹੇਰਾ ਛਾ ਗਿਆ ਤੇ ਸੱਚ ਕਿਤੇ ਨਜ਼ਰ ਨਹੀਂ ਆਉਂਦਾ –

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥***

***ਅੰਗ – 468***

ਦਾਲ ਬਣ ਗਿਆ ਭਰੋਸਾ, ਬੀਜ ਹੋਵੇ ਸਾਬਤ ਤਾਂ ਉੱਗਿਆ ਕਰਦਾ ਹੈ –

***ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥***
***ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥***

***ਅੰਗ– 145***

ਕੂੜ ਦੀ ਮੱਸਿਆ ਫੈਲ ਗਈ। ਹਨ੍ਹੇਰ ਗਵਾਰ ਹੋ ਗਿਆ, ਕੁਛ ਵੀ ਹੱਥ ਮਾਰਿਆਂ ਨਹੀਂ ਸੁੱਝਦਾ। ਕਹਿੰਦੇ, ਸੱਚੇ ਬੰਦੇ ਕਿੱਥੇ ਚਲੇ ਗਏ। ਇਕ ਵੀ ਸੱਚਾ ਬੰਦਾ ਨਜ਼ਰ ਨਹੀਂ ਆਉਂਦਾ। ਝੂਠ ਹੈ, ਪਾਖੰਡ ਹੈ, ਆਡੰਬਰ ਹੈ, ਚਾਹੇ ਉਹ ਵੱਡੇ-ਵੱਡੇ ਡੇਰੇ ਨੇ, ਚਾਹੇ ਵੱਡੇ-ਵੱਡੇ ਮੱਠ ਨੇ। ਚਾਹੇ ਉਹ ਪੀਰਾਂ ਦੇ ਨੇ ਚਾਹੇ ਉਹ ਸਾਧੂਆਂ ਦੇ ਨੇ। ਹਰ ਥਾਂ 'ਤੇ ਪਾਖੰਡ ਪ੍ਰਧਾਨ ਹੋ ਗਿਆ। ਪੈਸਾ ਕਮਾਉਣਾ ਪ੍ਰਧਾਨ ਹੋ ਗਿਆ। ਤਿਆਗ ਨਾਮ ਦੀ ਕੋਈ ਚੀਜ਼ ਨਾ ਰਹੀ। ਵੱਡੇ-ਵੱਡੇ ਆਡੰਬਰ ਰਚ ਲਏ ਸਾਧੂਆਂ ਨੇ। ਭਜਨ ਬੰਦਗੀ ਜਿਹੜੇ ਕਰਨ ਆਏ ਸੀ ਉਨ੍ਹਾਂ ਨੇ ਆਡੰਬਰਾਂ 'ਚ ਫਸ ਕੇ ਆਪਣਾ ਜੀਵਨ ਬਰਬਾਦ ਕਰ ਲਿਆ। ਕਹਿੰਦੇ, ਧਰਮ ਨਹੀਂ ਲੱਭਦਾ –

***ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥***

***ਅੰਗ – 145***

ਮੈਂ ਟੋਲ੍ਹਦਾ ਫਿਰਦਾ ਹਾਂ ਕਿ ਕਿਤੇ ਲੱਭ ਜਾਵੇ ਤੇ ਨਤੀਜਾ ਇਹ ਹੋਇਆ ਕਿ ਹੁਣ ਹਨ੍ਹੇਰਾ ਹੀ ਹਨ੍ਹੇਰਾ ਮਚ ਗਿਆ, ਹੁਣ ਰਾਹ ਕੋਈ

ਨਹੀਂ ਦਿਸਦਾ –

***ਵਿਚਿ ਹਉਮੈ ਕਰਿ ਦੂਖੁ ਰੋਈ ॥ ਅੰਗ- 145***

ਹਉਮੈ ਦੇ ਵਿਚ ਪਏ ਹੋਏ ਨੇ ਸਾਰੇ। ਹਉਮੈ ਨੇ ਐਨਾ ਦੁਖ ਪੈਦਾ ਕਰ ਦਿਤਾ ਕਿ ਰਾਜਾ ਵੀ ਰੋਂਦਾ ਹੈ, ਪਰਜਾ ਵੀ ਰੋਂਦੀ ਹੈ –

***ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ – 145***

ਹੁਣ ਕਿਸ ਤਰ੍ਹਾਂ ਦੇ ਨਾਲ ਹੋਏਗੀ ਗਤੀ। ਪਰਜਾ ਗਿਆਨਵਾਨ ਨਾ ਰਹੀ, ਅਗਿਆਨ ਨੂੰ ਅਪਣਾਅ ਲਿਆ। ਝੂਠ ਬੋਲਦੇ ਨੇ, ਗੁਰੂ ਨਚਦੇ ਨੇ, ਚੇਲੇ ਸਾਜ ਵਜਾਉਂਦੇ ਨੇ। ਗੁਰੂ ਚੇਲਿਆਂ ਨੂੰ ਟੋਲ੍ਹਦੇ ਫਿਰਦੇ ਨੇ ਕਿ ਆਹ ਚੇਲਾ ਨਾ ਮੇਰੇ ਹੱਥੋਂ ਕਿਤੇ ਨਿਕਲ ਜਾਵੇ। ਉਹਦੇ ਘਰ ਜਾਣਗੇ, ਘਰ ਜਾ ਕੇ ਖੁਸ਼ਾਮਦ ਕਰਨਗੇ –

***ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।***
***ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।***
***ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ।***
***ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।***
***ਭਾਈ ਗੁਰਦਾਸ ਜੀ, ਵਾਰ 1/30***

ਗੁਰੂ ਤੁਰਦੇ ਫਿਰਦੇ ਨੇ, ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਾਚ ਕਰਦੇ ਨੇ।

***ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠਿ ਘਰੀ ਤਿਨਾੜੇ ਜਾਈ।***
***ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।***
***ਭਾਈ ਗੁਰਦਾਸ ਜੀ ਵਾਰ, 1/30***

ਕਾਜ਼ੀ ਜਿਹੜੇ ਸੀ ਇਨਸਾਫ ਕਰਨ ਵਾਲੇ ਜੱਜ, ਉਹ ਰਿਸ਼ਵਤਾਂ ਲੈਣ ਲੱਗ ਗਏ, ਹੱਕ ਜਿਹੜਾ ਸੀ ਉਹਨੂੰ ਗਵਾ ਦਿਤਾ ਉਨ੍ਹਾਂ ਨੇ। ਜਿਹਨੇ ਪੈਸਾ ਵੱਧ ਦੇ ਦਿਤਾ, ਉਹਦੇ ਹੱਕ 'ਚ ਫੈਸਲਾ ਕਰ ਦਿੰਦੇ ਸੀ। ਰਾਜੇ ਜਿਹੜੇ ਸੀ ਉਹ ਰਿਸ਼ਵਤਾਂ ਲੈਣ ਲੱਗ ਗਏ। ਵਜ਼ੀਰ ਅਮੀਰ ਜਿੰਨਾਂ ਸ਼ਾਸਕ ਸੀ, ਰਿਸ਼ਵਤਾਂ ਦੇ ਦਿਓ, ਆਪਣਾ ਕੰਮ ਬਣਾ ਲਓ, ਨਾ ਦਿਓ ਤਾਂ ਕੁਛ ਨਹੀਂ ਬਣਦਾ। ਹੁਣ ਵੀ ਇਸੇ ਤਰ੍ਹਾਂ ਹੀ ਹੈ। ਨੌਜਵਾਨ ਫਿਰਦੇ ਨੇ ਜੀ ਨੌਕਰੀ ਨਹੀਂ ਮਿਲਦੀ, ਮੈਂ ਫਸਟ ਕਲਾਸ ਐਮ.ਏ ਕਰੀ ਹੈ। ਮੈਂ ਇੰਜਨੀਰਿੰਗ 'ਚ ਫਸਟ ਕਲਾਸ ਰਿਹਾ ਹਾਂ, ਮੈਨੂੰ ਜਗ੍ਹਾਂ ਨਹੀਂ ਮਿਲਦੀ, ਬਾਬਾ ਜੀ ਆਸ਼ੀਰਵਾਦ ਦਿਓ। ਮੈਂ ਕਿਹਾ, ਅਸ਼ੀਰਵਾਦ ਤਾਂ ਕਾਹਦੀ ਹੈ, ਉਹ ਤਾਂ ਪੈਸੇ ਮੰਗਦੇ ਨੇ ਪੰਜਾਹ ਹਜ਼ਾਰ ਜਾਂ ਲੱਖ ਰੁਪਿਆ। ਕਹਿੰਦੇ, ਹਾਂ ਜੀ। ਜਿੱਥੇ ਫੇਰ ਇਹ ਗੱਲ ਹੁੰਦੀ ਹੈ, ਉਥੇ ਫੇਰ ਦੇਸ਼ ਦੇ ਭਾਗ ਚੰਗੇ ਹੁੰਦੇ ਨੇ ਕਿ ਮਾੜੇ? ਨਾਲਾਇਕ ਬੰਦੇ ਆ ਜਾਣਗੇ, ਨੁਕਸਾਨ ਹੀ ਨੁਕਸਾਨ। ਹਰ ਥਾਂ 'ਤੇ ਨੁਕਸਾਨ। ਸੋ ਹਾਲ ਗੁਰੂ ਮਹਾਰਾਜ ਵੇਲੇ ਹੋਇਆ-ਹੋਇਆ ਸੀ। ਪਿਆਰ ਪੈਸੇ ਦਾ ਰਹਿ ਗਿਆ-

***ਇਸਤ੍ਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ।***
***ਭਾਈ ਗੁਰਦਾਸ ਜੀ, ਵਾਰ 1/30***

ਬੰਦਾ ਚਾਹੇ ਕਿਤੇ ਤੁਰਿਆ ਫਿਰਦਾ ਹੈ, ਮਾੜੇ ਕੰਮ ਕਰਦਾ ਹੈ,

ਚਾਹੇ ਧੋਖੇ ਦਿੰਦਾ ਹੈ, ਚਾਹੇ ਠੱਗੀਆਂ ਮਾਰਦਾ ਹੈ। ਪੈਸਾ ਲਿਆਵੇ ਘਰ ਵਿਚ। ਪੈਸਾ ਲਿਆਇਆ ਤਾਂ ਪਿਆਰਾ, ਨਹੀਂ ਫੇਰ ਲੜਾਈ।

*ਵਰਤਿਆ ਪਾਪ ਸਭਸ ਜਗ ਮਾਂਹੀ॥*

***ਭਾਈ ਗੁਰਦਾਸ ਜੀ, ਵਾਰ 1/30***

ਪਾਪ ਦਾ ਪਸਾਰਾ ਹੋ ਗਿਆ। ਇਸ ਤਰ੍ਹਾਂ ਪੜ੍ਹ ਲਓ–

***ਧਾਰਨਾ – ਸਾਰੇ ਕੂੜ ਦਾ ਹੋ ਗਿਐ ਪਸਾਰਾ,***
***ਸੱਚ ਵਾਲਾ ਕਾਲ ਪੈ ਗਿਆ।***

***ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥***
***ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥***
***ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥***
***ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥***
***ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥***
***ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥***

***ਅੰਗ – 468***

ਕਿੰਨਾ ਕੁ ਹਨ੍ਹੇਰਾ ਪੈ ਗਿਆ। ਮਹਾਰਾਜ ਕਹਿੰਦੇ, ਕੁੱਤੇ ਮੂੰਹੀਂ ਹੋ ਗਿਆ ਸੰਸਾਰ, ਨਾ ਖਾਜੁ ਦੇਖਦਾ ਹੈ ਨਾ ਅਖਾਜੁ ਦੇਖਦਾ ਹੈ। ਜਿਹੜਾ ਕੁਛ ਮੂਹਰੇ ਆ ਜਾਂਦਾ ਹੈ, ਚਾਹੇ ਕਿਸੇ ਦਾ ਮਾਰਿਆ ਹੋਇਆ ਜਾਨਵਰ ਆ ਜਾਵੇ। ਉਹਨੂੰ ਖਾ ਹੀ ਲੈਣਾ ਹੈ ਉਹਨੇ। ਰਿਸ਼ਵਤ ਖਾਣੀ ਹੈ, ਦੂਜੇ ਦਾ ਹੱਕ ਖਾਣਾ ਹੈ ਜੋ ਅਖਾਜੁ ਹੈ।

***ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ ॥***
***ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮੁ ਬੀਚਾਰੁ ॥***

***ਅੰਗ – 1241***

ਕਹਿਣ ਲੱਗੇ, ਘਰ ਦਾ ਜਿਹੜਾ ਪਰਿਵਾਰ ਦਾ ਹਾਲ ਸੀ–

***ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥***

***ਅੰਗ – 1241***

ਆਦਮੀ ਤਾਂ ਸ਼ਿਕਾਰੀ ਬਣ ਗਏ, ਨਾ ਕੋਈ ਕਰਮ ਰਿਹਾ, ਨਾ ਧਰਮ ਰਿਹਾ, ਨਾ ਕੋਈ ਚਰਿੱਤਰ ਰਿਹਾ। ਔਰਤਾਂ ਜਿਹੜੀਆਂ ਸੀ ਉਨ੍ਹਾਂ 'ਚੋਂ ਵਿਚਾਰ ਖਤਮ ਹੋ ਗਈ। ਬੰਦੇ ਨੂੰ ਟੋਕਣ ਤੋਂ ਹਟ ਗਈਆਂ। ਜਿਹੜਾ ਕੁਛ ਕਰਦਾ ਹੈ ਕਰੀ ਜਾਵੇ। ਪਰਇਸਤ੍ਰੀਆਂ ਕੋਲ ਜਾਂਦਾ ਹੈ, ਰਿਸ਼ਵਤਾਂ ਲੈਂਦਾ ਹੈ, ਬੇਈਮਾਨੀਆਂ ਕਰਦਾ ਹੈ, ਚੋਰੀਆਂ ਕਰਦਾ ਹੈ, ਘਰ ਨੂੰ ਲਿਆਉਂਦਾ ਹੈ। ਉਹ ਨਹੀਂ ਉਹਨੂੰ ਕਹਿੰਦੀਆਂ ਕਿਉਂਕਿ ਅਗਿਆਨ ਵਿਚ ਆ ਗਈਆਂ। ਗੱਲ ਸੋਚਣ ਤੋਂ ਹਟ ਗਈਆਂ।

***ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥***

***ਅੰਗ – 1242***

ਤਿੰਨੋਂ ਚੀਜ਼ਾਂ ਚਰਿੱਤਰ ਦੀਆਂ ਹੁੰਦੀਆਂ ਹਨ। ਸੀਲ ਕਹਿੰਦੇ ਚਰਿੱਤਰ ਨੂੰ, ਇਹਦੀਆਂ ਕਿਸਮਾਂ ਹੁੰਦੀਆਂ ਨੇ 40-50, ਕਹਿੰਦੇ ਉਹ ਤਾਂ ਗਇਆ-ਆਇਆ ਹੋ ਗਿਆ ਸਾਰਾ ਹੀ। ਜਿਹੜਾ ਸੰਜਮ ਸੀ, ਕੰਟਰੋਲ ਸੀ ਆਪਣੇ

'ਤੇ ਬੰਦੇ ਦਾ, ਉਹ ਕੰਟਰੋਲ ਵੀ ਜਾਂਦਾ ਰਿਹਾ। ਵਿਸ਼ੇ-ਵਾਸ਼ਨਾ ਦੇ ਮਗਰ ਨੱਠਿਆ ਫਿਰਦਾ ਹੈ। ਜਿਹੜੀ ਸੁੱਚ ਸੀ ਉਹ ਵੀ ਜਾਂਦੀ ਰਹੀ, ਨਾ ਮਨ ਸੁੱਚਾ ਰਿਹਾ, ਨਾ ਬੋਲ ਸੁੱਚਾ ਰਿਹਾ, ਨਾ ਬੁੱਧੀ ਸੁੱਚੀ ਰਹੀ, ਨਾ ਤਨ, ਨਾ ਧਨ ਸੁੱਚਾ ਰਿਹਾ, ਨਾ ਘਰ ਸੁੱਚਾ ਰਿਹਾ। ਕਹਿੰਦੇ ਉਹ ਸੁੱਚ ਵੀ ਨੱਠ ਗਈ। ਜਿਹੜਾ ਖਾਣਾ ਸੀ, ਜਿਹੜੀਆਂ ਚੀਜ਼ਾਂ ਨਹੀਂ ਖਾਣੀਆਂ ਸੀ, ਉਹ ਖਾਣੀਆਂ ਸ਼ੁਰੂ ਕਰ ਦਿਤੀਆਂ।

***ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥***

***ਅੰਗ- 1242***

ਜਿਹੜੀ ਸ਼ਰਮ ਸੀ ਉਹ ਵੀ ਨੱਠ ਗਈ। ਖੁਲ੍ਹਮ-ਖੁਲ੍ਹਾ ਹੀ ਹੋ ਗਏ ਲੋਕ। ਕੋਈ ਕਿਸੇ ਨੂੰ ਮਾੜਾ ਕਹਿੰਦਾ ਹੀ ਨਹੀਂ ਹੈ। ਕਿਉਂਕਿ ਆਪ ਵੀ ਉਥੇ ਹੀ ਨੇ। ਦੂਸਰਾ ਜਿਹੜੀ ਮਿਹਨਤ ਸੀ, ਉੱਦਮ ਸੀ ਉਹ ਵੀ ਕਹਿੰਦੇ ਚਲਿਆ ਗਿਆ। ਆਲਸੀ ਹੋ ਗਏ ਸਾਰੇ। ਜਿਹਨੂੰ ਕਹਿੰਦੇ ਸੀ ਕਿ ਮੇਰੀ ਪੱਤ ਨਾ ਖਰਾਬ ਹੋ ਜਾਵੇ ਕਹਿੰਦੇ ਉਹ ਵੀ ਨਾਲ ਹੀ ਨੱਠ ਗਈ ਸ਼ਰਮ ਦੇ -

***ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ ॥***

***ਅੰਗ - 1242***

ਆਹ ਹਾਲ ਗੁਰੂ ਮਹਾਰਾਜ ਨੇ ਆਪਣੀਆਂ ਅੱਖਾਂ ਦੇ ਨਾਲ ਦੇਖ ਕੇ ਉਸ ਸਮੇਂ ਦਾ ਲਿਖਿਆ ਹੈ। ਬਹੁਤ ਅਗਿਆਨ ਦਾ ਸਮਾਂ ਸੀ। ਲੋਕ, ਪੀਰਾਂ, ਫਕੀਰਾਂ, ਮੱਠਾਂ ਵਾਲਿਆਂ, ਵੱਡੇ-ਵੱਡੇ ਸਾਧੂ, ਨਾਥਾਂ, ਜੋਗੀਆਂ ਦੇ ਪਿੱਛੇ ਸੀ, ਪਰ ਪ੍ਰਮੇਸ਼ਰ ਤੱਕ ਜਾਣ ਦਾ ਰਾਹ ਕਿਸੇ ਨੂੰ ਵੀ ਮਿਲਦਾ ਨਹੀਂ ਸੀ। ਸਾਰਾ ਹੀ ਵਾਤਾਵਰਣ ਉਲਟ-ਪੁਲਟ ਹੋ ਗਿਆ। ਗੁਰੂ ਨਾਨਕ ਸਾਹਿਬ ਨੂੰ ਬਚਪਨ ਤੋਂ ਹੀ ਕੰਮ ਕਰਨਾ ਪਿਆ।

ਮੁਹੰਮਦ ਸਾਹਿਬ ਸੀ, 40 ਸਾਲ ਤੱਕ ਆਪ ਇਕ ਗੁਫਾ ਸੀ ਉਹਦੇ 'ਚ ਆ ਕੇ ਬੈਠ ਜਾਇਆ ਕਰਦੇ ਸੀ। ਰੋਜ਼ ਜਾਂਦੇ ਨੇ ਜਾ ਕੇ ਉਹਦੇ 'ਚ ਘੰਟਿਆਂ ਬੱਧੀ ਬੈਠੇ ਰਹਿੰਦੇ ਨੇ। 40 ਸਾਲ ਤੋਂ ਬਾਅਦ ਇਕ ਦਿਨ ਅਨੁਭਵ ਹੋਇਆ ਕਿ ਕੁਝ ਫਰਿਸ਼ਤੇ ਆਏ ਨੇ ਤੇ ਉਨ੍ਹਾਂ ਨਾਲ ਸਵਾਲ-ਜਵਾਬ ਹੋਇਆ ਕਿ ਤੁਸੀਂ ਕੀ ਕਰਨ ਆਏ ਹੋਂ। ਕਹਿੰਦੇ, ਹਜ਼ਰਤ ਤੇਰੇ ਨਵਾਂ ਦਿਲ ਲਾਉਣ ਆਏ ਹਾਂ, ਨਵੀਂ ਸੋਚ, ਨਵਾਂ ਦਿਮਾਗ। ਕਹਿੰਦੇ, ਉਹਦੇ ਨਾਲ ਕੀ ਹੋਏਗਾ? ਕਹਿੰਦੇ, ਉਹਦੇ ਨਾਲ ਫੇਰ ਤੂੰ ਸੰਸਾਰ ਦੇ ਵਿਚ ਪ੍ਰਮੇਸ਼ਰ ਦਾ ਨਾਮ ਜਪਾਵੇਂਗਾ। ਐਸਾ ਆਉਂਦਾ ਹੈ ਕਿ ਫਰਿਸ਼ਤਿਆਂ ਨੇ ਕਾਇਆਂ ਕਲਪ ਕਰ ਦਿਤੀ। ਮਹੁੰਮਦ ਸਾਹਿਬ ਨੂੰ ਉਸੇ ਵੇਲੇ ਗਿਆਨ ਹੋ ਗਿਆ, ਜਿਸ ਵਕਤ ਘਰ ਆਏ ਉਨ੍ਹਾਂ ਨੇ ਕਿਹਾ ਕਿ ਮੈਨੂੰ ਤਾਂ ਪੈਗੰਬਰੀ ਦਾ ਹੁਕਮ ਹੋ ਗਿਆ ਤੇ ਮੈਨੂੰ ਖੁਦਾ ਵਲੋਂ ਹੁਕਮ ਹੋ ਗਿਆ ਕਿ ਮੈਂ ਇਹ ਐਲਾਨ ਕਰ ਦੇਵਾਂ ਕਿ ਮੈਂ ਪੈਗੰਬਰ ਹਾਂ, ਪੈਗੰਬਰ ਕਹਿੰਦੇ ਨੇ ਪੈਗਾਮ ਦੇਣ ਵਾਲਾ - ਪੈਗੰਬਰ। ਅਕਾਲ ਦਾ ਪੁਰਖ ਦਾ, ਰੱਬ ਦਾ ਪੈਗਾਮ ਦੇਣ ਵਾਲਾ। ਕਹਿਣ ਲੱਗੇ, ਮੇਰੇ ਕੋਲ ਪੈਗਾਮ ਆਉਣੇ ਸ਼ੁਰੂ ਹੋਏ ਨੇ, 40 ਸਾਲ ਦੀ ਉਮਰ ਹੈ। ਉਸ ਵੇਲੇ ਆਪ ਹਰ ਰੋਜ਼ ਲਿਖਾਉਂਦੇ ਨੇ ਕਿ ਅੱਜ ਖੁਦਾ ਦਾ

ਇਹ ਪੈਗਾਮ ਆਇਆ, ਅੱਜ ਇਹ ਆਇਆ। ਕਹਿੰਦੇ, ਲੋਹ ਪੱਟੀ 'ਤੇ ਲਿਖਿਆ ਆਉਂਦਾ ਹੈ। ਇਕ ਵੱਡੀ ਫੱਟੀ ਦਿੱਸਣ ਲੱਗ ਗਈ ਉਨ੍ਹਾਂ ਨੂੰ, ਬਹੁਤ ਵੱਡੀ, ਉਹਦੇ ਉਤੇ ਅੱਖਰ ਪੜ੍ਹਨੇ ਸ਼ੁਰੂ ਕਰ ਦਿਤੇ। ਕਹਿੰਦੇ, ਆਹ ਪੈਗਾਮ ਆਉਂਦੇ ਨੇ ਇਹ ਮੈਂ ਤੁਹਾਨੂੰ ਦਿੰਦਾ ਹਾਂ, ਤੁਸੀਂ ਇਨ੍ਹਾਂ ਨੂੰ ਮੰਨੋ ਤੇ ਮੇਰੀ ਪੈਗੰਬਰੀ ਨੂੰ ਮੰਨੋ ਤੇ ਜੋ ਮੈਨੂੰ ਕਲਮਾ ਮਿਲਿਆ ਹੈ ਉਸ ਨੂੰ ਮੰਨੋ, ਨਹੀਂ ਤਾਂ ਤੁਸੀਂ ਨਰਕਾਂ 'ਚ ਚਲੇ ਜਾਓਗੇ। ਵੱਡੀ ਉਮਰ ਦੇ ਹੋ ਕੇ ਲੱਗੇ। ਈਸਾ ਜੀ ਉਸ ਤੋਂ ਹੋਰ ਛੋਟੀ ਉਮਰ ਦੇ ਲੱਗ ਗਏ ਸੀ। ਗੁਰੂ ਨਾਨਕ ਸਾਹਿਬ ਬਚਪਨ ਵਿਚ ਹੀ ਛੋਟੀ ਉਮਰ ਤੋਂ, ਕਿਉਂਕਿ ਕੰਮ ਬਹੁਤ ਲੰਮਾ ਸੀ ਇਨ੍ਹਾਂ ਦੇ ਸਾਮ੍ਹਣੇ, ਛੋਟਾ ਕੰਮ ਨਹੀਂ ਸੀ। ਇਸੇ ਕਰਕੇ 200 ਸਾਲ ਸਰੀਰ ਬਦਲਦੇ ਚਲੇ ਗਏ ਕਿ ਕਲਜੁਗ ਦੇ ਵਿਚ ਕੋਈ ਰਾਹ ਕੱਢ ਦੇਈਏ, ਜਿਹਦੇ ਉਤੇ ਚੱਲ ਕੇ ਆਦਮੀ ਪਾਰ ਲੰਘ ਸਕੇ। ਕੋਈ ਛੇ-ਸੱਤ ਸਾਲ ਦੀ ਉਮਰ ਹੈ ਆਪ ਦੀ, ਉਸ ਵੇਲੇ ਪਿਤਾ ਨੇ ਕਿਹਾ ਕਿ ਹੁਣ ਨਾਨਕ ਜੀ ਦੀ ਪੜ੍ਹਨ ਵਾਲੀ ਉਮਰ ਆ ਗਈ। ਇਹ ਘਰ ਵੀ ਵਿਹਲਾ ਹੀ ਬੈਠਾ ਰਹਿੰਦਾ ਹੈ, ਚੁੱਪ ਕਰ ਰਹਿੰਦਾ ਹੈ। ਪੰਜ-ਛੇ ਸਾਲ ਦੀ ਉਮਰ 'ਚ ਆਪ ਬਾਹਰ ਚਲੇ ਜਾਇਆ ਕਰਦੇ ਸੀ, ਕਿਉਂਕਿ ਬਹੁਤ ਸਾਰੇ ਜੰਗਲ ਸੀ, ਉਨ੍ਹਾਂ ਜੰਗਲਾਂ ਦੇ ਵਿਚ ਪਿੰਡ ਦੇ ਨੇੜੇ ਮੀਲ ਅੱਧ ਮੀਲ 'ਤੇ ਆ ਕੇ ਸਾਧੂਆਂ ਨੇ ਆ ਕੇ ਡੇਰੇ ਲਾ ਲੈਣੇ, ਬਹੁਤ ਵੱਡੇ-ਵੱਡੇ ਝੁੰਡ ਸੀ ਦਰਖਤਾਂ ਦੇ ਜਿਹੜੇ ਘਰ ਦਾ ਵੀ ਕੰਮ ਦਿੰਦੇ ਸੀ। ਉਨ੍ਹਾਂ ਦੇ ਥੱਲੇ ਆ ਕੇ ਮੰਡਲੀਆਂ ਉਤਰ ਜਾਣੀਆਂ ਤੇ ਉਹ ਸਮੇਂ ਦੇ ਮੁਤਾਬਿਕ ਦਰਸ਼ਨ ਕਰਨ ਜਾਣ ਵਾਲੇ, ਕੁਛ ਵਿਚਾਰਾਂ ਕਰਦੇ ਸੀ। ਗੁਰੂ ਨਾਨਕ ਪਾਤਸ਼ਾਹ ਨੇ ਬਚਪਨ 'ਚ ਸਾਧੂਆਂ ਕੋਲ ਚਲੇ ਜਾਣਾ ਜਾਂ ਚੁੱਪ ਕਰ ਰਹਿਣਾ। ਨਾ ਬੋਲਣਾ, ਨਾ ਚਲਣਾ, ਨਾ ਖਾਣਾ, ਨਾ ਪੀਣਾ, ਨਾ ਕੋਈ ਕੱਪੜੇ ਬਦਲਣੇ। ਸੰਤਾਂ ਵਲ ਜਾਣ ਦੀ ਰੁਚੀ ਰਹਿੰਦੀ ਸੀ। ਮਹਿਤਾ ਜੀ ਰੁਚੀ ਦੇਖ-ਦੇਖ ਕੇ ਖਿੱਝਦੇ ਰਹਿੰਦੇ ਸੀ ਕਿ ਇਹ ਬੱਚਾ ਕਰੇਗਾ ਕੀ? ਸਾਡੇ ਨਾਲ ਕੋਈ ਗੱਲ ਨਹੀਂ ਕਰਦਾ। ਆਹ ਜਦ ਸਾਧੂ ਆ ਜਾਂਦੇ ਨੇ ਉਨ੍ਹਾਂ ਦੇ ਕੋਲ ਨੱਠਿਆ ਫਿਰਦਾ ਹੈ, ਉਹ ਇਹਨੂੰ ਕਹਿੰਦੇ ਨੇ ਕਿ ਬੜਾ ਚੰਗਾ ਬਾਲਕ ਹੈ। ਮੁੜ-ਮੁੜ ਕੇ ਪੰਡਤ ਹਰਦਿਆਲ ਕੋਲ ਜਾਂਦਾ ਹੈ। ਪੰਡਤ ਜੀ! ਤੁਸੀਂ ਤਾਂ ਕਹਿੰਦੇ ਸੀ ਕਿ ਤੇਰੇ ਤਾਂ ਘਰ ਬਹੁਤ ਵੱਡੇ ਆ ਗਏ, ਪ੍ਰਮੇਸ਼ਰ ਹੀ ਆ ਗਏ, ਇਹ ਤਾਂ ਲੱਛਣ ਨਹੀਂ ਉਨ੍ਹਾਂ ਦੇ। ਸਾਡੇ ਨਾਲ ਗੱਲ ਨਹੀਂ ਕਰਦਾ, ਉੱਠ ਕੇ, ਜਾ ਕੇ ਸਾਧਾਂ ਕੋਲ ਜਾ ਕੇ ਹੱਸਦਾ ਰਹਿੰਦਾ ਹੈ। ਉਹ ਕਹਿੰਦੇ, ਮਹਿਤਾ ਜੀ! ਪ੍ਰਗਟ ਹੋਣਾ ਹੈ ਇਨ੍ਹਾਂ ਨੇ, ਮੇਰਾ ਇਲਮ ਗਲਤ ਨਹੀਂ ਹੁੰਦਾ। ਕਿਉਂਕਿ ਜੋਤਸ਼ ਮੇਰੇ ਕੋਲ ਬਹੁਤ ਸ਼ੁੱਧ ਹੈ। ਤੁਸੀਂ ਕਿਤੇ ਕਿੱਤੇ ਲਾ ਦਿਓ, ਨਾਨਕ ਦਾ ਦਿਲ ਭਰ ਜਾਵੇ। ਪਿਤਾ ਨੇ ਸੋਚ ਕਰੀ ਕਿ ਇਸ ਨੂੰ ਮੈਂ ਹੁਣ ਪੜ੍ਹਨ ਲਾ ਦੇਵਾਂ। ਫੱਟੀ ਮੁੱਲ ਲੈ ਆਂਦੀ ਤੇ ਸ਼ੱਕਰ ਦੀ ਪ੍ਰਾਂਤ ਭਰ ਲਈ। ਉੱਤੇ ਇਕ ਥਾਨ ਰੱਖ ਲਿਆ ਤੇ ਸਵਾ ਰੁਪਿਆ ਰੱਖ ਲਿਆ। ਉਨ੍ਹਾਂ ਦਿਨਾਂ 'ਚ ਇਹ ਦਾਖਲਾ ਫੀਸ ਹੋਇਆ ਕਰਦੀ ਸੀ ਸਕੂਲ ਦੀ।

ਸੋ ਗੁਰੂ ਨਾਨਕ ਨੂੰ ਉਂਗਲੀ ਲਾਇਆ ਤੇ ਆਪਣੇ ਦਾਸ ਕੋਲੋਂ ਉਹ ਪ੍ਰਾਂਤ ਚੁਕਾ ਲਈ, ਚੁਕਾ ਕੇ, ਜਾ ਕੇ, ਜਿਸ ਥਾਂ ਦੇ ਉਤੇ ਬੱਚੇ ਪੜ੍ਹਦੇ ਸੀ,

ਉਸ ਥਾਂ ਦੇ ਉਤੇ ਗੁਰੂ ਨਾਨਕ ਸਾਹਿਬ ਨੂੰ ਲੈ ਗਿਆ ਤੇ ਅੱਜ ਗੁਰੂ ਨਾਨਕ ਵਿਦਿਆਰਥੀ ਬਣ ਰਹੇ ਨੇ, ਦਾਖਲ ਹੋ ਰਹੇ ਨੇ ਸਕੂਲ ਦੇ ਵਿਚ। ਦਾਖਲਾ ਹੋ ਗਿਆ, ਕਿਉਂਕਿ ਜੋ ਪੜ੍ਹਾਉਣ ਵਾਲੇ ਸੀ ਪਾਧੇ, ਉਹ ਪਹਿਲਾਂ ਹਰਦਿਆਲ ਜੀ ਤੋਂ ਬਚਨ ਸੁਣਦੇ ਹੁੰਦੇ ਸੀ, ਮੌਲਵੀ ਵੀ, ਸਾਰੇ ਸੁਣਦੇ ਸੀ ਕਿ ਸਮਾਂ ਬੜਾ ਭਿਆਨਕ ਆ ਗਿਆ। ਇਸ ਵੇਲੇ ਕਿਸੇ ਅਵਤਾਰ ਦੇ ਪ੍ਰਗਟ ਹੋਣ ਦਾ ਸਮਾਂ ਆ ਗਿਆ ਤੇ ਉਹਨੂੰ ਪੁੱਛਦੇ ਰਹਿੰਦੇ ਸੀ ਕਿ ਹਰਦਿਆਲ ਜੀ, ਤੁਸੀਂ ਇਹ ਤਾਂ ਦੱਸੋ ਫੇਰ ਕਿ ਕਦੋਂ ਅਵਤਾਰ ਨੇ ਪ੍ਰਗਟ ਹੋਣਾ ਹੈ? ਉਹ ਕਹਿੰਦਾ ਜੋ ਮੇਰੇ ਹਿਸਾਬ 'ਚ ਆਉਂਦਾ ਹੈ ਉਹ ਤਾਂ ਪ੍ਰਗਟ ਹੋ ਚੁੱਕਿਆ ਤੇ ਹੈ ਵੀ ਤਲਵੰਡੀ 'ਚ। ਹੋਵੇ ਨਾ ਤਾਂ ਉਹ ਮਹਿਤਾ ਕਾਲੂ ਜੀ ਦਾ ਲੜਕਾ ਹੈ। 100% ਮੇਰਾ ਦਿਲ ਗਵਾਹੀ ਕਰਦਾ ਹੈ, ਮੈਂ ਉਹਦੀ ਪੱਤਰੀ ਬਣਾਈ ਹੈ। ਪੱਤਰੀ ਬਣਾ ਕੇ ਮੈਂ ਉਹ ਸਾਰੇ ਹਿਸਾਬ-ਕਿਤਾਬ ਜੋੜੇ ਨੇ ਜੋ ਵੱਡੇ ਤੋਂ ਵੱਡੇ ਮਹਾਂਪੁਰਸ਼ਾਂ ਦੇ ਹੁੰਦੇ ਹਨ। ਮੈਂ ਜਨਮ ਦੇ ਹਾਲ ਪੁੱਛੇ ਸੀ ਕਿ ਕੀ-ਕੀ ਦੇਖਿਆ ਤੁਸੀਂ? ਕਿੰਨੀਆਂ ਬੀਬੀਆਂ ਸੀ ਅੰਦਰ, ਕਿਸ ਪਾਸੇ ਨੂੰ ਮੰਜਾ ਸੀ, ਕਿਸ ਪਾਸੇ ਨੂੰ ਮੂੰਹ ਸੀ? ਕਹਿੰਦੇ, ਮੈਂ ਪੂਰਾ ਹਿਸਾਬ ਜੋੜਿਆ, ਇਹ ਓਨੀਆਂ ਹੀ ਬੀਬੀਆ, ਉਸੇ ਪਾਸੇ ਨੂੰ ਮੰਜੇ ਦਾ ਮੂੰਹ, ਇਹ ਦਸਦਾ ਹੈ ਕਿ ਅਵਤਾਰ ਸੰਸਾਰ ਦਾ ਉਧਾਰ ਕਰਨ ਵਾਲੇ ਪ੍ਰਗਟ ਹੋ ਚੁੱਕੇ ਨੇ। ਦਾਈ ਨੇ ਮੈਨੂੰ ਦੱਸਿਆ ਸੀ ਕਿ ਜਦੋਂ ਇਹ ਬਾਲਕ ਜਨਮਿਆ ਤਾਂ ਮਿੱਠੀ-ਮਿੱਠੀ ਸੰਗੀਤ ਦੀ ਆਵਾਜ਼ ਆ ਰਹੀ ਸੀ ਤੇ ਬਾਲਕ ਪੈਦਾ ਹੋਇਆ। ਲੇਕਿਨ ਮੈਂ ਹੈਰਾਨ ਹੋ ਗਈ ਕਿ ਮੇਰੇ ਹੱਥਾਂ 'ਚ ਆਉਣ ਤੇ ਜਾਨ ਪਈ ਉਹਦੇ 'ਚ। ਪਹਿਲਾਂ ਨਹੀਂ ਮੈਨੂੰ ਲੱਗਿਆ ਕਿ ਉਹਦੇ 'ਚ ਜਾਨ ਹੈ। ਮੈਂ ਘਬਰਾ ਗਈ ਪਰ ਜਦੋਂ ਮੇਰੇ ਹੱਥਾਂ 'ਚ ਸੀ ਕਹਿੰਦੀ ਇਕ ਲਿਸ਼ਕਾਰਾ ਵੱਜਿਆ, ਮੇਰੀਆਂ ਅੱਖਾਂ ਚੁੰਧਿਆ ਗਈਆਂ। ਮੈਂ ਕੀ ਦੇਖਦੀ ਹਾਂ ਬੇਅੰਤ ਦੇਵਤੇ ਜੈ-ਜੈਕਾਰ ਕਰਕੇ ਇਸ ਰੂਹ ਨੂੰ ਉਹਦੇ 'ਚ ਪ੍ਰਵੇਸ਼ ਕਰ ਗਏ। ਚਾਨਣਾ ਹੋ ਗਿਆ ਤੇ ਸੰਗੀਤ ਵੱਜਦਾ ਸੀ। ਜਦ ਮੈਂ ਉਹਦੇ ਬਚਨ ਸੁਣਦਾ ਹਾਂ ਤਾਂ ਫੇਰ ਮੇਰਾ ਨਿਹਚਾ ਬੱਝ ਜਾਂਦਾ ਹੈ ਕਿ ਕਲਜੁਗ ਨੂੰ ਤਾਰਨ ਵਾਲੇ ਅਵਤਾਰ ਤਾਂ ਪ੍ਰਗਟ ਹੋ ਗਏ। ਇਸ ਤਰ੍ਹਾਂ ਦੇ ਨਾਲ ਉਹ ਪਾਧਾ ਜਿਸ ਦੇ ਕੋਲ ਗੁਰੂ ਨਾਨਕ ਪਾਤਸ਼ਾਹ ਪੜ੍ਹਨ ਲਗਾਏ, ਉਹਦੇ ਮਨ ਵਿਚ ਖਿਆਲ ਆਇਆ ਕਿ ਮੈਂ ਹੁਣ ਚੰਗੀ ਤਰ੍ਹਾਂ ਦੇਖਾਂਗਾ ਕਿ ਨਾਨਕ ਜੀ ਨੇ ਜਿਹੜੇ, ਕੀ ਇਹ ਵਾਕਈ ਹੀ ਸੰਸਾਰ ਨੂੰ ਤਾਰਨ ਆਏ ਹਨ? ਕੀ ਇਨ੍ਹਾਂ ਵਿਚ ਹੋਰ ਖਾਸ ਗੁਣ ਵੀ ਹੈਗੇ ਕਿ ਬੱਚਿਆਂ ਵਰਗਾ ਹੀ ਬੱਚਾ ਹੈ? ਦੇਖਣ ਨੂੰ ਬੱਚਾ ਲਗਦਾ ਹੈ ਪਰ ਜਦੋਂ ਉਸ ਦੇ ਨੈਣ ਦੇਖਦਾ ਹਾਂ, ਉਹ ਰਸ ਦੇ ਭਰੇ ਹੋਏ, ਜਦੋਂ ਮੱਥਾ ਦੇਖਦੇ ਹਾਂ ਤਾਂ ਉਹਦੇ 'ਚ ਇਕ ਜੋਤ ਪ੍ਰਗਟ ਹੁੰਦੀ ਹੈ, ਜੋਤ ਜਗਦੀ ਨਜ਼ਰ ਆਉਂਦੀ ਹੈ। ਜਿਉ-ਜਿਉਂ ਦੇਖਦੇ ਜਾਓ, ਚਿਹਰੇ 'ਤੇ ਇਕ ਰੋਸ਼ਨੀ ਵਧਦੀ ਹੀ ਜਾਂਦੀ ਹੈ। ਕਦੇ ਬੁੱਲ੍ਹਾਂ 'ਤੇ ਕਰੂਰ ਅਵਸਥਾ ਨਹੀਂ ਆਈ, ਹੱਸਦੇ ਨੇ ਜਿਵੇਂ ਕੋਈ ਫੁੱਲ ਖਿੜਿਆ ਹੁੰਦਾ ਹੈ ਹੁਣੇ ਹੀ। ਸੋਹਣੇ-ਸੁਨੱਖੇ ਨੇ, ਡਰ ਲੱਗਣ ਲਗ ਜਾਂਦਾ ਹੈ ਕਿ ਕਿਤੇ ਮੇਰੀ ਨਜ਼ਰ ਨਾ ਲੱਗ ਜਾਏ। ਨਿਗ੍ਹਾ ਮੈਂ ਬਦਲ ਲੈਂਦਾ ਹਾਂ। ਫੇਰ ਕਹਿਣ ਲੱਗਿਆ ਕਿ ਨੇਤਰਾਂ ਦਾ ਤੇਜ ਐਨਾ ਹੈ, ਜੇ ਉਨ੍ਹਾਂ ਦੇ ਨੇਤਰਾਂ ਵਲ ਦੇਖੋ ਤਾਂ ਆਪਣੇ ਨੇਤਰ ਨੀਵੇਂ ਹੋ ਜਾਂਦੇ ਨੇ, ਬੜੇ ਤੇਜ ਵਾਲੇ ਨੇਤਰ

ਨੇ। ਤੇ ਹੁਣ ਮੇਰੇ ਕੋਲ ਪੜ੍ਹਨ ਲੱਗੇ ਨੇ। ਹੁਣ ਮੈਂ ਚੰਗੀ ਤਰ੍ਹਾਂ ਦੇਖਾਂਗਾ।

ਸੋ ਕਹਿਣ ਲੱਗੇ, ਮਹਿਤਾ ਜੀ! ਤੁਸੀਂ ਹੁਣ ਜਾਓ। ਅੱਜ ਤੋਂ ਮੈਂ ਨਾਨਕ ਦਾ ਨਾਮ ਆਪਣੇ ਸਕੂਲ ਵਿਚ ਲਿਖ ਲਿਆ, ਆਪਣੀ ਪਾਠਸ਼ਾਲਾ 'ਚ ਲਿਖ ਲਿਆ। ਕੱਲ੍ਹ ਨੂੰ ਇਸ ਨੂੰ ਫੱਟੀ ਦੇ ਦਿਓ ਤੇ ਮੈਂ ਪੜ੍ਹਾਉਣਾ ਸ਼ੁਰੂ ਕਰ ਦੇਵਾਂਗਾ। ਗੁਰੂ ਨਾਨਕ ਨੂੰ ਪੜ੍ਹਾਉਣਾ ਸ਼ੁਰੂ ਕਰ ਦਿਤਾ। ਜਦੋਂ ਇਕ ਦੋ ਦਿਨ ਲੰਘ ਗਏ ਤੇ ਉਸ ਵੇਲੇ ਕਹਿਣ ਲੱਗਿਆ, ਨਾਨਕ ਜੀ! ਤੁਸੀਂ ਫੱਟੀ ਲਿਆਓ ਮੈਂ ਅੱਖਰ ਪਾ ਦੇਵਾਂ। ਗੁਰੂ ਨਾਨਕ ਫੱਟੀ ਲੈ ਕੇ ਜਾਂਦੇ ਨੇ। ਜਾ ਕੇ ਪਾਧੇ ਨੂੰ ਫੜਾ ਦਿਤੀ ਤੇ ਨਾਲੇ ਮੁਸਕਰਾਉਣ ਲੱਗ ਗਏ। ਮਿੰਨਾ-ਮਿੰਨਾ ਹਾਸਾ ਆਉਂਦਾ ਹੈ, ਉਹਨੇ ਵੀ ਦੇਖ ਲਿਆ ਕਿ ਹੁਣ ਕੋਈ ਰਮਜ਼ ਮਾਰਨਗੇ ਇਹ। ਇਸ ਰਮਜ਼ ਤੋਂ ਮੈਨੂੰ ਪਤਾ ਲਗ ਜਾਏਗਾ ਕਿ ਇਹ ਕੌਣ ਹੈ? ਜਿਵੇਂ ਆਪਾਂ ੴ ਸਤਿਗੁਰ ਪ੍ਰਸਾਦਿ ਲਿਖਦੇ ਹਾਂ ਹਰ ਚੀਜ਼ ਦੇ ਉੱਤੇ, ਉਸ ਨੇ ਫੱਟੀ ਦੇ ਉੱਤੇ ਲਿਖ ਦਿਤਾ, 'ਓਮ ਨਮੋ ਸਿਧੰ'। ਪਹਿਲਾ ਹੀ ਅੱਖਰ ਲਿਖਿਆ ਹੈ, ਮਹਾਰਾਜ ਕਹਿਣ ਲੱਗੇ, ਪਾਧਾ ਜੀ! ਇਹ ਜਿਹੜਾ ਤੁਸੀਂ ਲਿਖਿਆ ਹੈ, ਕੀ ਲਿਖਿਆ ਹੈ, ਇਹ ਤਾਂ ਮੈਨੂੰ ਦੱਸ ਦਿਓ? ਪਾਧਾ ਕਹਿਣ ਲੱਗਿਆ, ਹੇ ਨਾਨਕ! ਇਹ ਮੰਗਲ ਲਿਖੀਦਾ ਹੈ ਪਹਿਲਾਂ, ਪ੍ਰਾਰਥਨਾ ਕਰੀਦੀ ਹੈ ਕਿ ਅਸੀਂ ਹੁਣ ਲਿਖਣ ਲੱਗੇ ਹਾਂ, ਹੇ ਵਾਹਿਗੁਰੂ! ਹੁਣ ਕੰਮ ਸਿੱਧ ਕਰ ਦੇਈਂ, ਤੇ ਅਸੀਂ ਹੁਣ ਨਮਸ਼ਕਾਰ ਕਰਦੇ ਹਾਂ। ਕਹਿੰਦੇ, ਕੀ ਲਿਖਿਆ ਹੈ? ਕਹਿੰਦੇ, 'ਓਮ ਨਮੋ ਸਿਧੰ'। ਕਹਿੰਦੇ, ਜਿਹੜਾ ਓਮ ਹੈ, ਵਾਹਿਗੁਰੂ ਹੈ, ਪੰਡਤ ਜੀ, ਤੁਸੀਂ ਉਹਨੂੰ ਜਾਣਦੇ ਓਂ? ਕਿ ਉਹ ਕੌਣ ਹੈ? ਤੁਸੀਂ ਦੇਖਿਆ ਹੈ ਕਦੇ ਉਹ? ਉਹ ਕਹਿੰਦਾ, ਨਾ ਨਾਨਕ! ਨਾ ਮੈਂ ਜਾਣਦਾ ਹਾਂ, ਨਾ ਮੈਂ ਦੇਖਿਆ ਹੈ, ਮੈਨੂੰ ਨਹੀਂ ਪਤਾ ਉਹ ਕਿਹੋ ਜਿਹਾ ਹੈ? ਕਹਿੰਦੇ, ਫੇਰ ਬਿਨਾਂ ਜਾਣੇ ਤੋਂ ਕਿਉਂ ਲਿਖਦੇ ਓਂ ਤੁਸੀਂ? ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਮੈਨੂੰ ਪੜ੍ਹਾਉਣਾ ਕੀ ਚਾਹੁੰਦੇ ਓਂ? ਕਹਿੰਦਾ, ਮੈਂ ਤੁਹਾਨੂੰ ਲੇਖੇ-ਪੱਤੇ ਪੜ੍ਹਾਵਾਂਗਾ, ਜਮ੍ਹਾਂ-ਘਟਾਉ ਕਿਵੇਂ ਕਰੀਦਾ ਹੈ, ਲੇਖਾ-ਪੱਤਾ ਕਿਵੇਂ ਕੱਢੀਦਾ ਹੈ, ਕਿਵੇਂ ਇਸ ਨੂੰ ਨਵੇਂ ਲੇਖਿਆਂ 'ਚ ਬਦਲੀਦਾ ਹੁੰਦਾ ਹੈ। ਕਿਉਂਕਿ ਤੁਸੀਂ ਖੱਤਰੀ ਜਾਤ ਨਾਲ ਸਬੰਧ ਰਖਦੇ ਓਂ। ਸੋ ਮੈਂ ਗਣਿਤ ਦੀ ਪੜ੍ਹਾਈ 'ਤੇ ਤੁਹਾਨੂੰ ਜ਼ੋਰ ਦੇਵਾਂਗਾ। ਤੁਸੀਂ ਲੇਖੇ-ਪੱਤੇ ਕੱਢਣ ਲੱਗ ਜਾਓਂਗੇ।

ਮਹਾਰਾਜ ਕਹਿਣ ਲੱਗੇ ਕਿ ਪਾਧਾ ਜੀ! ਇਹ ਜਿਹੜੇ ਲੇਖੇ ਨੇ ਕੀ ਇਹ ਦਰਗਾਹ ਵਿਚ ਵੀ ਕੋਈ ਸਹਾਇਤਾ ਕਰਦੇ ਨੇ, ਕਿ ਦੁਨੀਆਂ 'ਚ ਹੀ? ਕਹਿੰਦਾ, ਦੁਨੀਆਂ 'ਚ ਹੀ ਕਰਦੇ ਨੇ। ਇਹਦੇ ਨਾਲ ਤੁਸੀਂ ਕਣਕੂਤ ਕਰ ਸਕਦੇ ਓਂ, ਖੜ੍ਹੀਆਂ ਫਸਲਾਂ ਦੀ, ਮਕਾਨ ਦੇਖ ਕੇ ਦੱਸ ਦਿਓਂਗੇ ਕਿ ਐਨੀਆਂ ਇੱਟਾਂ ਲੱਗੀਆਂ ਨੇ। ਫਰਸ਼ ਦੇਖ ਕੇ ਦੱਸ ਦਿਓਂਗੇ ਕਿ ਇਸ ਫਰਸ਼ ਦੇ ਵਿਚ ਐਨੀਆਂ ਇੱਟਾਂ ਲੱਗੀਆਂ ਨੇ। ਫਸਲ ਦੇਖ ਕੇ ਦੱਸ ਦਿਓਂਗੇ ਕਿ ਐਨੇ ਕੁਇੰਟਲ ਫਸਲ ਹੋਏਗੀ। ਐਨੇ ਮਣ ਫਸਲ ਹੋਏਗੀ। ਹਿਸਾਬ-ਕਿਤਾਬ ਜੋੜਨ ਲੱਗ ਜਾਓਂਗੇ, ਉਂਗਲੀਆਂ 'ਤੇ ਆ ਜਾਏਗਾ, ਕਲਮਾਂ ਨਾਲ ਲਿਖਣ ਦੀ ਲੋੜ ਨਹੀਂ ਹੈ। ਤੁਹਾਨੂੰ ਪਹਾੜੇ ਪੜ੍ਹਾਊਂਗਾ ਮੈਂ। ਸਵਾਏ ਦੇ, ਡੇਢੇ ਦੇ, ਊਂਟੇ ਦੇ, ਢੈਂਚੇ ਦੇ; ਸਾਢੇ ਤਿੰਨ ਦੀ ਜ਼ਰਬ, ਸਾਢੇ ਚਾਰ,

ਸਾਢੇ ਪੰਜ, ਸਾਢੇ ਛੇ ਦੀ, ਪੌਣੇ ਛੇ ਦੀ, ਸਵਾ ਛੇ ਦੀ ਜ਼ਰਬ, ਇਹਦੇ ਨਾਲ ਤੁਸੀਂ ਕੁਛ ਨਹੀਂ ਕਰਨਾ, ਉਂਗਲੀਆਂ 'ਤੇ ਇਕ ਮਿੰਟ ਵਿਚ ਕੱਢ ਦਿਓਂਗੇ। ਤੁਸੀਂ ਹਿਸਾਬ-ਕਿਤਾਬ ਵਿਚ ਤਾਕ ਹੋ ਜਾਓਂਗੇ।

ਗੁਰੂ ਨਾਨਕ ਕਹਿਣ ਲੱਗੇ, ਪਾਧਾ ਜੀ! ਇਹ ਲੇਖਾ ਜਿਹੜਾ ਹੈ ਕੀ ਦਰਗਾਹ ਵਿਚ ਵੀ ਸਹਾਇਤਾ ਕਰੇਗਾ? ਕਹਿੰਦੇ, ਨਾਨਕ! ਇਹ ਦੁਨੀਆਂਦਾਰੀ ਦੀ ਪੜ੍ਹਾਈ ਹੈ, ਦਰਗਾਹ ਦੀ ਪੜ੍ਹਾਈ ਨਹੀਂ ਹੈ, ਕਹਿੰਦੇ ਫੇਰ ਮੇਰੀ ਪੱਟੀ ਤੇ ਇਹ ਨਾ ਲਿਖਿਓ, ਮੈਨੂੰ ਉਹ ਲੇਖਾ ਲਿਖੋ ਜਿਹੜਾ ਦਰਗਾਹ 'ਚ ਸਹਾਇਤਾ ਕਰੇ। ਕਹਿਣ ਲੱਗਿਆ, ਹੇ ਨਾਨਕ! ਮੈਂ ਤਾਂ ਜਾਣਦਾ ਨਹੀਂ, ਮੈਂ ਪੜ੍ਹਿਆ ਹੀ ਨਹੀਂ ਉਹ ਲੇਖਾ। ਕੀ ਤੂੰ ਪੜ੍ਹਿਆਂ ਹੋਇਆ ਹੈਂ? ਜੇ ਤੂੰ ਪੜ੍ਹਿਆ ਹੋਇਆ ਹੈਂ ਤਾਂ ਤੂੰ ਮੈਨੂੰ ਦੱਸ ਦੇ। ਗੁਰੂ ਨਾਨਕ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਲਿਖਣਾ ਤੂੰ ਜਾਣ ਲੈ, ਲੇਖਾ ਇਹ ਲਿਖਣਾ ਬਾਬਾ।*

ਕਹਿਣ ਲੱਗੇ, ਪਾਧਾ ਜੀ! ਉਹ ਲੇਖਾ ਲਿਖਣਾ ਜਾਣ ਲੈ, ਜਿੱਥੇ ਲੇਖਾ ਜਾ ਕੇ ਮੰਗਿਆ ਜਾਵੇ, ਉਥੇ ਸੁੱਚਾ ਲੇਖਾ ਨਾਲ ਖੜ੍ਹ ਜਾਵੇ। ਆਦਮੀ ਫਸੇ ਨਾ।

ਕਹਿਣ ਲੱਗਿਆ, ਨਾਨਕ! ਇਹੋ ਜਿਹਾ ਵੀ ਲੇਖਾ ਕੋਈ ਹੁੰਦਾ ਹੈ?

ਮਹਾਰਾਜ ਕਹਿੰਦੇ, ਹਾਂ, ਉਸ ਲੇਖੇ ਦੀ ਕਲਮ ਵੀ ਹੋਰ ਹੁੰਦੀ ਹੈ, ਕਾਗਜ਼ ਵੀ ਹੋਰ ਹੁੰਦਾ ਹੈ ਤੇ ਲਿਖਾਉਣ ਵਾਲਾ ਅਧਿਆਪਕ ਵੀ ਹੋਰ ਹੁੰਦਾ ਹੈ।

ਕਹਿਣ ਲੱਗਿਆ, ਹੇ ਨਾਨਕ! ਮੇਰੇ 'ਤੇ ਕ੍ਰਿਪਾ ਕਰ।

ਇਕ ਪਾਸੇ, ਪੰਜ ਛੇ ਸਾਲ ਦਾ ਬੱਚਾ ਸਾਹਮਣੇ ਬੈਠਾ ਹੈ। ਇਕ ਪਾਸੇ ਚੌਂਕੀ ਦੇ ਉਤੇ ਚੌਂਕੜੀ ਮਾਰੀਂ ਪੜ੍ਹਾਉਣ ਵਾਲਾ ਮਾਸਟਰ ਬੈਠਾ ਹੈ। ਇਕ ਟੱਕ ਲਾ ਕੇ ਦੇਖ ਰਿਹਾ ਹੈ ਚਿਹਰੇ ਵੱਲ। ਦੇਖਦੇ-ਦੇਖਦੇ ਕੀ ਦੇਖਦਾ ਹੈ ਕਿ ਨੇਤਰ ਬੰਦ ਹੋਣੇ ਸ਼ੁਰੂ ਹੋ ਗਏ। ਚਿਹਰੇ ਦਾ ਰੰਗ ਬਦਲ ਗਿਆ, ਐਨੀ ਆਭਾ ਆਈ, ਐਨੀ ਸੁੰਦਰਤਾ ਆਈ, ਦੇਖ ਨਹੀਂ ਸਕਦਾ। ਇਸ ਤਰ੍ਹਾਂ ਲੱਗੇ ਜਿਵੇਂ ਲਾਈਟ ਮਚ ਗਈ ਹੁੰਦੀ ਹੈ। ਰੋਸ਼ਨੀ ਨਿਕਲਣੀ ਸ਼ੁਰੂ ਹੋ ਗਈ ਚਿਹਰੇ 'ਚੋਂ। ਉਸ ਵੇਲੇ ਆਪ ਦੇ ਗਲੇ ਤੋਂ ਫੁਰਮਾਨ ਹੋਇਆ, ਕਹਿਣ ਲੱਗੇ, ਪੰਡਤ ਜੀ! ਹੁਣ ਸੁਣੋ। ਸਿਆਹੀ ਕਿਸ ਚੀਜ਼ ਦੀ ਬਣਦੀ ਹੈ ਤੇ ਕਾਗਜ਼ ਕਿਸ ਚੀਜ਼ ਦਾ ਬਣਦਾ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਮੋਹ ਜਾਲ ਕੇ ਸਿਆਹੀ ਬਣਾ ਲੈ,*
*ਕਾਗਜ਼ ਬਣਾ ਲੈ ਮੱਤ ਦਾ।*

ਛੋਟਾ ਜਿਹਾ ਬਾਲਕ, ਫੱਟੀ ਪਾਧੇ ਦੇ ਹੱਥ ਵਿਚ ਹੈ। ਪੜ੍ਹਾਉਣ ਵਾਲਾ ਚੌਂਕੀ 'ਤੇ ਬੈਠਾ ਹੈ, ਪੜ੍ਹਨ ਵਾਲਾ ਵਿਦਿਆਰਥੀ ਹੇਠਾਂ ਬੈਠਾ ਹੈ। ਟੱਕ ਲਾ ਕੇ ਦੇਖ ਰਿਹਾ ਹੈ ਪਾਧਾ ਕਿ ਹੈਂ ਛੋਟਾ ਜਿਹਾ ਬੱਚਾ। ਇਹ ਮੈਨੂੰ ਮੱਤ ਦੇ ਰਿਹਾ ਹੈ, ਮੈਂ ਪੜ੍ਹਾਉਂਦਾ ਬੁੱਢਾ ਹੋ ਗਿਆ। ਅੱਜ ਤੱਕ ਤਾਂ ਕੋਈ

ਵਿਦਿਆਰਥੀ ਆਇਆ ਨਹੀਂ ਜਿਹੜਾ ਮੈਨੂੰ ਇਸ ਤਰ੍ਹਾਂ ਦਾ ਸਵਾਲ ਪੁੱਛੇ ਕਿ ਤੂੰ ਕੀ ਪੜ੍ਹਾਉਣਾ ਚਾਹੁੰਦਾ ਹੈਂ ਤੇ ਨਾਲ ਆਪਣੀ ਪੜ੍ਹਾਈ ਦੱਸੇ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਪਵਿੱਤਰ ਗਲੇ ਤੋਂ ਉਚਾਰਨ ਹੋਇਆ। ਕਹਿੰਦੇ, ਪਾਧਾ ਜੀ! ਦੁਨੀਆਂ ਦੇ ਵਿਚ ਅਸੀਂ ਫਸਦੇ ਹਾਂ, ਕੇਵਲ ਮੋਹ ਕਰਕੇ ਫਸਦੇ ਹਾਂ। ਮੋਹ ਰਾਜਾ ਹੈ ਪੰਜਾਂ ਚੋਰਾਂ 'ਚੋਂ। ਹੰਗਤਾ ਤੇ ਮਮਤਾ ਦੋ ਚੀਜ਼ਾਂ ਮੋਹ ਵਿਚ ਨੇ। ਇਕ ਮੈਂ ਤੇ ਇਕ ਮੇਰਾ। ਇਹ ਜਿਹੜਾ ਮੈਂ ਤੇ ਮੇਰਾ ਹੈ ਇਹਨੂੰ ਜਾਲ ਦੇ। ਸਿਆਹੀ ਬਣਾਉਂਦਾ ਹੈ, ਦੀਵਾ ਜਲਦਾ ਹੈ ਸਰੋਂ ਦਾ, ਉਹਦੇ ਉਤੇ ਤੂੰ ਬੰਨ੍ਹੀਂ ਹੋਈ ਹੈ ਠੂਠੀ, ਠੂਠੀ ਵਿਚ ਲਾਟ ਜਾਂਦੀ ਤੇ ਕਾਲਸ ਲੱਗੀ ਜਾਂਦੀ ਹੈ, ਫੁੱਲ ਬਣ ਜਾਂਦਾ ਹੈ ਲਗ-ਲਗ ਕੇ ਉਥੇ, ਉੱਚਾ ਹੋ ਜਾਂਦਾ ਹੈ ਹੌਲੀ-ਹੌਲੀ, ਫੁੱਲ ਬਣ ਜਾਂਦਾ ਹੈ। ਤੇਲ ਪਾਉਂਦੇ ਓਂ ਕੋਈ ਬਹੁਤ ਸੁਥਰਾ, ਜਿਹੜਾ ਫੈਲੇ ਨਾ। ਹੋਰ ਅਨੇਕਾਂ ਚੀਜ਼ਾਂ ਪਾਉਂਦੇ ਓਂ, ਫੇਰ ਉਹਦ ਸਿਆਹੀ ਬਣਦੀ ਹੈ। ਕਹਿੰਦੇ, ਤੂੰ ਇਸ ਤਰ੍ਹਾਂ ਕਰ ਮੋਹ ਨੂੰ ਜਾਲ ਦੇ। ਮੋਹ ਦਾ ਹੀ ਸਾਰਾ ਰੌਲਾ-ਗੌਲਾ ਹੈ।

ਇਕ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਬਾਅਦ ਵਿਚ ਜਾਂਦੇ ਨੇ। ਪ੍ਰਸ਼ਾਦਾ ਛਕਿਆ, ਸੇਵਾ ਕਰੀ ਉਨ੍ਹਾਂ ਨੇ, ਬਾਹਰ ਖੂਹ ਚਲਦਾ ਹੈ ਤੇ ਅੱਗੇ ਇਸ ਨੇ ਕੋਈ ਸਤਿ ਕਰਮ ਕਰਿਆ ਨਹੀਂ ਹੈ। ਇਹਨੂੰ ਵਾਸ਼ਨਾ ਦੇ ਮੁਤਾਬਿਕ ਜਨਮਾਂ 'ਚ ਜਾਣਾ ਪੈਣਾ ਹੈ। ਚਲੋ, ਪ੍ਰਸ਼ਾਦਾ ਪ੍ਰੇਮ ਨਾਲ ਛਕਾਇਆ ਹੈ ਤੇ ਇਸ ਨੂੰ ਅਸੀਂ ਮੁਕਤ ਕਰ ਦੇਈਏ, ਸਾਰੇ ਪਾਪਾਂ ਦਾ ਖਾਤਮਾ ਕਰਕੇ, ਮੁਕਤੀ ਦੇ ਦੇਈਏ। ਮਹਾਰਾਜ ਕਹਿੰਦੇ, ਬਾਬਾ! ਤੂੰ ਬੜੀ ਸੇਵਾ ਕਰੀ ਹੈ, ਤੈਨੂੰ ਮੁਕਤੀ ਦੇ ਦੇਈਏ। ਬਾਬਾ ਵਿਗੜ ਗਿਆ, ਕਹਿੰਦਾ, ਵਾਹ ਜੀ ਵਾਹ! ਨਾਲੇ ਮੈਂ ਪ੍ਰਸ਼ਾਦਾ ਛਕਾਇਆ, ਨਾਲੇ ਮੈਨੂੰ ਮੁਕਤੀ ਦੇਣ ਲੱਗੇ ਨੇ। ਅਜੇ ਤਾਂ ਮੈਂ ਕਈ ਸਾਲ ਕੰਮ ਕਰਨਾ ਹੈ। ਆਹ ਬੱਚੇ ਕੀ ਕਰਨਗੇ, ਇਹ ਤਾਂ ਹੁਣੇ ਹੀ ਕੱਖ ਨਹੀਂ ਕਰਦੇ। ਮੈਂ ਕਰਦਾ ਹਾਂ ਕੰਮ ਸਾਰੇ।

ਮਹਾਰਾਜ ਕਹਿਣ ਲੱਗੇ, ਚੰਗਾ! ਉਧਾਰ ਰਿਹਾ ਤੇਰਾ ਸਾਡੇ ਨਾਲ ਮੁਕਤੀ ਅਸੀਂ ਤੇਰੀ ਜ਼ਰੂਰ ਕਰਨੀ ਹੈ। ਕੁਝ ਸਮੇਂ ਬਾਅਦ ਗੁਰੂ ਨਾਨਕ ਪਾਤਸ਼ਾਹ ਜਦੋਂ ਫੇਰ ਆਉਂਦੇ ਨੇ ਕੀ ਦੇਖਦੇ ਨੇ ਕਿ ਬੈਲ ਜੋੜੇ ਹੋਏ ਨੇ, ਜਿਹੜਾ ਬਾਹਰਲਾ ਬੈਲ ਹੈ ਉਹ ਅੰਦਰਲੇ ਨੂੰ ਦੱਬੀ ਜਾਂਦਾ ਹੈ, ਐਨਾ ਤੇਜ਼ ਚਲਦਾ ਹੈ। ਜਦ ਹਲਾਈ 'ਤੇ ਮੋੜਦੇ, ਐਂ ਨੱਠ ਕੇ ਮੁੜਦਾ ਹੈ। ਘੁੰਗਰਾਲ ਪਾਈ ਹੋਈ ਹੈ ਗਲ 'ਚ, ਘੁੰਗਰੂ ਖੜਕਦੇ ਨੇ। ਮਹਾਰਾਜ ਦੇਖ ਕੇ ਖੜ੍ਹੇ ਹੋ ਗਏ।

ਕਹਿੰਦੇ, ਮਰਦਾਨਿਆਂ! ਇਥੇ ਬਈ ਆਪਣੇ ਸਿਰ 'ਤੇ ਉਧਾਰ ਹੈ। ਆਪਾਂ ਮੋੜਨਾ ਹੈ। ਜਦ ਨੇੜੇ ਆ ਗਿਆ ਹਲ, ਛਿਆੜ ਕੱਢਦਾ-ਕੱਢਦਾ ਤਾਂ ਉਥੇ ਮਹਾਰਾਜ ਨੇ ਕਿਹਾ ਕਿ ਅਸੀਂ ਬਚਨ ਕਰਨਾ ਹੈ ਉਪਰਲੇ ਬਲਦ ਨਾਲ। ਹਲ ਰੋਕ ਦਿਤਾ, ਹਾਲੀ ਨੇ। ਕਹਿੰਦੇ, ਕਿਉਂ ਬਾਬਾ! ਹੁਣ ਤਾਂ ਤੂੰ ਬੈਲ ਹੋ ਗਿਆ, ਹੁਣ ਤਾਂ ਤੇਰੀ ਮੁਕਤੀ ਕਰ ਦੇਈਏ, ਸਾਡੇ ਸਿਰ ਦੇ ਉਤੇ ਵਜ਼ਨ ਹੈ ਤੇਰੇ ਪ੍ਰਸ਼ਾਦੇ ਦਾ। ਸਿਰ ਹਿਲਾ ਦਿਤਾ ਜ਼ੋਰ ਨਾਲ। ਕਹਿੰਦੇ, ਕੀ ਗੱਲ? ਕਹਿੰਦਾ, ਮਹਾਰਾਜ! ਪਹਿਲਾਂ ਤਾਂ ਮੈਂ ਜਾਵਾਂਗਾ, ਮੁਕਤੀ

ਕਰੋਂਗੇ ਤੁਸੀਂ ਮੇਰੀ। ਫੇਰ ਨਵਾਂ ਬਲਦ ਲੈਣਗੇ, ਇਹ ਤਾਂ ਗਰੀਬ ਹੋ ਜਾਣਗੇ। ਇਨ੍ਹਾਂ ਦੇ ਸਿਰ ਕਰਜ਼ਾ ਹੋ ਜਾਏਗਾ। ਮਹਾਰਾਜ ਨਾ, ਮੈਂ ਬੜਾ ਖੁਸ਼ ਹਾਂ।

ਦੂਸਰੀ ਵਾਰੀ ਜਦੋਂ ਫੇਰ ਆਉਂਦੇ ਨੇ, ਕੁੱਤਾ ਬੈਠਾ ਹੈ ਖੂਹ ਦੇ ਉਤੇ। ਇਹ ਵੀ ਸਾਰਾ ਪਰਿਵਾਰ ਬੈਠਾ ਹੈ। ਮਹਾਰਾਜ ਕਹਿੰਦੇ, ਕਿਉਂ ਬਾਬਾ ਉਰ੍ਹੇ ਆ ਗੱਲ ਸੁਣ। ਕਹਿੰਦੇ, ਆ ਤੇਰੀ ਮੁਕਤੀ ਕਰ ਦੇਈਏ, ਹੁਣ ਤਾਂ ਕੁੱਤਾ ਬਣ ਗਿਆ।

ਕੰਨ ਹਿਲਾ ਦਿਤੇ।

ਕਹਿੰਦੇ, ਕੀ ਗੱਲ?

ਕਹਿੰਦਾ, ਮਹਾਰਾਜ! ਮੇਰੇ ਬੱਚੇ ਸ਼ਰਾਬੀ ਨੇ, ਇਹ ਰਾਤ ਨੂੰ ਸ਼ਰਾਬ ਪੀ ਕੇ ਸੌਂ ਜਾਂਦੇ ਨੇ, ਨੂੰਹਾਂ ਮੇਰੀਆਂ ਕੁੰਡਾ ਲਾਉਂਦੀਆਂ ਨੇ, ਇਕ ਜਿੰਦੀ ਜਿਹੀ ਫਸਾ ਕੇ ਉਹ ਵੀ ਉੱਤੇ ਜਾ ਪੈਂਦੀਆਂ ਨੇ। ਚੋਰ ਆਉਂਦੇ ਨੇ ਘਰ ਲੁੱਟਣ, ਕਹਿੰਦਾ, ਮੈਂ ਭੌਂਕਦਾ ਹਾਂ ਫੇਰ ਪੂਰੇ ਜ਼ੋਰ ਨਾਲ, ਆਹ ਦੇਖੋ ਮੇਰੀ ਪਿੱਠ ਤੋੜੀ ਪਈ ਹੈ ਚੋਰਾਂ ਨੇ ਡੰਡੇ ਮਾਰ-ਮਾਰ ਕੇ। ਜੇ ਮੈਂ ਮਰ ਗਿਆ, ਇਹ ਤਾਂ ਕੰਗਾਲ ਹੋ ਜਾਣਗੇ ਕਿਉਂਕਿ ਚੋਰ ਆ ਕੇ ਚੋਰੀ ਕਰ ਲੈਣਗੇ।

ਅਗਲਾ ਜਨਮ ਲਿਖਿਆ ਹੈ ਕਿ ਸੱਪ ਦਾ ਮਿਲਿਆ ਉਹਨੂੰ। ਸੱਪ ਦੇ ਜਨਮ 'ਚ ਪਾਥੀਆਂ 'ਚ ਰਹਿੰਦਾ ਹੁੰਦਾ, ਬਾਲ-ਬੱਚੇ ਵਧ ਗਏ। ਦੇਖੀ ਜਾਂਦਾ ਸੀ ਉਨ੍ਹਾਂ ਨੂੰ। ਇਕ ਦਿਨ ਬੱਚੇ ਨੂੰ ਪੰਘੂੜੇ 'ਤੇ ਪਾ ਕੇ ਉਹ ਬਾਹਰ ਚਲੇ ਗਏ। ਪੰਘੂੜਾ ਝੂਟਣ ਵਾਲਾ ਸੀ, ਬੱਚਾ ਉੱਠ ਕੇ ਰੋਣ ਲੱਗ ਗਿਆ, ਬਾਬਾ ਬਣ ਗਿਆ ਉਸ ਵੇਲੇ, ਬਾਬੇ ਨੇ ਦੇਖਿਆ ਕਿ ਮੇਰਾ ਤਾਂ ਪੋਤਾ ਰੋਂਦਾ ਹੈ। ਪਾਥੀਆਂ 'ਚੋਂ ਨਿਕਲ ਆਇਆ। ਨਿਕਲ ਕੇ ਆ ਕੇ, ਪਾਵੇ ਨਾਲ ਵਲ ਪਾ ਕੇ ਉੱਤੇ ਚੜ੍ਹ ਗਿਆ ਤੇ ਬੱਚੇ ਨਾਲ ਖੇਲ੍ਹਣ ਲੱਗ ਗਿਆ। ਐਨੇ ਨੂੰ ਵੱਡਾ ਮੁੰਡਾ ਆ ਗਿਆ, ਉਹਨੇ ਦੇਖਿਆ ਕਿ ਓਏ ਸੱਪ। ਇਹ ਜਾ ਕੇ ਖੱਡ 'ਚ ਵੜਨ ਲੱਗਿਆ, ਮੁੰਡੇ ਨੇ ਜਾ ਕੇ ਮਾਰ ਦਿਤਾ।

ਉਸ ਤੋਂ ਬਾਅਦ ਜਦੋਂ ਗੁਰੂ ਨਾਨਕ ਪਾਤਸ਼ਾਹ ਫੇਰ ਆਉਂਦੇ ਨੇ ਸੁੰਡ ਬਣਿਆ ਹੋਇਆ ਹੈ। ਮਹਾਰਾਜ ਕਹਿਣ ਲੱਗੇ, "ਮਰਦਾਨਿਆਂ! ਹੁਣ ਨਹੀਂ ਆਪਾਂ ਲਿਹਾਜ਼ ਕਰਨੀ। ਘਰ ਆ ਗਏ, ਜਾਣਦੇ ਸੀ, ਮੰਜਾ ਡਾਹ ਦਿਤਾ। ਮਹਾਰਾਜ ਕਹਿੰਦੇ, ਮਰਦਾਨਿਆਂ! ਨਾਲੀ 'ਚ ਔਹ ਜਿਹੜਾ ਸੁੰਡਾ ਹੈ ਉਹ ਡੱਕੇ ਨਾਲ ਕੱਢ ਲਿਆ ਬਾਹਰ।

ਕਹਿਣ ਲੱਗੇ, ਕਿਉਂ ਬਾਬਾ! ਤੇਰਾ ਉਧਾਰ ਮੋੜਨਾ ਹੈ ਅਸੀਂ। ਤੇਰੀ ਮੁਕਤੀ ਕਰ ਦੇਈਏ। ਕਿਵੇਂ ਵਿਹਾਰ ਚਲਦਾ ਹੈ? ਕਹਿਣ ਲੱਗਿਆ, ਮਹਾਰਾਜ! ਆਹ ਬੱਚੇ ਅੱਧਾ ਖਾਂਦੇ ਨੇ, ਅੱਧਾ ਸੁੱਟਦੇ ਨੇ, ਰੁੜ੍ਹ ਕੇ ਨਾਲੀ 'ਚ ਆ ਜਾਂਦਾ ਹੈ, ਮੈਂ ਇਹ ਖਾ ਕੇ ਗੁਜ਼ਾਰਾ ਕਰਦਾ ਹਾਂ। ਫੇਰ ਮੈਂ ਨਾਲੀ ਦੀ ਵੱਟ ਦੇ ਉੱਤੇ ਆਪਣਾ ਸਿਰ ਰੱਖ ਲੈਂਦਾ ਹਾਂ ਤੇ ਮੈਂ ਬੱਚਿਆਂ ਨੂੰ ਖੇਲ੍ਹਦਿਆਂ ਨੂੰ ਦੇਖੀ ਜਾਂਦਾ ਹਾਂ।

ਮਹਾਰਾਜ ਕਹਿਣ ਲੱਗੇ, ਮਰਦਾਨਿਆਂ ਇਸ ਤਰ੍ਹਾਂ ਇਹਨੇ ਤਾਂ ਨਹੀਂ ਜਾਣਾ, ਵਾਹਿਗੁਰੂ ਕਹਿ ਕੇ ਛਿੱਟਾ ਮਾਰ ਦੇ। ਛਿੱਟਾ ਮਾਰ ਦਿਤਾ, ਚੜ੍ਹਾਈ ਕਰ ਗਿਆ, ਦਿੱਬਯ ਦੇਹ ਪ੍ਰਾਪਤ ਹੋ ਗਈ। ਦੇਖਿਆ ਤਾਂ ਮਹਾਨ ਸੁੱਖ। ਮਹਾਰਾਜ ਕਹਿਣ ਲੱਗੇ, ਕਿਉਂ ਬਾਬਾ? ਇਹਨੂੰ ਅਸੀਂ ਮੁਕਤੀ ਕਹਿੰਦੇ ਸੀ। ਕਹਿਣ ਲੱਗਿਆ, ਹਾਂ ਜੀ ਇਹ ਤਾਂ ਬਹੁਤ ਅਨੰਦ ਦੀ ਅਵਸਥਾ ਹੈ।

ਸੋ ਮਹਾਰਾਜ ਕਹਿੰਦੇ ਨੇ ਕਿ ਮੋਹ ਦੇ ਵਸ ਹੋਇਆ-ਹੋਇਆ ਬੰਦਾ, ਉਸੇ ਹੀ ਘਰ 'ਚ ਜੰਮਦਾ ਹੈ, ਕਦੇ ਕੁੱਤਾ ਬਣ ਗਿਆ, ਕਦੇ ਬਿੱਲਾ ਬਣ ਗਿਆ, ਕਦੇ ਸੂਰ ਬਣ ਗਿਆ, ਸੱਪ ਬਣ ਗਿਆ। ਬਾਰ-ਬਾਰ ਜੰਮਦਾ ਹੈ, ਮੋਹ ਦਾ ਬੰਨ੍ਹਿਆ ਹੋਇਆ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਾਂਦੇ ਨੇ। ਜਾਂਦੇ-ਜਾਂਦੇ ਅਚਾਨਕ ਸ਼ਬਦ ਪੜ੍ਹਨ ਲਗ ਗਏ।

***ਭੂਮੀਆ ਭੂਮਿ ਊਪਰਿ ਨਿਤ ਲੁਝੈ ॥***
***ਛੋਡਿ ਚਲੈ ਤ੍ਰਿਸਨਾ ਨਹੀ ਬੁਝੈ ॥ 2 ॥*** ***ਅੰਗ - 188***

ਉਧਰਲੇ ਪਾਸੇ ਇਕ ਤਿੱਤਰ ਜ਼ੋਰ-ਜ਼ੋਰ ਦੀ ਬੋਲਦਾ ਹੈ। ਮਹਾਰਾਜ ਹੱਸੀ ਜਾਂਦੇ ਨੇ। ਸਿੰਘਾਂ ਨੇ ਪੁੱਛਿਆ ਕਿ ਮਹਾਰਾਜ! ਇਕ ਤਾਂ ਤੁਸੀਂ ਸ਼ਬਦ ਪੜ੍ਹਨ ਲੱਗ ਗਏ ਅਚਾਨਕ ਹੀ। ਇਕ ਤੁਸੀਂ ਹਸਦੇ ਬਹੁਤ ਹੋਂ? ਮਹਾਰਾਜ ਕਹਿੰਦੇ, ਆਪਾਂ ਨੂੰ ਗਾਲ੍ਹਾਂ ਕੱਢਦਾ ਹੈ ਤਿੱਤਰ। ਸਿੰਘਾਂ ਨੇ ਪੁੱਛਿਆ, ਮਹਾਰਾਜ! ਕੌਣ ਹੈ ਇਹ? ਕਹਿਣ ਲੱਗੇ, ਇਥੋਂ ਦਾ ਰਾਜਾ ਹੁੰਦਾ ਸੀ ਇਹ। ਇਹ ਉਹਦਾ ਫਾਰਮ ਸੀਗਾ ਜਿੱਥੋਂ ਦੀ ਆਪਾਂ ਲੰਘੇ ਜਾਂਦੇ ਹਾਂ। ਕਹਿੰਦੇ ਮਰ ਗਿਆ, ਇਸ ਜ਼ਮੀਨ ਦੇ ਨਾਲ ਇਹਦਾ ਮੋਹ ਸੀ। ਮੁੜ ਕੇ ਤਿੱਤਰ ਬਣ ਗਿਆ। ਇਹਨੂੰ ਪਿਛਲੇ ਜਨਮ ਦੀ ਸੋਝੀ ਰਹਿ ਗਈ, ਹੁਣ ਸਾਨੂੰ ਗਾਲ੍ਹਾਂ ਕੱਢਦਾ ਹੈ ਕਿ ਫਸਲਾਂ ਮੇਰੀਆਂ ਮਿੱਦਦੇ ਓ ਤੁਸੀਂ।

ਮਹਾਰਾਜ ਨੇ ਕਿਹਾ ਕਿ ਫੜ ਕੇ ਲਿਆਓ, ਖੱਬੀ ਅੱਖ ਤੋਂ ਕਾਣਾ ਹੈ ਤਿੱਤਰ ਇਹ। ਸੋ ਸਿੰਘਾਂ ਨੇ ਜਾ ਕੇ ਫੜ ਕੇ ਮਹਾਰਾਜ ਕੋਲ ਲਿਆਂਦਾ। ਮਹਾਰਾਜ ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਹਦਾ ਪਿੰਜਰਾ ਛੁਡਵਾ ਕੇ ਉਹਨੂੰ ਮੁਕਤ ਕਰ ਦਿਤਾ। ਮੋਹ ਦਾ ਬੰਨ੍ਹਿਆ ਹੋਇਆ ਬੰਦਾ, ਬਾਰ-ਬਾਰ ਜੰਮਦਾ ਹੈ, ਉਥੇ ਹੀ ਜੰਮੀ ਜਾਂਦਾ ਹੈ।

ਸੋ ਮਹਾਰਾਜ ਕਹਿੰਦੇ, ਪਾਧਾ ਜੀ! ਇਸ ਮੋਹ ਨੂੰ ਜਾਲ ਦਿਓ, ਖਤਮ ਕਰ ਦਿਓ ਤੇ ਇਹਦੀ ਤਾਂ ਬਣਾ ਲਓ ਸਿਆਹੀ।

***ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥***
***ਅੰਗ - 16***

ਜਿਹੜੀ ਸਾਰ ਦੀ ਮੱਤ ਹੈ ਨਾ, ਸਾਡੇ ਅੰਦਰ ਵਿਹਾਰ ਦੀ ਮੱਤ ਦੀ ਹੈ, ਸਾਰ ਦੀ ਮੱਤ ਨਹੀਂ ਹੈ। ਅਸੀਂ ਵਿਹਾਰ ਦੀ ਗੱਲ ਤਾਂ ਸੋਚ ਲੈਂਦੇ ਹਾਂ ਕਿ ਜੇ ਫਲਾਣੇ ਥਾਂ ਪੈਸਾ ਲਾਈਏ ਤਾਂ ਐਨਾ ਫਾਇਦਾ ਹੋ ਜਾਏਗਾ। ਫਲਾਣੀ ਬਿਜ਼ਨਸ ਜੇ ਮੈਂ ਪੈਸਾ ਲਾ ਦੇਵਾਂ ਤਾਂ ਐਨਾ ਮੁਨਾਫਾ ਹੋ ਜਾਏਗਾ। ਇਹਨੂੰ ਵਿਹਾਰ ਦੀ ਮੱਤ ਕਹਿੰਦੇ ਨੇ। ਇਕ ਹੁੰਦੀ ਹੈ ਸਾਰ ਮੱਤ। ਸਾਰ

ਮੱਤ ਇਹ ਹੁੰਦੀ ਹੈ ਕਿ ਇਥੇ ਸੰਸਾਰ ਵਿਚ ਝੂਠੀ ਚੀਜ਼ ਕਿਹੜੀ ਹੈ ਤੇ ਸੱਚੀ ਕਿਹੜੀ ਹੈ? ਉਹ ਫੇਰ ਗਿਣੀ ਜਾਂਦਾ ਹੈ ਕਿ ਇਹ ਵੀ ਝੂਠੀ, ਇਹ ਵੀ ਝੂਠੀ। ਸੱਚਾ ਕੀ ਰਹਿ ਗਿਆ? ਵਾਹਿਗੁਰੂ ਰਹਿ ਗਿਆ। ਇਹਨੂੰ ਵਿਵੇਕ ਕਹਿੰਦੇ ਨੇ। ਮਹਾਰਾਜ ਕਹਿੰਦੇ, ਵਿਵੇਕ ਦੀ ਮੱਤ ਧਾਰਨ ਕਰ ਲੈ। ਫੇਰ ਤੂੰ ਕਲਮ ਬਣਾ? ਕਹਿੰਦਾ ਮਹਾਰਾਜ! ਕਲਮ ਵੀ ਕੋਈ ਹੋਰ ਤਰੀਕੇ ਨਾਲ ਬਣਦੀ ਹੈ?

ਮਹਾਰਾਜ ਕਹਿੰਦੇ, ਕਲਮ ਵੀ ਹੋਰ ਹੈ, ਲਿਖਾਰੀ ਵੀ ਹੋਰ ਹੈ। ਉਹ ਕਲਮ ਤੂੰ ਬਣਾ ਲੈ –

***ਧਾਰਨਾ – ਕਲਮ ਪਿਆਰ ਦੀ ਬਣਾ ਕੇ ਲਿਖ ਲੈ,***
***ਪੁੱਛ ਕੇ ਵਿਚਾਰ ਗੁਰਾਂ ਨੂੰ।***

ਕਹਿਣ ਲੱਗੇ, ਪਾਧਾ ਜੀ! ਦੇਖੋ ਮੋਹ ਦੀ ਤਾਂ ਤੁਸੀਂ ਸਿਆਹੀ ਬਣਾਓ ਤੇ ਕਾਗਜ਼ ਦੀ ਥਾਂ 'ਤੇ ਜਿਹੜੀ ਸ੍ਰੇਸ਼ਠ ਬੁੱਧੀ ਹੈ, ਉਹਨੂੰ ਕਾਗਜ਼ ਬਣਾਓ। ਹੈਰਾਨ ਹੋ ਗਿਆ ਪਾਧਾ ਕਿ ਗੱਲ ਸਮਝ ਲਵਾਂ ਮੈਂ। ਮੇਰੇ ਤਾਂ ਭਲੇ ਦੀ ਗੱਲ ਕਹਿ ਰਿਹਾ ਹੈ ਬਾਲਕਾ ਇਹ। ਸੋਚ ਲਿਆ ਕਿ ਮੋਹ ਹੈ ਮੇਰਾ ਘਰ ਵਿਚ ਪਿਆ ਹੋਇਆ। ਮੇਰੇ ਬੱਚਿਆਂ ਨਾਲ ਮੋਹ, ਮੇਰੇ ਪਰਿਵਾਰ ਨਾਲ, ਮੇਰੇ ਸਬੰਧੀਆਂ ਨਾਲ, ਮੇਰੇ ਘਰ ਨਾਲ, ਮੇਰੀ ਜਾਇਦਾਦ ਨਾਲ ਮੋਹ ਹੈ। ਇਹ ਤਾਂ ਫੇਰ ਤੋੜਨਾ ਹੀ ਪੈਣਾ ਹੈ। ਤੋੜਾਂਗਾ, ਤਾਂ ਸਿਆਹੀ ਬਣੇਗੀ ਤੇ ਦੁਨੀਆਂ ਨੂੰ ਮੈਂ ਸਤਿ ਜਾਣਦਾ ਹਾਂ, ਪਰ ਇਹ ਤਾਂ ਝੂਠੀ ਹੈ, ਨਿਰੰਕਾਰ ਸਤਿ ਹੈ। ਫੇਰ ਉਹਨੂੰ ਸਤਿ ਜਾਨਣ ਵਾਲੀ ਬੁੱਧੀ ਜਿਹੜੀ ਹੈ, ਸਾਰ ਮੱਤ, ਉਹ ਕਾਗਜ਼ ਬਣ ਗਿਆ, ਹੁਣ ਦੋ ਚੀਜ਼ਾਂ ਬਣ ਗਈਆਂ। ਠੀਕ ਹੈ ਸਿਆਹੀ ਵੀ ਮੇਰੇ ਕੋਲ ਆ ਗਈ ਤੇ ਕਾਗਜ਼ ਵੀ ਆ ਗਿਆ ਤੇ ਹੁਣ ਕਲਮ ਕਾਹਦੀ ਕਹਿੰਦੇ ਨੇ? ਸਿਆਹੀ ਵੀ ਆ ਗਈ, ਦਵਾਤ ਬਣ ਗਈ ਮੇਰੇ ਕੋਲ। ਹੁਣ ਚਾਹੀਦੀ ਹੈ ਕਲਮ। ਮਹਾਰਾਜ ਕਹਿੰਦੇ, ਕਲਮ ਜਿਹੜੀ ਬਣਾਉਣੀ ਹੈ ਨਾ – 'ਭਾਉ ਕਲਮ' ਪਿਆਰ ਦੀ ਕਲਮ ਬਣਾ ਲੈ, ਭਗਤੀ ਦੀ ਕਲਮ, ਹੋਛੀਆਂ ਗੱਲਾਂ, ਕਰਮ ਧਰਮ ਦੇ ਵਿਚ ਨਾ ਫਸ, ਪਿਆਰ ਦੀ ਕਲਮ ਬਣਾ। ਪਿਆਰ ਕਰਨਾ ਹੈ ਤਾਂ ਵਾਹਿਗੁਰੂ ਨੂੰ ਕਰ। ਕਿਉਂਕਿ ਉਹ ਨਿਰਾ ਪਿਆਰ ਹੈ –

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।***

***ਸ੍ਵਯੇ – ਪਾਤਸ਼ਾਹੀ 10***

ਜੇ ਤੇਰੇ ਹਿਰਦੇ 'ਚ ਪਿਆਰ ਹੋਏਗਾ, ਖਿੱਚ ਹੋਏਗੀ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***ਡਾ. ਭਾਈ ਵੀਰ ਸਿੰਘ***

ਜਿਹਦੇ ਹਿਰਦੇ 'ਚ ਪਿਆਰ ਹੈ, ਉਹ ਫੇਰ ਪਿਆਰੇ ਦੀ ਤਲਾਸ਼

ਵਿਚ ਦਿਨ ਰਾਤ ਰਹਿੰਦਾ ਹੈ। ਜਿਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ –

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ – 708*

ਕਹਿਣ ਲੱਗੇ, ਪਾਧਾ ਜੀ! ਐਨੀ ਖਿੱਚ ਹਿਰਦੇ 'ਚ ਪੈਦਾ ਹੋਵੇ, ਇਹਨੂੰ ਪਿਆਰ ਕਹਿੰਦੇ ਨੇ, ਪ੍ਰੇਮ ਕਹਿੰਦੇ ਨੇ। ਖਿੱਚ ਹੋਵੇ, ਦਰਸ਼ਨਾਂ ਦੀ ਸਿੱਕ ਹੋਵੇ ਮਨ 'ਚ, ਇਹਦੀ ਕਲਮ ਬਣਾ ਤੂੰ।

ਹੁਣ ਤੀਸਰੀ ਗੱਲ ਵੀ ਸਮਝ 'ਚ ਆ ਗਈ ਕਿ ਕਲਮ ਪਿਆਰ ਦੀ ਕਹਿੰਦਾ ਹੈ ਨਾਨਕ। ਕਹਿੰਦੇ ਲਿਖਣ ਵਾਲਾ, ਨਾਨਕ, ਮੈਂ ਲਿਖਾਂ। ਕਹਿੰਦੇ, 'ਕਰ ਚਿੱਤ ਲਿਖਾਰੀ।' ਹੁਣ ਹੱਥਾਂ ਦੀ ਥਾਂ ਤੇ ਲਿਖਾਰੀ ਚਿੱਤ ਨੂੰ ਬਣਾ ਲੈ। ਚਿੱਤ ਨਾਲ ਲਿਖ, ਉਤੋਂ-ਉਤੋਂ ਨਾ ਲਿਖੀਂ। ਜਿਹੜੀ ਗੱਲ ਹਿਰਦੇ ਤੋਂ ਲਿਖੀ ਜਾਂਦੀ ਹੈ, ਉਹ ਭੁੱਲਦੀ ਨਹੀਂ ਹੈ, ਉਹਦੇ ਵਿਚ ਸ਼ਕਤੀ ਹੁੰਦੀ ਹੈ, ਕਹਿੰਦੇ, ਗੁਰੂ ਨੂੰ ਪੁੱਛ ਕੇ ਲਿਖ। ਗੁਰੂ ਨੂੰ ਪੁੱਛ ਕਿ ਮੈਂ ਕੀ ਲਿਖਣਾ ਹੈ। ਗੁਰੂ ਦਸਦਾ ਹੈ ਫੇਰ ਕਿ ਹਿਰਦੇ ਦੀ ਫੱਟੀ ਦੇ ਉੱਤੇ ਪਿਆਰ ਦੀਆਂ ਕਲਮਾਂ ਦੇ ਨਾਲ ਤੂੰ ਲਿਖ। ਲਿਖਣਾ ਦਸਦਾ ਹੈ ਕਿ ਤੂੰ ਪ੍ਰਮੇਸ਼ਰ ਦਾ ਨਾਮ ਲਿਖ ਲੈ ਭਾਈ। ਇਸ ਤਰ੍ਹਾਂ ਨਾਲ ਪੜ੍ਹ ਲਓ –

*ਧਾਰਨਾ – ਵਾਹਿਗੁਰੂ-ਵਾਹਿਗੁਰੂ ਲਿਖ ਲੈ ਪਿਆਰੇ,*
*ਵਾਹਿਗੁਰੂ-ਵਾਹਿਗੁਰੂ ਲਿਖ ਲੈ।*

ਕਹਿਣ ਲੱਗੇ, ਪਾਧਾ ਜੀ! ਆਪ ਨਾ ਲਿਖੀਂ, ਹਿਰਦੇ 'ਤੇ ਜਿਹੜਾ ਲਿਖਣਾ ਹੈ ਉਹ ਗੁਰੂ ਤੋਂ ਪਹਿਲਾਂ ਪੁੱਛੀਂ। ਗੁਰੂ ਤੋਂ ਨਾ ਪੁੱਛਿਆ ਤਾਂ ਇਹਦਾ ਫਲ ਨਹੀਂ ਕੋਈ ਹੋਣਾ। ਨਿਗੁਰੇ ਦੀ ਭਗਤੀ ਕਬੂਲ ਨਹੀਂ ਪੈਂਦੀ, ਗੁਰੂ ਵਾਲੇ ਦੀ ਜਿਹੜੀ ਭਗਤੀ ਹੈ, ਜ਼ਿਆਰਤ ਹੈ, ਉਹ ਥੋੜ੍ਹੀ ਜਿਹੀ ਕੀਤੀ ਹੋਈ ਕਬੂਲ ਪੈਂਦੀ ਹੈ, ਤੂੰ ਗੁਰੂ ਤੋਂ ਪੁੱਛ ਲਈਂ ਪਰ ਚਿੱਤ ਨੂੰ ਲਿਖਾਰੀ ਬਣਾ ਕੇ। ਜੇ ਚਿੱਤ ਨਹੀਂ ਲਿਖਾਰੀ, ਫੇਰ ਗਲਤੀਆਂ ਕਰੇਗਾ, ਲਿਖਣਾ ਕੀ ਹੈ ਉਹਨੇ। ਮਹਾਰਾਜ ਨੇ ਕਿਹਾ ਹੈ ਕਿ ਮਨ ਨੂੰ ਇਕਾਗਰ ਕਰਕੇ, ਸਾਰੇ ਪਾਸਿਆਂ ਤੋਂ ਫੁਰਨਿਆਂ ਨੂੰ ਰੋਕ ਕੇ, ਫੇਰ ਹਿਰਦੇ ਦੇ ਨਾਲ ਅੰਦਰ ਲਿਖ ਲੈ – ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।

ਕਹਿੰਦੇ, ਲਿਖ ਨਾਮ।

ਫੇਰ ਕਹਿੰਦੇ, ਹੋਰ ਕੀ ਲਿਖੀਏ?

ਕਹਿੰਦੇ, ਹਰੀ ਦਾ ਜਸ ਲਿਖ। ਕੀਰਤਨ ਕਰ। ਸ਼ਬਦ ਦਾ ਕੀਰਤਨ ਕਰ। ਸਾਲਾਹ ਲਿਖ।

*ਭਾਉ ਕਲਮ ਕਰਿ ਚਿਤੁ ਲੇਖਾਰੀ ਗੁਰ ਪੁਛਿ ਲਿਖੁ ਬੀਚਾਰੁ ॥*

***ਲਿਖੁ ਨਾਮੁ ਸਾਲਾਹ ਲਿਖੁ ਲਿਖੁ ਅੰਤੁ ਨ ਪਾਰਾਵਾਰੁ ॥***

***ਅੰਗ - 16***

ਨਾਲ ਲਿਖ ਲੈ, ਵਾਹਿਗੁਰੂ ਬੇਅੰਤ ਹੈ, ਹਿਰਦੇ ਦੇ ਅੰਦਰ ਕਹਿ ਕਿ ਕਿੱਡੀ ਵੱਡੀ ਦੁਨੀਆਂ ਬਣਾ ਦਿਤੀ। ਕਿਸ ਤੋਂ ਬਣਾਈ ਹੈ ਇਹ, ਕਿੱਥੋਂ ਪੈਦਾ ਹੋਈ ਹੈ? ਜਿਉਂ-ਜਿਉਂ ਆਦਮੀ ਵਾਹਿਗੁਰੂ ਵਲ ਨੂੰ ਜਾਂਦਾ ਹੈ, ਜਿਉਂ-ਜਿਉਂ ਕੁਦਰਤ ਨੂੰ ਫਰੋਲਦਾ ਹੈ, ਪਹਿਲਾਂ ਕਹਿੰਦਾ ਹੈ ਕਿ ਮੈਂ ਪੀਐਚ.ਡੀ ਹਾਂ, ਡੀਲਿਟ. ਹਾਂ। ਮੈਂ ਬਹੁਤ ਪੜ੍ਹਿਆ ਹੋਇਆ ਹਾਂ। ਫੇਰ ਕਹਿੰਦਾ ਹੈ ਕਿ ਮੈਂ ਤਾਂ ਅਜੇ ਪਹਿਲੀ ਦਾ ਵੀ ਵਿਦਿਆਰਥੀ ਨਹੀਂ ਰਿਹਾ। ਕਿਉਂਕਿ ਵਿਸ਼ਾਲ ਪੜ੍ਹਾਈ ਹੈ, ਮੁੱਕਣ 'ਚ ਨਹੀਂ ਆਉਂਦੀ। ਕਹਿੰਦੇ, ਇਹ ਲਿਖ ਲੈ, ਜਿਹੜਾ ਤੈਨੂੰ ਦੱਸਿਆ।

***ਬਾਬਾ ਏਹੁ ਲੇਖਾ ਲਿਖਿ ਜਾਣੁ ॥***
***ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥***

***ਅੰਗ - 16***

ਹੈਰਾਨ ਹੋ ਗਿਆ ਪਾਧਾ। ਕਹਿੰਦਾ, ਨਾਨਕ! ਤੁਸੀਂ ਮੈਨੂੰ ਬਿਲਕੁਲ ਨਵੀਂ ਪੜ੍ਹਾਈ ਦਸੀ ਹੈ। ਮੈਂ ਤਾਂ ਸੁੰਨਾ ਪਿਆ ਹਾਂ ਏਸ ਗੱਲ ਤੋਂ। ਇਸ ਪੜ੍ਹਾਈ ਦਾ ਮੈਨੂੰ ਨਹੀਂ ਪਤਾ ਸੀ। ਪਰ ਮੈਨੂੰ ਇਕ ਗੱਲ ਦਸ ਦਿਓ, ਜਦੋਂ ਕੋਈ ਪੜ੍ਹ ਹਟਦਾ ਹੈ, ਫੇਰ ਉਹਨੂੰ ਅਹੁਦੇ ਮਿਲਦੇ ਨੇ। ਹੁਣ ਤੇਰਾ ਪਿਤਾ ਹੈ, ਉਹਨੂੰ ਕਿੱਡਾ ਵੱਡਾ ਅਹੁਦਾ ਮਿਲਿਆ ਹੋਇਆ ਹੈ। ਸਾਰੀ ਜਿੰਨੀ ਦੂਰ ਤੱਕ ਰਿਆਸਤ ਹੈ। ਸਾਰੇ ਦਾ ਹਿਸਾਬ-ਕਿਤਾਬ ਕਰਨਾ ਇਹ ਤੇਰੇ ਪਿਤਾ ਦੇ ਹੱਥ ਵਿਚ ਹੈ। ਅਹੁਦਾ ਹੈ, ਮਾਣ ਪ੍ਰਾਪਤ ਹੈ। ਰਾਜੇ ਨਾਲ ਤੁਹਾਡੀ ਬੜੀ ਨੇੜੇ ਦੀ ਬਣੀ ਹੋਈ ਹੈ, ਤੁਹਾਡੇ ਪਿਤਾ ਦੀ। ਹੇ ਨਾਨਕ! ਮੈਨੂੰ ਵੀ ਦੱਸੋ ਕਿ ਇਹ ਪੜ੍ਹਾਈ ਪੜ੍ਹਨ 'ਤੇ ਹੋਈ ਅਹੁਦਾ ਵੀ ਮਿਲਦਾ ਹੈ?

ਗੁਰੂ ਨਾਨਕ ਕਹਿਣ ਲੱਗੇ, ਦੇਖੋ ਪਾਧਾ ਜੀ! ਇਸ ਸੰਸਾਰ 'ਤੇ ਸਦਾ ਰਹਿਣਾ ਨਹੀਂ ਹੈ ਇਥੋਂ ਚਲੇ ਜਾਣਾ ਹੈ ਤੇ ਜੋ ਕੁਛ ਆਪਾਂ ਇਥੇ ਕਰਨਾ ਹੈ, ਉਹਦਾ ਲੇਖਾ-ਪੱਤਾ ਉਥੇ ਹੋਣਾ ਹੈ ਜਿਹੜਾ ਮੈਂ ਲਿਖਿਆ ਹੈ, ਦੱਸਿਆ ਹੈ - ***'ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ ॥ '*** ਉਥੇ ਜੇ ਇਹ ਲੇਖਾ ਲਿਖਿਆ ਤੂੰ, ਉਸ ਵੇਲੇ ਤੈਨੂੰ ਦਰਗਾਹ ਦੇ ਵਿਚ ਉੱਚਾ ਥਾਂ ਮਿਲ ਜਾਏਗਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਦਰਗਹ ਮਿਲ ਜਾਊ ਥਾਉਂ,***
***ਬਾਬਾ ਇਹ ਲੇਖਾ ਤੂੰ ਲਿਖ ਲੈ।***

ਕਹਿਣ ਲੱਗੇ, ਪਾਧਾ ਜੀ! ਤੁਸੀਂ ਅਹੁਦਿਆਂ ਦੀ ਗੱਲ ਕਰਦੇ ਓਂ। ਸਾਰਿਆਂ ਤੋਂ ਵੱਡਾ ਅਹੁਦਾ ਮਿਲ ਜਾਏਗਾ। ਨਿਰੰਕਾਰ ਦੀ ਦਰਗਾਹ ਵਿਚ ਥਾਂ ਮਿਲ ਜਾਂਦਾ ਹੈ ਜਿੱਥੇ ਦੁਬਾਰਾ ਕਾਲ ਦੀ ਪਹੁੰਚ ਨਹੀਂ ਹੁੰਦੀ। ਦੁਬਾਰਾ ਨਹੀਂ ਉਥੋਂ ਗਿਰਦਾ, ਸਦਾ ਵਾਸਤੇ ਅਨੰਦ ਵਿਚ ਰਹਿੰਦਾ ਹੈ -

***ਜਿਥੈ ਮਿਲਹਿ ਵਡਿਆਈਆ ਸਦ ਖੁਸੀਆ ਸਦ ਚਾਉ ॥***

***ਅੰਗ - 16***

ਸਦਾ ਹੀ ਆਦਮੀ ਖੁਸ਼ ਰਹਿੰਦਾ ਹੈ। ਅਸੀਂ ਥੋੜ੍ਹੀ ਦੇਰ ਵਾਸਤੇ ਖੁਸ਼ ਹੁੰਦੇ ਹਾਂ, ਫੇਰ ਨਰਾਜ਼ ਹੋ ਜਾਂਦੇ ਹਾਂ, ਫੇਰ ਛਿੱਤੇ ਪੈ ਜਾਂਦੇ ਹਾਂ, ਫੇਰ ਸਾਡੇ ਅੰਦਰ ਉਥੱਲ-ਪੁਥੱਲ ਹੋਣ ਲਗ ਜਾਂਦੀ ਹੈ। ਸਾਡਾ ਚਾਉ ਮਰ ਜਾਂਦਾ ਹੈ। ਮਾੜਾ ਮੋਟਾ ਕਿਸੇ ਦੇ ਅੰਦਰ ਚਾਉ ਰਹਿ ਗਿਆ ਅੱਜਕਲ੍ਹ ਤਾਂ। ਪਹਿਲੇ ਸਮਿਆਂ 'ਚ ਮਾੜੀ ਜਿਹੀ ਚੀਜ਼ ਨਾਲ ਹੀ ਚਾਉ ਹੋ ਜਾਂਦਾ ਸੀ। ਜੇ ਘਰ ਵਿਚ ਕੋਈ ਸਬਜ਼ੀ ਬਣਾ ਲਈ ਉਹਦਾ ਹੀ ਚਾਉ ਹੋ ਜਾਂਦਾ ਸੀ। ਹੁਣ ਬੁਝ ਗਿਆ ਮਨ, ਕਿਸੇ ਵਿਰਲੇ ਦੇ ਹੀ ਮਨ 'ਚ ਚਾਉ ਉਠਦਾ ਹੈ।

ਕਹਿੰਦੇ, ਉਥੇ ਸਦਾ ਦਾ ਹੀ ਚਾਉ ਰਹਿੰਦਾ ਹੈ, ਥਰਾਹਟ (vibration) ਰਹਿੰਦੀ ਹੈ। ਖੁਸ਼ੀ ਨਾਲ ਭਰਿਆ ਰਹਿੰਦਾ ਹੈ ਹਰ ਵਕਤ। ਉਹ ਥਾਂ ਦੇ ਉਤੇ ਜਿਨ੍ਹਾਂ ਨੇ ਲੇਖੇ ਲਿਖੇ ਨੇ-

***ਤਿਨ ਮੁਖਿ ਟਿਕੇ ਨਿਕਲਹਿ ਜਿਨ ਮਨਿ ਸਚਾ ਨਾਉ ॥***

***ਅੰਗ - 16***

ਕਹਿੰਦੇ ਉਨ੍ਹਾਂ ਦੇ ਨਿਸ਼ਾਨ ਲਾ ਦਿੰਦਾ ਹੈ ਨਿਰੰਕਾਰ। ਜਿਵੇਂ ਟਿਕਾ ਲੱਗਿਆ ਹੁੰਦਾ ਹੈ। ਇਸ ਤਰ੍ਹਾਂ ਨਿਸ਼ਾਨ ਲਾ ਦਿੰਦਾ ਹੈ ਕਿ ਇਹਨੂੰ ਦੇ ਦਿਓ ਥਾਉਂ, ਇਹਨੂੰ ਦੇ ਦਿਉ। ਸਦਾ ਹੀ ਖੁਸ਼ੀਆਂ ਵਾਲਾ ਥਾਉਂ, ਸਦਾ ਹੀ ਚਾਉ ਵਾਲਾ ਥਾਉਂ।

***ਕਰਮਿ ਮਿਲੈ ਤਾ ਪਾਈਐ ਨਾਹੀ ਗਲੀ ਵਾਉ ਦੁਆਉ ॥***

***ਅੰਗ - 16***

ਇਹਦੇ 'ਚ ਵਾਹਿਗੁਰੂ ਦੀ ਮਿਹਰ ਹੋ ਜਾਵੇ। ਕਿਉਂਕਿ ਜਦ ਲੇਖਾ ਲਿਖੇਂਗਾ, ਵਾਹਿਗੁਰੂ ਦੀ ਮਿਹਰ ਕੁਦਰਤੀ ਤੌਰ ਤੇ ਹੋਣੀ ਹੀ ਹੈ। ਨਹੀਂ ਤਾਂ ਪੰਡਤ ਜੀ! ਗੱਲਾਂ ਬਾਤਾਂ ਹੀ ਨੇ ਸੰਸਾਰ ਦੇ ਅੰਦਰ ਤੇ ਵੱਡੇ-ਵੱਡੇ ਜਿਹੜੇ ਸੰਸਾਰ 'ਤੇ ਆਉਂਦੇ ਨੇ, ਜਿਨ੍ਹਾਂ ਨੂੰ ਤੂੰ ਵੱਡੇ-ਵੱਡੇ ਕਹਿੰਦਾ ਹੈਂ। ਮੈਨੂੰ ਤਾਂ ਕਿਹਾ ਸੀ ਕਿ ਵੱਡੇ ਅਹੁਦੇ ਮਿਲ ਜਾਣਗੇ। ਕਹਿੰਦੇ, ਵੱਡੇ ਅਹੁਦਿਆਂ ਵਾਲਿਆਂ ਨੂੰ ਤਾਂ ਛੱਡ ਜਿਹੜੇ ਰਾਜੇ ਮਹਾਰਾਜੇ ਨੇ, ਇਹ ਵੀ ਜਿਹੜੇ ਨੇ, ਇਨ੍ਹਾਂ ਦਾ ਵੀ ਜਨਮ ਬਿਰਥਾ ਜਾਂਦਾ ਹੈ -

***ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ ॥***

***ਅੰਗ- 16***

ਸਲਾਰ ਕਹਿੰਦੇ ਨੇ, ਸਿੱਪਾ ਸਲਾਰ ਕਹਿੰਦੇ ਨੇ। ਇਹ ਆਉਂਦੇ ਨੇ, ਮਰ ਜਾਂਦੇ ਨੇ, ਫੇਰ ਜੰਮ ਪੈਂਦੇ ਨੇ, ਮਰ ਜਾਂਦੇ ਨੇ-

***ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥***

***ਅੰਗ- 16***

ਇਕ ਬਹੁਤ ਵੱਡੇ ਮਾਣ ਪਾਉਂਦੇ ਨੇ। ਇਕ ਮੰਗਦੇ ਫਿਰਦੇ ਨੇ -

***ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥ 3 ॥***

***ਅੰਗ - 16***

ਜੇ ਇਹ ਲੇਖਾ ਨਹੀਂ ਨਾ ਲਿਖਿਆ, ਕਹਿੰਦੇ ਬੇਕਾਰ ਹੈ ਉਹ, ਕਿਸੇ ਕੰਮ ਦਾ ਨਹੀਂ। ਬੇਕਾਰ ਇਕ ਤਾਂ ਵਿਹਲੇ ਤੁਰੇ ਫਿਰਦੇ ਨੂੰ ਕਹਿੰਦੇ ਨੇ।

ਵਿਹਲਾ ਨਹੀਂ ਬੇਕਾਰ। ਜੋ ਚੀਜ਼ ਕਿਸੇ ਵੀ ਕੰਮ ਨਾ ਆਵੇ। ਮਾੜੀ ਮੋਟੀ ਸੁਆਹ ਵੀ ਕੰਮ ਆਉਂਦੀ ਹੈ, ਭਾਂਡੇ ਮਾਂਜਣ ਨੂੰ। ਮਿੱਟੀ ਵੀ ਕੰਮ ਆਉਂਦੀ ਹੈ। ਮਹਾਰਾਜ ਕਹਿੰਦੇ, ਉਹ ਬੰਦਾ ਕਿਸੇ ਕੰਮ ਨਹੀਂ ਆਉਂਦਾ, ਉਹਦਾ ਤਾਂ ਬਿਰਥਾ ਜੀਵਨ ਜਾਂਦਾ ਹੈ, ਨਾਮ ਨੂੰ ਭੁੱਲ ਕੇ। ਬਾਕੀ ਜਿਹੜੇ ਤੁਸੀਂ ਵੱਡੇ-ਵੱਡੇ ਕਹਿੰਦੇ ਓਂ ਕਿ ਫਲਾਣਾ ਨਵਾਬ ਹੈ, ਫਲਾਣਾ ਬਾਦਸ਼ਾਹ ਹੈ। ਇਹ ਦਰਗਾਹ ਵਿਚ ਜਾ ਕੇ ਕੁਛ ਨਹੀਂ ਹੁੰਦੇ। ਇਹ ਤਾਂ ਸਭ ਖਤਮ ਹੋਣ ਵਾਲੀਆਂ ਚੀਜ਼ਾਂ ਨੇ -

***ਧਾਰਨਾ - ਵੱਡੇ-ਵੱਡੇ ਦੁਨੀਆਂ ਦੇ ਰਾਜੇ,***
***ਨਾਮ ਬਿਨਾਂ ਖੇਹ ਬਣ ਗਏ।***

ਪਾਧਾ ਜੀ ਜਿਹੜੀਆਂ ਗੱਲਾਂ 'ਚ ਤੁਸੀਂ ਤੁਰੇ ਫਿਰਦੇ ਓਂ ਕਿ ਦੁਨਿਆਵੀ ਤਰੱਕੀ ਹੁੰਦੀ ਹੈ। ਕਹਿੰਦੇ ਜੋ ਸੰਸਾਰ ਦੇ ਉਤੇ ਵੱਡੇ-ਵੱਡੇ ਨੇ -

***ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥***
***ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ ॥***
***ਨਾਨਕ ਉਠੀ ਚਲਿਆ ਸਭਿ ਕੂੜੇ ਤੁਟੇ ਨੇਹ ॥ ਅੰਗ - 16***

ਇਹ ਸੰਸਾਰ 'ਤੇ ਰਹਿਣਾ ਨਹੀਂ ਇਸ ਕਰਕੇ ਤੂੰ ਸੱਚ ਦੀ ਪੜ੍ਹਾਈ ਪੜ੍ਹ ਲੈ। ਸੱਚ ਦਾ ਲੇਖਾ ਲਿਖ ਲੈ, ਕਾਹਨੂੰ ਮੈਨੂੰ ਤੂੰ ਇਨ੍ਹਾਂ ਲੇਖਿਆਂ 'ਚ ਪਾਉਂਦਾ ਹੈਂ। ਐਨਾ ਕਹਿ ਕੇ ਗੁਰੂ ਨਾਨਕ ਪਾਤਸ਼ਾਹ ਦੇ ਨੈਣ ਬੰਦ ਹੋ ਗਏ। ਚੁੱਪ ਕਰ ਗਏ, ਸਮਾਧੀ ਲਗ ਗਈ। ਪਾਧਾ ਦੇਖ ਰਿਹਾ ਹੈ ਨੀਝ ਲਾ-ਲਾ ਕੇ, ਕਦੇ ਉਸਨੂੰ ਰੋਸ਼ਨੀ ਨਜ਼ਰ ਆਉਂਦੀ ਹੈ, ਆਲੇ-ਦੁਆਲੇ ਹੌਲੀ-ਹੌਲੀ ਰੋਸ਼ਨੀ ਦਾ ਚੱਕਰ ਬਣ ਗਿਆ। ਚੱਕਰ ਵਧਣ ਲਗ ਗਿਆ, ਦੂਰ ਤੱਕ ਰੋਸ਼ਨੀ ਹੀ ਰੋਸ਼ਨੀ ਆਲੇ-ਦੁਆਲੇ ਹੋ ਗਈ। ਉਹਨੇ ਕਿਹਾ ਮਨਾਂ! ਹੁਣ ਕਾਹਦਾ ਤੂੰ ਮਾਣ ਕਰਨਾ, ਉਤਰ ਜਾਹ ਚੌਂਕੀ ਤੋਂ, ਫੜ ਲੈ ਚਰਨ ਇਸ ਬਾਲਕ ਦੇ। ਸੱਚਮੁੱਚ ਹੀ ਪ੍ਰਮੇਸ਼ਰ ਹੈ ਇਹ। ਐਨੀ ਬੁੱਧੀ ਮੈਂ ਤਾਂ ਨਹੀਂ ਕਿਸੇ ਬੱਚੇ ਦੇ ਵੇਖੀ, ਮੈਨੂੰ ਨਹੀਂ ਹੈ, ਮੈਂ ਬੁੱਢਾ ਹੋ ਗਿਆ, ਮੈਨੂੰ ਨਹੀਂ ਇਨ੍ਹਾਂ ਗੱਲਾਂ ਦਾ ਪਤਾ। ਇਹਨੇ ਤਾਂ ਮੈਨੂੰ ਰਸਤੇ ਪਾ ਦਿਤਾ। ਚਰਨ ਫੜ ਲੈਂਦਾ ਹੈ ਕਿ ਹੇ ਨਾਨਕ! ਕ੍ਰਿਪਾ ਕਰ, ਮੈਨੂੰ ਇਹ ਲੇਖਾ ਲਿਖਣਾ ਸੱਚੀਮੁੱਚੀਂ ਦਸ ਦੇ। ਚਲਾ ਦੇ, ਮੇਰੇ ਹਿਰਦੇ ਦੇ ਉਤੇ ਕਲਮ ਵਹਿਣ ਲਗ ਜਾਵੇ ਪਿਆਰ ਦੀ।

ਸੋ ਗੁਰੂ ਨਾਨਕ ਨੇ ਕ੍ਰਿਪਾ ਕੀਤੀ, ਆਪਣੀ ਮੌਜ ਹੋਈ, ਨੇਤਰ ਖੋਲ੍ਹੇ, ਫੇਰ ਨਾ ਫੱਟੀ ਦੇਖੀ, ਨਾ ਬਸਤਾ ਦੇਖਿਆ, ਚੁੱਪ ਕਰਕੇ ਤੁਰ ਗਏ। ਘਰ ਆ ਜਾਂਦੇ ਨੇ। ਦੂਜੇ-ਤੀਜੇ ਦਿਨ ਪਿਤਾ ਫੇਰ ਕਹਿੰਦਾ ਹੈ ਕਿ ਪੜ੍ਹਨ ਚਲਿਆ ਜਾਂਦਾ ਹੈ। ਮਹਾਰਾਜ ਚਲੇ ਜਾਂਦੇ ਨੇ। ਹੁਣ ਉਹ ਡਰਦਾ ਹੈ, ਅਦਬ ਕਰਦਾ ਹੈ। ਕੀ ਦੇਖਦਾ ਹੈ ਕਿ ਅੱਜ ਨਾਨਕ ਨੇ ਫੱਟੀ ਨਹੀਂ ਦਿਖਾਈ। ਲਿਖੀ ਜਾਂਦਾ ਹੈ, ਲਿਖੀ ਜਾਂਦਾ ਹੈ, ਤਿੰਨ ਫੱਟੀਆਂ ਭਰ ਦਿਤੀਆਂ।

ਜਿਸ ਵਕਤ ਬੜੇ ਪਿਆਰ ਨਾਲ ਪੁੱਛਿਆ, ਨਾਨਕ ਜੀ! ਤੁਸੀਂ ਅੱਜ ਕੀ ਲਿਖ ਰਹੇ ਓਂ? ਮੈਂ ਤਾਂ ਅੱਖਰ ਤੁਹਾਨੂੰ ਦੱਸੇ ਨਹੀਂ ਹਨ ਲਿਖਣ

ਵਾਲੇ। ਇਹ ਤੁਸੀਂ ਤਾਂ ਇਬਾਰਤ ਲਿਖਦੇ ਤੁਰੇ ਜਾਂਦੇ ਓਂ। ਫੱਟੀ ਮਹਾਰਾਜ ਜੀ ਨੇ ਚੁੱਪ ਕਰਕੇ ਉਹਦੇ ਅੱਗੇ ਕਰ ਦਿਤੀ। ਪੜ੍ਹਨ ਲੱਗ ਗਿਆ-

***ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥***
***ਅੰਗ - 432***

ਪੱਟੀ ਹੈ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ, ਇਕੱਲੇ-ਇਕੱਲੇ ਅੱਖਰ ਦਾ ਅਰਥ ਮਹਾਰਾਜ ਲਿਖਣ ਲੱਗ ਗਏ। ਨਮਸ਼ਕਾਰ ਕਰ ਦਿਤੀ ਪਾਧੇ ਨੇ ਕਿ ਹੇ ਨਾਨਕ! ਹੁਣ ਤਾਂ ਤੂੰ ਮੈਨੂੰ ਹੀ ਪੜ੍ਹਾ, ਮੈਂ ਨਹੀਂ ਤੈਨੂੰ ਪੜ੍ਹਾਉਣਾ। ਘਰ ਆ ਜਾਂਦੇ ਨੇ, ਗੁਰੂ ਨਾਨਕ ਪਾਤਸ਼ਾਹ।

ਘਰ ਆ ਜਾਂਦੇ ਨੇ ਗੁਰੂ ਨਾਨਕ ਸਾਹਿਬ, ਫੇਰ ਉਸੇ ਤਰ੍ਹਾਂ ਹੋ ਗਿਆ। ਹਫਤਾ-ਹਫਤਾ ਚੁੱਪ ਕਰ ਰਹਿੰਦੇ ਨੇ, ਬੋਲਦੇ ਨਹੀਂ। ਮੌਜ ਆ ਜਾਵੇ ਬੋਲ ਪੈਂਦੇ ਨੇ ਨਹੀਂ ਤਾਂ ਚੁੱਪ ਰਹਿੰਦੇ ਨੇ। ਜੰਗਲ ਨੂੰ ਚਲੇ ਜਾਂਦੇ ਨੇ। ਪਾਂਧੇ ਕੋਲ ਫੇਰ ਗਏ ਮਹਿਤਾ ਕਾਲੂ ਜੀ, ਜਿਹਨੇ ਪੱਤਰੀ ਲਿਖੀ ਸੀ, ਹਰਦਿਆਲ ਉਹਦਾ ਨਾਮ ਸੀ। ਕਹਿਣ ਲੱਗਿਆ, ਪਾਂਧਾ ਜੀ, ਤੁਸੀਂ ਚੰਗੀ ਪੱਤਰੀ ਲਿਖੀ, ਹਿਸਾਬ-ਕਿਤਾਬ, ਉਹ ਤਾਂ ਜਮਾਂ ਹੀ ਨਿਕੰਮਾ ਮੁੰਡਾ ਹੈ, ਮੈਂ ਇਹਨੂੰ ਪੜ੍ਹਨ ਲਾਇਆ ਸੀ, ਪੜ੍ਹਦਾ ਨਹੀਂ ਹੈ। ਪਾਂਧਾ ਕਹਿੰਦਾ, ਇਹ ਤਾਂ ਮੈਨੂੰ ਹੀ ਪੜ੍ਹਾ ਗਿਆ। ਉਹ ਵੀ ਟਿਚਰਾਂ ਕਰਦਾ ਹੈ, ਮਖੌਲ ਕਰਦਾ ਹੈ। ਜਦੋਂ ਮੈਂ ਕਹਿੰਦਾ ਹਾਂ ਕਿ ਪਾਧਾ ਜੀ! ਤੁਸੀਂ ਪੜ੍ਹਾ ਦਿਓ। ਕਹਿੰਦਾ, ਨਾ, ਇਹ ਤਾਂ ਮੈਨੂੰ ਪੜ੍ਹਾ ਗਿਆ, ਮੈਂ ਇਹਨੂੰ ਕੀ ਪੜ੍ਹਾਵਾਂ। ਕੋਈ ਬਾਲਕ ਹੋਵੇ ਮੈਂ ਪੜ੍ਹਾ ਦੇਵਾਂ, ਇਹ ਬਾਲਕ ਥੋੜ੍ਹਾ ਹੈ। ਤੇਰੇ ਨੇਤਰ ਬੰਦ ਨੇ, ਇਹ ਤਾਂ ਤੇਰੇ ਘਰ ਵਿਚ ਆਪ ਪ੍ਰਮੇਸ਼ਰ ਪ੍ਰਗਟ ਹੋਇਆ ਹੈ। ਕਹਿੰਦੇ, ਮੈਨੂੰ ਘਰ ਦੇ ਵਿਚ ਸਾਰੇ ਮਖੌਲ ਕਰਦੇ ਨੇ। ਤੁਸੀਂ ਹਿਸਾਬ-ਕਿਤਾਬ ਜੋੜੋ, ਕਹਿਣ ਲੱਗਿਆ, ਪਾਧਾ ਜੀ! ਤੁਸੀਂ ਕਾਹਲੇ ਨਾ ਪਵੋ ਸਮਾਂ ਆਇਗਾ ਜਦ ਇਨ੍ਹਾਂ ਨੇ ਪ੍ਰਗਟ ਹੋ ਜਾਣਾ ਹੈ। ਤੁਸੀਂ ਹੋਰ ਥਾਂ ਲਾ ਦਿਓ। ਜੇ ਇਹ ਨਹੀਂ ਪੜ੍ਹਦਾ ਤਾਂ ਫਾਰਸੀ ਪੜ੍ਹਨ ਲਾ ਦਿਓ। ਗੁਰੂ ਨਾਨਕ ਨੂੰ ਫਾਰਸੀ ਪੜ੍ਹਨ ਵਾਸਤੇ ਸੱਯਦ ਕੋਲ ਲੈ ਜਾਂਦੇ ਨੇ। ਸੱਯਦ ਨੂੰ ਪੁੱਛਿਆ ਕਿ ਇਹਨੂੰ ਫਾਰਸੀ ਪੜ੍ਹਾ ਦੇ, ਕੁਰਾਨ ਸ਼ਰੀਫ ਪੜ੍ਹਾ ਦੇ, ਅਰਬੀ ਪੜ੍ਹਾ ਦੇ, ਐਨ ਤਾਕ ਬਣਾ ਦੇ। ਥੋੜ੍ਹੇ ਦਿਨ ਮਹਾਰਾਜ ਗਏ ਓਥੇ, ਜਿਹੜਾ ਕੁਛ ਉਹ ਦੱਸੇ ਉਹ ਉਸੇ ਵੇਲੇ ਸੁਣਾ ਦੇਣ। ਮੁੱਲਾ ਕਹਿਣ ਲੱਗਿਆ ਕਿ ਐਨਾ ਹੁਸ਼ਿਆਰ ਬੱਚਾ? ਅਜੇ ਮੇਰੇ ਮੂੰਹੋਂ ਨਿਕਲਦਾ ਹੈ ਕਿ ਮੈਂ ਸਾਰਾ ਪੜ੍ਹ ਕੇ ਸੁਣਾਉਂਦਾ ਹਾਂ, ਨਾਲ ਦੀ ਨਾਲ ਹੀ ਸੁਣਾ ਦਿੰਦਾ ਹੈ ਮੈਨੂੰ। ਮੈਂ ਇਹਨੂੰ ਕੀ ਪੜ੍ਹਾਵਾਂ। ਗੁਰੂ ਨਾਨਕ ਨੇ ਕ੍ਰਿਪਾ ਕੀਤੀ ਸੇ-ਹਰਫੀ ਲਿਖ ਦਿਤੀ। ਸਾਰੇ ਅੱਖਰਾਂ ਦੇ ਮਤਲਬ ਬਾਣੀ 'ਚ ਲਿਖ ਦਿਤੇ। ਉਹ ਸੇ-ਹਰਫੀ ਗੁਰੂ ਗ੍ਰੰਥ ਸਾਹਿਬ ਜੀ 'ਚ ਨਹੀਂ ਹੈ।

ਸੋ ਉਸ ਨੇ ਵੀ ਮੱਥਾ ਟੇਕ ਦਿਤਾ, ਸਿਜਦਾ ਕਰ ਦਿਤਾ, ਕਹਿਣ ਲੱਗਿਆ, ਹੇ ਨਾਨਕ! ਤੂੰ ਪੜ੍ਹਿਆ-ਪੜ੍ਹਾਇਆ ਆਇਆ ਹੈਂ, ਤੈਨੂੰ ਕੋਈ ਨਹੀਂ ਪੜ੍ਹਾ ਸਕਦਾ। ਮੁੜ ਕੇ ਗੁਰੂ ਨਾਨਕ ਫੇਰ ਉਸੇ ਤਰ੍ਹਾਂ ਜੰਗਲਾਂ 'ਚ ਜਾਣ ਲੱਗ ਗਏ। ਫੇਰ ਮਹਿਤਾ ਜੀ ਦੁਖੀ ਹੋ ਗਏ, ਫੇਰ ਗਏ ਤਾਂ ਉਸ

ਵੇਲੇ ਪਾਧੇ ਨੇ ਕਿਹਾ ਕਿ ਜੇ ਛੋਟੀ ਵਿਦਿਆ ਛੇਤੀ ਪੜ੍ਹ ਲੈਂਦਾ ਹੈ ਤਾਂ ਸੰਸਕ੍ਰਿਤ ਤਾਂ 50-50 ਸਾਲ ਨਹੀਂ ਆਉਂਦੀ। 26 ਸਾਲ 'ਚ ਤਾਂ ਵਿਆਕਰਣ ਹੀ ਸਿੱਖ ਹੁੰਦੀ ਹੈ ਇਹਦੀ। ਔਖੀ ਵਿਦਿਆ 'ਤੇ ਲਾ ਦੇ ਇਹਨੂੰ, ਬ੍ਰਹਮ ਵਿਦਿਆ ਪੜ੍ਹ ਲਵੇ। ਉਸ ਵੇਲੇ ਬ੍ਰਿਜ ਲਾਲ ਦੇ ਪਾਸ ਸੰਸਕ੍ਰਿਤ ਪੜ੍ਹਨ ਲਾ ਦਿਤਾ ਗੁਰੂ ਨਾਨਕ ਪਾਤਸ਼ਾਹ ਨੂੰ। ਸੰਸਕ੍ਰਿਤ ਦੇ ਅੱਖਰ ਦਸ ਦਿਤੇ ਉਹਨੇ, ਥੋੜ੍ਹੇ ਜਿਹੇ ਦਿਨ ਹੋਏ ਇਕ ਕਾਗਜ਼ ਚੁੱਕੀਂ ਫਿਰਨ। ਕਹਿੰਦੇ, ਨਾਨਕ ਇਹ ਕੀ ਹੈ? ਕਹਿੰਦੇ, ਇਹ ਤੂੰ ਲਿਖਿਆ ਹੈ? ਕਹਿੰਦੇ, ਹਾਂ ਪਿਤਾ ਜੀ! ਮੈਂ ਲਿਖਿਆ ਹੈ। ਕਹਿੰਦੇ, ਇਹ ਕੀ ਹੈ? ਕਹਿੰਦੇ, ਸਪਤ ਸਲੋਕੀ ਗੀਤਾ ਲਿਖੀ ਹੈ। ਸੱਤ ਸਲੋਕਾਂ ਦੇ ਵਿਚ ਸਾਰੀ ਗੀਤਾ ਨੂੰ ਬੰਦ ਕਰ ਦਿਤਾ। ਹੈਰਾਨ ਹੋ ਗਿਆ ਕਹਿੰਦੇ ਤੂੰ ਯਾਦ ਕੀਤੀ ਹੈ?

ਕਹਿੰਦੇ ਨਹੀਂ ਪਿਤਾ ਜੀ! ਲਿਖੀ ਹੀ ਮੈਂ ਹੈ। ਕਾਗਜ਼ ਫੜ ਲਿਆ, ਗੁਰੂ ਨਾਨਕ ਨੂੰ ਬ੍ਰਿਜਲਾਲ ਦੇ ਪਾਸ ਲੈ ਗਏ। ਕਹਿਣ ਲੱਗੇ, ਪੰਡਤ ਜੀ! ਇਹ ਦੇਖਿਓ ਤਾਂ ਕਾਗਜ਼ ਨਾਨਕ ਦਾ ਹੈ? ਕਹਿੰਦੇ, ਹਾਂ।

ਹੈਰਾਨ ਹੋ ਗਿਆ ਕਿ ਗੁਰੂ ਨਾਨਕ ਨੇ ਸਪਤ ਸ਼ਲੋਕੀ ਗੀਤਾ ਲਿਖ ਦਿਤੀ। ਕਹਿੰਦੇ, ਹੇ ਨਾਨਕ! ਇਹਦੇ ਅਰਥ ਵੀ ਜਾਣਦਾ ਹੈਂ? ਅਰਥ ਕਰ ਦਿਤੇ, ਜਿਹੜਾ ਬ੍ਰਿਜ ਲਾਲ ਸੀ ਚਰਨਾਂ 'ਤੇ ਢਹਿ ਪਿਆ। ਕਹਿੰਦਾ, ਮਹਿਤਾ ਜੀ! ਇਹ ਕੋਈ ਮਾਮੂਲੀ ਬੰਦਾ ਨਹੀਂ ਹੈ, ਤੂੰ ਇਹਨੂੰ ਸਮਝਣ ਦਾ ਯਤਨ ਕਰ, ਇਹ ਤਾਂ ਬਹੁਤ ਵੱਡਾ ਹੈ। ਲੇਕਿਨ ਉਨ੍ਹਾਂ ਦਾ ਮਨ ਨਹੀਂ ਮੰਨਦਾ। ਮਾਂ-ਬਾਪ ਕਦੇ ਨਹੀਂ ਆਪਣੇ ਪੁੱਤਰ ਨੂੰ ਮੰਨਣਗੇ ਕਿ ਮੇਰਾ ਪੁੱਤਰ ਸਾਧੂ ਹੈ, ਕਰਨੀ ਕਮਾਈ ਵਾਲਾ ਹੈ। ਕੋਈ ਵਿਰਲਾ ਮਾਂ-ਬਾਪ, ਜਿਹਦੇ ਉਤੇ ਮਾਇਆ ਨਾ ਹੋਵੇ। ਭਰਾ-ਭਾਈ ਨਹੀਂ ਮੰਨਦੇ ਹੁੰਦੇ, ਘਰ ਦਾ ਪਰਿਵਾਰ ਨਹੀਂ ਮੰਨਦਾ ਹੁੰਦਾ, ਮਿੱਤਰ ਦੋਸਤ ਨਹੀਂ ਮੰਨਦੇ, ਪਿੰਡ ਵਾਲੇ ਨਹੀਂ ਮੰਨਦੇ ਹੁੰਦੇ। ਬਾਕੀ ਸੰਸਾਰ ਨੂੰ ਸੋਝੀ ਆ ਜਾਂਦੀ ਹੈ ਉਹ ਮੰਨ ਜਾਂਦੇ ਨੇ। ਇਸ ਕਰਕੇ ਕਹਿੰਦੇ ਨੇ ਕਿ 'ਘਰ ਦਾ ਜੋਗੀ ਜੋਗੜਾ ਬਾਹਰ ਦਾ ਜੋਗੀ ਸਿੱਧ।'

ਹੁਣ ਗੁਰੂ ਨਾਨਕ ਪਾਤਸ਼ਾਹ ਨੂੰ ਕਿੱਥੇ ਲਾਵੇ, ਉਹ ਤਾਂ ਪੜ੍ਹੇ ਹੋਏ ਨੇ ਸਾਰੀਆਂ ਪੜ੍ਹਾਈਆਂ। ਸਾਰਿਆਂ ਕਹਿ ਦਿਤਾ, ਸਾਡੇ ਕੋਲ ਕੋਈ ਪੜ੍ਹਾਈ ਨਹੀਂ ਇਸ ਤੋਂ ਅੱਗੇ ਇਹਨੂੰ ਪੜ੍ਹਾਉਣ ਵਾਲੀ, ਜਿਹੜਾ ਕੁਛ ਇਹਨੇ ਪੜ੍ਹਨਾ ਸੀ ਇਹਨੇ ਪੜ੍ਹਿਆ ਹੋਇਆ ਹੈ। ਇਹ ਤਾਂ ਸਾਨੂੰ ਪੜ੍ਹਾ ਰਿਹਾ ਹੈ। ਮਹਿਤਾ ਜੀ ਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਕਿ ਸਾਰੇ ਮੇਰੇ ਨਾਲ ਓਪਰੀਆਂ ਗੱਲਾਂ ਕਰ ਰਹੇ ਹਨ।

ਹੁਣ ਗੁਰੂ ਨਾਨਕ ਨਹੀਂ ਕਿਤੇ ਵੀ ਜਾਂਦੇ, ਨਾ ਕਿਸੇ ਨਾਲ ਬੋਲਦੇ ਚਾਲਦੇ ਨੇ, ਜੰਗਲ 'ਚ ਚਲੇ ਗਏ ਉਥੇ ਹੀ ਸ਼ਾਮ ਤਕ ਰਹਿੰਦੇ ਨੇ। ਘਰੋਂ ਕੋਈ ਚੀਜ਼ ਲੈ ਕੇ ਬਾਹਰ ਹੀ ਛੱਡ ਆਉਂਦੇ ਨੇ। ਕੱਪੜਾ ਲੀੜਾ ਲੈ ਜਾਂਦੇ ਨੇ ਬਾਹਰ ਹੀ ਦੇ ਆਉਂਦੇ ਨੇ, ਸਾਧੂ ਸੰਤਾਂ ਨੂੰ। ਬੜਾ ਨੁਕਸਾਨ ਹੋਣ ਲਗ ਗਿਆ ਤੇ ਬੋਲਦੇ ਹੈ ਨਹੀਂ। ਸੱਤ-ਸੱਤ ਦਿਨ ਰੋਟੀ ਨਹੀਂ ਖਾਂਦੇ। ਸਾਰਾ ਭਾਈਚਾਰਾ ਇਕੱਠਾ ਹੋਇਆ, ਕਹਿੰਦੇ ਮਹਿਤਾ ਜੀ ਸਾਨੂੰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਨੂੰ ਕੋਈ ਛਾਇਆ ਹੋ ਗਈ। ਕੋਈ ਭੂਤ-ਪ੍ਰੇਤ ਆ

ਗਿਆ, ਜਿਨ੍ਹਾਂ ਨੇ ਇਨ੍ਹਾਂ ਨੂੰ ਫੜ ਲਿਆ। ਨਹੀਂ ਏਸ ਉਮਰ ਦੇ ਬੱਚੇ ਤਾਂ ਖੇਲ੍ਹਦੇ ਫਿਰਦੇ ਨੇ। ਤੁਸੀਂ ਇਸ ਤਰ੍ਹਾਂ ਕਰੋ ਕਿਸੇ ਸਿਆਣੇ ਨੂੰ ਲਿਆਓ, ਮੰਤਰ ਵਗੈਰਾ ਕਰਾਓ, ਜਿਹੜਾ ਇਨ੍ਹਾਂ ਦੇ ਉਤੋਂ ਛਾਇਆ ਹਟਾਵੇ। ਉਸ ਵੇਲੇ ਉਸੇ ਮੁੱਲਾਂ ਨੂੰ ਜਿਹਦੇ ਕੋਲ ਗੁਰੂ ਨਾਨਕ ਪੜ੍ਹਦੇ ਸੀ ਕਿਉਂਕਿ ਮੁੱਲਾਂ ਇਹ ਕੰਮ ਕਰਿਆ ਕਰਦੇ ਸੀ ਮੰਤਰਾਂ ਜੰਤਰਾਂ ਦੇ। ਉਹ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਲੈ ਆਇਆ। ਮੁੱਲਾਂ ਹੱਥ ਹੌਲੇ ਕਰੀ ਜਾਂਦਾ ਹੈ। ਕਦੇ ਧਾਗਾ ਬੰਨ੍ਹਦਾ ਹੈ, ਕਦੇ ਕੁਛ ਕਰਦਾ ਹੈ, ਮੰਤ੍ਰ ਪੜ੍ਹਦਾ ਹੈ, ਕਦੇ ਗੇੜੇ ਕੱਢਦਾ ਹੈ, ਬਹੁਤ ਕੁਛ ਕਰਿਆ ਉਸ ਨੇ, ਕਦੇ ਛਾਲਾਂ ਮਾਰਦਾ ਜਾਂਦਾ ਹੈ। ਬੈਠ ਕੇ ਛੜੱਪੇ ਮਾਰਦਾ ਹੈ, ਦਰਖਤ 'ਚ ਜਾ ਕੇ ਮੇਖ ਗੱਡ ਆਉਂਦਾ ਹੈ।

ਮਹਿਤਾ ਕਾਲੂ ਜੀ ਦੇਖਦੇ ਨੇ, ਕਹਿੰਦੇ ਕਿਉਂ ਮੁੱਲਾਂ ਜੀ? ਕਹਿੰਦਾ, ਆ ਲੈ ਇਥੇ ਬੰਨ੍ਹ ਦਿਤੀ, ਹੁਣ ਨਹੀਂ ਜਾ ਸਕਦਾ। ਜਦੋਂ ਉਧਰ ਆਉਂਦਾ ਹੈ ਗੁਰੂ ਨਾਨਕ ਚੁੱਪ ਨੇ। ਗੱਲ ਹੀ ਨਹੀਂ ਕਰਦੇ।

ਫੇਰ ਕਹਿਣ ਲੱਗਿਆ ਕਿ ਮੇਰੇ ਵਸ ਦਾ ਤਾਂ ਹੈ ਨਹੀਂ ਇਹ। ਖਿਆਲ ਆ ਗਿਆ ਕਿ ਗੁਰੂ ਨਾਨਕ ਮਾਮੂਲੀ ਮਨੁੱਖ ਨਹੀਂ ਹੈ। ਜਿਹੜੀਆਂ ਗੱਲਾਂ ਅਸੀਂ ਸੁਣਦੇ ਹਾਂ ਗੱਲ ਓਹੀ ਹੈ। ਉਸ ਵੇਲੇ ਉਸ ਨੇ ਬੇਨਤੀ ਕੀਤੀ ਹੇ ਨਾਨਕ! ਜਿਸ ਖੁਦਾ ਨੂੰ ਤੂੰ ਮੰਨਦਾ ਹੈਂ ਜਿਸ ਖੁਦਾ ਦੇ ਪਿਆਰ ਵਿਚ ਤੂੰ ਮਸਤ ਹੋਇਆ ਹੈਂ, ਕ੍ਰਿਪਾ ਕਰ, ਤੂੰ ਉਸ ਦੇ ਵਾਸਤੇ ਹੀ ਮੇਰੇ ਨਾਲ ਗੱਲ ਤਾਂ ਕਰ ਲੈ। ਉਸੇ ਵੇਲੇ ਗੁਰੂ ਨਾਨਕ ਉੱਠ ਕੇ ਬੈਠ ਗਏ, ਨੇਤਰ ਖੋਲ੍ਹ ਲਏ ਤੇ ਮੁਸਕਰਾਉਣ ਲੱਗ ਗਏ। ਕਹਿੰਦੇ, ਹੇ ਨਾਨਕ! ਤੁਸੀਂ ਬੋਲਦੇ ਕਿਉਂ ਨਹੀਂ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਇਸ ਤਰ੍ਹਾਂ ਦਾ ਬਚਨ ਕਿਹਾ –

***ਧਾਰਨਾ – ਚੰਦ ਰੋਜ਼ ਦਾ ਪ੍ਰਾਹੁਣਾ ਆਇਆ ਜਗ 'ਤੇ,***
***ਦਾਹਵੇ ਬੰਨ੍ਹੇ ਮੁੱਦਤਾਂ ਦੇ।***

ਮਹਾਰਾਜ ਕਹਿਣ ਲੱਗੇ, ਮੁੱਲਾਂ! ਸੰਸਾਰ ਰਹਿਣ ਦਾ ਥਾਂ ਨਹੀਂ ਹੈ –

***ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥***
***ਹਕਾ ਕਬੀਰ ਕਰੀਮ ਤੂ ਬੇਐਬ ਪਰਵਦਗਾਰ ॥ 1 ॥***
***ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ॥***
***ਮਮ ਸਰ ਮੂਇ ਅਜਰਾਈਲ ਗਿਰਫਤਹ***
***ਦਿਲ ਹੇਚਿ ਨ ਦਾਨੀ ॥ 1 ॥ ਰਹਾਉ ॥ ਅੰਗ – 721***

ਕਹਿੰਦੇ, ਇਹੋ ਜਿਹਾ ਆਦਮੀ ਮੁਨਕਰ ਹੈ ਕਿ ਕੇਸਾਂ ਨੂੰ ਤਾਂ ਫੜਿਆ ਹੋਇਆ ਹੈ ਅਜ਼ਰਾਈਲ ਨੇ। ਪਰ ਇਹ ਅਗਾਹਾਂ ਹੀ ਅਗਾਹਾਂ ਜਾਂਦਾ ਹੈ। ਸੱਪ ਦੇ ਮੂੰਹ ਵਿਚ ਡੱਡੂ ਆਇਆ ਹੋਇਆ ਹੈ। ਮੱਛਰ ਕੋਲ ਆ ਗਿਆ, ਡੱਡੂ ਅਜੇ ਵੀ ਮੂੰਹ ਅੱਡਦਾ ਹੈ ਕਿ ਮੱਛਰ ਫੜ ਲਵਾਂ। ਕਾਲ ਨੇ ਕਹਿੰਦੇ ਇਹਦੇ ਕੇਸ ਫੜੇ ਹੋਏ ਨੇ। ਇਹ ਜਿਹੜਾ ਦਿਲ ਹੈ ਇਹਨੇ ਜਾਣਿਆ ਨਹੀਂ ਹੈ ਇਸ ਗੱਲ ਨੂੰ।

***ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ ॥***
***ਅੰਗ – 721***

ਭਰਾ, ਪੁੱਤਰ, ਮਾਂ-ਪਿਉ, ਕੋਈ ਨਹੀਂ ਬਾਂਹ ਫੜ ਸਕਦਾ -

***ਆਖਿਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ ॥ 2॥***

***ਅੰਗ - 721***

ਅਖੀਰ ਦੇ ਉਤੇ ਕੀ ਕਰਿਆ ਜਾਏਗਾ -

***ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ ॥***

***ਅੰਗ - 721***

ਦਿਨ ਲੰਘ ਜਾਂਦਾ ਹੈ ਰਾਤ ਲੰਘ ਜਾਂਦੀ ਹੈ ਲੇਕਿਨ ਅੰਦਰਲੇ ਪਾਸੇ ਬਦੀਆਂ ਦੇ ਖਿਆਲ ਤੁਰੇ ਫਿਰਦੇ ਨੇ -

***ਗਾਹੇ ਨ ਨੇਕੀ ਕਾਰ ਕਰਦਮ***
***ਮਮ ਈਂ ਚਿਨੀ ਅਹਵਾਲ ॥ 3 ॥*** ***ਅੰਗ - 721***

ਕਦੇ ਨੇਕੀ ਦਾ ਕੰਮ ਨਹੀਂ ਕਰਦਾ ਤੇ ਆਹ ਹਾਲ ਸਾਡਾ ਹੋ ਰਿਹਾ ਹੈ -

***ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ ॥***

***ਅੰਗ- 721***

ਜਿਸਦਾ ਹਿਸਾਬ ਕਿਤਾਬ ਹੋਏਗਾ, ਸਾਡੇ ਵਰਗੇ ਬਦਬਖਤ, ਮਾੜੇ ਬੰਦੇ, ਬਖੀਲੀਆਂ ਕਰਨ ਵਾਲੇ, ਗਫਲਤ ਕਰਨ ਵਾਲੇ, ਉਥੇ ਕੀ ਬਣੇਗਾ ਉਨ੍ਹਾਂ ਦੇ ਨਾਲ -

***ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ ॥***

***ਅੰਗ - 721***

ਜਦੋਂ ਵੈਰਾਗ ਦਾ ਸ਼ਬਦ ਮੁੱਲਾਂ ਨੇ ਸੁਣਿਆ, ਸਿੱਜਦਾ ਕਰ ਦਿਤਾ ਗੁਰੂ ਨਾਨਕ ਨੂੰ ਕਿ ਗੁਰੂ ਨਾਨਕ ਤੇਰੀਆਂ ਤੂੰ ਜਾਣ। ਪਰ ਹੁਣ ਮੈਨੂੰ ਨਾ ਭੁਲੇਖਾ ਪਾ, ਕ੍ਰਿਪਾ ਕਰ।

***ਧਾਰਨਾ - ਮੈਨੂੰ ਆਪਣਾ ਬਣਾ ਲੈ ਮੇਰੇ ਮਾਲਕਾ,***
***ਜੰਮਣ ਮਰਨਾ ਮੇਰਾ ਕੱਟ ਦੇ।***

ਸਿਜਦਾ ਕਰ ਰਿਹਾ ਹੈ, ਗੋਡਿਆਂ ਭਾਰ ਬੈਠਾ ਹੈ, ਸਿਰ ਝੁਕਿਆ ਹੋਇਆ ਹੈ, ਗੁਰੂ ਨਾਨਕ ਦੇ ਸਾਮ੍ਹਣੇ ਬੈਠਾ ਹੈ, ਹੇ ਨਾਨਕ! ਭਾਵੇਂ ਮੇਰਾ ਸਰੀਰ ਮੁਸਲਮਾਨ ਦਾ ਹੈ, ਪਰ ਤੂੰ ਅੱਲਾਹ ਤਾਲਾ ਦੀ ਖਾਸ ਜਾਤ ਹੈਂ, ਕ੍ਰਿਪਾ ਕਰ, ਮੇਰੇ ਗਰੀਬ ਦੇ ਉਤੇ ਕ੍ਰਿਪਾ ਕਰ। ਮੈਨੂੰ ਨਾ ਹੁਣ ਭੁਲੇਖਾ ਪਾਈਂ -

***ਚਰਨ ਸਰਨ ਮਹਿ ਕੀਨੇ ਪਰਨਾ।***

ਹੇ ਨਾਨਕ! ਮੈਂ ਹੁਣ ਤੇਰੇ ਚਰਨਾਂ 'ਤੇ ਗਿਰ ਗਿਆ, ਮੇਰਾ ਇਹੀ ਆਸਰਾ ਰਹਿ ਗਿਆ।

***ਹਰਿ ਮੂਏ ਜਗ ਜਨਮ ਮਰਨਾ।***

ਹੁਣ ਕ੍ਰਿਪਾ ਕਰ ਦਿਓ, ਮੈਂ ਫੇਰ ਗਰਭ ਜੂਨੀ 'ਚ ਨਾ ਆਵਾਂ ਤੇ ਤੁਸੀਂ ਛੋਟੇ ਜਿਹੇ ਬੱਚੇ ਨਹੀਂ ਓਂ, ਅੰਨ੍ਹਿਆਂ ਨੂੰ ਤੁਸੀਂ ਛੋਟੇ ਜਿਹੇ ਬੱਚੇ ਲਗਦੇ ਓਂ, ਪਰ ਮੈਂ ਇਹ ਦੇਖ ਲਿਆ ਕਿ ਤੁਹਾਡੇ ਜਿੰਨਾ ਵੱਡਾ ਅੱਜ ਸੰਸਾਰ 'ਤੇ ਕੋਈ ਹੈ ਨਹੀਂ -

***ਬਿਰਧਨ ਤੇ ਤੁਮ ਬਿਰਧ ਵਡੇਰੇ।***
***ਕਰ ਉਪਦੇਸ ਸੁ ਕਟਹੁ ਦੁਖ ਮੇਰੇ।***

ਹੁਣ ਮੈਨੂੰ ਉਪਦੇਸ਼ ਕਰ ਦਿਓ, ਜਿਹੜੇ ਪੂਰੇ ਸਤਿਗੁਰੂ ਕਰਦੇ ਨੇ। ਕਾਮਲ ਮੁਰਸ਼ਦ ਹੋ ਤੁਸੀਂ ਤੇ ਮੈਂ ਇਕ ਅਦਨਾ ਜਿਹਾ ਜੀਵ ਹਾਂ, ਮੈਨੂੰ ਉਪਦੇਸ਼ ਦਿਓ।

ਉਸ ਵੇਲੇ ਮਹਾਰਾਜ ਕਹਿਣ ਲੱਗੇ –

***ਸਤਿਨਾਮ ਇਕ ਚਿਤ ਲਿਵ ਲਾਈ।***

ਹੇ ਮੁੱਲਾ ਜੀ! ਕਹੁ ਵਾਹਿਗੁਰੂ! ਵਾਹਿਗੁਰੂ ਕਹਾ ਦਿਤਾ ਕਹਿੰਦੇ, ਹੁਣ ਇਕ ਚਿੱਤ ਹੋ ਕੇ ਇਹਦੇ ਨਾਲ ਲਿਵ ਲਾ ਲਈਂ। ਦੇਖੀਂ, ਭੁੱਲੀਂ ਨਾ 24 ਘੰਟਿਆਂ 'ਚ। ਜਦੋਂ ਨੀਂਦ ਆਈ, ਤੇਰੇ ਸੁਪਨਿਆਂ ਵਿਚ ਵੀ ਤੂੰ ਨਾਮ ਜਪੇਂਗਾ। ਤੈਨੂੰ ਜਾਗ ਆ ਜਾਏਗੀ ਅੰਦਰਲੀ। ਸਰੀਰ ਤੋਂ ਤੂੰ ਸੁੱਤਾ ਪਿਆ ਹੋਏਂਗਾ, ਤੇਰੇ ਸੁਰਤ ਜਾਗਦੀ ਹੋਏਂਗੀ ਤੇ ਤੂੰ ਉਥੇ ਨਾਮ ਜਪੇਂਗਾ, ਇਹਨੂੰ ਲਿਵ ਕਹਿੰਦੇ ਨੇ। ਚਿੱਤ ਨੂੰ ਇਕ ਕਰ ਲਈਂ ਕਿਉਂ ਜੇ ਚਿੱਤ ਇੱਕ ਹੋ ਜਾਵੇ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।*** ***ਅਕਾਲ ਉਸਤਤਿ***

ਇਕ ਚਿੱਤ ਹੋ ਕੇ ਜਿਹਨੇ ਵਾਹਿਗੁਰੂ ਨੂੰ ਅੱਖ ਦੇ ਝਮਕੇ ਜਿੰਨਾਂ ਵੀ ਧਿਆ ਲਿਆ। ਜਮਦੂਤਾਂ ਦੀ ਪਾਈ ਹੋਈ ਗਲੇ 'ਚ ਫਾਹੀ ਉਸੇ ਵੇਲੇ ਕੱਟੀ ਜਾਂਦੀ ਹੈ। ਕਹਿੰਦੇ, ਕਾਲ ਦੀ ਫਾਂਸੀ ਨਹੀਂ ਉਹਦੇ ਗਲ ਵਿਚ ਪਿਆ ਕਰਦੀ ਤੇ ਇਕ ਚਿੱਤ ਹੋ ਕੇ ਤੂੰ ਲਿਵ ਲਾ ਲੈ ਇਹਦੇ ਨਾਲ।

***ਜਪਹੁ ਦੇਹ ਅਭਿਮਾਨ ਗਵਾਈ॥***

ਹੁਣ ਤੂੰ ਇਹ ਨਾ ਕਹਿ ਕਿ ਮੈਂ ਮੁਸਲਮਾਨ ਹਾਂ, ਇਹ ਤੇਰੀ ਦੇਹ ਦੀ ਬਿਆਧੀ ਹੈ, ਤੂੰ ਆਤਮਾ ਹੈਂ। ਆਪਣੇ ਸਰੂਪ ਨੂੰ ਪਛਾਣ। ਤੂੰ ਇਹਦੇ ਵਿਚ ਰਹਿਣ ਵਾਲਾ ਹੈਂ, ਤੂੰ ਰੂਹ ਹੈਂ। ਤੂੰ ਸਰੀਰ ਨਹੀਂ ਹੈਂ, ਸਰੀਰ ਨਾਲ ਨਾ ਹੁਣ ਚਿੰਬੜ। ਨਿਕਲ ਜਾਹ, ਸ਼ਰ੍ਹਾ ਤੋਂ। ਮਾਰਫਤ ਦੀ ਗੱਲ ਕਹਿ ਦਿਤੀ ਮਹਾਰਾਜ ਨੇ। ਸ਼ਰ੍ਹਾ 'ਚੋਂ ਲੰਘਾ ਦਿਤਾ, ਸ਼ਰੀਅਤ 'ਚੋਂ ਲੰਘਾ ਦਿਤਾ। ਤਰੀਕਤ 'ਚੋਂ ਲੰਘਾ ਦਿਤਾ। ਮਾਰਫਤ 'ਚ ਲੈ ਗਏ। ਕਹਿੰਦੇ ਹੁਣ ਤੂੰ ਕਰੀਂ ਭਾਈ –

***ਸਤਿਸੰਗਤ ਕੀ ਸੇਵ ਉਪੰਗਾ॥***

ਜਿੱਥੇ ਸਤਿਸੰਗ ਹੁੰਦੀ ਹੈ, ਉਥੇ ਸੇਵਾ ਕਰੀਂ ਤਕੜਾ ਹੋ ਕੇ। ਪ੍ਰਵਾਹ ਨਾ ਕਰੀਂ ਕਿਸੇ ਦੀ।

***ਕਰਹੁ ਸੁਖਦ ਨਿਤ ਸਾਗੋ ਉਮੰਗਾ।***

ਉਮੰਗ ਦੇ ਨਾਲ ਤੂੰ ਪ੍ਰਮੇਸ਼ਰ ਨੂੰ ਯਾਦ ਕਰੀਂ। ਇਸ ਤਰ੍ਹਾਂ ਦੇ ਨਾਲ ਤੇਰਾ ਜਨਮ ਮਰਨ ਕੱਟਿਆ ਜਾਏਗਾ।

ਸੋ ਗੁਰੂ ਨਾਨਕ ਛੋਟੀ ਉਮਰ ਦੇ ਅੰਦਰ, ਇਹ ਨਹੀਂ ਕਿ ਬਹੁਤ

ਵੱਡੇ ਫਿਲਾਸਫਰ ਹੋ ਕੇ, ਵੱਡੇ ਹੋ ਕੇ ਲੱਗੇ ਨੇ, ਬੜੇ ਲਿਖਾਰੀਆਂ ਨੇ ਊਟ-ਪਟਾਂਗ ਗੱਲਾਂ ਲਿਖੀਆਂ ਨੇ। ਉਹ ਤਾਂ ਧੁਰ ਤੋਂ ਆਏ ਹੋਏ ਸੀ, ਪੁਕਾਰ ਸੁਣ ਕੇ -

***ਸੁਣੀ ਪੁਕਾਰਿ ਦਾਤਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥***

***ਭਾਈ ਗੁਰਦਾਸ ਜੀ, ਵਾਰ - 1/23***

ਧੁੰਦ ਪਈ ਹੋਈ ਸੀ ਮਿਟ ਗਈ -

***ਸਤਿਗੁਰ ਨਾਨਕ ਪ੍ਰਗਟਿਆ,***
***ਮਿਟੀ ਧੁੰਧੁ ਜਗਿ ਚਾਨਣੁ ਹੋਆ।***

***ਭਾਈ ਗੁਰਦਾਸ ਜੀ, ਵਾਰ 1/27***

ਪ੍ਰਕਾਸ਼ ਕਰ ਦਿਤਾ।

ਹੋਰ ਵੱਡੇ ਹੋ ਜਾਂਦੇ ਨੇ ਗੁਰੂ ਨਾਨਕ ਪਾਤਸ਼ਾਹ, ਮੱਝੀਆਂ ਚਾਰਨ ਵਾਸਤੇ ਗਏ। ਮੱਝੀਆਂ ਕੀ ਚਾਰਨੀਆਂ ਸੀ ਗੁਰੂ ਨਾਨਕ ਨੇ, ਚਲੇ ਗਏ ਜਾ ਕੇ ਮੱਝੀਆਂ ਚੁਗ ਰਹੀਆਂ ਨੇ ਤੇ ਆਪ ਨੇ ਕੱਪੜਾ ਵਿਛਾਇਆ ਹੋਇਆ ਹੈ ਹੇਠਾਂ ਇਕ ਦੁਪੱਟੀ ਤੇ ਉਤੇ ਉਨ੍ਹਾਂ ਨੇ ਆਪਣੀ ਬਾਂਹ ਰੱਖੀ ਹੋਈ ਹੈ ਮੱਥੇ ਕੋਲ, ਉਸ ਤਰ੍ਹਾਂ ਹੀ ਆਰਾਮ ਨਾਲ ਪਏ ਨੇ ਤੇ ਓਧਰਲੇ ਪਾਸੇ ਦੁਪਹਿਰਾ ਹੈ ਤੇ ਰਾਏ ਬੁਲਾਰ ਆ ਗਿਆ। ਨਾਲ ਉਹਦੇ ਦੋ ਤਿੰਨ ਘੋੜਿਆਂ ਵਾਲੇ ਹੋਰ ਨੇ। ਘੋੜਿਆਂ 'ਤੇ ਚੜ੍ਹੇ ਜਾਂਦੇ ਨੇ, ਕਹਿੰਦੇ ਔਹ ਕੌਣ ਪਿਆ ਹੈ? ਕਹਿੰਦੇ, ਮਹਿਤਾ ਕਾਲੂ ਜੀ ਦਾ ਲੜਕਾ ਪਿਆ ਹੈ, ਨੇੜੇ ਆ ਗਿਆ, ਕਹਿੰਦਾ ਹੈਂ? ਸੁਬ੍ਹਾਨ ਅੱਲਾਹ, ਆਹ ਦੇਖੋ, ਇਹਦੇ ਸਿਰ 'ਤੇ ਤਾਂ ਸੱਪ ਨੇ ਫਣ ਖਿਲਾਰਿਆ ਹੋਇਆ ਹੈ। ਹੌਲੀ-ਹੌਲੀ ਘੋੜਾ ਖੜ੍ਹਾ ਲਿਆ, ਉਤਰ ਆਇਆ ਥੱਲੇ, ਕਹਿੰਦੇ, ਬਚਾਓ ਜੇ ਬਚ ਸਕਦਾ ਹੈ। ਅਜੇ ਡੰਗ ਨਹੀਂ ਮਾਰਿਆ ਸੱਪ ਨੇ। ਸੱਪ ਉਸੇ ਤਰ੍ਹਾਂ ਦੇ ਨਾਲ ਛਾਓਂ ਕਰੀਂ ਖੜ੍ਹਾ ਹੈ। ਕੋਲ ਨੂੰ ਜਾਂਦੇ ਨੇ ਤੇ ਆਰਾਮ ਦੇ ਨਾਲ ਹੀ ਸੱਪ ਪਰ੍ਹੇ ਨੂੰ ਚਲਿਆ ਗਿਆ। ਮਾੜਾ ਜਿਹਾ ਜਾਂਦਾ ਦਿਖਿਆ, ਉਸ ਤੋਂ ਬਾਅਦ ਸੱਪ ਨਿਗ੍ਹਾ 'ਚ ਹੀ ਨਹੀਂ ਆਇਆ ਕਿਸੇ ਦੇ ਵੀ। ਕਹਿੰਦੇ, ਰਾਏ ਜੀ! ਸੱਪ ਕਿੱਥੇ ਚਲਿਆ ਗਿਆ। ਰੜ੍ਹਾ ਮੈਦਾਨ ਹੈ। ਮਾੜਾ ਜਿਹਾ ਹਿਲਦਾ ਦਿਸਿਆ ਹੈ। ਉਸ ਵੇਲੇ ਕਹਿਣ ਲੱਗਿਆ, ਇਹਦੀ ਗੱਲ ਸਮਝ 'ਚ ਨਹੀਂ ਆਉਂਦੀ। ਜਿੰਨੀਆਂ ਗੱਲਾਂ ਮੈਂ ਅੱਜ ਤੱਕ ਸੁਣੀਆਂ ਨੇ, ਸਾਰੀਆਂ ਗੱਲਾਂ ਅਜੀਬ ਨੇ ਇਸ ਦੀਆਂ। ਮਨ ਵਿਚ ਮੰਨਣ ਵਾਲੀਆਂ ਨਹੀਂ ਹਨ, ਜੇ ਮੁੱਲਾਂ ਕਹਿੰਦਾ ਹੈ ਤਾਂ ਉਹ ਕਹਿੰਦਾ ਹੈ ਕਿ ਖੁਦਾ ਹੈ। ਜੇ ਪਾਧਾ ਕਹਿੰਦਾ ਹੈ ਪੜ੍ਹਾਉਣ ਵਾਲਾ ਤਾਂ ਉਹ ਕਹਿੰਦਾ ਹੈ ਇਹ ਤਾਂ ਪੜ੍ਹੇ-ਪੜ੍ਹਾਏ ਨੇ, ਪੜ੍ਹਿਆਂ ਹੋਇਆਂ ਨੂੰ ਪੜ੍ਹਾਉਣ ਆਏ ਨੇ। ਜੇ ਸੰਸਕ੍ਰਿਤ ਪੜ੍ਹਾਉਣ ਵਾਲਾ ਹੈ ਉਹ ਕਹਿੰਦਾ ਹੈ ਕਿ ਵੇਦ ਸ਼ਾਸਤਰ ਇਨ੍ਹਾਂ ਦੇ ਚਰਨਾਂ ਦੇ ਵਿਚ ਨੇ, ਇਨ੍ਹਾਂ ਨੂੰ ਮੈਂ ਕੀ ਪੜ੍ਹਾਵਾਂ ਇਹ ਤਾਂ ਮੈਨੂੰ ਪੜ੍ਹਾਉਂਦੇ ਨੇ। ਅੱਜ ਕੀ ਕੌਤਕ ਦੇਖਿਆ ਕਿ ਸੱਪ ਹੈ, ਜ਼ਹਿਰੀਲਾ ਸੱਪ ਹੈ, ਫਨੀਆਰ ਨਾਗ ਹੈ, ਵੱਡਾ ਫਣ ਹੈ, ਗਿੱਠ ਸਵਾ ਗਿੱਠ ਦਾ ਚੌੜਾ ਫਣ ਹੈ ਤੇ ਮੂੰਹ ਦੇ ਉੱਤੇ ਛਾਉਂ ਕਰੀ ਬੈਠਾ ਹੈ। ਕਹਿੰਦਾ, ਅੱਜ ਮੈਂ ਸਿੱਜਦਾ ਕਰਾਂਗਾ ਇਸ ਨੂੰ, ਮੈਂ ਵੀ ਹੁਣ ਮੰਨਦਾ ਹਾਂ

ਕਿ ਸੱਚਮੁੱਚ ਹੀ ਇਹ ਕੋਈ ਵਲੀ ਪ੍ਰਗਟ ਹੋਇਆ ਹੈ। ਸਿਜਦਾ ਕਰਦਾ ਹੈ, ਗੁਰੂ ਨਾਨਕ ਉੱਠ ਕੇ ਬੈਠ ਜਾਂਦੇ ਨੇ। ਸ਼ਰਧਾ ਹੋ ਗਈ ਇਹਦੇ ਮਨ ਵਿਚ। ਮੱਝੀਆਂ ਚਾਰਨ 'ਤੇ ਡਿਊਟੀ ਲੱਗੀ ਹੋਈ ਹੈ। ਦੂਸਰੇ-ਤੀਸਰੇ ਦਿਨ ਗੁਰੂ ਨਾਨਕ ਆਪਣੀ ਮੌਜ ਵਿਚ ਲੇਟੇ ਪਏ ਨੇ, ਮੱਝੀਆਂ ਨੇ ਵਾੜ ਤੋੜੀ, ਸਾਰੀਆਂ ਹੀ ਮੱਝਾਂ ਜਿਹੜੀਆਂ 20-25 ਜਾਂ 30-40 ਸੀ, ਸਾਰੀਆਂ ਖੇਤ ਵਿਚ ਵੜ ਗਈਆਂ। ਸਾਰਾ ਹੀ ਖੇਤ ਚੁਗ ਲਿਆ। ਇਕੱਲਾ ਖੇਤ ਸੀ ਉਹਦੇ 'ਵ ਵੜ ਗਈਆਂ ਤੇ ਸਾਰਾ ਡੁੰਡ ਬਣਾ ਦਿਤਾ ਖੇਤ। ਪੰਜ-ਪੰਜ, ਛੇ-ਛੇ ਉਂਗਲ ਦੇ ਡੁੰਡ ਰਹਿ ਗਏ, ਬਾਕੀ ਸਾਰਾ ਖੇਤ ਉਤੋਂ ਖਾ ਲਿਆ ਅਤੇ ਆਰਾਮ ਨਾਲ ਬੈਠ ਕੇ ਜੁਗਾਲੀ ਕਰਨ ਲੱਗ ਗਈਆਂ ਖੇਤ ਵਿਚ ਹੀ। ਰਹਿੰਦਾ-ਖੂੰਹਦਾ ਮਿੱਦ ਦਿੱਤਾ ਤੇ ਉਧਰੋਂ ਮਾਲਕ ਆ ਗਿਆ, ਮਾਲਕ ਨੇ ਆ ਕੇ ਦੇਖਿਆ ਕਿ ਆਹ ਤਾਂ ਮਹਿਤਾ ਕਾਲੂ ਦੀਆਂ ਮੱਝਾਂ ਨੇ, ਵੱਗ ਉਹਦਾ ਫਿਰਦਾ ਹੈ ਆਲੇ-ਦੁਆਲੇ ਦੇਖਿਆ ਤਾਂ ਗੁਰੂ ਨਾਨਕ ਆਪਣੀ ਮੌਜ ਵਿਚ ਪਏ ਨੇ, ਜਾ ਕੇ ਮੋਢੇ ਤੋਂ ਫੜ ਲਿਆ ਗੁਰੂ ਨਾਨਕ ਨੂੰ ਕਹਿੰਦੇ, ਤੂੰ ਸੁੱਤਾ ਪਿਆ ਹੈਂ, ਆਹ ਦੇਖ ਮੇਰੇ ਖੇਤ ਦਾ ਕੀ ਹਾਲ ਕਰ ਦਿਤਾ ਮੇਰੇ ਖੇਤ ਦਾ। ਮੈਂ ਗਰੀਬ ਆਦਮੀ ਹਾਂ, ਮੈਂ ਪੁਕਾਰ ਕਰਾਂਗਾ, ਹਰਜਾਨਾ ਭਰਾਵਾਂਗਾ ਤੇਰੇ ਤੋਂ। ਮੇਰੀ ਤਾਂ ਸਾਰੀ ਖੇਤੀ ਖਾ ਲਈ। ਗੁਰੂ ਨਾਨਕ ਚੁੱਪ। ਮੋਢੇ ਤੋਂ ਗੁਰੂ ਨਾਨਕ ਨੂੰ ਧੂਹੀ ਜਾਂਦਾ ਹੈ, ਫੜ ਕੇ। ਚਲਿਆ ਗਿਆ, ਰਾਏ ਬੁਲਾਰ ਦੇ ਦਰਵਾਜ਼ੇ 'ਤੇ ਖੜ੍ਹ ਕੇ ਉੱਚੀ-ਉੱਚੀ ਰੋਣ ਲੱਗ ਗਿਆ, ਕਹਿਣ ਲੱਗਿਆ, ਰਾਇ ਜੀ ਮੇਰਾ ਇਨਸਾਫ ਕਰੋ, ਮੈਂ ਗਰੀਬ ਆਦਮੀ ਹਾਂ। ਇਹ ਤੇਰੇ ਕਾਰਦਾਰ ਦਾ ਪੁੱਤਰ ਨਾਨਕ, ਜਿਸਨੂੰ ਲੋਕ ਦੀਵਾਨਾ ਕਹਿੰਦੇ ਨੇ, ਮੱਝੀਆਂ ਚਾਰਨ 'ਤੇ ਲਾਇਆ ਹੋਇਆ ਹੈ ਮਹਿਤੇ ਨੇ, ਮੇਰਾ ਸਾਰਾ ਖੇਤ ਖਾ ਗਈਆਂ ਤੇ ਮੇਰਾ ਹਰਜਾਨਾ ਦਿਵਾਓ। ਪੁਕਾਰ ਕਰੀ ਜਾਂਦਾ ਹੈ, ਰਾਇ ਬਾਹਰ ਨਿਕਲਿਆ, ਆ ਕੇ ਮੰਜੇ 'ਤੇ ਬੈਠ ਗਿਆ। ਹੋਰ ਵੀ ਆ ਗਏ, ਪੰਚ ਵੀ ਮੰਗਾ ਲਏ, ਮੈਂ ਇਨਸਾਫ ਕਰਨਾ ਹੈ, ਭਾਵੇਂ ਮੇਰਾ ਹੀ ਬੰਦਾ ਹੈ ਮਹਿਤਾ ਕਾਲੂ, ਜਾਓ ਬੁਲਾ ਕੇ ਲਿਆਓ ਉਸ ਨੂੰ। ਬੁਲਾ ਕੇ ਲਿਆਂਦਾ। ਕਹਿੰਦੇ, ਮਹਿਤਾ ਜੀ! ਆਹ ਬੱਚਾ ਤੂੰ ਲਾਇਆ ਹੈ, ਇਹ ਤਾਂ ਮਸਤ ਬੱਚਾ ਹੈ, ਤੂੰ ਇਹ ਡੰਗਰ ਚਾਰਨ 'ਤੇ ਲਾ ਦਿਤਾ, ਇਹਨੇ ਡੰਗਰਾਂ ਦਾ ਕੁਛ ਨਹੀਂ ਦੇਖਿਆ ਇਹ ਤਾਂ ਆਰਾਮ ਕਰ ਰਿਹਾ ਸੀ ਇਕ ਥਾਂ ਬੈਠਾ ਤੇ ਡੰਗਰ ਇਹਦੀ ਸਾਰੀ ਫਸਲ ਖਾ ਗਏ। ਉਹ ਦੁਹਾਈ ਮਚਾਉਂਦਾ ਹੈ ਕਿ ਮੇਰਾ ਤਾਂ ਇਕ ਡਾਲ ਵੀ ਨਹੀਂ ਬਚਿਆ। ਕਹਿੰਦਾ, ਰਹਿੰਦਾ ਖੂੰਹਦਾ, ਮੱਝਾਂ ਉਪਰ ਬੈਠੀਆਂ ਉਗਾਲੀ ਕਰ ਰਹੀਆਂ ਨੇ, ਸਾਰੀਆਂ ਮੇਰੇ ਖੇਤ ਵਿਚ ਬੈਠੀਆਂ ਨੇ ਮੈਂ ਹੁਣ ਛੱਡ ਕੇ ਆ ਰਿਹਾ ਹਾਂ। ਪੰਚਾਇਤ ਇਕੱਠੀ ਕਰ ਲਈ ਰਾਏ ਨੇ, ਕਹਿੰਦੇ ਜਾਓ, ਹਰਜ਼ਾਨਾ ਵੀ ਲੱਗੇਗਾ, ਜ਼ੁਰਮਾਨਾ ਵੀ ਲੱਗੇਗਾ। ਦੋਵੇਂ ਚੀਜ਼ਾਂ ਹੋਣਗੀਆਂ। ਜੁਰਮਾਨਾ ਏਸ ਗੱਲ ਦਾ ਕਿ ਖੇਤ ਕਿਉਂ ਖੁਆਇਆ ਤੇ ਹਰਜਾਨਾ ਏਸ ਗੱਲ ਦਾ ਕਿ ਇਸ ਦੀ ਸਾਰੀ ਫਸਲ ਖਾ ਲਈ, ਇਹਦੀ ਕਣਕੂਤ ਕਰਕੇ ਆਓ। ਉਥੇ ਭੇਜ ਦਿਤੇ, ਪੰਚ ਚਲੇ ਕਣਕੂਤ ਕਰਨ। ਹਿਸਾਬੀ-ਕਿਤਾਬੀ ਨੂੰ ਨਾਲ ਲੈ ਗਏ, ਖੇਤ ਨਹੀਂ ਲੱਭਦਾ, ਮੱਝਾਂ ਬੈਠੀਆਂ ਨੇ ਖੇਤ ਦੇ ਬਾਹਰ। ਕਹਿੰਦੇ

ਕਿਹੜਾ ਖੇਤ ਹੈ ਜਿਹੜਾ ਖਾ ਲਿਆ। ਟੋਲ੍ਹਦੇ ਫਿਰਦੇ ਨੇ ਵਾਪਿਸ ਆ ਗਏ। ਕਹਿੰਦੇ, ਮਹਿਤਾ ਜੀ! ਸਾਨੂੰ ਜਾਂ ਤਾਂ ਇਹ ਦੱਸੇ ਕਿਹੜਾ ਖੇਤ ਹੈ ਜਿਹੜਾ ਖਾਧਾ ਹੈ, ਉਹਨੇ ਦੱਸਿਆ ਕਿ ਜਿਹੜਾ ਬਰੋਟੇ ਦੇ ਪਰਲੇ ਪਾਸੇ ਹੈ, ਕਹਿੰਦਾ, ਉਹ ਮੇਰਾ ਖੇਤ ਹੈ। ਕਹਿੰਦੇ, ਉਥੇ ਤਾਂ ਕੁਛ ਵੀ ਨਹੀਂ, ਇਕ ਤਿਣਕਾ ਵੀ ਨਹੀਂ ਟੁੱਟਿਆ ਹੋਇਆ। ਕਹਿੰਦਾ, ਤੁਸੀਂ ਪੱਖ ਕਰਦੇ ਓਂ ਇਹਦਾ, ਤੁਸੀਂ ਪੰਚ ਵੀ ਗਲਤ ਹੋ ਗਏ। ਨਾਨਕ ਤੇ ਮਹਿਤਾ ਜੀ ਦਾ ਪੱਖ ਕਰਦੇ ਓਂ। ਉਹ ਕਹਿੰਦੇ, ਨਾ, ਜਦ ਅਸੀਂ ਪੰਚ ਹਾਂ, ਪੰਚ ਰੱਬ ਵਰਗੇ ਹੁੰਦੇ ਨੇ, ਪੱਖ ਦਾ ਸਵਾਲ ਹੀ ਨਹੀਂ ਭਾਈ, ਤੂੰ ਦਸ ਸਾਨੂੰ ਚੱਲ ਕੇ ਦੱਸ, ਨਾਲ ਚੱਲ ਸਾਡੇ। ਮਹਿਤਾ ਜੀ ਨੂੰ ਵੀ ਨਾਲ ਲੈ ਲੈਂਦੇ ਹਾਂ। ਰਾਏ ਨੇ ਕਹਿ ਦਿਤਾ ਕਿ ਜਾ ਕੇ ਦੇਖੋ, ਬੇਨਿਸਾਫੀ ਨਹੀਂ ਕਰਨੀ ਪੂਰਾ ਤੋਲੋ। ਨਾਲ ਲੈ ਕੇ ਜਾਂਦੇ ਨੇ, ਭੁਮੱਤਰਿਆਂ ਵਾਂਗਣ ਝਾਕਦਾ ਹੈ। ਕਹਿੰਦੇ, ਖੇਤ ਤਾਂ ਇਹੀ ਸੀ। ਕਹਿੰਦੇ, ਫੇਰ ਖਾਧਾ ਹੋਇਆ ਤਾਂ ਹੈ ਨਹੀਂ। ਤੂੰ ਆਪ ਦੱਸ ਜੇ ਕੋਈ ਡਾਲ ਖਾਧਾ ਹੋਵੇ। ਹੈਰਾਨ ਹੋਈ ਜਾਂਦਾ ਹੈ, ਕੰਨਾਂ ਨੂੰ ਹੱਥ ਲਾਉਂਦਾ ਹੈ, ਕਹਿੰਦਾ, ਮੇਰੀ ਨਿਗ੍ਹਾ ਤਾਂ ਨਹੀਂ ਬੰਨ੍ਹੀਂ ਹੈ? ਤੁਹਾਡੀ ਨਿਗ੍ਹਾ ਨਹੀਂ ਬੰਨ੍ਹੀ ਹੱਥ ਲਾ ਕੇ ਦੇਖੋ, ਕਹਿੰਦੇ ਆਹ ਲੈ ਹੱਥ ਲਾ ਕੇ ਦੇਖ ਲੈ, ਹੱਥਾਂ 'ਚ ਆਉਂਦੀਆਂ ਨੇ ਬੱਲੀਆਂ? ਨਿਗ੍ਹਾ ਦਾ ਬੰਨ੍ਹਣਾ ਕੀ ਹੋਇਆ? ਕਹਿੰਦਾ, ਇਹ ਤਾਂ ਸਾਰਾ ਹੀ ਖਾਧਾ ਹੋਇਆ ਸੀ, ਇਕ ਨਹੀਂ ਬਚਿਆ। ਵਾਪਸ ਆ ਜਾਂਦੇ ਨੇ ਕਹਿੰਦੇ ਰਾਇ ਜੀ ਅਸੀਂ ਸਭ ਕੁਛ ਦੇਖ ਲਿਆ, ਇਹ ਦਸ ਨਹੀਂ ਰਿਹਾ ਕੋਈ ਗੱਲ ਵੀ। ਇਹ ਜਿਹੜਾ ਕਹਿੰਦਾ ਹੈ ਕਿ ਖੇਤ ਖਾ ਲਿਆ, ਉਹਦੇ ਵਿਚ ਤਾਂ ਕੋਈ ਡਾਲ ਵੀ ਨਹੀਂ ਟੁੱਟਿਆ ਹੋਇਆ। ਇਹ ਕਹਿੰਦਾ ਮੱਝੀਆਂ ਵਿਚ ਬੈਠੀਆਂ ਸੀ, ਮੱਝਾਂ ਤਾਂ ਬਾਹਰ ਬੈਠੀਆਂ ਉਗਾਲੀ ਕਰਦੀਆਂ ਨੇ। ਉਸ ਵੇਲੇ ਕਹਿਣ ਲੱਗਿਆ, ਮੈਨੂੰ ਨਹੀਂ ਕੁਛ ਪਤਾ ਲਗਦਾ, ਮੈਨੂੰ ਕੁਛ ਨਹੀਂ ਪਤਾ ਕਿ ਕੀ ਹੋ ਰਿਹਾ ਹੈ, ਕੀ ਨਹੀਂ ਹੋ ਰਿਹਾ, ਮੈਂ ਤਾਂ ਉਥੇ ਦੇਖ ਕੇ ਆਇਆ ਸੀ, ਅੱਖਾਂ ਨਾਲ। ਗੁਰੂ ਨਾਨਕ ਚੁੱਪ ਖੜ੍ਹੇ ਨੇ, ਕੋਈ ਬਚਨ ਨਹੀਂ ਕਰ ਰਹੇ। ਜਿਵੇਂ ਗੁਨਹਗਾਰ ਖੜ੍ਹਿਆ ਹੁੰਦਾ ਹੈ, ਫੜਿਆ ਹੋਇਆ ਦੋਸ਼ੀ ਖੜ੍ਹਾ ਹੁੰਦਾ ਹੈ, ਇਸ ਤਰ੍ਹਾਂ ਖੜ੍ਹੇ ਨੇ। ਨਿਗ੍ਹਾ ਉਤੇ ਨੂੰ ਹੈ, ਗਹਿਰੀ ਨਿਗ੍ਹਾ ਹੈ। ਮੂੰਹ ਦੇ ਉਤੇ ਜਲਾਲ ਹੈ ਤੇ ਇਕ ਝਿੜਕ ਹੈ ਮੂੰਹ ਦੇ ਉਤੇ ਸਾਰਿਆਂ ਦੇ ਤੇ ਅੰਦਰੋਂ ਹੀ ਕਹਿ ਰਹੇ ਨੇ ਪ੍ਰੇਮੀਓ! ਰੱਬ ਦੇ ਨਮਿੱਤ ਖਾਧਾ ਹੋਇਆ ਵੀ, ਕਦੇ ਘਟਦਾ ਹੈ? ਪ੍ਰਮੇਸ਼ਰ ਦੇ ਨਮਿੱਤ ਦਿਤਾ ਹੋਇਆ ਵੀ ਕਦੇ ਘਟਦਾ ਹੈ, ਵਧਦਾ ਹੈ, ਇਕ ਸਬਕ ਸਿਖਾਇਆ ਉਨ੍ਹਾਂ ਨੇ।

ਗੁਰੂ ਨਾਨਕ ਜਦੋਂ ਮੋਦੀਖਾਨੇ ਵਿਚ ਨੇ, ਆਪ ਉਸ ਥਾਂ ਦੇ ਵੱਡੇ ਆਫੀਸਰ ਸੀ। ਅੱਠ ਵਜ਼ੀਰ ਹੋਇਆ ਕਰਦੇ ਸੀ, ਖਾਨੇ ਖਾਨਾ, ਵਜ਼ੀਰ-ਏ-ਆਜ਼ਮ, ਇਕ ਬਖਸ਼ੀ ਹੋਇਆ ਕਰਦਾ ਸੀ, ਇਕ ਦੀਵਾਨ-ਏ-ਆਜ਼ਮ ਹੋਇਆ ਕਰਦਾ ਸੀ। ਜਿਹਨੂੰ ਫਾਇਨੈਂਸ ਮਨਿਸਟਰ ਕਹਿੰਦੇ ਹੁੰਦੇ। ਇਕ ਬਖਸ਼ੀ ਹੋਇਆ ਕਰਦਾ ਸੀ ਜਿਹਨੂੰ ਸੈਨਾਪਤੀ ਕਹਿੰਦੇ ਨੇ। ਇਕ ਵਜ਼ੀਰ ਨੂੰ ਮੋਦੀ ਕਹਿੰਦੇ ਨੇ, ਜਿਹੜਾ ਅੱਜਕਲ੍ਹ ਰਾਸ਼ਨ ਦਾ ਸਿਵਲ ਸਪਲਾਈ ਦਾ

ਵਜ਼ੀਰ ਹੈ ਨਾ, ਉਹ ਹੋਇਆ ਕਰਦਾ ਸੀ। ਗੁਰੂ ਨਾਨਕ ਆਪਣੀ ਮੌਜ ਨਾਲ ਚਲੇ ਜਾਂਦੇ ਸੀ, ਜਿੱਥੇ ਵੱਡਾ ਸਟੋਰ ਸੀ, ਆਪ ਹੀ ਤੋਲਣ ਲਗ ਜਾਂਦੇ ਸੀ, ਤੇ 13 ਤੋਂ ਅਗਾਹਾਂ ਕਦੇ 14 ਨਹੀਂ ਸੀ ਕਿਹਾ। ਚਾਹੇ ਸਾਰਾ ਸ਼ਹਿਰ ਲੈ ਜਾਵੇ। ਜਦੋਂ ਆਪ ਨੇ ਵੇਈਂ ਨਦੀ 'ਚ ਚੁੱਭੀ ਮਾਰੀ, ਉਸ ਵੇਲੇ ਸ਼ਿਕਾਇਤ ਹੋਈ ਕਿ ਨਾਨਕ ਤਾਂ ਡੁੱਬਿਆ ਵੇਈਂ 'ਚ ਕਿ ਉਹਨੇ ਲੁਟਾ ਦਿਤਾ, ਖਜ਼ਾਨਾ, ਤੇਰ੍ਹਾਂ-ਤੇਰ੍ਹਾਂ ਕਰੀ ਗਿਆ, ਚੌਦਾਂ ਗਿਣੀ ਹੀ ਨਹੀਂ। ਇਥੇ ਤਾਂ ਹਜ਼ਾਰਾਂ ਬੰਦੇ ਝੋਲੀਆਂ ਭਰ-ਭਰ ਕੇ ਲੈ ਗਏ। ਤੇਰ੍ਹਾਂ ਤੋਂ ਅਗਾਹਾਂ ਧੜੀ ਹੀ ਨਹੀਂ ਉਹਨੇ ਗਿਣੀ। ਜੇ ਤੇਰ੍ਹਾਂ-ਤੇਰ੍ਹਾਂ ਕਰਦੇ ਕੋਲੋਂ ਆਪੇ ਹੀ ਕੱਪੜਾ ਖਿੱਚ ਲਿਆ, ਦੂਜਾ ਵਿਛਾ ਦਿਤਾ, ਉਥੇ ਤੇਰ੍ਹਾਂ ਹੀ ਤੇਰ੍ਹਾਂ ਕਰੀ ਜਾਣਾ ਹੈ, ਇਕ ਦੋ ਨਹੀਂ ਉਹ ਗਿਣਦਾ ਸੀ। ਬਈ ਉਹ ਸਾਰਾ ਲੁਟਾ ਦਿਤਾ ਤੇ ਹੁਣ ਨਦੀ 'ਚ ਜਾ ਕੇ ਡੁੱਬ ਗਿਆ। ਨਵਾਬ ਕਹਿਣ ਲੱਗਿਆ, ਤਾਲੇ ਮਾਰ ਦਿਓ। ਸੀਲ ਕਰ ਦਿਓ, ਸਟੋਰਾਂ ਨੂੰ ਤੇ ਜੈ ਰਾਮ ਜੀ ਨੂੰ ਬੁਲਾਓ। ਨਰਾਜ਼ ਹੋ ਗਿਆ, ਦੌਲਤ ਖਾਨ, ਜੈ ਰਾਮ! ਇਹ ਤੇਰਾ ਜੋ ਰਿਸ਼ਤੇਦਾਰ ਹੈ, ਉਹ ਮਸਤਾਨਾ ਹੋ ਗਿਆ, ਮਸਤਾਨਾ ਹੋ ਕੇ ਇਹ ਤੂੰ ਦੇਖਦਾ ਕਿ ਉਹ ਲੁਟਾਈ ਜਾਂਦਾ ਹੈ, ਮੇਰਾ ਮੋਦੀਖਾਨਾ, ਮੈਂ ਹੁਣ ਹਿਸਾਬ-ਕਿਤਾਬ ਲਵਾਂਗਾ। ਮੇਰਾ ਹਿਸਾਬ ਪੂਰਾ ਕਰੋ, ਹੁਕਮ ਦੇ ਦਿਤਾ। ਗੁਰੂ ਨਾਨਕ ਬਾਹਰ ਆ ਜਾਂਦੇ ਨੇ। ਇਕੋ ਗੱਲ ਕਹਿੰਦੇ ਨੇ -

*ਨਾ ਹਮ ਹਿੰਦੂ ਨ ਮੁਸਲਮਾਨ ॥*
*ਅਲਹ ਰਾਮ ਕੇ ਪਿੰਡੁ ਪਰਾਨ ॥* *ਅੰਗ - 1136*

ਕੋਈ ਬਚਨ ਨਹੀਂ ਕਰਦੇ, ਉਸ ਵੇਲੇ ਗੁਰੂ ਨਾਨਕ ਨੂੰ ਵੀ ਲੈ ਆਏ। ਲੇਖਾ-ਪੱਤਾ ਹੋਣਾ ਸ਼ੁਰੂ ਹੋ ਗਿਆ। 782 ਰੁਪਏ ਗੁਰੂ ਨਾਨਕ ਦੇ ਵਾਧੂ ਨਿਕਲੇ। ਉਸ ਵੇਲੇ 1 ਰੁਪਏ ਦੇ ਚਾਰ ਕੁਇੰਟਲ ਛੋਲੇ ਆਉਂਦੇ ਸੀ। 20 ਲੱਖ ਰੁਪਏ ਦੇ ਕਰੀਬ ਅੱਜਕੱਲ੍ਹ ਦੇ ਹਿਸਾਬ ਨਾਲ, ਗੁਰੂ ਨਾਨਕ ਦਾ ਵਾਧੂ ਨਿਕਲਿਆ ਲੇਖਾ। ਗੁਰੂ ਨਾਨਕ ਨੂੰ ਪੁੱਛਿਆ ਕਿ ਤੇਰਾ ਐਨਾ ਰੁਪਿਆ ਵਧ ਗਿਆ, ਕਹਿੰਦੇ, ਦੇ ਦਿਓ, ਗਰੀਬਾਂ ਨੂੰ। ਲੁਟਾ ਦਿਓ ਸਾਰਾ ਗਰੀਬਾਂ ਨੂੰ। ਗੁਰੂ ਨਾਨਕ ਸਾਹਿਬ ਦਸਦੇ ਨੇ ਕਿ ਰੱਬ ਦੇ ਰਾਹ 'ਤੇ ਦਿਤਾ ਹੋਇਆ ਵਧਿਆ ਕਰਦਾ ਹੈ, ਕਦੇ ਘਟਿਆ ਨਹੀਂ ਕਰਦਾ, ਪ੍ਰਮੇਸ਼ਰ ਨਮਿਤ ਦਿਤਾ ਹੋਇਆ ਵਧਿਆ ਹੀ ਕਰਦਾ ਹੈ। ਜੇ ਕਮਾਈ ਵਧਾਉਣੀ ਹੈ, ਪ੍ਰਮੇਸ਼ਰ ਦੇ ਨਮਿੱਤ ਦਾਨ ਕਰੋ, ਲੰਗਰਾਂ 'ਚ ਦਿਓ, ਘਟੇਗਾ ਨਹੀਂ ਕਦੇ ਵੀ, ਵਾਧਾ ਹੀ ਵਾਧਾ ਹੁੰਦਾ ਚਲਿਆ ਜਾਏਗਾ -

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥* *ਅੰਗ - 186*

ਸੋ ਮੱਝੀਆਂ ਦਾ ਖਾਧਾ ਹੋਇਆ ਕੀ ਹੋਣਾ ਸੀ, ਉਹ ਤਾਂ ਆਪ ਨਿਰੰਕਾਰ ਸਬਕ ਦੇਣ ਆਇਆ ਸੀ ਸਾਨੂੰ। ਕੋਈ ਨਹੀਂ ਅਸੀਂ ਜਾਣਦੇ ਉਹਦੀ ਲੀਲਾ ਨੂੰ -

*ਧਾਰਨਾ - ਮੈਂ ਕੀ ਜਾਣਾ ਓ, ਤੇਰੀ ਸਾਰ ਨੂੰ।*
*ਸਾਹਿਬਾਂ ਕਿਹੜਿਆਂ ਰੰਗਾਂ ਦੇ ਵਿਚ ਖੇਡਦੈਂ।*

*ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥*
*ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ ਅੰਗ - 726*

ਜ਼ਿੰਦਗੀ ਦੇ ਅੰਦਰ ਅਨੇਕ ਛੋਟੀਆਂ-ਛੋਟੀਆਂ ਸਾਖੀਆਂ ਨੇ। ਹਰ ਸਾਖੀ ਦੇ ਵਿਚ ਵੱਡਾ ਭਾਰਾ ਉਪਦੇਸ਼ ਹੈ। ਗੁਰੂ ਨਾਨਕ ਹੋਰ ਥੋੜ੍ਹੇ ਜਿਹੇ ਵੱਡੇ ਹੋਏ। ਉਸ ਵੇਲੇ ਮਹਿਤਾ ਜੀ ਨੇ ਭਾਈਚਾਰੇ ਨਾਲ ਵਿਚਾਰ ਕਰਕੇ ਦਿਨ ਰੱਖ ਲਿਆ। ਕਹਿਣ ਲੱਗੇ, ਅਸੀਂ ਖੱਤਰੀ ਹਾਂ, ਜਦੋਂ ਤੱਕ ਜੰਞੂ ਨਹੀਂ ਗਲ ਵਿਚ ਪਾਉਂਦੇ। ਯਗੋਪਵੀਤ ਨਹੀਂ ਕਰਦੇ। ਓਨੀਂ ਦੇਰ ਤਕ ਇਹ ਤਾਂ ਵੇਤੱਗਾ ਰਹੇਗਾ। ਇਹਦੇ ਨਾਲ ਕਿਸੇ ਨੇ ਖਾਣਾ ਨਹੀਂ, ਕਿਸੇ ਨੇ ਇਹਦੇ ਨਾਲ ਵਰਤਣਾ ਨਹੀਂ। ਕਿਉਂਕਿ ਉਸ ਵੇਲੇ ਮੰਤਰ ਪੜ੍ਹਿਆ ਜਾਂਦਾ ਸੀ ਜਿਸ ਵਕਤ ਜਨੇਊ ਪਾਉਂਦੇ ਸੀ। 'ਯਗੋਪਵੀਤ ਪਰਮ ਪਵਿਤ੍ਰੰ' ਪੜ੍ਹ-ਪੜ੍ਹ ਕੇ ਪੰਡਤ ਗਲ ਵਿਚ ਵਿਚ ਪਾਈ ਜਾਂਦਾ ਸੀ ਕਿ ਪਰਮ ਪਵਿੱਤਰ ਹੋ ਗਿਆ ਹੁਣ ਤੂੰ ਤੇ ਧਾਗਾ ਪਾ ਲਿਆ। ਦੇਖੋ, ਕਿਹੋ ਜਿਹੀ ਗੁਰੂ ਨਾਨਕ ਰਮਜ਼ ਮਾਰਦੇ ਹਨ। ਉਹ ਕਹੀ ਜਾਂਦਾ ਹੈ ਕਿ ਸਾਰਾ ਭਾਈਚਾਰਾ ਪਵਿੱਤਰ ਹੋ ਗਿਆ।

ਗੁਰੂ ਨਾਨਕ ਮੁਸਕਰਾ ਰਹੇ ਨੇ ਕਿ ਪਾਧਾ ਜੀ! ਇਹ ਕੀ ਕਰ ਰਹੇ ਓਂ? ਪੰਡਤ ਹੁਣ ਕੁਲ ਪ੍ਰੋਹਤ ਸੀ, ਗੱਲਾਂ ਸਾਰੀਆਂ ਸੁਣੀਆਂ ਹੋਈਆਂ ਸੀ। ਸਿਆਣੇ ਬੰਦੇ ਸੋਚ ਕੇ ਗੁਰੂ ਨਾਨਕ ਨਾਲ ਗੱਲ ਕਰਦੇ ਸੀ ਕਿ ਇਹਨੇ ਇਥੇ ਹੀ ਕਾਟ ਕਰ ਦੇਣੀ ਹੈ। ਸਾਡੀ ਇੱਜ਼ਤ ਰਹਿ ਜਾਵੇ, ਗੁਰੂ ਨਾਨਕ ਦੀ ਖੁਸ਼ੀ ਲੈ ਆਈਏ। ਕਿਤੇ ਹਾਸੋ-ਹੀਣੇ ਨਾ ਹੋ ਜਾਈਏ। ਕਿਉਂਕਿ ਗੁਰੂ ਨਾਨਕ ਦੇ ਸਾਮ੍ਹਣੇ ਹਾਲੇ ਤੱਕ ਕੋਈ ਨਹੀਂ ਆਇਆ, ਜਿਹੜਾ ਗੁਰੂ ਨਾਨਕ ਨੂੰ ਕੋਈ ਮਤ ਦੇ ਸਕਦਾ।

ਤਿਆਰੀ ਹੋ ਗਈ, ਭਾਈਚਾਰਾ ਆ ਗਿਆ ਸਾਰਾ। ਗੁਰੂ ਨਾਨਕ ਨੂੰ ਚੌਂਕੀ 'ਤੇ ਬਿਠਾ ਦਿਤਾ ਤੇ ਜਨੇਊ ਵੱਟਣਾ ਸ਼ੁਰੂ ਹੋ ਗਿਆ। ਜਿਸ ਵਕਤ ਵੱਟ ਲਿਆ, ਉਸ ਵੇਲੇ ਗੁਰੂ ਨਾਨਕ ਦੇ ਹੱਥ 'ਚ ਪਾਉਣ ਲੱਗੇ, ਮਹਾਰਾਜ ਨੇ ਉੱਤੇ ਹੱਥ ਕਰ ਲਿਆ। ਕਹਿੰਦੇ, ਇਹ ਕੀ ਕਰਦੇ ਓਂ?

ਕਹਿੰਦੇ, ਜਨੇਊ ਪਾਉਂਦੇ ਹਾਂ, ਤੁਸੀਂ ਪਰਮ ਪਵਿੱਤਰ ਹੋ ਜਾਓਂਗੇ।

ਮਹਾਰਾਜ ਕਹਿਣ ਲੱਗੇ, ਪੰਡਤ ਜੀ! ਮੈਂ ਆਹ ਧਾਗਾ ਪਾ ਕੇ ਪਵਿੱਤਰ ਹੋ ਜਾਵਾਂਗਾ? ਮੈਨੂੰ ਸਮਝਾਓ ਪਹਿਲਾਂ ਕਿ ਮੈਂ ਧਾਗਾ ਪਾ ਕੇ ਕਿਵੇਂ ਪਵਿੱਤਰ ਹੋ ਜਾਵਾਂਗਾ। ਕਰੋੜਾਂ ਜਨਮਾਂ ਦੇ ਪਾਪ ਇਸ ਧਾਗੇ ਨਾਲ ਲਹਿ ਜਾਣਗੇ? ਤੁਸੀਂ ਤਾਂ ਕਹਿੰਦੇ ਓਂ, ਪਰਮ ਪਵਿੱਤਰ ਹੋ ਜਾਉਗੇ।

ਜਨੇਊ ਪਾਉਣ ਵਾਲਾ ਬ੍ਰਾਹਮਣ ਠਠੰਬਰ ਗਿਆ ਕਿ ਲੈ ਬਈ, ਗੱਲ ਹੁਣ ਤਾਂ ਮੇਰੇ 'ਤੇ ਆ ਗਈ। ਕਹਿੰਦਾ ਨਾਨਕ ਜੀ! ਇਹ ਜਨੇਊ ਪਾ ਕੇ ਦੂਜਾ ਜਨਮ ਹੋ ਜਾਂਦਾ ਹੈ, ਪਵਿੱਤਰ ਜਨਮ। ਪਹਿਲੇ ਜਨਮ ਦੇ ਪਾਪ ਖਤਮ ਹੋ ਜਾਂਦੇ ਨੇ ਤੇ ਹੁਣ ਤੂੰ ਜਨੇਊ ਪਾ ਲਿਆ, ਅਸੀਂ ਵੀ ਇਸੇ ਤਰ੍ਹਾਂ ਕਹਿੰਦੇ ਹਾਂ ਕਿ ਤੂੰ ਹੁਣ ਅੰਮ੍ਰਿਤ ਛਕ ਲਿਆ, ਤੇਰੇ ਸਾਰੇ ਪਾਪ ਪਹਿਲੇ ਹੁਣ ਖਤਮ। ਗੱਲ ਤਾਂ ਉਥੇ ਹੀ ਆਉਂਦੀ ਹੈ, ਵਿਚਾਰ ਨਾਲ ਗੱਲ ਸੋਚਣੀ ਚਾਹੀਦੀ ਹੈ, ਪਾਪ ਖਤਮ ਹੁੰਦੇ ਨੇ ਨਾਮ ਜਪਣ ਨਾਲ -

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥*** ***ਅੰਗ - 4***

ਮੈਲ ਲੱਗੀ ਹੋਈ ਮਨ ਨੂੰ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥***
***ਅੰਗ - 651***

ਫੇਰ ਤਾਂ ਬਹੁਤਾ ਹੀ ਸੁਖਾਲਾ ਕੰਮ ਹੈ, ਜੇ ਕਹਿੰਦਾ ਹੈ ਕਿ ਫਲਾਣੇ ਰੰਗ ਦੇ ਕੱਪੜੇ ਪਾ ਲੈ, ਗੇਰੂ ਰੰਗ ਦੇ ਤੇਰੇ ਪਾਪ ਖਤਮ। ਜੈਨੀ ਕਹਿੰਦੇ ਵਾਲ ਇਕੱਲਾ-ਇਕੱਲਾ ਪੁਟਾ ਲੈ, ਅਬ ਦੁਖ ਫਿਰ ਸੁਖ। ਪੰਜ-ਦਸ ਬਹਿ ਜਾਂਦੇ ਨੇ, ਇਕ-ਇਕ ਵਾਲ ਫੜੀ ਜਾਂਦੇ ਨੇ, ਜ਼ੋਰ ਦੀ ਝਟਕਾ ਮਾਰਦੇ ਨੇ, ਪਿਆ ਚੀਕਾਂ ਮਾਰੀ ਜਾਵੇ। ਕਹਿੰਦੇ ਨੇ, 'ਅਬ ਦੁਖ ਫਿਰ ਸੁਖ, ਅਬ ਦੁਖ ਫਿਰ ਸੁਖ।' ਗੋਲੀ ਵਾਂਗਣ ਵਾਲ ਪੁੱਟਦੇ ਨੇ ਬਿਲਕੁਲ ਗੰਜਾ ਬਣਾ ਦਿੰਦੇ ਨੇ। ਕਹਿੰਦੇ, ਤੇਰੇ ਪਾਪ ਸਭ ਖਤਮ। ਮਹਾਰਾਜ ਨਹੀਂ ਮੰਨਦੇ। ਮਹਾਰਾਜ ਕਹਿੰਦੇ, ਬਿਲਕੁਲ ਗਲਤ। ਬਿਲਕੁਲ ਗਲਤ ਨਿਹਚਾ ਹੈ। ਪਾਪ ਖਤਮ ਹੋਣੇ ਨੇ ਨਾਮ ਜਪਣ ਨਾਲ। ਧਾਗਿਆਂ ਦੇ ਪਾਉਣ 'ਤੇ ਵੀ ਕਦੇ ਪਾਪ ਖਤਮ ਹੁੰਦੇ ਨੇ? ਟਿੱਕੇ ਲਾਉਣ 'ਤੇ ਵੀ ਕਿਤੇ ਪਾਪ ਖਤਮ ਹੁੰਦੇ ਨੇ। ਸੁੰਨਤ ਕਰਾਉਣ ਨਾਲ ਕੀ ਪਾਪ ਖਤਮ ਹੋ ਜਾਂਦੇ ਨੇ। ਕਹਿੰਦੇ ਨੇ, ਤੇਰੇ ਸਾਰੇ ਪਾਪ ਖਤਮ, ਹੁਣ ਤੂੰ ਕਲਮਾ ਪੜ੍ਹ ਲਿਆ। ਹੁਣ ਮੁਹੰਮਦ ਸਾਹਿਬ ਉਥੇ ਰੱਬ ਕੋਲ ਖੜ੍ਹੇ ਹੋਣਗੇ ਤੇ ਤੈਨੂੰ ਦੋਜ਼ਕ ਵਿਚ ਨਹੀਂ ਉਨ੍ਹਾਂ ਨੇ ਜਾਣ ਦੇਣਾ। ਇਸ ਤਰ੍ਹਾਂ ਦੇ ਮਹਾਰਾਜ ਦੇ ਸਾਮ੍ਹਣੇ ਕਾਲੇ ਭਰੋਸੇ ਸੀਗੇ, ਜਿਨ੍ਹਾਂ ਨੂੰ ਖੰਡਨ ਕਰਨਾ ਪਿਆ।

ਕਹਿੰਦੇ, ਨਾਨਕ ਜੀ! ਤੁਸੀਂ ਜਨੇਊ ਪਾਉਣਾ ਨਹੀਂ?

ਕਹਿੰਦੇ, ਪਾਉਣਾ ਹੈ, ਪਰ ਤੂੰ ਜਨੇਊ ਦੇ-ਦੇ, ਇਹ ਝੂਠਾ ਜਨੇਊ ਨਹੀਂ ਮੈਂ ਪਾਉਣਾ। ਜਦੋਂ ਸਰੀਰ ਛੱਡ ਦੇਈਦਾ ਹੈ ਪੰਡਤ ਜੀ! ਫੇਰ ਜਨੇਊ ਨਾਲ ਜਾਂਦਾ ਹੈ ਕਿ ਇਥੇ ਹੀ ਰਹਿ ਜਾਂਦਾ ਹੈ? ਉਹ ਕਹਿੰਦਾ ਜਲ ਜਾਂਦਾ ਹੈ। ਕਹਿੰਦੇ, ਜਦੋਂ ਇਹ ਟੁੱਟ ਜਾਂਦਾ ਹੈ ਫੇਰ? ਕਹਿੰਦੇ, ਫੇਰ ਆਪੇ ਹੀ ਵੱਟ ਕੇ ਪਾ ਲਈਦਾ ਹੈ। ਫੇਰ ਨਹੀਂ ਲੋੜ ਹੈਗੀ। ਇਕੋ ਵਾਰੀ ਪਾਈਦਾ ਹੁੰਦਾ ਹੈ। ਮਹਾਰਾਜ ਕਹਿੰਦੇ, ਫੇਰ ਇਹਦਾ ਫਾਇਦਾ ਕੀ ਹੋਇਆ? ਜਿਹੜਾ ਟੁੱਟ ਜਾਵੇ ਤੇ ਜਲ ਜਾਵੇ, ਉਹ ਕਾਹਦਾ ਜਨੇਊ ਹੋਇਆ? ਜਦੋਂ ਲਹਿ ਗਿਆ, ਫੇਰ ਪਾਪੀ ਬਣ ਜਾਵਾਂਗੇ ਅਸੀਂ। ਫੇਰ ਪਾਪ ਲਗ ਜਾਣਗੇ, ਫੇਰ ਮੈਲ ਲਗ ਜਾਏਗੀ।

ਹਾਂ, ਜਨੇਊ ਦੇਹ ਜੇ ਤੇਰੇ ਕੋਲ ਹੈਗਾ। ਕਹਿੰਦਾ, ਕਿਹੋ ਜਿਹਾ ਨਾਨਕ, ਕਿਹੜੇ ਰੰਗ ਦਾ ਚਾਹੁੰਦਾ ਹੈਂ? ਕਿਹੜੇ ਧਾਗੇ ਦਾ ਚਾਹੁੰਦਾ ਹੈਂ। ਕੱਚੇ ਦਾ, ਪੱਕੇ ਦਾ। ਮਹਾਰਾਜ ਕਹਿੰਦੇ ਦੇਣਾ ਹੈ ਤਾਂ ਸੁਣ ਲੈ ਤੂੰ? ਪੜ੍ਹੋ ਪਿਆਰ ਨਾਲ -

***ਧਾਰਨਾ - ਦੇ ਦੇ ਪੰਡਤਾਂ ਮੈਨੂੰ ਸੱਚ ਦਾ ਜਨੇਊ।***

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥***

*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*
*ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥*
*ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ ॥*

***ਅੰਗ - 471***

ਪੰਡਤ ਜੀ! ਮੈਂ ਜਨੇਊ ਨੂੰ ਨਿੰਦਦਾ ਨਹੀਂ, ਮਾੜਾ ਨਹੀਂ ਕਹਿੰਦਾ। ਪਾਉਣ ਵਾਸਤੇ ਤਿਆਰ ਹਾਂ। ਕਹਿਣ ਲੱਗੇ, ਨਾਨਕ! ਉਹ ਜਨੇਊ ਕਿਹੜਾ ਹੈ ਜਿਹੜਾ ਤੂੰ ਪਾਉਣ ਵਾਸਤੇ ਤਿਆਰ ਹੈਂ। ਮਹਾਰਾਜ ਕਹਿੰਦੇ, ਦਇਆ ਦੀ ਤਾਂ ਬਣਾ ਦੇ ਕਪਾਹ। ਆਹ ਧਾਗਾ ਨਹੀਂ ਮੈਨੂੰ ਚਾਹੀਦਾ। ਦਇਆ ਦੀ ਕਪਾਹ, ਸੰਤੋਖ ਦਾ ਸੂਤ ਹੋਵੇ, ਜਤ ਦੀਆਂ ਗੰਢਾਂ ਦੇ ਦੇਵੇ ਤੇ ਸਤਿ ਦਾ ਵੱਟ ਦੇ। ਚਾਰ ਚੀਜ਼ਾਂ ਦਸੀਆਂ ਨੇ ਮਹਾਰਾਜ ਨੇ। ਦਇਆ ਦੀ ਕਪਾਹ, ਸੰਤੋਖ ਦਾ ਸੂਤ, ਜਤ ਦੀਆਂ ਗੰਢਾਂ, ਸਤਿ ਦਾ ਵਟ। ਕਹਿੰਦੇ, ਇਹ ਜਨੇਊ ਜੀਵ ਨੂੰ ਪਾਈਦਾ ਹੈ, ਜਿਹੜਾ ਇਹਦੇ ਵਿਚ ਰਹਿੰਦਾ ਹੈ, ਕਿਉਂਕਿ ਉਹਨੇ ਦਰਗਾਹ 'ਚ ਜਾਣਾ ਹੈ। ਏਸ ਸਰੀਰ ਨੇ ਤਾਂ ਜਾਣਾ ਨਹੀਂ, ਇਹਦੇ ਉਤੇ ਲਾ ਲੈ ਜਿੰਨਾਂ ਚੱਕਰ, ਕਿਹੋ ਜਿਹਾ ਹੀ ਭੇਖ ਧਾਰ ਲੈ, ਕਿਹੋ ਜਿਹਾ ਹੀ ਬਣਾ ਲੈ ਆਪਣੇ ਆਪ ਨੂੰ। ਚਾਹੇ ਕਾਲੇ ਸਾਫੇ ਬੰਨ੍ਹ ਲੈ, ਚਾਹੇ ਚਿੱਟੇ ਬੰਨ੍ਹ ਲੈ। ਜਿਹੋ ਜਿਹੇ ਤੇਰਾ ਜੀਅ ਕਰਦਾ ਹੈ ਬੰਨ੍ਹ ਲੈ ਇਹ ਤਾਂ ਇਥੇ ਹੀ ਰਹਿ ਜਾਣੇ ਨੇ। ਅਗਾਹਾਂ ਨਹੀਂ ਜਾਣੇ, ਇਥੋਂ ਦਾ ਹੀ ਹੈ ਦੇਖ ਦਿਖਾਵਾ। ਭੇਖ ਹੈ, ਭੇਖ ਨਹੀਂ ਕਿਸੇ ਨੇ ਪੁੱਛਣਾ ਦਰਗਾਹ ਦੇ ਅੰਦਰ। ਉਥੇ ਤਾਂ ਕਰਨੀ ਜਾਣੀ ਹੈ, ਕਿਰਦਾਰ ਜਾਣਾ ਹੈ ਕਿ ਸੰਸਾਰ 'ਚ ਕਿਵੇਂ ਰਿਹਾ ਸੀ ਤੂੰ। ਕਹਿੰਦੇ ਹੈਗਾ ਤੇਰੇ ਕੋਲ ਕੀ ਇਹ? ਲਿਆ ਦੇ ਮੈਨੂੰ ਪਾਵਾਂ। ਕਹਿੰਦੇ, ਇਹ ਨਹੀਂ ਟੁੱਟਣਾ, ਕਹਿੰਦੇ ਨਾ ਇਹਨੇ ਮੈਲਾ ਹੋਣਾ ਹੈ, ਨਾ ਇਹਨੇ ਟੁੱਟਣਾ ਹੈ, ਨਾ ਜਲਣਾ ਹੈ, ਨਾ ਇਹ ਲਹਿਣਾ ਹੈ ਅੰਦਰਲੇ ਸੂਖਸ਼ਮ ਸਰੀਰ ਤੋਂ। ਜਿਹੜੇ ਇਹੋ ਜਿਹੇ ਜਨੇਊ ਪਾਉਂਦੇ ਨੇ ਪਾਧਾ ਜੀ ਉਹ ਧੰਨ ਨੇ। ਉਨ੍ਹਾਂ ਦੇ ਤਾਂ ਪੈਰਾਂ ਦੀ ਧੂੜ ਅਸੀਂ ਮੰਗਦੇ ਹਾਂ। ਆਹ ਤੁਸੀਂ ਕੀ ਪਾਖੰਡ ਬਣਾਇਆ ਹੈ -

*ਚਉਕੜਿ ਮੁਲਿ ਅਣਾਇਆ ਬਹਿ ਚਉਕੈ ਪਾਇਆ ॥*

***ਅੰਗ - 471***

ਇਥੇ ਆ ਕੇ ਵੱਟ ਦੇ ਲਿਆ ਤੇ ਤੂੰ ਬਣਾ ਲਿਆ, ਚੌਂਕੀ 'ਤੇ ਬਿਠਾ ਕੇ ਪਾ ਦਿਤਾ -

*ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥*

***ਅੰਗ - 471***

ਤੇ ਕੰਨ ਦੇ ਵਿਚ ਆਵਾਜ਼ ਦੇ ਦਿਤੀ - 'ਯਗੋਪਵੀਤ ਪਰਮ ਪਵੀਤ' ਲਗਾਤਾਰ। ਕੰਨ ਖਾ ਲਿਆ ਕਹਿੰਦੇ ਕਰ-ਕਰ ਕੇ ਤੇ ਤੂੰ ਮੇਰਾ ਗੁਰੂ ਬਣ ਕੇ ਬਹਿ ਗਿਆ। ਅੰਨ੍ਹਾ ਤੂੰ ਗੁਰੂ ਹੈਂ, ਤੈਨੂੰ ਤਾਂ ਆਪਣੇ ਆਪ ਦਾ ਹੀ ਨਹੀਂ ਪਤਾ, ਗੁਰੂ ਤਾਂ ਉਹ ਹੁੰਦਾ ਹੈ ਜਿਹਨੇ ਮੰਤਰ ਕੰਨ 'ਚ ਦਿਤਾ ਤੇ ਫੇਰ ਲਿਵ ਮੁੜ ਕੇ ਨਾ ਟੁੱਟੀ।

ਪਟਿਆਲੇ ਦੀਵਾਨ ਲੱਗੇ ਹੋਏ ਸੀਗੇ, ਸਿਗਲੀਗਰਾਂ ਦੇ ਮੁਹੱਲੇ। ਅੰਗਰੇਜ਼

ਆ ਗਿਆ ਸੀ, ਉਸ ਵੇਲੇ ਪੰਜ ਸਿੰਘਾਂ ਨੂੰ ਇਕੱਠੇ ਹੋਣ ਦਾ ਹੁਕਮ ਨਹੀਂ ਸੀ। ਅੰਮ੍ਰਿਤ ਨਹੀਂ ਸੀ ਛਕਾ ਸਕਦੇ। ਬੜੀ ਭਾਰੀ ਸਮੱਸਿਆ ਸਾਮ੍ਹਣੇ ਆਈ। ਟੋਏ ਪੁੱਟ ਕੇ, ਉਤੇ ਛੱਤ ਪਾ ਕੇ ਅੰਮ੍ਰਿਤ ਤਿਆਰ ਕਰ ਲੈਣਾ, ਉਸ ਵੇਲੇ ਨਾਮਧਾਰੀ ਜਿਨ੍ਹਾਂ ਨੂੰ ਅਸੀਂ ਕਹਿੰਦੇ ਹਾਂ, ਇਹੀ ਸਿੰਘ ਸੀਗੇ। ਬਾਕੀ ਤਾਂ ਸਭ ਜਵਾਬ ਦੇ ਗਏ ਸੀ। ਟੋਆ ਪੁੱਟ ਲੈਣਾ, ਭੋਰਾ ਪੁੱਟ ਕੇ ਅੰਦਰ ਅੰਮ੍ਰਿਤ ਤਿਆਰ ਕਰਕੇ, ਬਾਲਟੀਆਂ 'ਚ ਪਾ ਲੈਣਾ, ਸਿੰਘਾਂ ਨੇ ਜਿਨ੍ਹਾਂ ਨੇ ਛਕਣਾ ਹੈ, ਪੰਜਾਹ ਗਜ ਓਧਰ ਛਕਾ ਰਹੇ ਨੇ ਕਿਸੇ ਨੂੰ, ਕਿਸੇ ਨੂੰ ਵੱਟ ਦੇ ਓਹਲੇ ਛਕਾ ਰਹੇ ਨੇ। ਕਿਉਂਕਿ ਛਕਾਉਣ ਨਹੀਂ ਸੀ ਦਿੰਦਾ ਅੰਗਰੇਜ਼। ਫੜ ਲੈਂਦਾ ਸੀ ਉਸੇ ਵੇਲੇ। ਉਸ ਵੇਲੇ ਨਾਮ ਦੇਣ ਦਾ ਹੋ ਗਿਆ ਕਿ ਨਾਮ ਕਿਵੇਂ ਦਿਤਾ ਜਾਵੇ? ਸੋ ਉਥੇ ਦੀਵਾਨ ਲੱਗੇ ਹੋਏ ਸੀ, ਨਾਭੇ ਦਰਵਾਜ਼ੇ ਜਿੱਥੇ ਸਿਗਲੀਗਰ ਰਹਿੰਦੇ ਨੇ। ਦੀਵਾਨ ਲੱਗਣ ਤੋਂ ਬਾਅਦ ਨਿਹੰਗ ਸਿੰਘ ਸੀਗੇ ਚਿੱਟੇ ਕੱਪੜਿਆ ਵਾਲੇ, ਨਾਮਧਾਰੀ ਬਾਬਾ ਰਾਮ ਸਿੰਘ ਜੀ ਦੇ ਸੇਵਕ, ਉਨ੍ਹਾਂ ਨੇ ਕਿਹਾ, ਉਠੋ ਜਿਨ੍ਹਾਂ ਨੇ ਨਾਮ ਲੈਣਾ ਹੈ। ਮਹਾਰਾਜਾ ਪਟਿਆਲੇ ਕੋਲ ਚਿੱਠੀ ਆਈ ਹੋਈ ਸੀ ਕਿ ਇਹ ਕੁਛ ਕੰਨ 'ਚ ਦਸਦੇ ਨੇ, ਪਤਾ ਨਹੀਂ ਲਗਦਾ, ਕੋਈ ਇਤਬਾਰੀ ਬੰਦਾ ਹੋਵੇ, ਤੁਹਾਡਾ ਪਤਾ ਕਰਕੇ ਦੱਸੇ। ਉਹ ਮਹਿੰਦਰ ਸਿੰਘ ਚੋਬਦਾਰ ਸੀ ਮਹਾਰਾਜੇ ਦਾ। ਉਹਨੂੰ ਕਹਿੰਦੇ, ਮਹਿੰਦਰ ਸਿੰਘ! ਤੂੰ ਜਾਹ, ਜਿਹੜਾ ਕੁਛ ਕੰਨ 'ਚ ਦੱਸਣਗੇ, ਤੂੰ ਮੈਨੂੰ ਦਸ ਦੇਈਂ ਆ ਕੇ। ਮੈਂ ਗੋਰਮਿੰਟ ਨੂੰ ਰਿਪੋਰਟ ਦੇਣੀ ਹੈ। ਸੁਣਨ ਵਾਸਤੇ ਚਲਿਆ ਗਿਆ। ਜਿਸ ਵਕਤ ਕੰਨ 'ਚ ਕਿਹਾ 'ਵਾਹਿਗੁਰੂ' ਪੰਜ ਵਾਰੀ। ਜਿਹਦੇ ਕਹਿੰਦੇ ਜਾਣ ਉਹ ਬੈਠਦਾ ਜਾਵੇ। ਸਾਰੀ ਰਾਤ ਲੰਘ ਗਈ, ਅਗਲਾ ਦਿਨ ਲੰਘ ਗਿਆ, ਮਹਾਰਾਜੇ ਨੇ ਕਿਹਾ ਕਿ ਉਹ ਤਾਂ ਆਇਆ ਹੀ ਨਹੀਂ, ਜਾਓ ਜਾ ਕੇ ਪਤਾ ਕਰੋ। ਉਥੇ ਆ ਕੇ ਕੀ ਦੇਖਦੇ ਨੇ ਲਾਈਨ ਦੇ ਵਿਚ ਉਹ ਵੀ ਬੈਠਾ ਹੈ, ਚੌਂਕੜੇ ਮਾਰੇ ਹੋਏ ਨੇ, ਸਮਾਧੀ ਲੱਗੀ ਹੋਈ ਹੈ। ਮੋਢਾ ਹਿਲਾਉਣ ਲਗ ਗਏ, ਮਹਿੰਦਰ ਸਿੰਘ! ਮਹਿੰਦਰ ਸਿੰਘ! ਤੈਨੂੰ ਮਹਾਰਾਜ ਬੁਲਾਉਂਦੇ ਨੇ। ਜਦੋਂ ਕਾਫੀ ਹਲੂਣੇ ਦਿਤੇ, ਉਹਨੇ ਨੇਤਰ ਖੋਲ੍ਹ ਲਏ। ਕਹਿੰਦਾ, ਕਿਹੜਾ ਮਹਾਰਾਜ।

ਉਹ ਕਹਿੰਦਾ ਕਿ ਤੂੰ ਮਹਾਰਾਜ ਨੂੰ ਹੀ ਭੁੱਲ ਗਿਆ। ਆਪਣੇ ਮਹਾਰਾਜ ਸਾਹਿਬ ਪਟਿਆਲਾ ਸਟੇਟ ਵਾਲੇ। ਉਹ ਕਹਿੰਦਾ ਜਾਹ, ਇਹੋ ਜਿਹੇ ਹਜ਼ਾਰਾਂ ਹੀ ਮੈਂ ਦਰਗਾਹ 'ਚ ਠੁੱਡੇ ਖਾਂਦੇ ਦੇਖੇ ਨੇ। ਮੈਨੂੰ ਨਹੀਂ ਹੁਣ ਕਿਸੇ ਮਹਾਰਾਜੇ ਦੀ ਲੋੜ। ਵੱਡਾ ਮਹਾਰਾਜਾ ਮਿਲ ਗਿਆ ਮੈਨੂੰ। ਜਵਾਬ ਮਿਲ ਗਿਆ। ਹੀਰਾ ਸਿੰਉਂ ਨੂੰ ਭੇਜਿਆ, ਜਿਹੜੇ ਵਸਤਰੀ ਸੀ, ਵਸਤਰ ਬਣਾਉਣ ਵਾਲੇ, ਉਹ ਕਹਿੰਦਾ ਮੈਂ ਚਾਰੇ ਐਬ ਸ਼ਰੱਈ ਹਾਂ, ਮੈਨੂੰ ਭੇਜੋ। ਉਹ ਆ ਗਿਆ ਦੀਵਾਨ 'ਚ, ਜਦੋਂ ਉਹਦੇ ਕੰਨ 'ਚ ਵਾਹਿਗੁਰੂ ਮੰਤਰ ਹੋਇਆ, ਉਹ ਵੀ ਬਹਿ ਗਿਆ, 24 ਘੰਟੇ ਉਹ ਨਾ ਉਠਿਆ। ਉਹਨੇ ਵੀ ਇਹੀ ਕਿਹਾ ਕਿ ਇਹੋ ਜਿਹੇ ਵੱਡੇ-ਵੱਡੇ ਰਾਜੇ ਉਥੇ ਕੀੜੇ-ਮਕੌੜੇ ਬਣੇ ਫਿਰਦੇ ਨੇ। ਹੁਕਮ ਹੋ ਗਿਆ ਕਿ ਇਹਨੂੰ 24 ਘੰਟਿਆਂ ਦੇ ਅੰਦਰ ਪੰਜਾਬ ਸਟੇਟ ਤੋਂ ਬਾਹਰ ਕੱਢ ਦਿਓ। ਜੇ ਕਿਤੇ ਫੌਜ 'ਚ ਚਲਿਆ ਗਿਆ ਤਾਂ ਮਸਤਾਨੀ ਬਣਾ ਦਊ ਸਾਰੀ ਸਟੇਟ ਨੂੰ। ਕਹਿੰਦੇ, ਪੰਡਤ ਜੀ! ਤੂੰ ਗੁਰੂ

ਐਵੇਂ ਹੀ ਬਣੀ ਜਾਂਦਾ ਹੈਂ, ਗੁਰੂ ਕੋਲ ਨਾਮ ਹੁੰਦਾ ਹੈ, ਨਾਮ ਤਾਂ ਰੋਮ-ਰੋਮ 'ਚ ਰਚ ਜਾਂਦਾ ਹੈ, ਜਦੋਂ ਨਾਮ ਦਿੰਦੇ ਨੇ।

ਬਾਪੂ ਜੀ ਅੰਮ੍ਰਿਤ ਛਕਾ ਰਹੇ ਸੀ ਲੁਧਿਆਣੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਸੀਗੇ। ਜਦੋਂ ਅੰਮ੍ਰਿਤ ਛਕਾਇਆ, ਫੱਲੇਵਾਲ ਦਾ ਮੁੰਡਾ ਸੀ, ਦਸਵੀਂ ਜਮਾਤ ਦਾ, ਉਹਦੇ ਪੰਜ ਚੂਲੇ ਕੇਸਾਂ 'ਚ ਪਾ ਦਿਤੇ, ਪੰਜ ਉਹਨੂੰ ਪਿਲਾ ਕੇ ਅੱਖਾਂ ਸਿੱਧੀਆਂ ਕਰ ਲਈਆਂ ਉਹਦੇ ਵਲ ਨੂੰ। ਜਦੋਂ ਅੱਖਾਂ ਦੇ ਨਾਲ ਅੱਖ ਰਲਾ ਕੇ ਉਨ੍ਹਾਂ ਨੇ ਕਿਹਾ ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।' ਨਾਲ ਛਿੱਟਾ ਮਾਰਿਆ ਅੱਧਾ ਤਾਂ ਕਹਿ ਦਿਤਾ ਉਹਨੇ, ਵਾਹਿਗੁਰੂ ਜੀ ਕਾ ਖਾਲਸਾ,.......। ਅੱਗੇ ਕੁਛ ਨਾ ਕਹਿ ਹੋਇਆ। ਭਾਈ ਸਾਹਿਬ ਕਹਿਣ ਲੱਗੇ, ਇਹ ਕੀ ਹੋ ਗਿਆ? ਕਹਿੰਦੇ ਇਹ ਤਾਂ ਉਤੇ ਚੜ੍ਹ ਗਿਆ ਹੁਣ ਚੁਬਾਰੇ। ਕਹਿੰਦੇ, ਕਿਵੇਂ ਹੋਊ? ਕਹਿੰਦੇ, ਹੁਣ ਤਾਂ 56 ਘੰਟੇ ਨਹੀਂ ਇਹਨੂੰ ਹੋਸ਼ ਆਉਣੀ, ਕਹਿੰਦੇ, ਥੋੜ੍ਹਾ ਸਾਡੇ ਤੋਂ ਜ਼ੋਰ ਜ਼ਿਆਦਾ ਲਗ ਗਿਆ, ਪੰਜਾਂ ਪਿਆਰਿਆਂ ਨੇ ਉਥੇ ਹੀ ਸਲਾਹ ਕਰੀ ਭਾਈ! ਥੋੜ੍ਹਾ-ਥੋੜ੍ਹਾ ਬਲ ਦਿਓ, ਥੋੜ੍ਹਾ-ਥੋੜ੍ਹਾ, ਪੂਰੇ ਬਲ ਦੇ ਨਾਲ ਅੰਮ੍ਰਿਤ ਨਾ ਛਕਾਓ। ਇਨ੍ਹਾਂ ਤੋਂ ਸਹਿ ਨਹੀਂ ਹੁੰਦਾ। ਅੰਮ੍ਰਿਤ ਛਕਾ ਦਿਤਾ ਸਾਰੀ ਕਲਾਸ ਨੂੰ। ਉਸ ਤੋਂ ਬਾਅਦ ਅਖੰਡਪਾਠ ਸ਼ੁਰੂ ਹੋ ਗਏ, 48 ਘੰਟੇ ਬਾਅਦ ਭੋਗ ਪੈਂਦਾ ਹੈ ਤੇ ਕੀਰਤਨ ਹੋਣਾ ਸ਼ੁਰੂ ਹੋ ਗਿਆ ਜਦੋਂ ਪੂਰੇ 56 ਘੰਟੇ ਹੋਏ, ਬੱਚਾ ਹਿੱਲਿਆ, ਹਿੱਲ ਕੇ ਧਰਤੀ ਤੋਂ ਉੱਚਾ ਉਠ ਗਿਆ। ਲੱਤਾਂ ਖੋਲ੍ਹ ਲਈਆਂ, ਸੰਗਤ ਦੇ ਉਤੇ ਤੈਰਦਾ ਫਿਰਦਾ ਹੈ, ਸਾਰੀ ਸੰਗਤ ਦੇਖਦੀ ਹੈ। ਭਾਈ ਸਾਹਿਬ ਲਿਖਦੇ ਨੇ ਕਿ ਸਾਡੇ ਸੀਸ ਤੋਂ ਦੀ ਹੋ ਕੇ ਵਾਜੇ, ਤਬਲਿਆਂ ਤੋਂ ਹੋ ਕੇ ਗੁਰੂ ਗ੍ਰੰਥ ਸਾਹਿਬ ਅੱਗੇ ਜਾ ਕੇ ਲੰਮਾ ਪੈ ਗਿਆ। ਉਸੇ ਵੇਲੇ ਬਾਪੂ ਜੀ ਉੱਠ ਕੇ ਆਏ, ਕਹਿੰਦੇ ਭਾਈ ਸਾਹਿਬ! ਲਾਵਾਂ ਦਾ ਕੀਰਤਨ ਕਰੋ ਹੁਣ। ਇਹਦੀ ਰੂਹ ਅਕਾਲ ਪੁਰਖ ਦੇ ਦਰ 'ਤੇ ਖੜ੍ਹੀ ਸੰਜੋਗ ਮੰਗ ਰਹੀ ਹੈ। ਭਾਈ ਸਾਹਿਬ ਨੇ ਲਿਖਿਆ ਕਿ ਅਸੀਂ ਫੇਰ ਲਾਵਾਂ ਦਾ ਕੀਰਤਨ ਸ਼ੁਰੂ ਕਰ ਦਿਤਾ। ਜਦੋਂ 56 ਘੰਟੇ ਹੋ ਗਏ, ਫੇਰ ਉੱਠਿਆ ਉਹ। ਉੱਠ ਕੇ ਪੈਰ ਨਾ ਲੱਗੇ ਧਰਤੀ 'ਤੇ। ਕ੍ਰਿਪਾਨ ਪੁਆ ਦਿਤੀ, ਫੇਰ ਤਾਂ ਸਹੀ ਹੀ ਹੋ ਗਿਆ, ਜਿਹੜਾ ਮੰਤਰ ਦਿਤਾ।

ਮਹਾਰਾਜ ਕਹਿੰਦੇ, ਪੰਡਤ ਜੀ! 'ਕੰਨੀ ਬਾਟੀ ਕੂਰਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ।' ਕਹਿੰਦੇ, ਆਹ ਮੰਤਰ ਨਹੀਂ ਸਾਨੂੰ ਚਾਹੀਦਾ - ***'ਸਿਖਾ ਕੰਨਿ ਚੜਾਈਆ ਗੁਰੁ ਬ੍ਰਾਹਮਣੁ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥'*** ਕਹਿੰਦੇ, ਤੇਰਾ ਜਨੇਊ ਤਾਂ ਇਥੇ ਹੀ ਝੜ ਗਿਆ ਤੇ ਪਾਉਣ ਵਾਲਾ ਮਰ ਗਿਆ। ਅੱਗੇ ਤਾਂ ਵੇਤਗਾ ਹੀ ਗਿਆ, ਅਗਾਂਹਾਂ ਤਾਂ ਜਨੇਊ ਗਿਆ ਹੀ ਨਾ ਉਹਦੇ ਨਾਲ। ਕੱਚਾ ਜਨੇਊ ਧਾਰ ਕੇ ਦਰਗਾਹ 'ਚ ਨਹੀਂ ਜਾਂਦਾ। ਵੇਤਗਾ ਜਾਂਦਾ ਹੈ, ਦਸ ਉਥੇ ਫੇਰ ਕੀ ਹੋਏਗਾ। ਹੈਰਾਨ ਹੋ ਗਿਆ। ਨਾਨਕ ਜੀ! ਇਹ ਗੱਲ ਅਸੀਂ ਨਹੀਂ ਅਜੇ ਤੱਕ ਸੋਚੀ। ਮਹਾਰਾਜ ਕਹਿੰਦੇ, ਦੇਖ! ਇਹ ਬੰਦੇ ਦੇ ਅੰਦਰ ਕਿੰਨੇ ਮਾੜੇ ਸੁਭਾਅ ਨੇ -

***ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ ॥***

*ਲਖ ਠਗੀਆ ਪਹਿਨਾਮੀਆ ਰਾਤਿ ਦਿਨਸੁ ਜੀਅ ਨਾਲਿ ॥*
*ਅੰਗ - 471*

ਇਨ੍ਹਾਂ ਦੇ ਉਤੇ ਵੀ ਕੋਈ ਬੰਧਸ਼ ਪਾਈ ਹੈ ਕਿ ਬੰਦਾ ਉਹੋ ਜਿਹਾ ਹੀ ਰਹੇਗਾ ਜਿਹੋ ਜਿਹਾ ਪਹਿਲਾਂ ਸੀ। ਜਨੇਊ ਤਾਂ, ਤਾਂ ਮੰਨੀਏ ਜੇ ਠੱਗੀ ਨਾ ਮਾਰੇਂ, ਧੋਖਾ ਨਾ ਦੇਵੇ, ਝੂਠ ਨਾ ਬੋਲੇ, ਗਾਲ ਨਾ ਕੱਢੇ -

*ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥*
*ਅੰਗ - 1374*

ਤਿੰਨੇ ਤਾਪਾਂ ਦਾ ਨਾਸ਼ ਹੋ ਜਾਵੇ, ਮੋਹ ਮਿਟ ਜਾਵੇ। ਇਹ ਤਾਂ ਤੁਸੀਂ ਮਾਖੌਲ ਕਰਿਆ ਹੈ।

*ਤਗੁ ਕਪਾਹਹੁ ਕਤੀਐ ਬਾਮ੍ਹਣੁ ਵਟੇ ਆਇ ॥*
*ਕੁਹਿ ਬਕਰਾ ਰਿੰਨ੍ਹਿ ਖਾਇਆ ਸਭੁ ਕੋ ਆਖੈ ਪਾਇ ॥*
*ਅੰਗ - 471*

ਸਾਰੇ ਕਹਿੰਦੇ, ਪਾ ਲਿਆ ਜੀ ਪਾ ਲਿਆ। ਜਨੇਊ ਪਾ ਲਿਆ ਜੀ ਹੁਣ ਖਾਓ ਬੱਕਰੇ -

*ਹੋਇ ਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰੁ ॥*
*ਨਾਨਕ ਤਗ ਨ ਤੁਟਈ ਜੇ ਤਗਿ ਹੋਵੈ ਜੋਰੁ ॥*
*ਅੰਗ - 471*

ਜਿਹਦੇ 'ਚ ਜ਼ੋਰ ਹੋਵੇ, ਕੋਈ ਸੱਤਿਆ ਹੋਵੇ, ਫੇਰ ਟੁੱਟੇ ਕਿਉਂ ਇਹ। ਕਹਿੰਦੇ, ਅਸਲ ਗੱਲ ਤਾਂ ਸਮਝੋ ਤੁਸੀਂ-

*ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ ॥*
*ਅੰਗ - 471*

ਪ੍ਰਮੇਸ਼ਰ ਦੇ ਨਾਮ ਵਿਚ ਵਿਸ਼ਵਾਸ਼ ਲਿਆਓ। ਜਿਹੜਾ ਸਾਰੇ ਪਰੀਪੂਰਨ ਹੈ। ਹਰੇਕ ਦੇ ਅੰਦਰ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ - 284*

ਉਹਦੇ ਉਤੇ ਲਿਆਓ ਵਿਸ਼ਵਾਸ਼ -

*ਦਰਗਹ ਅੰਦਰਿ ਪਾਈਐ ਤਗੁ ਨ ਤੂਟਸਿ ਪੂਤ ॥*
*ਅੰਗ - 471*

ਜੇ ਇਹ ਤਗੁ ਪਾ ਲਈਏ, ਦਰਗਾਹ ਵਿਚ ਟੁੱਟਦਾ ਨਹੀਂ ਹੈ। ਤੇਰਾ ਜਿਹੜਾ ਜਨੇਊ ਹੈ ਇਹ ਅਧੂਰਾ ਹੈ, ਤੂੰ ਜਿਹੜਾ ਭੇਖ ਮੈਨੂੰ ਕਰਾਇਆ ਹੈ ਅਧੂਰਾ ਹੈ, ਕਿਉਂਕਿ ਤੂੰ ਬੰਧਸ਼ਾਂ ਨਹੀਂ ਲਾਈਆਂ -

*ਤਗੁ ਨ ਇੰਦ੍ਰੀ ਤਗੁ ਨ ਨਾਰੀ ॥* *ਅੰਗ - 471*

ਨਾ ਨਾਰੀਆਂ ਦੇ ਉਤੇ ਤਗ ਹੈ, ਨਾ ਇੰਦ੍ਰੀ ਦੇ ਉਤੇ ਕੋਈ ਤਗ ਹੈ -

*ਭਲਕੇ ਥੁਕ ਪਵੈ ਨਿਤ ਦਾੜੀ ॥ ਤਗੁ ਨ ਪੈਰੀ ਤਗੁ ਨ ਹਥੀ ॥*
*ਅੰਗ - 471*

ਪੈਰ ਮਾੜੇ ਕੰਮਾਂ ਨੂੰ ਉਵੇਂ ਹੀ ਜਾਂਦੇ ਨੇ, ਹੱਥ ਉਸੇ ਤਰ੍ਹਾਂ ਗਲਤ ਕੰਮ ਕਰਦੇ ਨੇ।

***ਤਗੁ ਨ ਜਿਹਵਾ ਤਗੁ ਨ ਅਖੀ ॥ ਵੇਤਗਾ ਆਪੇ ਵਤੈ ॥***

***ਅੰਗ- 471***

ਜਿਹਭਾ ਉਵੇਂ ਜਿਵੇਂ ਫਿੱਕਾ ਬੋਲਦੀ ਹੈ, ਅੱਖਾਂ ਉਵੇਂ ਜਿਵੇਂ ਬੇਗਾਨੇ ਰੂਪ ਤਕਦੀਆਂ ਨੇ। ਜਿਹਭਾ ਨਿੰਦਿਆ ਕਰਦੀ ਹੈ, ਚੁਗਲੀਆਂ ਕਰਦੀ ਹੈ, ਈਰਖਾ ਦੀਆਂ ਗੱਲਾਂ ਕਰਦੀ ਹੈ, ਧੋਖੇ ਦੀਆਂ ਗੱਲਾਂ ਕਰਦੀ ਹੈ, ਫਿੱਕਾ ਬੋਲਦੀ ਹੈ। ਪੰਡਤ ਜੀ! ਦੱਸੋ ਫੇਰ ਧਾਗਾ ਪਾ ਕੇ ਕੁਛ ਵਧ ਗਿਆ? ਤੂੰ ਤਾਂ ਆਪ ਹੀ ਵੇਤਗਾ ਹੈਂ। ਤੇਰੇ ਤਾਂ ਤਗ ਹੀ ਨਹੀਂ ਹੈ, ਗਲ 'ਚ ਪਾਇਆ ਹੋਇਆ ਹੈ ਧਾਗਾ, ਕਹਿੰਦੇ ਅੰਦਰ ਤਾਂ ਨਹੀਂ ਨਾ ਪਾਇਆ।

***ਵਟਿ ਧਾਗੇ ਅਵਰਾ ਘਤੈ ॥*** ***ਅੰਗ - 471***

ਧਾਗੇ ਵੱਟੀ ਜਾਂਦਾ ਹੈਂ ਗਲ 'ਚ ਪਾਈ ਜਾਂਦਾ ਹੈਂ।

***ਲੈ ਭਾੜਿ ਕਰੇ ਵੀਆਹੁ ॥*** ***ਅੰਗ- 471***

ਕਹਿੰਦੇ, ਪ੍ਰੋਹਿਤ ਜੀ! ਫੇਰੇ ਦੇਣੇ ਨੇ ਬੀਬੀ ਦੇ। ਦੇਖ ਭਾਈ! ਐਨੀ ਕਪਾਹ ਲਿਆਈਂ, ਐਨਾ ਦਾਣਾ ਲਿਆਈਂ। ਚਾਰ ਪਾਵੇ ਨੇ ਪੰਜ-ਪੰਜ ਸੇਰ ਕਪਾਹ ਬੰਨ੍ਹ ਦੇਈਂ ਚਾਰਾਂ ਦੇ ਨਾਲ। ਉਹ ਕਹਿੰਦਾ, ਕਪਾਹ ਨਾ ਲਿਆਈਂ, ਕਪਾਹ ਨੂੰ ਵਟਾ ਕੇ ਪੂਣੀਆਂ ਕਰਕੇ ਲਿਆਈਂ। ਚਾਹੇ ਉਹ ਇਸ ਤੋਂ ਵੀ ਅੱਗੇ ਕਹਿ ਦੇਵੇ ਕਿ ਸੂਤ ਕਤਾ ਕੇ ਲਿਆਈਂ। ਐਨੇ ਰੁਪਏ ਲਿਆਈਂ, ਐਨੇ ਦਾਣੇ ਲਿਆਈਂ। ਕਹਿੰਦੇ, ਪੰਡਤਾ! ਇਹ ਤਾਂ ਤੂੰ ਦਾਨ ਕੁਥਾਂਹ ਲੈ ਲਿਆ। ਇਹ ਜਿਹੜਾ ਦਾਨ ਲਿਆ -

***ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ***
***ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥ 6 ॥***

***ਅੰਗ- 435***

ਪਾਂਡੇ ਤੇਰਾ ਤਾਂ ਜਨਮ ਗਿਆ। ਸਾਧਸੰਗਤ ਜੀ! ਸਾਡਾ ਨਹੀਂ ਕੀ ਗਿਆ, ਅਸੀਂ ਅਨੰਦ ਕਾਰਜਾਂ ਦੇ ਪੈਸੇ ਲੈ ਕੇ ਕਰਮ ਕਰਦੇ ਹਾਂ। ਉਹ ਕਹਿੰਦੇ ਜੀ, ਉਹ ਬ੍ਰਾਮ੍ਹਣ ਨੂੰ ਕਿਹਾ ਸੀ ਗੁਰੂ ਸਾਹਿਬ ਨੇ, ਸਾਨੂੰ ਤਾਂ ਕਿਹਾ ਹੀ ਨਹੀਂ। ਭਾਈ! ਮਹਾਂਪੁਰਖ ਜਿਹੜਾ ਬੋਲਦੇ ਨੇ, ਉਹ - 'ਸਾਝੀ ਸਗਲ ਜਹਾਨੈ ॥' ਬੋਲਦੇ ਨੇ। ਸਾਰੇ ਜਹਾਨ ਨੂੰ। ਜਿਨ੍ਹਾਂ ਨੇ ਅੱਜ ਤੋਂ 500 ਸਾਲ ਨੂੰ ਆਉਣਾ ਹੈ, ਬਾਣੀ ਨੇ ਉਨ੍ਹਾਂ ਨੂੰ ਵੀ ਕੱਟਣਾ ਹੈ। ਸਾਨੂੰ ਵੀ ਕੱਟ ਰਹੀ ਹੈ।

ਇਥੇ ਮੈਂ ਗਿਆ ਇਕ ਥਾਂ ਦੇ ਉਤੇ, ਕਾਕਰੋਂ। ਮੈਂ ਕਿਹਾ, ਕੋਈ ਅਨੰਦ ਕਾਰਜ ਲਈ ਜੱਥਾ ਤਾਂ ਨਹੀਂ ਕਰਿਆ। ਕਹਿੰਦੇ, ਕਰ ਲਿਆ ਜੀ। ਮੈਂ ਕਿਹਾ ਕਿੰਨੇ 'ਚ। ਕਹਿੰਦਾ ਜੀ ਢਾਈ ਸੌ ਰੁਪਿਆ ਲੈਣਾ ਕਰਿਆ ਹੈ ਉਨ੍ਹਾਂ ਨੇ। ਮੈਂ ਕਿਹਾ ਦਿਓ ਨਾ ਤੁਸੀਂ। ਕਹਿੰਦੇ ਜੀ ਹੁਣ ਤਾਂ ਕਰ ਲਿਆ।

ਐਨੇ ਨੂੰ ਬਰਾਤ ਵਿਚ ਸਾਡੇ ਸਿੰਘ ਸੀਗੇ, ਇਹ ਚਲੇ ਗਏ ਸਾਰੇ। ਜਦੋਂ ਦੇਖਿਆ, ਭਾਈਆਂ ਦੀ ਪਾਰਟੀ ਆਈ ਨਾ, ਇਨ੍ਹਾਂ ਨੇ ਆਪੇ ਹੀ

ਅਨੰਦ ਕਾਰਜ ਕਰਾ ਦਿਤੇ, ਕਿਉਂਕਿ ਰੋਜ਼ ਹੀ ਕਰਾਉਂਦੇ ਸੀ। ਜਦੋਂ ਕਰਾ ਦਿਤੇ, ਪ੍ਰਸ਼ਾਦੇ ਛਕ ਕੇ ਤੁਰਨ ਲੱਗੇ, ਉਹ ਵੀ ਆ ਗਏ। ਗੁਰਦੇਵ ਸਿੰਘ ਨੂੰ ਕਹਿਣ ਲੱਗੇ, ਕਿ ਕਰੋ ਜੀ ਛੇਤੀ ਤਿਆਰੀ ਅਸੀਂ ਅਨੰਦ ਕਰਾਈਏ। ਉਹ ਕਹਿੰਦਾ, ਅਨੰਦ ਵੀ ਹੋ ਗਏ, ਪ੍ਰਸ਼ਾਦੇ ਵੀ ਛਕ ਲਏ, ਬਰਾਤ ਤਾਂ ਜਾ ਰਹੀ ਹੈ। ਤੁਸੀਂ ਟਾਈਮ 'ਤੇ ਕਿਉਂ ਨਾ ਆਏ? ਕਹਿੰਦੇ, ਸਾਨੂੰ ਕੀ ਪਤਾ ਹੈ ਅਸੀਂ ਸੋਚਿਆ, ਦੁਪਹਿਰ ਤੋਂ ਬਾਅਦ ਹੀ ਅਨੰਦ ਕਾਰਜ ਹੁੰਦੇ ਨੇ। ਕਹਿੰਦੇ, ਉਹ ਤਾਂ ਰਤਵਾੜੇ ਵਾਲਿਆਂ ਨੇ ਕਰਾ ਦਿਤੇ ਆਪੇ ਹੀ। ਕਹਿੰਦੇ, ਉਨ੍ਹਾਂ ਨੇ ਤਾਂ ਕਰਾ ਦਿਤੇ, ਤੂੰ ਢਾਈ ਸੌ ਰੁਪਿਆ ਰੱਖ ਦੇ ਇਥੇ। ਸਾਨੂੰ ਸਾਈ ਤੇ ਤੂੰ ਬੁਲਾਇਆ ਸੀ। ਓ ਭਾਈ! ਜੇ ਗੁਰੂ ਨਾਨਕ ਸਾਹਿਬ ਕਹਿੰਦੇ ਨੇ ਪੰਡਤ ਨੂੰ ਕਿ ਤੇਰਾ ਜਨਮ ਗਿਆ ਤਾਂ ਤੇਰਾ ਵੀ ਜਨਮ ਗਿਆ ਸਿੱਖਾ। ਨਾ ਕਰ ਇਹੋ ਜਿਹੀਆਂ ਗੱਲਾਂ। ਲੜਕੀਆਂ ਦੇ ਅਨੰਦ ਕਰਾਉਂਦਾ ਹੈ। ਰਾਗੀ ਨੂੰ ਪੁੱਛੋ, ਕਹੇਗਾ ਮੈਂ ਤਾਂ 5000 ਤੋਂ ਘੱਟ ਨਹੀਂ ਲੈਣਾ। ਜਿਹਦੇ 'ਚੋਂ ਸਾਨੂੰ ਗੁਰੂ ਨਾਨਕ ਨੇ ਕੱਢਿਆ ਸੀ, ਮੁੜ ਕੇ ਉਥੇ ਹੀ ਅਸੀਂ ਫੇਰ ਫਸ ਗਏ। ਮਹਾਰਾਜ ਕਹਿੰਦੇ –

***ਲੈ ਭਾੜਿ ਕਰੇ ਵੀਆਹੁ ॥ ਕਢਿ ਕਾਗਲੁ ਦਸੇ ਰਾਹੁ ॥***

***ਅੰਗ– 471***

ਅੰਮ੍ਰਿਤ ਛਕਾਉਂਦੈ ਹੈਂ ਲੋਕਾਂ ਨੂੰ ਤੇ ਭਾੜਾ ਲੈ ਕੇ ਜਾਂਦਾ ਹੈਂ, ਵਿਆਹ ਦੇ ਉਤੇ। ਫੇਰ ਤੂੰ ਰਾਹ ਦਸਦਾ ਹੈਂ ਕਿ ਅੱਜ ਨਾ ਜਾਈਂ, ਕੱਲ੍ਹ ਨੂੰ ਜਾਈਂ ਏਧਰ ਸਿੱਧ ਨਹੀਂ ਹੈਗੀ। ਕਹਿੰਦੇ, ਕਮਾਲ ਦੀ ਗੱਲ ਹੈ –

***ਸੁਣਿ ਵੇਖਹੁ ਲੋਕਾ ਏਹੁ ਵਿਡਾਣੁ ॥*** ***ਅੰਗ– 471***

ਦੇਖੋ ਅਚਰਜੁ ਦੀ ਗੱਲ ਦੱਸੀਏ –

***ਮਨਿ ਅੰਧਾ ਨਾਉ ਸੁਜਾਣੁ ॥ 4 ॥*** ***ਅੰਗ – 471***

ਕਹਿੰਦੇ, ਮਨ ਦਾ ਅੰਧਾ ਹੈ ਤੇ ਨਾਉਂ ਕੀ ਰੱਖ ਲਿਆ ਪੰਡਤ। ਸੁਜਾਨ ਬਣ ਗਿਆ ਜਾਣਕਾਰ। ਪੰਡਤ ਚੁੱਪ ਕਰ ਗਿਆ।

ਹੁਣ ਉਹ ਕਹਿੰਦੇ ਨੇ ਜਨੇਊ ਪਾਓ। ਕਹਿੰਦਾ, ਮੈਂ ਨਹੀਂ ਪਾ ਸਕਦਾ, ਗੁਰੂ ਨਾਨਕ ਦੇ ਜਨੇਊ। ਮੇਰੇ ਤਾਂ ਆਪ ਹੀ ਨਹੀਂ ਪਿਆ ਹੋਇਆ ਜਨੇਊ। ਮੈਂ ਤਾਂ ਐਵੇਂ ਧਾਗਾ ਹੀ ਪਾਈ ਫਿਰਦਾ ਹਾਂ।

ਸੋ ਸਾਧਸੰਗਤ ਜੀ! ਗੁਰੂ ਨਾਨਕ ਨੇ ਕਿਤੇ ਵੀ ਲਿਹਾਜ਼ ਨਹੀਂ ਕਰੀ। ਹਰ ਥਾਂ ਦੇ ਉਤੇ ਸੱਚ ਦੀ ਬੋਲੀ ਬੋਲ ਕੇ ਸਾਡਾ ਹਨ੍ਹੇਰਾ ਕੱਟਿਆ। ਇਸ ਤਰ੍ਹਾਂ ਦੇ ਨਾਲ ਜਿੰਨਾਂ ਜੀਅ ਕਰਦਾ ਹੈ ਜਸ ਕਰੀ ਜਾਓ ਗੁਰੂ ਨਾਨਕ ਪਾਤਸ਼ਾਹ ਦਾ, ਇਹ ਤਾਂ ਮੁੱਕਦਾ ਹੀ ਨਹੀਂ ਹੈ। ਵਧਦਾ ਹੀ ਤੁਰਿਆ ਜਾਂਦਾ ਹੈ ਜਿੰਨਾਂ ਗਿਆਨ ਵਧੇਗਾ ਓਨਾਂ ਹੀ ਵਧ ਜਾਂਦਾ ਹੈ।

ਅੱਜ ਦੇ ਦਿਨ ਆਪ ਦਾ ਪ੍ਰਕਾਸ਼ ਸੰਸਾਰ 'ਚ ਹੋਇਆ ਤੇ ਮੈਂ ਤਾਂ ਇਕੋ ਹੀ ਬੇਨਤੀ ਕਰਦਾ ਹਾਂ ਕਿ ਪਿਆਰਿਓ! ਗੁਰੂ ਨਾਨਕ ਨੂੰ ਸਮਝੋ, ਗੁਰੂ ਨਾਨਕ ਦੀ ਬਾਣੀ ਨੂੰ ਸਮਝੋ। ਜੇ ਸਿੱਖ ਮੂਲਮੰਤ੍ਰ ਨੂੰ ਸਮਝ ਗਿਆ, ਉਹਨੇ ਸਭ ਕੁਛ ਖੱਟ ਲਿਆ। ਜੇ ਜਪੁਜੀ ਸਾਹਿਬ ਨੂੰ ਪੜ੍ਹ ਲਿਆ ਉਸ

ਤੋਂ ਵੱਡਾ ਵਿਦਵਾਨ ਦੁਨੀਆ 'ਚ ਕੋਈ ਨਹੀਂ। ਟੀਕੇ ਲਿਖਣ ਵਾਲੇ ਨਹੀਂ ਸਮਝਦੇ, ਇਹ ਤਾਂ ਬਹੁਤ ਵੱਡੀ ਬਾਣੀ ਹੈ, ਪ੍ਰਮੇਸ਼ਰ ਨਾਲ ਜੋੜ ਦਿੰਦੀ ਹੈ ਪੜ੍ਹਦੇ-ਪੜ੍ਹਦੇ। ਸਾਨੂੰ ਤਾਂ ਪਤਾ ਹੀ ਨਹੀਂ ਲੱਗਿਆ ਕਿ ਜਪੁਜੀ ਸਾਹਿਬ ਕੀ ਹੈ? ਗੁਰੂ ਨਾਨਕ ਉਪਦੇਸ਼ਾਂ ਨੂੰ ਕਮਾਓ, ਸਮਝਣ ਦਾ ਯਤਨ ਕਰੋ। ਬਾਣੀ ਨੂੰ ਵਿਚਾਰੋ, ਸਤਿਸੰਗ 'ਚ ਆਓ, ਗੁਰੂ ਨਾਨਕ ਦਾ ਜੋ ਸੰਦੇਸ਼ ਹੈ ਸਾਡੇ ਵਾਸਤੇ ਸੱਚ ਦਾ ਜੋ ਢੰਡੋਰਾ ਗੁਰੂ ਨਾਨਕ ਨੇ ਦਿਤਾ ਹੈ। ਉਨ੍ਹਾਂ ਨੇ ਕਿਹਾ ਕਿ ਜੀਵਨ ਸਤਿ ਦਾ ਬਣਾਓ। ਜੀਵਨ ਵਿਚ ਕੋਈ ਭੇਖ ਨਾ ਧਾਰੋ -

*ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ ॥*
*ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ ॥ ਅੰਗ - 785*

ਗੁਰੂ ਨਾਨਕ ਫਿਰਦੇ ਰਹੇ। ਮੁਸਲਮਾਨਾਂ ਦੇ ਗਏ ਉਹੋ ਜਿਹੇ ਕੱਪੜੇ ਪਹਿਨ ਲਏ, ਮੱਕੇ ਨੂੰ ਜਾਂਦੇ ਹੋਏ ਹਰੇ ਕੱਪੜੇ ਪਾ ਲਏ। ਆਸਾ ਹੱਥ ਵਿਚ, ਕੱਛ ਵਿਚ ਕਿਤਾਬ ਲੈ ਲਈ। ਨੀਲੇ ਕੱਪੜੇ ਪਹਿਨ ਲਏ ਤੇ ਉਹੋ ਜਿਹੇ ਹੀ ਬਣ ਗਏ ਹਾਜੀਆਂ ਵਰਗੇ। ਜੇ ਗੋਰਖ ਕੋਲ ਗਏ, ਲੱਕ ਨਾਲ ਰੱਸੇ ਬੰਨ੍ਹ ਲਏ। ਪਹਾੜ 'ਤੇ ਚੜ੍ਹਨ ਵਾਲਾ ਸਮਾਨ ਬੰਨ੍ਹ ਲਿਆ ਸਾਰਾ ਤੇ ਚਮੜੇ ਦੇ ਕੱਪੜੇ ਪਾ ਲਏ। ਜੇ ਦੂਜੇ ਪਾਸੇ ਨੂੰ ਗਏ ਤਾਂ ਭਗਵੇਂ ਕੱਪੜੇ ਪਾ ਲਏ। ਜਿਸ ਵਕਤ ਗੁਰੂ ਨਾਨਕ ਨੂੰ ਅਚੱਲ ਬਟਾਲੇ 'ਚ ਜੋਗੀ ਮਿਲੇ ਉਸ ਵੇਲੇ ਗੁਰੂ ਨਾਨਕ ਕਿਹੋ ਜਿਹੇ ਸੀ। ਉਸ ਵੇਲੇ ਦੇ ਜੋ ਗ੍ਰਹਿਸਤੀਆਂ ਦੀ ਪੁਸ਼ਾਕ ਜਿਹੜੀ ਸੀ ਉਹ ਪਾਈ ਹੋਈ ਸੀ ਉਨ੍ਹਾਂ ਨੇ। ਜਦੋਂ ਅਚੱਲ ਵਟਾਲੇ ਜਾਂਦੇ ਨੇ ਹੈਰਾਨ ਹੋ ਗਏ ਕਿ ਇਹ ਗ੍ਰਹਿਸਤੀਆਂ ਦੀ ਪੁਸ਼ਾਕ ਪਾਈ ਬੈਠੇ ਨੇ। ਭੰਗਰਨਾਥ ਨੇ ਮਿਹਣਾ ਦਿਤਾ ਗੁਰੂ ਨਾਨਕ ਸਾਹਿਬ ਨੂੰ ਕਿ ਤੂੰ ਦੁੱਧ ਵਿਚ ਕਾਂਜੀ ਪਾ ਦਿਤੀ ਤੇ ਹੁਣ ਦੁੱਧ ਫੱਟ ਜਾਣਾ ਹੈ। ਕੁਛ ਨਹੀਂ ਬਣਨਾ। ਗੁਰੂ ਨਾਨਕ ਤੁਸੀਂ ਸਿੱਖਾਂ ਨੂੰ ਉਲਟੇ ਰਸਤੇ ਪਾ ਦਿਤਾ। ਤੁਸੀਂ ਹੁਣ ਮੁੜ ਕੇ ਫੇਰ ਗ੍ਰਹਿਸਤੀਆਂ ਵਾਲੇ ਕੱਪੜੇ ਪਾ ਲਏ।

ਗੁਰੂ ਨਾਨਕ ਮਹਾਰਾਜ ਦੀ ਉਥੇ ਜੋ ਗੋਸ਼ਟ ਹੋਈ, ਉਹਨੂੰ ਵਿਚਾਰ ਕੇ ਪੜ੍ਹਿਓ ਕਦੇ ਸਾਧਸੰਗਤ ਜੀ। ਅਖੀਰ ਜੋਗੀਆਂ ਨੂੰ ਮੰਨਣਾ ਪਿਆ, ਸਾਰੀ ਸਿੱਧ ਮੰਡਲੀ ਗੁਰੂ ਨਾਨਕ ਪਾਤਸ਼ਾਹ ਨੇ ਸ਼ਬਦ ਦੇ ਬਲ ਨਾਲ ਜਿੱਤ ਲਈ ਤੇ ਇਕ ਉਪਦੇਸ਼ ਸਾਰੀ ਦੁਨੀਆਂ ਨੂੰ ਦਿਤਾ ਹੈ। ਉਹਨੂੰ ਯਾਦ ਕਰ ਲਓ ਸਾਰੇ।

*ਧਾਰਨਾ - ਕਲੂ ਆਇਓ ਰੇ, ਇਕ ਨਾਮ ਬੀਜ ਲਓ।*

*ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥*
*ਅੰਗ - 1185*

ਆਹ ਸਾਰਾ ਗੁਰੂ ਨਾਨਕ ਮਹਾਰਾਜ ਦੀ ਤਾਲੀਮ ਦਾ ਸਾਰ ਹੈ -

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਅੰਗ - 266*

ਦੋ ਚੀਜ਼ਾਂ ਕਰ ਲਓ, ਕਰਮਾਂ ਨੂੰ ਨਿਰਮਲ ਬਣਾ ਲਓ ਤੇ ਰਸਨਾ ਦੇ

ਨਾਲ ਵਾਹਿਗੁਰੂ-ਵਾਹਿਗੁਰੂ ਜਪੋ। ਇਹਦੇ ਨਾਲ ਸਾਡਾ ਉਧਾਰ ਹੋ ਜਾਏਗਾ। ਸੁਖਾਲਾ ਜਿਹਾ ਹੀ ਦੱਸ ਦਿਤਾ ਮਹਾਰਾਜ ਨੇ, ਕਿਉਂਕਿ -

*ਨਾਨਕ ਕੈ ਘਰਿ ਕੇਵਲ ਨਾਮੁ ॥* *ਅੰਗ - 1136*

ਔਖੇ ਹੋਣ ਦੀ ਲੋੜ ਨਹੀਂ, ਕੰਮ ਕਰੋ -

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥* *ਅੰਗ - 1245*

ਜੇ ਜੀਵਨ ਦੇ ਵਿਚ ਸੁੱਚ ਹੈ। ਧਰਮ ਦੀ ਕਿਰਤ ਕਰਦਾ ਹੈ, ਨਿਤਨੇਮ ਕਰਦਾ ਹੈ, ਬਾਣੀ ਪੜ੍ਹਦਾ ਹੈ, ਸਰਬੱਤ ਦਾ ਭਲਾ ਦਿਲੋਂ ਮੰਗਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।*

ਕਿਸੇ ਦਾ ਬੁਰਾ ਨਹੀਂ ਮੰਗਦਾ ਉਹ ਸਾਧਾਂ ਨਾਲੋਂ ਚੰਗਾ ਗ੍ਰਹਿਸਤੀ ਹੋਇਆ ਕਰਦਾ ਹੈ। ਕਿਉਂਕਿ ਉਹਦੇ ਮਨ ਵਿਚ ਨਿਮ੍ਰਤਾ ਹੈ ਕਿ ਮੈਂ ਤਾਂ ਕੁਛ ਨਹੀਂ ਹਾਂ। ਸੇਵਾ ਭਾਵ ਹੈ ਉਹਦੇ ਮਨ ਵਿਚ। ਜੇ ਉਹ ਨਾਮ ਵੀ ਜਪੀ ਜਾਵੇ, ਜੀਭ ਤੋਂ ਕੰਮ ਲਈ ਜਾਵੇ। ਫਾਲਤੂ ਗੱਲਾਂ ਦੀ ਥਾਂ 'ਤੇ ਵਾਹਿਗੁਰੂ-ਵਾਹਿਗੁਰੂ ਕਰੀ ਜਾਵੇ ਫੇਰ ਤਾਂ ਡੰਕੇ ਵਜਦੇ ਜਾਣਗੇ ਦਰਗਾਹ ਨੂੰ -

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ - 283*

ਸੋ ਗੁਰੂ ਨਾਨਕ ਸਾਹਿਬ ਦੀ ਯਾਦ ਅੱਜ ਤੁਸੀਂ ਮਨਾਈ ਹੈ, ਆਗਮਨ ਦਿਵਸ। ਮਹਾਰਾਜ ਕ੍ਰਿਪਾ ਕਰਨ ਆਪਣੀ ਸੰਗਤ ਦੇ ਉਤੇ, ਨਾਮ ਦੀ ਦਾਤ ਦੇਣ ਤੇ ਜਿਹੜਾ ਸਾਲ ਹੈ ਸੁੱਖਾਂ ਦਾ ਬਤੀਤ ਹੋਵੇ ਤੇ ਗੁਰੂ ਸਾਹਿਬ ਸਾਡੇ ਯਾਦ ਆਉਂਦੇ ਰਹਿਣ, ਭੁੱਲਣ ਨਾ ਕਦੇ ਵੀ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

**ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।**

# 6

## ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - 289*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ - 537*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - 290*

*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਣ ਹੋ ਕੇ,*
*ਸਰਗੁਣ ਹੋ ਕੇ।*

*ਕਤਹੂੰ ਸੁਚੇਤ ਹੁਇਕੈ, ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ।*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ*
*ਮਾਂਗਿਓ ਧਨ ਦੇਤ ਹੋ।*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ।*
*ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ।*

ਸਾਧਸੰਗਤ ਜੀ ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਗੁਰਮਤਿ ਦੇ ਅਨੁਸਾਰ ਸਾਰੀ ਸ੍ਰਿਸ਼ਟੀ ਜੋ ਹੈ ਵਾਹਿਗੁਰੂ ਦੀ ਖੇਲ੍ਹ ਹੈ, ਜਿਹੋ ਜਿਹਾ ਕਿਸੇ ਨੂੰ part ਮਿਲਿਆ ਹੋਇਆ ਹੈ, ਓਹੋ ਜਿਹਾ ਉਹ ਖੇਲ੍ਹ ਕਰ ਰਿਹਾ ਹੈ। ਸ੍ਰਿਸ਼ਟੀ, ਰਚਨਾ ਵਾਹਿਗੁਰੂ ਤੋਂ ਕਿਵੇਂ ਬਣ ਗਈ, ਜਦ ਕਿ ਵਾਹਿਗੁਰੂ ਦੇ ਵਿਚ ਕੋਈ ਦੁਖ ਨਹੀਂ ਹੈ, ਕੋਈ ਘਾਟਾ ਨਹੀਂ ਹੈ, ਕੋਈ ਫਿਕਰ ਨਹੀਂ ਹੈ, ਕੋਈ ਸੋਚ ਨਹੀਂ ਹੈ, ਕੋਈ ਆਸਾ ਨਹੀਂ, ਕੋਈ ਅੰਦੇਸਾ ਨਹੀਂ, ਇਹ ਚੀਜ਼ਾਂ ਕਿਥੋਂ ਆ ਗਈਆਂ? ਜੋ ਸੋਝੀ ਵਾਲਾ ਦਿਮਾਗ ਹੈ, ਬੰਦਾ ਹੈ, ਤਰਕ ਦਾ ਜਿਹਦੇ ਵਿਚ ਕੁਛ ਅੰਸ ਹੈ, ਉਹ ਸੋਚ ਕੇ ਗੱਲ ਕਰੇਗਾ ਕਿ ਜੇ ਵਾਹਿਗੁਰੂ ਹੀ ਹੈ ਫੇਰ ਇਹ ਚੀਜ਼ਾਂ ਕਿਥੋਂ ਆ ਗਈਆਂ, ਐਨੀਆਂ ਮਾੜੀਆਂ? ਮਹਾਰਾਜ ਕਹਿਣ ਲੱਗੇ ਜਦੋਂ ਪ੍ਰਮੇਸ਼ਰ ਨੇ ਇਕ ਤੋਂ ਅਨੇਕ ਰੂਪ ਧਾਰੇ, ਆਪ ਹੀ ਆਪਣੇ ਆਪ ਨੂੰ ਸਾਜਿਆ –

***ਨਿਰੰਕਾਰੁ ਆਕਾਰੁ ਹੋਇ***
***ਏਕੰਕਾਰੁ ਅਪਾਰੁ ਸਦਾਇਆ।***

***ਭਾਈ ਗੁਰਦਾਸ ਜੀ, ਵਾਰ 26/2***

ਆਕਾਰ ਜਦੋਂ ਆਪ ਨੇ ਧਾਰਨ ਕਰਿਆ, ਵਾਹਿਗੁਰੂ ਜੀ ਨੇ ਏਕੰਕਾਰ ਦਾ ਨਾਮ ਰੱਖਿਆ –

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***

***ਭਾਈ ਗੁਰਦਾਸ ਜੀ, ਵਾਰ 26/2***

ਸ਼ਬਦ ਧੁਨ ਹੋਈ ਉਸ ਦੇ ਨਾਲ ਬੇਅੰਤ ਆਕਾਰ ਬਣ ਗਏ–

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥*** ***ਅੰਗ – 3***

ਇਹਦੇ ਵਿਚ ਜਿਥੇ ਬਾਕੀ ਚੀਜ਼ਾਂ ਪਾਈਆਂ, ਇਕ ਚੀਜ਼ ਜਿਹਨੂੰ ਹਉਮੈ ਕਹਿੰਦੇ ਨੇ ਉਹ ਪਾ ਦਿਤੀ –

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥***

***ਅੰਗ – 999***

ਜੰਮਦੀ ਕੀ ਹੈ ਹਉਮੈ ਤੇ ਮਰਦੀ ਵੀ ਹਉਮੈ ਹੈ। ਉਹੀ ਜਨਮ ਧਾਰਦੀ ਹੈ, ਉਹੀ ਮੁਕਤ ਹੁੰਦੀ ਹੈ। ਹਉਮੈ ਇਕ ਐਸੀ ਚੀਜ਼ ਹੈ, ਜੋ ਪ੍ਰਮੇਸ਼ਰ ਨੇ ਨਾਲ ਹੀ ਲਾ ਦਿਤੀ ਜਦ ਸੰਸਾਰ ਰਚਿਆ। ਹਉਮੈ ਹੀ ਜੰਮਦੀ ਹੈ, ਹਉਮੈ ਹੀ ਮਰਦੀ ਹੈ, ਓਹੀ ਆਉਂਦੀ ਹੈ, ਓਹੀ ਜਾਂਦੀ ਹੈ।

ਗੁਰੂ ਨਾਨਕ ਪਾਤਸ਼ਾਹ ਸਿੱਧਾਂ ਨਾਲ ਸੁਮੇਰ ਪਰਬਤ 'ਤੇ ਬਚਨ ਇਹ ਕਰ ਰਹੇ ਸੀ, ਕਿਉਂਕਿ ਉਹ ਸ਼ਾਖਸਾਤ ਨੂੰ ਮੰਨਦੇ ਸੀ, ਪਾਤੰਜਲ ਨੂੰ ਮੰਨਦੇ ਸੀ, ਨਿਆਏ ਸ਼ਾਸਤਰ ਨੂੰ ਮੰਨਦੇ ਸੀ, ਉਹਨਾਂ ਦੇ ਹਿਸਾਬ ਨਾਲ

ਜੋ ਈਸ਼ਵਰ ਹੈ, ਵਾਹਿਗੁਰੂ ਹੈ, ਉਹ ਸੰਸਾਰ ਤੋਂ ਅਲੱਗ ਥਲੱਗ ਰਹਿੰਦਾ ਹੈ। ਇਹਦੇ ਦੁਖ ਸੁਖ ਦਾ ਇਹਨੂੰ ਕੋਈ ਲੇਪ ਨਹੀਂ ਹੈ। ਉਹ ਆਪ ਸਤਿ ਚਿਤ ਅਨੰਦ ਰਹਿੰਦਾ ਹੈ, ਸੰਸਾਰ ਦੁਖੀ ਹੁੰਦਾ ਹੈ ਕਿਉਂਕਿ ਕਰਮਾਂ ਦਾ ਬੰਨ੍ਹਿਆ ਹੋਇਆ ਸੰਸਾਰ ਦੁਖੀ ਹੋ ਜਾਇਆ ਕਰਦਾ ਹੈ ਤੇ ਕਰਮਾਂ ਤੋਂ ਫਰੀ ਕਰ ਲੈਣਾ ਆਪਣੇ ਆਪ ਨੂੰ ਅਸ਼ਟਾਂਗ ਯੋਗ ਦੇ ਨਾਲ, ਇਹਦੇ ਨਾਲ ਇਹ ਕਹਿੰਦੇ ਨੇ ਕਿ ਇਹ ਮੁਕਤ ਹੋ ਜਾਂਦਾ ਹੈ। ਗੁਰੂ ਮਹਾਰਾਜ ਏਸ ਮੁਕਤੀ ਨੂੰ ਤਾਂ ਨਹੀਂ ਮੰਨਦੇ, ਏਸ ਤੋਂ ਅਗਲੀ ਮੁਕਤੀ ਨੂੰ ਮੰਨਦੇ ਨੇ। ਕਿਉਂਕਿ ਜੋ ਉਨ੍ਹਾਂ ਨੇ ਸਾਧਨ ਰੱਖੇ ਨੇ, ਸਮ ਦਾ, ਦਮ ਦਾ, ਆਸਣ ਹੈ, ਪ੍ਰਾਣਾਯਾਮ ਹੈ, ਪ੍ਰਤੀਹਾਰ ਹੈ, ਪੰਜ ਹੋ ਜਾਂਦੇ ਨੇ - ਧਾਰਨਾ, ਧਿਆਨ, ਸਮਾਧੀ, ਅਸ਼ਟਾਂਗ ਯੋਗ ਇਹਨੂੰ ਕਹਿੰਦੇ ਨੇ, ਅੱਠ ਹੋਇਆ ਕਰਦੇ ਨੇ, ਇਹਦੇ ਹਿਸਾਬ ਨਾਲ ਜੀਵ ਨੂੰ ਪ੍ਰਕ੍ਰਿਤੀ ਤੋਂ ਲਾਂਭੇ ਕਰਨਾ ਹੈ, ਬਸ ਫੇਰ ਉਹਨੂੰ ਕਹਿੰਦੇ ਨੇ ਮੁਕਤ ਹੋ ਜਾਣਾ। ਗੁਰਮਤਿ ਨਹੀਂ ਏਸ ਤਰ੍ਹਾਂ ਕਹਿੰਦੀ, ਗੁਰਮਤਿ ਕਹਿੰਦੀ ਹੈ ਕਿ ਜੀਵ ਨੂੰ ਪ੍ਰਮੇਸ਼ਰ ਦੇ ਵਿਚ ਰਲਾਉਣਾ ਹੈ, ਉਥੇ ਨਹੀਂ ਹੈ ਕਿ ਇਹਨੂੰ ਆਪਣੇ ਆਪ ਹੀ ਆਤਮ ਗਿਆਨ ਹੋ ਗਿਆ। ਆਤਮ ਗਿਆਨ ਤੋਂ ਅੱਗੇ ਬ੍ਰਹਮਗਿਆਨ ਹੋਇਆ ਕਰਦਾ ਹੈ।

***ਆਤਮਾ ਪਰਾਤਮਾ ਏਕੋ ਕਰੈ ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ ॥*** ***ਅੰਗ - 661***

ਸੋ ਮਹਾਰਾਜ ਕਹਿਣ ਲੱਗੇ, ਗੋਰਖਨਾਥ! ਇਹ ਸੰਸਾਰ 'ਚ ਦੁਖ ਜੋ ਪੈਦਾ ਹੋਇਆ ਹੈ, ਪ੍ਰਮੇਸ਼ਰ ਨੇ ਨਹੀਂ ਕਰਿਆ, ਪ੍ਰਮੇਸ਼ਰ ਨੇ ਇਕ ਤੱਤ ਬਣਾਇਆ ਹੈ, ਜਿਹਨੂੰ ਹਉਮੈ ਤੱਤ ਕਹਿੰਦੇ ਨੇ,-

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ ॥***
***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ ॥*** ***ਅੰਗ - 946***

ਦੁਖ ਕਿਵੇਂ ਜਾਵੇ ਤੇ ਕਿਸ ਤਰੀਕੇ ਦੇ ਨਾਲ ਸੰਸਾਰ ਬਣ ਗਿਆ। ਕਿਉਂਕਿ ਇਕ ਵਾਹਿਗੁਰੂ ਜੇ ਸਾਰੇ ਹੀ ਹੈ ਤਾਂ ਉਹਦੇ ਵਿਚ ਅਗਿਆਨ ਤਾਂ ਆ ਨਹੀਂ ਨਾ ਸਕਦਾ। ਅਗਿਆਨ ਕਿਥੋਂ ਆ ਗਿਆ, ਮਹਾਰਾਜ ਕਹਿੰਦੇ, ਹਉਮੈ ਤੱਤ ਪੈ ਗਿਆ, ਪਰਦਾ ਪੈ ਗਿਆ, ਓਸ ਪਰਦੇ ਨੇ ਜਿਹੜੀ ਪਛਾਣ (awareness) ਬਾਕੀ ਦੀ ਆਈ, ਬ੍ਰਹਮਗਿਆਨ ਜਿਸਨੂੰ ਆਖਦੇ ਨੇ, ਬ੍ਰਹਮ ਦੀ (awareness) ਆਖਦੇ ਨੇ, ਉਥੋਂ ਜੀਵ ਭਾਵ ਦੀ ਸੂਝ (awareness) ਪੜਦੇ ਦੇ ਓਹਲੇ ਆ ਗਈ। ਜਿਵੇਂ ਸੂਰਜ ਹੁੰਦਾ ਹੈ, ਉਹਦੀਆਂ ਕਿਰਨਾਂ ਜਦ ਬੰਨ੍ਹ ਕੇ ਪਾਈਆਂ ਜਾਂਦੀਆਂ ਨੇ, ਪਾਣੀ ਵੀ ਗਰਮ ਕਰਦੇ ਹਾਂ, ਸਬਜ਼ੀਆਂ ਵੀ ਬਣਦੀਆਂ ਨੇ, ਉਹ ਸੂਰਜ ਦੀ ਸ਼ਕਤੀ ਨੂੰ ਸ਼ੀਸ਼ੇ ਨੇ ਬੰਨ੍ਹ ਲਿਆ। ਐਸੇ ਤਰ੍ਹਾਂ ਪ੍ਰਮੇਸ਼ਰ ਨੇ ਪ੍ਰਕ੍ਰਿਤੀ ਪੈਦਾ ਕਰ ਦਿਤੀ, ਪ੍ਰਕ੍ਰਿਤੀ ਦੇ ਉਤੇ ਜਦ ਇਹਦਾ ਪ੍ਰਕਾਸ਼ ਪਿਆ, ਇਹਦੇ ਵਿਚ

awareness ਆ ਗਈ, ਇਹਦੇ ਵਿਚ ਇਕ ਸੁਰਤ ਹੋ ਗਈ ਮੈਂ ਦੀ, ਮੈਂ ਸਰੀਰ ਹਾਂ, ਮੇਰਾ ਨਾਉਂ ਫਲਾਣਾ ਹੈ, ਮੈਂ ਸੁਖੀ ਹਾਂ, ਮੈਂ ਦੁਖੀ ਹਾਂ, ਮੈਂ ਅਮੀਰ ਹਾਂ, ਮੈਂ ਗਰੀਬ ਹਾਂ, ਮੈਂ ਗੋਰਾ ਹਾਂ, ਮੈਂ ਪਤਲਾ ਹਾਂ। ਇਹਦੇ ਆਉਣ ਦੇ ਨਾਲ ਇਹ ਪ੍ਰਮੇਸ਼ਰ ਤੋਂ ਅੱਡ ਹੋ ਜਾਂਦਾ ਹੈ। ਕਿਸ ਤਰ੍ਹਾਂ ਅੱਡ ਹੋ ਜਾਂਦਾ ਹੈ, ਜਿਵੇਂ ਦਰਿਆ ਉਛਲੇ ਤੇ ਛੋਟੇ-ਛੋਟੇ ਟੋਭਿਆਂ ਦੇ ਵਿਚ ਨਿੱਕੀਆਂ-ਨਿੱਕੀਆਂ ਛਪੜੀਆਂ ਦੇ ਵਿਚ ਪਾਣੀ ਚਲਿਆ ਜਾਵੇ, ਪਾਣੀ ਓਹੀ ਹੈ ਦਰਿਆ ਦਾ ਹੀ, ਨਿਰਮਲ ਜਲ ਹੈ ਗੰਗਾ ਦਾ, ਲੇਕਿਨ ਉਛਲ ਕੇ ਜਦ ਇਹ ਵਖਰਾ ਹੋ ਜਾਂਦਾ ਹੈ ਤਾਂ ਇਹਦੇ ਵਿਚ ਫੇਰ ਕਿਰਮ ਪੈ ਜਾਂਦੇ ਨੇ, ਬਦਬੂ ਛੱਡ ਜਾਂਦਾ ਹੈ, ਪਸ਼ੂ ਆ ਕੇ ਇਹਦੇ ਵਿਚ ਇਹਨੂੰ ਗੰਦਾ ਕਰ ਜਾਂਦੇ ਨੇ, ਕਿਰਮ ਪੈ ਜਾਂਦੇ ਨੇ, ਪਾਣੀ ਓਹੀ ਹੈ, ਇਹੀ ਪਾਣੀ ਜੇ ਦਰਿਆ ਦੇ ਨਾਲ ਫੇਰ ਮੁੜ ਕੇ ਸੋਮੇ ਨਾਲ ਮਿਲ ਜਾਵੇ ਤਾਂ ਇਹਦੇ ਵਿਚ ਪਵਿਤਰਤਾ ਫੇਰ ਆ ਜਾਂਦੀ ਹੈ, ਸਿਥਲ ਰੌਂ ਟੁਟ ਜਾਂਦੀ ਹੈ, ਸਾਂਝ (conection) ਟੁਟਣ ਦੇ ਨਾਲ ਇਹ ਚੀਜ਼ ਗਲ ਜਾਂਦੀ ਹੈ, ਇਸੇ ਤਰ੍ਹਾਂ ਪ੍ਰਕ੍ਰਿਤੀ ਦੇ ਉਤੇ ਜਿਹੜਾ ਪ੍ਰਭਾਵ ਪੈਂਦਾ ਹੈ, ਪ੍ਰਤੀਬਿੰਬ ਪੈਂਦਾ ਹੈ ਉਹਦੇ ਨਾਲ ਇਹ ਜੀਵ ਬਣ ਕੇ ਅਗਿਆਨ ਵਿਚ ਆ ਗਿਆ। ਅਗਿਆਨੀ ਜੀਵ ਫੇਰ ਭਟਕਦੇ ਫਿਰਦੇ ਨੇ, ਜੰਮੀ ਜਾਂਦੇ ਨੇ, ਮਰੀ ਜਾਂਦੇ ਨੇ, ਐਹ ਜੂਨੀ ਚਲੇ ਗਏ, ਔਹ ਜੂਨੀ 'ਚ ਚਲੇ ਗਏ, ਇਹ ਕੋਈ imagenar ਬਾਤਾਂ ਨਹੀਂ ਕਿ ਮੈਂ ਐਵੇਂ ਕਹੀ ਜਾਂਦਾ ਹਾਂ, ਐਸੀਆਂ ਬਾਤਾਂ ਸੰਸਾਰ ਦੇ ਅੰਦਰ ਚਲ ਰਹੀਆਂ ਨੇ। ਮੈਨੂੰ ਇਕ ਦਿਨ ਇਕ ਪ੍ਰੇਮੀ ਨੇ ਦਸਿਆ ਸੰਗਤ 'ਚ ਆਉਂਦੇ ਨੇ, ਟਰਾਂਸਪੋਰਟਰ ਨੇ ਕਿ ਸਾਡੇ ਪਿੰਡ ਦੇ ਕੋਲ ਇਕ ਬੱਚਾ ਪੜਦਾ ਸੀ, ਉਹ ਜਦ ਰੌਣੀ ਆਇਆ, ਸਾਡੇ ਪਿੰਡਾਂ ਕੋਲ ਹੈ ਪਿੰਡ ਰੌਣੀ। ਸਕੂਲ ਹੈ ਉਥੇ ਹਾਈ ਸਕੂਲ ਤੇ ਉਥੇ ਖੇਲ੍ਹਾਂ ਹੋ ਰਹੀਆਂ ਨੇ, ਤਾਂ ਉਹ ਕਹਿਣ ਲਗਿਆ ਮਾਸਟਰ ਜੀ ਜੇ ਮੈਨੂੰ ਆਗਿਆ ਹੋਵੇ ਮੈਂ ਆਪਣੇ ਇਲਾਕੇ ਵਿਚ ਆ ਗਿਆ ਹਾਂ, ਤੇ ਮੈਂ ਆਪਣੇ ਮਾਂ ਬਾਪ ਨੂੰ ਮਿਲ ਆਵਾਂ। ਉਹ ਕਹਿੰਦਾ ਓ ਕਾਕਾ! ਤੇਰਾ ਇਲਾਕਾ ਇਥੇ ਕਿਥੇ ਹੈ, ਤੇਰਾ ਤਾਂ ਇਲਾਕਾ ਦੂਰ ਹੈ, ਇਹ ਤੇਰਾ ਇਲਾਕਾ ਨਹੀਂ ਹੈ। ਕਹਿਣ ਲੱਗਿਆ ਜੀ ਨਹੀਂ ਮੇਰਾ ਇਲਾਕਾ ਇਹੀ ਹੈ। ਉਹ ਇਲਾਕਾ ਮੇਰਾ ਨਹੀਂ ਹੈ। ਇਥੇ ਮੇਰੇ ਮਾਂ ਬਾਪ ਨੇ, ਅੱਠਵੀਂ ਜਮਾਤ ਦਾ ਵਿਦਿਆਰਥੀ ਹੈ, ਤਾਂ ਉਨ੍ਹਾਂ ਸਾਰਿਆਂ ਨੂੰ ਦਿਲਚਸਪੀ ਪੈਦਾ ਹੋ ਗਈ, ਕਹਿੰਦੇ ਚਲੋ ਇਹਦਾ ਪਿੰਡ ਕਿਹੜਾ ਦੂਰ ਹੈ ਆਪਾਂ ਪੁਛ ਆਉਂਦੇ ਹਾਂ। ਇਹਨੂੰ ਮੂਹਰੇ ਕਰ ਲੈਂਦੇ ਹਾਂ, ਆਪਣੇ ਘਰ ਲੈ ਕੇ ਜਾਏਗਾ ਹੀ। ਬੱਚੇ ਨੂੰ ਅੱਗੇ ਕਰ ਲਿਆ ਤੇ ਜਦੋਂ ਉਥੇ ਚਲੇ ਗਏ, ਕਹਿੰਦੇ ਘਰ ਪਤਾ ਹੈ ਤੈਨੂੰ, ਕਹਿੰਦਾ ਹਾਂ ਜੀ। ਗਲੀ ਵਿਚ ਤੁਰਿਆ ਜਾਂਦਾ ਹੈ ਕਹਿੰਦਾ ਮਾਸੀ ਕੀ ਹਾਲ ਹੈ? ਤਕੜੀ ਹੈਂ ਹਾਕ ਮਾਰੀ। ਕਹਿੰਦਾ ਇਹ ਮੇਰੀ ਮਾਸੀ ਦਾ ਘਰ ਹੈ। ਉਹ ਸਾਰੇ ਹੈਰਾਨ ਕਿ ਇਹ ਮੁੰਡਾ ਜਿਹਾ ਨਾ ਕਦੇ ਦੇਖਿਆ ਹੈ ਇਥੇ, ਇਹ ਮਾਸੀ ਕਹਿੰਦਾ ਹੈ। ਅੱਗੇ ਆਪਣੇ ਘਰ ਚਲਿਆ ਗਿਆ,

ਉਥੇ ਗਿਆ ਹੋਇਆ ਐਉਂ ਚਲਿਆ ਗਿਆ ਜਿਵੇਂ ਪਹਿਲਾਂ ਤੋਂ ਹੀ ਆਉਂਦਾ ਹੈ। ਮਾਂ ਨੂੰ ਮਿਲਿਆ ਉਹ ਹੈਰਾਨ ਕਿ ਇਹ ਬੱਚਾ ਕੌਣ ਹੈ। ਕਹਿੰਦਾ ਮੈਨੂੰ ਮਾਤਾ ਪਛਾਣਿਆ ਨਹੀਂ ਮੈਂ ਫਲਾਣਾ ਸਿੰਘ ਹਾਂ, ਜਦੋਂ ਉਸ ਨੇ ਉਹਦੇ ਲੜਕੇ ਦਾ ਨਾਉਂ ਲਿਆ ਉਹ ਚੁਕੰਨੀ ਹੋ ਗਈ, ਕਹਿਣ ਲੱਗੀ ਹੈਂ ਕਾਕਾ! ਉਹਨੂੰ ਤਾਂ ਬੜੀ ਦੇਰ ਹੋ ਗਈ ਮਰ ਗਿਆ। ਕਹਿੰਦਾ ਮੈਂ ਹੀ ਹਾਂ ਉਹ। ਮੇਰੀਆਂ ਕਿਤਾਬਾਂ ਕਿਥੇ ਰੱਖੀਆ ਨੇ? ਇੰਜਨੀਅਰ ਸੀਗਾ ਉਹ, ਇੰਜਨੀਅਰੀ ਕਰਕੇ ਚੰਗੇ ਨੰਬਰ ਲੈ ਕੇ ਪਾਸ ਹੋਇਆ ਸੀ। ਕਹਿੰਦਾ ਮੇਰੀਆਂ ਕਿਤਾਬਾਂ ਤਾਂ ਨਹੀਂ ਸੁੱਟ ਦਿਤੀਆਂ, ਕਹਿੰਦੀ ਨਾ ਬੇਟਾ, ਉਹ ਤਾਂ ਪਈਆਂ ਨੇ, ਪਹਿਲੇ ਬੱਚੇ ਦਾ ਨਾਉਂ ਲੈਂਦੀ ਹੈ ਇਹਦੇ ਉਤੇ ਨਹੀਂ ਇਹਨੂੰ ਯਕੀਨ ਆਉਂਦਾ। ਉਸ ਤੋਂ ਬਾਅਦ ਬਾਹਰ ਚਲਿਆ ਗਿਆ, ਕਹਿੰਦਾ ਆਪਣੇ ਖੇਤ ਦੇ ਵਿਚ ਟਿੱਬਾ ਹੁੰਦਾ ਸੀ ਉਹ ਕਿਥੇ ਚਲਿਆ ਗਿਆ? ਕਹਿੰਦੇ ਕਰਾਹ ਲਿਆ, ਟਿਊਬਵੈਲ ਲਾ ਲਏ, ਟਿਬੇ ਖਤਮ ਹੋ ਗਏ। ਕਹਿੰਦਾ ਬਹੁਤ ਸਾਰੀ ਜ਼ਮੀਨ ਬਣ ਗਈ, ਰਾਹ ਵੀ ਬਦਲ ਗਏ ਸਾਰੇ। ਇਸ ਤਰ੍ਹਾਂ ਦੀਆਂ ਗੱਲਾਂ ਕਰਦਾ ਰਿਹਾ, ਪਿਤਾ ਵੀ ਆ ਗਿਆ, ਉਹਨੇ ਪਛਾਣ ਲਿਆ ਕਿ ਪਿਤਾ ਜੀ ਆ ਗਏ, ਫੇਰ ਉਹਨੇ ਦਸਿਆ ਕਿ ਆਹ ਕਿਤਾਬਾਂ ਵੀ ਮੇਰੀਆਂ ਨੇ, ਆਹ ਕਪੜੇ ਵੀ ਮੇਰੇ ਨੇ ਤੇ ਮੈਂ ਖੰਨੇ ਨੂੰ ਜਾਂਦਾ ਸੀ, ਇਥੇ ਲੰਘੇ ਜਾਂਦੇ ਅਸੀਂ ਮੇਰੇ ਨਾਲ ਸੀ ਭਣੌਈਆ, ਉਹਨੇ ਸ਼ਰਾਬ ਬਹੁਤੀ ਪੀਤੀ ਹੋਈ ਸੀ, ਈਸੜੂ ਕੋਲ ਜਾ ਕੇ ਅਸੀਂ ਖੱਡੇ ਵਿਚ ਗਿਰ ਗਏ ਤੇ ਅਸੀਂ ਦੋਵੇਂ ਮਰ ਗਏ। ਮੇਰਾ ਜਨਮ ਓਸ ਪਿੰਡ ਵਿਚ ਹੋ ਗਿਆ। ਹੁਣ ਮੇਰਾ ਪਿੰਡ ਇਹ ਸੀ, ਕਾਫੀ ਲੰਮੀ ਚੌੜੀ ਗੱਲ ਹੋ ਗਈ, ਮਾਸਟਰ ਲੈ ਗਏ। ਕਹਿਣ ਲੱਗੇ ਕਿ ਤੁਹਾਡੇ ਘਰ ਦੇ ਜਿਹੜੇ ਨੇ ਉਹ ਗੱਲ ਕਰਨ, ਸਾਡੇ ਕਹਿਣ ਤੇ ਨਾ ਗੱਲ ਕਰੋ। ਉਹ ਵੀ ਕਾਫੀ ਕਰਨ ਕਿ ਇਹ ਤਾਂ ਸਾਡਾ ਬੱਚਾ ਹੈ ਸਾਡੇ ਕੋਲ ਰਹਿਣ ਦਿਓ। ਉਹਦੇ ਮਾਂ ਬਾਪ ਕਹਿਣ ਸਾਡਾ ਬੱਚਾ ਹੈ। ਉਹ ਕਹੇ ਕਿ ਮੈਂ ਤਾਂ ਇਨ੍ਹਾਂ ਦਾ ਹਾਂ ਜਿਥੇ ਮੇਰਾ ਪਹਿਲਾਂ ਜਨਮ ਹੋਇਆ ਸੀ। ਅਖੀਰ ਇਹ ਹੋਇਆ ਕਿ ਛੁਟੀਆਂ ਤਾਂ ਤੂੰ ਐਥੇ ਕਟਿਆ ਕਰ। ਪੜ੍ਹਿਆ ਕਰ ਓਥੇ ਜੋ ਇਸ ਜਨਮ ਦੇ ਤੇਰੇ ਮਾਂ ਬਾਪ ਨੇ।

ਕਿਤੇ-ਕਿਤੇ ਐਸੀਆਂ ਬੇਅੰਤ ਗੱਲਾਂ ਨੇ ਸੰਸਾਰ ਦੇ ਅੰਦਰ, ਜਿਥੋਂ ਇਹ ਪਤਾ ਲਗ ਜਾਂਦਾ ਹੈ ਕਿ ਜੀਵ ਜਿਹੜਾ ਹੈ, ਇਹ ਭਟਕਦਾ ਫਿਰਦਾ ਹੈ –

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥***
***ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***

***ਅੰਗ – 66***

ਜਿੰਨੀਆਂ ਉਡਾਰੀਆਂ ਮਾਰਦਾ ਹੈ ਓਨਾਂ ਹੀ ਦੁਖੀ ਹੁੰਦਾ ਹੈ, ਇਹਦਾ ਦੁਖ ਤਾਂ ਖਤਮ ਹੁੰਦਾ ਹੈ ਜੇ ਇਹਨੂੰ ਗਿਆਨ ਦੀ ਪ੍ਰਾਪਤੀ ਹੋ ਜਾਵੇ,

ਗਿਆਨ ਤੋਂ ਬਗੈਰ ਨਹੀਂ ਇਹਦਾ ਖਹਿੜਾ ਛੁਟਣਾ, ਇਹ ਜੰਮਦਾ ਮਰਦਾ ਰਹੇਗਾ। ਮਹਾਰਾਜ ਕਹਿਣ ਲੱਗੇ ਗੋਰਖਨਾਥ! ਇਹ ਸਾਰਾ ਕੌਤਕ ਜੋ ਸੰਸਾਰ 'ਚ ਹੋ ਰਿਹਾ ਹੈ, ਇਹ ਹਉਮੈ ਤੱਤ ਨੇ ਕੀਤਾ ਹੋਇਆ ਹੈ, ਹਉਮੈ ਤੱਤ ਨੇ ਪ੍ਰਮੇਸ਼ਰ ਨੂੰ ਜੀਵ ਬਣਾਇਆ ਹੋਇਆ ਹੈ, ਹਉਮੈ ਤੱਤ ਨੇ ਇਕ ਦੂਜੇ ਦੇ ਖਿਲਾਫ ਨਫਰਤ ਪੈਦਾ ਕਰੀ ਹੋਈ ਹੈ, ਮਿਤਰਤਾ ਪੈਦਾ ਕਰੀ ਹੋਈ ਹੈ, ਖੇਡ ਸਾਰੀ ਹਉਮੈ ਦੀ ਹੋ ਰਹੀ ਹੈ।

***ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ***
***ਕਿਤੁ ਕਿਤੁ ਦੁਖਿ ਬਿਨਸਿ ਜਾਈ ॥*** ***ਅੰਗ - 946***

ਮਹਾਰਾਜ ਕਹਿੰਦੇ -

***ਹਉਮੈ ਵਿਚਿ ਜਗੁ ਉਪਜੈ ਪੁਰਖਾ***
***ਨਾਮਿ ਵਿਸਰਿਐ ਦੁਖੁ ਪਾਈ ॥*** ***ਅੰਗ - 946***

ਜਦੋਂ ਨਾਮ ਯਾਦ ਆ ਜਾਏਗਾ, ਦੁਖਾਂ ਦਾ ਖਾਤਮਾ ਹੋ ਜਾਏਗਾ, ਕਿਉਂਕਿ ਹਉਮੈ ਤੇ ਨਾਮ ਦਾ ਵਿਰੋਧ ਹੈ, ਦੋਵੇਂ ਇਕ ਥਾਂ ਰਿਹਾ ਨਹੀਂ ਕਰਦੇ, ਐਸਾ ਫੁਰਮਾਨ ਕਰਦੇ ਨੇ-

***ਧਾਰਨਾ - ਹਉਮੈ ਤੇ ਨਾਮ ਦਾ ਰਹਿੰਦਾ ਵਿਰੋਧ ਸਦ ਹੀ।***

***ਹਉਮੈ ਨਾਵੈ ਨਾਲਿ ਵਿਰੋਧੁ ਹੈ***
***ਦੁਇ ਨ ਵਸਹਿ ਇਕ ਠਾਇ ॥*** ***ਅੰਗ - 560***

ਇਹੋ ਜਿਹੀ ਚੀਜ਼ ਹੈ ਕਿ ਹਉਮੈ ਤੇ ਨਾਮ ਦੋਵੇਂ ਇਕੱਠੇ ਨਹੀਂ ਰਹਿੰਦੇ। ਸੋ ਮਹਾਰਾਜ ਕਹਿੰਦੇ ਗੋਰਖਨਾਥ! ਜਿੰਨਾ ਚਿਰ ਹਉਮੈ ਹੈ, ਓਨਾ ਚਿਰ ਆਦਮੀ ਦੁਖੀ ਹੈ -

***ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ॥***
***ਅੰਗ - 66***

ਓਨਾ ਚਿਰ ਇਹਦਾ ਵਿਰਲਾਪ ਨਹੀਂ ਮੁਕਦਾ, ਇਸ ਕਰਕੇ ਜੇ ਨਾਮ ਆ ਜਾਵੇ ਤਾਂ ਇਹ ਪਰਮ ਸੁਖੀ ਹੈ, ਕਿਉਂਕਿ ਦੋਹਾਂ ਦਾ ਵਿਰੋਧ ਹੈ, ਜਾਂ ਹਉਮੈ ਰਹੇਗੀ ਜਾਂ ਨਾਮ। ਨਾਮ ਜਿਸ ਵਕਤ ਪ੍ਰਗਟ ਹੋ ਜਾਂਦਾ ਹੈ ਉਸ ਵੇਲੇ ਆਹੀ ਸੰਸਾਰ ਬਦਲ ਕੇ ਵਾਹਿਗੁਰੂ ਦਾ ਸਰੂਪ ਨਜ਼ਰ ਆਉਣ ਲਗ ਜਾਂਦਾ ਹੈ। ਜਦ ਹਉਮੈ ਦਾ ਜ਼ੋਰ ਹੁੰਦਾ ਹੈ ਉਸ ਵੇਲੇ ਆਹੀ ਵਾਹਿਗੁਰੂ ਜਿਹਨੂੰ ਕਹਿੰਦੇ ਨੇ ਸਾਰੇ ਪਰੀਪੂਰਨ, ਘਟ-ਘਟ ਦੇ ਵਿਚ ਵਿਆਪਕ, ਸਾਰੇ ਰੂਪ ਉਸ ਦੇ ਹੋਣ ਦੇ ਬਾਵਜੂਦ ਇਨ੍ਹਾਂ ਨੂੰ ਵਖਰੇ-ਵਖਰੇ ਜਾਨਣਾ ਸ਼ੁਰੂ ਕਰ ਦਿੰਦਾ ਹੈ ਤੇ ਮੈਂ ਅਤੇ ਤੂੰ ਇਹਦੇ ਵਿਚ ਪੈਦਾ ਹੋ ਜਾਂਦੇ ਨੇ। ਸੋ ਇਹ ਵਿਰੋਧ ਹੈ ਪੱਕਾ, ਜਾਂ ਹਉਮੈ ਰਹੇਗੀ ਜਾਂ ਨਾਮ ਰਹੇਗਾ।

***ਹਉਮੈ ਵਿਚਿ ਸੇਵਾ ਨ ਹੋਵਈ***
***ਤਾ ਮਨੁ ਬਿਰਥਾ ਜਾਇ ॥ 1 ॥***

***ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ ॥***
***ਹੁਕਮੁ ਮੰਨਹਿ ਤਾ ਹਰਿ ਮਿਲੈ***
***ਤਾ ਵਿਚਹੁ ਹਉਮੈ ਜਾਇ ॥ ਅੰਗ - 560***

ਜਿੰਨੀ ਦੇਰ ਤਕ ਹੁਕਮ ਦੇ ਵਿਚ ਇਹਦਾ ਵਿਸ਼ਵਾਸ਼ ਨਹੀਂ ਆਉਂਦਾ, ਓਨੀ ਦੇਰ ਤਕ ਹਉਮੈ ਨਹੀਂ ਜਾਇਆ ਕਰਦੀ। ਜਦੋਂ ਹੁਕਮ ਮੰਨ ਲੈਂਦਾ ਹੈ ਪਹਿਲਾ ਹੀ ਸਬਕ ਜੋ ਸਾਨੂੰ ਗੁਰੂ ਮਹਾਰਾਜ ਨੇ ਦਿਤਾ ਹੈ, ਧਿਆਨ ਨਾਲ ਪੜ੍ਹੋ, ਮਹਾਰਾਜ ਦਾ ਫੁਰਮਾਨ ਹੈ ਕਿ ਭਾਈ ਪ੍ਰੇਮੀਓ, ਜਪੁਜੀ ਸਾਹਿਬ ਦਾ ਪਾਠ ਜ਼ਰੂਰ ਕਰਿਆ ਕਰੋ, ਪਹਿਲੀ ਲਾਈਨ ਜੋ ਸਾਨੂੰ ਦਿਤੀ ਹੈ, ਸਾਡਾ ਜੋ ਸਿਧਾਂਤ ਹੈ, ਉਹ ਪਹਿਲੀ ਲਾਈਨ ਵਿਚੋਂ ਸ਼ੁਰੂ ਹੋ ਜਾਇਆ ਕਰਦਾ ਹੈ, ਜਪੁਜੀ ਸਾਹਿਬ ਸਿਧਾਂਤ ਨੇ ਸਾਰੇ। ਇਹਦੇ ਵਿਚ ਆਉਂਦਾ ਹੈ-

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ ਅੰਗ - 1***

ਤੇ ਨਾ ਤਾਂ ਕਿਤਾਬਾਂ ਪੜ੍ਹੀਆ ਤੇ, ਨਾ ਇਹ ਸੋਚ-ਸੋਚ ਕੇ, ਇਹ ਸੋਚਣ ਦੇ ਨਾਲ realiation (ਰਿਸ਼ਤਾ) ਨਹੀਂ ਹੁੰਦੀ ਹੈ, ਜਿੰਨਾਂ ਜੀਅ ਕਰਦਾ ਹੈ ਕਿਤਾਬਾਂ ਪੜ੍ਹ ਲਓ, ਜਿੰਨਾਂ ਜੀਅ ਕਰਦਾ ਹੈ ਸੋਚੀ ਜਾਓ, ਜਿੰਨਾਂ ਜੀਅ ਕਰਦਾ ਹੈ ਚਰਚਾ ਕਰੀ ਜਾਓ, ਨਾ ਮਹਾਰਾਜ ਕਹਿੰਦੇ ਬਿਲਕੁਲ ਨਹੀਂ ਹੁੰਦੀ। ਤੇ ਫੇਰ ਹੋਵੇ ਕਿਵੇਂ? ਨਾ ਤਾਂ ਸਿਆਣਪਾਂ ਚਲਦੀਆਂ ਨੇ -

***ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥***
***ਅੰਗ - 1***

ਨਾ ਇਹਦੇ ਵਿਚ ਕੋਈ ਸਾਧਨ ਹੈ, ਕਿ ਜ਼ੋਰ ਨਾਲ ਸਾਧਨ ਕਰ ਲਓ ਤੇ ਉਹਦੇ ਨਾਲ ਹਉਮੈ ਦੂਰ ਕਰ ਲਵਾਂਗੇ।

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥***
***ਅੰਗ - 1***

ਫੇਰ ਕਿਹੜਾ ਰਸਤਾ ਹੈ ਜਿਸ ਨਾਲ ਅਸੀਂ ਸਚਿਆਰ ਬਣ ਸਕੀਏ, ਤੇ ਕੂੜ ਦੀ ਕੰਧ ਟੁੱਟ ਜਾਵੇ, ਆਪ ਫੁਰਮਾਉਂਦੇ ਨੇ ਕਿ-

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥***
***ਅੰਗ - 1***

ਹੁਕਮ ਤੇ ਰਜ਼ਾ ਦੀ ਜਿਹਦੇ ਵਿਚ ਸਮਝ ਆ ਗਈ, ਉਹ ਇਸ ਸੰਸਾਰ ਤੋਂ ਛੁਟ ਜਾਇਆ ਕਰਦਾ ਹੈ। ਉਹਨੂੰ ਉਹ ਬੁਧੀ ਪ੍ਰਾਪਤ ਹੋ ਜਾਂਦੀ ਹੈ, ਜਿਹਦੇ ਨਾਲ ਦੁਬਾਰਾ ਜਨਮ 'ਚ ਨਹੀਂ ਆਇਆ ਕਰਦਾ। ਕਿਉਂਕਿ ਹਉਮੈ ਗੁਬਾਰ ਹੈ -

***ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥***
***ਅੰਗ - 560***

ਹਉਮੈ ਵੱਡਾ ਗੁਬਾਰ ਹੈ, ਹਨ੍ਹੇਰ ਗੁਬਾਰ ਜਿਸ ਵਿਚ ਕੁਛ ਨਹੀਂ

ਸੁਝਦਾ –

***ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥***

***ਅੰਗ – 560***

ਤੇ ਨਾ ਜਿੰਨਾਂ ਚਿਰ ਹਉਮੈ ਹੈ ਓਨਾਂ ਚਿਰ ਬੁਝਦਾ ਹੈ, ਹੁਣ ਸਾਨੂੰ ਐਉਂ ਨਹੀਂ ਪਤਾ ਲਗਦਾ ਕਿ ਹਉਮੈ ਜਾਂਦੀ ਹੈ ਤਾਂ ਕੀ ਹੁੰਦਾ ਹੈ, ਹਉਮੈ ਆਉਂਦੀ ਹੈ ਤਾਂ ਕੀ ਹੁੰਦਾ ਹੈ। ਜਿੰਨਾਂ ਚਿਰ ਤਾਂ ਸਾਡੇ ਵਿਚ ਮੈਂ ਤੇ ਮੇਰੀ ਰਹਿੰਦੀ ਹੈ, ਓਨਾਂ ਚਿਰ ਤਾਂ ਹਉਮੈ ਰਹਿੰਦੀ ਹੈ ਜਦ ਮੈਂ ਤੇ ਮੇਰੀ ਮਿਟ ਜਾਏ, ਫੇਰ ਉਸ ਵੇਲੇ ਹਉਮੈ ਦਾ ਨਾਸ਼ ਹੋ ਜਾਂਦਾ ਹੈ ਫੇਰ ਸਰੀਰ ਹੁਕਮ 'ਚ ਕੰਮ ਕਰਦਾ ਹੈ–

***ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥***
***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ***

***ਅੰਗ – 1***

ਸੋ ਇਹ ਗੁਬਾਰ ਹੈ, ਬਗੈਰ ਹਨ੍ਹੇਰੀ ਤੋਂ ਹਨ੍ਹੇਰੀ ਆਈ ਹੋਈ ਹੈ, ਹਨ੍ਹੇਰ ਗੁਬਾਰ ਕਿਤਾਬਾਂ ਪੜ੍ਹੀਆਂ ਤੇ ਜਾਂਦਾ ਹੀ ਨਹੀਂ।

***ਹਉਮੈ ਵਿਚਿ ਭਗਤਿ ਨ ਹੋਵਈ***
***ਹੁਕਮੁ ਨ ਬੁਝਿਆ ਜਾਇ ॥ ਅੰਗ – 560***

ਜਿਹੜਾ ਹੁਕਮ ਹੈ ਉਹ ਵੀ ਬੁਝ ਨਹੀਂ ਹੁੰਦਾ –

***ਹਉਮੈ ਵਿਚਿ ਜੀਉ ਬੰਧੁ ਹੈ***
***ਨਾਮੁ ਨ ਵਸੈ ਮਨਿ ਆਇ ॥ ਅੰਗ – 560***

ਜਿੰਨਾ ਚਿਰ ਹਉਮੈ ਹੈ ਓਨੀ ਦੇਰ ਤਕ ਇਹ ਜੰਮਦਾ ਰਹੇਗਾ, ਮਰਦਾ ਰਹੇਗਾ। ਕਰਮਾਂ ਦਾ ਫਲ ਭੋਗਦਾ ਰਹੇਗਾ, ਨਾਮ ਨਹੀਂ ਵਸਣਾ ਮਨ 'ਚ।

***ਨਾਨਕ ਸਤਗੁਰਿ ਮਿਲਿਐ ਹਉਮੈ ਗਈ***
***ਤਾ ਸਚੁ ਵਸਿਆ ਮਨਿ ਆਇ ॥***
***ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ ॥ ਅੰਗ – 560***

ਜਦੋਂ ਹਉਮੈ ਚਲੀ ਗਈ ਫੇਰ ਸੱਚ ਦਾ ਵਾਸਾ ਹੋ ਗਿਆ। ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰਾ ਸੰਸਾਰ ਜੋ ਹੈ ਇਹ ਹਉਮੈ ਦੇ ਬੰਧਨ 'ਚ ਪਿਆ ਹੋਇਆ, ਆਪਣਾ ਸਫਰ ਮੁਕਾ ਰਿਹਾ ਹੈ। ਇਹਦੇ ਵਿਚ ਦੁਖੀ ਹੋ ਰਿਹਾ ਹੈ, ਸੁਖੀ ਹੋ ਰਿਹਾ ਹੈ, ਪ੍ਰਮੇਸ਼ਰ ਤੋਂ ਧਿਆਨ ਇਹਦਾ ਉਠਿਆ ਹੋਇਆ ਹੈ, ਪ੍ਰਮੇਸ਼ਰ ਨੂੰ ਓਪਰਾ ਜਾਣਦਾ ਹੈ –

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ – 267***

ਜਿਹੜੀਆਂ ਚੀਜ਼ਾਂ ਸਾਨੂੰ ਸੁੱਟਣ ਵਾਲੀਆਂ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ, ਵਖੀਲੀ, ਆਸਾ, ਅੰਦੇਸਾ

ਜਿਹੜੀਆਂ ਹਰ ਵਕਤ ਸਾਡੇ ਮਨ ਵਿਚ ਚਲਦੀਆਂ ਰਹਿੰਦੀਆਂ ਨੇ, ਸਾਰੀਆਂ ਚੀਜ਼ਾਂ ਸਾਨੂੰ ਬੰਨ੍ਹਣ ਵਾਲੀਆਂ ਨੇ। ਇਨ੍ਹਾਂ ਦੀ ਉਪਜ ਜੋ ਹੈ ਧਨ ਹੈ, ਲੋਕਾਂ 'ਚ ਵਾਕਫੀ ਹੈ, ਇਹ ਵੀ ਸਾਰੀਆ ਚੀਜ਼ਾਂ ਬੰਨ੍ਹ ਦਿਆ ਕਰਦੀਆਂ ਨੇ।

***ਹਉਮੈ ਵਿਚਿ ਜੀਉ ਬੰਧੁ ਹੈ***
***ਨਾਮੁ ਨ ਵਸੈ ਮਨਿ ਆਇ ॥ ਅੰਗ - 560***

ਸੋ ਜਿਹੜੇ ਸੱਚ ਦੇ ਨਾਲ ਜੁੜਦੇ ਨੇ, ਪ੍ਰਮੇਸ਼ਰ ਦੀ ਸ਼ਰਨ ਵਿਚ ਆ ਜਾਂਦੇ ਨੇ, ਉਨ੍ਹਾਂ ਦੇ ਬਾਰੇ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਪ੍ਰਮੇਸ਼ਰ enactive (ਸਰਗਰਮ) ਨਹੀਂ ਹੈਗਾ, ਕਿ ਚੁਪ ਕਰਿਆ, ਜ਼ੀਰੋ ਹੈ, ਨਾ ਕਿਸੇ ਦੀ ਸੁਣਦਾ ਹੈ ਨਾ ਕਿਸੇ ਦੀ ਬੁਝਦਾ ਹੈ, ਪਏ ਰੋਈ ਜਾਓ, ਕੁਰਲਾਈ ਜਾਓ, ਫੇਰ ਤਾਂ ਉਹਨੂੰ ਮੰਨਣ ਦਾ ਹੀ ਕੀ ਫਾਇਦਾ ਜੇ ਉਹ ਸਾਡੇ ਵਲ attraction (ਖਿੱਚ) ਹੀ ਨਹੀਂ ਦਿੰਦਾ, ਮਹਾਰਾਜ ਕਹਿੰਦੇ ਪਿਆਰਿਓ ਜਦ ਤੁਸੀਂ ਉਹਦੇ ਵਲ ਨੂੰ ਜਾਓਗੇ ਨਾ-

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੈ ਹੋਇ ਲੇਤ ਹੈ।***
***ਕਬਿੱਤ, ਭਾਈ ਗੁਰਦਾਸ ਜੀ***

ਜਿਉਂ ਜਿਉਂ ਅਸੀਂ ਵਧਾਂਗੇ ਉਹ ਵੀ ਸਾਡੇ ਵਲ ਨੂੰ ਵਧਦਾ ਹੈ, ਸਾਡਾ ਸਬੰਧ ਜੁੜ ਜਾਂਦਾ ਹੈ ਪ੍ਰਮੇਸ਼ਰ ਦੇ ਨਾਲ, ਜਦੋਂ ਸਾਡਾ ਸਬੰਧ ਜੁੜ ਗਿਆ, ਪਿਆਰ ਜੁੜ ਗਿਆ, ਉਸ ਵੇਲੇ ਸਾਡਾ ਜੋ ਵਰਤਾਰਾ ਹੈ ਸਾਡੇ ਨਾਲ ਇਸ ਤਰ੍ਹਾਂ ਦਾ ਹੁੰਦਾ ਹੈ -

***ਧਾਰਨਾ - ਅਉਖੀ ਘੜੀ ਨ ਦੇਖਣ ਦੇਵੇ***
***ਆਪਣਾ ਬਿਰਦ ਸੰਮਾਲਦਾ।***

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ ॥***
***ਹਾਥ ਦੇਇ ਰਾਖੈ ਅਪਨੇ ਕਉ***
***ਸਾਸਿ ਸਾਸਿ ਪ੍ਰਤਿਪਾਲੇ ॥ ਅੰਗ - 682***

ਏਸ ਖੇਡ ਦੇ ਵਿਚ ਭਾਵੇਂ ਵਾਹਿਗੁਰੂ ਜੀ ਇਕ ਨੇ, ਪਰ ਜਦ ਆਪਣੀ ਖੇਡ ਰਚਦੇ ਨੇ, ਇਕ ਤੋਂ ਅਨੇਕ ਹੋ ਕੇ ਰਚਦੇ ਨੇ-

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ।।***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।। ਜਾਪੁ ਸਾਹਿਬ***

ਏਸ ਗੱਲ ਨੂੰ ਸਮਝਣ ਵਾਸਤੇ ਇਕ ਸਾਖੀ ਦੀ ਮਦਦ ਲੈਂਦੇ ਹਾਂ ਕਿ ਇਕ ਰਾਜਾ ਬੜਾ ਚੰਗਾ ਰਾਜਾ ਹੈ, ਉਹਦੇ ਪਰਿਵਾਰ ਵਿਚ ਇਕ ਜਾਦੂਗਰ ਆਇਆ, ਕਹਿਣ ਲੱਗਿਆ ਮਹਾਰਾਜ! ਨਮਸ਼ਕਾਰ ਆਪ ਨੂੰ। ਕਹਿਣ ਲੱਗਿਆ ਕੌਣ ਹੈ? ਉਸ ਨੇ ਕਿਹਾ ਕਿ ਮੈਂ ਜਾਦੂਗਰ ਹਾਂ, ਤੇ ਮੈਂ ਬੜੇ ਕਿਸਮ ਦੇ ਖੇਲ੍ਹ ਦਿਖਾ ਸਕਦਾ ਹੈ, ਜਿਹੜੀ ਅਣਹੋਈ ਚੀਜ਼ ਹੈ ਮੈਂ ਪੈਦਾ

ਕਰ ਸਕਦਾ ਹਾਂ, ਦੇਵਤਿਆਂ ਦੇ ਦਰਸ਼ਨ ਕਰਾ ਸਕਦਾ ਹਾਂ, ਦੇਵਤਿਆਂ ਨਾਲ ਯੁਧ ਕਰ ਸਕਦਾ ਹਾਂ। ਕਹਿਣ ਲੱਗੀ ਦੇਖ, ਜਾਦੂਗਰ! ਖੇਲ੍ਹ ਤਾਂ ਦੇਖਦਿਆਂ ਦੀ ਸਾਡੀ ਉਮਰ ਬੀਤ ਗਈ। ਪਰ ਕੋਈ ਐਸਾ ਖੇਲ੍ਹ ਦਿਖਾ, ਜਿਹਦੇ ਵਿਚ ਮੰਨੋਰੰਜਨ ਵੀ ਹੋਵੇ ਤੇ ਨਾਲ ਸਿਖਿਆ ਵੀ ਹੋਵੇ, ਕਹਿਣ ਲੱਗਿਆ ਮਹਾਰਾਜ, ਮੈਂ ਦੇਵਤਿਆਂ ਨਾਲ ਯੁੱਧ ਤਾਂ ਕਰ ਸਕਦਾ ਹਾਂ, ਪਰ ਮੇਰੇ ਨਾਲ ਮੇਰੀ ਇਸਤ੍ਰੀ ਹੈ, ਇਹਨੂੰ ਜੇ ਕੋਈ ਬਚਨ ਦੇਵੋਂ ਤੁਸੀਂ ਕਿ ਇਹਦੀ ਰਾਖੀ ਕਰਾਂਗੇ, ਮਾਣ ਮਰਿਆਦਾ ਇਹਦੀ ਕਾਇਮ ਰਖਾਂਗੇ, ਤਾਂ ਫੇਰ ਮੈਂ ਨਿਸੰਗ ਹੋ ਕੇ ਬਗੈਰ ਫਿਕਰ ਤੋਂ ਜਾ ਕੇ ਯੁਧ ਕਰ ਸਕਦਾ ਹਾਂ। ਰਾਜਾ ਕਹਿਣ ਲੱਗਿਆ ਕਿ ਦੇਖ ਜਾਦੂਗਰ ਮੇਰੀ ਲੜਕੀ ਵੀ ਇਸੇ ਉਮਰ ਦੀ ਹੈ, ਇਹ ਮੇਰੀ ਲੜਕੀ ਹੈ ਧਰਮ ਦੀ ਧੀ ਹੈ, ਇਹ ਮੇਰੀ ਲੜਕੀ ਦੇ ਨਾਲ ਰਹੇਗੀ, ਤੂੰ ਫਿਕਰ ਨਾ ਕਰ। ਲੜਕੀ ਉਥੇ ਉਪਸਥਿਤ ਹੈ, ਕੁਰਸੀਆਂ ਲੱਗੀਆ ਹੋਈਆਂ ਨੇ, ਖੇਲ੍ਹ ਸ਼ੁਰੂ ਹੋਣ ਵਾਲਾ ਹੈ, ਕਹਿਣ ਲਗਿਆ ਬੀਬਾ! ਤੂੰ ਉਥੇ ਬਹਿ ਜਾ ਮੇਰੀ ਲੜਕੀ ਕੋਲ ਜਾ ਕੇ, ਕਹਿੰਦਾ ਤੂੰ ਫਿਕਰ ਨਾ ਕਰ, ਖੇਡ ਦਿਖਾ। ਉਸ ਨੇ ਉਸੇ ਵੇਲੇ ਇਕ ਗੋਲਾ ਕੱਢਿਆ, ਉਪਰ ਨੂੰ ਮਾਰਿਆ, ਦੇਖਦੇ-ਦੇਖਦੇ ਗਾਇਬ ਹੋ ਗਿਆ, ਕਹਿਣ ਲੱਗਿਆ ਇਹ ਪਉੜੀ ਬਣ ਗਈ ਹੈ ਆਕਾਸ਼ ਦੀ ਤੇ ਮੈਂ ਹੁਣ ਉਪਰ ਜਾ ਕੇ ਲੜਾਈ ਕਰਾਂਗਾ। ਥੋੜ੍ਹਾ ਚਿਰ ਦਿਖਦਾ ਰਿਹਾ ਉਹਦੇ ਰਾਹੀਂ ਚੜ੍ਹਦਾ, ਧਾਗੇ ਤੇ, ਬਾਅਦ ਵਿਚ ਦਿਖਣ ਤੋਂ ਹਟ ਗਿਆ। ਸਾਰਿਆਂ ਦੇ ਮਨਾਂ ਵਿਚ ਇਹ ਹੋ ਗਿਆ ਕਿ ਇਹ ਤਾਂ ਕੋਈ ਬਹੁਤ ਵੱਡਾ ਬੰਦਾ ਹੈ, ਐਸਾ ਤਾਂ ਅੱਜ ਤਕ ਨਹੀਂ ਦੇਖਿਆ ਕਿ ਖੇਲ੍ਹ ਵੀ ਹੋਵੇ ਤੇ ਸਿਖਿਆ ਵੀ ਹੋਵੇ। ਕਹਿਣ ਲੱਗੇ ਕਿ ਇਹ ਬਹੁਤ ਬਹਾਦਰ ਹੈ, ਇੰਨੇ ਨੂੰ ਉਪਰ ਚੜ੍ਹ ਗਿਆ, ਜਾ ਕੇ ਆਵਾਜ਼ ਦਿਤੀ ਕਿ ਰਾਜਨ! ਮੈਂ ਸਵਰਗ ਲੋਕਾਂ 'ਚ ਪਹੁੰਚ ਗਿਆ ਤੇ ਹੁਣ ਮੇਰਾ ਯੁੱਧ ਜੋ ਹੈ ਇਹ ਵਰੁਣ ਦੇਵਤੇ ਨਾਲ ਹੋ ਰਿਹਾ ਹੈ, ਪਾਣੀਆਂ ਦੇ ਦੇਵਤੇ ਨਾਲ, ਥੋੜ੍ਹੀ ਦੇਰ ਬਾਅਦ ਓਹਦਾ ਸੀਸ ਕੱਟ ਕੇ ਸਿੱਟ ਦਿਤਾ, ਕਹਿੰਦਾ ਦਰਸ਼ਨ ਕਰੋ ਸੀਸ ਦੇ। ਉਥੇ ਹਵਾ ਦੇ ਨਾਲ ਜਦੋਂ ਸਾਹ ਬਾਹਰ ਨੂੰ ਆਉਂਦਾ ਹੈ, ਬੇਅੰਤ ਪਾਣੀ ਉਥੇ ਫਿਰਨ ਲੱਗ ਗਿਆ। ਉਸ ਤੋਂ ਬਾਅਦ ਆਵਾਜ਼ ਆਈ ਕਿ ਮੈਂ ਹੁਣ ਅਗਨ ਦੇਵਤੇ ਨਾਲ ਯੁੱਧ ਕਰਦਾ ਹਾਂ। ਥੋੜ੍ਹੀ ਦੇਰ ਬਾਅਦ ਓਹਦਾ ਵੀ ਸਿਰ ਵੱਢ ਕੇ ਸੁੱਟ ਦਿਤਾ। ਏਸ ਦੇ ਜੋ ਜਰਨੈਲ ਸੀ ਉਹ ਕਹਿਣ ਲੱਗੇ ਮਹਾਰਾਜ! ਇਹ ਤਾਂ ਬਹੁਤ ਬਹਾਦਰ ਹੈ ਜਿਹੜਾ ਦੇਵਤਿਆਂ ਨਾਲ ਯੁੱਧ ਕਰ ਸਕਦਾ ਹੈ। ਸੋ ਏਸ ਤਰ੍ਹਾਂ ਕਹਿਣ ਲੱਗਿਆ ਕਿ ਮੈਂ ਹੁਣ ਕੁਬੇਰ ਨਾਲ ਯੁੱਧ ਕਰਦਾ ਹਾਂ, ਦੇਵਤਿਆਂ ਦੇ ਨਾਉਂ ਲਈ ਜਾਂਦਾ ਹੈ, ਸੁੱਟੀ ਜਾਂਦਾ ਹੈ ਹੇਠਾਂ, ਕਿਸੇ ਦੇ ਮੂੰਹ 'ਚੋਂ ਪਾਣੀ ਨਿਕਲਦਾ ਹੈ, ਕਿਸੇ ਦੇ ਅੱਗ ਨਿਕਲਦੀ ਹੈ, ਅਖੀਰ ਕਹਿਣ ਲੱਗਿਆ ਕਿ ਮੈਂ ਹੁਣ ਸਵਰਗ ਲੋਕ ਦੇ ਰਾਜੇ ਇੰਦਰ ਨਾਲ ਯੁੱਧ ਕਰਨ ਲੱਗਿਆ ਹਾਂ, ਇੰਦਰ ਦੇ ਨਾਲ ਯੁੱਧ ਕਰਦੇ ਇਹਦੀ ਹੀ ਚੀਕ ਹੇਠਾਂ ਸੁਣਾਈ ਦਿਤੀ ਤੇ ਨਾਲ ਦੀ ਨਾਲ ਕੀ ਦੇਖਦੇ ਨੇ ਕਿ ਉਹਦੀ ਬਾਂਹ ਕਟੀ ਹੋਈ ਹੇਠਾਂ ਆ ਰਹੀ ਹੈ,

ਲੱਤ ਕਟੀ ਹੋਈ ਆ ਰਹੀ ਹੈ, ਤੇ ਐਨੇ ਨੂੰ ਧੜ ਵੀ ਗਿਰ ਗਿਆ ਤੇ ਸਿਰ ਕਟਿਆ ਹੋਇਆ ਆ ਗਿਆ। ਸਾਰਿਆਂ ਦੇ ਮਨ ਦੇ ਅੰਦਰ ਬੜਾ ਭਾਰਾ ਰੰਜ ਹੋਇਆ ਕਿ ਦੇਖੋ ਕਿੱਡਾ ਬਹਾਦਰ ਸੀ, ਇਸਤ੍ਰੀ ਉਸ ਵੇਲੇ ਰੋਣ ਲੱਗ ਗਈ ਉਸ ਵੇਲੇ, ਇਸਨੇ ਕਿਹਾ ਕਿ ਮੈਂ ਤਾਂ ਆਪਣੇ ਪਤੀ ਦੇ ਅੰਗ ਇਕੱਠੇ ਕਰਕੇ ਸਤੀ ਹੋਣਾ ਹੈ। ਇੰਤਜ਼ਾਮ ਕਰ ਦਿਤਾ ਗਿਆ, ਬਹੁਤ ਮਨਾ ਕੀਤਾ, ਉਹਨੇ ਕਿਹਾ ਮੈਂ ਨਹੀਂ ਮੈਂ ਤਾਂ ਆਪਣੇ ਪਤੀ ਨਾਲ ਸਤੀ ਹੋਣਾ ਹੈ ਤੇ ਉਸ ਚਿਖਾ ਦੇ ਉਤੇ ਬੈਠ ਕੇ ਸਾਰਿਆਂ ਦੇ ਸਾਮ੍ਹਣੇ ਸਤੀ ਹੋ ਗਈ। ਚਿਖਾ ਜਲ ਰਹੀ ਹੈ ਤੇ ਐਨੇ ਨੂੰ ਕੀ ਦੇਖਦੇ ਨੇ ਕਿ ਜਾਦੂਗਰ ਆ ਗਿਆ, ਕਹਿੰਦਾ ਮਹਾਰਾਜ! ਨਮਸ਼ਕਾਰ, ਰਾਜਾ ਕਹਿਣ ਲਗਿਆ ਇਹ ਤਾਂ ਮਰ ਗਿਆ ਸੀ। ਕਹਿੰਦੇ ਜਾਦੂਗਰ ਤੂੰ ਤਾਂ ਮਰ ਗਿਆ ਸੀ। ਕਹਿੰਦਾ ਮਹਾਰਾਜ! ਜੇ ਮੈਂ ਮਰ ਗਿਆ ਸੀ ਤਾਂ ਫੇਰ ਹੁਣ ਤੁਹਾਡੇ ਸਾਮ੍ਹਣੇ ਕਿਉਂ ਖੜ੍ਹਾ ਹਾਂ। ਤੁਹਾਡੇ ਮਨ 'ਚ ਕੋਈ ਬੇਈਮਾਨੀ ਹੋਣੀ ਹੈ ਮੇਰੀ ਇਸਤ੍ਰੀ ਦੱਸੋ ਕਿਥੇ ਹੈ? ਰਾਜਾ ਕਹਿਣ ਲੱਗਿਆ, ਜਾਦੂਗਰ! ਬਿਲਕੁਲ ਤੂੰ ਹੀ ਗਿਰਿਆ ਸੀਗਾ, ਤੇਰੇ ਅੰਗ ਚੁਣ ਕੇ, ਤੇਰੀ ਘਰਵਾਲੀ ਨੇ ਪਛਾਣ ਕੇ, ਸਤੀ ਹੋ ਗਈ ਉਹ ਤੇਰੇ ਨਾਲ। ਕਹਿਣ ਲੱਗਿਆ, ਬਿਲਕੁਲ ਗਲਤ। ਤੂੰ ਮੇਰੀ ਪਤਨੀ ਨੂੰ ਕੈਦ ਕਰ ਦਿਤਾ। ਸਾਰੀ ਰਿਆਇਆ ਵੀ ਕਹਿੰਦੀ ਹੈ ਕਿ ਨਹੀਂ ਉਹ ਤਾਂ ਸਤੀ ਹੋ ਗਈ। ਕਹਿੰਦਾ ਮੈਂ ਆਵਾਜ਼ ਦਿੰਦਾ ਹਾਂ, ਪੂਰੇ ਜ਼ੋਰ ਨਾਲ ਆਵਾਜ਼ ਮਾਰੀ, ਦੂਜੇ ਪਾਸਿਓਂ ਆਵਾਜ਼ ਆ ਗਈ ਕਿ ਮੈਂ ਹਾਂ ਤਾਂ ਜੀਉਂਦੀ ਪਰ ਮੈਨੂੰ ਸੱਤ ਤਾਲਿਆਂ ਦੇ ਅੰਦਰ ਬੰਦ ਕਰਿਆ ਹੋਇਆ ਹੈ। ਕਹਿੰਦਾ, ਰਾਜਨ! ਚਾਬੀ ਦੇਹ। ਕਿਲ੍ਹੇ ਦੇ ਅੰਦਰ ਤੂੰ ਬੰਦ ਕਰੀ ਹੋਈ ਹੈ। ਉਸ ਵੇਲੇ ਚਾਬੀ ਲੈ ਕੇ, ਤਾਲਾ ਖੋਲ੍ਹ ਕੇ ਉਹਨੂੰ ਲੈ ਆਉਂਦਾ ਹੈ। ਉਹ ਕਹਿੰਦੀ ਮੈਨੂੰ ਅੰਦਰ ਬੰਦ ਕਰ ਦਿਤਾ ਸੀ। ਰਾਜਾ ਹੋਰ ਹੈਰਾਨ ਹੋ ਗਿਆ ਕਿ ਇਹ ਕੀ ਭਾਣਾ ਵਰਤ ਗਿਆ ਇਹ ਤਾਂ ਸਾਡੇ ਸਾਰਿਆਂ ਦੇ ਸਾਮ੍ਹਣੇ ਸਤੀ ਹੋਈ ਹੈ। ਉਸ ਤੋਂ ਬਾਅਦ ਉਹਨੇ ਖੇਲ੍ਹ ਸੰਕੋਚ ਲਿਆ।

ਕਹਿਣ ਲੱਗਿਆ, ਮਹਾਰਾਜ! ਖੇਲ੍ਹ ਕੈਸਾ ਸੀ, ਪਸੰਦ ਆਇਆ।

ਸਾਰੇ ਹੈਰਾਨ ਹੋ ਗਏ, ਕਹਿੰਦੇ ਜਾਦੂਗਰ! ਕੀ ਇਹ ਸਾਰਾ ਖੇਲ੍ਹ ਸੀ?

ਕਹਿੰਦਾ ਹਾਂ।

ਕਹਿੰਦਾ ਮਹਾਰਾਜ! ਮੰਨੋਰੰਜਨ ਤਾਂ ਇਹ ਸੀ ਕਿ ਤੁਸੀਂ ਸਾਰਾ ਖੇਲ੍ਹ ਦੇਖਿਆ। ਇਹਦੇ ਵਿਚ ਸਿਖਿਆ ਇਹ ਸੀ ਕਿ ਮੈਂ ਇਕ ਮਨੁੱਖ ਹਾਂ, ਮੈਂ ਆਪਣੀ ਮਾਇਆ ਦਾ ਪਸਾਰਾ ਕੀਤਾ, ਏਸ ਮਾਇਆ ਨੇ ਤੁਹਾਨੂੰ ਕਿੰਨੇ ਚੱਕਰ 'ਚ ਪਾ ਦਿਤਾ, ਪਹਿਲਾਂ ਰਾਗ ਆਇਆ, ਪਹਿਲਾਂ ਖੁਸ਼ੀ ਆਈ, ਫੇਰ ਗਮੀ ਆਈ, ਤੇ ਦਰਅਸਲ ਹੋਇਆ ਕੁਛ ਵੀ ਨਹੀਂ ਇਕ

ਖੇਲ੍ਹ ਸੀਗਾ। ਮਹਾਰਾਜ! ਜੇ ਮੇਰੇ ਇਕ ਮਨੁਖ ਦਾ ਖੇਲ੍ਹ ਤੁਹਾਨੂੰ ਸਾਰਿਆਂ ਨੂੰ ਓਝਲ 'ਚ ਪਾ ਸਕਦਾ ਹੈ ਤੇ ਫੇਰ ਜਿਹੜਾ ਵਾਹਿਗੁਰੂ ਦਾ ਖੇਲ੍ਹ ਹੋ ਰਿਹਾ ਹੈ। ਇਹ ਤਾਂ ਕਿੰਨਾ ਜ਼ਬਰਦਸਤ ਹੈ, ਕਿੰਨਾ ਤਕੜਾ ਹੈ। ਸੋ ਮੈਂ ਇਕੱਲਾ ਹੀ ਸੀ ਪਰ ਮੇਰਾ ਖੇਲ੍ਹ ਹੋ ਰਿਹਾ ਸੀ, ਉਹ ਤੁਹਾਨੂੰ ਬੇਅੰਤ ਸਰੂਪ ਮੇਰੇ ਨਜ਼ਰ ਆ ਰਹੇ ਸੀ। ਬੇਅੰਤ ਤੁਹਾਨੂੰ ਦੇਵਤੇ ਵੀ ਦਿਸੇ, ਹੋਰ ਵੀ ਬਹੁਤ ਕੁਛ ਮੈਂ ਤੁਹਾਨੂੰ ਸੁਣਾਇਆ। ਮੈਂ ਮਹਾਰਾਜ ਕਿਤੇ ਨਹੀਂ ਗਿਆ, ਮੈਂ ਇਥੇ ਹੀ ਖੜ੍ਹਾ ਹੋਇਆ ਹਾਂ, ਮੈਂ ਇਕ ਖੇਲ੍ਹ ਕਰਿਆ ਸੀ, ਉਹ ਜਿਹੜਾ ਵਾਹਿਗੁਰੂ ਹੈ –

***ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥***

***ਅੰਗ – 736***

ਉਹ ਪਹਿਲਾਂ ਵੀ ਇਕ ਹੈ, ਖੇਲ੍ਹ ਦੇ ਵਿਚ –

***ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥***

***ਅੰਗ – 537***

ਆਪੇ ਦੇਖਣ ਲਗ ਗਿਆ, ਜਾਦੂਗਰ ਵੀ ਦੇਖਦਾ ਸੀ ਵਾਹਿਗੁਰੂ ਵੀ ਦੇਖਦਾ ਹੈ।

***ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥***

***ਅੰਗ – 537***

ਬੇਅੰਤ ਰੂਪ ਧਾਰੇ ਹੋਏ ਨੇ, ਅਰਬਾਂ ਖਰਬਾਂ ਸਾਲਾਂ ਤੋਂ ਰੂਪ ਹੀ ਆਈ ਜਾਂਦੇ ਨੇ, ਇਕ ਦਾ ਦੂਜੇ ਨਾਲ ਨਹੀਂ ਮਿਲਦਾ, ਕਮਾਲ ਹੀ ਹੈ। ਵੱਡੇ-ਵੱਡੇ ਆਉਂਦੇ ਨੇ ਤੁਰ ਜਾਂਦੇ ਨੇ। ਦੁਨੀਆਂ ਸਤਿ ਲਗ ਰਹੀ ਹੈ, ਦਰਅਸਲ ਇਹ ਹੈ ਕੁਛ ਵੀ ਨਹੀਂ।

ਮਹਾਰਾਜ ਕਹਿੰਦੇ –

***ਇਹੁ ਜਗੁ ਧੂਏ ਕਾ ਪਹਾਰ ॥***
***ਤੈ ਸਾਚਾ ਮਾਨਿਆ ਕਿਹ ਬਿਚਾਰਿ ॥*** ***ਅੰਗ – 1187***

ਦੱਸ ਸੱਚਾ ਕਿਉਂ ਮੰਨਿਆ? ਜੇ ਸੱਚਾ ਹੋਵੇ ਤੇਰੇ ਦਾਦੇ ਵੀ ਇਥੇ ਹੋਣ ਨਕੜਦਾਦੇ, ਉਨ੍ਹਾਂ ਦੇ ਦਾਦੇ, ਉਨ੍ਹਾਂ ਦੇ ਦਾਦੇ, ਫੇਰ ਕੋਈ ਜਾਵੇ? ਸੱਚਾ ਤਾਂ ਜਾਂਦਾ ਨਹੀਂ ਹੁੰਦਾ, ਕਹਿੰਦੇ ਇਸ ਤਰ੍ਹਾਂ ਦੇ ਨਾਲ ਕਿੱਡਾ ਤਿਲਸਮ ਹੈ, ਕਿੱਡਾ ਜਾਦੂ ਹੈ ਕਿ ਆਦਮੀ ਭੁੱਲ ਜਾਂਦਾ ਹੈ। ਭੁੱਲਦਾ ਕਾਹਦੇ ਨਾਲ ਹੈ, ਇਹ ਭੁੱਲਣ ਵਾਲੇ ਤੱਤ ਨੂੰ ਹੀ ਹਉਮੈ ਕਹਿੰਦੇ ਨੇ, ਮਾਇਆ ਕਹਿੰਦੇ ਨੇ –

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ ॥*** ***ਅੰਗ – 921***

ਜਿਹੜਾ ਵਾਹਿਗੁਰੂ ਭੁੱਲ ਜਾਵੇ ਤੇ ਜਿਹੜੀਆਂ ਅਨਾਤਮ ਚੀਜ਼ਾਂ ਨੇ, ਨਾਸ਼ਵਾਨ ਚੀਜ਼ਾਂ, ਉਨ੍ਹਾਂ ਨਾਲ ਸਾਡਾ ਪਿਆਰ ਲਗ ਜਾਵੇ, ਇਹਨੂੰ ਮਾਇਆ ਕਹਿੰਦੇ ਨੇ, ਕਿੱਡੀ ਜ਼ਬਰਦਸਤ ਚੀਜ਼ ਹੈ ਇਹ, ਕਿ ਮਾਇਆ ਦੇ ਉਲਝਾਏ ਹੋਏ ਅਸੀਂ ਤੁਰੇ ਫਿਰਦੇ ਹਾਂ। ਸਾਨੂੰ ਗਿਆਨ ਨਹੀਂ ਹੁੰਦਾ, ਜੀਵ ਬਣ ਗਏ ਅਸੀਂ, ਆਤਮ ਸ਼ਹਿਜ਼ਾਦੇ ਤੋਂ ਅਸੀਂ ਐਨੇ ਨੀਵੇਂ ਆ ਗਏ ਕਿ ਆਪਣੇ ਆਪ ਨੂੰ ਸਰੀਰ ਸਮਝਣਾ ਸ਼ੁਰੂ ਕਰ ਦਿਤਾ। ਦੇਹ ਅਧਿਆਸ ਪੱਕਾ ਹੋ ਗਿਆ ਸਾਡਾ, ਦੇਹ ਨੂੰ ਸ਼ਿੰਗਾਰੀ ਜਾਂਦੇ ਹਾਂ, ਆਪਣਾ ਆਪ ਦੇਹ ਨੂੰ ਸਮਝਦੇ ਹਾਂ। ਦੇਹ ਅਸੀਂ ਹੈ ਨਹੀਂ। ਇਹਦੇ ਵਿਚ ਵਸਣ ਵਾਲਾ ਪੰਛੀ ਹੈ, ਜਿਹਨੂੰ ਜੀਵ ਆਤਮਾ ਕਹਿੰਦੇ ਨੇ, ਜੀਵ ਤਾਂ ਬਣਿਆ ਹੈ ਕਿਉਂਕਿ ਅਗਿਆਨ ਹੇਠ ਆ ਗਿਆ। ਜਿਸ ਤਰ੍ਹਾਂ ਆਰਸੀ ਸ਼ੀਸ਼ਾ ਜਿਹੜਾ ਹੁੰਦਾ ਹੈ, ਆਹ ਹੁਣ ਜਿਥੇ ਪਾਣੀ ਗਰਮ ਹੁੰਦੇ ਨੇ, ਸੋਲਰ ਐਨਰਜੀ ਜਿਸਨੂੰ ਆਖਦੇ ਨੇ, ਸਾਰੇ ਹੀ ਜਾਣਦੇ ਹਾਂ ਹੁਣ, ਸੂਰਜ ਦੀਆਂ ਕਿਰਨਾਂ ਪੈਂਦੀਆਂ ਨੇ, ਉਸ ਤੋਂ ਅੱਗੇ ਦੇਖੋ ਕੀ ਅਸਰ ਹੁੰਦਾ ਹੈ। ਪ੍ਰਸ਼ਾਦੇ ਵੀ ਲਾਹੁੰਣ ਵਾਸਤੇ heat (ਗਰਮੀ) ਮਿਲਦੀ ਹੈ, ਪਾਣੀ ਵੀ ਗਰਮ ਕਰਦਾ ਹੈ, ਹਰੇਕ ਚੀਜ਼ ਕਰਦਾ ਹੈ। ਰਾਵਣ ਕੋਲ ਵੀ ਐਸੀਆਂ ਚੀਜ਼ਾਂ ਹੋਣੀਆਂ ਨੇ ਜਿਹਦੇ ਕਰਕੇ ਕਿਹਾ ਹੈ ਕਿ ਉਹਦੇ ਕਪੜੇ ਵਗੈਰਾ ਉਹਦੇ ਨਾਲ ਧੋਤੇ ਜਾਂਦੇ ਸੀ, ਰਸੋਈ ਵੀ ਬਣਦੀ ਸੀ, ਇਸੇ ਤਰ੍ਹਾਂ ਇਹ ਜਿਹੜੀ ignorance (ਅਗਿਆਨਤਾ) ਹੈ, ignorance (ਅਗਿਆਨਤਾ) ਕਰਕੇ ਸੰਸਾਰ ਚਲਦਾ ਹੈ, ਸੰਸਾਰ ਦੀ ਖੇਡ ਹੈ, ਇਹਦੇ 'ਚੋਂ ਜੀਵ ਨਿਕਲਣ ਦਾ ਯਤਨ ਕਰਦਾ ਹੈ। ਸਭ ਤੋਂ ਸੁਖਾਲਾ ਤਰੀਕਾ ਹੈ - ਕਰਮ, ਉਪਾਸ਼ਨਾ, ਗਿਆਨ, ਵਿਗਿਆਨ ਇਹਨੂੰ ਰਲਾ ਕੇ ਭਗਤੀ ਕਹਿੰਦੇ ਨੇ। ਭਗਤੀ ਦੇ ਨਾਲ ਇਹ ਮਾਇਆ ਛੁਟ ਜਾਂਦੀ ਹੈ। ਭਗਤ ਚਾਰ ਕਿਸਮ ਦੇ ਹੋਇਆ ਕਰਦੇ ਨੇ, ਭਗਤੀ ਨੌਂ ਕਿਸਮ ਦੀ ਹੋਇਆ ਕਰਦੀ ਹੈ। ਇਕ ਤਾਂ ਭਗਤ ਉਹ ਹੁੰਦੇ ਨੇ ਜਿਨ੍ਹਾਂ ਨੂੰ ਆਰਥ ਭਗਤ ਕਹਿੰਦੇ ਨੇ, ਦੁਖੀ ਹੋ ਕੇ ਪ੍ਰਮੇਸ਼ਰ ਵਲ ਲਗ ਗਏ, ਧਰੂੰ ਦਾ ਨਿਰਾਦਰ ਹੋਇਆ, ਧਰੂੰ ਦੇ ਚਪੇੜਾਂ ਪਈਆਂ, ਦੁਖੀ ਹੋ ਕੇ ਕਿ ਮੇਰਾ ਰਾਜ ਖੋਹਿਆ ਗਿਆ, ਮੈਂ ਰਾਜ ਕਿਵੇਂ ਲਵਾਂ? ਤੇ ਮੈਂ ਕੀ ਕਰਾਂ -

***ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।***

***ਭਾਈ ਗੁਰਦਾਸ ਜੀ, ਵਾਰ 10/1***

ਮਾਂ ਨੇ ਕਿਹਾ ਬੇਟਾ, ਸਾਰਿਆਂ ਦੁਖਾਂ ਦਾ ਇਲਾਜ ਪ੍ਰਮੇਸ਼ਰ ਦਾ ਨਾਮ ਹੈ। ਭਗਤੀ ਕੀਤੀ, ਭਗਤੀ ਕਰਨ ਦੇ ਨਾਲ ਵਾਹਿਗੁਰੂ ਪ੍ਰਗਟ ਹੋਏ -

***ਧ੍ਰੂ ਕਉ ਮਿਲਿਆ ਹਰਿ ਨਿਸੰਗ ॥*** ***ਅੰਗ - 1192***

ਨਿਸੰਗ ਹੋ ਕੇ ਮਿਲਿਆ। ਦੂਸਰੇ ਹੁੰਦੇ ਨੇ, ਅਰਥਾ-ਅਰਥੀ, ਲੋੜ ਵਾਸਤੇ ਭਗਤੀ ਕਰਨੀ ਸ਼ੁਰੂ ਕਰ ਦਿਤੀ। ਹੌਲੀ-ਹੌਲੀ, ਚਲਦੇ-ਚਲਦੇ ਆਪਣੀਆਂ ਲੋੜਾਂ ਪੂਰੀਆਂ ਕਰਨ ਤੋਂ ਬਾਅਦ, ਵਾਹਿਗੁਰੂ ਨੂੰ ਮਿਲ ਗਏ। ਤੀਸਰੇ ਹੋਇਆ ਕਰਦੇ ਨੇ ਅਨਿੰਨ ਭਗਤ। ਅਨਿੰਨ ਭਗਤ ਉਹ ਹੁੰਦੇ ਨੇ,

ਜਿਹੜੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ। ਪ੍ਰਮੇਸ਼ਰ ਤੋਂ ਬਗੈਰ ਹੋਰ ਕਿਸੇ ਨੂੰ ਨਹੀਂ ਪਿਆਰ ਕਰਦੇ, ਮਾਇਆ ਨੂੰ ਨੇੜੇ ਨਹੀਂ ਆਉਣ ਦਿੰਦੇ, illusion (ਭਰਮ) ਤੋਂ ਦੂਰ ਰਹਿੰਦੇ ਨੇ, ਲੇਕਿਨ ਰਹਿੰਦੇ ਦੋ ਨੇ, ਇਕ ਨਹੀਂ ਹੁੰਦੇ। ਭਗਤੀ ਹਮੇਸ਼ਾ ਦੋ 'ਚ ਹੋਇਆ ਕਰਦੀ ਹੈ। ਇਕ ਆਸ਼ਿਕ ਹੁੰਦਾ ਹੈ, ਇਕ ਮਾਸ਼ੂਕ ਹੁੰਦਾ ਹੈ, ਇਕ ਨੂੰ ਪਿਆਰ ਕੀਤਾ ਜਾਂਦਾ ਹੈ, ਇਕ ਪਿਆਰ ਕਰਦਾ ਹੈ, ਇਹ ਭਗਤੀ ਕਹਿੰਦੇ ਹੀ ਇਹਨੂੰ ਹੈ, ਪ੍ਰਮੇਸ਼ਰ ਨੂੰ ਪਿਆਰ ਕਰਦਾ ਹੈ, ਭੈ ਗਤੀ 'ਚ ਚਲਦਾ ਹੈ, ਦੋ ਰਹਿੰਦੇ ਨੇ ਇਹ ਮਿਲਾਪ ਵਾਸਤੇ ਤਰਸਦਾ ਹੈ, ਮਿਲਾਪ ਵਾਸਤੇ ਤਰਲੇ ਲੈਂਦਾ ਹੈ, ਮਿਲਾਪ ਵਾਸਤੇ ਅਰਦਾਸਾਂ ਕਰਦਾ ਹੈ, ਵਾਹਿਗੁਰੂ ਨੂੰ ਆਪਣੇ ਪੱਖ ਤੇ ਲਿਆਉਂਦਾ ਹੈ।

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥***
***ਸਦਾ ਅਭਗੁ ਦੀਬਾਣੁ ਹੈ ਹਉ ਤਿਸੁ ਨਮਸਕਾਰਦਾ॥***

***ਅੰਗ - 519***

ਐਸੀ ਜੋ ਬਾਣੀ ਗੁਰੂ ਗ੍ਰੰਥ ਸਾਹਿਬ 'ਚ ਆਉਂਦੀ ਹੈ, ਇਹ ਅਵਸਥਾ ਭੇਦ ਦੇ ਨਾਲ ਬਾਣੀ ਆਉਂਦੀ ਹੈ, ਭਗਤਾਂ ਦਾ ਰਾਖਾ ਵਾਹਿਗੁਰੂ ਹੁੰਦਾ ਹੈ -

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥*** ***ਅੰਗ - 451***

ਲੇਕਿਨ ਇਹਦੇ ਵਿਚ ਸਵਾਲ ਬੜੇ ਅਜੀਬ ਪੈਦਾ ਹੋ ਜਾਂਦੇ ਨੇ ਕਿ -

***ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ ॥***

***ਅੰਗ - 682***

ਠੀਕ ਹੈ, ਹਾਥੀ ਡੁੱਬ ਰਿਹਾ ਸੀ, ਚਾਰ ਉਂਗਲ ਉਹਦੀ ਸੁੰਡ ਬਾਹਰ ਬਚਦੀ ਸੀ, ਉਸ ਵੇਲੇ ਉਹਨੇ ਪੁਕਾਰ ਕਰ ਦਿਤੀ।

***ਹਾਥੀ ਕੀ ਚਿੰਘਾਰ ਪਲ ਪਾਛੈ ਪਹੁਚਤ ਤਾਹਿ***
***ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ।***

ਕੀੜੀ ਪੁਕਾਰ ਕਰ ਦੇਵੇ ਉਹਦੀ ਵੀ ਸੁਣ ਲੈਂਦਾ ਹੈ, ਹਾਥੀ ਚਿੰਘਾਰ ਮਾਰੇ ਤਾਂ ਉਹਦੀ ਵੀ ਸੁਣ ਲੈਂਦਾ ਹੈ, ਉਹਦੀ ਰਾਖੀ ਕਰ ਦਿਤੀ, ਦਰੋਪਤੀ ਨੇ ਪੁਕਾਰ ਕਰ ਦਿਤੀ -

***ਅਖੀ ਮੀਟਿ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।***

***ਭਾਈ ਗੁਰਦਾਸ ਜੀ, ਵਾਰ 10/8***

ਉਹਦੀ ਰਾਖੀ ਕਰ ਦਿਤੀ -

ਕਬੀਰ ਜੀ ਨੂੰ ਪਾਣੀ ਦੇ ਵਿਚ ਡੁਬੋ ਦਿਤਾ -

*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥*
*ਮ੍ਰਿਗਛਾਲਾ ਪਰ ਬੈਠੇ ਕਬੀਰ ॥* *ਅੰਗ - 1162*

ਪਾਣੀ ਦੇ ਉਤੇ ਮ੍ਰਿਗਸ਼ਾਲਾ ਐਉਂ ਤਰਨ ਲਗ ਗਈ ਜਿਵੇਂ ਧਰਤੀ ਦੇ ਉਤੇ ਹੋਵੇ, ਅੱਗ ਦੇ ਵਿਚ ਬਿਠਾ ਦਿਤਾ ਗਿਆ। ਅੱਗ ਨੇ ਜਾਲਿਆ ਹੀ ਨਹੀਂ, ਉਵੇਂ ਜਿਵੇਂ ਵਿਚੋਂ ਨਿਕਲ ਕੇ ਆ ਗਿਆ, ਕਿਉਂਕਿ ਵਾਹਿਗੁਰੂ ਨੇ ਔਖੀ ਘੜੀ ਦੇਖਣ ਨਹੀਂ ਸੀ ਦੇਣੀ, ਜਿਸ-ਜਿਸ ਨੂੰ ਵੀ ਮੁਸੀਬਤ ਆਈ ਹੈ ਉਹਦੀ ਸਹਾਇਤਾ ਕਰੀ ਹੈ ਪਾਰਬ੍ਰਹਮ ਪ੍ਰਮੇਸ਼ਰ ਨੇ।

ਨਾਮਦੇਵ ਜੀ ਦੱਖਣ ਵਿਚ ਭਗਤੀ ਕਰਿਆ ਕਰਦੇ ਸੀ, ਇਕ ਵਾਰੀ ਤੀਰਥ ਯਾਤਰਾ ਕਰਦੇ-ਕਰਦੇ ਦਿੱਲੀ ਦੀ ਸੰਗਤ ਦੱਖਣ ਵਿਚ ਜਦੋਂ ਜਾਂਦੀ ਹੈ, ਉਥੇ ਨਾਮਦੇਵ ਦੀ ਦੇ ਬਾਰੇ ਸੁਣਿਆ ਕਿ ਉਨ੍ਹਾਂ ਨੇ ਉਨ੍ਹਾਂ ਦਾ ਦੇਹੁਰਾ ਫੇਰ ਕੇ ਉਨ੍ਹਾਂ ਵਲ ਕਰ ਦਿਤਾ ਸੀ। ਪਾਂਡਿਆਂ ਨੇ ਉਨ੍ਹਾਂ ਨੂੰ ਧੱਕੇ ਮਾਰ ਕੇ ਕੱਢ ਦਿਤਾ ਸੀ।

*ਹਸਤ ਖੇਲਤ ਤੇਰੇ ਦੇਹੁਰੇ ਆਇਆ ॥*
*ਭਗਤਿ ਕਰਤ ਨਾਮਾ ਪਕਰਿ ਉਠਾਇਆ ॥ 1 ॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ ॥*
*ਛੀਪੇ ਕੇ ਜਨਮਿ ਕਾਹੇ ਕਉ ਆਇਆ ॥ 1 ॥*
*ਲੈ ਕਮਲੀ ਚਲਿਓ ਪਲਟਾਇ ॥*
*ਦੇਹੁਰੈ ਪਾਛੈ ਬੈਠਾ ਜਾਇ ॥ 2 ॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥*
*ਭਗਤ ਜਨਾਂ ਕਉ ਦੇਹੁਰਾ ਫਿਰੈ ॥* *ਅੰਗ - 1164*

ਇਹ ਗੱਲ ਸਾਰੇ ਭਾਰਤ ਵਰਸ਼ ਵਿਚ ਫੈਲ ਚੁੱਕੀ ਸੀ। ਸੋ ਇਹ ਜਿਹੜੀ ਸੰਗਤ ਗਈ ਦਿੱਲੀ ਦੀ ਇਨ੍ਹਾਂ ਨੇ ਜਾ ਕੇ ਨਾਮਦੇਵ ਜੀ ਦੇ ਦਰਸ਼ਨ ਕਰੇ, ਬਚਨ ਸੁਣਦੇ ਰਹੇ ਪੰਜ-ਸੱਤ ਦਿਨ ਤੇ ਜਿਸ ਵਕਤ ਜਾਣਾ ਸੀ ਉਸ ਵੇਲੇ ਸਾਰੇ ਗਲ 'ਚ ਪੱਲਾ ਪਾ ਕੇ, ਖੜ੍ਹੇ ਹੋ ਗਏ, ਕਹਿਣ ਲੱਗੇ, ਹੇ ਪ੍ਰਭੂ! ਆਪ ਕ੍ਰਿਪਾ ਕਰੋ, ਇਥੇ ਦਿੱਲੀ ਵਿਚ ਦਰਸ਼ਨ ਦਿਓ, ਕਹਿਣ ਲੱਗੇ ਕਿ ਪ੍ਰੇਮੀਓ! ਅਸੀਂ ਤਾਂ ਆਪਣੇ ਹੈਡ ਕੁਆਰਟਰ ਤੇ ਰਹਿੰਦੇ ਹਾਂ, ਬੀਠਲ ਦੀ ਸੇਵਾ ਕਰਦੇ ਹਾਂ, ਸਾਨੂੰ ਤਾਂ ਵਿਹਲ ਨਹੀਂ, ਜਦ ਬਾਰ-ਬਾਰ ਕਹਿੰਦੇ ਨੇ, ਫੇਰ ਉਨ੍ਹਾਂ ਨੇ ਮੰਨ ਲਿਆ। ਅੱਜ ਆਪ ਜਮਨਾ ਦੇ ਕਿਨਾਰੇ, ਜਿਥੇ ਨੇੜੇ ਹੀ ਸ਼ਮਸ਼ਾਨ ਭੂਮੀ ਸੀ, ਉਸ ਬਰੇਤੀ ਤੇ ਬੈਠ ਕੇ ਸਤਿਸੰਗ ਕਰਿਆ ਕਰਦੇ ਸੀ, ਸੰਗਤ ਦਿੱਲੀ ਤੋਂ ਆ ਜਾਣੀ, ਜਦ ਐਨੀ ਆਬਾਦੀ ਨਹੀਂ ਸੀ ਹੁੰਦੀ, ਦੂਰ ਹੋਇਆਂ ਕਰਦੀ ਸੀ। ਉਥੇ ਇਕ ਦਿਨ ਐਸਾ ਹੋਇਆ ਕਿ ਆਪ ਅੰਮ੍ਰਿਤ ਵੇਲੇ ਸਮਾਧੀ ਸਥਿਤ ਬੈਠੇ ਨੇ ਤੇ ਅੱਠ ਨੌਂ ਵਜ ਗਏ, ਅਜੇ ਆਪ ਨੇ ਸਮਾਧੀ ਖੋਲ੍ਹੀ ਨਹੀਂ ਸੀ, ਸਮਾਧੀ ਤੋ ਉਥਾਨ ਨਹੀਂ ਹੋਏ, ਕਿਉਂਕਿ ਬਾਰ-ਬਾਰ ਨੇਤਰ ਬੰਦ ਹੁੰਦੇ ਨੇ। ਨਾਮ ਜਪਣ ਵਾਲੇ ਦੇ ਅੰਦਰ ਇਕ ਐਸਾ ਰਸ ਹੁੰਦਾ ਹੈ ਕਿ ਸੁਰਤ ਉਸਨੂੰ ਅੰਦਰ ਨੂੰ ਖਿਚੀ

ਜਾਂਦੀ ਹੈ, ਜੇ ਚੰਗੀ ਧਰਤੀ ਆ ਗਈ ਕੋਈ, ਧਰਤੀ ਖਿੱਚਣ ਲਗ ਜਾਂਦੀ ਹੈ, ਖਿੱਚ ਪੈਂਦੀ ਹੈ ਉਹਦੇ ਅੰਦਰ, ਜੀਅ ਕਰਦਾ ਹੈ ਕਿ ਮੈਂ ਇਥੇ ਬੈਠ ਜਾਵਾਂ ਮੈਨੂੰ ਬੁਲਾਵੇ ਨਾ ਕੋਈ ਤੇ ਅੰਦਰ ਰਸ ਦੇ ਨਾਲ ਭਰਿਆ ਹੁੰਦਾ ਹੈ, ਰਸ ਨੂੰ ਮਾਨਣਾ ਚਾਹੁੰਦਾ ਹੈ, ਉਸਨੂੰ ਮਹਾਰਾਜ ਨੇ ਆਤਮ ਰਸ ਕਿਹਾ ਹੈ–

*ਆਤਮ ਰਸ ਜਿਹ ਜਾਨਹੀ–ਸੋ ਹੈ ਖਾਲਸ ਦੇਵ।*
*ਪ੍ਰਭ ਮੋਹਿ ਮਹਿ ਤਾਸ ਮਹਿ ਰੰਚਕ ਨਾਹਨ ਭੇਵ।*

ਮੇਰੇ ਵਿਚ ਤੇ ਵਾਹਿਗੁਰੂ ਵਿਚ ਭੇਦ ਨਾ ਜਾਣੋ, ਕਿਉਂਕਿ ਇਕੋ ਰੂਪ ਹੋਏ ਹੁੰਦੇ ਨੇ, ਉਹਦੇ ਵਿਚੋਂ ਮੈਂ ਮਰੀ ਹੋਈ ਹੈ, ਮੈਂ ਦੁਜਾਇਗੀ ਹੁੰਦੀ ਹੈ, ਜੇ ਮੈਂ ਮਾਈਨਸ ਕਰ ਦਿਓ ਨਾ ਤਾਂ ਵਾਹਿਗੁਰੂ ਹੀ ਹੈ, ਇਹਦੇ ਨਾਲ ਇਕ ਹਿੱਸਾ ਹੋਰ ਹੈ, ਮੇਰੀ, ਮੈਂ ਤੇ ਮੇਰੀ ਨੂੰ ਹਉਮੈ ਕਹਿੰਦੇ ਨੇ ਦੋਹਾਂ ਨੂੰ ਇਕੱਠਿਆਂ ਨੂੰ, ਹਉਂ ਤੇ ਮੈਂ, ਮੈਂ+ਮੇਰੀ ਨੂੰ ਹਉਮੈ ਕਹਿੰਦੇ ਹਨ। ਹਉਮੈ ਬਣ ਗਿਆ, ਹਉਮੈ ਕੱਢ ਦਿਓ ਚੇਤਨ 'ਚੋਂ, ਮਾਈਨਸ ਕਰ ਦਿਓ ਬਾਕੀ ਕੀ ਰਹਿ ਜਾਏਗਾ ਸਰੀਰ 'ਚ ਕਿਉਂਕਿ ਇਹਦੇ 'ਚ ਦੋ ਰਹਿੰਦੇ ਨੇ–

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*

***ਅੰਗ – 550***

ਇਕ ਉਹ ਹੈ ਜਿਹੜਾ ਪਰਮ ਚੇਤਨ ਅਨੰਦ ਦੇ ਵਿਚ ਰਹਿੰਦਾ ਹੈ, ਇਕ ਉਹ ਹੈ ਜਿਹੜਾ ਉਡਾਰੀਆਂ ਮਾਰਦਾ ਹੈ, ਉਹ ਜਿਹੜਾ ਉਡਾਰੀਆ ਮਾਰਨ ਵਾਲਾ ਹੈ ਉਹਦੀ ਹਉਮੈ ਵਾਲੀ ਸਮਝ ਹੈ, ਹਉਮੈ ਵਾਲੀ ਸੁਰਤ ਹੈ, ਜਿਹਨੂੰ ਮਹਾਰਾਜ ਕਹਿੰਦੇ ਨੇ –

*ਭੋਲਿਆ ਹਉਮੈ ਸੁਰਤਿ ਵਿਸਾਰਿ ॥* ***ਅੰਗ – 1168***

ਭੁੱਲ ਜਾ ਇਸ ਹਉਮੈ ਸੁਰਤ ਨੂੰ। ਅਸਲ ਵਿਚ ਤੇਰਾ ਨਾ ਕੋਈ ਪੁਤਰ ਹੈ, ਨਾ ਧੀ ਹੈ, ਨਾ ਕੋਈ ਪਤੀ ਹੈ, ਨਾ ਪਤਨੀ ਹੈ। ਵਾਹਿਗੁਰੂ ਆਪ ਹੀ ਅਨੇਕ ਰੂਪ ਧਾਰ ਕੇ ਖੇਲ੍ਹ ਕਰਦਾ ਹੈ। ਇਹ ਸੁਰਤ ਲਿਆ ਤੂੰ, ਹਉਮੈ ਵਾਲੀ ਸੁਰਤ ਭੁੱਲ ਜਾ ਕਿਉਂਕਿ ਹਉਮੈ ਵਾਲੀ ਸੁਰਤ ਜਿੰਨਾ ਚਿਰ ਤੇਰੇ ਅੰਦਰ ਰਹੇਗੀ, ਇਹ ਤੈਨੂੰ ਬੰਨ੍ਹੀਂ ਰਖੇਗੀ –

*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*

***ਅੰਗ – 466***

ਤੂੰ ਬਾਰ–ਬਾਰ ਜੰਮਣਾ ਹੈ, ਬਾਰ–ਬਾਰ ਮਰਨਾ ਹੈ, ਕਿਉਂਕਿ ਇਹ ਸੁਰਤ ਹੀ ਹੈ –

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*

***ਅੰਗ – 466***

ਬਹੁਤ ਵੱਡੀ ਸਖਸ਼ੀਅਤ ਜਿਸਨੂੰ ਕਹਿੰਦੇ ਹਾਂ, 'ਮੈਂ' ਕਹਿੰਦੇ ਹਾਂ ਇਹੀ

ਹਉਮੈ ਹੈ ਤੇ ਇਹਦੇ ਵਿਚ ਹੀ ਬੰਧਨ ਨੇ ਸਾਰੇ, ਇਹਦੇ ਵਿਚ ਹੀ ਆਦਮੀ ਆਉਂਦਾ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਜੰਮਦਾ ਤੇ ਮਰਦਾ ਹੈ*
*ਹਉਮੈ ਦਾ ਬੰਨ੍ਹਿਆ ਹੋਇਆ।*

ਇਸ ਤੋਂ ਜੋ ਉਪਰਲਾ ਹਿੱਸਾ ਹੈ ਉਹਨੂੰ ਆਤਮ ਮੰਡਲ ਕਹਿੰਦੇ ਨੇ, ਆਤਮਾ ਦਾ ਜਦ ਰਸ ਆ ਜਾਂਦਾ ਹੈ ਫੇਰ ਆਦਮੀ ਦਾ ਫੁਰਨਾ ਖਤਮ ਹੋ ਜਾਂਦਾ ਹੈ, ਫੁਰਨਾ ਆਉਂਦਾ, ਇਹਦੇ ਵਿਚ ਮਹਾਰਾਜ ਕਹਿੰਦੇ ਕਿ ਉਹਦੇ ਵਿਚ ਤੇ ਪ੍ਰਮੇਸ਼ਰ ਤੇ ਮੇਰੇ ਵਿਚ ਕੋਈ ਭੇਦ ਨਾ ਜਾਣੋ, ਇਕੋ ਹੀ ਹੋਇਆ ਕਰਦਾ ਹੈ।

ਨਾਮਦੇਵ ਜੀ ਬੈਠੇ ਨੇ, ਅੱਜ ਆਪ ਬੜੀ ਦੇਰ ਤਕ ਸਮਾਧੀ 'ਚ ਰਹੇ, ਬਾਰ-ਬਾਰ ਨੇਤਰ ਖੁਲ੍ਹਦੇ ਨੇ, ਫੇਰ ਬੰਦ ਕਰ ਲੈਂਦੇ ਨੇ, ਫੇਰ ਖੋਲ੍ਹਦੇ ਨੇ, ਫੇਰ ਬੰਦ ਕਰ ਲੈਂਦੇ ਨੇ। ਅਜੇ ਅੰਦਰਲੇ ਰਸ ਤੋਂ ਬਾਹਰ ਆਉਣ ਨੂੰ ਜੀਅ ਨਹੀਂ ਸੀ ਕਰਦਾ। ਇੰਨੇ ਨੂੰ ਆਪ ਨੂੰ ਕੀ ਸੁਣਿਆ ਕਿ ਕੋਈ ਬੀਬੀ ਗਹਿਣੇ ਪਾਏ ਹੋਏ ਨੇ, ਉਹ ਛਣਕ-ਛਣਕ ਕਰਦੇ ਨੇ। ਉਹਨੇ ਆ ਕੇ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਕਰਕੇ, ਚਰਨਾਂ ਨੂੰ ਹੱਥ ਲਾ ਦਿਤਾ। ਜਦ ਚਰਨਾਂ ਨੂੰ ਹੱਥ ਲੱਗਿਆ ਉਨ੍ਹਾਂ ਨੇ ਨੇਤਰ ਖੋਲ੍ਹ ਲਏ, ਉਹਦੇ ਸਿਰ ਦੇ ਵਿਚ ਮਾਂਗ ਦੇਖੀ ਸੰਧੂਰ ਦੀ, ਤੇ ਬਚਨ ਕਰ ਦਿਤਾ ਕਿ ਬੀਬੀ ਸੁਹਾਗ ਮਾਣ। ਬੀਬੀ ਨੇ ਉਸੇ ਵੇਲੇ ਆਵਾਜ਼ ਦੇ ਦਿਤੀ ਕਿਉਂਕਿ ਉਹ ਪਤੀ ਦੇ ਨਾਲ ਸਤੀ ਹੋਣ ਜਾ ਰਹੀ ਸੀ, ਗਹਿਣੇ ਪਾ ਕੇ। ਕਹਿਣ ਲੱਗੀ ਕਿ ਅਰਥੀ ਉਰੇ ਲਿਆਓ, ਨਾਮਦੇਵ ਜੀ ਦੇ ਚਰਨਾਂ 'ਚ ਰੱਖ ਦਿਤੀ, ਕਹਿਣ ਲੱਗੇ ਭਗਤ ਜੀ! ਮੇਰਾ ਸੁਹਾਗ ਆਹ ਹੈ ਤੇ ਤੁਹਾਡਾ ਬਚਨ ਹੋ ਗਿਆ, ਤੇ ਸੰਤਾਂ ਦਾ ਜੋ ਬਚਨ ਹੈ, ਇਹ ਬਿਰਥਾ ਨਹੀਂ ਜਾਂਦਾ ਮੈਂ ਹੀ ਤੁਹਾਡੇ ਸਤਿਸੰਗ ਦੇ ਵਿਚੋਂ ਐਸਾ ਬਚਨ ਸਰਵਣ ਕੀਤਾ ਸੀ -

*ਧਾਰਨਾ - ਪ੍ਰਭ ਜੀ ਦਾ ਵਾਸਾ ਹੈ,*
*ਸੰਤਾਂ ਦੀ ਰਸਨਾ ਉਤੇ।*

*ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਅੰਗ - 263*

ਕਹਿਣ ਲੱਗੀ, ਮਹਾਰਾਜ! ਤੁਹਾਡਾ ਬਚਨ ਜੋ ਹੈ, 'ਸਾਧ ਬਚਨ ਅਟਲਾਧਾ' ਆਪ ਦਾ ਬਚਨ ਹੈ ਕਿ ਮੈਂ ਸੁਹਾਗ ਮਾਣਾਂ। ਮੇਰਾ ਤਾਂ ਸੁਹਾਗ ਅਰਥੀ ਦੇ ਉਤੇ ਪਿਆ ਹੈ। ਉਸ ਵੇਲੇ ਨਾਮਦੇਵ ਜੀ ਨੂੰ ਕੁਛ ਸੋਚ ਫੁਰੀ ਕਿ ਐਵੇਂ ਬਿਨਾਂ ਸੋਚੇ ਸਮਝੇ ਬਚਨ ਕਰ ਦਿਤਾ। ਕੁਛ ਪਰੇਸ਼ਾਨੀ ਆਪ ਦੇ ਅੰਦਰ ਪੈਦਾ ਹੋਈ ਕਿ ਹੁਣ ਮੈਂ ਕੀ ਜਵਾਬ ਦੇਵਾਂ? ਉਸ ਵੇਲੇ ਅੰਦਰੋਂ ਆਵਾਜ਼ ਆਈ ਨਾਮਦੇਵ ਕਿਉਂ ਪਰੇਸ਼ਾਨ ਹੁੰਦਾ ਹੈਂ? ਤੂੰ ਐਉਂ ਕਰ ਰਾਮ ਕਹਿ ਕੇ ਮੋਢੇ ਤੋਂ ਫੜ ਕੇ ਇਹਨੂੰ ਉਠਾ ਦੇ। ਕਿਉਂਕਿ ਮੈਂ ਸਾਧੂਆਂ ਦੇ ਕੀਤੇ ਹੋਏ ਕੰਮ ਨੂੰ ਪ੍ਰਵਾਨ ਕਰ ਲੈਂਦਾ ਹਾਂ, ਮੇਰੇ ਕੀਤੇ ਹੋਏ ਕੰਮ ਨੂੰ ਸਾਧੂ ਬਦਲ ਦਿੰਦੇ ਨੇ -

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥***
***ਅੰਗ-1253***

ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪ੍ਰਭ ਜੀ ਸਾਧੂਆਂ ਦਾ ਕੀਤਾ ਹੋਇਆ ਮੰਨਦੇ ਨੇ,***
***ਸਾਧੂ ਨੇ ਪਿਆਰੇ ਰੱਬ ਦੇ।***

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥ ਅੰਗ - 748***

ਕਿਹੋ ਜਿਹੀ ਮਹਾਰਾਜ ਨੇ ਸਾਨੂੰ guide line ਦਿਤੀ ਹੈ, ਕਿ ਐਉਂ ਨਹੀਂ ਕਿ ਆਹ ਕੰਮ ਕਰੇ, ਆਹ ਕੰਮ ਕਰੇ ਤਾਂ ਪ੍ਰਮੇਸ਼ਰ ਮੰਨਦਾ ਹੈ, ਮਹਾਰਾਜ ਕਹਿੰਦੇ ਨਾ -

***ਤਿਨ੍ ਕੀ ਸੋਭਾ ਸਭਨੀ ਥਾਈ***
***ਜਿਨ੍ ਪ੍ਰਭ ਕੇ ਚਰਣ ਪਰਾਤੇ ॥ 1 ॥***
***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥ ਅੰਗ - 748***

ਕਿਉਂ ਮੰਨਦਾ ਹੈ, ਕਿਉਂਕਿ ਉਹ ਪਿਆਰ ਵਿਚ ਰੱਤੇ ਪਏ ਨੇ। ਨਾ ਕੋਈ ਸੰਸਾਰ ਦਾ ਰਾਜਾ, ਨਾ ਕੋਈ ਧਨੀ ਪੁਰਸ਼, ਨਾ ਕੋਈ ਵੱਡਾ ਵਿਦਵਾਨ, ਇਨ੍ਹਾਂ ਵਾਸਤੇ ਤਾਂ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

***ਧਾਰਨਾ - ਪਿਆਰੇ ਵਿਚ ਸਹਸਿਆਂ ਦੇ ਭਰੀਆਂ ਨੇ,***
***ਛੱਤਰ ਧਾਰ ਬਾਦਸ਼ਾਹੀਆਂ।***

***ਛਤ੍ਰਧਾਰ ਬਾਦਿਸਾਹੀਆ ਵਿਚਿ ਸਹਸੇ ਪਰੀਆ ॥***
***ਅੰਗ - 42***

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - 5***

ਪਾਤਸ਼ਾਹ, ਉਹ ਪਾਤਸ਼ਾਹਾਂ ਦਾ ਪਾਤਸ਼ਾਹ ਹੈ।

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਅੰਗ - 707***

ਸਾਰੀ ਸ੍ਰਿਸ਼ਟੀ ਦਾ, ਪੌਣ ਦਾ, ਪਾਣੀ ਦਾ, ਹਵਾ ਦਾ; ਸਾਰੀਆਂ ਚੀਜ਼ਾਂ ਉਹਦੇ ਹੁਕਮ ਵਿਚ ਚਲਦੀਆਂ ਨੇ ਕਿਉਂਕਿ ਪ੍ਰਮੇਸ਼ਰ ਦੇ ਭੈ ਵਿਚ ਨੇ ਉਹ ਪ੍ਰਮੇਸ਼ਰ ਦਾ ਪਿਆਰਾ ਹੈ। ਇਸ ਕਰਕੇ ਕਹਿੰਦੇ ਜਿਹੜੀਆਂ ਦੁਨੀਆਂ ਦੀਆਂ ਵਡਿਆਈਆਂ ਨੇ, ਵੱਡਾ ਫਿਲਾਸਫਰ ਹੈ, ਡਾਕਟਰ ਜਿਹਨੂੰ ਅੱਜਕਲ੍ਹ ਕਹਿੰਦੇ ਨੇ, ਇਕ ਮੈਡੀਕਲ ਡਾਕਟਰ ਹੁੰਦਾ ਹੈ, ਇਕ ਪੜ੍ਹੇ ਲਿਖੇ ਪ੍ਰੋਫੈਸਰ ਡਾਕਟਰ ਲੋਕ ਹੁੰਦੇ ਨੇ। ਇਨ੍ਹਾਂ ਨੂੰ ਪੰਡਤ ਕਹਿੰਦੇ ਸੀ, ਪਿਛਲੇ ਸਮਿਆਂ ਵਿਚ। ਦੂਸਰਾ ਹੁੰਦਾ ਹੈ ਸੂਰਮਾ, ਤੀਸਰਾ ਹੁੰਦਾ ਹੈ ਛਤਰਪਤੀ ਰਾਜਾ। ਮਹਾਰਾਜ ਕਹਿੰਦੇ ਪਿਆਰਿਓ ਇਹ ਨਹੀਂ ਪਹੁੰਚ ਸਕਦੇ-

***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ ॥ ਅੰਗ - 748***

ਇਨ੍ਹਾਂ ਦੇ ਬਰਾਬਰ ਨਹੀਂ ਕੋਈ ਹੁੰਦਾ -

***ਧਾਰਨਾ - ਪੰਡਤ ਸੂਰ ਛਤਰਪਤ ਰਾਜਾ,***
***ਭਗਤ ਬਰਾਬਰ ਕੋਈ ਨਾ।***

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ - 858***

ਇਹ ਕੋਈ ਕਵਿਤਾ ਨਹੀਂ ਬਣਾਈ ਹੋਈ, ਸੱਚਮੁਚ ਹੀ ਗੱਲ ਹੈ। ਕਿਸੇ ਪੱਖ ਤੋਂ ਵਿਚਾਰ ਲਓ, ਉਹ ਰਾਜਿਆ ਦਾ ਰਾਜਾ ਹੁੰਦਾ ਹੈ ਜਿਹਦਾ ਮਨ ਪ੍ਰਮੇਸ਼ਰ ਦੇ ਨਾਮ ਨਾਲ ਭਿੱਜਿਆ ਰਹਿੰਦਾ ਹੈ, ਜਿਹੜਾ ਪ੍ਰਮੇਸ਼ਰ 'ਚ ਨਿਵਾਸ ਕਰਦਾ ਹੈ -

***ਮੇਰੇ ਰਾਮ ਹਰਿ ਸੰਤਾ ਜੇਵਡੁ ਨ ਕੋਈ ॥***
***ਭਗਤਾ ਬਣਿ ਆਈ ਪ੍ਰਭ ਅਪਨੇ ਸਿਉ***
***ਜਲਿ ਥਲਿ ਮਹੀਅਲਿ ਸੋਈ ॥ ਅੰਗ - 748***

ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ, ਇਥੇ ਭੂਚੋ ਮੰਡੀ ਗਏ ਹੋਏ ਨੇ, ਉਥੇ ਇਕ ਬੜਾ ਹੀ ਪ੍ਰੇਮੀ ਜੋੜਾ ਰਹਿੰਦਾ ਸੀ, ਖਤਰੀ ਸੀ ਉਹ, ਬਿਜ਼ਨਸ ਕਰਦੇ ਸੀ। ਜਿਸ ਵਕਤ ਬਾਬਾ ਜੀ ਉਥੇ ਗਏ ਹੋਏ ਨੇ ਤਾਂ ਉਹਨੇ ਆ ਕੇ ਬੇਨਤੀ ਕਰੀ ਕਿ ਮਹਾਰਾਜ ਮੇਰੀ ਪਤਨੀ ਬਹੁਤ ਸਖਤ ਬਿਮਾਰ ਹੈ ਕ੍ਰਿਪਾ ਕਰੋ। ਮੇਰਾ ਤਾਂ ਘਰ ਉਜਾੜ ਹੋ ਜਾਏਗਾ। ਮੈਂ ਕਿਸ ਤਰ੍ਹਾਂ ਜ਼ਿੰਦਗੀ ਬਤੀਤ ਕਰਾਂਗਾ, ਮੇਰੇ ਤਾਂ ਬੱਚੇ ਛੋਟੇ-ਛੋਟੇ ਨੇ। ਬਹੁਤ ਬੇਨਤੀਆਂ ਕਰੀਆਂ, ਬਾਬਾ ਜੀ ਉਠ ਕੇ ਨਾਲ ਆ ਗਏ, ਉਥੇ ਜਿਸ ਥਾਂ ਦੇ ਉਤੇ ਬੀਬੀ ਪਈ ਸੀ, ਦੇਖਿਆ ਤਰਸ ਆ ਗਿਆ ਦਿਲ 'ਚ। ਕਿਉਂਕਿ ਸੰਤਾਂ ਦੀ ਬਾਦਸ਼ਾਹੀ ਬਹੁਤ ਵੱਡੀ ਹੁੰਦੀ ਹੈ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - 186***

ਜਿਹਦਾ ਕਹਿਆ ਹੋਇਆ ਦਰਗਾਹ ਮੰਨਦੀ ਹੈ, ਰਾਜੇ ਦਾ ਕਹਿਆ ਹੋਇਆ ਦਰਗਾਹ ਮੰਨ ਲਏਗੀ? ਫਿਲਾਸਫਰ ਦਾ ਕਿਹਾ ਹੋਇਆ ਦਰਗਾਹ ਮੰਨ ਲਏਗੀ? ਨਾ ਇਹ ਤਾਂ ਐਵੇਂ ਫੋਕੀਆਂ ਗੋਲੀਆਂ ਹੁੰਦੀਆਂ ਨੇ। ਸਾਧੂ ਠੋਸ ਹੁੰਦਾ ਹੈ, ਕਹਿੰਦੇ ਭਾਈ ਇਹਦੀ ਤਾਂ ਉਮਰ ਪੂਰੀ ਹੋ ਗਈ, ਕਹਿੰਦਾ ਮਹਾਰਾਜ, ਫੇਰ ਤਾਂ ਬਹੁਤ ਦੁਬਿਧਾ ਪੈਦਾ ਹੋ ਜਾਏਗੀ। ਕਹਿੰਦੇ ਐਉਂ ਕਰ ਆਪਾਂ ਇਕ ਗੱਲ ਕਰ ਲੈਂਦੇ ਹਾਂ। ਸਵਾਸ ਤਾਂ ਨਹੀਂ ਵਧਦੇ ਹੈਗੇ, ਪਰ ਤੇਰੀ ਉਮਰ ਏਸ ਵੇਲੇ 25 ਸਾਲ ਦੀ ਬਾਕੀ ਹੈ, ਸਾਢੇ ਬਾਰ੍ਹਾਂ ਸਾਲ ਤੂੰ ਦੇ ਦੇ, ਇਕੱਠੇ ਹੀ ਚਲੇ ਜਾਇਓ। ਕਹਿੰਦਾ ਠੀਕ ਹੈ। ਕਹਿੰਦੇ ਖੜ੍ਹ ਜਾ ਇਥੇ, ਕਰ ਅਰਦਾਸ। ਸੱਚੇ ਦਿਲ ਨਾਲ ਕਹਿ ਦੇ ਕਿ ਮੈਂ ਅੱਧੀ ਉਮਰ

ਦਿੰਦਾ ਹਾਂ। ਅੱਧੀ ਉਮਰ ਦੇ ਦਿਤੀ, ਉਹ ਸਾਢੇ ਬਾਰ੍ਹਾਂ ਸਾਲ ਜੀਉਂਦੇ ਰਹੇ, ਉਸ ਤੋਂ ਬਾਅਦ ਚੜ੍ਹਾਈ ਕਰ ਗਏ। ਇਹਦੇ ਬਰਾਬਰ ਕੋਈ ਆ ਜਾਏਗਾ? ਕਿਉਂਕਿ ਸਾਧੂ ਦਾ ਕਹਿਆ ਹੋਇਆ ਦਰਗਾਹ 'ਚ ਚਲਦਾ ਹੈ। ਦਰਗਾਹ ਮੰਨਦੀ ਹੈ ਉਨ੍ਹਾਂ ਦਾ ਕਹਿਆ ਹੋਇਆ। ਇਕ ਨਹੀਂ, ਸੈਂਕੜੇ ਮਿਸਾਲਾਂ ਨੇ। ਆਹ ਜਿਹੜੀ ਪ੍ਰਾਕ੍ਰਿਤੀ ਹੈ ਇਹ ਉਨ੍ਹਾਂ ਦੇ ਮੂਹਰੇ ਕੁਛ ਵੀ ਨਹੀਂ ਹੁੰਦੀ। ਉਹ ਤਾਂ ਭੋਲੇ ਜਿਹੇ ਬਣ ਕੇ ਆਮ ਮਨੁਖਾਂ ਵਾਂਗ ਜੀਵਨ ਬਤੀਤ ਕਰਦੇ ਰਹਿੰਦੇ ਨੇ, ਲੇਕਿਨ ਮਹਾਰਾਜ ਕਹਿੰਦੇ ਤੁਸੀਂ ਐਉਂ ਨਾ ਸਮਝੋ।

ਇਨ੍ਹਾਂ ਦੇ ਵਿਚ ਕੋਈ ਫਰਕ ਨਾ ਜਾਣੋ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***  ***ਅੰਗ - 397***

ਸ਼ਕਤੀਆਂ ਦੇ ਮਾਲਕ ਹੁੰਦੇ ਨੇ, ਸਾਰਾ ਕੁਛ ਹੱਥ ਵਿਚ ਹੁੰਦਾ ਹੈ, ਫੇਰ ਵੀ ਕੁਛ ਨਹੀਂ ਕਰਦੇ। ਸੋ ਇਸ ਤਰ੍ਹਾਂ ਨਾਮਦੇਵ ਜੀ ਕੁਛ ਪਰੇਸ਼ਾਨੀ 'ਚ ਆ ਗਏ, ਆਵਾਜ਼ ਆਈ ਨਾਮਦੇਵ ਪਰੇਸ਼ਾਨੀ ਕਿਹੜੀ ਗੱਲ ਦੀ ਹੈ, ਜਿਹੜਾ ਕੁਛ ਕਰ ਦਏਂਗਾ ਮੈਂ ਤਾਂ ਤੇਰਾ ਕੀਤਾ ਹੋਇਆ ਮੰਨਣਾ ਹੀ ਮੰਨਣਾ ਹੈ। ਉਠਾਲ ਦੇ ਏਸ ਨੂੰ।

ਇਕ ਐਸੀ ਮਿਸਾਲ ਆਉਂਦੀ ਹੈ ਕਿ ਮੁਲਤਾਨ ਦੇ ਨਵਾਬ ਨੇ ਕਾਜ਼ੀ ਮੁੱਲਾਂ ਫੜ ਲਏ, ਕਹਿਣ ਲੱਗਿਆ ਤੁਸੀਂ ਲੋਕਾਂ ਨੂੰ ਮੰਤਰ ਲਿਖ-ਲਿਖ ਕੇ ਦੇਈ ਜਾਂਦੇ ਓਂ, ਮੇਰਾ ਪੁੱਤਰ ਬੀਮਾਰ ਹੈ ਜਾਂ ਤਾਂ ਰਾਜ਼ੀ ਕਰ ਦਿਓ, ਜਾਂ ਜਿਸ ਦਿਨ ਇਹ ਮਰ ਗਿਆ ਮੈਂ ਤੁਹਾਨੂੰ ਸਾਰਿਆਂ ਨੂੰ ਕਤਲ ਕਰ ਦੇਣਾ ਹੈ। ਕੋਈ ਕਾਨੂੰਨ ਤਾਂ ਹੁੰਦਾ ਹੀ ਨਹੀਂ ਸੀ। ਹਾਕਮ ਦੀ ਜ਼ੁਬਾਨ ਤੇ ਉਹਦੀ ਸੋਚ ਹੀ ਹੁਕਮ ਹੋਇਆ ਕਰਦੀ ਸੀ। ਬੜੇ ਚਿੰਤਾ 'ਚ ਆਏ, ਦਿਨ ਲੰਘਦੇ ਗਏ, ਪਤਾ ਲਗ ਗਿਆ ਕਿ ਉਹ ਤਾਂ ਆਖਰੀ ਸਾਹਾਂ ਤੇ ਹੈ, ਬੜਾ ਬੁਰਾ ਹੋਇਆ। ਨਵਾਬ ਆਇਆ, ਕਹਿਣ ਲੱਗਿਆ ਬੱਚੇ ਦੀ ਹਾਲਤ ਬਹੁਤ ਵਿਗੜ ਗਈ ਹੈ, ਜਾਂ ਤਾਂ ਜੀਉਂਦਾ ਕਰੋ ਨਹੀਂ ਤਾਂ ਮੈਂ ਤੁਹਾਨੂੰ ਮਾਰ ਦੇਣਾ ਹੈ। ਸਭ ਨੂੰ ਕਤਲ ਕਰ ਦੇਵਾਂਗਾ ਉਹਦੇ ਬਰਾਬਰ ਹੀ। ਕਹਿਣ ਲੱਗੇ, ਸਾਡੇ ਨਾਲ ਦਾ ਇਕ ਹੋਰ ਬਾਹਰ ਰਹਿ ਗਿਆ ਉਹਨੂੰ ਲੈ ਆਓ। ਕਹਿੰਦੇ ਓਹਦਾ ਨਾਉਂ ਕੀ ਹੈ? ਕਹਿੰਦੇ ਸਮਸ਼ਤਬਰੇਜ਼, ਸੂਫੀ ਪੀਰ ਸੀਗਾ, ਮਕਦੂਮ ਦਾ ਮੁਰੀਦ ਸੀਗਾ। ਉਸਨੂੰ ਜਾ ਕੇ, ਕਬਰਸਤਾਨ 'ਚ ਰਹਿੰਦਾ ਸੀ, ਮਹੱਲਾ-ਏ-ਖਾਮੋਸ਼ਾਹ 'ਚ; ਜਿਥੇ ਕੋਈ ਬੋਲਦਾ ਨਾ ਹੋਵੇ, ਸਾਧੂ ਉਥੇ ਪਸੰਦ ਕਰਦੇ ਨੇ ਰਹਿਣਾ। ਸੋ ਆਪਣੇ ਪਿਆਰੇ ਨਾਲ ਜੁੜੇ ਰਹਿੰਦੇ ਨੇ ਹਰ ਵਕਤ। ਫੜ ਲਿਆਂਦਾ, ਕਹਿੰਦੇ ਕੀ ਗੱਲ ਮੈਨੂੰ ਫੜਿਆ ਹੈ। ਕਹਿੰਦੇ ਦੇਖ ਬਈ ਜਾਂ ਤਾਂ ਇਹਦੇ ਸ਼ਹਿਜ਼ਾਦੇ ਨੂੰ ਰਾਜ਼ੀ ਕਰ ਦਿਓ, ਜੇ ਮਰ ਗਿਆ ਤਾਂ ਤੁਹਾਨੂੰ ਨਾਲ ਹੀ ਮਾਰ ਦਿਤਾ ਜਾਏਗਾ ਸਾਰਿਆਂ ਨੂੰ, ਵਿਚ ਹੀ ਤੈਨੂੰ। ਕਹਿੰਦਾ, ਆਹ ਤਾਂ ਮੌਜਾਂ ਬਣ ਗਈਆਂ। ਸਾਧੂ ਤਾਂ ਪਹਿਲਾਂ ਹੀ ਮਰੇ ਹੋਏ ਹੁੰਦੇ ਨੇ ਕੌਣ ਕਹਿੰਦਾ ਹੈ

ਸਾਧੂ ਜੀਉਂਦਾ ਹੁੰਦਾ ਹੈ। ਉਹ ਤਾਂ ਇਹ ਜਿਹੜਾ ਠੀਕਰਾ ਜਿਹਾ ਹੈ, ਲੋਚਦੇ ਨੇ ਕਿ ਕਦ ਫੁੱਟੇ।

***ਠੀਕਰਿ ਫੋਰਿ ਦਿਲੀਸ ਸਿਰਿ***
***ਪ੍ਰਭ ਪੁਰ ਕੀਆ ਪਯਾਨ।***

ਕਹਿਣ ਲੱਗਿਆ ਇਹ ਤਾਂ ਬਹੁਤ ਵਧੀਆ ਗੱਲ ਹੈ। ਸੋ ਬਾਕੀ ਸਭ ਰੋਣ ਪਿਟਣ ਲਗ ਗਏ ਕਿ ਅਸੀਂ ਤਾਂ ਕਬੀਲਦਾਰ ਹਾਂ, ਤੈਨੂੰ ਤਾਂ ਰੋਣ ਵਾਲਾ ਕੋਈ ਨਹੀਂ ਸਾਡੇ ਤਾਂ ਬਾਲ ਬੱਚੇ, ਵਹੁਟੀਆਂ ਰੁਲ ਜਾਣਗੀਆਂ, ਤੂੰ ਕ੍ਰਿਪਾ ਕਰ। ਕਹਿੰਦਾ, ਮੈਂ ਤਾਂ ਕਰ ਦੇਵਾਂਗਾ ਫੇਰ ਤੁਸੀਂ ਮੈਨੂੰ ਹੀ ਫਤਵਾ ਲਾ ਦੇਣਾ ਹੈ। ਕਿਉਂਕਿ ਤੁਹਾਨੂੰ ਦਰਵੇਸ਼ਾਂ ਦੀ ਗਤੀ ਦਾ ਪਤਾ ਨਹੀਂ ਹੁੰਦਾ। ਤੁਸੀਂ ਅੰਨੇ ਓਂ ਸ਼ਰਾ ਦੇ, ਅੰਨ੍ਹੇ ਨੂੰ ਕੀ ਪਤਾ ਦਰਵੇਸ਼ ਕਿੱਥੇ ਰਹਿੰਦੇ ਨੇ, ਕੀ ਪਤਾ ਫੱਕਰ ਜਾਗਦੇ ਨੇ ਕਿ ਸੌਂਦੇਂ ਨੇ। ਪਾਖੰਡੀਆਂ ਨੂੰ ਤਾਂ ਜਾਣਦੇ ਨੇ, ਲੇਕਿਨ ਫੱਕਰਾਂ ਦਾ ਨਹੀਂ ਪਤਾ ਹੁੰਦਾ। ਕਹਿਣ ਲੱਗੇ ਨਹੀਂ ਮਹਾਰਾਜ ਅਸੀਂ ਐਸ ਵੇਲੇ ਤੁਹਾਡੇ ਦਾਸ ਹਾਂ।

ਕਹਿੰਦਾ ਦਾਸ ਹੀ ਤੁਸੀਂ ਸਿਰ 'ਤੇ ਚੜ੍ਹ ਜਾਣੇ ਨੇ। 'ਨੈਂ ਲੰਘੀ ਖੁਆਜਾ ਵਿਸਰਿਆ' ਇਹ ਗੱਲ ਮਸ਼ਹੂਰ ਹੈ। ਵਕਤ ਲੰਘਿਆ ਤੋਂ ਬਾਅਦ ਕੋਈ ਨਹੀਂ ਪੁਛਦਾ। ਬੜੇ-ਬੜੇ ਮਜ਼ਬੂਰ ਬੰਦੇ ਆਉਂਦੇ ਨੇ ਸੰਤਾਂ ਕੋਲ, ਜਦ ਕੰਮ ਹੋ ਗਿਆ, ਮੁੜ ਕੇ ਕਦੇ ਉਨ੍ਹਾਂ ਦੇ ਚਿਹਰੇ ਹੀ ਨਹੀਂ ਦੇਖੀਦੇ, ਭੁੱਲ ਜਾਈਦਾ ਹੈ, ਬਾਰ੍ਹਾਂ-ਪੰਦਰਾਂ ਸਾਲਾਂ ਬਾਅਦ ਆ ਕੇ ਕਹਿ ਦਿੰਦੇ ਨੇ ਕਿ ਜੀ ਮੈਂ ਆਇਆ ਸੀ ਮੇਰਾ ਆਹ ਕੰਮ ਹੋਇਆ ਸੀ। ਭਾਈ! ਫੇਰ ਤੂੰ ਮੁੜ ਕੇ ਤਾਂ ਦੇਖਿਆ ਨਹੀਂ? ਕਹਿੰਦਾ ਜੀ, ਕੰਮ ਹੀ ਨਹੀਂ ਪਿਆ।

ਇਕ ਦਿਨ ਸਾਡੇ ਕੋਲ ਇਕ ਪ੍ਰੇਮੀ ਆਇਆ, ਮੈਂ ਕਿਹਾ ਕਿ ਤੂੰ ਕਦੇ ਆਇਆ ਹੀ ਨਹੀਂ ਨੰਬਰਦਾਰਾ? ਕਹਿੰਦਾ ਜੀ, ਮੇਰਾ ਟਿਊਬਵੈਲ ਵੀ ਲੱਗ ਗਿਆ, ਤੁਸੀਂ ਕਹਿ ਦਿਤਾ ਸੀ, ਬੱਚੇ ਦਾ ਵੀ ਕੰਮ ਬਣ ਗਿਆ, ਨੌਕਰੀ ਮਿਲ ਗਈ, ਲੜਕੀ ਵੀ ਵਿਆਹੀ ਗਈ, ਕਹਿੰਦਾ ਹੁਣ ਸਾਰੇ ਕੰਮ ਹੋ ਗਏ, ਹੁਣ ਤੁਹਾਡੇ ਨਾਉਂ ਦੀ ਮਾਲਾ ਫੇਰ ਛਡਦੇ ਹਾਂ, ਹੁਣ ਕੀ ਆ ਕੇ ਅਸੀਂ ਕਰਨਾ ਹੈ ਇਥੇ। ਮੈਂ ਕਿਹਾ ਵਾਹ ਬਈ ਕੰਮ ਵਾਸਤੇ ਹੀ ਸੀ ਤੇਰਾ ਆਉਣਾ, ਜਦ ਤਾਂ ਤੂੰ ਰੋਜ਼ ਆਉਂਦਾ ਸੀ। ਉਹ ਕਹਿਣ ਲੱਗਿਆ ਕਿ ਆਹ ਆਦਮੀ ਦਾ ਸੁਭਾਅ ਹੈ ਭੁੱਲ ਜਾਣਾ ਨੇਕੀ ਕਰੀ ਨੂੰ। ਉਹ ਤਾਂ ਵਾਹਿਗੁਰੂ ਦੀ ਨੇਕੀ ਕਰੀ ਨੂੰ ਭੁਲਿਆ ਬੈਠਾ ਹੈ। ਜਿਹਨੇ ਸਭ ਕੁਛ ਦਿਤਾ ਸੁੰਦਰ ਸਰੀਰ ਦਿਤਾ, ਕਿਹੋ ਜਿਹੇ ਗੰਦੇ ਪਾਣੀ ਤੋਂ ਉਪਜਾ ਕੇ ਕਿਹੋ ਜਿਹਾ ਸੁੰਦਰ ਬਣਾ ਦਿਤਾ, ਯਾਦ ਕਰਦਾ ਹੈਂ ਕਦੇ ਓਸਨੂੰ। ਹਰ ਵਕਤ ਭੁੱਲਿਆ ਰਹਿੰਦਾ ਹੈ, ਬੇਅੰਤ ਦਾਤਾਂ ਦਿਤੀਆ ਨੇ ਤੈਨੂੰ, ਸੋਹਣਾ ਸਰੀਰ ਦਿਤਾ ਹੈ, ਸੋਹਣਾ ਮੰਦਰ ਰਹਿਣ ਨੂੰ ਦਿਤਾ ਹੈ। ਤੇਰੇ ਅੰਦਰ ਦਿਮਾਗ ਦੇ ਵਿਚ ਬਹੁਤ ਵਧੀਆ ਸੋਚ ਪਾਈ ਹੈ, ਬੜੀ ਹਿੰਮਤ ਤੈਨੂੰ ਦਿਤੀ ਹੈ, ਕਦੇ ਯਾਦ ਕਰਦਾ ਹੈਂ ਓਸਨੂੰ। ਦਿਤੀਆ ਹੋਈਆਂ ਚੀਜ਼ਾਂ ਨਾਲ ਭੁੱਲ ਗਿਆ -

ਕਹਿੰਦੇ ਨਹੀਂ ਮਹਾਰਾਜ ਅਸੀਂ ਤਾਂ ਤਾਅ ਜ਼ਿੰਦਗੀ ਤੁਹਾਨੂੰ ਯਾਦ ਰੱਖਾਂਗੇ। ਦੂਜੇ ਦਿਨ ਇਹ ਹੋਇਆ ਕਿ ਸਵੇਰੇ ਹੀ ਲੜਕਾ ਮਰ ਗਿਆ। ਲੜਕੇ ਦਾ ਮ੍ਰਿਤਕ ਸਰੀਰ ਲਿਆ ਕੇ ਸਾਮ੍ਹਣੇ ਰੱਖ ਦਿਤਾ, ਜਿਥੇ ਜੇਲ੍ਹ ਵਿਚ ਸਾਰੇ ਬੰਦ ਕਰੇ ਹੋਏ ਸੀ। ਕਹਿਣ ਲਗਿਆ ਜਾਂ ਤਾਂ ਜੀਉਂਦਾ ਕਰ ਦਿਓ, ਨਹੀਂ ਤਾਂ ਫੇਰ ਤਿਆਰ ਹੋ ਜਾਓ। ਉਹ ਬਾਰ-ਬਾਰ ਚਰਨ ਫੜਦੇ ਨੇ, ਮਹਾਰਾਜ ਕ੍ਰਿਪਾ ਕਰੋ। ਬਾਹਰ ਆ ਗਏ, ਬਾਹਰ ਆ ਕੇ ਕਹਿਣ ਲੱਗੇ ਦੇਖ ਨਵਾਬ! ਇਹ ਜੇ ਜੀਉਂਦਾ ਹੋ ਗਿਆ, ਤੂੰ ਮੇਰੇ ਖਿਲਾਫ ਹੋ ਜਾਣਾ ਹੈ। ਕਹਿੰਦਾ ਮਹਾਰਾਜ ਮੈਂ ਕਿਵੇਂ ਹੋ ਜਾਵਾਂਗਾ, ਨਾਲੇ ਤੁਸੀਂ ਮੇਰਾ ਲੜਕਾ ਜੀਉਂਦਾ ਕਰੋਂ, ਮੈਂ ਤੁਹਾਡਾ ਅਹਿਸਾਨ ਨਹੀਂ ਭੁੱਲ ਸਕਦਾ। ਕਹਿੰਦੇ ਐਵੇਂ ਗੱਲਾਂ ਨੇ ਕਹਿਣ ਦੀਆਂ। ਜਦ ਬਾਰ-ਬਾਰ ਕਿਹਾ ਉਥੇ ਸਾਮ੍ਹਣੇ ਆ ਕੇ ਟਹਿਲਣ ਲਗ ਗਏ। ਸਾਰੇ ਦੇਖਦੇ ਨੇ ਕਿ ਹੁਣ ਕਿਹੜਾ ਮੰਤਰ ਮਾਰੇਗਾ ਇਹ। ਕਿਵੇਂ ਜੀਉਂਦਾ ਕਰ ਦੇਵੇਗਾ? ਤੇ ਨਾਲ ਅੱਲਾਹ ਕੋਲ ਦੁਆ ਕਰਦੇ ਨੇ ਕਿ ਜੀਉਂਦਾ ਹੋ ਜਾਵੇ ਸਾਡਾ ਖਹਿੜਾ ਛੁਟ ਜਾਵੇ। ਕਿਤੇ ਨਾ ਜੀਉਂਦਾ ਹੋਇਆ ਤਾਂ ਫੇਰ ਤਾਂ ਮਰ ਗਏ। ਉਹ ਫੱਕਰ ਫਿਰਦਾ-ਫਿਰਦਾ, ਆ ਕੇ ਕਹਿਣ ਲੱਗਿਆ ਕਿ ਓ ਲੜਕੇ ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਸਭ ਨੇ ਦੇਖਿਆ ਕਿ ਹੁਣ ਉਠ ਜਾਏਗਾ। ਉਹ ਤਾਂ ਟਸ ਤੋਂ ਮਸ ਨਾ ਹੋਇਆ। ਫੇਰ ਘੁੰਮ ਕੇ ਆ ਗਿਆ ਥੋੜ੍ਹਾ, ਕਹਿੰਦਾ ਓ ਲੜਕੇ! ਖੁਦਾ ਕੇ ਹੁਕਮ ਸੇ ਅਭੀ ਤਕ ਨਹੀ ਉਠੇ, ਉਠ ਖੜ੍ਹਾ ਹੋ? ਫੇਰ ਨਹੀਂ ਹੋਇਆ। ਤੀਸਰੀ ਵਾਰੀ ਫੇਰ ਕਿਹਾ, ਓ ਲੜਕੇ ਦੋ ਬਾਰ ਆਪ ਕੋ ਪਹਿਲੇ ਕਹਾ ਹੈ, ਖੁਦਾ ਕੇ ਹੁਕਮ ਸੇ ਉਠ ਖੜ੍ਹਾ ਹੋ। ਫੇਰ ਨਾ ਉਠਿਆ ਉਹ।

ਕਹਿੰਦੇ, ਨਵਾਬ ਸਾਹਿਬ! ਇਹ ਤਾਂ ਬਈ ਉਠਦਾ ਨਹੀਂ ਖੁਦਾ ਦੇ ਹੁਕਮ ਨਾਲ, ਨੀਵੀਂ ਪਾਈ ਬੈਠਾ ਹੈ, ਕਿ ਤੁਸੀ ਕੁਛ ਕਰੋ। ਕਹਿੰਦੇ ਫੇਰ ਫੱਕਰਾਂ ਦਾ ਹੁਕਮ ਜਦ ਹੋਏਗਾ ਤਾਂ ਉਠੇਗਾ? ਕਰ ਦੇਈਏ ਹੁਕਮ? ਕਹਿੰਦਾ ਹਾਂ। ਕਹਿੰਦੇ ਓ ਲੜਕੇ ਦਰਵੇਸ਼ ਕੇ ਹੁਕਮ ਸੇ ਉਠ ਖੜ੍ਹਾ ਹੋ। ਉਸੇ ਵੇਲੇ ਲੜਕਾ ਉਠ ਕੇ ਬੈਠ ਗਿਆ। ਖੁਸ਼ੀਆਂ ਹੋ ਗਈਆ। ਘਰੀਂ ਚਲੇ ਗਏ, ਭੁੱਲ ਗਏ। ਉਥੇ ਜਾ ਕੇ ਕਿੰਤੂ-ਪ੍ਰੰਤੂ ਕਰਨਾ ਸ਼ੁਰੂ ਕਰ ਦਿਤਾ। ਕਹਿੰਦੇ ਕੁਰਾਨ ਸ਼ਰੀਫ ਦਾ ਤਾਂ ਉਹਨੇ ਵਿਰੋਧ ਕਰ ਦਿਤਾ। ਉਹ ਤਾਂ ਕਾਫਰ ਹੈ, ਸ਼ਰੀਕ ਬਣ ਗਿਆ ਰੱਬ ਦਾ। ਤੇ ਆਹ ਗੱਲ ਕਹੀ ਹੈ ਉਹਨੇ, ਮੇਰੇ ਹੁਕਮ ਸੇ ਉਠ ਖੜ੍ਹਾ ਹੋ। ਮੁਕੱਦਮਾ ਕਰ ਦਿਤਾ, ਕਾਜ਼ੀਆਂ ਦੇ ਆ ਗਿਆ, ਉਸੇ ਨਵਾਬ ਤੋਂ ਹੁਕਮ ਲੈ ਲਿਆ ਕਿ ਇਹਦੀ ਜੀਉਂਦੇ ਦੀ ਖੱਲ੍ਹ ਉਤਾਰ ਦਿਓ। ਖੱਲ੍ਹ ਲਾਹੁੰਣ ਲੱਗੇ ਲਹੇ ਨਾ, ਜਿਹੜਾ ਕੁਛ ਲਾਉਣ ਲੱਗੇ ਲਹੇ ਨਾ। ਕਹਿਣ ਲੱਗੇ ਜੀ ਖੱਲ੍ਹ ਤਾਂ ਇਹਦੀ ਲਹਿੰਦੀ ਨਹੀਂ ਹੈ, ਨਾ ਸਾਡੀਆ ਰੰਬੀਆ ਵਗੈਰਾ ਨੇ ਇਹਦੇ ਸਰੀਰ 'ਚ ਲਗਦੀਆਂ ਨੇ। ਜਦ ਇਸ ਤਰ੍ਹਾਂ ਹੋਇਆ ਤਾਂ ਕਹਿੰਦੇ ਲਾ ਲਿਆ ਜ਼ੋਰ ਤੁਸੀਂ, ਤੁਹਾਨੂੰ ਚਮੜੇ ਦੀ ਲੋੜ ਹੈ,

ਲਓ ਅਸੀਂ ਆਪੇ ਹੀ ਲਾਹ ਦਿੰਦੇ ਹਾਂ, ਫੜ ਕੇ ਪੈਰਾਂ ਦੇ ਕੋਲੋਂ ਸਾਰੀ ਖੱਲ੍ਹ ਲਾਹ ਕੇ, ਵਗਾਹ ਕੇ ਮਾਰੀ, ਕਹਿੰਦੇ ਚੁੱਕੋ। ਸੋ ਕਹਿੰਦੇ –

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥***

***ਅੰਗ – 748***

ਜਲਾਂ ਦੇ ਵਿਚ, ਥਲਾਂ ਦੇ ਵਿਚ, ਹਰ ਥਾਂ ਦੇ ਵਿਚ ਵਾਹਿਗੁਰੂ ਹੈ, ਸੰਤਾਂ ਦੀ ਬਣੀ ਹੁੰਦੀ ਹੈ ਵਾਹਿਗੁਰੂ ਦੇ ਨਾਲ। ਰੱਬ ਦੇ ਨਾਲ ਬਣ ਜਾਵੇ ਇਕ ਵਾਰੀ, ਫੇਰ ਉਹ ਕੀਹਦੇ ਨੇ, ਕਿਸੇ ਦੇ ਵੀ ਨਹੀਂ, ਨਿਰਦਾਵੇ ਰਹਿੰਦੇ ਨੇ –

***ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ ॥***

***ਅੰਗ – 1373***

ਇੰਦ੍ਰ ਨੂੰ ਵੀ ਕਹਿੰਦੇ ਨੇ ਕੰਗਾਲ ਤੁਰਿਆ ਫਿਰਦਾ ਹੈ। ਕੋਈ ਬਰਾਬਰੀ ਕਰਦਾ ਹੀ ਨਹੀਂ ਸਾਰੀ ਕਾਇਨਾਤ 'ਚ। ਸੋ ਜਦੋਂ ਆਵਾਜ਼ ਆਈ ਨਾਮਦੇਵ ਨੂੰ, ਨਾਮਦੇਵ ਨੇ ਉਸੇ ਆਵਾਜ਼ ਦੇ ਮੁਤਾਬਿਕ ਮੋਢੇ ਤੋਂ ਫੜਿਆ, ਕਹਿੰਦੇ ਉਠ ਬਈ ਕਹੁ ਰਾਮ। ਰਾਮ ਕਹਿ ਕੇ ਉਠਾਲ ਦਿਤਾ। ਸਾਰੀ ਦਿੱਲੀ 'ਚ ਰੌਲਾ ਪੈ ਗਿਆ ਕਿ ਨਾਮਦੇਵ ਨੇ ਮੁਰਦਾ ਜੀਉਂਦਾ ਕਰ ਦਿਤਾ। ਉਸ ਵੇਲੇ ਸ਼ਿਕਾਇਤ ਹੋ ਗਈ। ਬਾਦਸ਼ਾਹ ਸਲੇਮਸ਼ਾਹ ਸੀ। ਕਹਿਣ ਲੱਗੇ ਕਿ ਬਾਦਸ਼ਾਹ! ਇਹ ਕਾਫਰ ਜੇ ਇਹੋ ਜਿਹੇ ਕੰਮ ਕਰਨ ਲੱਗੇ ਫੇਰ ਇਸਲਾਮ ਦਾ ਵਾਧਾ ਤਾਂ ਹੋਣਾ ਨਹੀਂ ਹੈ। ਇਨ੍ਹਾਂ ਕਾਫਰਾਂ ਨੂੰ ਜਾਂ ਤਾਂ ਇਸਲਾਮ ਵਿਚ ਲੈ ਕੇ ਆਓ, ਜਾਂ ਮਾਰ ਦੇਣਾ ਚਾਹੀਦਾ ਹੈ। ਕਹਿੰਦਾ ਮੈ ਕਿਵੇਂ ਮਾਰਾਂ ਕੋਈ ਕਾਨੂੰਨ ਹੋਣਾ ਚਾਹੀਦਾ ਹੈ। ਕਹਿੰਦੇ ਇਹਨੇ ਮੁਰਦਾ ਜੀਉਂਦਾ ਕਰਿਆ ਹੈ, ਤੁਹਾਡੀ ਗਊ ਜਿਹੜੀ ਹੈ ਬਹੁਤ ਪਿਆਰੀ ਇਹਨੂੰ ਜੀਬਾ ਕਰ ਦਿਓ, ਬਿਸਮਲ ਕਰ ਦਿਓ, ਉਹਨੂੰ ਫੜ ਕੇ ਲਿਆਓ ਜੇ ਤਾਂ ਜੀਉਂਦੀ ਕਰ ਦਿਤੀ ਤਾਂ, ਤਾਂ ਠੀਕ ਹੈ। ਨਹੀਂ ਤਾਂ ਕੋਈ ਪਾਖੰਡ ਹੈ ਰਚਿਆ ਹੋਇਆ ਇਨ੍ਹਾਂ ਨੇ, ਐਵੇਂ ਬੱਚੇ ਨੂੰ ਪਾ ਕੇ ਲੈ ਗਏ ਨੇ ਉਥੇ ਜਾ ਕੇ ਡਰਾਮਾ ਕਰ ਦਿਤਾ, ਤੇ ਇਕ ਧੋਖਾ ਦਿਤਾ ਹੈ, ਇਸ ਕਰਕੇ ਧੋਖਾਦੇਹੀ 'ਚ ਇਹਨੂੰ ਸਜ਼ਾ ਦੇਣੀ ਚਾਹੀਦੀ ਹੈ। ਉਸ ਵੇਲੇ ਬਾਦਸ਼ਾਹ ਨੇ ਹਥਕੜੀਆਂ ਲਾ ਕੇ ਨਾਮਦੇਵ ਜੀ ਨੂੰ ਫੜ ਲਿਆ, ਬਗੈਰ ਕਿਸੇ ਕਸੂਰ ਤੋਂ ਤੇ ਨਾਮਦੇਵ ਜੀ ਨੂੰ ਬੁਲਾ ਕੇ ਕਹਿਣ ਲੱਗੇ ਕਿ ਨਾਮਦੇਵ! ਅਸੀਂ ਸੁਣਿਆ ਹੈ ਕਿ ਤੂੰ ਇਕ ਬੜਾ ਪਾਖੰਡ ਰਚਿਆ ਹੈ, ਤੇ ਉਥੇ ਮੁਰਦਾ ਅਰਥੀ ਤੇ ਪਾ ਕੇ ਤੂੰ ਇਹ ਕਹਿ ਦਿਤਾ ਕਿ ਉਠ। ਇਹੋ ਜਿਹਾ ਡਰਾਮਾ ਤੂੰ ਰਚਿਆ ਹੈ, ਸ਼ਰ੍ਹਾ ਦੇ ਖਿਲਾਫ ਚਲਿਆ ਹੈਂ, ਕਦੇ ਮਰਿਆ ਵੀ ਜੀਉਂਦਾ ਹੁੰਦਾ ਹੈ? ਮੈਂ ਸੱਚ ਤੇ ਝੂਠ ਨੂੰ ਨਿਤਾਰਨਾ ਚਾਹੁੰਦਾ ਹਾਂ। ਆਹ ਗਊ ਤੇਰੇ ਸਾਮ੍ਹਣੇ ਮਾਰ ਰਹੇ ਹਾਂ, ਇਹਨੂੰ ਜੀਉਂਦੀ ਕਰ ਦੇ। ਨਾਮਦੇਵ ਜੀ ਨੇ ਕਿਹਾ, ਬਾਦਸ਼ਾਹ! ਮੈਂ ਤਾਂ ਕੁਛ ਨਹੀਂ ਕਰਦਾ। ਜਿਹੜਾ ਕੁਛ ਕਰਦਾ ਹੈ ਮੇਰਾ ਰਾਮ ਕਰਦਾ ਹੈ, ਮੈਂ

ਨਹੀਂ ਕਰਦਾ। ਉਸ ਵੇਲੇ ਹੁਕਮ ਦਿੰਦਾ ਹੈ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਮੋਈ ਗਊ ਨੂੰ ਜੀਉਂਦੀ ਕਰ ਦੇ,*
*ਦੇਖਾਂ ਕੰਮ ਤੇਰੇ ਰਾਮ ਦੇ।*

*ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥*
*ਦੇਖਉ ਰਾਮੁ ਤੁਮ੍ਹਾਰੇ ਕਾਮਾ ॥ 1 ॥*
*ਨਾਮਾ ਸੁਲਤਾਨੇ ਬਾਧਿਲਾ ॥*
*ਦੇਖਉ ਤੇਰਾ ਹਰਿ ਬੀਠੁਲਾ ॥ 1 ॥ ਰਹਾਉ ॥*
*ਬਿਸਮਿਲਿ ਗਊ ਦੇਹੁ ਜੀਵਾਇ ॥*
*ਨਾਤਰੁ ਗਰਦਨਿ ਮਾਰਉ ਠਾਂਇ ॥ 2 ॥*
*ਬਾਦਿਸਾਹ ਐਸੀ ਕਿਉ ਹੋਇ ॥*
*ਬਿਸਮਿਲਿ ਕੀਆ ਨ ਜੀਵੈ ਕੋਇ ॥ 3 ॥*
*ਮੇਰਾ ਕੀਆ ਕਛੂ ਨ ਹੋਇ ॥*
*ਕਰਿ ਹੈ ਰਾਮੁ ਹੋਇ ਹੈ ਸੋਇ ॥ 4 ॥*
*ਬਾਦਿਸਾਹੁ ਚੜ੍ਹਿਓ ਅਹੰਕਾਰਿ ॥*
*ਗਜ ਹਸਤੀ ਦੀਨੋ ਚਮਕਾਰਿ ॥ ਅੰਗ - 1165*

ਸਾਰੀ ਗੱਲਬਾਤ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ 1165 ਪੰਨੇ ਤੇ ਨਾਮਦੇਵ ਜੀ ਨੇ ਸਾਡੀ ਗਿਆਤ ਵਾਸਤੇ ਲਿਖੀ ਹੈ ਕਿ ਮੇਰੇ ਸਾਮ੍ਹਣੇ ਗਊ ਰੱਖ ਦਿਤੀ ਤੇ ਮੈਨੂੰ ਕਹਿਣ ਲੱਗੇ ਕਿ ਤੇਰੇ ਰੱਬ ਦੇ ਅਸੀਂ ਕੰਮ ਦੇਖਣੇ ਚਾਹੁੰਦੇ ਹਾਂ। ਬੰਨ੍ਹ ਲਿਆ ਤੇ ਹੱਥਾਂ 'ਚ ਹਥਕੜੀਆਂ ਪਾ ਲਈਆਂ, ਪੈਰਾਂ 'ਚ ਬੇੜੀਆ ਪਾ ਲਈਆਂ। ਕਹਿੰਦੇ ਤੇਰੇ ਰਾਮ ਦੇ ਅਸੀਂ ਹੁਣ ਕੰਮ ਦੇਖਣੇ ਨੇ। ਆਹ ਬਿਸਮਲ ਕਰੀ ਪਈ ਹੈ ਗਊ ਇਹਨੂੰ ਜਾਂ ਜੀਉਂਦੀ ਕਰ ਦੇ ਨਹੀਂ ਤਾਂ ਤੇਰੀ ਗਰਦਨ ਇਹਦੇ ਉਤੇ ਹੀ ਵੱਢ ਕੇ ਰੱਖ ਦੇਣੀ ਹੈ। ਕਹਿੰਦੇ ਅਸੀਂ ਕਿਹਾ ਬਾਦਸ਼ਾਹ! ਐਸੀ ਕਿਉਂ ਹੋਇ।

*ਬਿਸਮਿਲਿ ਕੀਆ ਨ ਜੀਵੈ ਕੋਇ ॥ 3 ॥*

ਜਿਹੜਾ ਮਾਰ ਹੀ ਦਿਤਾ ਹੈ ਉਹ ਕਿਵੇਂ ਜੀਉਂਦਾ ਹੈ? ਮੈਂ ਤਾਂ ਨਹੀਂ ਕਿਸੇ ਨੂੰ ਜੀਉਂਦਾ ਕਰਦਾ -

*ਮੇਰਾ ਕੀਆ ਕਛੂ ਨ ਹੋਇ ॥*
*ਕਰਿ ਹੈ ਰਾਮੁ ਹੋਇ ਹੈ ਸੋਇ ॥ 4 ॥*

ਕਹਿੰਦਾ ਦੇਖ, ਉਥੇ ਪਾਖੰਡ ਕਰਿਆ ਸੀ ਤੂੰ? ਤਾਂ ਫੇਰ ਲੋਕਾਂ ਨੂੰ ਠੱਗਿਆ ਤੂੰ, ਧੋਖਾ ਦਿਤਾ, ਐਵੇਂ ਮੁਰਦਾ ਬਣਾ ਕੇ ਅਰਥੀ ਤੇ ਪਾ ਲਿਆ ਤੁਸੀਂ ਹਿੰਦੂ ਲੋਕਾਂ ਨੇ, ਇਸਲਾਮ ਨੂੰ ਛੋਟਾ ਕਰਨ ਵਾਸਤੇ। ਮੈਂ ਇਹ ਗੱਲ ਨਹੀਂ ਮੰਨਦਾ ਮੈਂ ਅੱਖਾਂ ਦੇ ਸਾਮ੍ਹਣੇ ਹੋਈ ਗੱਲ ਨੂੰ ਮੰਨਦਾ ਹਾਂ, ਅਹੰਕਾਰੀ ਹੋਇਆ ਬੈਠਾ ਹੈ -

*ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥*
*ਅੰਗ - 1165*

ਕਹਿਣ ਲੱਗੇ, ਐਉਂ ਨਹੀਂ ਇਹ ਹਟਦਾ, ਮਸਤ ਹਾਥੀ ਲਿਆਓ। ਮਸਤ ਹਾਥੀ ਲਿਆਂਦਾ, ਸ਼ਰਾਬ ਪਿਲਾਈ ਹੋਈ ਹੈ, ਤੇ ਨਾਮਦੇਵ ਵਲ ਛੱਡ ਦਿਤਾ। ਹਾਥੀ ਜਿਹੜਾ ਹੈ -

***ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥***

***ਅੰਗ - 1165***

ਉਹ ਚੋਟ ਕਰਦਾ ਹੈ ਤੇ ਉਹਦਾ ਅਸਰ ਹੀ ਨਹੀਂ ਹੁੰਦਾ। ਨਾਮਦੇਵ ਐਉਂ ਆ ਜਾਂਦਾ ਹੈ ਜਿਸ ਤਰ੍ਹਾਂ ਦੇ ਨਾਲ ਕੋਈ ਬਹੁਤ ਹੀ ਹੌਲੀ ਚੀਜ਼ ਹੁੰਦੀ ਹੈ। ਅਖੀਰ ਹਾਥੀ ਦੌੜ ਗਿਆ। ਕਹਿਣ ਲੱਗੇ ਇਸ ਤਰ੍ਹਾਂ ਨਹੀਂ ਕੁਛ ਹੋਣਾ ਇਹਨੂੰ ਸਮਾਂ ਦੇ ਦਿਓ, ਐਨੇ ਸਮੇਂ ਦੇ ਵਿਚ ਜੇ ਨਾ ਜੀਉਂਦੀ ਕਰੀ ਤਾਂ ਇਹਨੂੰ ਮਾਰ ਦਿਤਾ ਜਾਏਗਾ। ਸੋ ਉਸ ਵੇਲੇ ਜਦੋਂ ਹਾਥੀ ਛੱਡਣ ਲੱਗੇ, ਜਾ ਕੇ ਸਮਝਾਉਂਦੇ ਨੇ ਕਿ ਨਾਮਦੇਵ ਆਪਣੀ ਜਾਨ ਨਾ ਗੁਆ, ਗਊ ਜੀਉਂਦੀ ਕਰ ਦੇ। ਦੇਖ ਤੇਰੇ ਸਾਮ੍ਹਣੇ ਸਵਾਲ ਨੇ ਜਾਂ ਤਾਂ ਗਊ ਜੀਉਂਦੀ ਕਰ ਦੇ, ਜਾਂ ਜੇ ਬਚਣਾ ਚਾਹੁੰਦਾ ਹੈਂ ਤਾਂ ਦੀਨ-ਏ-ਇਸਲਾਮ ਕਬੂਲ ਕਰ ਲੈ। ਤਾਂ, ਤਾਂ ਬਚ ਸਕਦਾ ਹੈ ਨਹੀਂ ਤਾਂ ਤੂੰ ਨਹੀਂ ਬਚ ਸਕਦਾ। ਕਿਉਂਕਿ ਇਸਲਾਮ ਦੇ ਵਿਚ ਇਕ ਕਾਨੂੰਨ ਸੀ ਕਿ ਜੇ ਕਿਸੇ ਨੂੰ ਛੋਟੇ ਜ਼ੁਲਮ ਦੇ ਅੰਦਰ ਮੌਤ ਦਾ ਦੰਡ ਮਿਲਦਾ ਹੈ ਤਾਂ ਉਹ ਦੋ ਤਰੀਕਿਆਂ ਦੇ ਨਾਲ ਬਖਸ਼ਿਆ ਜਾਂਦਾ ਹੈ। ਇਕ ਤਾਂ ਇਹ ਹੈ ਕਿ ਉਹਦੇ ਬਰਾਬਰ ਸੋਨਾ ਤੋਲ ਕੇ ਦੇਵੋ। ਉਹ ਛੱਡ ਦਿੰਦੇ ਸੀ ਉਹਨੂੰ। ਦੂਸਰਾ ਇਹ ਸੀ ਕਿ ਉਹ ਇਸਲਾਮ ਧਾਰਨ ਕਰ ਲਏ ਤੇ ਉਹਦੀ ਜ਼ਿੰਦਗੀ ਬਖਸੀ ਜਾਂਦੀ ਸੀ। ਤੇ ਉਹਦੇ ਮੂਹਰੇ ਦੋਵੇਂ ਸਵਾਲ ਰੱਖ ਦਿਤੇ। ਸੋਨੇ ਵਾਲਾ ਤਾਂ ਰੱਖਿਆ ਨਾ ਤੇ ਇਹ ਰੱਖ ਦਿਤਾ ਕਿ ਜੇ ਤਾਂ ਬਚਣਾ ਹੈ ਤਾਂ ਦੋ ਨੇ ਗੱਲਾਂ ਤੇਰੇ ਸਾਮ੍ਹਣੇ ਜਾਂ ਤਾਂ ਗਊ ਜੀਉਂਦੀ ਕਰ ਦੇ, ਨਹੀਂ ਫੇਰ ਦੀਨ-ਏ-ਇਸਲਾਮ 'ਚ ਆ ਜਾ। ਉਸ ਵੇਲੇ ਨਾਮਦੇਵ ਜੀ ਦੀ ਮਾਤਾ ਨੇ ਦੇਖਿਆ ਕਿ ਇਹ ਤਾਂ ਮਾਰਨ ਤੇ ਤੁਲਿਆ ਹੋਇਆ ਹੈ, ਹਾਥੀ ਛੱਡ ਰਿਹਾ ਹੈ, ਸ਼ਰਾਬ ਪਿਲਾ ਰਹੇ ਨੇ ਉਹਨੂੰ, ਝੂੰਮ ਰਿਹਾ ਹੈ ਹਾਥੀ ਉਹਨੇ ਤਾਂ ਪੈਰ ਧਰ ਦੇਣਾ ਹੈ, ਸੌ ਮਣ ਦਾ ਹਾਥੀ ਹੁੰਦਾ ਹੈ, ਤੇ ਸਾਰੀਆਂ ਹੱਡੀਆਂ ਮੇਰੇ ਪੁੱਤਰ ਦੀਆ ਟੁੱਟ ਜਾਣੀਆਂ ਨੇ, ਤੇ ਮੇਰੀਆਂ ਅੱਖਾਂ ਦੇ ਸਾਮ੍ਹਣੇ ਤੜਫ-ਤੜਫ ਕੇ ਮਰ ਜਾਏਗਾ। ਉਸ ਵੇਲੇ ਮਾਂ ਉਸ ਮੈਦਾਨ ਦੇ ਵਿਚ ਆਉਂਦੀ ਹੈ ਜਿਥੇ ਉਹ ਬੰਨ੍ਹਿਆ ਹੋਇਆ ਹੈ, ਇਜਾਜ਼ਤ ਲਈ ਕਿ ਜਹਾਨ ਪਨਾਹ ਮੈਨੂੰ ਆਗਿਆ ਦੇਵੋ ਮੈ ਆਪਣੇ ਪੁੱਤਰ ਨੂੰ ਮਿਲ ਲਵਾਂ। ਉਸ ਵੇਲੇ ਨੇੜੇ ਆ ਜਾਂਦੀ ਹੈ ਕਹਿਣ ਲੱਗੀ ਨਾਮਦੇਵ! ਦੇਖ ਕੀ ਫਰਕ ਪੈਂਦਾ ਹੈ, ਇਥੇ ਤੂੰ ਰਾਮ-ਰਾਮ ਕਰਦਾ ਹੈਂ, ਉਥੇ ਖੁਦਾ ਹੋ ਜਾਏਗਾ, ਐਨਾ ਹੀ ਫਰਕ ਹੈ, ਐਸ ਤਰ੍ਹਾਂ ਦੇ ਨਾਲ ਕਹਿੰਦੇ ਮੇਰੀ ਮਾਤਾ ਨੇ ਮੈਨੂੰ ਕਿਹਾ -

***ਧਾਰਨਾ - ਰਾਮ ਛੱਡ ਕੇ ਖੁਦਾ ਦਾ ਨਾਮ ਜਪ ਲੈ,***
***ਨਾਮੇ ਦੀ ਮਾਈ ਰੁਦਨ ਕਰੇ।***

*ਰੁਦਨੁ ਕਰੈ ਨਾਮੇ ਕੀ ਮਾਇ ॥*
*ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥ 6 ਅੰਗ - 1165*

ਜ਼ਿੰਦਗੀ ਬਚਾ ਲੈਣੀ, ਸਿਆਣੇ ਬੰਦੇ ਦਾ ਕੰਮ ਹੁੰਦਾ ਹੈ। ਜ਼ਿੰਦਗੀ ਬਚ ਗਈ ਤੂੰ ਫੇਰ ਕਰੀ ਜਾਈਂ ਰਾਮ-ਰਾਮ। ਇਥੇ ਕਹਿ ਦੇ ਕਿ ਮੈਂ ਖੁਦਾ-ਖੁਦਾ ਕਰਾਂਗਾ। ਮੰਨ ਲੈ ਇਨ੍ਹਾਂ ਦਾ ਦੀਨ-ਏ-ਇਸਲਾਮ, ਜ਼ਿੰਦਗੀ ਤਾਂ ਬਚ ਜਾਏਗੀ ਤੇਰੀ। ਕਹਿਣ ਲੱਗੇ, ਮਾਤਾ, ਐਹੋ ਜਿਹਾ ਕਮਜ਼ੋਰ ਉਪਦੇਸ਼ ਤੂੰ ਮੈਨੂੰ ਦੇ ਰਹੀ ਹੈਂ।

ਕਿਉਂਕਿ ਬਾਦਸ਼ਾਹ ਜੋ ਹੋਇਆ ਕਰਦੇ ਨੇ, ਐਸੀਆਂ ਹੀ ਗੱਲਾਂ ਹੋਇਆ ਕਰਦੀਆਂ ਨੇ ਉਨ੍ਹਾਂ ਦੀਆਂ। ਸੰਕਟ ਖੜ੍ਹਾ ਹੋ ਜਾਂਦਾ ਹੈ ਜਦੋਂ ਕਹਿੰਦੇ ਨੇ ਕਿ ਆਹ ਧਰਮ ਨੂੰ ਛੱਡ ਕੇ ਆਹ ਧਾਰਨ ਕਰ ਲੈ, ਫੇਰ ਤੂੰ ਬਚ ਜਾਏਂਗਾ। ਧਰਮ ਸਾਰੇ ਹੀ ਠੀਕ ਨੇ, ਪਰ ਜਿਹੜਾ ਆਪਣਾ ਧਰਮ ਹੈ ਉਹਦੇ ਮੁਤਾਬਿਕ ਹੀ ਆਦਮੀ ਨੂੰ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ, ਰਹਿਣਾ ਤਾਂ ਹੈ ਨਹੀਂ ਸੰਸਾਰ ਦੇ ਅੰਦਰ ਕਿਸੇ ਨੇ। ਜਿਸ ਦਿਨ ਆ ਗਈ ਉਸ ਤੋਂ ਇਕ ਸਾਹ ਵੀ ਵੱਧ ਕਿਸੇ ਨੇ ਨਹੀਂ ਜੀਉਣਾ। ਫੇਰ ਧਰਮ ਕਿਉਂ ਛੱਡੇ?

ਅੱਜ ਦਾ ਦਿਨ ਜੋ ਹੈ ਸਾਡੇ ਇਤਿਹਾਸ ਦੇ ਅੰਦਰ ਬਹੁਤ ਹੀ important (ਮਹੱਤਵਪੂਰਨ), ਸਿਖਿਆਦਾਇਕ ਦਿਨ ਹੈ ਸਾਡੇ ਵਾਸਤੇ, ਅੱਜ ਦੇ ਦਿਨ ਐਸੀ ਕੁਰਬਾਨੀ ਹੋਈ ਹੈ ਕਿ ਦੁਨੀਆਂ ਦੇ ਵਿਚ ਕਿਤੇ ਕੋਈ ਮਿਸਾਲ ਹੀ ਨਹੀਂ ਮਿਲਦੀ। ਯੂਰਪ ਦੇ ਅੰਦਰ ਕੇਵਲ ਈਸਾ ਜੀ ਇਕ ਨੂੰ ਕੁਰਬਾਨੀ ਦੇਣੀ ਪਈ ਤੇ ਅੱਜ ਤਕ ਉਨ੍ਹਾਂ ਨੇ ਐਨੀ ਸੰਭਾਲੀ ਹੈ ਈਸਾਈਆਂ ਨੇ ਕਿ ਅੱਧੇ ਸੰਸਾਰ ਤੋਂ ਜ਼ਿਆਦਾ ਨੇ ਉਨ੍ਹਾਂ ਨਾਲ ਪਿਆਰ ਪਾਇਆ ਹੋਇਆ ਹੈ। ਕ੍ਰਿਸਮਿਸ ਹੈ, ਬੜੀਆਂ ਉਨ੍ਹਾਂ ਦੀਆਂ ਖੁਸ਼ੀਆਂ ਨੇ, ਲੇਕਿਨ ਇਹਦੇ ਮੁਕਾਬਲੇ ਦੇ ਉਤੇ ਜੇ ਅਸੀਂ ਆਪਣਾ ਲੇਖਾ-ਜੋਖਾ ਪੜਚੋਲ ਕਰੀਏ, ਅਸੀਂ ਕਿਸੇ ਪਾਸੇ ਵੀ ਨਹੀਂ ਉਨ੍ਹਾਂ ਦੇ ਮੁਕਾਬਲੇ 'ਤੇ। ਇਥੇ ਤਾਂ ਐਨਾ ਲਾਣਾ ਫਿਰਦਾ ਹੈ ਨਾ ਮਨਮੁਖ, ਆਹ ਸੰਤ ਕਹਿੰਦੇ ਹੁੰਦੇ ਸੀ ਕਲੇਰਾਂ ਵਾਲੇ ਕਿ ਲੰਡਰ ਕੁੱਤੇ ਤੁਰੇ ਫਿਰਦੇ ਨੇ। ਉਨ੍ਹਾਂ ਨੂੰ ਕਿਹਾ ਕਿ ਮਹਾਰਾਜ! ਤੁਸੀਂ ਲੰਡਰ (ਅਵਾਰਾ) ਕੁੱਤੇ ਕਿਉਂ ਕਹਿੰਦੇ ਓਂ? ਕਹਿੰਦੇ ਇਕ ਤਾਂ ਪਟਿਆਂ ਵਾਲੇ ਹੁੰਦੇ ਨੇ ਇਕ ਹੁੰਦੇ ਨੇ ਲੰਡਰ, ਬੇ-ਮਾਲਕੇ, ਉਨ੍ਹਾਂ ਨੂੰ ਲੰਡਰ ਕਹਿੰਦੇ ਹੁੰਦੇ ਨੇ, ਜਿਨ੍ਹਾਂ ਦਾ ਕੋਈ ਵਾਰਸ ਨਾ ਹੋਵੇ, ਕੋਈ ਮਾਲਕ ਨਾ ਹੋਵੇ, ਕੋਈ ਆ ਕੇ ਜੋ ਮਰਜ਼ੀ ਕਰੇ ਉਨ੍ਹਾਂ, ਨੂੰ, ਚਾਹੇ ਕੋਈ ਡੰਡਾ ਮਾਰੇ। ਇਕ ਉਹ ਹੁੰਦੇ ਨੇ ਜਿਹੜੇ ਪਟਿਆਂ ਵਾਲੇ ਹੁੰਦੇ ਨੇ, ਪਟੇ ਵਾਲੇ ਨੂੰ ਕੋਈ ਕੁਛ ਨਹੀਂ ਕਹਿੰਦਾ। ਉਨ੍ਹਾਂ ਨੂੰ ਪਤਾ ਹੈ ਕਿ ਪੜੌਸੀ ਦਾ ਹੈ ਇਹ ਤਾਂ, ਗਲ ਪੈ ਜਾਊ ਸਾਡੇ। ਸੋ ਅਸੀਂ ਜੋ ਹਾਂ ਉਹ ਐਵੇਂ ਤੁਰੇ ਫਿਰਦੇ ਹਾਂ ਜਿਧਰ ਨੂੰ ਮੂੰਹ ਹੋ ਗਿਆ, ਉਧਰ ਨੂੰ ਤੁਰ ਗਏ। ਸਾਡੇ ਕੁਛ ਯਾਦ ਨਹੀਂ ਰਹਿੰਦਾ, ਕਿੱਡੀਆਂ ਸ਼ਹੀਦੀਆਂ ਨੇ, ਕਿੱਡੇ ਵੱਡੇ-ਵੱਡੇ ਕੰਮ ਹੋਏ ਨੇ। ਅਸੀਂ ਦੁਨੀਆਂ ਤੇ ਪ੍ਰਗਟ

ਨਹੀਂ ਕਰ ਸਕੇ ਕਿਉਂਕਿ ਸਾਡੇ ਆਪਣੇ ਹੀ ਦਿਲਾਂ ਦੇ ਵਿਚ ਕੋਈ ਸ਼ਰਧਾ ਨਹੀਂ ਹੈ।

ਮੈਂ ਅਮਰੀਕਾ ਦੇ ਵਿਚ ਦੇਖਿਆ ਕਿ ਜਿਸ ਵਕਤ ਉਹ ਈਸਾ ਜੀ ਦੀ ਗੱਲ ਕਰਦਾ ਸੀ, ਨਿਊਯਾਰਕ ਤੋਂ ਆਉਂਦਾ ਹੁੰਦਾ ਸੀ ਪ੍ਰੋਗਰਾਮ, ਉਹਦੇ ਅੱਖਾਂ ਦੇ ਵਿਚੋਂ ਵੱਡੇ-ਵੱਡੇ ਹੰਝੂ ਗਿਰਦੇ ਹੁੰਦੇ, ਜਿਹੜੇ ਬਾਹਰ ਬੈਠੇ ਸੁਣਦੇ ਹੁੰਦੇ ਉਨ੍ਹਾਂ ਦੇ ਵੀ ਹੱਥਾਂ 'ਚ ਰੁਮਾਲ ਹੁੰਦੇ। ਚਾਰ ਹਜ਼ਾਰ ਦਾ sitting arrangement (ਬੈਠਣ ਦਾ ਪ੍ਰਬੰਧ) ਸੀ ਕੀਤਾ ਹੋਇਆ। ਰੁਮਾਲ ਅੱਖਾਂ ਤੇ ਹੀ ਰਹਿੰਦੇ ਸੀ, ਮੇਰੇ ਮਨ 'ਚ ਆਉਣਾ ਕਿ ਕਿੰਨਾ ਪਿਆਰ ਕਰਦੇ ਨੇ, ਹਾਲਾਂਕਿ ਦੋ ਹਜ਼ਾਰ ਸਾਲ ਹੋ ਗਏ ਉਨ੍ਹਾਂ ਨੂੰ ਤੇ ਸਾਡੇ ਹਾਲੇ ਕੱਲ੍ਹ ਦਾ ਇਤਿਹਾਸ ਹੈ ਸਾਡੇ ਮਨ 'ਚ ਭੋਰਾ ਵੀ ਪਿਆਰ ਨਹੀਂ ਹੈ, ਨਾ ਉਨ੍ਹਾਂ ਦੇ ਬਚਨਾਂ ਨੂੰ ਅਸੀਂ ਮੰਨੀਏ, ਹੋਰ ਹੀ ਤਰ੍ਹਾਂ ਫਿਰਦੇ ਹਾਂ।

ਜੋ ਅੱਜ ਦਾ ਦਿਨ ਹੈ ਇਹਦੇ ਵਿਚ ਇਕ ਐਸੀ ਘਟਨਾ ਵਾਪਰੀ ਹੈ, ਐਸੀ ਸ਼ਹੀਦੀ ਹੋਈ ਹੈ ਜੋ ਸਾਰੇ ਸੰਸਾਰ 'ਚ ਨਹੀਂ ਹੋਈ। ਗੁਰੂ ਦਸ਼ਮੇਸ਼ ਪਿਤਾ ਦੇ ਕੋਲ ਝੂਠੀਆਂ ਸੌਹਾਂ ਖਾਧੀਆਂ ਗਈਆਂ ਆਨੰਦਪੁਰ ਸਾਹਿਬ। ਗਊ ਦੀ ਮੂਰਤੀ ਬਣਾ ਕੇ ਰੱਖੀ ਗਈ, ਕੁਰਾਨ ਸ਼ਰੀਫ ਰੱਖੇ ਗਏ ਤੇ ਸੌਹਾਂ ਖਾਧੀਆਂ ਗਈਆਂ ਇਨ੍ਹਾਂ ਨੂੰ ਜਾਮਨ ਲੈ ਕੇ ਕਿ ਤੁਸੀਂ ਕਿਲ੍ਹਾ ਛੱਡ ਦਿਓ। ਗੁਰੂ ਮਹਾਰਾਜ ਕਹਿੰਦੇ ਪਿਆਰਿਓ! ਹੈ ਤਾਂ ਧੋਖਾ ਸੋਲ੍ਹਾਂ ਆਨੇ। ਪਰ ਅਸੀਂ ਇਕ ਗੱਲ ਸਿਖਾਉਣੀ ਹੈ ਕਿ ਧਰਮ ਗ੍ਰੰਥ ਦੀ ਕਿੰਨੀ ਇਜ਼ਤ ਕਰਨੀ ਹੈ। ਕਿਉਂਕਿ ਐਸ ਵੇਲੇ ਕੁਰਾਨ ਸ਼ਰੀਫ ਆਇਆ ਹੈ ਜਿਹਨੂੰ ਅੱਧੀ ਦੁਨੀਆਂ ਮੰਨ ਰਹੀ ਹੈ ਸੰਸਾਰ ਦੇ ਅੰਦਰ, ਕਰੋੜਾਂ ਬੰਦੇ ਸਤਿਕਾਰ ਕਰਦੇ ਨੇ ਤੇ ਸਾਡਾ ਵੀ ਫਰਜ਼ ਬਣਦਾ ਹੈ ਕਿ ਏਸ ਰੂਹਾਨੀ ਪੁਸਤਕ ਦਾ ਅਸੀਂ ਸਤਿਕਾਰ ਕਰੀਏ, ਇਕ ਪਾਸੇ ਤਾਂ ਇਹ ਹੈ ਕਿ attitude ਹੈ ਦੂਜੇ ਪਾਸੇ ਇਹ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਨੇ ਇਕ ਸੌ ਦੋ ਲਿਖਾਰੀ ਲਾ ਕੇ, 52 ਕਵੀ 50 ਲਿਖਾਰੀ ਬੇਅੰਤ ਗ੍ਰੰਥਾਂ ਦਾ ਅਨੁਵਾਦ ਕਰਾਇਆ। ਉਹ ਜਿਸ ਵਕਤ ਲੈ ਕੇ ਤੁਰਦੇ ਨੇ, ਪਰਿਵਾਰ ਵਿਛੋੜੇ ਦੇ ਥਾਂ ਤੇ ਗ੍ਰੰਥ ਜਿਹੜੇ ਸੀ ਉਨ੍ਹਾਂ ਦੇ ਹੱਥਾਂ 'ਚ ਆ ਗਏ, ਅੱਗ ਦੇ ਵਿਚ ਜਾਲ ਦਿਤੇ, ਤੇ ਦੂਜੇ ਪਾਸੇ attitude (ਰਵੱਈਆ) ਕੀ ਹੈ ਕਿ ਗੁਰੂ ਮਹਾਰਾਜ ਕੋਲ ਕੁਰਾਨ ਸ਼ਰੀਫ ਜਾਂਦਾ ਹੈ, ਬੰਨ੍ਹਿਆ ਹੋਇਆ ਹੈ ਰੁਮਾਲਿਆਂ ਦੇ ਅੰਦਰ ਸਿਰ 'ਤੇ ਚੁਕਿਆ ਹੋਇਆ ਹੈ ਤੇ ਮਹਾਰਾਜ ਦੇ ਕੋਲ ਲੈ ਕੇ ਜਾ ਕੇ ਕਹਿੰਦੇ ਨੇ ਕਿ ਮਹਾਰਾਜ! ਔਰੰਗਜ਼ੇਬ ਨੇ ਕੁਰਾਨ ਸ਼ਰੀਫ ਦੀ ਜਾਮਨੀ ਦੇ ਕੇ ਆਹ ਤੁਹਾਡੇ ਕੋਲ ਸ਼ਾਹੀ ਫੁਰਮਾਨ ਭੇਜਿਆ ਹੈ, ਇਹਦੇ ਵਿਚ ਲਿਖਿਆ ਹੋਇਆ ਹੈ ਕਿ ਆਪ ਕਿਲ੍ਹਾ ਛੱਡ ਦਿਓ, ਜਿਥੇ ਜੀਅ ਕਰਦਾ ਹੈ ਜਾਓ, ਤੁਹਾਡਾ ਕੋਈ ਨੁਕਸਾਨ ਨਹੀਂ ਹੋਏਗਾ। ਆਪ ਦਰਵੇਸ਼ ਲੋਕ ਹੋ ਫਿਰ ਤੁਰ ਕੇ ਆਪਣਾ ਪ੍ਰਚਾਰ ਕਰੋ। ਇਹ ਹਥਿਆਰ ਨਾ ਚੁੱਕੋ ਹਕੂਮਤ ਦੇ ਖਿਲਾਫ। ਉਸ ਵੇਲੇ ਵਿਚਾਰ ਹੋਈ ਸਾਰਿਆਂ

ਦੀ, ਮਹਾਰਾਜ ਕਹਿੰਦੇ ਕਿ ਦੇਖੋ ਹੈ ਤਾਂ ਧੋਖਾ, ਪਰ ਐਸ ਵੇਲੇ ਕੁਰਾਨ ਸ਼ਰੀਫ ਦੀ ਇਜ਼ਤ ਸਾਨੂੰ ਰੱਖਣੀ ਚਾਹੀਦੀ ਹੈ। ਸਤਿਕਾਰ ਰੱਖਣਾ ਚਾਹੀਦਾ ਹੈ ਜੇ ਅਸੀਂ ਨਾ ਰੱਖਿਆ ਤਾਂ ਫੇਰ ਸੰਸਾਰ ਦੇ ਅੰਦਰ ਕੌਣ ਹੈ ਜਿਹੜਾ ਧਰਮ ਪੁਸਤਕਾਂ ਦਾ ਸਤਿਕਾਰ ਕਰੇਗਾ। ਚਾਹੇ ਵੇਦ ਹੋਵੇ, ਚਾਹੇ ਬਾਈਬਲ ਹੋਵੇ, ਚਾਹੇ ਗੁਰੂ ਗ੍ਰੰਥ ਸਾਹਿਬ ਹੋਵੇ, ਚਾਹੇ ਕੁਰਾਨ ਸ਼ਰੀਫ ਹੈ। ਹੈ ਤਾਂ ਸਾਰੇ ਧਰਮ ਗ੍ਰੰਥ ਇਨ੍ਹਾਂ ਦਾ ਸਤਿਕਾਰ ਕਰਨਾ ਸਾਨੂੰ ਬਣਦਾ ਹੈ। ਇਹ ਨਹੀਂ ਕਿ ਬੇਗਾਨੀ ਕਿਤਾਬ ਮਾਰੋ ਵਗਾਹ ਕੇ। ਸੋ ਉਸ ਵੇਲੇ ਮਹਾਰਾਜ ਜੀ ਕਿਲ੍ਹਾ ਛੱਡਦੇ ਨੇ, ਇਨ੍ਹਾਂ ਨੇ ਸਾਰਿਆਂ ਨੇ ਵਾਅਦੇ ਤੋੜ ਕੇ ਹਮਲਾ ਕਰ ਦਿਤਾ, ਬੇਈਮਾਨ ਹੋ ਗਏ, ਕੋਈ ਕਦਰ ਨਹੀਂ ਇਨ੍ਹਾਂ ਨੂੰ, ਜਿਹੜੇ ਮੰਨਦੇ ਨੇ ਗਊ ਨੂੰ, ਨਾ ਗਊ ਵਾਲਿਆਂ ਨੂੰ ਕਦਰ ਰਹੀ ਤੇ ਨਾ ਕੁਰਾਨ ਸ਼ਰੀਫ ਵਾਲਿਆਂ ਨੂੰ। ਪਰਿਵਾਰ ਵਿਛੋੜੇ ਤੇ ਬੜੇ ਘਮਸਾਨ ਦਾ ਯੁੱਧ ਹੋਇਆ, ਸਰਸਾ ਚੜ੍ਹਿਆ ਹੋਇਆ ਸੀ, 40 ਕੁ ਬੰਦੇ ਗੁਰੂ ਸਾਹਿਬ ਸਮੇਤ ਇਕ ਪਾਸੇ ਨੂੰ ਪਾਰ ਹੋਏ, ਮਾਤਾਵਾਂ ਦੂਜੇ ਪਾਸੇ ਨੂੰ ਹੋਈਆਂ। ਛੋਟੇ ਸਾਹਿਬਜ਼ਾਦੇ ਦੂਰ ਜਾ ਕੇ ਕੰਢੇ ਤੇ ਲੱਗੇ। ਹਨ੍ਹੇਰਾ ਸੀ, ਪਰਿਵਾਰ ਵਿਛੜ ਗਿਆ, ਖੇਰੂੰ-ਖੇਰੂੰ ਹੋ ਗਿਆ। ਓਸ ਵੇਲੇ ਮਹਾਰਾਜ ਜੀ ਮਾਲਵੇ ਵਲ ਨੂੰ ਰੁਖ ਹੈ ਉਨ੍ਹਾਂ ਦਾ ਤੇ ਰੋਪੜ ਵਿਚੀਂ ਹੁੰਦੇ ਹੋਏ ਚਮਕੌਰ ਸਾਹਿਬ ਜਾ ਕੇ ਵੱਡਾ ਭਾਰਾ ਯੁੱਧ ਹੁੰਦਾ ਹੈ। ਘੇਰੇ ਜਾਂਦੇ ਨੇ, ਉਥੇ ਮਹਾਰਾਜ ਜੀ ਨਾਲ ਯੁੱਧ ਤੋਂ ਬਾਅਦ ਅੱਠ ਸਿੰਘ ਰਹਿ ਗਏ, ਕਹਿਣ ਲੱਗੇ ਮਹਾਰਾਜ ਅਸੀਂ ਬੇਨਤੀ ਕਰਦੇ ਹਾਂ, ਕ੍ਰਿਪਾ ਕਰਕੇ ਸਾਡੀ ਬੇਨਤੀ ਮੰਨੋ। ਤੁਸੀਂ ਸਾਡੇ ਵਰਗੇ ਕਰੋੜਾਂ ਸਿੰਘ ਸਜ਼ਾ ਸਕਦੇ ਹੋ, ਅਸੀਂ ਅਰਬਾਂ ਸਿੰਘ ਇਕੱਠੇ ਹੋ ਕੇ ਇਕ ਗੁਰੂ ਗੋਬਿੰਦ ਸਿੰਘ ਨਹੀਂ ਬਣਾ ਸਕਦੇ। ਇਸ ਕਰਕੇ ਸਾਡੀ ਬੇਨਤੀ ਹੈ, ਦੂਸਰਾ ਤੁਸੀਂ ਪੰਜਾਂ ਨੂੰ ਪ੍ਰਵਾਨ ਕਿਹਾ ਹੈ ਤੇ ਪੰਜਾਂ ਵਲੋਂ ਇਹ ਬੇਨਤੀ ਭਰਿਆ ਹੁਕਮ ਹੈ ਕਿ ਚਾਹੇ ਤਾਂ ਤੁਸੀਂ ਸ਼ਕਤੀ ਵਰਤ ਕੇ ਨਿਕਲ ਜਾਓ, ਚਾਹੇ ਵੈਸੇ ਨਿਕਲ ਜਾਓ। ਇਹ ਨਹੀਂ ਸੀ ਕਿ ਗੁਰੂ ਸਾਹਿਬ 'ਤੇ ਬੇਵਿਸ਼ਵਾਸ਼ੀ ਸੀ ਕਿ ਸ਼ਕਤੀ ਨਹੀਂ ਹੈ, ਪੂਰਨ ਸ਼ਕਤੀਆਂ ਦੇ ਮਾਲਕ ਸੀ।

ਕਈ ਪ੍ਰੇਮੀਆਂ ਦੇ ਮਨਾਂ 'ਚ ਆ ਜਾਂਦਾ ਹੈ ਕਿ ਗੁਰੂ ਸਾਹਿਬ ਕਿਸੇ ਹੋਰ ਤਰੀਕੇ ਨਾਲ ਵੀ ਨਿਕਲ ਸਕਦੇ ਸੀ? ਗੁਰੂ ਸਾਹਿਬ ਦੀ ਤਾਂ ਗੱਲ ਛੱਡ ਦਿਓ ਤੁਸੀਂ, ਜਦ ਅਸੀਂ ਗੁਰੂ ਮਹਾਰਾਜ ਦੇ ਸਿੱਖਾਂ ਦਾ ਹਾਲ ਦੇਖਦੇ ਹਾਂ ਓਸ ਵੇਲੇ ਗੱਲ ਸਮਝ 'ਚ ਆ ਜਾਂਦੀ ਹੈ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਪਾਸ ਇਕ ਬੀਬੀ ਆਈ ਉਹ ਕਹਿਣ ਲੱਗੀ ਮਹਾਰਾਜ ਸਾਡੇ ਪਿੰਡ ਦੇ ਸਾਰੇ ਬੰਦੇ ਆਪ ਨਾਲ ਵਿਰੋਧ ਕਰਕੇ ਮਾਰੇ ਗਏ। ਮੇਰਾ ਪੁਤਰ ਆਪ ਦੀ ਬਖਸ਼ਿਸ਼ ਨਾਲ ਬਚਿਆ ਸੀ ਤੇ ਹੁਣ ਮੇਰੇ ਪੁੱਤਰ ਦਾ ਪਤਾ ਨਹੀਂ ਕਲਕੱਤੇ ਗਿਆ ਸੀ ਉਸ ਤੋਂ ਬਾਅਦ ਵਾਪਸ ਨਹੀਂ ਆਇਆ, ਕੁਛ ਪਤਾ ਨਹੀਂ ਲਗਿਆ, ਕ੍ਰਿਪਾ ਕਰੋ, ਮੇਰਾ ਪੁੱਤਰ ਆ ਜਾਏ। ਬਾਬਾ ਜੀ ਕਹਿੰਦੇ ਪਰਸੋਂ ਜਾਂ ਚੌਥੇ

ਨੂੰ ਇਥੇ ਪਹੁੰਚ ਜਾਏਗਾ। ਜਿਸ ਵਕਤ ਉਹ ਆ ਗਿਆ ਤਾਂ ਉਹ ਪਠਾਣੀ ਆਪਣੇ ਬੱਚੇ ਨੂੰ ਨਾਲ ਲੈ ਕੇ ਹੋਤੀ ਮਰਦਾਨ ਜਾਂਦੀ ਹੈ ਤੇ ਜਾ ਕੇ ਨਮਸ਼ਕਾਰ ਕਰੀ, ਜਦ ਓਸ ਬੱਚੇ ਨੇ ਬਾਬਾ ਜੀ ਦੇ ਦਰਸ਼ਨ ਕਰੇ, ਕਹਿੰਦਾ ਇਹੀ ਸੀਗੇ ਮਹਾਂਪੁਰਸ਼! ਇਨ੍ਹਾਂ ਨੇ ਮੈਨੂੰ ਟੋਲ੍ਹਿਆ ਤੇ ਸਟੇਸ਼ਨ ਤਕ ਲਿਆ ਕੇ, ਗੱਡੀ ਚੜ੍ਹਾਇਆ ਮੈਨੂੰ ਇਨ੍ਹਾਂ ਨੇ। ਮਾਂ ਇਹੀ ਸੀ, ਇਹ ਕਿਵੇਂ ਆ ਗਏ, ਮੈਨੂੰ ਗੱਡੀ ਚੜ੍ਹਾ ਦਿਤਾ, ਪਿਛਲੀ ਗੱਡੀ ਤਾਂ ਲੇਟ ਆਉਣੀ ਚਾਹੀਦੀ ਹੈ, ਇਹ ਤਾਂ ਮੇਰੇ ਤੋਂ ਪਹਿਲਾਂ ਆਏ ਬੈਠੇ ਨੇ। ਸਾਰੀਆਂ ਸੰਗਤਾਂ ਹੈਰਾਨ ਨੇ ਕਿ ਬਾਬਾ ਜੀ ਤਾਂ ਇਥੇ ਹੀ ਰਹੇ ਨੇ, ਫੇਰ ਉਥੇ ਕੌਣ ਗਿਆ।

ਇਸੇ ਤਰ੍ਹਾਂ ਦੇ ਨਾਲ ਇਕ ਸਾਖੀ ਆਉਂਦੀ ਹੈ, ਬਾਬਾ ਜਵਾਲਾ ਸਿੰਘ ਜੀ ਦੇ ਜੀਵਨ 'ਚ। ਇਥੇ ਗਏ ਹੋਏ ਨੇ, ਕੋਠਾ ਪਿੰਡ ਹੈ ਦੁਆਬੇ 'ਚ। ਅਖੰਡਪਾਠ ਹੋ ਰਿਹਾ ਹੈ। ਇਧਰ ਰਾਮਗੜ੍ਹ ਹੈ, ਰਾਮਗੜ੍ਹ ਦੇ ਵਿਚ ਇਕ ਉਨ੍ਹਾਂ ਦੇ ਬੜੇ ਪ੍ਰੇਮੀ ਭਾਈ ਕਰਤਾਰ ਸਿੰਘ ਜੀ ਸੀਗੇ, ਉਨ੍ਹਾਂ ਨੇ ਬਾਬਾ ਜੀ ਤੋਂ ਕਿਸੇ ਖੁਸ਼ੀ ਦੇ ਸਮੇਂ ਇਹ ਬਚਨ ਲੈ ਲਿਆ ਕਿ ਮੇਰਾ ਅੰਤ ਸਮਾਂ ਹੋਵੇ ਤੇ ਤੁਸੀਂ ਮੇਰੇ ਸਾਮ੍ਹਣੇ ਹੋਵੋਂ। ਤੇ ਤੁਹਾਡੀ ਗੋਦੀ ਦੇ ਵਿਚ ਮੇਰੇ ਪ੍ਰਾਣ ਨਿਕਲਣ, ਬਾਬਾ ਜੀ ਨੇ ਹਾਂ ਕਹਿ ਦਿਤੀ, ਲੇਕਿਨ ਅੱਜ ਆਪ ਕੋਠੇ ਪਿੰਡ ਅਖੰਡਪਾਠ ਹੋ ਰਿਹਾ ਹੈ, ਉਸ ਵੇਲੇ ਆਪ ਨੇ ਅੰਤਰ ਧਿਆਨ ਹੋ ਕੇ ਦੇਖ ਲਿਆ ਕਿ ਉਹਦੇ ਤਾਂ ਸਵਾਸ ਹੀ ਗਿਣਵੇਂ ਰਹਿ ਗਏ। ਨਾਲ ਇਕ ਟਹਿਲ ਸਿੰਘ ਨਾਮ ਦਾ ਪ੍ਰੇਮੀ ਸੀ, ਗੜਵਾ ਫੜਾ ਦਿਤਾ ਤੇ ਤੁਰੇ ਜਾਂਦੇ ਅੱਗੇ ਚਲ੍ਹਾ ਆ ਗਿਆ। ਬਾਂਹ ਫੜ ਕੇ ਕਹਿਣ ਲੱਗੇ ਮਾਰ ਛਾਲ। ਛਾਲ ਮਾਰੀ, ਉਹ ਭਮੱਤਰ ਗਿਆ ਕਿ ਕਿਥੇ ਆ ਗਏ? ਕੀ ਦੇਖਦੇ ਨੇ, ਕੋਠੇ ਪਿੰਡ ਤੋਂ ਚਾਲੀ ਮੀਲ ਦੇ ਉਤੇ ਰਾਮਗੜ੍ਹ ਸੀ ਉਥੇ ਪਹੁੰਚ ਜਾਂਦੇ ਨੇ, ਸਿੱਧੇ ਹੀ ਕਰਤਾਰ ਸਿੰਘ ਉਨ੍ਹਾਂ ਦੇ ਘਰ ਜਾ ਕੇ ਉਸੇ ਵੇਲੇ ਬਾਬਾ ਜੀ ਉਹਦੇ ਪਲੰਘ ਤੇ ਬੈਠ ਕੇ ਸੀਸ ਚੁਕਿਆ, ਆਪਣੀ ਗੋਦੀ 'ਚ ਲੈ ਲਿਆ। ਕਹਿਣ ਲੱਗੇ ਬੋਲ ਵਾਹਿਗੁਰੂ-ਬੋਲ ਵਾਹਿਗੁਰੂ, ਦੱਸ ਵਾਰੀ ਕਹਾਇਆ। ਕਲਿਆਣ ਕਰ ਦਿਤੀ, ਆਪਣਾ ਬਚਨ ਪੂਰਾ ਕਰਕੇ। ਸਸਕਾਰ ਕਰਨ ਤੋਂ ਬਾਅਦ ਕਹਿੰਦੇ ਚੰਗਾ ਤੁਸੀਂ ਚਲੋ ਭਾਈ, ਕੀਰਤਨ ਸੋਹਿਲਾ ਅਸੀਂ ਪੜ੍ਹਦੇ ਹਾਂ, ਜਾ ਕੇ ਇਸ਼ਨਾਨ ਕਰੋ ਤੇ ਪ੍ਰਸ਼ਾਦ ਬਣਾ ਕੇ, ਅਲ੍ਹਾਣੀਆਂ ਦਾ ਪਾਠ ਕਰੋ, ਸਾਡਾ ਖਿਆਲ ਨਾ ਕਰਿਓ। ਕੀਰਤਨ ਸੋਹਿਲਾ ਆਪ ਨੇ ਪੜ੍ਹਿਆ, ਤੇ ਦੇਖ ਕੇ ਥੋੜ੍ਹੀ ਦੇਰ ਤੋਂ ਬਾਅਦ ਕਹਿੰਦੇ ਕਿ ਆ ਬਈ ਚੱਲੀਏ, ਬਾਂਹ ਫੜੀ ਉਸੇ ਖੂਹ ਤੇ ਜਿਥੇ ਚਲ੍ਹਾ ਸੀ ਉਹਦੇ ਉਰਲੇ ਪਾਸੇ ਆ ਗਏ। 40 ਕੋਹ ਉਹ ਤੇ 40 ਕੋਹ ਉਹ, ਹੈਰਾਨ ਹੋਇਆ ਪੁੱਛੇ ਨਾ। ਦੂਸਰਾ ਦਿਨ ਜਦ ਹੋ ਗਿਆ, ਪਾਰਸਭਾਗ ਦੀ ਕਥਾ ਕਰਦਾ ਹੈ, ਉਹਦੇ ਵਿਚ ਇਕ ਬਚਨ ਆ ਗਿਆ ਕਿ ਜੇ ਮਹਾਤਮਾ ਨੇ ਕਿਤੇ ਬਚਨ ਕੀਤਾ ਹੋਵੇ, ਉਹ ਆਪਣੀ ਸ਼ਕਤੀ ਵਰਤ ਕੇ ਵੀ ਜਾ ਸਕਦੇ ਨੇ। ਵਰਤ ਲਿਆ ਕਰਦੇ ਨੇ, ਉਸ ਵੇਲੇ ਵਿਧਾਨ ਨਹੀਂ ਕਿ ਸ਼ਕਤੀਆਂ ਨਾ ਵਰਤਣ। ਬਾਬਾ ਜੀ ਨੇ ਉਸ

ਪੁਸਤਕ ਦੇ ਉਤੇ ਹੱਥ ਰੱਖ ਦਿਤਾ ਕਹਿੰਦੇ ਪਿਆਰਿਆ! ਤੂੰ ਕੱਲ੍ਹ ਦਾ ਹੈਰਾਨ ਹੋਈ ਜਾਂਦਾ ਹੈਂ ਆਹੀ ਗੱਲ ਸੀ। ਅਸੀਂ ਬਚਨ ਦਿਤਾ ਹੋਇਆ ਸੀ ਇਸ ਕਰਕੇ ਸਾਨੂੰ ਜਾਣਾ ਪਿਆ।

ਨਾਮਧਾਰੀ ਸੰਪਰਦਾ 'ਚ ਮਹਾਤਮਾ, ਮੈਂ ਕਈ ਵਾਰੀ ਦੱਸਿਆ ਹੈ ਕਿ ਬੀਬੀ ਜੀ ਦੇ ਪਿਤਾ ਦੇ ਉਹ ਬੜੇ ਨੇੜੇ ਦੇ ਮਿੱਤਰ ਸੀ। ਉਹ ਲੋਹਗੜ੍ਹ ਦੇ ਰਹਿਣ ਵਾਲੇ ਸੀ, ਨਾਰੰਗਵਾਲ, ਰਾਏਪੁਰ ਦੇ ਵਿਚਾਲੇ, ਉਹ ਇਕੱਲੇ ਹੀ ਅਖੰਡਪਾਠ ਕਰਿਆ ਕਰਦੇ ਸੀ, ਆਪਣੀ ਜ਼ਿੰਦਗੀ 'ਚ 1000 ਅਖੰਡਪਾਠ ਉਨ੍ਹਾਂ ਨੇ ਇਕੋ ਚੌਂਕੜੀ 'ਚ ਕੀਤਾ। ਬਹਿ ਜਾਣਾ, ਪੂਰੇ 48 ਘੰਟੇ ਬਾਅਦ ਉਠਣਾ। ਫੇਰ ਕਹਿ ਦਿਤਾ ਜੇ ਕਿਸੇ ਨੇ ਕਿ ਬਾਬਾ ਸਾਡੇ ਪਾਠ ਕਰ ਦੇ। ਬੜੇ ਹੀ ਮਿਲਣਸਾਰ ਸੀਗੇ ਤੇ ਜਿਸ ਵਕਤ ਬਾਪੂ ਜੀ ਬਿਮਾਰ ਸੀ ਲਾਹੌਰ, ਇਨ੍ਹਾਂ ਨੂੰ ਕਹਿਣ ਲੱਗੇ ਕਿ ਤੁਹਾਡਾ ਸਾਡਾ ਹਿਸਾਬ ਕਿਤਾਬ ਖਤਮ ਹੋ ਗਿਆ, ਕਿੰਨੀ ਤਰੀਕ ਹੈ? ਕਹਿੰਦੇ 31 ਹੈ, ਕਹਿੰਦੇ ਸਾਡਾ ਤੁਹਾਡੇ ਨਾਲ ਹਿਸਾਬ-ਕਿਤਾਬ ਖਤਮ ਹੋ ਗਿਆ, ਕੱਲ੍ਹ ਨੂੰ ਪਹਿਲੀ ਤਰੀਕ ਹੈ। ਕਹਿੰਦੇ ਬਾਬਾ ਲੋਹਗੜ੍ਹੀਆ ਨਹੀਂ ਆਇਆ? ਕਹਿੰਦੇ ਨਾ ਜੀ। ਇਹ ਹਸਪਤਾਲ ਤੋਂ ਵਿਦਾ ਹੋ ਕੇ ਥੱਲੇ ਆ ਗਏ। ਕੀ ਦੇਖਦੇ ਨੇ ਬਾਬਾ ਜੀ ਆ ਗਏ। ਕਹਿੰਦੇ ਤੁਹਾਨੂੰ ਪਿਤਾ ਜੀ ਯਾਦ ਕਰਦੇ ਨੇ। ਉਥੇ ਚਲੇ ਗਏ, ਜਦੋਂ ਜਾ ਕੇ ਉਸ ਥਾਂ ਦੇ ਉਤੇ ਬਾਪੂ ਜੀ ਕਹਿਣ ਲੱਗੇ ਕਿ ਕੀ ਗੱਲ ਤੁਸੀਂ ਬੜੀ ਦੇਰ ਲਾ ਦਿਤੀ? ਕਿੱਥੇ ਸੀਗੇ ਤੁਸੀਂ? ਕਹਿਣ ਲੱਗੇ, ਭਾਈ ਸਾਹਿਬ! ਅਸੀਂ ਤਾਂ ਐਸ ਵੇਲੇ ਲਾਲਾ ਮੂਸੇ ਤੋਂ ਆਏ ਹਾਂ। ਰਾਵਲਪਿੰਡੀ ਕੋਲ ਹੈ ਜੋ; ਐਧਰ ਯਾਦ ਕਰਦੇ ਨੇ, ਐਧਰ ਲਾਲਾ ਮੂਸੇ ਤੋਂ ਆਪ ਆ ਜਾਂਦੇ ਨੇ।

ਇਸੇ ਤਰ੍ਹਾਂ ਦੇ ਨਾਲ ਇਕ ਹੋਰ ਉਨ੍ਹਾਂ ਦੇ ਮਹਾਤਮਾ ਹੋਏ ਨੇ, ਸੰਤ ਮੋਹਨ ਜੀ ਕਹਿੰਦੇ ਹੁੰਦੇ, ਮਸਤਾਨਾ ਕਹਿੰਦੇ ਸੀ। ਮਹਾਂਪੁਰਸ਼ ਬਾਹਰ ਗਏ ਹੋਏ ਨੇ, ਗੁਰਦਾਸਪੁਰ ਤੇ ਉਥੋਂ ਜਿਸ ਵਕਤ ਵਾਪਸ ਆ ਰਹੇ ਨੇ ਤਾਂ ਉਸ ਨੇ ਇਹ ਗੱਲ ਕਹੀ ਕਿ ਬਾਬਾ ਜੀ! ਮੈਨੂੰ ਵੀ ਨਾਲ ਲੈ ਚੱਲੋ। ਕਹਿੰਦੇ ਜਗ੍ਹਾ ਨਹੀ ਹੈ ਭਾਈ, ਬਾਬਾ ਪ੍ਰਤਾਪ ਸਿੰਘ ਜੀ, ਇਹ ਮਹਾਂਪੁਰਸ਼ਾਂ ਤੋਂ ਪਹਿਲੇ ਹੋਏ ਨੇ। ਉਹ ਆਪਣੀ ਕਾਰ ਸਟਾਰਟ ਕਰਕੇ ਆ ਗਏ, ਜਦ ਭੈਣੀ ਸਾਹਿਬ ਆਪ ਪਹੁੰਚਦੇ ਨੇ, ਕੀ ਦੇਖਦੇ ਨੇ ਦੀਵਾਨ ਲੱਗਿਆ ਹੋਇਆ ਹੈ, ਕੀਰਤਨ ਕਰ ਰਿਹਾ ਹੈ, ਬੜੀ ਸੰਗਤ ਬੈਠੀ ਹੈ। ਉਨ੍ਹਾਂ ਨੇ ਪੁੱਛਿਆ ਕਿ ਇਹ ਕਦੋਂ ਦਾ ਆਇਆ ਹੋਇਆ ਹੈ? ਕਹਿੰਦੇ ਜੀ ਇਹਨੂੰ ਤਾਂ ਤਿੰਨ ਘੰਟੇ ਹੋ ਗਏ ਜੀ ਕੀਰਤਨ ਕਰਦੇ ਨੂੰ। ਉਸ ਤੋਂ ਬਾਅਦ ਮਹਾਂਪੁਰਸ਼ਾਂ ਨੇ ਬੁਲਾ ਲਿਆ ਕਿ ਕੀਰਤਨ ਤੋਂ ਬਾਅਦ ਸਾਡੇ ਕੋਲ ਭੇਜਿਓ। ਜਦੋਂ ਭੇਜਿਆ, ਸੋਟਾ ਲੈ ਕੇ ਕੁੱਟਣ ਲਗ ਗਏ, ਕਹਿਣ ਲੱਗੇ ਸਾਨੂੰ ਹੀ ਸ਼ਕਤੀਆਂ ਦਿਖਾਨਦਾ ਹੈ?

ਸੋ ਇਤਿਹਾਸ ਵਿਚ ਇਕ ਨਹੀਂ ਬੇਅੰਤ ਨੇ ਇਹ ਚੀਜ਼ਾਂ, ਮੈਨੂੰ

ਬਹੁਤ ਮਹਾਤਮਾ ਦਾ ਪਤਾ ਹੈ ਜਿਹੜੇ ਸਪੇਸ ਨੂੰ ਪਾਰ ਕਰ ਜਾਂਦੇ ਸੀ, ਕਿਤੇ ਦੀ ਕਿਤੇ ਚਲੇ ਜਾਂਦੇ ਸੀ। ਸੋ ਗੁਰੂ ਮਹਾਰਾਜ ਨੂੰ ਇਹ ਗੱਲ ਕਹਿ ਦੇਣੀ ਕਿ ਚਾਹੇ ਆਪਣੀ ਸ਼ਕਤੀ ਨਾਲ ਚਲੇ ਜਾਓ, ਚਾਹੇ ਜਿਵੇਂ ਤੁਹਾਡਾ ਜੀਅ ਕਰਦਾ ਹੈ, ਅਸੀਂ ਕਹਿੰਦੇ ਹਾਂ ਕਿ ਪਾਰ ਨਿਕਲੋ। ਕਿਉਂਕਿ ਗੁਰੂ ਮਹਾਰਾਜ ਨੇ ਸ਼ਕਤੀ ਨਹੀਂ ਦਿਖਾਲੀ। ਜੇ ਉਹ ਦਿਖਾਲ ਦਿੰਦੇ ਸਾਡੇ ਤੇ ਅਸਰ ਇਹ ਹੋਣਾ ਸੀ ਕਿ ਉਹ ਤਾਂ ਸ਼ਕਤੀਆਂ ਵਾਲੇ ਸੀ, ਅਸੀਂ ਕਰ ਸਕਦੇ ਹਾਂ ਉਨ੍ਹਾਂ ਦੀ ਰੀਸ? ਉਨ੍ਹਾਂ ਨੇ ਇਕ ਮਨੁਖ ਵਾਂਗੂੰ ਕੌਤਕ ਕਰਕੇ ਉਹਦਾ ਨਾਉਂ ਬਚਿੱਤਰ ਨਾਟਕ ਲਿਖਿਆ ਹੈ। ਨਾਟਕ ਹੈਗਾ, ਸਾਰੀਆਂ ਸ਼ਕਤੀਆਂ ਦਾ ਮਾਲਕ ਹੁੰਦਾ ਹੋਇਆ, ਫੇਰ ਬਚਿੱਤਰ ਕਿਰਿਆ ਕਰ ਰਿਹਾ ਹੈ।

ਸੋ ਆਪ ਮਾਛੀਵਾੜੇ ਚਲੇ ਜਾਂਦੇ ਨੇ, ਇਧਰ ਸਾਹਿਬਜ਼ਾਦੇ ਛੋਟੇ ਜਿਹੜੇ ਨੇ, ਖੇੜੀ ਆ ਜਾਂਦੇ ਨੇ, ਬੇਈਮਾਨ ਹੋ ਜਾਂਦਾ ਹੈ ਗੰਗੂ ਜੋ ਰਸੋਈਆ ਸੀ, ਤੇ ਇਹਨੇ ਫੜਾ ਦਿਤਾ। ਨਵਾਬ ਸਰਹੰਦ ਦੇ ਪੇਸ਼ ਹੋ ਜਾਂਦੇ ਨੇ, 25 (ਪੱਚੀ) ਤਰੀਕ ਨੂੰ ਉਥੇ ਪਹੁੰਚਦੇ ਨੇ। ਦੂਸਰੇ ਦਿਨ ਪੇਸ਼ੀਆਂ ਹੁੰਦੀਆਂ ਨੇ। ਨਵਾਬ ਦਾ ਜਿਹੜਾ attitude (ਰਵੱਈਆ) ਹੈ ਉਹ ਕੁਛ ਹੋਰ ਹੈ ਤੇ ਜਿਸ ਵਕਤ ਦਰਬਾਰ ਦੇ ਵਿਚ ਆਉਂਦੇ ਨੇ, ਉਸ ਵੇਲੇ ਰਿਵਾਜ ਇਹ ਸੀ ਕਿ ਝੁਕ ਕੇ ਸੱਤ ਵਾਰੀ ਸਲਾਮ ਕਰਨੀ ਪੈਂਦੀ ਸੀ, ਤੇ ਸੱਤ ਸਲਾਮਾਂ ਕਰਦੇ ਹੁੰਦੇ। ਕੋਰਟ ਦਾ ਰੂਲ ਸੀ ਕਿ ਜਿਹਨੇ ਕੋਰਟ 'ਚ ਆਉਣਾ ਹੈ ਉਹਨੇ ਸੱਤ ਸਲਾਮਾਂ ਕਰਨੀਆਂ ਹੀ ਕਰਨੀਆਂ ਨੇ। ਇਹ ਜਿਸ ਵਕਤ ਜਾਂਦੇ ਨੇ, ਬੱਚੇ ਨੇ ਇਕ ਸੱਤ ਤੇ ਇਕ ਨੌਂ ਸਾਲ ਦੇ ਨੇ। ਉਥੇ ਜਾ ਕੇ ਉਨ੍ਹਾਂ ਨੇ ਫਤਹਿ ਬੁਲਾ ਦਿਤੀ ਦੋਹਾਂ ਨੇ। ਉਸ ਵੇਲੇ ਜਿਹੜਾ ਵਜ਼ੀਰ ਸੀ ਸੁੱਚਾ ਨੰਦ, ਜਿਹਨੂੰ ਝੂਠਾ ਨੰਦ ਸਿਖ ਇਤਿਹਾਸ 'ਚ ਕਹਿੰਦੇ ਨੇ, ਉਹ ਕਹਿਣ ਲਗਿਆ ਓ ਬੱਚਿਓ! ਤੁਸੀਂ ਮੁਗਲ ਕਚਹਿਰੀ ਦੇ ਵਿਚ ਆਏ ਓਂ ਇਥੇ ਦਾ ਜੋ ਕਾਨੂੰਨ ਹੈ ਉਹ ਹੈ ਕਿ ਸੱਤ ਸਲਾਮਾਂ ਕਰੋ, ਸੀਸ ਝੁਕਾਓ। ਇਕ ਦੂਜੇ ਵਲ ਦੇਖ ਕੇ ਸਾਹਿਬਜ਼ਾਦਿਆਂ ਨੇ ਆਪਸ ਵਿਚ ਗੱਲ ਕਰੀ ਕਿ ਇਹ ਕੀ ਕਹਿੰਦੇ ਨੇ? ਕਹਿੰਦੇ ਇਹ ਸੀਸ ਝੁਕਾਉਣ ਨੂੰ ਕਹਿੰਦੇ ਨੇ। ਕਹਿੰਦੇ ਆਪਾਂ ਤਾਂ ਸੀਸ ਗੁਰੂ ਨੂੰ ਦੇ ਚੁੱਕੇ ਹਾਂ, ਜਿਹੜਾ ਗੁਰੂ ਨੂੰ ਦੇ ਚੁੱਕੇ ਹਾਂ ਸੀਸ ਇਨ੍ਹਾਂ ਪਾਮਰਾਂ ਦੇ ਅੱਗੇ ਤਾਂ ਝੁਕਣਾ ਨਹੀਂ ਚਾਹੀਦਾ। ਗੁਰੂ ਗ੍ਰੰਥ ਸਾਹਿਬ ਨੇ ਦੱਸਿਆ ਹੋਇਆ ਹੈ ਕਿ ਕੀਹਦੇ ਅੱਗੇ ਸੀਸ ਝੁਕਾਇਆ ਜਾਂਦਾ ਹੈ। ਕਹਿੰਦੇ ਗੁਰੂ ਅੱਗੇ ਤੇ ਰੱਬ ਦੇ ਪਿਆਰਿਆਂ ਅੱਗੇ, ਦੋ ਦੇ ਅੱਗੇ ਸੀਸ ਨਿਵਦਾ ਹੈ, ਹੋਰ ਨਹੀਂ ਕਿਸੇ ਦੇ ਅੱਗੇ ਨਹੀਂ ਨਿਵਦਾ। ਦੁਨੀਆਂਦਾਰ ਅੱਗੇ ਨਹੀਂ ਸੀਸ ਨਿਵਦਾ। ਕਿਉਂਕਿ ਦੁਨੀਆਂ ਦੀ ਗਰਜ਼ ਨਹੀਂ ਹੈ ਸਿੱਖ ਨੂੰ, ਸਿੱਖ ਦਾ ਵਿਸ਼ਵਾਸ਼ ਹੈ ਵਾਹਿਗੁਰੂ ਦੇ ਉਤੇ। ਰੱਬ ਦੇ ਪਿਆਰਿਆਂ ਦੀ ਧੂੜ ਮੰਗਦਾ ਹੈ –

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***

***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - 306***

ਭਾਈ ਗੁਰਦਾਸ ਜੀ ਲਿਖਦੇ ਨੇ ਕਿ ਸਾਡੇ ਸੀਸ ਤੇ ਪੈਰ ਧਰ ਕੇ ਗੁਰਸਿਖ ਆਉਣ। ਅਸੀਂ ਉਨ੍ਹਾਂ ਦਾ ਆਦਰ ਕਰਦੇ ਹਾਂ। ਸੋ ਸੀਸ ਨਿਵਦਾ ਹੈ, ਗੁਰੂ ਅੱਗੇ ਜਾਂ ਰੱਬ ਦੇ ਪਿਆਰਿਆਂ ਅੱਗੇ ਹੋਰ ਕਿਤੇ ਨਿਵਦਾ ਨਹੀਂ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸੀਸ ਅਰਪਤੇ ਗੁਰਾਂ ਨੂੰ ਆਪਣੇ,***
***ਪਾਪੀਆਂ ਨੂੰ ਨਹੀਓਂ ਨਿਵਣੇ।***

***ਕਰਤਾ ਪੁਰਖ ਅਕਾਲ ਕ੍ਰਿਪਾਲੂ।***
***ਸਭਿ ਤੇ ਬਡੋ ਕਾਲ ਕੋ ਕਾਲੂ।***
***ਤਿਸ ਆਗੇ ਹਮ ਅਰਪੇ ਸੀਸ।***
***ਸਕਲ ਕਲਾ ਸਮਰਥ ਜਗਦੀਸ਼।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਆਪਸ ਵਿਚ ਸਲਾਹ ਕਰੀ ਕਿ -

***ਇਹ ਨਰ ਪਾਮਰ ਪਾਪ ਕਮਾਵੈਂ।***
***ਕਿਮ ਇਨ ਆਗੇ ਸੀਸ ਨਿਵਾਵੈਂ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਕਹਿਣ ਲੱਗੇ ਇਹ ਸੀਸ ਨਹੀਂ ਨਿਵਣੇ, ਕਿਉਂਕਿ ਅਸੀਂ ਅਕਾਲ ਪੁਰਖ ਦੇ ਅਰਪਣ ਕਰ ਚੁੱਕੇ ਹਾਂ, ਆਪਣਾ ਸੀਸ। ਸਾਡਾ ਤਾਂ ਸੀਸ ਹੀ ਨਹੀਂ ਹੈ। ਐਨਾ ਜਦ ਬਚਨ ਸੁਣਿਆ, ਬੜਾ ਕੜਕ ਕੇ ਬੋਲਿਆ ਜਿਹੜਾ ਝੂਠਾ ਨੰਦ ਸੀ, ਕਹਿਣ ਲੱਗਿਆ ਓ ਬੱਚਿਓ! ਐਡਾ ਤੁਹਾਡੇ 'ਚ ਅਭਿਮਾਨ। ਤੁਸੀਂ ਸੀਸ ਨਹੀਂ ਝੁਕਾਉਂਦੇ? ਕਹਿੰਦੇ ਸੀਸ ਤਾਂ ਸਾਡਾ ਆਪਣਾ ਹੈ ਨਹੀਂ, ਇਹ ਤਾਂ ਅਸੀਂ ਅਰਪ ਚੁੱਕੇ ਹਾਂ ਅਕਾਲ ਪੁਰਖ ਨੂੰ। ਸਾਡਾ ਹੋਵੇ ਅਸੀਂ ਨਿਵਾਈਏ, ਫੇਰ ਤੁਸੀਂ ਪਾਪ ਕਰਦੇ ਓਂ, ਗਲਤ ਗੱਲਾਂ ਕਰਦੇ ਓਂ। ਬੇਅਨਿਆਈਂ ਕਰਦੇ ਓਂ, ਬੇਇਨਸਾਫੀ ਕਰਦੇ ਓਂ। ਵਿਸ਼ੇ-ਵਿਕਾਰਾਂ 'ਚ ਪਏ ਓਂ, ਇਹ ਪਵਿੱਤਰ ਸੀਸ ਜਿਹੜੇ ਅਕਾਲ ਪੁਰਖ ਨੂੰ ਅਰਪੇ ਹੋਏ ਨੇ, ਤੁਹਾਡੇ ਸਾਮ੍ਹਣੇ ਨਿਵਾਈਏ। ਉਸ ਵੇਲੇ ਕਹਿਣ ਲੱਗਿਆ ਕਿ-

***ਇਹ ਨਾਗਨ ਕੇ ਬੱਚੇ ਛੋਟੇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਇਨ੍ਹਾਂ ਨੂੰ ਬੱਚੇ ਨਾ ਜਾਣੋ, ਸੱਤ ਸਾਲ ਦੇ ਤੇ ਨੌਂ ਸਾਲ ਦੇ, ਇਹ ਤਾਂ ਨਾਗਾਂ ਦੇ ਬੱਚੇ ਨੇ।

***ਨਖ ਸ਼ਿਖ ਜ਼ਹਿਰ ਭਰੇ ਅਤਿ ਖੋਟੇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਇਹ ਤਾਂ ਨਹੁੰ ਤੋਂ ਲੈ ਕੇ ਸਿਰ ਦੀ ਚੋਟੀ ਤਕ ਜ਼ਹਿਰ ਨਾਲ ਭਰੇ ਪਏ ਨੇ ਤੇ ਹੱਦ ਤੋਂ ਜ਼ਿਆਦਾ ਖੋਟੇ ਨੇ।

*ਨਹਿੰ ਨਬਾਬ ਕੋ ਕਰਹਿੰ ਸਲਾਮੂ।*
*ਡਰਪਤਿ ਨਹੀਂ ਬਿਲੋਕਿ ਤਮਾਮੂ।*
*ਇਨ ਕੇ ਉਰ ਹੰਕਾਰ ਬਡੇਰੇ।*
*ਕਿਮ ਇਹ ਝੁਕਹਿੰ ਨਬਾਬ ਅਗੇਰੇ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951*

ਕਹਿੰਦੇ ਇਹ ਤਾਂ ਹੰਕਾਰ ਨਾਲ ਭਰੇ ਹੋਏ ਨੇ, ਇਹ ਨਹੀਂ ਝੁਕਣਗੇ। ਨਵਾਬ ਕਹਿਣ ਲੱਗਿਆ, ਬੱਚੇ ਨੇ, ਇਨ੍ਹਾਂ ਨੂੰ ਪਤਾ ਨਹੀਂ ਹੈ। ਨਵਾਬ ਕਹਿਣ ਲੱਗਿਆ, ਤੁਹਾਨੂੰ ਬੱਚਿਓ, ਡਰ ਨਹੀਂ ਲਗਦਾ, ਤੁਸੀਂ ਐਸ ਵੇਲੇ ਕਚਹਿਰੀ 'ਚ ਇਕੱਲੇ ਓਂ? ਤੁਹਾਡਾ ਜਿਹੜਾ ਪਿਤਾ ਸੀ ਉਹ ਜੰਗ 'ਚ ਮਾਰਿਆ ਜਾ ਚੁਕਿਆ ਹੈ ਤੇ ਉਸ ਦਾ ਸੀਸ ਦਿੱਲੀ ਭੇਜਿਆ ਹੋਇਆ ਹੈ। ਕੋਈ ਵੀ ਨਹੀਂ ਬਚਿਆ, ਤੁਹਾਡੀਆਂ ਮਾਤਾਵਾਂ ਵੀ ਨਹੀਂ ਬਚੀਆਂ। ਸਾਰੇ ਸਾਡੇ ਕਾਬੂ 'ਚ ਆ ਗਏ, ਹੁਣ ਤੁਹਾਨੂੰ ਡਰ ਨਹੀ ਲਗਦਾ? ਉਹ ਕਹਿੰਦੇ ਡਰ? ਡਰ ਨਹੀ ਸਾਨੂੰ ਕਿਸੇ ਦਾ। ਸਾਡੇ ਗੁਰੂ ਸਾਹਿਬ ਨੇ ਡਰਨਾ ਤੇ ਡਰਾਉਣਾ ਇਹ ਮਾੜੀਆਂ ਗੱਲਾਂ ਜਾਣਦੇ ਨੇ, ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਡਰ ਅਸੀਂ ਨਾ ਕਿਸੇ ਦਾ ਮੰਨਿਆ,*
*ਨਹੀਓਂ ਡਰ ਦੇਣਾ ਕਿਸੇ ਨੂੰ।*

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥*

*ਅੰਗ - 1427*

ਕਹਿਣ ਲੱਗੇ ਨਵਾਬ ਸਾਹਿਬ! ਨਾ ਕਿਸੇ ਤੋਂ ਡਰੀਏ ਨਾ ਕਿਸੇ ਨੂੰ ਡਰਾਈਏ। ਕਿਉਂਕਿ ਸਾਡੇ ਗੁਰੂ ਨੇ ਦੱਸਿਆ ਹੈ ਕਿ ਇਕੋ ਆਤਮਾ ਪਰੀਪੂਰਨ ਹੈ, ਵਾਹਿਗੁਰੂ ਤੋਂ ਬਗੈਰ ਹੋਰ ਇਥੇ ਕੋਈ ਨਹੀਂ ਹੈ। ਕੀਹਨੂੰ ਡਰਾਉਣਾ ਹੈ ਤੇ ਕਿਸ ਤੋਂ ਅਸੀਂ ਡਰਨਾ ਹੈ। ਕਿਉਂਕਿ ਅਸੀਂ ਨਿਰਭਉ ਦਾ ਨਾਮ ਜਪਿਆ ਹੈ। ਜੋ ਨਿਰਭਉ ਦਾ ਨਾਮ ਜਪਦਾ ਹੈ -

*ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ ॥*
*ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥਿ ॥*

*ਅੰਗ - 1426*

ਸਾਡੇ ਨਾਲ ਅਕਾਲ ਪੁਰਖ ਹੈ ਜਿਹਨੂੰ ਨਿਰਭਉ ਕਹਿੰਦੇ ਨੇ, ਨਿਰਭਉ ਨਿਰਵੈਰ, ਨਾ ਸਾਡਾ ਕਿਸੇ ਨਾਲ ਵੈਰ ਹੈ।

*ਨਿਰਭਉ ਭਏ ਸਗਲ ਭੈ ਖੋਏ ਗੋਬਿਦ ਚਰਣ ਓਟਾਈ ॥*
*ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ ॥*

*ਅੰਗ - 1000*

*ਨਿਰਭਉ ਜਪੈ ਸਗਲ ਭਉ ਮਿਟੈ ॥*

ਡਰੀਏ ਤਾਂ, ਤਾਂ ਜੇ ਵਾਹਿਗੁਰੂ ਦੂਰ ਹੋਵੇ, ਅੰਗ ਸੰਗ ਪ੍ਰਮੇਸ਼ਰ ਹੈ। ਸਾਰੇ ਪ੍ਰਭੂ ਦੀ ਜੋਤ ਨੇ, ਅਸੀਂ ਕਿਸੇ ਨੂੰ ਡਰਾਉਣਾ ਨਹੀਂ, ਕਿਸੇ ਤੋਂ ਅਸੀਂ ਡਰਨਾ ਨਹੀਂ। ਜਦੋਂ ਐਨੇ ਬਚਨ ਕਹੇ ਓਸ ਵੇਲੇ ਸਾਰੇ ਚੁੱਪ ਕਰ ਗਏ, ਬੱਚੇ ਖੜ੍ਹੇ ਨੇ। ਕਹਿੰਦੇ ਦੂਜੇ ਦਿਨ ਫੇਰ ਲਿਆਓ, ਛੱਡ ਦਿਓ, ਪਰ ਇਨ੍ਹਾਂ ਨੂੰ ਖਾਣ-ਪੀਣ ਨੂੰ ਕੁਛ ਨਹੀਂ ਦੇਣਾ। ਨਾ ਕਪੜਾ ਦਿਓ, ਪਾਲੇ ਮਰਦੇ ਆਪੇ ਹੀ ਠੀਕ ਹੋ ਜਾਣਗੇ। ਬਹੁਤ ਸਰਦੀ ਪੈ ਰਹੀ ਹੈ, ਦੂਸਰੇ ਦਿਨ ਝੂਠੇ ਨੰਦ ਨੇ ਇਹ ਵਿਉਂਤ ਬਣਾਈ ਕਿ ਵੱਡਾ ਦਰਵਾਜ਼ਾ ਬੰਦ ਰੱਖੋ, ਖਿੜਕੀ ਵਿਚੋਂ ਇਨ੍ਹਾਂ ਨੂੰ ਅੰਦਰ ਲਿਆਓ। ਇਨ੍ਹਾਂ ਨੂੰ ਪਹਿਲਾਂ ਕਹੋ ਕਿ ਸੀਸ ਐਉਂ ਕੱਢੋ ਨੀਵੇਂ ਹੋ ਕੇ, ਫੇਰ ਦੇਖਦੇ ਹਾਂ ਕਿ ਸੀਸ ਨਿਵਾਉਂਦੇ ਹਾਂ ਕਿ ਨਹੀਂ। ਉਹ ਜਿਸ ਵਕਤ ਆਉਂਦੇ ਨੇ ਤਾਂ ਨਾਲ ਕਹਿੰਦੇ ਨੇ ਦੇਖੋ ਐਉਂ ਲੰਘਣਾ ਹੈ। ਪਹਿਲਾਂ ਸਿਰ ਲੰਘਾਉਣਾ ਹੈ ਖਿੜਕੀ ਵਿਚੋਂ, ਪੈਰ ਪਹਿਲਾਂ ਨਹੀਂ ਲੰਘਾਉਣੇ, ਬੇਅਦਬੀ ਹੋ ਜਾਂਦੀ ਹੈ। ਜਿਸ ਵਕਤ ਉਥੇ ਆਏ ਦੋਵੇਂ ਭਰਾ ਖੜ੍ਹੇ ਹੋ ਗਏ, ਇਕ ਦੂਜੇ ਵਲ ਦੋਵੇਂ ਦੇਖਦੇ ਨੇ। ਕਹਿੰਦੇ ਕਿਵੇਂ ਲੰਘੀਏ? ਕਹਿੰਦੇ ਵੀਰ ਜੀ, ਆਪਾਂ ਸੀਸ ਨਹੀਂ ਨਿਵਾਉਣਾ, ਪਹਿਲਾਂ ਆਪਾਂ ਪੈਰ ਲੰਘਾਉਣੇ ਨੇ। ਸੋ ਉਸੇ ਵੇਲੇ ਪੈਰ ਪਹਿਲਾਂ ਲੰਘਾਏ ਸੀਸ ਪਿਛੋਂ ਲੰਘਾਇਆ। ਸਾਰੇ ਹੈਰਾਨ ਹੋ ਗਏ ਕਿ ਬੱਚੇ ਐਨੇ ਖਬਰਦਾਰ ਨੇ, ਜਿਹੜਾ ਬਚਨ ਕਿਹਾ ਹੈ ਇਹ ਤਾਂ ਅਕਾਲ ਪੁਰਖ ਨੂੰ ਅਰਪਣ ਕੀਤਾ ਹੋਇਆ ਹੈ, ਸਚਮੁੱਚ ਹੀ ਇਨ੍ਹਾਂ ਨੇ ਅਕਾਲ ਨੂੰ ਸੀਸ ਦਿਤਾ ਹੋਇਆ ਹੈ ਤੇ ਕਈਆਂ ਦੇ ਮਨਾਂ 'ਚ ਆ ਗਿਆ ਕਿ ਸਾਡੇ ਬੱਚੇ ਵੀ ਐਹੋ ਜਿਹੇ ਨੇ ਨਵਾਬ ਦੇ ਮਨ ਵਿਚ ਵੀ ਆ ਗਿਆ। ਨਵਾਬ ਕਹਿਣ ਲੱਗਿਆ ਕਿ ਇਨ੍ਹਾਂ ਬੱਚਿਆਂ ਨੂੰ ਛੱਡ ਦੇਈਏ, ਇਨ੍ਹਾਂ ਤੋਂ ਕੀ ਲੈਣਾ ਹੈ, ਵੈਰ ਇਨ੍ਹਾਂ ਦੇ ਪਿਤਾ ਨਾਲ ਹੈ। ਲੇਕਿਨ ਉਹ ਜਿਹੜਾ ਸੁੱਚਾ ਨੰਦ ਸੀ ਕਹਿਣ ਲੱਗਿਆ, ਨਵਾਬ ਸਾਹਿਬ ਗਲਤੀ ਨਾ ਕਰਿਓ, ਇਹ ਚੰਗਿਆੜਿਆਂ ਤੋਂ ਭਾਂਬੜ ਬਣ ਜਾਣੇ ਨੇ। ਇਹ ਸਪੋਲੀਏ ਜਿਹੜੇ ਨੇ ਵੱਡੇ-ਵੱਡੇ ਖੜੱਪੇ ਨਾਗ ਬਣ ਜਾਣੇ ਨੇ। ਓਸ ਵੇਲੇ ਕਾਬੂ ਕਰਨੇ ਬਹੁਤ ਔਖੇ ਹੋਣੇ ਨੇ। ਆਓ ਮੈ ਤੁਹਾਨੂੰ ਸਵਾਲ ਕਰਕੇ ਪੁੱਛ ਦਿੰਦਾ ਹਾਂ। ਕਹਿਣ ਲੱਗੇ, ਬੱਚਿਓ ਤੁਹਾਨੂੰ ਜੇ ਛੱਡ ਦੇਈਏ, ਚਲੋ ਤੁਸੀਂ ਸੀਸ ਤਾਂ ਨਹੀਂ ਨਿਵਾਉਣਾ, ਅਸੀਂ ਤੁਹਾਨੂੰ ਛੱਡ ਦਿੰਦੇ ਹਾਂ, ਤੇ ਤੁਸੀਂ ਫੇਰ ਕੀ ਕਰੋਂਗੇ? ਕਹਿੰਦੇ, ਅਸੀਂ ਜੋ ਸੰਸਾਰ ਦੇ ਵਿਚ ਅਨਿਆਂ ਹੋ ਰਿਹਾ ਹੈ, ਧੱਕਾ ਧੋੜਾ ਹੋ ਰਿਹਾ ਹੈ, ਬੇਇਨਸਾਫੀਆਂ ਹੋ ਰਹੀਆਂ ਨੇ, ਦੁਸ਼ਟਤਾਈ ਹੋ ਰਹੀ ਹੈ, ਅਸੀਂ ਉਸ ਦੇ ਖਿਲਾਫ ਹੀ ਰਹਿਣਾ ਹੈ। ਉਹ ਦੂਰ ਕਰਨੀ ਹੈ ਅਸੀਂ ਚਾਹੇ ਸਾਡਾ ਸੀਸ ਲੱਗ ਜਾਏ, ਕੁਛ ਹੋ ਜਾਏ, ਅਸੀਂ ਇਹ ਜਿਹੜੀਆਂ ਬੇਇਨਸਾਫੀਆਂ ਨੇ ਇਹ ਨਹੀਂ ਰਹਿਣ ਦੇਣੀਆਂ। ਜਦ ਤਕ ਜਨਤਾ ਦੇ ਵਿਚ ਪੂਰਨ ਸ਼ਾਂਤੀ ਨਹੀਂ ਆ ਜਾਂਦੀ, ਜਦ ਤਕ ਆਪਣੇ ਅਧਿਕਾਰਾਂ ਨੂੰ ਮੰਨਣ ਨਹੀਂ ਲਗ ਜਾਂਦੇ ਓਸ ਵੇਲੇ ਤਕ ਅਸੀਂ ਨਹੀਂ ਟਿਕਣਾ, ਚਾਹੇ ਰਾਜਾ ਮੁਗਲ ਹੋਵੇ, ਚਾਹੇ ਕੋਈ

ਰਾਜਾ ਹੋਰ ਹੋਵੇ, ਅਸੀਂ ਬੇਇਨਸਾਫੀ ਦੇ ਵਿਰੁੱਧ ਯੁੱਧ ਕਰਨਾ ਹੈ, ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ।

ਬਚਨ ਸੁਣੇ, ਓਸ ਤੋਂ ਬਾਅਦ ਨਵਾਬ ਨੇ ਕਿਹਾ ਕਿ ਇਹ ਬੱਚੇ ਇਸਲਾਮ ਦੇ ਵਿਚ ਲਿਆਉਣ ਵਾਲੇ ਨੇ। ਕਹਿਣ ਲੱਗੇ, ਬੱਚਿਓ! ਤੁਹਾਡਾ ਪਿਤਾ ਤਾਂ ਮਾਰ ਦਿਤਾ ਗਿਆ ਹੈ। ਹੁਣ ਤੁਹਾਡਾ ਕੋਈ ਨਹੀਂ ਹੈ, ਹੁਣ ਤੁਸੀਂ ਕਿਸਦੀ ਮਦਦ ਲਵੋਂਗੇ, ਜਿਹੜਾ ਇਹ ਕੰਮ ਕਰ ਦੇਵੇ? ਕਹਿੰਦੇ ਅਸੀਂ ਸਿੱਖੀ ਪ੍ਰਫੁਲਤ ਕਰਾਂਗੇ, ਫੇਰ ਅਸੀਂ ਉਹ ਬੰਦੇ ਪੈਦਾ ਕਰਾਂਗੇ, ਜਿਹੜੇ ਬੇਇਨਸਾਫੀ ਦਾ ਡਟ ਕੇ ਮੁਕਾਬਲਾ ਕਰਨ। ਆਪਣੀ ਜਾਨ ਪਿਆਰੀ ਨਾ ਕਰਨ, ਜਾਨ ਤੋਂ ਵੱਧ ਅਸੂਲ ਨੂੰ ਮੰਨਣ। ਉਸ ਵੇਲੇ ਨਵਾਬ ਨੇ ਕਿਹਾ ਕਿ ਤੁਸੀਂ ਐਉਂ ਕਰੋ ਕਿ ਇਹ ਜੋ ਤੁਹਾਡਾ ਧਰਮ ਹੈ ਇਹਨੂੰ ਦਿਓ ਛੱਡ ਤੇ ਤੁਸੀ ਦੀਨ-ਏ-ਇਸਲਾਮ ਕਬੂਲ ਕਰ ਲਓ -

***ਧਾਰਨਾ - ਅੱਲਾਹ ਭਜ ਲਓ ਵਾਹਿਗੁਰੂ ਛੱਡ ਕੇ,***
***ਬਖਸ਼ਾਂ ਜਾਨ ਪੜ੍ਹ ਲਓ ਕਲਮਾਂ।***

ਕਹਿਣ ਲੱਗੇ, ਦੇਖੋ ਦੀਨ-ਏ-ਇਸਲਾਮ ਵਿਚ ਵੀ ਅੱਲਾਹ-ਅੱਲਾਹ ਕਰਦੇ ਨੇ, ਤੁਸੀਂ ਵਾਹਿਗੁਰੂ-ਵਾਹਿਗੁਰੂ ਕਰਦੇ ਓਂ।

***ਦੀਨ ਬਿਖੈ ਆਵਹੁ ਤੁਮ ਅਬੈ।***
***ਤੁਰਕ ਸ਼ਰ੍ਹਾ ਕੋ ਮਾਨਹੁ ਸਬੈ।***
***ਪੁਨ ਤੁਮ ਕੌ ਦੇਂ ਬਹੁ ਬਡਿਆਈ।***
***ਗਜ ਬਾਜੀ ਅਰੁ ਧਨ ਸਮੁਦਾਈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਤੁਹਾਨੂੰ ਧਨ ਵੀ ਦੇਵਾਂਗੇ, ਘੋੜੇ ਵੀ ਦੇਵਾਂਗੇ, ਹਾਥੀ ਵੀ ਦੇਵਾਂਗੇ, ਰਹਿਣ ਵਾਸਤੇ ਤੁਹਾਨੂੰ ਵੱਡਾ ਮਹਿਲ ਦੇਵਾਂਗੇ।

***ਹਜ਼ਰਤ ਨਿਕਟ ਆਪਨੇ ਰਾਖੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਇਹ ਨਵਾਬ ਸਾਹਿਬ ਤੁਹਾਨੂੰ ਆਪਣੇ ਖਾਸ ਮਹੱਲ ਦੇ ਵਿਚ ਰੱਖਣਗੇ।

***ਪਾਲਨ ਪੋਸਨ ਕੌ ਅਭਿਲਾਖੈ।***

ਇਹ ਚਾਹੁੰਦੇ ਨੇ ਕਿ ਤੁਹਾਨੂੰ ਪਾਲ ਪੋਸ ਕੇ ਵੱਡਾ ਜਵਾਨ ਕੀਤਾ ਜਾਵੇ।

***ਦੇਹਿ ਗ੍ਰਾਮ ਕੁਛ ਬਡੋ ਬਨਾਵਹਿ।***
***ਕੇਤਿਕ ਚਮੂੰ ਸੰਗ ਤੁਮ ਲਾਵਹਿ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5951***

ਤੁਹਾਨੂੰ ਪਿੰਡ ਵੀ ਦੇ ਦੇਵਾਂਗੇ ਕੁਛ।

ਕੁਛ ਫੌਜ ਵੀ ਤੁਹਾਨੂੰ ਰੱਖਣ ਦੀ ਆਗਿਆ ਦੇ ਦੇਵਾਂਗੇ। ਪਰ ਐਨਾ

ਕੰਮ ਕਰ ਲਓ ਕਿ ਕਲਮਾ ਪੜ੍ਹ ਲਓ। ਤਾਂ ਉਸ ਵੇਲੇ ਇਕ ਦੂਜੇ ਵਲ ਦੇਖਿਆ ਤੇ ਹੱਸ ਪਏ। ਕਹਿਣ ਲੱਗੇ ਕਿ ਕਿੱਡਾ ਭੁਲੇਖਾ ਪਿਆ ਹੋਇਆ ਹੈ, ਸੰਸਾਰ ਨੂੰ –

*ਧਾਰਨਾ – ਅੱਲਾਹ ਵਾਹਿਗੁਰੂ ਹਰੀ ਦਾ ਨਾਮ ਇਕ ਹੈ,*
*ਭਰਮਾਂ ਵਿਚ ਪੈ ਗਈ ਦੁਨੀਆਂ।*

*ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥*
*ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ਅੰਗ – 885*

ਕਹਿਣ ਲੱਗੇ ਨਵਾਬ ਸਾਹਿਬ! ਇਹ ਕਿਹੜੀ ਗੱਲ ਕਹਿੰਦੇ ਓਂ, ਅੱਲਾਹ ਵੀ ਓਹੀ ਹੈ, ਵਾਹਿਗੁਰੂ ਵੀ ਓਹੀ ਹੈ ਇਹਦੇ ਵਿਚ ਤਾਂ ਕੋਈ ਫਰਕ ਨਹੀਂ ਹੈ, ਜੋ ਨਾਮ ਜਪਿਆ ਜਾਂਦਾ ਹੈ ਇਹ ਤੁਹਾਨੂੰ ਅਸੀਂ ਦਸਦੇ ਹਾਂ ਕਿ ਪਹਿਲਾਂ ਰਸਨਾ ਦੇ ਨਾਲ ਅਸੀਂ ਵਾਹਿਗੁਰੂ-ਵਾਹਿਗੁਰੂ ਅਸੀਂ ਕਰਦੇ ਹਾਂ। ਰਸਨਾ ਤੋਂ ਨਾਮ ਅੰਦਰ ਜਾਂਦਾ ਹੈ। ਚਾਰ ਬਾਣੀਆਂ ਦੇ ਨਾਲ ਜਪਿਆ ਜਾਂਦਾ ਹੈ, ਪਹਿਲਾਂ ਬੈਖਰੀ ਬਾਣੀ ਹੈ, ਦੱਸ ਗੁਣਾਂ ਫਲ ਵਧ ਜਾਂਦਾ ਹੈ, ਜਦ ਅਸੀਂ ਮਧਮਾ ਬਾਣੀ 'ਚ ਜਾਂਦੇ ਹਾਂ। ਸੌ ਗੁਣਾਂ ਫਲ ਵਧ ਜਾਂਦਾ ਹੈ ਜਦ ਅਸੀਂ ਪਸੰਤੀ ਬਾਣੀ 'ਚ ਜਾਂਦੇ ਹਾਂ। ਹਜ਼ਾਰ ਗੁਣਾਂ ਫਲ ਵਧ ਜਾਂਦਾ ਹੈ, ਜਦੋਂ ਅਸੀਂ ਪਰਾ ਬਾਣੀ 'ਚ ਜਾਂਦੇ ਹਾਂ। ਅਨਹਦ ਦੀ ਮਦਦ ਦੇ ਨਾਲ ਆਗਿਆ ਚੱਕਰ 'ਚ ਜਪਦੇ ਹਾਂ। ਤ੍ਰਿਕੁਟੀ 'ਚ ਜਪਦੇ ਹਾਂ। ਇਹ ਨਾਮ ਦਾ ਜੋ flow (ਵਹਾਅ) ਹੈ ਐਨਰਜੀ, ਇਹ ਜਦੋਂ ਸਰੀਰ ਦੇ ਵਿਚ ਸਾਰੇ ਦੇ ਵਿਚ vibration ਕਰਨ ਲਗ ਜਾਂਦੀ ਹੈ ਓਸ ਵੇਲੇ ਸਾਰਾ ਹੀ ਜੋ ਨਾਮ ਹੈ ਹਰ ਰੋਮ ਦੇ ਵਿਚ ਸਮਾ ਜਾਂਦਾ ਹੈ।

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥ ਅੰਗ – 941*

ਕਹਿਣ ਲੱਗੇ ਕਿ ਇਹ ਨਾਮ ਤਾਂ ਸਾਡੇ ਅੰਦਰ ਐਨਾ ਗਹਿਰਾ ਚਲਿਆ ਗਿਆ ਕਿ ਹੁਣ ਸਾਡੇ ਵਸ ਵਿਚ ਨਹੀਂ ਕਿ ਅਸੀਂ ਜਪੀਏ ਨਾ ਜਪੀਏ, ਇਹ ਆਪੇ ਹੀ –

*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ – 1291*

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ – 1256*

ਇਹ ਹੁਣ ਨਹੀਂ ਛੱਡਿਆ ਜਾਂਦਾ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

*ਧਾਰਨਾ – ਵਸਿਆ ਵਾਹਿਗੁਰੂ ਰੋਮ ਰੋਮ ਦੇਹੀ ਦੇ,*
*ਇਹ ਕਿਵੇਂ ਜਾਵੇ ਛੱਡਿਆ।*

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ 1 ॥*
*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ 1 ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥*

*ਅੰਗ - 809*

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥* *ਅੰਗ - 985*

ਇਕ ਵਾਰੀ ਪਿਆਰ ਲਗ ਗਿਆ, ਇਕ ਵਾਰੀ ਵਾਹਿਗੁਰੂ ਹਿਰਦੇ 'ਚ ਵਸ ਗਿਆ, ਪਿਆਰਿਓ ਫੇਰ ਹੋਰ ਮੰਤਰ ਕੋਈ ਜਪਿਆ ਹੀ ਨਹੀਂ ਜਾਂਦਾ। ਕਿਉਂਕਿ ਆਪੇ ਧੁਨੀ ਨਿਕਲਦੀ ਹੈ, ਜਿਵੇਂ ਉਬਲ ਨਿਕਲਦੀ ਹੈ ਨਾ, ਉਹਨੂੰ ਕਿਵੇਂ ਬੰਦ ਕਰ ਦੇਵੇ। ਅੱਲਾਹ-ਅੱਲਾਹ ਕਰ ਲਓ, ਰਾਮ-ਰਾਮ ਕਰ ਲਓ, ਠੀਕ ਹੈ ਵਾਹਿਗੁਰੂ ਦੇ ਨਾਮ ਨੇ ਕੋਈ ਵਿਖਸ਼ੇਪਤਾ ਨਹੀਂ ਹੈ ਇਹਦੇ ਵਿਚ। ਪਰ ਜਿਸ ਨਾਮ ਨੂੰ ਜਪ ਕੇ ਸਾਧਨਾ ਕੀਤੀ ਹੈ ਉਹ ਤਾਂ ਦੇਹੀ ਦੇ ਰੋਮ-ਰੋਮ ਵਿਚ ਰਚ ਗਿਆ। ਇਥੇ ਹੀ ਨਹੀਂ ਹੈ, ਅੱਖਾਂ ਦੇ ਨਾਲ ਨਾਮ ਜਪਦਾ ਹੈ, ਕੰਨਾਂ ਨਾਲ ਨਾਮ ਜਪਦਾ ਹੈ। ਕਈ ਪ੍ਰੇਮੀ ਹੈਰਾਨ ਹੁੰਦੇ ਨੇ ਕਿ ਅੱਖਾਂ ਨਾਲ ਵੀ ਨਾਮ ਜਪਿਆ ਜਾਂਦਾ ਹੈ? ਅੱਖਾਂ ਦੇ ਨਾਲ ਜਦੋਂ ਨਾਮ ਦੀ ਬਿਰਤੀ ਚੜ੍ਹ ਜਾਂਦੀ ਹੈ ਉਸ ਵੇਲੇ ਇਹ ਅੱਖ ਤਾਂ ਜਿਹੜੀ ਹੈ ਇਹ ਤਾਂ materialistic (ਪਦਾਰਥਵਾਦੀ) ਅੱਖ ਹੈ, ਅੱਖ ਹੋਰ ਖੁਲ੍ਹ ਜਾਂਦੀ ਹੈ। ਜਿਹਨੂੰ ਦਿਬਯ ਨੇਤਰ ਕਹਿੰਦੇ ਨੇ, ਉਹ ਦਿਬਯ ਨੇਤਰ ਖੁਲ੍ਹਦੇ ਸਾਰ ਹਰ ਥਾਂ ਦੇ ਉਤੇ ਪ੍ਰਮੇਸ਼ਰ ਨਜ਼ਰ ਆਉਣ ਲਗ ਜਾਂਦਾ ਹੈ।

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ - 407*

ਨਾਮ ਦੇ ਵਿਚੋਂ ਨਿਕਲਦੇ ਹੀ, ਨਾਮ ਦਾ ਇਹ ਅਨੁਭਵ ਹੋਇਆ ਕਰਦਾ ਹੈ। ਬਾਕੀ ਹੈ ਮੰਤਰ ਦਾ ਜਾਪ ਇਹ ਸਾਰੇ ਸਰੀਰ ਦੇ ਰੋਮ-ਰੋਮ 'ਚ ਰਚ ਜਾਂਦਾ ਹੈ। ਫੇਰ ਚਾਹੇ ਕੋਈ ਆਵਾਜ਼ ਆਉਂਦੀ ਹੈ -

*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥*

*ਅੰਗ - 1420*

ਹਰਹਟ ਘੂੰ-ਘੂੰ ਕਰਦਾ ਹੈ, ਮਹਾਰਾਜ ਕਹਿੰਦੇ ਘੂੰ-ਘੂੰ ਨਹੀਂ ਤੂੰ-ਤੂੰ

ਕਰਦਾ ਹੈ। ਘੂੰ-ਘੂੰ ਉਨ੍ਹਾਂ ਨੂੰ ਸੁਣਦਾ ਹੈ ਜਿਨ੍ਹਾਂ ਦੇ ਅੰਦਰਲੇ ਕੰਨ ਨਹੀਂ ਸੀ ਖੁਲ੍ਹੇ, ਦਿਬ ਕੰਨ੍ਹ ਨਹੀਂ ਸੀ ਖੁਲ੍ਹੇ। ਜਿਹਦੇ ਦਿਬਯ ਕੰਨ ਖੁਲ੍ਹ ਗਏ ਉਹਨੂੰ ਤੂੰ ਤੋਂ ਬਗੈਰ ਨਜ਼ਰ ਨਹੀਂ ਆਉਂਦਾ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - 1265***

ਜਿੰਨੀਆ ਆਵਾਜ਼ਾਂ ਸੁਣਦਾ ਹੈ ਸਾਰੀਆਂ ਪ੍ਰਮੇਸ਼ਰ ਦੀਆਂ ਸੁਣਦਾ ਹੈ -

***ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।***

ਇਹ ਜੋ ਆਪ ਦੀ ਗੱਲ ਹੈ ਕਿ ਅੱਲਾਹ ਦਾ ਨਾਮ ਲੈ ਲਓ, ਨਮਾਜ਼ ਪੜ੍ਹ ਲਓ, ਸ਼ਰ੍ਹਾ, ਕਲਮਾ ਪੜ੍ਹ ਲਓ ਇਹ ਤਾਂ ਅਸੀਂ ਪੜ੍ਹਿਆ ਹੋਇਆ ਹੈ। ਇਹ ਅਰਬੀ ਬੋਲੀ 'ਚ ਹੈ, ਅਸੀਂ ਅੱਲਾਹ ਨੂੰ ਵੱਖਰਾ ਨਹੀਂ ਜਾਣਦੇ, ਰਾਮ ਨੂੰ ਹੋਰ ਨਹੀਂ ਜਾਣਦੇ। ਇਹ ਸਭ -

***ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ਅੰਗ - 1168***

ਸਤਿਕਾਰ ਕਰਦੇ ਹਾਂ ਸਾਰੇ ਨਾਮਾਂ ਦਾ, ਪਰ ਜੋ ਨਾਮ ਸਾਡੇ ਹਿਰਦੇ 'ਚ ਵਸ ਗਿਆ, ਰੋਮ-ਰੋਮ 'ਚ ਵਸ ਗਿਆ, ਕੰਨਾਂ ਨੂੰ ਓਹੀ ਨਾਮ ਸੁਣਦਾ ਹੈ, ਇਹ ਕਿਵੇਂ ਨਿਕਲ ਜਾਏਗਾ। ਜੀਭ ਨਾਲ ਜਪਦੇ ਹੋਈਏ ਤਾਂ ਅੱਲਾਹ ਕਹਿ ਸਕਦੇ ਹਾਂ, ਹੁਣ ਤਾਂ ਲੰਘ ਗਿਆ ਦੂਰ। ਇਹ ਨਹੀਂ ਹੋ ਸਕਦਾ। ਸੋ ਏਸ ਤਰ੍ਹਾਂ ਦੇ ਨਾਲ ਕਹਿਣ ਲੱਗੇ ਕਿ ਫੇਰ ਤਾਂ ਤੁਹਾਨੂੰ ਮੌਤ ਕਬੂਲਣੀ ਪੈਣੀ ਹੈ। ਕਹਿਣ ਲੱਗੇ ਕਿ ਇਹ ਤਾਂ ਗੱਲ ਹੀ ਨਹੀਂ ਕੋਈ, ਆਪਸ ਵਿਚ ਗੱਲ ਕਰਨ ਲੱਗ ਗਏ, ਕਹਿੰਦੇ ਐਉਂ ਕਹਿੰਦੇ ਨੇ, ਆਪਣੇ ਪੜਦਾਦਾ ਜੀ ਜਿਹੜੇ ਸੀਗੇ ਉਨ੍ਹਾਂ ਨੇ ਵੀ ਧਰਮ ਨਹੀਂ ਸੀ ਹਾਰਿਆ, ਤੱਤੀਆਂ ਤਵੀਆਂ ਤੇ ਬੈਠ ਗਏ, ਦੇਗਾਂ 'ਚ ਉਬਾਲੇ ਖਾ ਲਏ, ਤੱਤੀ ਰੇਤ ਸੀਸ 'ਚ ਪੁਆ ਲਈ। ਫੇਰ ਆਪਣੇ ਦਾਦਾ ਜੀ ਨੇ ਦਿੱਲੀ ਜਾ ਕੇ ਸੀਸ ਦੇ ਦਿਤਾ। ਇਹ ਤਾਂ ਆਪਣੀ ਕੁਲ ਦੀ ਰੀਤ ਤੁਰੀ ਆਈ ਹੈ -

***ਹਮਰੇ ਬੰਸ ਰੀਤਿ ਇਮ ਆਈ।***
***ਸੀਸ ਦੇਤਿ ਪਰ ਧਰਮ ਨ ਜਾਈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5952***

ਇਹ ਰਘੁ ਕੁਲ ਦੀ ਜਿਵੇਂ ਰੀਤ ਹੈ, ਕਿ ਬਚਨ ਨਾ ਜਾਵੇ, ਚਾਹੇ ਕੁਛ ਹੋ ਜਾਵੇ ਬਚਨ ਪੂਰਾ ਕਰਾਂਗੇ। ਪਰ ਇਹ ਆਪਣੇ ਕੁਲ ਦੀ ਰੀਤ ਹੈ ਕਿ ਸੀਸ ਦੇ ਦੇਣਾ ਤੇ ਧਰਮ ਤੋਂ ਨਾ ਹਾਰਨਾ। ਕਹਿਣ ਲੱਗੇ ਕਿ ਇਹ ਸਾਡੀ ਰੀਤ ਹੈ ਪਿਆਰਿਓ! ਇਹ ਸੀਸ ਦੇ ਕੇ -

***ਤੁਮਰੀ ਜਰਾ ਉਖਾਰਨਿ ਹੇਤ।***
***ਹਮ ਨਹਿੰ ਡਰਪਹਿੰਗੇ ਸਿਰ ਦੇਤਿ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5952***

ਜਿਹੜਾ ਤੁਸੀਂ ਕਹਿੰਦੇ ਓ ਕਿ ਸੀਸ ਦਿੰਦੇ, ਮੌਤ ਤੋਂ ਡਰਾਂਗੇ। ਨਹੀਂ

–

***ਧਾਰਨਾ – ਜਿਹੜੀ ਮੌਤ ਤੋਂ ਡਰੇ ਜਗ ਸਾਰਾ***
***ਮੇਰੇ ਮਨ ਆਨੰਦ ਹੈ ਜਿਹੜੀ ਮੌਤ ਤੋਂ।***

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥***

***ਅੰਗ – 1365***

ਕਹਿਣ ਲੱਗੇ ਕਿਸ ਚੀਜ਼ ਨੂੰ ਤੁਸੀਂ ਮਾਰ ਦਿਓਂਗੇ। ਸਰੀਰ ਨੂੰ ਮਾਰ ਦਿਓਂਗੇ, ਸਰੀਰ ਤਾਂ ਪੰਜ ਤੱਤ ਦਾ ਜੋੜ ਹੋਇਆ ਹੋਇਆ ਹੈ, ਜਿਹਨੂੰ ਤੁਹਾਡੀ ਤਲਵਾਰ ਕੱਟ ਦੇਵੇਗੀ। 25 ਪ੍ਰਕ੍ਰਿਤੀਆਂ ਦੇ ਨਾਲ ਪੰਜ ਗਿਆਨ ਇੰਦਰੇ ਬਣੇ ਹੋਏ ਨੇ। ਪੰਜ ਪ੍ਰਾਣ ਹੈ ਉਹ ਤੁਹਾਡੇ ਤੋਂ ਕੱਟੇ ਨਹੀਂ ਜਾਣੇ। ਇਹਦੇ ਉਤੇ ਮਨ ਹੈ ਉਹਨੂੰ ਨਹੀਂ ਤੁਸੀਂ ਕੱਟ ਸਕਦੇ, ਬੁੱਧੀ ਨੂੰ ਨਹੀਂ ਤੁਸੀਂ ਕੱਟ ਸਕਦੇ, ਮੈਂ ਭਾਵ ਨੂੰ ਨਹੀਂ ਕੱਟ ਸਕਦੇ।

ਕਹਿਣ ਲੱਗੇ, ਅਸੀਂ ਓਸ ਥਾਂ ਦੇ ਹਾਂ ਜਿਥੇ ਮੌਤ ਨਹੀਂ ਆਉਂਦੀ।

***ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ॥***
***ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ॥***

***ਅੰਗ – 808***

ਨਾ ਉਥੇ ਬੁਢਾਪਾ ਆਉਂਦਾ ਹੈ, ਨਾ ਮੌਤ ਆਉਂਦੀ ਹੈ। ਨਾ ਉਥੇ ਦੁਖ ਆਉਂਦਾ ਹੈ। ਅਸੀਂ ਨਾਮ ਅੰਮ੍ਰਿਤ ਪੀਤਾ ਹੈ। ਸਾਡਾ ਆਤਮ ਸਰੂਪ ਹੈ ਜਿਸਨੂੰ ਤਲਵਾਰ ਕੱਟ ਨਹੀਂ ਸਕਦੀ। ਅੱਗ ਜਾਲ ਨਹੀਂ ਸਕਦੀ, ਪਾਣੀ ਡੋਬ ਨਹੀਂ ਸਕਦਾ, ਆਕਾਸ਼ ਸੁਕਾ ਨਹੀਂ ਸਕਦਾ। ਮਰਨਾ ਕਿਹੜੀ ਚੀਜ਼ ਨੇ ਹੈ ਸਰੀਰ ਤਾਂ ਬਿਨਸਨਹਾਰ ਹੈ, ਅੱਜ ਨਾ ਗਿਆ ਤਾਂ ਕੱਲ੍ਹ ਚਲਿਆ ਗਿਆ। ਜੇ ਕਿਤੇ ਲੇਖੇ ਲਗ ਜਾਏ ਤਾਂ ਚੰਗਾ ਭਲਾ ਹੈ। ਐਹ ਕਾਹਦਾ ਸਾਨੂੰ ਡਰਾਵਾ ਦਿੰਦੇ ਹੋਂ ਕਿ ਤੁਹਾਨੂੰ ਅਸੀਂ ਮਾਰ ਦੇਵਾਂਗੇ। ਏਸ ਸੰਸਾਰ ਤੇ ਕੋਈ ਨਹੀਂ ਰਿਹਾ। ਲੇਕਿਨ ਜਿਹੜਾ ਸੱਚਾ ਧਰਮ ਹੈ ਉਹ ਨਾਲ ਜਾਂਦਾ ਹੈ।

***ਕਹਾਂ ਮੰਦ ਮਤਿ! ਤੂੰ ਬਿਰਮਾਵੈਂ।***
***ਕੂਰ ਪਦਾਰਥ ਪਰ ਨ ਲੁਭਾਵੈਂ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5952***

ਝੂਠੀਆਂ ਚੀਜ਼ਾਂ ਸਾਨੂੰ ਦਿੰਦਾ ਹੈਂ ਕਿ ਆਹ ਮਕਾਨ ਦੇ ਦੇਵਾਂਗੇ, ਫੌਜ ਦੇ ਦੇਵਾਂਗੇ।

***ਧਰਮ ਸਾਚ ਹੈ ਸਦ ਹੀ ਸੰਗ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ – 5952***

ਜਿਹੜਾ ਸੱਚਾ ਧਰਮ ਹੈ ਉਹ ਇਥੇ ਵੀ ਸੰਗ ਹੈ ਤੇ ਦਰਗਾਹ ਵਿਚ

ਵੀ ਨਾਲ ਹੈ।

***ਕੌ ਅਸ ਮੂਰਖ ਕਰਹਿ ਜੁ ਭੰਗ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ - 5952***

ਐਹੋ ਜਿਹਾ ਕਿਹੜਾ ਹੈ ਜਿਹੜਾ ਧਰਮ ਨੂੰ ਭੰਗ ਕਰ ਦੇਵੇ। ਉਸ ਵੇਲੇ ਨਵਾਬ ਕਹਿਣ ਲੱਗਿਆ, ਦੇਖਿਆ ਸ਼ੇਰਖਾਨ ਵਲ, ਜੋ ਮਲੇਰਕੋਟਲੇ ਦਾ ਸੀ। ਕਹਿਣ ਲੱਗਿਆ ਕਿ ਤੁਹਾਡੇ ਭਰਾ ਨੂੰ ਇਨ੍ਹਾਂ ਦੇ ਪਿਤਾ ਨੇ ਮਾਰਿਆ ਹੈ। ਐਹ ਬੱਚੇ ਤੁਹਾਡੇ ਹਵਾਲੇ ਕਰਦੇ ਹਾਂ ਜਿਵੇਂ ਤੁਹਾਡਾ ਜੀਅ ਕਰਦਾ ਹੈ ਉਵੇਂ ਕਰੋ। ਕਹਿਣ ਲੱਗਿਆ, ਨਵਾਬ ਕਿ ਮੈ ਐਨਾ ਬੁਝਦਿਲ ਕਿ ਇਨ੍ਹਾਂ ਸ਼ੀਰਖੋਰ ਬੱਚਿਆਂ ਦੇ ਉਤੇ ਆਪਣੀਆਂ ਤਲਵਾਰਾਂ ਚਲਾਵਾਂ। ਇਨ੍ਹਾਂ ਨੇ ਕੀ ਵਿਗਾੜਿਆ ਹੈ। ਜੇ ਹਿੰਮਤ ਹੈ ਤਾਂ ਇਨ੍ਹਾਂ ਦੇ ਪਿਤਾ ਨਾਲ ਮੈਦਾਨ-ਏ-ਜੰਗ 'ਚ ਲੜੋ, ਉਹ ਕਿਤੇ ਨਹੀਂ ਗਿਆ ਉਹ ਨਿਕਲ ਗਿਆ ਸਾਰਿਆਂ ਦੇ ਵਿਚੋਂ। ਤੁਸੀਂ ਕਹਿੰਦੇ ਓਂ ਮਾਰ ਦਿਤਾ ਕੀਹਨੇ ਮਾਰਿਆ ਹੈ ਓਸਨੂੰ। ਉਹ ਬਹਾਦਰ ਨਹੀਂ ਕਿਸੇ ਦੇ ਕਾਬੂ ਆਉਣ ਵਾਲਾ। ਫੇਰ ਜੇ ਹਿੰਮਤ ਹੈ ਤਾਂ ਉਹਦੇ ਨਾਲ ਦੋ ਹੱਥ ਕਰੋ। ਆਹ ਬੱਚਿਆਂ ਨੂੰ ਸਾਡੇ ਹਵਾਲੇ ਕਰਦੇ ਓਂ? ਹਾਂ ਕਦੇ ਮੈਦਾਨ-ਏ-ਜੰਗ 'ਚ ਕਦੇ ਸਾਮ੍ਹਣੇ ਹੋਵਾਂਗੇ, ਜ਼ਰੂਰ ਅਸੀਂ ਮੁਕਾਬਲਾ ਕਰਾਂਗੇ। ਇਨ੍ਹਾਂ ਬੱਚਿਆਂ ਦਾ ਕੀ ਕਸੂਰ ਹੈ। ਕਿਹੜੀ ਸ਼ਰਾ ਹੈ ਜਿਹਦੇ ਨਾਲ ਤੁਸੀਂ ਫਤਵਾ ਲਾਉਂਦੇ ਓਂ ਸ਼ੀਲਖੋਰ ਬੱਚਿਆਂ ਨੂੰ। ਇਹ ਜਿਹੋ ਜਿਹੇ ਮਾਹੌਲ 'ਚ ਪਲੇ ਨੇ ਓਹੋ ਜਿਹੀ ਗੱਲ ਕਰਦੇ ਨੇ। ਬਈ ਅਸੀਂ ਦੁਸ਼ਟ ਦੋਖੀ ਜਿਹੜੇ ਨੇ ਉਹ ਮੁਕਾਉਣੇ ਨੇ, ਦੁਨੀਆਂ ਨੂੰ ਤੰਗ ਕਰਨ ਵਾਲੇ, ਮਾਰਨ ਵਾਲੇ। ਇਨ੍ਹਾਂ ਉਤੇ ਤਾਂ ਸ਼ਰ੍ਹਾ ਲਗਦੀ ਨਹੀਂ ਹੈ। ਅਖੀਰ ਝੂਠਾ ਨੰਦ ਦੇ ਕਹਿਣ ਦੇ ਨਾਲ ਸ਼ਰਾ ਲਾ ਦਿਤੀ ਗਈ ਕਿ ਇਹ ਛੱਡਣੇ ਨਹੀਂ ਕਿਸੇ ਕੀਮਤ ਤੇ ਵੀ। ਖੁਸ਼ ਕਰ ਰਿਹਾ ਸੀ ਉਨ੍ਹਾਂ ਨੂੰ। ਤੂੰ ਪ੍ਰੇਮੀਆਂ ਕੀ ਸੰਸਾਰ ਤੇ ਰਹਿਣਾ ਹੈ? ਪਾਪ ਕਰਕੇ ਨਹੀਂ ਕੋਈ ਬਚਦਾ ਹੁੰਦਾ। ਸੋ ਏਸ ਤਰ੍ਹਾਂ ਨੀਹਾਂ ਦੇ ਵਿਚ ਚਿਣਨ ਦਾ ਹੁਕਮ ਹੋ ਗਿਆ। ਨੀਹਾਂ ਦੇ ਵਿਚ ਚਿਣਦੇ ਨੇ ਤੇ ਜਿਸ ਵਕਤ ਛਾਤੀ ਕੋਲ ਪਹੁੰਚਦੀ ਹੈ, ਓਸ ਵੇਲੇ ਐਸਾ ਧਰਤੀ ਦੇ ਵਿਚ ਹੁਲਾਰਾ ਆਇਆ ਕਿ ਨੀਂਹ ਪਾਟ ਕੇ ਗਿਰ ਗਈ ਸਾਰੀ। ਤੇ ਨਾਲ ਦੀ ਨਾਲ ਇਕ ਬਹੁਤ ਜ਼ਬਰਦਸਤ ਹਨ੍ਹੇਰੀ ਚੱਲੀ। ਅੱਖਾਂ ਦੇ ਵਿਚ ਪੈ ਗਈ, ਦਹਿਲ ਪੈ ਗਿਆ ਸਾਰਿਆਂ ਦੇ ਮਨਾਂ ਵਿਚ ਕਿ ਆਹ ਮਾੜਾ ਕੰਮ ਹੋ ਰਿਹਾ ਹੈ, ਇਹ ਤਾਂ ਸ਼ਹਿਰ ਗਰਕ ਹੋ ਜਾਏਗਾ, ਹੁਣ ਹੋ ਜਾਏ ਚਾਹੇ ਫੇਰ ਹੋ ਜਾਵੇ। ਓਸ ਵੇਲੇ ਦੋ ਜਲਾਦ ਦਿੱਲੀ ਦੇ ਉਥੇ ਪਹੁੰਚ ਜਾਂਦੇ ਨੇ। ਜਲਾਦਾਂ ਨੂੰ ਕਿਹਾ, ਉਹ ਕਹਿੰਦੇ ਨਾ ਇਹ ਕੰਮ ਨਹੀਂ ਸਾਡੇ ਤੋ ਹੋਣਾ। ਅਸੀਂ ਕੋਈ ਪੈਸਾ ਨਹੀਂ ਲੈਣਾ ਇਹਦਾ। ਭਾਵੇਂ ਡਿਊਟੀ ਹੈ ਸਾਡੀ ਮਾਰਨ ਦੀ, ਪਰ ਇਹ ਸ਼ੀਰਖੋਰ ਬੱਚੇ ਨੇ। ਇਨ੍ਹਾਂ ਨੂੰ ਤਾਂ ਦੇਖੀ ਜਾਓ, ਕੱਪੜੇ ਪਾਏ ਹੋਏ ਨੇ ਨੀਲੇ ਜਿਹੇ ਰੰਗ ਦੇ, ਗੋਰਾ ਰੰਗ ਹੈ, ਕਿੰਨੇ ਸੋਹਣੇ ਲਗਦੇ ਨੇ। ਨਾ ਨਵਾਬ ਸਾਹਿਬ! ਸਾਡੀ ਤਲਵਾਰ ਇਨ੍ਹਾਂ ਤੇ ਨਹੀਂ

ਚਲ ਸਕਦੀ। ਇਨ੍ਹਾਂ ਨੇ ਦੋਸ਼ ਵੀ ਕਿਹੜਾ ਕਰਿਆ ਸੀ। ਪਾਪੀ ਤਾਂ ਅਸੀਂ ਬਹੁਤ ਹਾਂ, ਵੱਡੇ-ਵੱਡੇ ਬੰਦਿਆਂ ਨੂੰ ਕੱਟ ਕੇ ਅਸੀਂ ਓਹ ਮਾਰਦੇ ਹਾਂ। ਪਰ ਉਹ ਡਿਊਟੀ ਹੁੰਦੀ ਹੈ, ਕਾਨੂੰਨ ਕਹਿੰਦਾ ਹੈ ਪਹਿਲਾਂ ਫੇਰ ਅਸੀਂ ਕਰਦੇ ਹਾਂ। ਆਹ ਸ਼ੀਰਖੋਰ ਬੱਚਿਆਂ ਨੂੰ ਕਿਵੇਂ ਮਾਰ ਦੇਈਏ? ਐਨੇ ਨੂੰ ਦੋ ਹੋਰ ਆ ਗਏ, ਦਿੱਲੀ ਤੋਂ ਆ ਗਏ, ਉਨ੍ਹਾਂ ਨੂੰ ਕੰਮ ਸੀ, ਨਵਾਬ ਕਹਿਣ ਲੱਗਿਆ ਕਿ ਐਹ ਬੱਚੇ ਬੇਹੋਸ਼ ਨੇ ਇਨ੍ਹਾਂ ਨੂੰ ਕੰਬਲ ਦੇ ਕੇ ਪਾਓ, ਤਲੀਆਂ ਮਲੋ, ਹੋਸ਼ ਵਿਚ ਲਿਆਓ, ਇਕ ਵਾਰੀ ਫੇਰ ਪੁੱਛ ਲਓ। ਤੇ ਅਗਲੇ ਦਿਨ ਫੇਰ ਪੁਛਿਆ ਉਹ ਕਹਿੰਦੇ ਨਹੀਂ ਸਰੀਰ ਨਹੀਂ ਅਸੀਂ ਪਿਆਰਾ ਕਰਨਾ, ਧਰਮ ਪਿਆਰਾ ਕਰਨਾ ਹੈ। ਓਸ ਵੇਲੇ ਇਨ੍ਹਾਂ ਨੇ ਦੋਹਾਂ ਬੱਚਿਆਂ ਨੂੰ ਬੜੀ ਬੇਰਹਿਮੀ ਦੇ ਨਾਲ ਸ਼ਹੀਦ ਕੀਤਾ, ਛਾਤੀ ਦੇ ਗੋਡੇ ਰੱਖ ਲਏ, ਕੁਇੰਟਲ-ਕੁਇੰਟਲ, ਡੇਢ-ਡੇਢ ਕੁਇੰਟਲ ਭਾਰੇ ਸੀਗੇ। ਜਿਵੇਂ ਬੱਕਰੇ ਨੂੰ ਜਿਹਬਾ ਕਰਦੇ ਨੇ ਐਸ ਤਰ੍ਹਾਂ ਦੇ ਨਾਲ ਉਨ੍ਹਾਂ ਦੀ ਗਰਦਨ ਕੱਟੀ। ਸ਼ਹੀਦ ਹੋ ਗਏ, ਲੇਕਿਨ ਐਸੀ ਕਰਨੀ ਕਰ ਗਏ ਸੰਸਾਰ ਦੇ ਅੰਦਰ।

ਇਹਦੇ ਵਿਚ ਇਕ ਸਵਾਲ ਪੈਦਾ ਹੁੰਦਾ ਹੈ, ਆਪਾਂ ਸ਼ੁਰੂ ਕਰਿਆ ਸੀ ਕਿ

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ ॥*** ***ਅੰਗ - 682***

ਬਈ ਰੱਬ ਕਿੱਥੇ ਚਲਿਆ ਗਿਆ ਉਸ ਵੇਲੇ? ਕੁਦਰਤੀ ਆਉਂਦੀ ਹੈ ਇਹ ਗੱਲ। ਦੂਸਰੀ ਆਉਂਦੀ ਹੈ ਕਿ ਗੁਰੂ ਸਾਹਿਬ ਨੇ ਜੇ ਆਪਣੇ ਬੱਚਿਆਂ ਨੂੰ ਨਾ ਬਚਾ ਸਕੇ ਫੇਰ ਸਾਡੀ ਕੀ ਸਹਾਇਤਾ ਕਰਨਗੇ? ਸਾਡਾ faith ਹੀ ਹੈ, ਜਾਂ ਇਹਦੇ ਵਿਚ ਕੋਈ ਭੇਤ ਹੈ। ਮੈਂ ਪਹਿਲਾਂ ਹੀ ਬੇਨਤੀ ਕਰੀ ਸੀ ਕਿ ਭਗਤ ਚਾਰ ਪ੍ਰਕਾਰ ਦੇ ਹੁੰਦੇ ਨੇ। ਚੌਥੀ ਜਿਹੜੀ ਭਗਤੀ ਦੀ supreme ਜਿਹੜੀ ਕਿਸਮ ਹੈ ਉਹ ਹੈ ਗਿਆਨੀ ਭਗਤ। ਜਿਹੜੇ ਦੇਹ ਅਧਿਆਸ ਨੂੰ ਤੋੜ ਕੇ ਆਪਣੇ ਆਪ ਨੂੰ ਆਤਮਾ ਮੰਨਦੇ ਨੇ, ਅਰ ਇਹ ਮੰਨਦੇ ਕਿ ਆਤਮਾ ਸਤਿ ਹੈ ਬਾਕੀ ਅਨਾਤਮ ਸਾਰਾ ਝੂਠ ਹੈ। ਅਨਾਤਮ ਨੇ ਰਹਿਣਾ ਨਹੀਂ ਤੇ ਜਿਹੜਾ ਹੈ ਹੀ ਆਤਮਾ, ਵਿਸ਼ਵਾਸ਼ ਹੈ ਕਿ ਇਹਨੂੰ ਕੋਈ ਮਾਰ ਹੀ ਨਹੀਂ ਸਕਦਾ, ਉਹ ਤਾਂ ਆਪੇ ਹੀ ਆਪ ਹੈ, ਦੂਜਾ ਤਾਂ ਕੋਈ ਉਥੇ ਹੈ ਕੋਈ ਨਹੀਂ। ਪ੍ਰਭੂ ਨਾਲ ਮਿਲੇ ਹੋਏ ਨੇ। ਉਹਨੂੰ ਤਾਂ ਪਤਾ ਹੈ ਇਹ ਇਕ ਖੇਡ ਹੋ ਰਹੀ ਹੈ, ਡਰਾਮਾ ਹੋ ਰਿਹਾ ਹੈ, ਉਹ ਜਾਣਦੇ ਨੇ ਪ੍ਰਭੂ ਨੂੰ। ਸਦਾ ਦਾ ਜੀਵਨ ਉਨ੍ਹਾਂ ਨੂੰ ਪ੍ਰਾਪਤ ਹੈ। ਤਿੰਨ ਕਿਸਮ ਦੇ ਭਗਤਾਂ ਕੋਲ ਪ੍ਰਭੂ ਆਉਂਦਾ ਹੈ। ਆਰਥ ਭਗਤਾਂ ਦੇ ਕੋਲ, ਅਰਥਾ ਅਰਥੀ ਵਾਲਿਆਂ, ਅਨਹਲ ਭਗਤਾਂ ਕੋਲ, ਜਿਹੜੇ ਗਿਆਨੀ ਭਗਤ ਨੇ, ਭਾਈ ਮਤੀ ਦਾਸ ਗਿਆਨੀ ਭਗਤ ਸੀ, ਬੰਦ-ਬੰਦ ਕਟਿਆ ਗਿਆ, ਨਹੀਂ ਲੋਚਾ ਕਰੀ, ਬਈ ਮਰਨਾ ਨਹੀਂ ਅਸੀਂ। ਸਰੀਰ ਨੇ ਰਹਿਣਾ ਨਹੀਂ ਹੈ। ਭਾਈ ਦਿਆਲਾ ਜੀ ਗੁਰੂ ਸਾਹਿਬ ਦੇ ਸਾਮ੍ਹਣੇ ਉਬਾਲੇ ਗਏ, ਗੁਰੂ ਮਹਾਰਾਜ ਰਖਿਆ

ਕਰ ਦਿੰਦੇ, ਲੇਕਿਨ ਉਹ ਸਰੀਰ ਤੋਂ ਉਪਰ ਸੀ, ਦੇਹ ਅਧਿਆਸ ਟੁੱਟਿਆ ਹੋਇਆ, ਵਿਦੇਹ ਅਵਸਥਾ ਦੇ ਸੀ ਉਹ। ਅਮਰ ਅਵਸਥਾ ਸੀ ਉਨ੍ਹਾਂ ਦੀ। ਅਮਰ ਅਵਸਥਾ ਲੋਚਾ ਹੀ ਨਹੀਂ ਕਰਦੀ ਕਿ ਸਾਨੂੰ ਕੋਈ ਬਚਾਓ। ਉਹ ਆਪ ਹੀ ਸਮਰੱਥ ਹੁੰਦੇ ਨੇ। ਜੇ ਉਹ ਚਾਹੁੰਣ ਸਭ ਕੁਛ ਕਰ ਸਕਦੇ ਨੇ। ਭਾਈ ਪ੍ਰਾਣਾ ਗੁਰੂ ਪੰਜਵੇਂ ਪਾਤਸ਼ਾਹ ਦੇ ਨਾਲ ਬੰਦ ਕਰਿਆ ਹੋਇਆ ਹੈ, ਜਿਸ ਵਕਤ ਗੁਰੂ ਮਹਾਰਾਜ ਨੂੰ ਲਾਲ ਗਰਮ ਤਵੀ ਦੇ ਉਤੇ ਚਰਨ ਧਰਨ ਵਾਸਤੇ ਕਿਹਾ, ਮਹਾਰਾਜ ਨੇ ਚਰਨ ਧਰਿਆ ਤੇ ਉਹ ਖੜ੍ਹਾ ਹੋ ਕੇ ਦੋਹੇਂ ਬਾਹਾਂ ਉਚੀਆਂ ਕਰਕੇ ਤਾਲੀ ਵਜਾਉਣ ਲੱਗਿਆ, ਮਹਾਰਾਜ ਨੇ ਕਿਹਾ, ਭਾਈ ਪ੍ਰਾਣਾ ਠਹਿਰ, ਕੀ ਕਰਨ ਲੱਗਿਆ ਹੈਂ? ਕਹਿੰਦਾ ਮਹਾਰਾਜ! ਮੈਂ ਨਹੀਂ ਦੇਖ ਸਕਦਾ। ਜਾਂ ਤਾਂ ਮੈਨੂੰ ਐਡਾ ਦਿਲ ਦੇਵੋ ਕਿ ਮੈਂ ਦੇਖ ਲਵਾਂ। ਮੈਂ ਨਹੀਂ ਦੇਖ ਸਕਦਾ ਮੈਂ ਲਾਹੌਰ ਨੂੰ ਗਰਕ ਕਰਨ ਲੱਗਿਆ ਹਾਂ। ਮੀਆਂ-ਮੀਰ ਆਉਂਦਾ ਹੈ ਕਿ ਮੈਂ curse (ਸਰਾਪ) ਕਰਦਾ ਨਵਾਬ ਨੂੰ। ਮਹਾਰਾਜ ਤੁਸੀਂ ਕਰੋ। ਗੋਰਖ ਆਉਂਦਾ ਹੈ ਕਿ ਮੈਂ ਹਵੇਲੀ ਨੂੰ ਧਰਤੀ 'ਚ ਗਰਕ ਕਰ ਦੇਣਾ ਹੈ। ਤੁਸੀਂ ਕਿਉਂ ਨਹੀਂ curse (ਸਰਾਪ ਦੇਣਾ) ਕਰਦੇ। ਮਹਾਰਾਜ ਕਹਿੰਦੇ ਮੀਆਂ ਮੀਰ ਇਥੇ ਆਤਮਾ ਤੋਂ ਬਗੈਰ ਦੂਜਾ ਹੈ ਕੋਈ ਨਹੀਂ-

*ਮਨਿ ਸਾਚਾ ਮੁਖਿ ਸਾਚਾ ਸੋਇ ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥*

***ਅੰਗ - 272***

ਇਹ ਗੱਲ ਤੈਨੂੰ ਸਮਝਾਉਣੀ ਸੀ ਕਿ ਮਹਾਂਪੁਰਸ਼ ਜਿਹੜੇ ਹੁੰਦੇ ਨੇ ਉਹ ਆਪਣੇ ਗਿਆਨ ਦੇ ਵਿਚ ਪਰਪੱਕ ਹੁੰਦੇ ਨੇ, ਕੀਹਨੂੰ ਮੈਂ ਸਰਾਪ ਦੇਵਾਂ ਇਥੇ ਪ੍ਰਭੂ ਤੋਂ ਬਗੈਰ ਕੋਈ ਹੋਰ ਹੈ? ਇਹ ਤਾਂ ਇਕ ਖੇਡ ਹੋ ਰਹੀ ਹੈ, ਖੇਡ ਦੇ ਵਿਚ ਅਸੀਂ ਖੇਡਦੇ ਹਾਂ। ਉਥੇ ਸਵਾਲ ਹੀ ਨਹੀਂ ਪੈਦਾ ਹੁੰਦਾ ਕਿ ਕੋਈ ਆਵੇ ਤੇ ਰਾਖੀ ਕਰੇ।

ਸੋ ਇਹ ਬੜਾ ਭੁਲੇਖਾ ਹੈ ਸਾਡੇ ਮਨਾਂ 'ਚ ਬਗੈਰ ਗਿਆਨ ਤੋਂ ਸਾਡੇ ਅੰਦਰੋਂ ਲਹਿੰਦਾ ਨਹੀਂ ਹੈ। ਸੋ ਇਸ ਕਰਕੇ ਇਹ ਇਕ ਕੌਤਕ ਹੋ ਰਿਹਾ ਸੀ, ਵਰਤ ਰਹੀ ਸੀ ਖੇਲ੍ਹ। ਉਸ ਵੇਲੇ ਆਪ ਨੇ ਸੀਸ ਦੇ ਦਿਤਾ ਤੇ ਧਰਮ ਦੀ ਰਖਿਆ ਕਰ ਦਿਤੀ। ਐਸ ਥਾਂ ਦੇ ਉਤੇ ਸ਼ੋਕ ਹੋ ਰਿਹਾ ਹੈ, ਸਾਰਾ ਸ਼ਹਿਰ ਸ਼ੋਕਵਾਨ ਹੋ ਗਿਆ, ਕੀ ਮੁਸਲਮਾਨ ਕੀ ਹਿੰਦੂ, ਸਭ ਕਹਿੰਦੇ ਨੇ ਕਿ ਮਾੜਾ ਕੰਮ ਹੋਇਆ, ਧਰਤੀ ਡੋਲ ਰਹੀ ਹੈ, ਹਨ੍ਹੇਰੀ ਬੇ-ਮੌਸਮਾ ਚਲ ਰਹੀ ਹੈ। ਬੱਦਲ ਕੋਈ ਨਹੀਂ, ਬੱਦਲ ਗਰਜ ਰਿਹਾ ਹੈ, ਅਸਮਾਨ 'ਚ ਬਿਜਲੀ ਕੜਕ ਰਹੀ ਹੈ, ਮਾੜੇ ਸ਼ਗਨ ਆ ਰਹੇ ਨੇ। ਲੇਕਿਨ ਇਨ੍ਹਾਂ ਨੇ ਧਰਮ ਰੱਖਿਆ, ਇਥੇ ਵੀ ਜੈ-ਜੈਕਾਰ, ਸ਼ੁਭ ਮੰਡਲਾਂ ਵਿਚ ਵੀ ਤੇ ਅੱਗੇ ਦਰਗਾਹ ਵਿਚ ਵੀ। ਪੜ੍ਹੋ ਪਿਆਰ ਨਾਲ -

***ਧਾਰਨਾ - ਵਾਹਵਾ-ਵਾਹਵਾ ਬਈ ਸੀਸ ਦੇ ਕੇ ਧਰਮ ਰਖਿਆ।***
***ਜੈ-ਜੈਕਾਰ ਦਰਗਾਹ ਵਿਚ ਹੋਵੇ।***

ਧਰਮ ਦੀ ਰਾਖੀ ਵਾਸਤੇ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਦਾ ਸਾਨੂੰ ਸੁਨੇਹਾ ਦੇ ਗਏ। ਐਡੀ ਵੱਡੀ ਕੁਰਬਾਨੀ ਹੈ ਦੁਨੀਆਂ ਦੇ ਇਤਿਹਾਸ ਦੇ ਅੰਦਰ, ਛੋਟੇ ਬੱਚੇ ਕਿਸ ਤਰ੍ਹਾਂ ਦ੍ਰਿੜ੍ਹਤਾ ਦੇ ਨਾਲ ਧਰਮ ਵਾਸਤੇ ਆਪਣੇ ਪ੍ਰਾਣਾਂ ਦਾ ਤਿਆਗ ਕਰਦੇ ਨੇ। ਸੋ ਐਸੀ ਜੋ ਸ਼ਹੀਦ ਨੇ, ਐਸੀ ਕਰਨੀ ਹੈ ਉਹ ਜਦ ਸੰਸਾਰ ਜਦ ਯਾਦ ਕਰਦਾ ਹੈ ਮੱਲੋ-ਮੱਲੀ ਹਰੇਕ ਦੇ ਮੂੰਹ ਤੋਂ ਜਸ ਨਿਕਲਦਾ ਹੈ -

***ਧਾਰਨਾ -ਵਾਹਵਾ-ਵਾਹਵਾ ਬਈ ਜਸ ਗਾਉ ਸਾਰੀ ਦੁਨੀਆ,***
***ਐਸੀ ਕਰਨੀ ਕਰ ਗਏ ਜਗ 'ਤੇ।***

ਮਾਤਾ ਜੀ ਨੂੰ ਜਦੋਂ ਪਤਾ ਲਗਦਾ ਹੈ, ਇਥੇ ਫੇਰ ਬੜੀ ਭਾਰੀ ਗਲਤਫਹਿਮੀ ਇਤਿਹਾਸ ਪਾਈ ਜਾਂਦੇ ਨੇ। ਚਾਹੇ ਉਹ ਪ੍ਰੋਫੈਸਰਾਂ ਦੇ ਲਿਖੇ ਹੋਏ ਨੇ, ਚਾਹੇ ਪਹਿਲਿਆਂ ਦੇ ਲਿਖੇ ਹੋਏ ਨੇ। ਇਤਿਹਾਸ ਸੂਰਜ ਪ੍ਰਕਾਸ਼ 'ਚ ਤਾਂ ਹੱਦ ਹੀ ਲਾਹ ਦਿਤੀ, ਪਤਾ ਨਹੀਂ ਪਿਛੋਂ ਪਾ ਦਿਤੀਆਂ ਇਹ ਗੱਲਾਂ। ਕਿ ਟੋਡਰ ਮੱਲ ਆ ਕੇ ਸੁਨੇਹਾ ਦਿੰਦਾ ਹੈ ਕਿ ਮਾਤਾ ਜੀ ਬੱਚੇ ਤਾਂ ਆਪਣੇ ਦਾਦਾ ਜੀ ਕੋਲ ਚਲੇ ਗਏ। ਉਸ ਵੇਲੇ ਇਤਿਹਾਸ ਲਿਖਦਾ ਹੈ ਕਿ ਮਾਤਾ ਜੀ ਗਸ਼ ਖਾ ਕੇ ਗਿਰ ਗਏ, ਜਦ ਹੋਸ਼ ਆਈ ਕਹਿੰਦੇ ਮੈਨੂੰ ਹੀਰਾ ਲਿਆ ਕੇ ਦੇ, ਮੈਂ ਛੇਤੀ ਚੱਟ ਲਵਾਂ। ਜਦ ਉਹਨੇ ਹੀਰਾ ਨਾ ਲਿਆ ਕੇ ਦਿਤਾ ਤਾਂ ਲਿਖਿਆ ਹੈ ਕਿ ਮਾਤਾ ਜੀ ਨੇ ਐਨੇ ਜ਼ੋਰ ਨਾਲ ਮਹੱਲ ਨਾਲ ਸਿਰ ਮਾਰਿਆ ਕਿ ਸਿਰ ਫਟ ਗਿਆ। ਬੇਹੋਸ਼ ਹੋ ਗਏ ਤੇ ਪ੍ਰਾਣ ਪੰਖੇਰੂ ਉਡ ਗਏ।

ਦੂਸਰੇ ਇਤਿਹਾਸ ਲਿਖਦੇ ਨੇ ਕਿ ਮਾਤਾ ਜੀ ਨੂੰ ਉਨ੍ਹਾਂ ਨੇ ਬੁਰਜ ਤੋਂ ਸੁੱਟ ਦਿਤਾ, ਤੇ ਹੇਠਾਂ ਆ ਕੇ ਸਰੀਰ ਛੱਡ ਗਏ। ਤੀਸਰੇ ਸਾਡੇ ਜਿਹੜੇ ਪ੍ਰੋਫੈਸਰ ਨੇ ਇਹ ਲਿਖਦੇ ਨੇ ਕਿ ਮਾਤਾ ਜੀ ਨੇ ਜਦੋਂ ਸੁਣਿਆ ਤਾਂ ਏਸ ਸਦਮੇ ਨੂੰ ਸਹਿ ਨਾ ਸਕੇ, ਤੇ ਉਸੇ ਵੇਲੇ ਦਿਲ ਫੇਲ੍ਹ ਹੋ ਗਿਆ।

ਹੁਣ ਆਹ ਗੱਲਾਂ ਇਨ੍ਹਾਂ ਪੜ੍ਹਿਆਂ ਲਿਖਿਆਂ ਬੰਦਿਆਂ ਦੀਆ ਲਿਖੀਆਂ ਹੋਈਆਂ ਪ੍ਰਚਲਤ ਨੇ ਸਾਰੇ। ਅਨਪੜ੍ਹ ਬੰਦੇ, ਆਹ ਕਵੀਸ਼ਰ, ਢਾਡੀ, ਇਹਨੂੰ ਦੁਨੀਆਂ ਤਕ ਪਹੁੰਚਾਈ ਜਾਂਦੇ ਨੇ। ਕਿੰਨਾ ਗਲਤ ਸੁਨੇਹਾ ਦਿਤਾ ਜਾ ਰਿਹਾ ਹੈ। ਇਕ ਤਾਂ ਗੁਰਸਿਖੀ ਦਾ ਜੀਵਨ, ਮਾਤਾ ਜੀ 28 ਸਾਲ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਰਵਾਜ਼ੇ ਤੇ ਬੈਠੇ ਰਹੇ, ਰਾਖੀ ਵਾਸਤੇ, ਸੇਵਾ ਵਾਸਤੇ, ਉਹ ਅੰਦਰ ਤਪ ਕਰਦੇ ਨੇ ਤੇ ਇਹ ਦਰਵਾਜ਼ੇ 'ਚ ਬੈਠੇ ਪੂਣੀਆਂ ਨਹੀਂ ਸੀ ਬਣਾਉਂਦੇ ਇਹ ਵੀ ਤਪ ਹੀ ਕਰਦੇ ਸੀ। ਇਹ ਬੰਦਗੀ ਕਰਦੇ ਸੀ, ਪੂਰਨ ਯੋਗੀ ਸੀ, ਜੇ ਮਾਤਾ ਜੀਤੋ ਜੀ ਗੁਰੂ ਦਸ਼ਮੇਸ਼ ਪਿਤਾ ਦੇ ਕੋਲ ਯੋਗੀ ਬਣ ਸਕਦੇ ਨੇ, ਆਪਣੀ ਮਰਜ਼ੀ ਦੇ ਨਾਲ ਪ੍ਰਾਣ ਛੱਡ ਦਿਤੇ ਮਾਤਾ ਜੀਤੋ ਜੀ ਨੇ। ਇਕ ਅਵਸਥਾ ਆਉਂਦੀ ਹੈ ਜਿਸ ਥਾਂ ਦੇ ਉਤੇ ਜਾ ਕੇ ਯੋਗੀ ਨੂੰ ਕੋਈ ਦੋਸ਼ ਨਹੀਂ ਲਗਦਾ, ਆਪਣੀ ਮਰਜ਼ੀ ਨਾਲ ਸਰੀਰ 'ਚੋਂ

ਨਿਕਲ ਜਾਂਦਾ ਹੈ, ਜੇ ਮਰਜ਼ੀ ਹੋਵੇ ਵਾਪਸ ਵੀ ਆ ਜਾਂਦਾ ਹੈ।

ਭਾਈ ਦਇਆ ਸਿੰਘ ਜੀ ਗੁਰੂ ਦਸ਼ਮੇਸ਼ ਪਿਤਾ ਨੂੰ ਨਮਸ਼ਕਾਰ ਕਰਕੇ ਜਾਂਦੇ ਨੇ ਤੇ ਜਾ ਕੇ ਸਰੀਰ ਛੱਡ ਦਿਤਾ। ਜਦੋਂ ਸ਼ਬਦ ਪੜ੍ਹਨੇ ਸ਼ੁਰੂ ਹੋਏ ਉਸ ਵੇਲੇ ਮਹਾਰਾਜ ਕਹਿੰਦੇ ਕਿ ਕੀ ਗੱਲ ਹੈ? ਕਹਿੰਦੇ ਜੀ ਭਾਈ ਦਇਆ ਸਿੰਘ ਹੀ ਚੜ੍ਹਾਈ ਕਰ ਗਏ। ਮਹਾਰਾਜ ਕਹਿੰਦੇ ਬਿਨਾਂ ਮਿਲੇ ਹੀ ਚਲੇ ਗਏ, ਲਿਆਓ ਬੁਲਾ ਕੇ ਲਿਆਓ। ਆਵਾਜ਼ ਦਿਤੀ, ਕਹਿਣ ਲੱਗੇ ਭਾਈ ਸਾਹਿਬ! ਆਪਨੂੰ ਗੁਰੂ ਦਸ਼ਮੇਸ਼ ਪਿਤਾ ਨੇ ਹੁਕਮ ਦਿਤਾ ਹੈ ਕਿ ਮਿਲ ਕੇ ਜਾਓ। ਥੋੜ੍ਹੀ ਦੇਰ ਤੋਂ ਬਾਅਦ ਸਰੀਰ 'ਚੋਂ ਵਾਹਿਗੁਰੂ-ਵਾਹਿਗੁਰੂ ਕਰ ਕੇ ਉਠ ਖੜ੍ਹੇ ਹੋਏ। ਮਹਾਰਾਜ ਜੀ ਦੇ ਚਰਨਾਂ ਤੇ ਆ ਕੇ ਨਮਸ਼ਕਾਰ ਕਰਦੇ ਨੇ, ਮਹਾਰਾਜ ਕਹਿੰਦੇ ਭਾਈ ਦਇਆ ਸਿੰਘ ਬਿਨਾਂ ਦੱਸੇ ਚਲੇ ਗਏ? ਕਹਿੰਦੇ, ਮਹਾਰਾਜ! ਇਧਰ ਵੀ ਤੁਸੀਂ ਤੇ ਓਧਰ ਵੀ ਤੁਸੀਂ। ਤੁਹਾਡਾ ਹੁਕਮ ਹੀ ਹੈ। ਕਹਿੰਦੇ ਕਿੱਥੇ ਚਲੇ ਗਏ ਸੀ? ਕਹਿੰਦੇ ਮਹਾਰਾਜ ਮੈਂ ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਵਿਚੋਂ ਜਦੋਂ ਸੱਚਖੰਡ ਵਿਚ ਪ੍ਰਵੇਸ਼ ਕਰਨ ਲੱਗਿਆ, ਉਸ ਵੇਲੇ ਆਪ ਦਾ ਹੁਕਮ ਆ ਗਿਆ। ਮਹਾਰਾਜ ਕਹਿੰਦੇ ਠੀਕ ਹੈ, ਸਾਡੀਆਂ ਖੁਸ਼ੀਆਂ, ਸਾਡਾ ਸੁਨੇਹਾ ਅਕਾਲ ਪੁਰਖ ਨੂੰ ਦੇ ਦਿਓ, ਜੋ ਅਸੀਂ ਮਾਛੀਵਾੜੇ ਜਾ ਕੇ ਦਿਤਾ ਸੀ।

***ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ।***

ਜਾਂਦੇ ਨੇ, ਜਾ ਕੇ ਕੁਸ਼ਾ ਦਾ ਆਸਣ ਵਿਛਾਇਆ, ਲੰਮੇ ਪੈ ਗਏ, ਫੇਰ ਸਰੀਰ ਛੱਡ ਦਿਤਾ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਚਿੱਠੀਆਂ ਪਾ ਦਿਤੀਆਂ ਕਿ ਸੱਤਵੇਂ ਨੂੰ ਸਰੀਰ ਛੱਡ ਦੇਣਾ ਹੈ। ਸਾਰੀਆਂ ਸੰਗਤਾਂ ਵੈਰਾਗ ਵਿਚ ਆ ਗਈਆਂ, ਆਖਰੀ ਦਿਨ ਆ ਗਿਆ, ਬਾਬਾ ਲਾਲ ਸਿੰਘ ਜੀ ਜੋ ਲੰਗਰ ਦੀ ਸੇਵਾ ਕਰਦੇ ਸੀ ਉਹ ਕਹਿਣ ਲੱਗੇ ਕਿ ਤੁਸੀਂ ਹੀ ਬੇਨਤੀ ਕਰੋ, ਤੁਹਾਡਾ ਕਿਹਾ ਤਾਂ ਮੰਨਦੇ ਨੇ। ਬਾਬਾ ਜੀ ਸਾਰੀ ਸੰਗਤ ਨੂੰ ਲੈ ਕੇ ਚਲੇ ਗਏ। ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਲਾਲ ਸਿੰਘਾ! ਇਹ ਹੁਕਮ ਕਿਵੇਂ ਮੋੜੀਏ ਅਕਾਲ ਪੁਰਖ ਦਾ। ਰਹਿਣ ਨੂੰ ਤਾਂ ਚਾਹੇ ਅਸੀਂ ਦੱਸ ਸਾਲ ਰਹੀ ਜਾਈਏ, ਕੋਈ ਦੋਸ਼ ਨਹੀਂ ਹੈ। ਪਰ ਰੀਤ ਨਹੀਂ ਗੁਰਮਤਿ ਦੇ ਅੰਦਰ। ਗੁਰੂ ਵੀ ਚਲੇ ਗਏ ਸਮੇਂ ਤੇ। ਵੱਡੇ-ਵੱਡੇ ਆਪਣੇ ਪੂਰਵਜ ਮਹਾਤਮਾ ਵੀ ਸਮੇਂ ਸਿਰ ਚਲੇ ਗਏ ਜਿਹੜੇ ਸਮਰੱਥ ਸੀਗੇ ਸਭ ਕੁਛ ਕਰਨ ਨੂੰ ਤੇ ਆਪਾਂ ਰੀਤ ਕਿਵੇਂ ਤੋੜ ਦੇਈਏ। ਹਾਂ, ਇਕ ਗੱਲ ਹੈਗੀ, ਤੁਹਾਡੇ ਦੋ ਸਾਲ, ਦੋ ਮਹੀਨੇ, ਦੋ ਦਿਨ ਰਹਿੰਦੇ ਨੇ। ਤੇ ਤੁਸੀਂ ਅੱਜ ਸਾਢੇ ਚਾਰ ਵਜੇ ਸਾਡੀ ਥਾਂ ਚਲੇ ਜਾਓ। ਅਸੀਂ ਤੁਹਾਡੀ ਥਾਂ ਆ ਜਾਵਾਂਗੇ। ਸੋ ਤਿੰਨ ਵਜੇ ਜਦੋਂ ਬਾਬਾ ਜੀ ਨੇ ਬੁਲਾਇਆ, ਕਿ ਆਏ ਨਹੀਂ ਹਨ। ਬੇਅੰਤ ਇਕੱਠ ਹੋਇਆ-ਹੋਇਆ ਹੈ ਸੰਗਤਾਂ ਦਾ, ਅੰਗਰੇਜ਼ ਵੀ ਆਏ ਬੈਠੇ ਨੇ। ਘੜੀਆਂ ਦੇਖ ਰਹੇ ਨੇ ਕਿ ਸਾਢੇ ਚਾਰ ਵਜੇ ਕਿਵੇਂ ਛੱਡ ਦੇਣਗੇ। ਓਸ ਵੇਲੇ ਬਾਬਾ ਜੀ ਆਉਂਦੇ ਨੇ, ਕੀਰਤਨ ਕਰਿਆ ਅਰਦਾਸਾਂ ਕਰੀਆਂ, ਜਪੁਜੀ

ਸਾਹਿਬ ਦਾ ਪਾਠ ਕਰਕੇ ਚਾਰ ਵਜ ਕੇ ਪੱਚੀ ਮਿੰਟ ਤੇ ਬਕਸੇ 'ਚ ਜਾ ਪਏ। ਪੰਜ ਮਿੰਟ ਤੋਂ ਬਾਅਦ ਬਾਬਾ ਕਰਮ ਸਿੰਘ ਜੀ ਕਹਿਣ ਲੱਗੇ ਦੇਖੋ, ਭਾਈ ਲਾਲ ਸਿੰਘ ਓਨੀਂ ਚਲੇ ਗਏ? ਹੱਥ ਲਾਇਆ ਉਹ ਕਹਿੰਦੇ ਮਹਾਰਾਜ ਓਹ ਤਾਂ ਸਰੀਰ ਛੱਡ ਗਏ ਤੇ ਏਸੇ ਤਰ੍ਹਾਂ ਦੇ ਨਾਲ ਬਾਬਾ ਜੀ ਦੋ ਸਾਲ ਦੋ ਮਹੀਨੇ ਤੋਂ ਬਾਅਦ ਸੈਦੋ ਜਾ ਕੇ ਉਨ੍ਹਾਂ ਨੇ ਸਰੀਰ ਛੱਡ ਦਿਤਾ। ਬਾਬਾ ਅਤਰ ਸਿੰਘ ਜੀ ਮਹਾਰਾਜ, ਸੰਤ ਈਸ਼ਰ ਸਿੰਘ ਜੀ ਮਹਾਰਾਜ ਤੋਂ ਜੋ ਪਹਿਲਾਂ ਹੋਏ ਨੇ, ਉਨ੍ਹਾਂ ਨੇ ਬਕਸਾ ਤਿਆਰ ਕਰ ਲਿਆ, ਕੇਵਲ ਜੈਲਦਾਰ ਨੂੰ ਭੇਤ ਦਿਤਾ ਕਿ ਰਸਤੇ ਸਾਫ ਕਰਾ ਲਓ, ਸੰਗਤਾਂ ਨੇ ਬਹੁਤੀਆਂ ਨੇ ਆਉਣਾ ਹੈ, ਚਲ੍ਹਾ ਹੈ ਰਾਮਪੁਰ ਦਾ ਇਹਨੂੰ ਸਾਫ ਕਰ। ਕਿਸੇ ਨੂੰ ਭੇਤ ਨਾ ਦੇਈਂ ਅਸੀਂ ਸਰੀਰ ਛੱਡ ਦੇਣਾ ਹੈ। ਮਹਾਰਾਜ ਜੀ ਦੱਸਿਆ ਕਰਦੇ ਸੀ ਕਿ ਉਨ੍ਹਾਂ ਨੇ ਠੀਕ ਸਮੇਂ ਤੇ ਆਪਣਾ ਸਰੀਰ ਛੱਡ ਦਿਤਾ ਸੀ।

ਸੋ ਜਦੋਂ ਮਾਤਾ ਜੀ ਦੀ ਗੱਲ ਆਉਂਦੀ ਹੈ, ਕਿੰਨੀਆਂ ਕਮਜ਼ੋਰੀਆਂ ਨੇ, ਗੁਰਸਿਖਾਂ 'ਚ ਐਨੀਆਂ-ਐਨੀਆਂ ਸ਼ਕਤੀਆਂ ਨੇ ਮਰਜ਼ੀ ਨਾਲ ਆਉਂਦੇ ਨੇ, ਮਰਜ਼ੀ ਨਾਲ ਚਲੇ ਜਾਂਦੇ ਨੇ, ਤੇ ਮਾਤਾ ਜੀ ਨੂੰ ਕਹਿੰਦੇ ਨੇ ਕਿ ਹੀਰਾ ਮੰਗਦੇ ਸੀ ਚੱਟਣ ਵਾਸਤੇ। ਕਿੱਡਾ ਅਨੁਭਵ ਗਲਤ ਹੋਇਆ ਹੈ। ਕਿੱਡਾ ਕਲੰਕਤ ਕਰਦੇ ਨੇ ਏਸ ਚੀਜ਼ ਨੂੰ ਕਿ ਜੀ ਸਿਰ ਮਾਰਿਆ। ਇਹਦੇ ਥਾਂ ਤੇ ਮਾਤਾ ਇੰਦ ਕੌਰ ਦਾ ਪੁੱਤਰ, ਜਦੋਂ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾ ਰਹੇ ਸੀ, ਬਿਸ਼ਨ ਸਿੰਘ ਨਾਮ ਦਾ ਚੌਦਾਂ ਸਾਲ ਦਾ ਲੜਕਾ ਸੀ, ਉਹ ਐਨਾ ਸੋਹਣਾ ਸੀ, ਜਿਹੜਾ ਡੀ.ਸੀ ਸੀ; ਉਹਦੀ ਘਰਵਾਲੀ ਨੇ ਜਦ ਦੇਖਿਆ ਕਿ ਹੈਂ ਐਨਾ ਸੁੰਦਰ ਬੱਚਾ ਇਹ ਵੀ ਤੋਪ ਨਾਲ ਉਡ ਜਾਏਗਾ? ਉਹ ਛੱਡ ਦਿਤਾ ਗਿਆ, ਤੇ ਉਹ ਮਾਂ ਕੋਲ ਚਲਿਆ ਗਿਆ, ਕਹਿੰਦੀ ਤੂੰ ਛੁਟ ਕੇ ਕਿਉਂ ਆ ਗਿਆ। ਕਹਿੰਦਾ ਉਨ੍ਹਾਂ ਨੇ ਆਪੇ ਹੀ ਛੱਡ ਦਿਤਾ। ਕੰਨ ਵਿਚ ਗੱਲ ਕਹਿ ਦਿਤੀ, ਸਿੱਧਾ ਹੀ ਡੀ.ਸੀ ਕੋਲ ਗਿਆ, ਦਾਹੜੀ ਉਹਦੀ ਧੁਨੀ ਤਕ ਸੀ, ਉਹਨੇ ਕਿਹਾ ਕਿ ਕੋਈ ਭੇਤ ਦੀ ਗੱਲ ਦੱਸੇਗਾ, ਕਹਿੰਦਾ ਤੇਰੇ ਕੰਨ 'ਚ ਦੱਸਣੀ ਹੈ। ਨੀਵਾਂ ਹੋ ਗਿਆ, ਜਦ ਬਿਲਕੁਲ ਨੀਵਾਂ ਹੋਇਆ ਬੱਚੇ ਨੇ ਦਾਹੜੀ ਫੜ ਲਈ, ਛੱਡੀ ਹੀ ਨਾ, ਜ਼ੋਰ ਲਾ ਰਹੇ। ਕੋਲ ਨਾਭਾ ਸਟੇਟ ਦੇ ਰਸਾਲੇ ਦਾ ਰਾਮ ਸਿੰਘ ਨਾਮ ਦਾ ਖੜ੍ਹਾ ਸੀ, ਨੈਬ ਸੂਬੇਦਾਰ ਉਸਨੇ ਆਪਣੀ ਕਿਰਚ ਦੇ ਨਾਲ ਉਹਦੀਆਂ ਦੋਵੇਂ ਬਾਹਾਂ ਵੱਢ ਦਿਤੀਆਂ। ਉਸ ਤੋਂ ਬਾਅਦ ਉਹਦੀ ਗਰਦਨ ਵੱਢ ਦਿਤੀ, ਜਦੋਂ ਗਿਰ ਗਿਆ ਉਹਦਾ ਬੱਚਾ, ਉਸ ਬੀਬੀ ਨੇ ਐਨੇ ਜੈਕਾਰੇ ਬੁਲਾਏ, ਛਾਲਾਂ ਮਾਰੇ, ਕਹਿੰਦੀ ਮੇਰੀ ਕੁੱਖ ਸਵੱਲੀ ਹੋ ਗਈ। ਅੱਜ ਮੇਰਾ ਬੱਚਾ ਸ਼ਹੀਦਾਂ 'ਚ ਚਲਿਆ ਗਿਆਂ ਮੈਂ ਅਮਰ ਹੋ ਗਈ, ਮੈਂ ਫਰਜ਼ ਪੂਰਾ ਕਰ ਦਿਤਾ। ਉਹ ਮਾਤਾ ਜੇ ਐਨੀ ਖੁਸ਼ ਹੁੰਦੀ ਹੈ ਤੇ ਉਹਦੇ ਮੁਕਾਬਲੇ ਤੇ ਗੁਰੂ ਦਸ਼ਮੇਸ਼ ਪਿਤਾ ਦੀ ਮਾਤਾ ਜਿਹੜੀ ਸਿਖਿਆ ਦੇ ਕੇ ਭੇਜਦੀ ਹੈ ਰੋਜ਼ ਕਿ ਬੱਚਿਓ! ਧਰਮ ਨਹੀਂ ਹਾਰਨਾ ਸੀਸ ਭਾਵੇਂ ਚਲਿਆ ਜਾਏ। ਉਹ ਤਾਂ ਪਹਿਲਾਂ ਹੀ ਜਾਣਦੀ ਸੀ ਕਿ ਸੀਸ ਜਾਣਾ ਹੈ। ਤੇ ਉਹਨੂੰ ਕਹਿੰਦੇ ਨੇ ਕਿ ਜੀ ਹੀਰਾ ਚੱਟ ਕੇ ਜਾਨ ਦੇ ਦਿਤੀ, ਛਾਲ ਮਾਰ ਦਿਤੀ, ਕੋਈ ਕਹਿੰਦਾ ਹੈ ਕਿ ਜੀ ਉਹਦਾ ਹਏਓਰਟ

ਡਓਲਿ ਹੋ ਗਿਆ। ਨਵੀਂ ਤੋਂ ਨਵੀਂ ਕਹਾਣੀ ਕੱਢਦੇ ਨੇ, ਗੁਰਮਤਿ ਨਹੀਂ ਇਨ੍ਹਾਂ ਚੀਜ਼ਾਂ ਨੂੰ ਪ੍ਰਵਾਨ ਕਰਦੀ, ਗੁਰਮਤਿ ਦੇ ਵਿਚ ਤਾਂ ਜੋ ਉਦੇਸ਼ ਹੈ ਉਹ ਇਸ ਤਰ੍ਹਾਂ ਹੈ -

*ਧਾਰਨਾ - ਆਵੈ ਜਾਏ ਨਿਸੰਗ ਗੁਰਮੁਖ ਪਿਆਰਾ-*
*ਗੁਰਮੁਖ ਪਿਆਰਾ।*

ਮਰਜ਼ੀ ਹੁੰਦੀ ਹੈ ਦੁਨੀਆਂ 'ਚ ਰਹਿੰਦੇ ਨੇ, ਮਰਜ਼ੀ ਹੁੰਦੀ ਹੈ ਸਰੀਰ ਛੱਡ ਜਾਂਦੇ ਨੇ। ਸੋ ਏਸ ਤਰ੍ਹਾਂ ਦੇ ਨਾਲ ਮਾਤਾ ਜੀ ਨੇ ਜਦ ਸੁਣਿਆ ਉਸ ਵੇਲੇ ਆਪ ਨੇ ਸੁਰਤੀ ਚਾੜ੍ਹੀ ਤੇ ਬ੍ਰਹਮ ਰੁੰਦਰ ਦੇ ਵਿਚੀਂ ਦਸਵੇਂ ਦੁਆਰ ਥਾਈਂ ਆਪਣੇ ਪ੍ਰਾਣ ਗੁਰੂ ਜੋਤੀ ਦੇ ਵਿਚ ਲੀਨ ਕਰ ਦਿਤੇ। ਸੋ ਇਸ ਤਰ੍ਹਾਂ ਮੈਂ ਬੇਨਤੀ ਇਹ ਕਰੀ ਸੀ ਕਿ ਨਾਮਦੇਵ ਜੀ ਨੂੰ ਜਦੋਂ ਉਹਨੇ ਇਹ ਗੱਲ ਕਹੀ, ਮਾਤਾ ਰੋਣ ਲੱਗ ਗਈ।

*ਰੁਦਨੁ ਕਰੈ ਨਾਮੇ ਕੀ ਮਾਇ ॥*
*ਛੋਡਿ ਰਾਮੁ ਕੀ ਨ ਭਜਹਿ ਖੁਦਾਇ ॥ ਅੰਗ - 1165*

ਕਹਿਣ ਲੱਗੀ ਕਿ ਤੂੰ ਛੱਡ ਦੇ ਬੇਟਾ, ਰਾਮ-ਰਾਮ ਦੀ ਥਾਂ ਤੇ ਖੁਦਾ-ਖੁਦਾ ਕਰ ਲੈ। ਕਹਿੰਦਾ ਮਾਤਾ, ਐਨੀ ਕਮਜ਼ੋਰ ਹੈਂ ਤੂੰ, ਮੈਂ ਤੈਨੂੰ ਮਾਂ ਨਹੀਂ ਕਹਿਣਾ।

*ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥*
*ਪਿੰਡੁ ਪੜੈ ਤਉ ਹਰਿ ਗੁਨ ਗਾਇ ॥ ਅੰਗ - 1165*

ਸਰੀਰ ਚਲਿਆ ਜਾਵੇ ਮੇਰਾ ਰਾਮ-ਰਾਮ ਕਰਦਿਆਂ ਦਾ।

*ਕਰੈ ਗਜਿੰਦੁ ਸੁੰਡ ਕੀ ਚੋਟ ॥*
*ਨਾਮਾ ਉਬਰੈ ਹਰਿ ਕੀ ਓਟ ॥*
*ਕਾਜੀ ਮੁਲਾਂ ਕਰਹਿ ਸਲਾਮੁ ॥*
*ਇਨਿ ਹਿੰਦੂ ਮੇਰਾ ਮਲਿਆ ਮਾਨੁ ॥*
*ਬਦਿਸਾਹ ਬੇਨਤੀ ਸੁਨੇਹੁ ॥*
*ਨਾਮੇ ਸਰ ਭਰਿ ਸੋਨਾ ਲੇਹੁ ॥ ਅੰਗ - 1165-66*

ਨਾਮੇ ਦੇ ਬਰਾਬਰ ਸੋਨਾ ਲੈ ਲਓ -

*ਬਦਿਸਾਹ ਬੇਨਤੀ ਸੁਨੇਹੁ ॥*
*ਨਾਮੇ ਸਰ ਭਰਿ ਸੋਨਾ ਲੇਹੁ ॥*
*ਮਾਲੁ ਲੇਉ ਤਉ ਦੋਜਕਿ ਪਰਉ ॥*
*ਦੀਨੁ ਛੋਡਿ ਦੁਨੀਆ ਕਉ ਭਰਉ ॥*
*ਪਾਵਹੁ ਬੇੜੀ ਹਾਥਹੁ ਤਾਲ ॥*
*ਨਾਮਾ ਗਾਵੈ ਗੁਨ ਗੋਪਾਲ ॥*
*ਗੰਗ ਜਮੁਨ ਜਉ ਉਲਟੀ ਬਹੈ ॥*
*ਤਉ ਨਾਮਾ ਹਰਿ ਕਰਤਾ ਰਹੈ ॥ ਅੰਗ-1165-66*

ਕਹਿੰਦੇ ਜੇ ਗੰਗਾ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ ਨੂੰ ਚਲ ਪਵੇ,

ਜਮੁਨਾ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ ਨੂੰ ਚਲ ਪਵੇ, ਚਲੀ ਜਾਵੇ, ਲੇਕਿਨ ਮੈਂ ਤਾਂ ਪ੍ਰਮੇਸ਼ਰ ਦਾ ਭਜਨ ਕਰਕੇ ਆਪਣਾ ਧਰਮ ਕਾਇਮ ਰੱਖਾਂਗੇ, ਓਸ ਵੇਲੇ -

***ਸਾਤ ਘੜੀ ਜਬ ਬੀਤੀ ਸੁਣੀ ॥***
***ਅਜਹੁ ਨ ਆਇਓ ਤ੍ਰਿਭਵਣ ਧਣੀ ॥ ਅੰਗ-1166***

ਸਾਢੇ ਬਾਰ੍ਹਾਂ ਮਿੰਟ ਬਾਕੀ ਰਹਿ ਗਏ, ਸਭ ਨੂੰ ਫਿਕਰ ਹੋ ਗਿਆ।

ਉਸੇ ਵੇਲੇ ਕੀ ਨਜ਼ਰ ਆਇਆ, ਥੋੜ੍ਹੇ ਮਿੰਟ ਰਹਿ ਗਏ, ਤੇ ਐਧਰੋਂ ਬਾਦਸ਼ਾਹ ਨੇ ਹੁਕਮ ਕਰ ਦਿਤਾ ਬਈ ਜਿਸ ਵਕਤ ਘੜਿਆਲ ਵੱਜੇ, ਨਾਲ ਦੀ ਨਾਲ ਉਹਦਾ ਸਿਰ ਕਲਮ ਕਰਕੇ ਗਊ ਦੇ ਉਤੇ ਕੱਟ ਕੇ ਰੱਖ ਦਿਓ। ਉਨ੍ਹਾਂ ਨੇ ਵੀ ਆਪਣੀਆਂ ਤਲਵਾਰਾਂ ਚੁੱਕ ਲਈਆਂ ਤੇ ਨਾਮਦੇਵ ਜੀ ਵਲ ਨੂੰ ਜਾਂਦੇ ਨੇ, ਓਸ ਵੇਲੇ ਆਕਾਸ਼ ਦੇ ਵਿਚ ਫੜ-ਫੜਾਹਟ ਹੋਈ, ਕਿਉਂਕਿ ਸਾਕਾਰ ਨੂੰ ਮੰਨਦੇ ਸੀ, ਸਾਕਾਰ, ਇਕ ਨਿਰਾਕਾਰ। ਗੁਰਸਿੱਖੀ ਜਿਹੜੀ ਹੈ ਸਾਕਾਰ ਨੂੰ ਵੀ ਮੰਨਦੀ ਹੈ, ਗੁਰੂ ਰੂਪ 'ਚ। ਗੁਰੂ ਨਾਨਕ ਪਾਤਸ਼ਾਹ ਨੂੰ, ਪ੍ਰਮੇਸ਼ਰ ਦਾ ਰੂਪ ਸਮਝਦੇ ਨੇ।

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - 442***

ਗੁਰੂ ਨਾਨਕ ਪਾਰਬ੍ਰਹਮ ਦਾ ਸਾਕਾਰ ਰੂਪ ਹੈ, ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰੂ ਪ੍ਰਮੇਸ਼ਰ। ਇਹ ਤਾਂ ਸਾਡੀ ਹੈ ਸਾਕਾਰ ਪੂਜਾ। ਦੂਸਰਾ ਗੁਰੂ ਨਾਨਕ ਦਾ ਸਰੂਪ ਬਾਣੀ ਹੈ। ਨਿਰਾਕਾਰ ਦਾ ਜਿਹੜਾ ਸਰੂਪ ਹੈ ਉਹ ਸਾਡੇ ਅੰਦਰ ਹੈ, ਘਟ-ਘਟ 'ਚ ਵਿਆਪਕ ਹੈ, ਜਿਸਦੀ ਪਹੁੰਚ ਉਥੇ ਹੋ ਗਈ, ਉਹ ਕਦੇ ਵਿਛੁੜਦਾ ਨਹੀ, ਹਰ ਵਕਤ ਵਾਹਿਗੁਰੂ ਦੇ ਨਾਲ ਹੀ ਰਹਿੰਦਾ ਹੈ। ਤੇ ਜਿਹੜਾ ਸਰਗੁਣ ਸਰੂਪ ਹੈ ਇਹਨੂੰ ਆਉਣਾ ਪੈਂਦਾ ਹੈ। ਧੰਨੇ ਨੇ ਸਰਗੁਣ ਦੀ ਪੂਜਾ ਕਰੀ, ਪ੍ਰਸ਼ਾਦਾ ਛਕਣ ਵਾਸਤੇ ਆਉਣਾ ਪਿਆ ਉਹਨੂੰ। ਗੁਰਸਿੱਖ ਜਦ ਭੋਗ ਲਗਾਉਂਦੇ ਨੇ, ਅੰਦਰ ਹੀ ਭੋਗ ਲਗ ਜਾਂਦਾ ਹੈ ਉਨ੍ਹਾਂ ਦੇ, ਅੰਤਰ ਆਤਮੇ, ਕਿਉਂਕਿ ਸਾਰੇ ਰਸਾਂ ਦੇ ਵਿਚ ਓਹੀ ਸਮਾਇਆ ਹੋਇਆ ਹੈ।

***ਆਪੇ ਰਸੀਆ ਆਪੇ ਰਾਵੇ***
***ਜਿਉ ਤਿਸ ਦੀ ਵਡਿਆਈ ॥ ਅੰਗ - 765***

ਕੇਵਲ ਧਿਆਨ ਦੇਣ ਦੀ ਲੋੜ ਹੈ, ਇਹ ਬ੍ਰਹਮਗਿਆਨੀਆਂ ਦਾ ਜਿਹੜਾ ਭੋਗ ਹੋਇਆ ਕਰਦਾ ਹੈ, ਉਹ ਹੋਰ ਹੁੰਦਾ ਹੈ। ਜਿਹੜੇ ਸਾਧਕ ਨੇ, ਉਨ੍ਹਾਂ ਦਾ ਭੋਗ ਹੋਰ ਤਰ੍ਹਾਂ ਲਗਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਨਿਰਾਕਾਰ ਦਾ ਜਿਨ੍ਹਾਂ ਨੂੰ ਗਿਆਨ ਹੈ ਉਹ ਪ੍ਰਮੇਸ਼ਰ ਦੇ ਵਿਚ ਰਹਿੰਦੇ ਨੇ, ਪ੍ਰਮੇਸ਼ਰ ਤੋਂ ਬਾਹਰ ਕਦੇ ਵੀ ਨਹੀਂ ਹੋਇਆ ਕਰਦੇ। ਕਿਉਂਕਿ ਭਰਮ ਹਟ ਜਾਂਦਾ ਹੈ। ਰੱਸੀ ਪਈ ਹੈ, ਹਨ੍ਹੇਰੇ ਦੇ ਵਿਚ ਸੱਪ ਲੱਗੀ ਜਾਂਦੀ ਹੈ, ਦਿਨ

ਚੜ੍ਹ ਗਿਆ, ਸੱਪ ਤਾਂ ਉਹਦੇ 'ਚ ਹੈ ਹੀ ਨਹੀਂ ਸੀਗਾ, ਇਕ ਭਰਮ ਸੀ। ਜਦ ਭਰਮ ਦੂਰ ਹੋ ਗਿਆ ਤਾਂ ਸਾਰਾ ਹੀ ਸੰਸਾਰ ਵਾਹਿਗੁਰੂ ਦਾ ਰੂਪ ਦਿਸਦਾ ਹੈ। ਇਹਦੇ ਵਿਚ ਹੀ ਕੋਈ ਆਪਣਾ ਆਪ ਨਹੀਂ ਹੁੰਦਾ। ਉਹ ਆਪ ਵੀ ਪ੍ਰਮੇਸ਼ਰ ਹੁੰਦੇ ਨੇ।

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***

***ਅੰਗ - 273***

ਉਹ ਤਾਂ ਹੈ ਹੀ ਪ੍ਰਮੇਸ਼ਰ। ਮਿਲਣਾ ਮਿਲਾਉਣਾ ਕੀਹਨੂੰ ਹੈ। ਉਹ ਤਾਂ ਇਕ ਅੱਖ ਖੁਲ੍ਹਣੀ ਹੈ ਅਸਲੀਅਤ ਨੂੰ ਦੇਖ ਲੈਣਾ ਹੈ। ਤੱਤ ਨੂੰ ਦੇਖ ਲੈਣਾ ਹੈ। ਸੋ ਇਸ ਤਰ੍ਹਾਂ ਨਾਮਦੇਵ ਜੀ ਕਿਉਂਕਿ ਸਾਕਾਰ ਦੀ ਪੂਜਾ ਕਰਦੇ ਸੀ, ਜਦੋਂ ਦੋ ਮਿੰਟ ਰਹਿ ਗਏ ਉਸ ਵੇਲੇ ਅਚਾਨਕ -

***ਧਾਰਨਾ - ਹਰਿ ਜੀ ਛੱਡ ਕੇ ਸ਼ਿੰਘਾਸਨ ਆ ਗਏ,***
***ਬੰਨ੍ਹੇ ਹੋਏ ਸੱਚੇ ਪਿਆਰ ਦੇ।***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

# 7

## ਡਿਠਾ ਸਭੁ ਸੰਸਾਰੁ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ 1 ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥ ਅੰਗ - 694*

*ਧਾਰਨਾ - ਵਾਹਿਗੁਰੂ ਕਾਰਨ ਕਵਨ ਅਬੋਲ।*

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥*
*ਅੰਗ - 694*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ 1 ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ਅੰਗ - 176*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਪੁੰਨ ਕਰਮ ਬਹੁਤ ਹੋ

ਜਾਣ, ਉਹਦਾ ਫਲ ਕੀ ਹੋਇਆ ਕਰਦਾ ਹੈ ਕਿ ਸਤਿਸੰਗ ਦੀ ਪ੍ਰਾਪਤੀ ਹੋਇਆ ਕਰਦੀ ਹੈ। ਸਤਿਸੰਗ ਦੇ ਵਿਚ ਆ ਕੇ ਗੁਰੂ ਦੀ ਬਾਣੀ ਸਰਵਣ ਕਰਕੇ, ਸਾਡਾ ਜੋ ਚੱਕਰ ਹੈ ਜਨਮ ਤੇ ਮਰਨ ਦਾ ਇਹਦੇ ਬਾਰੇ ਸਾਨੂੰ ਸੋਝੀ ਆਉਂਦੀ ਹੈ ਤੇ ਕੁਛ ਸੁੱਖ ਦੀ ਆਸ ਹੁੰਦੀ ਹੈ। ਸੰਸਾਰ ਸਾਰਾ ਹੀ ਸੁੱਖਾਂ ਵਾਸਤੇ ਕੋਸ਼ਿਸ਼ ਕਰ ਰਿਹਾ ਹੈ। ਕੋਈ ਵੀ ਬੰਦਾ ਦੁਨੀਆਂ 'ਚ ਐਸਾ ਨਹੀਂ ਜਿਹੜਾ ਇਹ ਕਹੇ ਕਿ ਮੈਨੂੰ ਦੁੱਖ ਪ੍ਰਾਪਤ ਹੋਵੇ।

ਐਸਾ ਇਤਿਹਾਸ 'ਚ ਇਕ ਜ਼ਿਕਰ ਆਉਂਦਾ ਹੈ ਕਿ ਇਕ ਕੁੰਤੀ ਸੀ ਐਸੀ, ਜੋ ਪਾਂਡਵਾਂ ਦੀ ਮਾਂ ਸੀ। ਜਿਹੜੀ ਭਜਨ ਬੰਦਗੀ ਤੋਂ ਬਾਅਦ ਇਹ ਕਿਹਾ ਕਰਦੀ ਸੀ। ਜਦੋਂ ਉਸ ਦੇ ਪੁੱਤਰ ਤਖਤ 'ਤੇ ਬੈਠ ਗਏ, ਹੇ ਪ੍ਰਭੂ! ਦੁੱਖ ਦਾ ਕੰਡਾ ਸਾਡੇ ਸਿਰ ਤੋਂ ਦੂਰ ਨਾ ਕਰੀਂ, ਕਿਤੇ ਅਸੀਂ ਤੈਨੂੰ ਭੁੱਲ ਨਾ ਜਾਈਏ। ਕਿਉਂਕਿ ਸੁੱਖ ਵਿਚ ਆ ਕੇ ਆਦਮੀ ਭੁੱਲਦਾ ਹੈ। ਪ੍ਰਮੇਸ਼ਰ ਵਲ ਪਿੱਠ ਕਰ ਲੈਂਦਾ ਹੈ। ਉਧਰੋਂ ਫੇਰ ਸੁੱਖ ਦੀ ਤਲਾਸ਼ ਕਰਦਾ ਹੈ, ਭੋਗਾਂ ਦੇ ਵਿਚੋਂ, ਖਾਣ ਵਿਚੋਂ, ਪੀਣ ਵਿਚੋਂ, ਕੋਠੀਆਂ ਵਿਚੋਂ, ਸਵਾਰੀਆਂ ਵਿਚੋਂ, ਬਾਲ-ਬੱਚਿਆਂ ਦੀਆਂ ਤਰੱਕੀਆਂ ਵਿਚੋਂ, ਪਰ ਮਹਾਰਾਜ ਕਹਿੰਦੇ ਸੁੱਖ ਤਾਂ ਮਿਲਦਾ ਨਹੀਂ ਹੈ। ਸੁੱਖ ਐਸਾ ਇਕ ਪਰਛਾਵਾਂ ਹੈ, ਜਿਉਂ-ਜਿਉਂ ਇਹਦੇ ਵਲ ਨੂੰ ਦੌੜੋਂ, ਇਹ ਇਸ ਤੋਂ ਅੱਗੇ ਹੀ ਅੱਗੇ ਤੁਰਿਆ ਜਾਂਦਾ ਹੈ। ਹੱਥ ਨਹੀਂ ਆਉਂਦਾ। ਬੜਾ ਯਤਨ ਕੀਤਾ ਸੰਸਾਰ ਨੇ। ਪ੍ਰਕ੍ਰਿਤੀ ਦੀਆਂ ਵੱਡੀਆਂ ਤੋਂ ਵੱਡੀਆਂ ਖੋਜਾਂ ਕਰਕੇ ਬਹੁਤ ਵੱਡੀਆਂ ਸੁੱਖ ਵਾਲੀਆਂ ਚੀਜ਼ਾਂ ਪੈਦਾ ਕੀਤੀਆਂ। ਪਹਿਲਾਂ ਬਾਹਰ ਦੀ ਦੁਨੀਆਂ 'ਚ ਜਾਣਾ ਬੜਾ ਮੁਸ਼ਕਲ ਸੀ। ਅਮਰੀਕਾ ਵਿਚ ਜਾਣ ਵਾਸਤੇ ਕਿੰਨੇ ਸਾਲ ਲਗਦੇ ਸੀ ਆਦਮੀ ਨੂੰ। ਬੇਅੰਤ ਚਿਰ ਲਗਦਾ ਸੀ ਪਰ ਹੁਣ ਕੁਝ ਘੰਟਿਆਂ ਦੇ ਅੰਦਰ ਅਸੀਂ ਉਥੇ ਜਾ ਸਕਦੇ ਹਾਂ। ਉਹ ਸਾਡੇ ਕੋਲ ਆ ਸਕਦੇ ਨੇ। ਕਿਤੇ ਮੀਟਿੰਗ ਹੈ ਜਾ ਕੇ ਵਾਪਸ ਆ ਸਕਦੇ ਹਾਂ ਘਰ। ਤੇਜ਼ ਸਵਾਰੀਆਂ ਸਭ ਦੇ ਕੋਲ ਨੇ। ਵਾਹਿਗੁਰੂ ਨੇ ਸਭ ਨੂੰ ਦਿੱਤੀਆਂ ਹੋਈਆਂ। ਕਿਸੇ ਨੂੰ ਛੋਟੀ ਕਿਸੇ ਨੂੰ ਵੱਡੀ, ਪਰ ਸੁੱਖ ਤਾਂ ਆਇਆ ਨਾ, frustration (ਬੇਚੈਨੀ) ਕਿਉਂ ਵਧਦੀ ਜਾਂਦੀ ਹੈ। ਆਦਮੀ ਕਿਉਂ ਝੁੰਜਲਾਹਟ 'ਚ ਪੈਂਦਾ ਜਾਂਦਾ ਹੈ, ਕਿਉਂ ਮੱਥੇ ਘੁੱਟੇ ਰਹਿੰਦੇ ਨੇ ਸਾਰਿਆਂ ਦੇ, ਕਿਉਂ ਨਹੀਂ ਵਾਸ਼ਨਾਵਾਂ ਪੂਰੀਆਂ ਹੁੰਦੀਆਂ। ਮਹਾਰਾਜ ਕਹਿੰਦੇ, ਇਸ ਕਰਕੇ ਨਹੀਂ ਹੁੰਦੀਆਂ ਕਿ ਜਿਸ ਚੀਜ਼ ਵਲ ਇਹ ਲੱਗਿਆ ਹੋਇਆ ਹੈ, ਉਹ ਇਕ ਐਸੀ ਚੀਜ਼ ਹੈ ਜਿਸ ਵਿਚ ਸੁੱਖ ਹੈ ਨਹੀਂ। ਉਹਦੇ 'ਚੋਂ ਨਿਕਲਦਾ ਨਹੀਂ ਹੈ ਸੁੱਖ। ਜਿਵੇਂ ਰੇਤੇ 'ਚੋਂ ਕੋਈ ਤੇਲ ਕੱਢਣਾ ਚਾਹੇ ਉਹ ਨਿਕਲ ਨਹੀਂ ਸਕਦਾ ਕਿਉਂਕਿ ਰੇਤੇ ਵਿਚ ਤੇਲ ਹੈ ਹੀ ਨਹੀਂ। ਇਸੇ ਤਰ੍ਹਾਂ ਜੇ ਭੋਗਾਂ ਵਿਚੋਂ ਕੋਈ ਆਦਮੀ ਸੁੱਖ ਭਾਲੇ ਮਹਾਰਾਜ ਕਹਿੰਦੇ ਸੁੱਖ ਹੈ ਨਹੀਂ, ਦੁੱਖ ਹੀ ਦੁੱਖ ਹੈ। ਜੋ ਇਹਨੂੰ ਧੋਖਾ ਮਿਲਦਾ ਹੈ, ਜੋ ਚੀਜ਼ਾਂ ਦੇ ਵਿਚ ਧੋਖਾ ਖਾਂਦਾ ਹੈ, ਉਹ ਪ੍ਰਮੇਸ਼ਰ ਦੇ ਨਾਲੋਂ ਇਹਨੂੰ ਤੋੜਦੀਆਂ ਤੁਰੀਆਂ ਜਾਂਦੀਆਂ ਨੇ। ਜਿੰਨੀਆਂ-ਜਿੰਨੀਆਂ ਚੀਜ਼ਾਂ ਵਧਦੀਆਂ ਨੇ, ਜਿੰਨੀਆਂ-ਜਿੰਨੀਆਂ ਸਹੂਲਤਾਂ ਵਧਦੀਆਂ ਨੇ, ਜਿੰਨੇ-ਜਿੰਨੇ ਮਨੋਰੰਜਨ ਵਧਦੇ ਨੇ, ਪ੍ਰਮੇਸ਼ਰ ਤੋਂ ਦੂਰ ਕਰਦੇ ਚਲੇ ਜਾਂਦੇ ਨੇ। ਪਹਿਲਾਂ ਟੈਲੀਵੀਜ਼ਨ ਨਹੀਂ ਸੀ ਹੁੰਦਾ, ਲੋਕ ਕਹਿੰਦੇ ਸੀ ਟੈਲੀਵੀਜ਼ਨ ਹੋਵੇ, ਬੋਲਣ ਵਾਲਾ ਦੇਖ

ਲਿਆ ਕਰੀਏ ਕਿ ਕੌਣ ਬੋਲਦਾ ਹੈ। ਹੌਲੀ-ਹੌਲੀ ਟੈਲੀਵੀਜ਼ਨ ਆ ਗਈ, ਉਥੋਂ ਮਨ ਰੱਜਿਆ ਨਾ। ਕਹਿਣ ਲੱਗੇ ਕਿ ਆਹ ਕੇਬਲ ਟੀ.ਵੀ ਇਹ ਆਉਣਾ ਚਾਹੀਦਾ ਹੈ। ਇਹ ਵੀ ਆ ਗਿਆ, ਕਈ ਚੈਨਲ ਆਉਂਦੇ ਨੇ ਹਰੇਕ ਦੇ ਘਰ ਵਿਚ। ਉਹਦੇ ਵਿਚੋਂ ਵੀ ਸੁੱਖ ਨਹੀਂ। ਕਹਿੰਦੇ, ਇਹਦੇ ਵਿਚ ਤਾਂ ਪੂਰੀਆਂ ਚੈਨਲਾਂ ਨਹੀਂ ਆਉਂਦੀਆਂ, ਸਾਰੀ ਦੁਨੀਆਂ ਦੀ ਐਸੀ ਡਿਸ਼ ਚਾਹੀਦੀ ਹੈ ਜਿਹਦੇ 'ਚ ਸਾਰੀ ਦੁਨੀਆਂ ਬਾਰੇ ਆ ਜਾਵੇ। ਮਹਾਰਾਜ ਕਹਿੰਦੇ, ਤੇਰੀਆਂ ਅੱਖਾਂ ਦੇਖਦੇ-ਦੇਖਦੇ ਥੱਕ ਜਾਣਗੀਆਂ ਲੇਕਿਨ ਤੇਰੇ ਅੰਦਰ ਸੁੱਖ ਦੀ ਪ੍ਰਾਪਤੀ ਨਹੀਂ ਹੋਏਗੀ। ਅੱਖੀਆਂ ਰੱਜਦੀਆਂ ਨਹੀਂ ਹਨ, ਜਿੰਨਾਂ ਦੇਖ ਲਿਆ ਉਸ ਤੋਂ ਅੱਗੇ ਹੋਰ ਭਾਲਦੀਆਂ ਹਨ -

***ਅਖੀ ਵੇਖਿ ਨ ਰਜੀਆਂ, ਬਹੁ ਰੰਗ ਤਮਾਸੇ।***
***ਉਸਤਤਿ ਨਿੰਦਾ ਕੰਨਿ ਸੁਣਿ,***
***ਰੋਵਣਿ ਤੈ ਹਾਸੇ।***
***ਸਾਦੀਂ ਜੀਭ ਨ ਰਜੀਆ, ਕਰਿ ਭੋਗ ਬਿਲਾਸੇ।***
***ਨਕ ਨ ਰਜਾ ਵਾਸੁ ਲੈ, ਦੁਰਗੰਧ ਸੁਵਾਸੇ।***
***ਰਜਿ ਨ ਕੋਈ ਜੀਵਿਆ, ਕੂੜੇ ਭਰਵਾਸੇ।***
***ਪੀਰ ਮੁਰੀਦਾ ਪਿਰਹੜੀ, ਸਚੀ ਰਹਰਾਸੇ॥***

***ਭਾਈ ਗੁਰਦਾਸ ਜੀ, ਵਾਰ 27/9***

ਕੰਨ ਨਹੀਂ ਰੱਜਦੇ ਗਾਣੇ ਵਗੈਰਾ, ਹੋਰ ਗੱਲਾਂ ਸੁਣ ਕੇ। ਸੋ ਜਿਹਦੇ ਵਿਚ ਸੰਤੁਸ਼ਟਤਾ ਨਾ ਹੋਵੇ, ਹੱਦ ਨਾ ਹੋਵੇ ਕੋਈ, ਉਸ ਥਾਂ ਤੋਂ ਸੁੱਖ ਨਹੀਂ ਮਿਲਿਆ ਕਰਦਾ। ਮਹਾਰਾਜ ਕਹਿੰਦੇ ਸੁੱਖ ਤਾਂ ਮੰਗਦਾ ਹੈ ਲੇਕਿਨ ਦੁੱਖ ਦੇ ਵਿਚ ਪੈਰ ਜਾਂਦਾ ਹੈ, ਮੰਗਣ ਤੋਂ ਬਾਅਦ। ਪਹਿਲਾਂ ਕਹਿੰਦਾ ਹੈ ਕਿ ਸੁੱਖ ਮੈਨੂੰ ਤਾਂ ਮਿਲੇਗਾ ਜੇ ਮੇਰੇ ਓਲਾਦ ਹੋ ਜਾਏ। ਬੱਚਾ ਹੋ ਗਿਆ, ਦੁੱਧ ਨਹੀਂ ਪੀਂਦਾ, ਆਖੇ ਨਹੀਂ ਲਗਦਾ, ਵੱਡਾ ਹੋ ਕੇ ਪੜ੍ਹਦਾ ਨਹੀਂ, ਵਿਆਹ ਨਹੀਂ ਹੁੰਦਾ, ਫੇਰ ਦੁੱਖ ਸ਼ੁਰੂ ਹੋ ਗਿਆ, ਉਹਦੇ ਵਿਚ ਜੇ ਸੁੱਖ ਹੋਵੇ ਤਾਂ ਨਿਕਲਦਾ ਹੈ। ਇਕ ਮੋਹ ਦੇ ਵਸ ਹੋਇਆ-ਹੋਇਆ ਆਦਮੀ ਇਹਦੇ ਵਿਚੋਂ ਸੁੱਖ ਭਾਲਦਾ ਹੈ। ਮਹਾਰਾਜ ਕਹਿੰਦੇ, ਸੁੱਖ ਹੈ ਨਹੀਂ, ਸੁੱਖ ਵਾਲੀ ਚੀਜ਼ ਜਿੱਥੇ ਹੈ ਉਥੋਂ ਹੀ ਸੁੱਖ ਪ੍ਰਾਪਤ ਹੁੰਦਾ ਹੈ। ਸੋ ਦੁਨੀਆਂ 'ਚ ਝੁੰਜਲਾਹਟ ਹੈ, ਦੁੱਖ ਦੇ ਨਾਲ ਪਈ ਹੋਈ ਹੈ। ਆਤਮ ਘਾਤ ਹੁੰਦੇ ਹਨ, ਵੱਡੀ ਗਿਣਤੀ ਹੈ ਜੋ ਲੋਕ ਆਤਮ ਹੱਤਿਆ ਕਰਦੇ ਨੇ। ਸਭ ਕੁਛ ਹੈ, ਘਰ ਭਰਿਆ-ਭਰਾਇਆ ਹੈ, ਗੋਲੀ ਖਾ ਲੈਂਦੇ ਨੇ ਜਾਂ ਗੋਲੀ ਮਾਰ ਲੈਂਦੇ ਨੇ ਆਪਣੇ ਆਪ ਨੂੰ। ਫੇਰ ਸੁੱਖ ਤਾਂ ਨਾ ਹੋਇਆ ਇਨ੍ਹਾਂ ਚੀਜ਼ਾਂ ਦੇ ਅੰਦਰ। ਜਿੰਨੇ ਦੇਸ਼ ਪਦਾਰਥਵਾਦੀ ਨੇ ਓਨੀਂ ਹੀ ਉਨ੍ਹਾਂ ਦੇ ਅੰਦਰ ਅਸ਼ਾਂਤੀ ਵਧੀ ਹੋਈ ਹੈ। ਜਿਹੜੇ ਸਾਡੇ ਦੇਸ਼ ਕਿਸੇ ਪਾਸੇ ਨਹੀਂ ਚਲਦੇ, ਅਸੀਂ ਉਸ ਤਰ੍ਹਾਂ ਪਰੇਸ਼ਾਨ ਹਾਂ ਕਿ ਸਾਡੇ ਦੇਸ਼ਾਂ 'ਚ ਤਾਂ ਆਹ ਚੀਜ਼ਾਂ ਨਹੀਂ ਹਨ। ਸੋ ਸੁੱਖ ਕਿਵੇਂ ਮਿਲੇ, ਆਦਮੀ ਸੁੱਖ ਦੇ ਵਾਸਤੇ ਬੜੀ ਕੋਸ਼ਿਸ਼ ਕਰਦਾ ਹੈ। ਤਿੰਨ ਦੁਖ ਜਿਹੜੇ ਨੇ ਚਿੰਬੜੇ ਰਹਿੰਦੇ ਨੇ। ਪੰਜ ਕਿਸਮ ਦੇ ਕਲੇਸ਼ ਹਰ ਵਕਤ ਸਾਡੇ ਮਨ ਵਿਚ ਰਹਿੰਦੇ ਨੇ, ਜਿਨ੍ਹਾਂ ਦਾ ਖਾਤਮਾ ਨਹੀਂ ਹੁੰਦਾ ਜਿੰਨਾਂ ਚਿਰ ਤੱਕ ਅਸੀਂ ਠੀਕ ਥਾਂ 'ਤੇ ਨਹੀਂ ਜਾਂਦੇ। ਸੋ ਮਹਾਰਾਜ ਕਹਿੰਦੇ ਸੰਸਾਰ ਭੁੱਲਿਆ ਹੋਇਆ ਹੈ।

ਵੱਡਿਆਂ-ਵੱਡਿਆਂ ਦੀ ਗਿਣਤੀ ਕੀਤੀ ਹੈ ਮਹਾਰਾਜ ਨੇ ਤੇ ਨਾਲ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

*ਧਾਰਨਾ - ਦੁਖੀਆ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*

ਮਾਇਆ ਦੇ ਤੇ ਭੋਗਾਂ ਦੇ ਵਿਚ ਜੋ ਜੀਵ ਪ੍ਰਵਿਰਤ ਹੋਏ-ਹੋਏ ਸੀ। ਮਹਾਰਾਜ ਨੇ ਜਦੋਂ ਉਨ੍ਹਾਂ ਦਾ ਅਧਿਐਨ ਕਰਕੇ ਸਾਨੂੰ ਦੱਸਿਆ ਤਾਂ ਮਹਾਰਾਜ ਨੇ ਕਿਹਾ ਪਿਆਰਿਓ! ਇਹ ਵੀ ਸੁਖੀ ਨਹੀਂ ਸੀਗੇ। ਇਨ੍ਹਾਂ ਨੂੰ ਵੀ ਦੁੱਖ ਆ ਕੇ ਚਿੰਬੜਦੇ ਰਹੇ। ਕੋਈ ਐਸੀ ਅਵਸਥਾ ਵੀ ਹੈ ਜਿੱਥੇ ਦੁੱਖ ਦਾ ਨਾਮ ਹੀ ਨਾ ਹੋਵੇ? ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਂਦਾ ਹੈ -

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥*
*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥ 1 ॥*
*ਅੰਗ - 1302*

ਕਹਿੰਦੇ, ਐਸੀ ਅਵਸਥਾ ਇਕ ਹੈ ਜਿੱਥੇ ਦੁਖ ਹੈ ਹੀ ਨਹੀਂ, ਨਾਮ ਨਿਸ਼ਾਨ ਨਹੀਂ ਦੁਖ ਦਾ। ਭਾਵੇਂ ਉਹਦੀ ਹਾਲਤ ਬਾਹਰਲੀ ਸੰਸਾਰ ਨੂੰ ਦੇਖਣ ਵਿਚ ਕਿੰਨੀ ਹੀ ਪਤਲੀ ਲਗਦੀ ਹੋਵੇ, ਕਿੰਨੀ ਹੀ ਮਾੜੀ ਲਗਦੀ ਹੋਵੇ, ਪਰ ਜਿਸ ਵਕਤ ਉਹਦੀ ਤੁਲਨਾ ਕੀਤੀ ਜਾਂਦੀ ਹੈ। ਇਕ ਪਾਸੇ ਸਾਰੀਆਂ ਪ੍ਰਾਪਤੀਆਂ ਵਾਲਿਆਂ ਦੀ, ਇਕ ਪਾਸੇ ਉਸ ਦੀ ਜਿਹਦੇ ਕੋਲ ਕੁਛ ਨਹੀਂ ਹੈ। ਭਟਕਦਾ ਫਿਰਦਾ ਨਜ਼ਰ ਆਉਂਦਾ ਹੈ। ਮਹਾਰਾਜ ਕਹਿੰਦੇ, ਤੁਸੀਂ ਇਸ ਚੀਜ਼ ਦੇ ਨਾਲ ਅੰਦਾਜ਼ਾ ਨਹੀਂ ਲਾ ਸਕਦੇ ਕਿ ਕੋਠੀਆਂ 'ਚ ਬੈਠਣ ਵਾਲਾ ਬੜਾ ਸੁਖੀ ਹੈ, ਕੋਠੀਆਂ 'ਚ ਬੈਠੇ ਹਉਕੇ ਤੇ ਹਾਵੇ ਹੰਝੂ ਡੋਲ੍ਹ ਰਹੇ ਨੇ। ਕੋਈ ਵਿਰਲਾ ਸੁਖੀ ਹੈ, ਅਨੇਕਾਂ ਤਰ੍ਹਾਂ ਦੇ ਦੁਖ ਨੇ, ਰੋਜ਼ ਦਾ ਸਾਡਾ ਤਜਰਬਾ ਹੈ। ਮਹਾਰਾਜ ਕਹਿੰਦੇ ਉਹਦੇ ਵਿਚ ਨਹੀਂ -

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥ ਅੰਗ - 707*

ਹੁਣ ਮਹਾਰਾਜ ਇਥੇ ਗਿਣਤੀ ਕਰਦੇ ਨੇ ਸੁੱਖਾਂ ਦੀ। ਕਹਿੰਦੇ, ਸੁੰਦਰ ਤਾਂ ਸੇਜਾਂ ਨੇ, ਸੁੱਖਾਂ ਦੀ ਕੋਈ ਗਿਣਤੀ ਨਹੀਂ, ਜਿਹਨੂੰ ਸੰਸਾਰ ਕਹਿੰਦਾ ਹੈ ਕਿ ਆਹ ਸੁੱਖ ਮਿਲ ਜਾਏ, ਆਹ ਮਿਲ ਜਾਏ। ਉਨ੍ਹਾਂ ਕੋਲ ਸਾਰੇ ਹੀ ਨੇ। ਫੇਰ ਇਹ ਹੈ ਕਿ ਰਸ ਵੀ ਭੋਗ ਸਕਦੇ ਨੇ ਕਿਉਂਕਿ ਸ਼ੂਗਰ ਹੋਵੇ, ਉਹ ਮਿੱਠਾ ਪੀ ਹੀ ਨਹੀਂ ਸਕਦਾ। ਘਿਉ ਨਹੀਂ ਖਾ ਸਕਦਾ, ਮੱਖਣ ਨਹੀਂ ਖਾ ਸਕਦਾ। ਦਿਲ ਦੀ ਬਿਮਾਰੀ ਹੋਵੇ ਥਿੰਦਾ ਨਹੀਂ ਖਾ ਸਕਦਾ। ਕੋਈ ਹੋਰ ਬਿਮਾਰੀ ਹੋਵੇ ਚੀਜ਼ਾਂ ਨਹੀਂ ਖਾ ਸਕਦਾ। ਲੇਕਿਨ ਉਹ ਬੰਦਾ ਸਾਰਾ ਕੁਛ ਖਾ ਸਕਦਾ ਹੋਵੇ, ਸਾਰੇ ਰਸਾਂ ਨੂੰ ਭੋਗ ਸਕਦਾ ਹੋਵੇ -

*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥*
*ਅੰਗ - 707*

ਘਰ ਐਨਾ ਸੁੰਦਰ ਹੋਵੇ ਕਿ ਸੋਨੇ ਦੀਆਂ ਪਲੇਟਾਂ ਦੇ ਨਾਲ ਕੰਧਾਂ ਸਜਾਈਆਂ ਹੋਣ, ਉਨ੍ਹਾਂ ਦੇ ਵਿਚ ਹੀਰੇ ਜਗਮਗ-ਜਗਮਗ ਕਰਦੇ ਹੋਣ। ਘਰ ਵਿਚ ਐਨੀ ਸੁਗੰਧੀ ਹੋਵੇ, ਚੰਦਨ ਦੀ ਸੁਗੰਧੀ, ਅਗਰ ਦੀ ਸੁਗੰਧੀ ਆਦਮੀ ਨੂੰ ਐਵੇਂ ਹੀ ਮਸਤੀ ਤਕ ਲਿਜਾਂਦੀ ਹੋਵੇ -

*ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥*

*ਅੰਗ - 707*

ਮਨ ਵਿਚ ਜੋ ਵੀ ਖਿਆਲ ਆ ਗਿਆ ਸੁੱਖ ਦਾ, ਉਹ ਉਸ ਨੂੰ ਪ੍ਰਾਪਤ ਹੋਵੇ, ਕਿਸੇ ਕਿਸਮ ਦਾ ਘਾਟਾ ਨਾ ਹੋਵੇ। ਕਿਸੇ ਕਿਸਮ ਦਾ ਕੋਈ ਤੋਟਾ ਨਾ ਹੋਵੇ। ਕੋਈ ਸੁਖ ਦੁਖ ਦੇ ਰੂਪ ਵਿਚ ਪ੍ਰਗਟ ਨਾ ਹੋਵੇ। ਲੇਕਿਨ ਮਹਾਰਾਜ ਕਹਿੰਦੇ ਐਨੀਆਂ ਪ੍ਰਾਪਤੀਆਂ ਤੋਂ ਬਾਅਦ ਉਸ ਅਵਸਥਾ ਦਾ ਅਸੀਂ ਮੁਕਾਬਲਾ ਕਰਕੇ ਦਸਦੇ ਹਾਂ ਜਿਹੜਾ ਪ੍ਰਮੇਸ਼ਰ ਦੇ ਪਿਆਰਿਆਂ ਨੂੰ ਹੁੰਦਾ ਹੈ। ਜਿਨ੍ਹਾਂ ਦੀ ਯਾਦ ਵਿਚ ਵਾਹਿਗੁਰੂ ਹਰ ਵਕਤ ਵਸਿਆ ਹੁੰਦਾ ਹੈ। ਉਨ੍ਹਾਂ ਦੀ ਅਵਸਥਾ ਦੇ ਮੁਕਾਬਲੇ 'ਚ -

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥ ਅੰਗ - 707*

ਕਹਿੰਦੇ, ਜਿਹੋ ਜਿਹਾ ਵਿਸ਼ਟਾ ਦਾ ਕੀੜਾ, ਉਹੋ ਜਿਹਾ ਉਹ ਬੰਦਾ -

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*

*ਅੰਗ - 707*

ਕਿਉਂਕਿ ਸ਼ਾਂਤੀ ਨਾਮ ਤੋਂ ਬਗੈਰ ਆਉਂਦੀ ਨਹੀਂ ਹੈ। ਕਿਵੇਂ ਧੀਰਜ ਧਰੇ ਹਿਰਦਾ। ਪਦਾਰਥ ਜਿੰਨੇ ਪ੍ਰਾਪਤ ਕਰ ਲਓ, ਅਗਾਂਹਾਂ ਲੋਚਾ ਉਨ੍ਹਾਂ ਤੋਂ ਦੁੱਗਣਿਆਂ ਦੀ ਲਗ ਜਾਂਦੀ ਐ ਜਾਂ ਚੌਗੁਣਿਆਂ ਦੀ ਲਗ ਜਾਂਦੀ ਹੈ। ਸਬਰ ਨਹੀਂ ਆਉਂਦਾ ਕਿ ਇਥੇ ਹੀ ਖੜ੍ਹ ਗਏ। ਉਸ ਤੋਂ ਅਗਾਂਹਾਂ ਇਕ ਅੱਗ ਜਲ ਪੈਂਦੀ ਹੈ ਜਿਹਨੂੰ ਤ੍ਰਿਸ਼ਨਾ ਦੀ ਅੱਗ ਕਹਿੰਦੇ ਨੇ -

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ ॥ 1 ॥ ਰਹਾਉ ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ ॥*
*ਪਰੈ ਪਰੈ ਹੀ ਕਉ ਲੁਝੀ ਹੇ ॥ ਅੰਗ - 213*

ਕਰੋੜ ਜੋੜ ਲਿਆ, ਕਹਿੰਦਾ ਹੈ ਲੱਖ ਕਰੋੜ ਚਾਹੀਦਾ ਹੈ। ਲੱਖ ਕਰੋੜ ਹੋ ਗਿਆ, ਕਹਿੰਦੇ ਖਰਬਾਂ ਚਾਹੀਦਾ ਹੈ। ਕਹਿੰਦੇ ਮਨ ਠਹਿਰਦਾ ਨਹੀਂ ਹੈ, ਪਰ੍ਹੇ-ਪਰ੍ਹੇ ਨੂੰ ਹੀ ਤੁਰਿਆ ਜਾਂਦਾ ਹੈ। ਸੋ ਜਿੱਥੇ ਰੋਗ ਲੱਗਿਆ ਹੋਵੇ ਮਨ ਵਿਚ ਤ੍ਰਿਸ਼ਨਾ ਦਾ, ਉਥੇ ਤਾਂ ਸੁੱਖ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਮਹਾਰਾਜ ਫੁਰਮਾਨ ਕਰਦੇ ਨੇ ਕਿ -

*ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥*

*ਅੰਗ - 672*

ਸਾਰੀ ਦੁਨੀਆਂ ਦਾ ਰਾਜ ਹਾਸਲ ਕਰ ਲਿਆ ਪਰ ਤ੍ਰਿਸ਼ਨਾ ਨਾ ਬੁਝੀ। ਸਿਕੰਦਰ ਯੂਨਾਨ ਦਾ ਰਾਜਾ ਸੀ, ਦੁਨੀਆਂ 'ਤੇ ਹਮਲਾ ਕਰ ਲਿਆ, ਓਧਰ ਮਾਸਕੋ ਤੱਕ ਫਤਹਿ ਕਰ ਲਿਆ ਯੂਰਪ ਉਹਨੇ, ਜਰਮਨ ਵਗੈਰਾ ਸਾਰੀਆਂ ਜਿਹੜੀਆਂ ਛੋਟੀਆਂ-ਛੋਟੀਆਂ ਸਟੇਟਾਂ ਸੀ, ਉਹ ਸਾਰੀਆਂ ਫਤਹਿ ਕਰ ਲਈਆਂ ਉਹਨੇ। ਉਸ ਤੋਂ ਬਾਅਦ ਉਪਰ ਨੂੰ ਚੱਲਿਆ ਉਹ। ਚੀਨ ਵਲ ਦੀ ਮੰਗੋਲਾਂ ਨੂੰ ਫਤਹਿ ਕਰਕੇ ਹੇਠਾਂ ਉਤਰਿਆ। ਹਿੰਦੋਸਤਾਨ ਵਿਚ ਆ ਗਿਆ, ਇਥੇ ਅੰਬੀ ਰਾਜੇ ਨਾਲ ਉਹਦੀ ਲੜਾਈ ਹੋਈ ਫੇਰ ਪੋਰਸ ਨਾਲ ਹੋਈ। ਪੋਰਸ ਕੋਲ ਆ ਕੇ ਇਹਨੇ ਉਸ ਨਾਲ ਮਿੱਤਰਤਾ ਪਾ ਲਈ।

ਉਸ ਵੇਲੇ ਮਨ 'ਚ ਬੇਅੰਤ ਕਲਪਨਾ ਹੈ, ਤੜਫਦਾ ਹੈ ਮਨ। ਕਹਿਣ ਲੱਗਿਆ, ਪੋਰਸ! ਮੈਂ ਸੁਣਿਆ ਹੈ ਕਿ ਸਾਧੂ ਨੇ ਭਾਰਤ ਵਿਚ ਬੜੀਆਂ ਅਵਸਥਾਵਾਂ ਵਾਲੇ, ਮੈਂ ਕਿਸੇ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਕਹਿਣ ਲੱਗੇ, ਠੀਕ ਹੈ ਮਹਾਰਾਜ! ਇਥੇ ਇਕ ਮਹਾਤਮਾ ਰਹਿੰਦੇ ਨੇ ਰਾਵੀ ਦੇ ਕੰਢੇ 'ਤੇ। ਜੇ ਫੁਰਸਤ ਹੈ ਤਾਂ ਹੁਣੇ ਚੱਲੋ, ਨਹੀਂ ਤਾਂ ਕੱਲ੍ਹ ਨੂੰ ਚੱਲਾਂਗੇ। ਕਹਿੰਦੇ, ਕੱਲ੍ਹ ਨੂੰ ਹੀ ਚੱਲਾਂਗੇ। ਦੂਸਰੇ ਦਿਨ ਸਿਕੰਦਰ ਤੇ ਪੋਰਸ ਦੋਵੇਂ ਆਪਣੇ ਅੰਗਰਖਸ਼ਕ ਲੈ ਕੇ ਰਾਵੀ ਦੇ ਕੰਢੇ ਚੱਲ ਪੈਂਦੇ ਨੇ, ਜੰਗਲ ਦੇ ਵਿਚੋਂ ਲੰਘੇ ਜਾਂਦੇ ਨੇ, ਅੱਗੇ ਆ ਕੇ ਰਸਤਾ ਬਿਲਕੁਲ ਹੀ ਬੰਦ ਹੋ ਗਿਆ। ਉਹਦੇ ਵਿਚੋਂ ਲੰਘਦੇ ਨੇ ਘੁੰਮ-ਘੁਮਾ ਕੇ। ਕਹਿਣ ਲੱਗਿਆ, ਪੋਰਸ ਨੂੰ ਕਿ ਖਬਰ ਕਰਨੀ ਸੀ ਤੇ ਰਾਹ ਬਣਵਾ ਲੈਣਾ ਸੀ। ਸੰਤਾਂ ਨੂੰ ਕਹਿ ਦੇਣਾ ਸੀ ਕਿ ਅਸੀਂ ਆਉਣਾ ਹੈ, ਆਪੇ ਰਾਹ ਬਣਾਉਂਦੇ ਸਾਡੇ ਵਾਸਤੇ। ਉਹ ਕਹਿਣ ਲੱਗਿਆ, ਮਹਾਰਾਜ! ਸੰਤ ਜਿਹੜੇ ਨੇ ਉਨ੍ਹਾਂ ਨੂੰ ਤੁਸੀਂ ਸਮਝ ਨਹੀਂ ਸਕੇ। ਉਹ ਮਨੁੱਖ ਤਾਂ ਹੋਇਆ ਨਹੀਂ ਕਰਦੇ। ਦੇਖਣ ਨੂੰ ਤਾਂ ਮਨੁੱਖ ਲਗਦੇ ਨੇ ਪਰ ਉਹ ਕੁਛ ਉੱਚੀ ਆਤਮਾ (super man) ਹੋਇਆ ਕਰਦੇ ਨੇ। ਮਨੁੱਖਾਂ ਤੋਂ ਉਚੇਰੇ ਹੋਇਆ ਕਰਦੇ ਨੇ। ਉਨ੍ਹਾਂ ਨੂੰ ਗਰਜ਼ ਨਹੀਂ ਹੁੰਦੀ ਕਿਸੇ ਨਾਲ ਵੀ। ਉਹ ਪ੍ਰਮੇਸ਼ਰ ਦੇ ਨਾਲ ਜੁੜੇ ਹੋਏ ਹੁੰਦੇ ਨੇ। ਸਾਰੀਆਂ ਚੀਜ਼ਾਂ ਦੇ ਮਾਲਕ ਹੁੰਦੇ ਨੇ ਲੇਕਿਨ ਕਿਸੇ ਦੀ ਪਰਵਾਹ ਨਹੀਂ ਕਰਦੇ। ਹਰ ਵਕਤ ਪ੍ਰਮੇਸ਼ਰ ਦੇ ਪਿਆਰ ਵਿਚ ਰਹਿੰਦੇ ਨੇ। ਉਹਦੇ ਵਿਚ ਹੀ ਉਹ ਕਿਤੇ ਵੈਰਾਗ 'ਚ ਆ ਕੇ ਨੇਤਰਾਂ 'ਚੋਂ ਉਨ੍ਹਾਂ ਦੇ ਕਈ ਵਾਰ ਜਲ ਵੀ ਜਾਂਦਾ ਹੈ। ਕਿਤੇ ਉਹ ਹਸਦੇ ਵੀ ਨੇ।

ਗੁਰੂ ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,***

***ਪਰਵਾਹ ਨਾ ਕਿਸੇ ਦੀ ਰੱਖਦੇ ਸਾਧੂ।***

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਅੰਗ - 47***

ਵਾਹਿਗੁਰੂ ਦੇ ਪਿਆਰ ਵਿਚ ਹਸਦੇ ਵੀ ਨੇ, ਵਾਹਿਗੁਰੂ ਦੇ ਪਿਆਰ ਵਿਚ ਵੈਰਾਗ ਵਿਚ ਵੀ ਆਉਂਦੇ ਨੇ, ਵਾਹਿਗੁਰੂ ਦੇ ਪਿਆਰ ਵਿਚ ਚੁੱਪ ਵੀ ਕਰ ਜਾਂਦੇ ਨੇ। ਕੋਈ ਰਾਜਾ ਹੋਵੇ, ਕੋਈ ਰਾਣਾ ਹੋਵੇ, ਕੋਈ ਕਿੱਡਾ ਹੀ ਵੱਡਾ ਹੋਵੇ ਕਿਸੇ ਦੀ ਪਰਵਾਹ ਨਹੀਂ ਉਨ੍ਹਾਂ ਨੂੰ ਹੋਇਆ ਕਰਦੀ। ਕਿਉਂਕਿ ਸਭ ਤੋਂ ਵੱਡਾ ਜੋ ਹੈ ਉਹਦੇ ਨਾਲ ਬਣ ਗਈ ਉਨ੍ਹਾਂ ਦੀ। ਉਹ ਉਨ੍ਹਾਂ ਦੇ ਹਿਰਦੇ 'ਚ ਵਸ ਗਿਆ। ਜਦੋਂ ਸਾਰੀ ਸ੍ਰਿਸ਼ਟੀ ਦਾ ਜਿਹੜਾ ਮਾਲਕ ਹੈ ਹਿਰਦੇ 'ਚ ਵਸ ਜਾਵੇ ਫੇਰ ਤਾਂ ਆਪਾਂ ਆਪੇ ਹੀ ਦੇਖ ਲਓ ਕਿਸੇ ਦਾ ਜੇ, ਜੋ ਸਾਰਿਆਂ ਨਾਲੋਂ ਵੱਡਾ ਹੈ, ਦੁਨੀਆਂਦਾਰੀ ਦੇ ਅੰਦਰ, ਉਹਦੇ ਨਾਲ ਬਣ ਜਾਵੇ, ਫੇਰ ਉਹ ਛੋਟਿਆਂ-ਛੋਟਿਆਂ ਦੀ ਪਰਵਾਹ ਨਹੀਂ ਰੱਖਿਆ ਕਰਦਾ। ਕਿਉਂਕਿ ਉਹਦੀ ਸਿੱਧੀ ਰੁਸਵਾਈ ਹੋ ਗਈ ਵੱਡੇ ਨਾਲ। ਸੋ ਮਹਾਰਾਜ ਕਹਿੰਦੇ ਜਿਹਦੀ ਪ੍ਰਮੇਸ਼ਰ ਨਾਲ ਰੁਸਵਾਈ ਹੋ ਗਈ, ਜਿਹਦੇ ਹਿਰਦੇ ਦੇ ਵਿਚ ਨਾਮ ਵਸ ਗਿਆ ਉਹਦੀ ਅਵਸਥਾ ਬਹੁਤ ਵੱਡੀ ਹੁੰਦੀ

ਹੈ -

*ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲੱਗਿਆ,*
*ਰਾਜਾ ਸਾਰੀ ਦੁਨੀਆਂ ਦਾ।*

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*

*ਅੰਗ - 707*

ਐਸਾ ਵੀ ਜੀਵਨ ਹੋਵੇ ਜੋ ਸੰਸਾਰ ਦੀ ਨਿਗ੍ਹਾ 'ਚ, ਝੌਂਪੜੀ 'ਚ ਰਹਿੰਦਾ ਹੈ, ਕੱਪੜੇ ਪਾਟੇ ਹੋਏ ਨੇ, ਤੁਰਿਆ ਫਿਰਦਾ ਹੈ, ਕੋਈ ਬੁਲਾਉਂਦਾ ਨਹੀਂ ਹੈ। ਕੋਈ ਸਾਕ ਨਹੀਂ ਇਹਦੇ ਘਰ 'ਚ ਆਉਂਦਾ ਤੇ ਕੋਈ ਇਹਦਾ ਆਦਰ ਨਹੀਂ ਕਰਦਾ, ਸਤਿਕਾਰ ਨਹੀਂ ਕਰਦਾ। ਮਹਾਰਾਜ ਕਹਿੰਦੇ, ਪਿਆਰਿਓ! ਜੇ ਉਹਦੇ ਹਿਰਦੇ 'ਚ ਪ੍ਰਮੇਸ਼ਰ ਦਾ ਨਾਮ ਵਸ ਗਿਆ, ਫੇਰ ਉਹ ਸਾਰੀ ਸ੍ਰਿਸ਼ਟੀਆਂ ਦਾ ਰਾਜਾ ਹੈ। ਉਹਦਾ ਹੁਕਮ ਇਥੇ ਹੀ ਨਹੀਂ, ਦਰਗਾਹ ਵਿਚ ਵੀ ਚੱਲਣਾ ਹੈ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ - 186*

ਸੰਸਾਰ ਦੇ ਬਾਦਸ਼ਾਹ ਦਾ ਹੁਕਮ ਦਰਗਾਹ ਨਹੀਂ ਮੰਨਦੀ। ਸੰਸਾਰ ਦੇ ਬਾਦਸ਼ਾਹ ਦਾ ਹੁਕਮ ਹਵਾ ਨਹੀਂ ਮੰਨਦੀ। ਸੰਸਾਰ ਦੇ ਬਾਦਸ਼ਾਹ ਦਾ ਹੁਕਮ ਅੱਗ ਨਹੀਂ ਮੰਨਦੀ, ਸੰਸਾਰ ਦੇ ਬਾਦਸ਼ਾਹ ਦਾ ਹੁਕਮ ਪਾਣੀ ਨਹੀਂ ਮੰਨਦਾ। ਪੰਜਾਂ ਤੱਤਾਂ 'ਚੋਂ ਕੋਈ ਤੱਤ ਨਹੀਂ ਮੰਨਦਾ। ਨਾ ਕੋਈ ਬਿਮਾਰੀ ਮੰਨਦੀ ਹੈ, ਨਾ ਕੋਈ ਲਿਖਿਆ ਹੋਇਆ ਲੇਖ ਮੰਨਦਾ। ਫੇਰ ਉਹਦਾ ਰਾਜ ਕੀਹਦੇ 'ਤੇ ਹੋਇਆ, ਉਹ ਤਾਂ ਸਰੀਰਕ ਤੌਰ 'ਤੇ ਰਾਜ ਹੈ, ਕਿਸੇ ਸ਼ਕਤੀ 'ਤੇ ਰਾਜ ਤਾਂ ਹੋਇਆ ਨਾ। ਮਹਾਰਾਜ ਕਹਿੰਦੇ, ਇਹ ਜਿਹੜਾ ਰਾਜਾ ਹੈ ਇਹਦਾ ਕਿਹਾ ਹੋਇਆ ਸਾਰੇ ਹੀ ਮੰਨਦੇ ਨੇ। ਪਉਣ ਨੂੰ ਜੇ ਕਹਿ ਦਿਓ, ਜ਼ਰਾ ਠਹਿਰ ਜਾ, ਤਾਂ ਇਹਨੂੰ ਠਹਿਰਨਾ ਪੈਂਦਾ ਹੈ।

ਬਾਬਾ ਬੀਰ ਸਿੰਘ ਜੀ ਸਿੰਧ ਦਰਿਆ ਦੇ ਕੰਢੇ 'ਤੇ ਰੁਕੇ ਹੋਏ ਨੇ ਕਿਉਂਕਿ ਫੌਜ ਲੰਘ ਨਹੀਂ ਸਕਦੀ ਮਹਾਰਾਜਾ ਰਣਜੀਤ ਸਿੰਘ ਦੀ। ਦਰਿਆ ਉੱਛਲ ਰਿਹਾ ਹੈ, ਠਾਠਾਂ ਮਾਰ ਰਿਹਾ ਹੈ। ਬੇਨਤੀ ਕਰਦਾ ਹੈ ਆ ਕੇ ਕਿ ਮਹਾਰਾਜ! ਜੇ ਜਮਰੌਦ ਦਾ ਕਿਲ੍ਹਾ ਸਾਡੇ ਹੱਥੋਂ ਜਾਂਦਾ ਰਿਹਾ ਤਾਂ ਸਾਡੇ ਕਿਤੇ ਪੈਰ ਜੰਮ੍ਹਣ ਦੀ ਕੋਈ ਆਸ ਨਹੀਂ ਤੇ ਮੁਲਖਈਆ ਸਾਰਾ ਹੀ ਅਫਗਾਨਿਸਤਾਨ ਦਾ ਉਠਿਆ ਹੋਇਆ ਹੈ। ਦੋ ਲੱਖ ਤਾਂ ਗਿਣਤੀ 'ਚ ਆ ਗਿਆ, ਦੋ ਚਾਰ ਲੱਖ ਇਨ੍ਹਾਂ ਨਾਲ ਹੋਰ ਤੁਰ ਪੈਣਾ ਹੈ। ਇਨ੍ਹਾਂ ਨੇ ਮੁੜ ਕੇ ਭੇਡਾਂ, ਬੱਕਰੀਆਂ ਵਾਂਗੂੰ ਪੰਜਾਬ ਦੀਆਂ ਬੱਚੀਆਂ ਨੂੰ ਫੇਰ ਵੇਚਣਾ ਹੈ ਜਾ ਕੇ। ਕ੍ਰਿਪਾ ਕਰੋ ਐਸ ਵੇਲੇ ਫੌਜ ਲੰਘਣੀ ਚਾਹੀਦੀ ਹੈ ਛੇਤੀ ਤੋਂ ਛੇਤੀ ਪਾਰ। ਬਾਬਾ ਜੀ ਨੇ ਪਰਉਪਕਾਰ ਵਸ ਹੋ ਕੇ ਦਰਿਆ ਨੂੰ ਆ ਕੇ

ਕਿਹਾ ਕਿ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੈ, ਓਨਾਂ ਚਿਰ ਤੂੰ ਸ਼ਾਂਤ ਹੋ ਜਾ। ਹੁਣ ਇਹ ਬੜੀ ਹੈਰਾਨੀ ਦੀ ਗੱਲ ਹੈ, ਸਾਇੰਟੇਫਿਕ ਗੱਲ ਤਾਂ ਹੈ ਨਹੀਂ ਇਹ। ਉਹਦੇ ਵਿਚ ਤਾਂ ਹਜ਼ਾਰਾਂ ਹੀ ਸਵਾਲ ਪੈਦਾ ਹੁੰਦੇ ਨੇ ਕਿ ਜੇ ਬਾਬਾ ਜੀ ਨੇ ਰੋਕ ਵੀ ਦਿਤਾ ਪਾਣੀ ਤਾਂ ਪਿੱਛੋਂ ਤਾਂ ਪਾਣੀ ਤੁਰਿਆ ਆਉਂਦਾ ਸੀ ਪਹਾੜਾਂ ਤੋਂ। ਉਹਨੇ ਤਾਂ ਉਛਾਲਾ ਮਾਰਨਾ ਸੀ। ਐਸਾ ਨਹੀਂ ਜਿੱਥੋਂ ਪਾਣੀ ਚੱਲਿਆ ਹੈ, ਜਿੱਥੋਂ-ਜਿੱਥੋਂ ਤੁਰਿਆ ਹੈ, ਜਿੱਧਰ ਨੂੰ ਜਾ ਰਿਹਾ ਹੈ, ਸਾਰਾ ਹੀ ਰੋਕ ਦਿਤਾ। ਰਸਤਾ ਲੈ ਲਿਆ। ਦੋ ਘੰਟੇ ਦੇ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਿਆ ਤੇ ਫੌਜ ਸਾਰੀ ਲੰਘ ਜਾਂਦੀ ਹੈ। ਉਸ ਤੋਂ ਬਾਅਦ ਹਾਥੀ ਆਪ ਨੇ ਜਦ ਪਾਰ ਲੰਘਾ ਲਿਆ, ਦਰਿਆ ਉਵੇਂ ਜਿਵੇਂ ਚੜ੍ਹ ਗਿਆ ਤੇ ਇਕ ਕੰਪਨੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਰੁੜ੍ਹ ਗਈ। ਕਹਿਣ ਲੱਗੇ, ਮਹਾਰਾਜ! 80 ਬੰਦੇ ਰੁੜ੍ਹ ਗਏ ਇਹਦੇ 'ਚ। ਕਹਿਣ ਲੱਗੇ, ਭਾਈ! ਇਨ੍ਹਾਂ ਦੇ ਮਨ 'ਚ ਨਿਸ਼ਚਾ ਨਹੀਂ ਸੀ, ਇਹ ਤਰਕ ਕਰ ਰਹੇ ਸੀ। ਸੋ ਇਸ ਕਰਕੇ ਦਰਿਆ ਨੂੰ ਇਹ ਗੱਲ ਚੰਗੀ ਨਾ ਲੱਗੀ, ਕਿਉਂਕਿ ਇਹ ਵੀ ਸਾਧੂਆਂ ਦੀ ਸਹਾਇਤਾ ਕਰਦੇ ਨੇ ਦੇਵਤੇ ਨੇ ਜਿਹੜੇ -

*ਭੈ ਵਿਚਿ ਪਵਣੁ ਵਹੈ ਸਦਵਾਉ ॥*
*ਭੈ ਵਿਚਿ ਚਲਹਿ ਲਖ ਦਰੀਆਉ ॥*
*ਭੈ ਵਿਚਿ ਅਗਨਿ ਕਢੈ ਵੇਗਾਰਿ ॥*
*ਭੈ ਵਿਚਿ ਧਰਤੀ ਦਬੀ ਭਾਰਿ ॥* ***ਅੰਗ - 464***

ਸੋ ਇਹ ਸਾਰੇ ਹੀ ਕਹਿਣਾ ਮੰਨਦੇ ਨੇ ਜਿੰਨੀ ਕੁਦਰਤ ਹੈ, ਕਾਇਨਾਤ ਹੈ, ਸਾਰੀ ਨੂੰ ਕਹਿਣਾ ਮੰਨਣਾ ਪੈਂਦਾ ਹੈ।

ਭਾਈ ਜੀਵੇ ਨੇ ਹਨ੍ਹੇਰੀ ਰੋਕ ਦਿਤੀ। ਗੁਰੂ ਅੰਗਦ ਪਾਤਸ਼ਾਹ ਵਾਸਤੇ ਖਿੱਚੜੀ ਬਣਾਉਣੀ ਸੀ, ਮਹਾਰਾਜ ਕੋਲ ਲੈ ਕੇ ਜਾਂਦਾ ਹੈ, ਮਹਾਰਾਜ ਪਿੱਠ ਕਰ ਲੈਂਦੇ ਨੇ। ਕਹਿਣ ਲੱਗਿਆ, ਮਹਾਰਾਜ! ਕੀ ਅਵੱਗਿਆ ਹੋ ਗਈ ਮੇਰੇ ਤੋਂ। ਮਹਾਰਾਜ ਕਹਿੰਦੇ, ਮੇਰੇ ਵਾਸਤੇ ਤੂੰ ਖਿੱਚੜੀ ਲਿਆਇਆ ਹੈਂ, ਜੇ ਅਸੀਂ ਨਾ ਖਾਂਦੇ ਤਾਂ ਕੀ ਫਰਕ ਪੈਣਾ ਸੀ। ਤੂੰ ਪ੍ਰਮੇਸ਼ਰ ਦੇ ਇੰਤਜਾਮ ਵਿਚ ਬੜਾ ਭਾਰਾ ਵਿਘਨ ਪਾ ਦਿਤਾ। ਉਹ ਜਿਹੜੀ ਹਨ੍ਹੇਰੀ ਬੇਅੰਤ ਬੀਮਾਰੀਆਂ ਦੇ ਕੀਟਾਣੂਆਂ ਨੂੰ ਰੋੜ੍ਹੀਂ ਲਈ ਜਾਂਦੀ ਸੀ, ਏਥੋਂ ਤੇ ਹਵਾ ਨੂੰ ਸ਼ੁੱਧ ਕਰ ਰਹੀ ਸੀ। ਪ੍ਰਦੂਸ਼ਣ ਜਿੰਨਾਂ ਸੀ ਸਭ ਧਰਤੀ ਤੋਂ ਚੁੱਕ ਕੇ ਲਿਜਾ ਰਹੀ ਸੀ ਤੇ ਅੱਗੇ ਜਾ ਕੇ ਉਨ੍ਹਾਂ ਧਰਤੀਆਂ 'ਤੇ ਜਿੱਥੇ ਕੁਝ ਨਹੀਂ ਹੁੰਦਾ, ਉਥੇ ਇਹਨੇ ਰੇਤ ਸੁੱਟਣੀ ਸੀ, ਉਥੇ ਫੇਰ ਸੱਪ ਜਿਹੜੇ ਨੇ ਇਸ ਰੇਤ ਦੇ ਨਾਲ ਜੀਉਂਦੇ ਨੇ। ਉਹ ਤੂੰ ਸਾਰਾ ਹੀ ਇੰਤਜਾਮ ਵਿਗਾੜ ਦਿਤਾ ਪਿਆਰਿਆ। ਇਹ ਗੱਲ ਨਹੀਂ ਕਰਨੀ, ਕੁਦਰਤ 'ਚ ਦਖਲ ਨਹੀਂ ਦੇਣਾ। ਸੋ ਉਹਦਾ ਕਹਿਣਾ ਤਾਂ ਮੰਨ ਲਿਆ ਨਾ ਉਸਨੇ।

ਭਾਈ ਪਾਰੋ ਗੁਰੂ ਅਮਰਦਾਸ ਮਹਾਰਾਜ ਦੇ ਹਰ ਰੋਜ਼ ਦਰਸ਼ਨ ਕਰਨ ਜਾਂਦਾ ਹੈ। ਘੋੜਾ ਹੈ ਉਸਦਾ ਲੇਕਿਨ ਉਹਦੇ ਭਜਨ ਦਾ ਐਨਾ ਬਲ ਸੀ ਕਿ ਘੋੜਾ ਜਿਵੇਂ ਜੀਅ ਕਰਦਾ ਹੈ, ਉਸੇ ਤਰ੍ਹਾਂ ਚਲਿਆ ਜਾਂਦਾ ਸੀ। ਲਗਦਾ

ਸੀ ਚਲਦਾ ਧਰਤੀ 'ਤੇ ਹੈ ਲੇਕਿਨ ਪੈਰ ਨਹੀਂ ਸੀ ਲਾਉਂਦਾ। ਨਵਾਬ ਫੌਜ ਲਈਂ ਬਿਆਸਾ ਦੇ ਕੰਢੇ 'ਤੇ ਬੈਠਾ ਹੈ - ਗੋਇੰਦਵਾਲ ਸਾਹਿਬ ਦੇ ਸਾਮ੍ਹਣੇ। ਦਰਿਆ ਉਡੀਕ ਰਿਹਾ ਹੈ ਕਿ ਕਦੋਂ ਦਰਿਆ ਉਤਰੇ ਤੇ ਕਦੋਂ ਮੈਂ ਫੌਜਾਂ ਪਾਰ ਕਰਾਂ। ਇਧਰੋਂ ਕੀ ਦੇਖਦਾ ਹੈ ਕਿ ਘੋੜ ਸਵਾਰ ਆ ਰਿਹਾ ਹੈ। ਤੇ ਉਹ ਦਰਿਆ ਦੀਆਂ ਛੱਲਾਂ ਦੇ ਉਤੇ ਦੀ ਘੋੜਾ ਲੰਘਿਆ ਆਉਂਦਾ ਹੈ। ਜਿਸ ਵਕਤ ਲੰਘ ਕੇ ਆ ਗਿਆ, ਹੈਰਾਨ ਹੋ ਗਿਆ ਕਿ ਘੋੜੇ ਦੇ ਤਾਂ ਪੌੜ ਵੀ ਨਹੀਂ ਭਿੱਜੇ ਹੋਏ। ਇਹ ਤਾਂ ਇਸ ਤਰ੍ਹਾਂ ਆਇਆ ਜਿਵੇਂ ਦੋ-ਚਾਰ ਫੁੱਟ ਉਪਰ ਦੀ ਤੁਰ ਕੇ ਆਇਆ। ਉਸ ਵੇਲੇ ਨਵਾਬ ਨੇ ਹੱਥ ਜੋੜੇ, ਘੋੜਾ ਰੋਕ ਲਿਆ। ਕਹਿਣ ਲੱਗਿਆ, ਤੂੰ ਕੋਈ ਔਲੀਆ ਹੈਂ, ਤੂੰ ਕੋਈ ਪੈਗੰਬਰ ਹੈਂ, ਦਰਿਆ ਦੇ ਉਤੇ ਤੇਰਾ ਘੋੜਾ ਤੁਰਦਾ ਨਜ਼ਰ ਆਉਂਦਾ ਹੈ ਲੇਕਿਨ ਇਹਦਾ ਪੌੜ ਨਹੀਂ ਭਿੱਜਿਆ ਹੋਇਆ। ਮੈਨੂੰ ਤੂੰ ਆਪਣਾ ਮੁਰੀਦ ਬਣਾ ਲੈ। ਕਹਿਣ ਲੱਗੇ, ਮੁਰੀਦ ਤਾਂ ਮੈਂ ਵੀ ਗੁਰੂ ਮਹਾਰਾਜ ਦਾ ਹਾਂ। ਜੇ ਤੇਰੇ ਮਨ ਵਿਚ ਸੱਚਮੁੱਚ ਸ਼ੌਂਕ ਜਾਗਿਆ ਹੈ ਤਾਂ ਜਿਹੜੀਆਂ ਫੌਜਾਂ ਵਗੈਰਾ ਨੇ ਇਨ੍ਹਾਂ ਨੂੰ ਛੱਡ ਦੇ। ਜੋ ਕੁਛ ਤੇਰੇ ਕੋਲ ਹੈ ਸਭ ਕੁਛ ਛੱਡ ਦੇ। ਕਿਉਂਕਿ ਆਦਮੀ ਨੂੰ ਵਾਹਿਗੁਰੂ ਦੇ ਰਸਤੇ 'ਤੇ ਚੱਲਣ ਵਾਸਤੇ ਕੁਰਬਾਨੀ ਦੇਣੀ ਪੈਂਦੀ ਹੈ ਮੈਂ ਦੀ ਤੇ ਮੇਰੀ ਦੀ। ਦੋ ਚੀਜ਼ਾਂ ਨਹੀਂ ਆਪਣੇ ਕੋਲ ਰਹਿੰਦੀਆਂ। ਜੇ ਰੱਬ ਵਲ ਜਾਣਾ ਹੈ ਤਾਂ ਨਾ ਮੈਂ ਰਹੇ, ਨਾ ਮੇਰੀ ਰਹੇ। ਭਾਗ ਜਾਗੇ ਨਵਾਬ ਦੇ। ਉਸ ਨੇ ਆਪਣੇ ਪੁੱਤਰ ਨੂੰ ਕਹਿ ਦਿਤਾ ਕਿ ਤੂੰ ਫੌਜਾਂ ਸੰਭਾਲ, ਮੈਂ ਹੁਣ ਨਹੀਂ ਆਉਣਾ ਘਰ। ਭਾਈ ਪਾਰੋ ਦੇ ਨਾਲ ਚਲਿਆ ਜਾਂਦਾ ਹੈ ਮਹਾਰਾਜ ਜੀ ਦੇ ਕੋਲ। ਮਹਾਰਾਜ ਨੇ ਭਾਈ ਪਾਰੋ ਨੂੰ ਕਿਹਾ ਕਿ ਤੁਸੀਂ ਹੀ ਨਾਮ ਦੀ ਦਾਤ ਦੇ ਦਿਓ। ਕਿਉਂਕਿ ਪੂਰਨ ਗੁਰਸਿੱਖ ਸਨ, ਭਾਈ ਪਾਰੋ ਪੁੱਗੇ ਹੋਏ। ਸੋ ਇਸ ਤਰ੍ਹਾਂ ਦੇ ਨਾਲ ਇਹ ਸਾਰੀਆਂ ਚੀਜ਼ਾਂ ਹੁਕਮ ਮੰਨਦੀਆਂ ਨੇ ਪ੍ਰਭੂ ਦੇ ਪਿਆਰੇ ਦਾ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ ਰੰਗਲੇ ਸੱਜਣ 'ਚ ਇਕ ਸਾਖੀ ਆਉਂਦੀ ਹੈ ਉਨ੍ਹਾਂ ਦੀ। ਤੁਹਾਡੇ ਬੀਜੀ ਦੇ (ਬੀਬੀ ਰਣਜੀਤ ਕੌਰ ਜੀ, ਜੀਵਨ ਸਾਥੀ ਸੰਤ ਵਰਿਆਮ ਸਿੰਘ ਜੀ) ਦੇ ਬਾਪੂ ਜੀ ਬਾਰੇ। ਜਿਸ ਪਿੰਡ ਵਿਚ ਇਹ ਰਹਿੰਦੇ ਸੀ, ਇਹ ਚਰੀ ਵੱਢ ਕੇ ਲਿਆਉਂਦੇ ਹੁੰਦੇ ਆਪਣੇ ਪਸ਼ੂਆਂ ਨੂੰ। ਤਾਂ ਉਸ ਪਿੰਡ ਨੇ ਬਾਹਰ ਨੂੰ ਆ ਕੇ ਖੜ੍ਹ ਜਾਣਾ ਕਿ ਉਹ ਆਉਂਦੇ ਨੇ ਹੀਰਾ ਸਿੰਘ ਉਨ੍ਹੀਂ। ਅੱਧਿਆਂ ਨੂੰ ਤਾਂ ਇਹ ਲੱਗਣਾ ਕਿ ਇਕ ਹੱਥ ਉੱਚੀ ਹੈ ਚਰੀ ਜਿਹੜੀ ਨਾਲ ਨਹੀਂ ਸੀਸ ਦੇ ਲੱਗ ਰਹੀ। ਉਤੇ ਹੀ ਤੁਰੀ ਆਉਂਦੀ ਹੈ। ਦੂਜੇ ਪਾਸੇ ਵਾਲਿਆਂ ਨੂੰ ਲੱਗਣਾ ਕਿ ਨਹੀਂ ਨਾਲ ਲੱਗੀ ਹੋਈ ਦਿਸੀ ਹੈ ਸਾਨੂੰ।

ਜਦੋਂ ਗੁਰੂ ਨਾਨਕ ਸਾਹਿਬ ਤੇ ਮਰਦਾਨੇ ਨੂੰ ਫੜ ਲਿਆ ਬਾਬਰ ਨੇ। ਇਨ੍ਹਾਂ ਨੂੰ ਬੋਝੇ ਚੁਕਾ ਦਿਤੇ। ਮਰਦਾਨੇ ਨੂੰ ਘੋੜੇ ਫੜਾ ਦਿਤੇ ਕਿ ਆਹ ਘੋੜੇ ਉਥੇ ਪਹੁੰਚਾਉਣੇ ਨੇ ਤੂੰ। ਭਾਈ ਬਾਲਾ ਵੀ ਤੇ ਗੁਰੂ ਨਾਨਕ ਸਾਹਿਬ ਦੇ ਵੀ ਇੱਕ ਪੰਡ ਸਿਰ 'ਤੇ ਧਰ ਦਿਤੀ। ਮਹਾਰਾਜ ਕਹਿੰਦੇ, ਮਰਦਾਨਿਆਂ! ਰਬਾਬ ਵਜਾ। ਕਹਿੰਦਾ, ਸੱਚੇ ਪਾਤਸ਼ਾਹ! ਘੋੜੇ? ਇਹ ਤਾਂ ਫੇਰ ਬੜਾ

ਬੁਰਾ ਭਲਾ ਕਹਿਣਗੇ ਜੇ ਕੋਈ ਨੱਠ ਗਿਆ। ਮਹਾਰਾਜ ਕਹਿੰਦੇ ਕੋਈ ਨਾ ਤੂੰ ਫਿਕਰ ਨਾ ਕਰ, ਘੋੜੇ ਕਿਧਰੇ ਨਹੀਂ ਜਾਂਦੇ। ਉਸ ਵੇਲੇ ਸ਼ਬਦ ਪੜ੍ਹਦੇ ਜਾਂਦੇ ਨੇ। ਕਦੇ ਅੱਗੇ, ਕਦੇ ਪਿੱਛੇ ਹੌਲੀ-ਹੌਲੀ ਜਾ ਰਹੇ ਨੇ, ਬੜੀ ਮਸਤੀ ਦੇ ਅੰਦਰ। ਕੀ ਦੇਖਦੇ ਨੇ ਸਾਰੇ ਕਿ ਆਹ ਜਿਹੜੇ ਤਿੰਨ ਕੈਦੀ ਨੇ ਘੋੜੇ ਵੀ ਇਨ੍ਹਾਂ ਦੇ ਪਿੱਛੇ-ਪਿੱਛੇ ਆ ਰਹੇ ਨੇ, ਜਿਧਰ ਨੂੰ ਇਹ ਜਾਂਦੇ ਨੇ। ਨਾਲੇ ਇਨ੍ਹਾਂ ਨੂੰ ਜਿਹੜੀਆਂ ਪੰਡਾਂ ਵਗਾਰ ਦੀਆਂ ਚੁੱਕਾਈਆਂ ਨੇ ਇਨ੍ਹਾਂ ਦੇ ਸਿਰਾਂ ਤੋਂ ਹੱਥ-ਹੱਥ ਉੱਚੀਆਂ ਆਪੇ ਹੀ ਤੁਰੀਆਂ ਆਉਂਦੀਆਂ ਨੇ।

ਇਹ ਕੁਝ ਚੀਜ਼ਾਂ ਹੁੰਦੀਆਂ ਨੇ ਸਾਧਸੰਗਤ ਜੀ! ਜਿਨ੍ਹਾਂ 'ਤੇ ਸਾਨੂੰ ਵਿਚਾਰ ਕਰਨੀ ਪੈਂਦੀ ਹੈ ਕਿਉਂਕਿ ਇਹ ਚੀਜ਼ਾਂ ਜਿਹਦੇ ਹਿਰਦੇ 'ਚ ਨਾਮ ਵਸ ਜਾਵੇ -

***ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥*** ***ਅੰਗ - 1155***

ਉਹ ਵੱਡਾ ਰਾਜਿਆਂ ਦਾ ਰਾਜਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥*** ***ਅੰਗ - 5***

ਕਿਉਂਕਿ ਨਾਮ ਤੇ ਨਾਮੀ ਵਿਚ ਭੇਦ ਨਹੀਂ। ਵਾਹਿਗੁਰੂ ਵਿਚ ਤੇ ਉਹਦੇ ਵਿਚ ਭੇਦ ਨਹੀਂ ਕੋਈ ਵੀ ਹੁੰਦਾ। ਸੋ ਮਹਾਰਾਜ ਕਹਿੰਦੇ ਪਿਆਰਿਓ! -

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਅੰਗ - 707***

ਜਿਹਦਾ ਚਿੱਤ ਨਾਮ ਨਾਲ ਭਿੱਜ ਗਿਆ, ਉਹ ਸ੍ਰਿਸ਼ਟੀ ਦਾ ਰਾਜਾ ਹੁੰਦਾ ਹੈ। ਉਹਦਾ ਕਹਿਣਾ ਸਭ ਮੰਨਦੇ ਨੇ। ਚਾਹੇ ਉਹਦੀ ਬਾਹਰਲੀ ਹਾਲਤ ਕੈਸੀ ਹੀ ਹੈ। ਸੰਸਾਰ ਤਰ ਜਾਂਦਾ ਹੈ। ਛੁਡਾ ਲੈਂਦਾ ਹੈ ਦਰਗਾਹ ਤੋਂ। ਜੇ ਕੋਈ ਐਨਾ ਵੀ ਕਹਿ ਦੇਵੇ, ਪਹਿਲਾਂ ਹੱਥ ਜੋੜ ਕੇ ਬੁਲਾ ਲਵੇ, ਜੀ ਕਹਿ ਕੇ ਆਦਰ ਕਰ ਲਵੇ। ਕਹਿੰਦੇ, ਉਹਦੇ ਨਾਲ ਵੀ ਉਹਦਾ ਛੁਟਕਾਰਾ ਹੋ ਜਾਂਦਾ ਹੈ।

ਭਗਤ ਜੱਲ੍ਹਣ ਜੀ ਗੁਰੂ ਛੇਵੇਂ ਪਾਤਸ਼ਾਹ ਵੇਲੇ ਹੋਏ ਨੇ। ਗੁਰੂ ਛੇਵੇਂ ਪਾਤਸ਼ਾਹ ਨਾਲ ਕਾਫੀ ਉਨ੍ਹਾਂ ਦੇ ਬਚਨ ਹੋਏ। ਮਹਾਰਾਜ ਬੜਾ ਸਤਿਕਾਰ ਕਰਦੇ ਸੀ। ਆਪ ਦੀ ਮਾਨਤਾ ਬਹੁਤ ਹੋ ਗਈ ਲਾਹੌਰ ਦੇ ਅੰਦਰ। ਸੀਗੇ ਜੱਟ। ਸਿੱਧੀ ਗੱਲ ਕਰਦੇ ਸੀ। ਮਹਾਰਾਜ ਕਹਿੰਦੇ, ਭਗਤ ਜੀ! ਤੁਸੀਂ ਤਾਂ ਆਰਾਮ ਨਾਲ ਭਜਨ ਬੰਦਗੀ ਕਰਦੇ ਓਂ, ਸਾਡੇ ਪਿੱਛੇ ਮੁਗਲ ਪਏ ਹੋਏ, ਇਹ ਖਹਿੜਾ ਹੀ ਨਹੀਂ ਛੱਡਦੇ। ਭਗਤ ਜੱਲ੍ਹਣ ਜੀ ਨੇ ਸਹਿਜ-ਸੁਭਾਅ ਕਿਹਾ ਕਿ ਤੁਸੀਂ! ਪਲੰਘ ਦੇ ਨਾਲ ਕੁੱਤੀ ਬੰਨ੍ਹੀ ਹੋਈ ਹੈ। ਕੁੱਤੇ ਨੱਠੇ ਫਿਰਦੇ ਨੇ। ਸਿੱਧੀ ਜੱਟਾਂ ਵਾਲੀ ਗੱਲ ਕਰ ਦਿਤੀ। ਗੱਲ ਕੀ ਸੀ ਕਿ ਤੁਸੀਂ ਮਾਇਆ ਅੰਗੀਕਾਰ ਕਰ ਲਈ। ਜਿੱਥੇ ਮਾਇਆ ਹੋਏਗੀ ਉਥੇ ਕਲੇਸ਼ ਨੇ ਜ਼ਰੂਰ ਹੀ ਆਉਣਾ ਹੈ। ਜਿੱਥੇ ਜਾਇਦਾਦ ਹੈ ਉਥੇ ਮੁਕਦਮੇਬਾਜ਼ੀ ਚਲਦੀ ਹੀ ਰਹਿੰਦੀ ਹੈ। ਮਹਾਰਾਜ ਕਹਿੰਦੇ, ਹੁਣ ਤਾਂ ਅਸੀਂ ਬੰਨ੍ਹੀ ਹੀ ਤਾਂ

ਹੈ ਕਿ ਉਨ੍ਹਾਂ ਦੇ ਸਿਰ ਭੰਨਣੇ ਨੇ।

ਸੋ ਉਨ੍ਹਾਂ ਦੇ ਮਨ 'ਚ ਆਇਆ ਕਿ ਮਾਨਤਾ ਮੇਰੀ ਜ਼ਿਆਦਾ ਹੋਣ ਲੱਗ ਗਈ। ਸਾਧੂ ਆਪਣੀ ਮੌਜ ਦੇ ਮਾਲਕ ਹੁੰਦੇ ਨੇ, ਇਨ੍ਹਾਂ ਨੂੰ ਕੋਈ ਬੰਨ੍ਹ ਨਹੀਂ ਸਕਦਾ। ਕਈ ਵਾਰੀ ਜਦੋਂ ਬਹੁਤ ਮਾਨਤਾ ਵਧ ਜਾਂਦੀ ਹੈ ਫੇਰ ਉਹ ਨਿੰਦਿਆ ਕਰਾਉਣ ਦੀ ਸੋਚਦੇ ਨੇ ਕਿ ਘਟ ਜਾਣ। ਜਿਹੜੇ ਵਾਧੂ ਲੱਗੇ ਹੋਏ ਨੇ ਸਭ ਝੜ ਜਾਣ। ਕਬੀਰ ਸਾਹਿਬ ਨੇ ਵੀ ਇਸੇ ਤਰ੍ਹਾਂ ਕਰਿਆ, ਨਾਮਦੇਵ ਜੀ ਨਾਲ ਵੀ ਇਸੇ ਤਰ੍ਹਾਂ ਹੋਈ। ਸੋ ਇਨ੍ਹਾਂ ਨੇ ਵੀ ਐਸਾ ਕਰਿਆ ਕਿ ਲਾਹੌਰ ਛੱਡ ਕੇ ਦੂਰ ਚਲੇ ਗਏ, ਉਥੇ ਇਕ ਵੱਡਾ ਸ਼ਾਹੂਕਾਰ ਸੀ, ਉਹਦੀਆਂ ਕੋਈ ਵੱਡੀਆਂ ਬਿਲਡਿੰਗਾਂ ਬਣ ਰਹੀਆਂ ਸੀ। ਉਥੇ ਮਜ਼ਦੂਰ ਬਣ ਕੇ ਲੱਗ ਗਏ। ਜਿਹੜਾ ਮੁਨਸ਼ੀ ਸੀ ਕਹਿਣ ਲੱਗਿਆ, ਬਾਬਾ! ਤੇਰਾ ਨਾਉਂ ਕੀ ਹੈ? ਕਹਿੰਦੇ, ਮੇਰਾ ਨਾਉਂ ਜੱਲ੍ਹਣ ਜੀ ਹੈ। ਜਾਣ ਕੇ 'ਜੀ' ਨਾਲ ਲਗਾ ਦਿਤਾ। ਕਿਉਂਕਿ ਸੰਤ ਜਿੱਥੇ ਵੀ ਜਾਣ, ਬੈਠਣ, ਉੱਠਣ, ਬਚਨ ਕਰਨ, ਤਾਰਨ ਦਾ ਪਹਿਲਾਂ ਸੋਚਦੇ ਨੇ ਕਿ ਇਹਦਾ ਵੀ ਉਧਾਰ ਹੋ ਜਾਵੇ। ਉਹ ਜਿਸ ਵਕਤ ਹਾਜ਼ਰੀ ਲਾਇਆ ਕਰੇ, ਸਾਰਿਆਂ ਦੀ ਹਾਜ਼ਰੀ ਲਾਉਣ ਤੋਂ ਬਾਅਦ ਇਨ੍ਹਾਂ ਦਾ ਨਾਉਂ ਅਖੀਰ 'ਤੇ ਸੀ, ਫੇਰ ਕਹਿਣ 'ਜੱਲ੍ਹਣ ਜੀ।' ਇਨ੍ਹਾਂ ਨੇ ਕਹਿਣਾ, ਹਾਜ਼ਰ ਜੀ। ਸੱਤ ਦਿਨ ਬਾਅਦ ਤਨਖਾਹ ਮਿਲਦੀ ਹੁੰਦੀ। ਤਨਖਾਹ ਲੈਣ ਵਾਸਤੇ ਰੌਲਾ ਪਈ ਜਾਣਾ, ਬਾਬੂ ਨੇ ਅੱਧੇ ਪੈਸੇ ਦੇਣੇ, ਵਿਚ ਕੱਟ ਲੈਣੀਆਂ ਦਿਹਾੜੀਆਂ। ਰੌਲਾ ਪਾ ਰੱਖਣਾ। ਮਜ਼ਦੂਰੀ ਖਾ ਜਾਣੀ। ਐਵੇਂ ਪੈਸਾ, ਦੋ ਪੈਸੇ ਮਜ਼ਦੂਰੀ ਹੁੰਦੀ ਸੀ, ਉਹਦੇ ਵਿਚੋਂ ਵੀ ਖਾ ਜਾਣਾ। ਜੱਲ੍ਹਣ ਜੀ ਨੇ ਪਾਸੇ ਬੈਠੇ ਰਹਿਣਾ, ਜਦੋਂ ਸਭ ਹਿਸਾਬ-ਕਿਤਾਬ ਕਰ ਲੈਣੇ, ਇਨ੍ਹਾਂ ਦੇ ਨਾਉਂ 'ਤੇ ਦਸਤਖਤ ਨਾ ਹੋਣ ਕਰਕੇ ਉਹਨੇ ਫੇਰ ਆਰਾਮ ਨਾਲ ਕਹਿਣਾ, ਬਾਬਾ ਜੀ!, ਆਓ ਜੀ, ਤੁਸੀਂ ਵੀ ਆਓ ਮਹਾਰਾਜ, ਆ ਕੇ ਦਸਤਖਤ ਕਰੋ। ਇਨ੍ਹਾਂ ਨੇ ਨਾ ਕਦੇ ਪੈਸੇ ਗਿਣਨੇ, ਜਿੰਨੇ ਕੁ ਦੇਣੇ ਓਨੇ ਕੁ ਫੜ ਲੈਣੇ। ਉਹਨੂੰ ਮੌਜ ਬਣ ਗਈ ਕਿ ਇਹਦੇ ਨਾਲ ਤਾਂ ਕੋਈ ਰੌਲਾ ਹੀ ਨਹੀਂ ਪੈਂਦਾ। ਜਿੰਨਾਂ ਜੀਅ ਕਰਦਾ ਹੈ, ਕੱਟ ਲਓ ਇਹਦੇ। ਇਸ ਤਰ੍ਹਾਂ ਕਰਦੇ-ਕਰਦੇ ਜਦੋਂ ਦੋ ਮਹੀਨੇ ਲੰਘ ਗਏ।

ਬਾਬਾ ਜੀ ਇਕ ਦਿਨ ਅੰਤਰ ਧਿਆਨ ਹੋਏ ਬੈਠੇ ਨੇ ਅੰਮ੍ਰਿਤ ਵੇਲੇ, ਦਰਗਾਹ ਦੇ ਵਿਚੀਂ ਜਦੋਂ ਸੁਰਤੀ ਲੰਘਣ ਲੱਗੀ ਧਰਮਖੰਡ 'ਚੋਂ, ਉਥੇ ਝੀਣੀ ਬਾਣ ਸੁਣੀ ਇਨ੍ਹਾਂ ਨੇ -

***ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥***

***ਅੰਗ - 520***

ਕਿਉਂਕਿ ਇਥੇ ਜਿਹੜੇ ਜ਼ੋਰ ਕਰ-ਕਰ ਕੇ ਦਿਖਾਉਂਦੇ ਨੇ, ਉਥੋਂ ਜਦੋਂ ਲੰਘਦੇ ਨੇ ਤਾਂ ਕੂਕਾਂ ਪੈਂਦੀਆਂ ਨੇ ਉਨ੍ਹਾਂ ਨੂੰ, ਐਨਾ ਦੁਖ ਉਨ੍ਹਾਂ ਦੀ ਰੂਹ ਨੂੰ ਪ੍ਰਾਪਤ ਹੁੰਦਾ ਹੈ। ਦਿਲ ਨਰਮ ਸੀ ਉਸ ਵੇਲੇ ਸੂਖਸ਼ਮ ਸਰੀਰ ਦੇ ਨਾਲ ਉਸ ਮੰਡਲ 'ਚ ਦਾਖਲ ਹੋ ਕੇ ਕਹਿਣ ਲੱਗੇ ਜਮਦੂਤਾਂ ਨੂੰ ਕਿ ਤੁਸੀਂ ਇਸ ਜੀਵ ਨੂੰ ਕਿਉਂ ਮਾਰਦੇ ਓਂ। ਕਹਿੰਦੇ, ਬਾਬਾ ਜੀ! ਇਸ ਨੇ ਬਹੁਤ ਪਾਪ ਕਰੇ ਨੇ।

ਕਹਿੰਦੇ, ਹੈ ਕੌਣ?

ਦਿਖਾਓ ਤਾਂ ਸਾਨੂੰ।

ਕਹਿੰਦੇ ਜੀ, ਇਹ ਓਹੀ ਮੁਨਸ਼ੀ ਹੈ ਜਿਹੜਾ ਤੁਹਾਡੇ ਵੀ ਪੈਸੇ ਕੱਟਦਾ ਰਿਹਾ ਹੈ –

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥***
***ਸੁਤ ਦਾਰਾ ਪਹਿ ਆਨਿ ਲੁਟਾਵੈ ॥ 1 ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*** ***ਅੰਗ – 656***

ਕਹਿੰਦੇ, ਹੁਣ ਨਿਬੇੜਾ ਦੇਣ ਵਾਸਤੇ ਜਾ ਰਿਹਾ ਹੈ। ਧਰਮਰਾਜ ਨੇ ਹੁਕਮ ਕੀਤਾ ਹੈ ਸਾਨੂੰ ਕਿ ਇਹਨੂੰ ਮਾਰਦੇ ਕੁੱਟਦੇ ਲੈ ਕੇ ਆਓ। ਸੋ ਇਹ ਰੋ ਰਿਹਾ ਹੈ।

ਕਹਿੰਦੇ, ਤੁਹਾਨੂੰ ਇਕ ਗੱਲ ਦੱਸੀਏ, ਗੁਰੂ ਨਾਨਕ ਸਾਹਿਬ ਦਾ ਰਾਜ ਹੈ ਇਸ ਵੇਲੇ ਸਾਰੇ ਅਰਸ਼ਾਂ 'ਤੇ। ਉਨ੍ਹਾਂ ਦੀ ਜਿਹੜੀ ਬਾਣੀ ਹੈ ਉਹ ਵਿਧਾਨ ਹੈ ਸੰਸਾਰ ਦਾ। ਉਸ ਬਾਣੀ 'ਚ ਉਨ੍ਹਾਂ ਨੇ ਇਹ ਫੁਰਮਾਨ ਕੀਤਾ ਹੈ ਕਿ –

***ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ ॥***
***ਅੰਗ – 1328***

ਜਿਹੜਾ ਸੰਤਾਂ ਨੂੰ ਜੀ ਕਹਿ ਕੇ ਬੁਲਾ ਲਵੇ, ਉਹਨੂੰ ਜਮਦੂਤ ਲਿਜਾ ਨਹੀਂ ਸਕਦੇ। ਇਹ ਸਾਨੂੰ ਦੋ ਮਹੀਨੇ ਤੋਂ 'ਜੱਲ੍ਹਣ ਜੀ' ਕਹਿ ਕੇ ਬੁਲਾਉਂਦਾ ਰਿਹਾ ਹੈ। ਆਓ ਜੀ ਕਹਿੰਦਾ ਸੀ, ਜੱਲ੍ਹਣ ਜੀ ਕਹਿੰਦਾ ਸੀ। ਫੇਰ ਤਾਂ ਬਈ ਤੁਸੀਂ ਗੁਰੂ ਨਾਨਕ ਸਾਹਿਬ ਦੀ ਅਵੱਗਿਆ ਕਰ ਦਿਤੀ। ਉਸੇ ਵੇਲੇ ਮਾਰਨ ਤੋਂ ਹਟ ਗਏ। ਧਰਮਰਾਜ ਦੇ ਚਲਿਆ ਗਿਆ। ਉਹ ਕਹਿਣ ਲੱਗਿਆ ਕਿ ਇਸ ਜੀਵ ਨੂੰ ਮਾਰਨਾ ਨਹੀਂ। ਇਹ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਉਹਨੂੰ ਤਲਬ ਨਹੀਂ ਹੋਏਗੀ, ਵਰੰਟ ਨਹੀਂ ਉਹਨੂੰ ਆਉਣਗੇ, ਜਿਹੜਾ ਸੰਤਾਂ ਨੂੰ ਜੀ ਕਹਿ ਦੇਵੇ। ਸੋ ਇਸ ਤਰ੍ਹਾਂ ਦਰਗਾਹ ਦੇ ਵਿਚੋਂ ਵੀ ਛੁਡਾ ਦਿੰਦੇ ਨੇ ਸਾਧੂ। ਕਿਉਂਕਿ ਉਨ੍ਹਾਂ ਦਾ ਕਿਹਾ –

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥*** ***ਅੰਗ – 186***

ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਜਦੋਂ ਸਰੀਰ ਵਿਚ ਸੀ ਆਪ, ਮੈਂ ਦਰਸ਼ਨ ਕਰਕੇ ਮੁੜਿਆ, ਪਿੰਡ ਦੇ ਵਿਚੀਂ ਲੰਘ ਰਿਹਾ ਸੀ, ਸਾਡੇ ਪਿੰਡ ਦਾ ਇਕ ਸੇਠ ਸੀ ਤਾਂ ਮੈਂ ਉਸ ਨੂੰ ਪੁਛਿਆ ਤਾਂ ਉਹ ਰੋਣ ਲੱਗ ਗਿਆ। ਕਹਿਣ ਲੱਗਿਆ, ਆਪ ਤੋ ਮੇਰੇ ਭਗਵਨ ਕੇ ਪਾਸ ਸੇ ਆਏ ਹੋ। ਸੇਠ ਅਮਰਨਾਥ ਸੀ ਉਹਦਾ ਨਾਉਂ। ਮੈਂ ਕਿਹਾ ਕੀ ਗੱਲ ਹੋਈ? ਉਹਨੇ ਸਾਰੀ ਗੱਲ ਦੱਸੀ ਕਿ ਮੈਂ ਚੜ੍ਹਾਈ ਕਰ ਗਿਆ ਸੀ। ਜਮਦੂਤਾਂ ਨੇ ਮੈਨੂੰ ਫੜ ਲਿਆ ਸੀ, ਕਹਿੰਦਾ ਮੈਂ ਅਰਾਧਨਾ ਕਰੀ ਮੈਨੂੰ ਛੁਡਾ ਦਿਤਾ। ਕਹਿੰਦੇ, ਅਜੇ ਤਾਂ ਇਹਦੇ ਸੱਤ ਸਾਲ ਰਹਿੰਦੇ

ਨੇ, ਤੁਸੀਂ ਇਹਨੂੰ ਪਹਿਲਾਂ ਹੀ ਲੈ ਚੱਲੇ। ਕਹਿਣ ਲੱਗਿਆ, ਫੇਰ ਮੈਂ ਰਾਜ਼ੀ ਹੋ ਗਿਆ, ਤੁਹਾਡੇ ਬਗਲ ਦੇ ਨਾਲ ਜਿਹੜੀ ਮੇਰੀ ਜ਼ਮੀਨ ਲਗਦੀ ਹੈ, ਉਹ ਮੈਂ ਉਨ੍ਹਾਂ ਨੂੰ ਅਰਦਾਸ ਕਰਾ ਦਿਤੀ ਸਾਰੀ ਹੀ। ਜਦੋਂ ਮੈਂ ਉਥੇ ਗਿਆ ਤਾਂ ਉਹ ਕਹਿੰਦੇ ਛੋਟੇ ਸੰਤਾਂ ਕੋਲ ਚਲਿਆ ਜਾਹ। 25 ਵਿੱਘੇ ਬਾਗ ਸੀਗਾ। ਛੋਟੇ ਸੰਤ ਕਹਿਣ ਲੱਗੇ, ਲਾਲਾ! ਅਸੀਂ ਜ਼ਮੀਨ ਤਾਂ ਵਾਹੁਣੀ ਨਹੀਂ ਤੇ ਤੂੰ ਉਹ ਸਾਨੂੰ ਮੁੱਲ ਦੇ-ਦੇ, ਅਸੀਂ ਮੁੱਲ ਪਾ ਦਿੰਦੇ ਹਾਂ। ਮੁੱਲ ਕੀ ਪਾਇਆ ਢਾਈ ਹਜ਼ਾਰ, 100 ਰੁਪਿਆ ਵਿੱਘਾ। ਸੌ-ਸੌ, ਹਜ਼ਾਰ-ਹਜ਼ਾਰ, ਪੰਜ-ਪੰਜ ਸੌ ਦਾ ਤਾਂ ਇੱਕ-ਇੱਕ ਅੰਬ ਹੈ ਉਥੇ। ਸਾਰੇ ਬਾਗ ਵਿਚ ਅੰਬ ਨੇ।

ਸੋ ਗੱਲ ਇਹ ਕਿ ਮੈਨੂੰ ਉਨ੍ਹਾਂ ਨੇ ਛੁਡਾ ਦਿਤਾ। ਕਿਉਂਕਿ ਦਰਗਾਹ 'ਚ ਚਲਦੀ ਹੈ ਸਾਧੂਆਂ ਦੀ। ਉਹ ਫੇਰ ਕੀਹਨੂੰ ਨਿਗ੍ਹਾ ਥੱਲੇ ਲਿਆਉਂਦੇ ਨੇ।

ਸੋ ਸਿਕੰਦਰ ਪੋਰਸ ਨਾਲ ਤੁਰਿਆ ਜਾਂਦਾ ਹੈ ਤੇ ਨਰਾਜ਼ ਹੋ ਰਿਹਾ ਹੈ ਕਿ ਸੰਤਾਂ ਨੇ ਰਸਤਾ ਨਹੀਂ ਸਾਫ ਕਰਾਇਆ। ਮੈਂ ਸਾਰੀ ਦੁਨੀਆਂ ਨੂੰ ਜਿੱਤਣ ਵਾਲਾ ਆ ਗਿਆ। ਅੱਗੇ ਗਿਆ, ਤਾਂ ਪੁੱਛਦਾ ਹੈ ਕਿ ਕਿੱਥੇ ਕੁ ਨੇ ਸੰਤ? ਕਹਿੰਦੇ, ਉਹ ਝੌਂਪੜੀ ਹੈ। ਪੁਰਾਣੀ ਜਿਹੜੀ ਝੌਂਪੜੀ ਹੈ। ਮਹਾਤਮਾ ਬੈਠੇ ਨੇ ਉਥੇ, ਇੱਕੋ ਕੱਪੜਾ ਪਹਿਨਿਆ ਹੋਇਆ, ਵਸਤਰ ਸਰੀਰ 'ਤੇ ਹੋਰ ਕੋਈ ਨਹੀਂ ਹੈ।

ਕਹਿਣ ਲੱਗਿਆ ਕਿ ਔਹ ਬੈਠਾ ਹੈ?

ਕਹਿੰਦੇ, ਹਾਂ ਜੀ।

ਅੱਗੇ ਚਲਿਆ ਗਿਆ, ਸੰਤਾਂ ਨੇ ਦੇਖਿਆ ਤੇ ਦੇਖ ਕੇ ਮੂੰਹ ਦੂਜੇ ਪਾਸੇ ਨੂੰ ਕਰ ਲਿਆ। ਕਹਿਣ ਲੱਗਿਆ ਕਿ ਇਹ ਤਾਂ ਬਹੁਤ ਖਰਾਬ ਹੈ ਸੰਤ। ਇਹਨੇ ਤਾਂ ਮੇਰੀ ਮਾਣ ਹਾਨੀ ਕਰ ਦਿਤੀ। ਮੈਂ ਸਾਰੀ ਦੁਨੀਆਂ ਨੂੰ ਜਿੱਤਣ ਵਾਲਾ ਬਾਦਸ਼ਾਹ ਤੇ ਇਹਨੇ ਮੇਰਾ ਕੋਈ ਸਤਿਕਾਰ ਨਹੀਂ ਕੀਤਾ। ਸਗੋਂ ਪਰਲੇ ਪਾਸੇ ਨੂੰ ਦੇਖਣ ਲੱਗ ਗਿਆ। ਤਲਵਾਰ ਕੱਢ ਲਈ ਇਹਨੇ ਕਿ ਮੈਂ ਟੁਕੜੇ-ਟੁਕੜੇ ਹੁਣੇ ਕਰ ਦਿੰਦਾ ਹਾਂ ਇਹਦੇ। ਪੋਰਸ ਵੀ ਦੇਖ ਰਿਹਾ ਹੈ ਤੇ ਸੰਤਾਂ ਨੇ ਵੀ ਦੇਖ ਲਿਆ। ਉਨ੍ਹਾਂ ਇਕ ਨਿਗ੍ਹਾ ਕਰੀ, ਇਹਨੇ ਤਲਵਾਰ ਕੱਢੀ ਹੋਈ ਤੇ ਉਤੇ ਨੂੰ ਉਲਾਰੀ ਹੋਈ ਹੈ, ਮਾਰਨ ਵਾਸਤੇ ਘੋੜਾ ਨਠਾਈ ਜਾਂਦਾ ਹੈ, ਘੋੜੇ ਦਾ ਪੈਰ ਜਿੱਥੇ ਸੀ ਉਥੇ ਹੀ ਖੜ੍ਹ ਗਿਆ, ਜਿਥੇ ਇਹਦੀ ਬਾਂਹ ਸੀ ਉਥੇ ਹੀ ਬਾਂਹ ਖੜ੍ਹ ਗਈ, ਬੁੱਤ ਬਣ ਗਿਆ ਉਥੇ, ਹਿੱਲ ਨਹੀਂ ਸਕਦਾ। ਜ਼ੋਰ ਲਾਉਂਦਾ ਹੈ ਹੁਣ। ਪਰ ਕਿੱਥੋਂ ਤਾਕਤ ਲਿਆਵੇ। ਇਕ ਪਾਸੇ ਸਾਰੀਆਂ ਸ੍ਰਿਸ਼ਟੀਆਂ ਦਾ ਬਾਦਸ਼ਾਹ ਬੈਠਾ ਹੈ, ਇਕ ਪਾਸੇ ਇਕ ਮਾਮੂਲੀ ਜੀਵ ਹੈ ਜਿਹੜਾ ਸੰਸਾਰ ਨੂੰ ਜਿੱਤ ਕੇ ਇਹ ਸਮਝ ਗਿਆ ਕਿ ਮੇਰੇ ਨਾਲੋਂ ਦੁਨੀਆਂ 'ਚ ਹੋਰ ਵੱਡਾ ਕੋਈ ਨਹੀਂ ਹੈ। ਸੋ ਉਸ ਵੇਲੇ ਪੋਰਸ ਨੇ ਦੇਖਿਆ ਕਿ ਨਾ ਘੋੜਾ ਪੈਰ ਪੁੱਟਦਾ ਹੈ ਇਹਦਾ, ਨਾ ਬਾਂਹ ਥੱਲੇ ਨੂੰ ਹੁੰਦੀ ਹੈ, ਨਾ ਇਹ ਬੋਲਦਾ ਹੈ, ਇਹ ਤਾਂ

ਬੁੱਤ ਬਣ ਗਿਆ। ਜੜ ਬਣਿਆ ਖੜ੍ਹਾ ਹੈ। ਉਸ ਵੇਲੇ ਉਹਨੇ ਉਸ ਨੂੰ ਸਮਝਾਇਆ ਇੰਟਰਪ੍ਰੇਟਰ (ਸਹਾਇਕ) ਦੇ ਰਾਹੀਂ ਕਿ ਸੰਤਾਂ ਕੋਲ ਅਭਿਮਾਨ ਕਰਕੇ ਨਹੀਂ ਆਈਦਾ। ਸੰਤਾਂ ਕੋਲ ਤਾਂ ਨਿਮਰਤਾ ਨਾਲ ਆਈਦਾ ਹੈ। ਹੁਣ ਤੇਰਾ ਜ਼ੋਰ ਨਹੀਂ ਚਲ ਸਕਦਾ, ਨਾ ਤੇਰੀਆਂ ਫੌਜਾਂ ਦਾ ਚੱਲ ਸਕੇ। ਇਨ੍ਹਾਂ ਦੀ ਇਕ ਦ੍ਰਿਸ਼ਟੀ ਹੀ ਸਭ ਕੁਛ ਕਰ ਲੈਂਦੀ ਹੈ। ਤੂੰ ਹੁਣ ਇਨ੍ਹਾਂ ਦੇ ਚਰਨਾਂ 'ਚ ਬੇਨਤੀ ਕਰ। ਉਸ ਵੇਲੇ ਉਹਨੇ ਬੇਨਤੀ ਕਰੀ ਕਿ ਮਹਾਰਾਜ! ਮੇਰੀ ਭੁੱਲ ਖਿਮਾ ਕਰੋ, ਮੈਂ ਦਰਸ਼ਨ ਕਰਨ ਆਇਆ ਹਾਂ। ਹੱਥ ਚੱਲ ਪਿਆ, ਤਲਵਾਰ ਮਿਆਨ 'ਚ ਪਾ ਲਈ ਤੇ ਜਾ ਕੇ ਨਮਸ਼ਕਾਰ ਕਰੀ। ਜਿਵੇਂ ਪੋਰਸ ਨੇ ਕਰੀ ਉਵੇਂ ਇਹਨੇ ਕਰੀ। ਉਸ ਤੋਂ ਬਾਅਦ ਸਾਮ੍ਹਣੇ ਖੜ੍ਹਾ ਹੋ ਗਿਆ।

ਕਹਿਣ ਲੱਗੇ, ਕੀ ਗੱਲ ਬਈ! ਤੂੰ ਤਲਵਾਰਾਂ ਕੱਢਦਾ ਸੀ ਸਾਡੇ ਉਤੇ?

ਕਹਿਣ ਲੱਗਿਆ, ਮਹਾਰਾਜ! ਤੁਸੀਂ ਮੇਰੇ ਆਉਣ 'ਤੇ ਖੜ੍ਹੇ ਨਹੀਂ ਹੋਏ।

ਕਹਿੰਦੇ, ਜੇ ਤੇਰਾ ਗੁਲਾਮ ਆਵੇ ਤੂੰ ਖੜ੍ਹਾ ਹੁੰਦੈਂ?

ਕਹਿੰਦਾ ਨਹੀਂ।

ਕਹਿੰਦੇ, ਜੇ ਤੇਰੇ ਗੁਲਾਮਾਂ ਦਾ ਗੁਲਾਮ ਆ ਕੇ ਖੜ੍ਹਾ ਹੋ ਜਾਵੇ ਫੇਰ?

ਕਹਿੰਦਾ, ਨਹੀਂ।

ਕਹਿੰਦੇ, ਜੇ ਉਹਦਾ ਤੀਸਰੇ ਥਾਉਂ ਗੁਲਾਮ ਆ ਜਾਵੇ, ਫੇਰ ਤੂੰ ਖੜ੍ਹਾ ਹੁੰਦਾ ਹੈਂ?

ਕਹਿੰਦਾ, ਨਹੀਂ।

ਕਹਿੰਦੇ, ਆਹੀ ਗੱਲ ਸਾਡੀ ਹੈ।

ਕਹਿੰਦਾ, ਮਹਾਰਾਜ! ਮੈਂ ਸਮਝਿਆ ਨਹੀਂ?

ਕਹਿੰਦੇ, ਤੈਨੂੰ ਕਿਹੜੀ ਚੀਜ਼ ਹੈ ਜਿਹੜੀ ਲਈਂ ਫਿਰਦੀ ਹੈ? ਤੇਰਾ ਮਨ ਜਿਹੜਾ ਹੈ ਉਹ ਹਿਰਸ ਦੇ ਕਾਬੂ ਆਇਆ ਹੋਇਆ ਹੈ। ਤ੍ਰਿਸ਼ਨਾ ਵਿਚ ਇਹ ਹੈ ਕਿ ਮੈਂ ਸਾਰੀ ਸ੍ਰਿਸ਼ਟੀ ਦਾ ਰਾਜ ਲਵਾਂ। ਜਿੱਥੇ ਹੋਰ ਵੀ ਕਿਤੇ ਧਰਤੀ ਹੈ ਉਥੇ ਵੀ ਚਲਿਆ ਜਾਵਾਂ। ਉਹ ਜਿਹੜੀ ਤ੍ਰਿਸ਼ਨਾ ਹੈ ਉਹਦਾ ਗੁਲਾਮ ਹੈ ਤੇਰਾ ਮਨ ਤੇ ਮਨ ਦਾ ਗੁਲਾਮ ਤੂੰ ਹੈਂ। ਤੀਸਰੇ ਥਾਉਂ ਹੋ ਗਿਆ ਨਾ ਤੂੰ। ਤ੍ਰਿਸ਼ਨਾ ਤੇਰੇ ਮਨ ਦੇ ਉਤੇ ਹਾਵੀ ਹੈ ਮਨ ਤੇਰਾ ਤੇਰੇ ਉਤੇ ਹਾਵੀ ਹੈ। ਉਹ ਜਿਹੜੀ ਤ੍ਰਿਸ਼ਨਾ ਹੈ ਨਾ, ਅਸੀਂ ਖੜ੍ਹਾਵਾਂ ਦੇ ਥੱਲੇ ਦੱਬ ਕੇ ਰੱਖੀ ਹੋਈ ਹੈ। ਸਾਨੂੰ ਕੋਈ ਲੋੜ ਨਹੀਂ ਕਿਸੇ ਦੀ। ਜਿਹੜੀਆਂ ਸਾਡੀਆਂ ਖੜ੍ਹਾਵਾਂ ਨੇ ਇਨ੍ਹਾਂ ਦੀ ਗੁਲਾਮ ਹੈ ਤ੍ਰਿਸ਼ਨਾ। ਉਹ ਸਾਡੀ ਸੇਵਾ ਕਰਦੀ ਹੈ ਤੇ ਉਹਦੀ ਸੇਵਾ ਤ੍ਰਿਸ਼ਨਾ ਕਰਦੀ ਹੈ। ਤ੍ਰਿਸ਼ਨਾ ਤੇਰੇ ਮਨ 'ਤੇ

ਹਾਵੀ ਹੈ, ਤੇਰਾ ਮਨ ਜੀਵ 'ਤੇ ਹਾਵੀ ਹੈ। ਫੇਰ ਦੇਖ ਲੈ ਤੇਰਾ ਨੰਬਰ ਕਿੱਥੇ ਗਿਆ। ਗੁਲਾਮਾਂ ਦੇ ਗੁਲਾਮਾਂ ਦਾ, ਗੁਲਾਮ ਹੈਂ ਤੂੰ। ਤੇਰੇ ਆਏ 'ਤੇ ਮੈਂ ਕਿਵੇਂ ਖੜ੍ਹਾ ਹੋ ਜਾਂਦਾ?

ਸਮਝ 'ਚ ਆ ਗਈ ਗੱਲ। ਨਮਸ਼ਕਾਰ ਕਰ ਦਿਤੀ ਇਸਨੇ ਕਿ ਸੱਚਮੁੱਚ ਆਪ ਅਸਲੀ ਰਾਜੇ ਹੋਂ ਸ੍ਰਿਸ਼ਟੀ ਦੇ।

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ ॥*** ***ਅੰਗ - 858***

ਕਿਉਂਕਿ ਜਿਹਦਾ ਪੱਖ ਵਾਹਿਗੁਰੂ ਕਰ ਦਿੰਦਾ ਹੈ, ਉਹਦੇ ਵਲ ਹਰ ਵਕਤ ਰਹਿੰਦਾ ਹੈ ਉਹ, ਉਹਦੀ ਕਦੇ ਹਾਰ ਨਹੀਂ ਹੋਇਆ ਕਰਦੀ।

***ਜਿਸ ਦੈ ਹੋਵੈ ਵਲਿ ਸੁ ਕਦੇ ਨ ਹਾਰਦਾ ॥*** ***ਅੰਗ- 519***

ਸੋ ਇਸ ਤਰ੍ਹਾਂ ਦੇ ਨਾਲ ਉਹ ਕਹਿਣ ਲੱਗਿਆ ਕਿ ਕਿ ਮਹਾਰਾਜ! ਮੈਂ ਤੁਹਾਨੂੰ ਕੁਛ ਦੇਣਾ ਚਾਹੁੰਦਾ ਹਾਂ।

ਕਹਿੰਦੇ, "ਸਾਨੂੰ ਲੋੜ ਹੀ ਨਹੀਂ।"

ਕਹਿੰਦਾ, "ਇਥੇ ਆਸ਼ਰਮ ਬਣਾ ਦਿੰਦਾ ਹਾਂ। ਫੁਹਾਰੇ ਲੱਗ ਜਾਣਗੇ, ਪਾਰਕ ਬਣ ਜਾਣਗੇ।"

ਕਹਿੰਦਾ, "ਨਾ, ਮੱਖੀਆਂ ਦੀ ਬਹੁਤੀ ਇਥੇ ਭਰਮਾਰ ਹੋ ਜਾਏਗੀ, ਸਾਨੂੰ ਲੋੜ ਨਹੀਂ ਹੈ।"

ਸੰਤਾਂ ਕੋਲ ਬੰਦੇ ਗਰਜ਼ ਵਾਲੇ ਬਹੁਤੇ ਆਉਂਦੇ ਨੇ, ਮੇਰਾ ਆਹ ਹੋ ਜਾਏ, ਮੇਰਾ ਔਹ ਹੋ ਜਾਏ। ਕੋਈ ਪ੍ਰੇਮ ਨਹੀਂ ਹੁੰਦਾ, ਕੁਛ ਨਹੀਂ ਹੁੰਦਾ। ਉਹ ਕੇਵਲ ਜਦ ਉਨ੍ਹਾਂ ਦਾ ਕੰਮ ਹੋ ਜਾਂਦਾ ਹੈ, ਫੇਰ ਨਾ ਮੁੜ ਕੇ ਉਨ੍ਹਾਂ ਦੇ ਦਰਸ਼ਨ, ਨਾਉਂ ਵੀ ਸੰਤ ਭੁੱਲ ਜਾਂਦੇ ਨੇ ਕੋਈ ਯਾਦ ਨਹੀਂ ਰਹਿੰਦਾ ਕਿ ਕੌਣ ਆਇਆ ਸੀ, ਕੌਣ ਗਿਆ ਸੀ। ਇਹ ਸਾਧੂਆਂ ਦੀਆ ਨਿਸ਼ਾਨੀਆਂ ਨੇ। ਉਹ ਦਿੰਦੇ ਰਹਿੰਦੇ ਨੇ ਕਿਉਂਕਿ ਦਾਤੇ ਹੁੰਦੇ ਨੇ। ਹਰੇਕ ਦਾ ਦੁੱਖ ਸੁਣ ਕੇ ਉਹਦਾ ਪੂਰਾ ਕਰਦੇ ਨੇ।

ਸੋ ਕਹਿਣ ਲੱਗਿਆ, ਮੈਂ ਇਥੇ ਆਸ਼ਰਮ ਬਣਾ ਦੇਵਾਂ। ਕਹਿੰਦੇ, ਨਾ ਇੱਥੇ ਗਰਜ਼ਾਂ ਵਾਲੇ ਬੰਦੇ, ਮੱਖੀਆਂ ਰੂਪ ਸਾਡੇ ਦੁਆਲੇ ਹੋ ਜਾਣਗੇ। ਅਸੀਂ ਆਰਾਮ ਨਾਲ ਬੈਠੇ ਹਾਂ। ਕਹਿੰਦੇ, ਮੈਂ ਖ਼ੇਤਰ ਲਵਾ ਦਿੰਦਾ ਹਾਂ। ਲੰਗਰ ਚਲਾ ਦਿੰਦਾ ਹਾਂ। ਸੰਤ ਕਹਿੰਦੇ, ਕਿਸੇ ਚੀਜ਼ ਦੀ ਲੋੜ ਨਹੀਂ। ਕਹਿੰਦਾ, ਸੜਕ ਬਣਾ ਦਿੰਦਾ ਹਾਂ? ਕਹਿੰਦੇ, ਨਾ। ਕਹਿੰਦਾ, ਮਹਾਰਾਜ ਕੁਛ ਤਾਂ ਅੰਗੀਕਾਰ ਕਰੋ।

ਪੋਹ ਦਾ ਮਹੀਨਾ ਸੀ, ਸੂਰਜ ਵਲ ਪਿੱਠ ਕਰੀਂ ਖੜ੍ਹਾ ਸੀ, ਇਹਦਾ ਪਰਛਾਵਾਂ ਸੰਤਾਂ ਉਤੇ ਪੈ ਰਿਹਾ ਸੀ।

ਸੰਤ ਕਹਿੰਦੇ, ਜੇ ਦੇਣਾ ਹੈ ਨਾ ਤਾਂ ਆਹੀ ਬਹੁਤ ਹੈ ਕਿ ਤੂੰ ਪਾਸੇ

ਹਟ ਜਾ। ਧੁੱਪ ਸਾਡੇ ਲਈ ਛੱਡ ਦੇ, ਪਰਛਾਵਾਂ ਤੇਰਾ ਪਾਸੇ ਹੋ ਜਾਵੇ।

ਉਸ ਵੇਲੇ ਬਹੁਤ ਨੀਵਾਂ ਹੋ ਗਿਆ।

ਸਾਧੂ ਸੱਚਮੁੱਚ ਹੀ -

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***

***ਅੰਗ- 707***

ਉਹ ਪਰਮ ਸੁੱਖੀ ਹੋਇਆ ਕਰਦੇ ਨੇ। ਚਾਹੇ ਹਾਲਤ ਕੈਸੀ ਹੀ ਹੈ -

***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***

***ਅੰਗ - 707***

ਸੋ ਇਸ ਤਰ੍ਹਾਂ ਦੇ ਨਾਲ ਜੇ ਕੋਈ ਸੁਖੀ ਹੈ, ਉਹ ਪ੍ਰਮੇਸ਼ਰ ਦਾ ਨਾਮ ਜਪਣ ਵਾਲਾ ਹੈ। ਦੂਸਰਾ ਨਹੀਂ ਹੁੰਦਾ-

***ਵਡੇ ਵਡੇ ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥***
***ਲਪਟਿ ਰਹੇ ਮਾਇਆ ਰੰਗ ਮਾਤੇ ਲੋਚਨ ਕਛੂ ਨ ਸੂਝੀ ॥***

***ਅੰਗ - 672***

ਅੱਖਾਂ ਨਾਲ ਤਾਂ ਦਿਸਦਾ ਹੀ ਕੁਛ ਨਹੀਂ ਹੈ ਤੇ ਮਾਇਆ ਦੇ ਪਿਆਰ ਵਿਚ ਜ਼ਿੰਦਗੀ ਲੰਘਾ ਦਿੰਦੇ ਨੇ -

***ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥***
***ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥ ਅੰਗ - 322***

***ਐਸਾ ਜਗੁ ਦੇਖਿਆ ਜੂਆਰੀ ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - 222***

ਸੋ ਨਾਮ ਤੇ ਨਾਮੀ ਵਿਚ ਕੋਈ ਫਰਕ ਨਹੀਂ। ਜਦੋਂ ਅਸੀਂ ਪ੍ਰਮੇਸ਼ਰ ਨੂੰ ਭੁੱਲ ਜਾਂਦੇ ਹਾਂ। ਫੇਰ ਕੀ ਹੁੰਦਾ ਹੈ? ਜਦੋਂ ਪਿੱਠ ਹੋ ਜਾਂਦੀ ਹੈ ਸੂਰਜ ਵੱਲ, ਫੇਰ ਪਰਛਾਵਾਂ ਹੱਥ 'ਚ ਨਹੀਂ ਆਇਆ ਕਰਦਾ। ਸਰਦੀ ਦਾ ਮਹੀਨਾ ਹੋਵੇ, ਸੂਰਜ ਤੋਂ ਲਾਂਭੇ ਹੋ ਕੇ ਪਰਛਾਵੇਂ 'ਚ ਬਹਿ ਜਾਈਏ, ਪਾਲਾ ਲੱਗੇਗਾ ਉਥੇ, ਨਿੱਘ ਨਹੀਂ ਆਉਂਦੀ, ਕਿਉਂਕਿ ਸੂਰਜ ਤੋਂ ਪਾਸੇ ਹੋ ਗਿਆ। ਇਸੇ ਤਰ੍ਹਾਂ ਨਾਲ ਜਦੋਂ ਅਸੀਂ ਪ੍ਰਮੇਸ਼ਰ ਨੂੰ ਭੁੱਲ ਜਾਂਦੇ ਹਾਂ। ਮਹਾਰਾਜ ਕਹਿੰਦੇ, ਫੇਰ ਸੁੱਖੀ ਨਹੀਂ ਹੁੰਦਾ ਕੋਈ ਵੀ -

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥***
***ਪਰਸ ਰਾਮੁ ਰੋਵੈ ਘਰਿ ਆਇਆ ॥ ਅੰਗ - 953***

ਬੜੇ ਗਿਣਾਏ ਨੇ ਮਹਾਰਾਜ ਨੇ ਇਸ ਸ਼ਬਦ ਦੇ ਅੰਦਰ। ਅਖੀਰ ਕਹਿੰਦੇ ਨੇ -

***ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥***
***ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥***

***ਅੰਗ- 954***

ਜਿਹੜਾ ਨਾਮ ਦੇ ਉਤੇ ਵਿਸ਼ਵਾਸ਼ ਰੱਖਦਾ ਹੈ, ਨਾਮ ਦੀ ਪ੍ਰੀਪੂਰਨਤਾ ਦੇ ਉਤੇ। ਉਹ ਤਾਂ ਕਹਿੰਦੇ, ਸੰਸਾਰ 'ਚੋਂ ਜਿੱਤ ਜਾਂਦਾ ਹੈ। ਬਾਕੀ ਕੋਈ ਕਰਮ ਲੇਖੇ 'ਚ ਨਹੀਂ ਪੈਂਦਾ। ਜੇ ਪ੍ਰਮੇਸ਼ਰ ਨੂੰ ਭੁੱਲ ਜਾਵੇ, ਫੇਰ ਮਹਾਰਾਜ ਕਹਿੰਦੇ, ਇਹਦਾ ਮਨ ਵੀ ਰੋਗੀ, ਤਨ ਵੀ ਰੋਗੀ ਤੇ ਸਾਰਾ ਕੁਛ ਰੋਗੀ ਹੋ ਜਾਂਦਾ ਹੈ। ਰੋਗ ਹੀ ਰੋਗ ਆ ਜਾਂਦੇ ਨੇ। ਸਭ ਰੋਗ ਉਠ ਕੇ ਖੜ੍ਹੇ ਹੋ ਜਾਇਆ ਕਰਦੇ ਨੇ। ਮਨ ਰੋਗੀ ਹੋ ਜਾਂਦਾ ਹੈ, ਮਨ ਦੇ ਰੋਗੀ ਹੋ ਜਾਣ ਦੇ ਨਾਲ ਇਹ ਨਰਕਾਂ 'ਚ ਘੁੰਮਦਾ ਫਿਰਦਾ ਹੈ। ਤਨ ਦੇ ਰੋਗੀ ਹੋਣ ਦੇ ਨਾਲ ਦੁਖ ਪਾਉਂਦਾ ਹੈ। ਉਹਦਾ ਕਾਰਨ ਮਹਾਰਾਜ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਰੋਗੀ ਹੋ ਜਾਈਦੈ, ਭੁੱਲ ਜਾਏ ਜੇ ਰਾਮ ਪਿਆਰਾ।***

ਵਾਹਿਗੁਰੂ ਯਾਦ ਵਿਚ ਵਸਿਆ ਰਹੇ ਤਾਂ ਨਾ ਮਾਨਸਿਕ ਰੋਗ ਲਗਦੇ ਨੇ, ਨਾ ਆਰਥਕ ਰੋਗ ਲਗਦੇ ਨੇ, ਨਾ ਸਰੀਰਕ ਰੋਗ ਲਗਦੇ ਨੇ, ਕਿਉਂਕਿ ਹਰ ਵਕਤ ਵਾਹਿਗੁਰੂ ਦੇ ਨਾਲ ਸੁਰਤ ਜੁੜੀ ਰਹਿਣ ਦੇ ਨਾਲ ਸਤਿ, ਚਿਤ ਤੇ ਅਨੰਦ ਪ੍ਰਿਅ ਜੋ ਪਰਮ ਸ਼ਕਤੀ (super energy) ਹੈ ਉਹ ਪ੍ਰਵੇਸ਼ ਕਰਦੀ ਰਹਿੰਦੀ ਹੈ ਸਰੀਰ ਵਿਚ ਹਰ ਵਕਤ। ਸਬੰਧ ਜੁੜ ਜਾਂਦਾ ਹੈ ਸਰੀਰ ਦਾ ਉਹਦੇ ਨਾਲ। ਉਹਦੇ ਸਬੰਧ ਨਾਲ ਸਰੀਰ ਵੀ ਤੰਦਰੁਸਤ ਰਹਿੰਦਾ ਹੈ, ਮਨ ਵੀ ਤੰਦਰੁਸਤ ਰਹਿੰਦਾ ਹੈ। ਜੇ ਭੁੱਲ ਜਾਵੇ-

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***

***ਅੰਗ - 135***

ਇਕ ਰੋਗ ਨਹੀਂ ਮਹਾਰਾਜ ਕਹਿੰਦੇ ਸਾਰੇ ਹੀ ਰੋਗ ਜਾਗ ਜਾਂਦੇ ਨੇ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਦੀਪਾਲਪੁਰ ਨਗਰ ਦੇ ਵਿਚ ਜਾਂਦੇ ਨੇ ਤੇ ਉਥੇ ਹਨ੍ਹੇਰਾ ਹੋ ਗਿਆ ਜਾਣ ਵੇਲੇ। ਸੂਰਜ ਛੁਪ ਗਿਆ, ਵੱਡੀ ਰਾਤ ਹੋ ਗਈ ਥੋੜ੍ਹੀ ਜਿਹੀ। ਲੋਕ ਪ੍ਰਸ਼ਾਦ ਪਾਣੀ ਛਕ ਕੇ ਕੋਈ ਬੈਠਾ ਹੈ, ਕੋਈ ਕੁਛ ਕਰ ਰਿਹਾ ਹੈ, ਕੋਈ ਸੌਣ ਦੀ ਤਿਆਰੀ ਕਰ ਰਿਹਾ ਹੈ। ਉਸ ਵੇਲੇ ਆਪ ਨੇ ਕਿਹਾ ਮਰਦਾਨਿਆ! ਫੇਰ ਆਪਾਂ ਇਥੇ ਹੀ ਬਿਰਾਜ ਜਾਂਦੇ ਹਾਂ। ਇਹ ਤਾਂ ਹੈ ਹੀ ਨਹੀਂ ਸੀ ਕਿ ਗੁਰੂ ਮਹਾਰਾਜ ਨੂੰ ਕਿਸੇ ਨੇ ਬਿਸਤਰਾ ਲਿਆ ਦੇਣਾ ਹੈ ਜਾਂ ਕਿਸੇ ਨੇ ਮੰਜਾ ਲਿਆ ਦੇਣਾ ਹੈ। ਉਹ ਤਾਂ ਕੋਈ-ਕੋਈ ਭਾਗਾਂ ਵਾਲੇ ਹੁੰਦੇ ਨੇ ਜਿਨ੍ਹਾਂ ਦੇ ਮਨ 'ਚ ਇਹ ਪਛਾਣ ਹੋਵੇ। ਜਿਹੜੇ ਪਛਾਣ ਤੋਂ ਬਗੈਰ ਹੁੰਦੇ ਨੇ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ ਕਿ ਇਹ ਕੌਣ ਆ ਗਿਆ। ਉਸ ਵੇਲੇ ਮਰਦਾਨੇ ਨੇ ਥਾਉਂ ਸਾਫ ਕਰਿਆ, ਜਿਸ ਵਕਤ ਥਾਉਂ ਸਾਫ ਕਰਕੇ ਗੁਰੂ ਮਹਾਰਾਜ ਦਾ ਆਸਣ ਲਾਉਣ ਲੱਗਿਆ, ਉਸੇ ਵੇਲੇ ਜਿਹਦਾ ਨੇੜੇ ਘਰ ਸੀ, ਉਹ ਆ ਗਿਆ ਕਹਿੰਦਾ, ਤੁਹਾਨੂੰ ਕੀਹਨੇ ਕਿਹਾ ਹੈ ਇਥੇ ਬੈਠਣ ਨੂੰ? ਮਹਾਰਾਜ ਕਹਿੰਦੇ, ਪਿਆਰਿਆ! ਅਸੀਂ ਕੁਛ ਚੁੱਕ ਨਹੀਂ ਲਿਜਾਣਾ। ਅਸੀਂ ਰੈਣ ਬਸੇਰਾ ਕਰਨਾ ਹੈ ਦੋ ਘੜੀ, ਅੰਮ੍ਰਿਤ ਵੇਲੇ ਜਾਗਣਾ ਹੈ, ਇਥੇ ਪਾਣੀ ਸਾਮ੍ਹਣੇ ਹੈਗਾ, ਅਸੀਂ ਇਸ਼ਨਾਨ ਕਰ ਲਵਾਂਗੇ, ਹੋਰ ਤਾਂ ਅਸੀਂ ਨਾ ਕੁਛ ਚੁੱਕਣਾ ਹੈ, ਨਾ ਕੁਛ ਕਰਨਾ ਹੈ।

ਕਹਿੰਦਾ, ਨਹੀਂ-ਨਹੀਂ ਇਥੇ ਨਹੀਂ ਤੁਸੀਂ ਬੈਠ ਸਕਦੇ। ਕਹਿੰਦਾ, ਜੇ ਉਸ ਤਰ੍ਹਾਂ ਉਠਣਾ ਹੈ ਉਠ ਖੜ੍ਹੋ, ਨਹੀਂ ਤਾਂ ਮੈਂ ਖਿੱਚ ਕੇ ਉਠਾਲ ਦਿਆਂਗਾ। ਮੇਰੇ ਨਾਲ ਬੰਦੇ ਬਹੁਤ ਨੇ।

ਮਹਾਰਾਜ ਕਹਿੰਦੇ, ਚੰਗਾ ਪਿਆਰਿਆ! ਤੇਰੀ ਮੌਜ। ਨਹੀਂ ਬਹਿੰਦੇ -

***ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ ॥***

***ਅੰਗ- 965***

ਵਾਹਿਗੁਰੂ ਨੇ ਤਾਂ ਧਰਤੀ ਸੰਤਾਂ ਵਾਸਤੇ ਬਣਾਈ ਸੀ, ਕਹਿੰਦੇ, ਪ੍ਰਮੇਸ਼ਰ ਤੋਂ ਭੁੱਲਿਆਂ ਹੋਇਆਂ ਨੇ ਧਰਤੀ 'ਤੇ ਕਬਜ਼ਾ ਕਰਕੇ ਧਰਤੀ ਨੂੰ ਵੰਡ ਲਿਆ। ਕੋਈ ਪਾਕਿਸਤਾਨ ਬਣਾ ਦਿਤਾ, ਕੋਈ ਹਿੰਦੋਸਤਾਨ ਬਣਾ ਦਿਤਾ, ਕੋਈ ਅਫਗਾਨਿਸਤਾਨ, ਕੋਈ ਈਰਾਨ, ਕੋਈ ਕੁਛ, ਕੋਈ ਕੁਛ। ਧਰਤੀ ਤਾਂ ਇੱਕੋ ਹੀ ਹੈ ਨਾ। ਆਪੇ ਹੀ ਵੰਡ ਲਈ ਇਹ। ਵੰਡ ਕੇ ਬੰਦਾ ਕਿਤੇ ਨਹੀਂ ਜਾ ਸਕਦਾ, ਨਾ ਇਧਰਲਾ ਓਧਰ, ਨਾ ਓਧਰਲਾ ਏਧਰ -

***ਸੰਤ ਹੇਤਿ ਪ੍ਰਭਿ ਤ੍ਰਿਭਵਣ ਧਾਰੇ ॥ ਅੰਗ - 224***

ਕਹਿੰਦੇ, ਦੁਨੀਆਂ ਕਿਉਂ ਬਣਾਈ ਸੀ ਵਾਹਿਗੁਰੂ ਨੇ? ਕਹਿੰਦੇ, ਸੰਤਾਂ ਦੇ ਵਾਸਤੇ ਬਣਾਈ ਸੀ। ਫਲ-ਫਰੂਟ ਸਭ ਚੀਜ਼ਾਂ ਸਾਧੂਆਂ ਦੀ ਪ੍ਰਸੰਨਤਾ ਵਾਸਤੇ ਪ੍ਰਮੇਸ਼ਰ ਨੇ ਪੈਦਾ ਕਰੀਆਂ ਸੀ। ਲੇਕਿਨ ਤਸਕਰਾਂ ਨੇ, ਚੋਰਾਂ ਨੇ ਕਬਜ਼ਾ ਕਰ ਲਿਆ ਇਸ 'ਤੇ ਆ ਕੇ, ਮਨਮੁਖਾਂ ਨੇ। ਕਹਿੰਦੇ, ਸਭ ਤੋਂ ਵੱਡਾ ਚੋਰ ਉਹ ਹੁੰਦਾ ਹੈ ਜਿਹੜਾ ਪ੍ਰਮੇਸ਼ਰ ਦਾ ਨਾਮ ਨਾ ਜਪਦਾ ਹੋਵੇ।

ਸੋ ਮਹਾਰਾਜ ਅਗਲੇ ਥਾਉਂ ਚਲੇ ਗਏ, ਉਥੇ ਜਗ੍ਹਾ ਸਾਫ ਕਰੀ। ਉਹ ਵੀ ਨਿਕਲ ਆਏ ਕਹਿੰਦੇ, ਕੌਣ ਓਂ ਤੁਸੀਂ? ਚੋਰ ਚਕਾਰ ਇਥੇ ਆ ਕੇ ਬਹਿ ਗਏ। ਚਲੇ ਜਾਓ ਇਥੋਂ, ਅਸੀਂ ਇਥੇ ਨਹੀਂ ਤੁਹਾਨੂੰ ਰਾਤ ਕੱਟਣ ਦੇਣੀ। ਦੂਸਰੇ ਪਾਸੇ ਚਲੇ ਗਏ ਨਗਰ ਦੇ। ਉਥੋਂ ਵੀ ਉਠਾਲ ਦਿਤੇ। ਫੇਰ ਜਦੋਂ ਚੌਥੀ ਵਾਰੀ ਉਠਾਲੇ, ਰਾਤ ਵੱਡੀ ਚਲੀ ਗਈ ਤੇ ਮਹਾਰਾਜ ਕਹਿਣ ਲੱਗੇ ਕਿ ਕਿਉਂ ਬਈ ਪ੍ਰੇਮੀਓਂ! ਤੁਹਾਡਾ ਸ਼ਹਿਰ ਵਸਦਿਆਂ ਦਾ ਸ਼ਹਿਰ ਹੈ। ਇਥੇ ਸਾਧੂ ਮਹਾਤਮਾ ਕੋਈ ਆਉਂਦਾ ਹੋਣਾ ਹੈ, ਉਹਨੂੰ ਬੈਠਣ ਨੂੰ, ਰਾਤ ਕੱਟਣ ਨੂੰ ਥਾਉਂ ਨਹੀਂ ਹੈ ਇਥੇ ਪਿੰਡ ਦੇ ਵਿਚ। ਕਹਿੰਦੇ, ਹੈਗਾ ਬਹੁਤ ਵਧੀਆ, ਸੀਸ ਮਹਿਲ ਬਣਾਏ ਹੋਏ ਨੇ। ਮਖੌਲ ਕਰਿਆ ਮਹਾਰਾਜ ਨੂੰ। ਕਹਿੰਦੇ, ਆਹ ਰਸਤਾ ਜਾਂਦਾ ਹੈ ਉਥੇ ਇਕ ਖੂਹ ਆਏਗਾ, ਉਥੇ ਬੜੀਆਂ ਸੁਗੰਧੀਆਂ ਆਉਣਗੀਆਂ ਉਥੇ ਤੁਹਾਡੇ ਰਹਿਣ ਵਾਸਤੇ ਥਾਉਂ ਵਿਸ਼ੇਸ਼ ਹੈ।

ਇਕ ਕੋਹੜੀ ਦੀ ਝੌਂਪੜੀ ਵਲ ਨੂੰ ਮਹਾਰਾਜ ਨੂੰ ਤੋਰ ਦਿਤਾ। ਕਿਉਂਕਿ ਇਹ ਜਾਣਦੇ ਨਹੀਂ ਸੀ ਕਿ ਸਾਧੂ ਕੀ ਹੁੰਦੇ ਨੇ। ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਕਾਹਨੂੰ ਭੁੱਲਿਐਂ ਤੂੰ ਮੂਰਖ ਗਵਾਰਾ,***
***ਸਾਧੂ ਹੁੰਦੇ ਰੂਪ ਰੱਬ ਦਾ।***

ਭੁੱਲਿਆ ਹੋਇਆ ਹੈ ਸ਼ਹਿਰ, ਨਹੀਂ ਉਹਨੂੰ ਪਤਾ ਕਿ-

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥* *ਅੰਗ- 397*

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*

*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥* *ਅੰਗ - 1076*

*ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਪ੍ਰਮੇਸ਼ਰ ਦੇ ਵਿਚ ਤੇ ਉਹਦੇ ਪਿਆਰਿਆਂ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਪ੍ਰਮੇਸ਼ਰ ਨਿਰਾਕਾਰ ਹੈ, ਨਿਰਗੁਣ ਹੈ, ਲੇਕਿਨ ਆਪਣੇ ਪਿਆਰਿਆਂ ਦੇ ਰੂਪ ਵਿਚ ਸਰਗੁਣ ਹੋ ਕੇ, ਸੰਸਾਰ ਦਾ ਉਧਾਰ ਕਰਦਾ ਹੈ।

ਮੂਰਖਾਂ ਨੂੰ ਸਚਾਈ ਦਾ ਪਤਾ ਨਹੀਂ ਹੁੰਦਾ, ਕਿਉਂਕਿ ਉਨ੍ਹਾਂ ਦੀ ਬਿਰਤੀ ਉਲਟ ਹੋਇਆ ਕਰਦੀ ਹੈ। ਉਹ ਉਨ੍ਹਾਂ ਚੀਜ਼ਾਂ ਦੇ ਨਾਲ ਪਿਆਰ ਕਰਦੇ ਨੇ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥* *ਅੰਗ - 267*

ਜਿਹੜੇ ਨੁਕਸਾਨ ਕਰਨ ਵਾਲੇ, ਨਰਕਾਂ 'ਚ ਲਿਜਾਣ ਵਾਲੇ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੇ ਉਨ੍ਹਾਂ ਨਾਲ ਤੇ ਜਿਹੜੇ ਬੰਦੇ ਇਨ੍ਹਾਂ ਚੋਰਾਂ ਦੇ ਪ੍ਰਭਾਵ ਵਿਚ ਨੇ ਉਨ੍ਹਾਂ ਦਾ ਇਨ੍ਹਾਂ ਨਾਲ ਪਿਆਰ ਹੋਇਆ ਕਰਦਾ ਹੈ ਤੇ ਸਾਧੂਆਂ ਦੇ ਉਤੇ ਤਰਕ ਹੋਇਆ ਕਰਦੀ ਹੈ। ਕੋਈ ਵਿਰਲੇ ਹੀ ਬੰਦੇ ਹੁੰਦੇ ਨੇ ਜਿਹੜੇ ਇਸ ਭੇਤ ਨੂੰ ਜਾਣਦੇ ਨੇ। ਬਾਕੀ ਦੁਨੀਆਂ ਤਾਂ ਤਰਕ ਕਰਦੀ ਹੈ, ਕੋਈ ਪਿਆਰ ਨਹੀਂ ਕਰਦਾ, ਕਿਉਂਕਿ ਆਪਣੀ ਐਨਕ ਨਾਲ ਦੇਖਦੇ ਨੇ। ਮਹਾਰਾਜ ਕਹਿੰਦੇ, ਇਹ ਕੁਦਰਤੀ ਹੈ। ਇਹ ਮੂਰਖਤਾਈ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਸੰਤਾਂ ਦੇ ਵੈਰੀ ਜੀ, ਦੁਸਟਾਂ ਦੇ ਮਿੱਤਰ ਮਨਮੁਖ।*

*ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥*
*ਅੰਗ - 649*

ਜੋ ਸਾਧੂ ਹੁੰਦਾ ਹੈ, ਵਾਹਿਗੁਰੂ ਦੀ ਮਿਹਰ ਹੋ ਜਾਏ ਤਾਂ ਪਛਾਣ ਹੋ ਜਾਂਦਾ। ਨਹੀਂ ਤਾਂ ਦੁਨੀਆਂ ਭੇਖ ਨੂੰ ਪੂਜਦੀ ਹੈ। ਐਵੇਂ ਹੀ ਫਸ ਜਾਂਦੇ ਨੇ ਪਖੰਡੀਆਂ ਦੇ ਕੋਲ।

ਆਹ ਥੋੜ੍ਹੇ ਦਿਨ ਹੋਏ 7 ਫੇਸ, ਮੋਹਾਲੀ ਵਿਚ ਕੋਈ ਗਾਉਂਦਾ ਫਿਰਦਾ ਸੀ। ਇਕ ਪ੍ਰੇਮੀ, ਬੜਾ ਉਹਦੇ ਮਨ 'ਚ ਆਇਆ ਕਿ ਸਾਧੂ ਹੈ ਤੇ

ਗੁਰਬਾਣੀ ਪੜ੍ਹਦਾ ਹੈ, ਘਰ ਲੈ ਗਿਆ, ਲਿਜਾ ਕੇ ਬੜਾ ਪਿਆਰ ਦਿਖਾਇਆ। ਪਤਾ ਲਗ ਗਿਆ ਉਹਨੂੰ ਵੀ ਕਿ ਇਹ ਕੋਈ ਖਾਸ ਪ੍ਰੇਮੀ ਬੰਦਾ ਹੈ, ਉਸ ਵੇਲੇ ਦੁੱਧ ਮੰਗਾ ਲਿਆ, ਦੁੱਧ ਦੇ ਵਿਚ ਪਤਾ ਨਹੀਂ ਕੀ ਪਾ ਦਿਤਾ। ਉਸਨੂੰ, ਘਰਵਾਲੀ ਨੂੰ ਤੇ ਬੱਚੇ ਨੂੰ ਪਿਲਾ ਦਿਤਾ। ਉਹ ਹੋਰ ਹੀ ਤਰ੍ਹਾਂ ਦੇ ਹੋ ਗਏ। ਕਿਉਂਕਿ (drug) ਨਸ਼ੀਲੀ ਵਸਤੂ ਥੋੜ੍ਹੀ ਜਿਹੀ ਵੀ ਪਾ ਦਿਓ, ਆਦਮੀ ਦਾ ਮਨ ਹੋਰ ਹੀ ਕੁਛ ਹੋ ਜਾਂਦਾ ਹੈ, ਪੂਰੀ ਅਕਲ ਨਹੀਂ ਰਹਿੰਦੀ। ਉਸ ਵੇਲੇ ਉਹ ਸ਼ਰਧਾ 'ਚ ਆਏ ਹੋਏ ਨੇ।

ਉਹ ਕਹਿਣ ਲੱਗਿਆ, ਅਸੀਂ ਭੰਡਾਰਾ ਕਰਨਾ ਹੈ, ਸਾਨੂੰ ਕੁਛ ਦੇ, ਅੰਮ੍ਰਿਤਸਰ ਤੋਂ ਆਏ ਹਾਂ ਅਸੀਂ। ਵਿਚਾਰੇ ਨੇ ਤਨਖਾਹ ਲਿਆ ਕੇ ਰੱਖੀ ਸੀ, ਸਾਰੇ ਹੀ ਪੈਸੇ ਉਸ ਨੂੰ ਦੇ ਦਿਤੇ। ਬੱਚਾ ਉਸ ਦਿਨ ਦਾ ਹੀ ਬਿਮਾਰ ਹੈ, ਛੇ-ਸੱਤ ਦਿਨ ਹੋ ਗਏ।

ਸੋ ਐਸੇ ਬਹੁਤ ਸਾਰੇ ਬੰਦੇ ਸੰਤਾਂ ਦੇ ਭੇਖ ਵਿਚ ਤੁਰੇ ਫਿਰਦੇ ਨੇ। ਇਹਦੇ 'ਚ ਸਾਵਧਾਨ ਹੋਣਾ ਪੈਂਦਾ ਹੈ। ਐਵੇਂ ਨਹੀਂ ਅੰਨ੍ਹੇਵਾਹ ਤੁਰ ਪਓ ਕਿ ਜੀ ਸੰਤ ਆ ਗਏ ਜੀ। ਉਹ ਤਾਂ ਪਖੰਡ ਹੋਇਆ ਕਰਦਾ ਹੈ। ਪਖੰਡੀਆਂ ਨੂੰ ਤਾਂ ਮਹਾਰਾਜ ਨੇ -

***ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

ਭੇਖ ਦੇ ਨਾਲ ਲੋਕਾਂ ਨੂੰ ਭੁਲਾ ਕੇ ਲੋਕਾਂ ਨੂੰ ਆਪਣੇ ਵਸ ਵਿਚ ਕਰ ਲੈਂਦੇ ਨੇ। ਫੇਰ ਕਹਿੰਦੇ ਹੁੰਦਾ ਕੀ ਹੈ, ਇਨ੍ਹਾਂ ਨੂੰ ਛੋਟਾ-ਛੋਟਾ ਕਰਕੇ ਦਰਗਾਹ 'ਚ ਕੱਟ ਦੇਣਗੇ। ਕਿਉਂਕਿ ਇਨ੍ਹਾਂ ਨੇ ਲੋਕਾਂ ਨੂੰ ਧੋਖੇ ਦਿਤੇ ਨੇ। ਜਿਹੜਾ ਸਾਧੂ ਹੁੰਦਾ ਹੈ ਪ੍ਰਮੇਸ਼ਰ ਦਾ ਪਿਆਰਾ, ਉਹਦਾ ਪ੍ਰਭਾਵ ਆਪਣਾ ਹੀ ਹੋਇਆ ਕਰਦਾ ਹੈ।

***ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥***
***ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥***

***ਅੰਗ - 649***

ਫੇਰ ਹੁਣ ਸੁੱਖ ਕਿਥੋਂ ਭਾਲਦਾ ਹੈਂ, ਨਤੀਜਾ ਕੀ ਹੋਏਗਾ, ਉਨ੍ਹਾਂ ਦੁਸ਼ਟਾਂ ਦੇ ਕੋਲ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਿੰਦਿਆ ਚੁਗਲੀ, ਬਖੀਲੀ ਦੇ ਭੰਡਾਰ ਭਰੇ ਹੁੰਦੇ ਨੇ। ਉਹ ਨਿੰਦਿਆ ਵੰਡਦੇ ਨੇ, ਆਪ ਨਿੰਦਿਆ ਕਰਦੇ ਤੇ ਦੂਜਿਆਂ ਨੂੰ ਨਿੰਦਿਆ ਕਰਨ ਲਾਉਂਦੇ ਨੇ ਕਿਉਂਕਿ ਉਨ੍ਹਾਂ ਨਾਲ ਪਿਆਰ ਜੋ ਹੋ ਗਿਆ। ਉਹਦਾ ਨਤੀਜਾ ਕੀ ਹੋਏਗਾ? -

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***

***ਅੰਗ - 755***

ਕੁੰਭੀ ਨਰਕ ਵਿਚ ਵਾਸਾ ਹੁੰਦਾ ਹੈ। ਮਹਾਰਾਜ ਕਹਿੰਦੇ-

***ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥***

*ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥*
*ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥*

*ਅੰਗ - 649*

ਸੋ ਇਸ ਤਰ੍ਹਾਂ ਮਹਾਰਾਜ ਨੂੰ ਮਖੌਲ ਕਰਿਆ ਗੁਰੂ ਮਹਾਰਾਜ ਨਾਲ ਟਿਚਰ ਕਰੀ। ਮਹਾਰਾਜ ਕਹਿੰਦੇ, ਪਿਆਰਿਓ! ਸਾਧੂਆਂ ਦੇ ਰਹਿਣ ਵਾਸਤੇ ਇਸ ਨਗਰ ਵਿਚ ਕੋਈ ਥਾਂ ਨਹੀਂ ਹੈ। ਕਹਿੰਦੇ, ਬੜਾ ਥਾਉਂ ਹੈ, ਸ਼ੀਸ਼ ਮਹੱਲ ਹੈ ਅੱਗੇ, ਸੁਗੰਧੀਆਂ ਆਉਂਦੀਆਂ ਨੇ ਉਥੇ, ਆਹ ਰਸਤਾ ਜਾਂਦੈ ਉਥੇ ਨੂੰ, ਉਥੇ ਇਕ ਖੂਹ ਆਏਗਾ, ਉਥੇ ਚਲੇ ਜਾਓ।

ਸੋ ਗੁਰੂ ਨਾਨਕ ਪਾਤਸ਼ਾਹ ਓਧਰ ਨੂੰ ਜਾਂਦੇ ਨੇ, ਉਥੇ ਇਕ ਪ੍ਰੇਮੀ ਜਿਸ ਦੇ ਸਰੀਰ ਨੂੰ ਕੁਸ਼ਟ ਹੋਇਆ-ਹੋਇਐ ਹੈ। ਪਹਿਲਾਂ ਚੰਗਾ ਖਾਂਦਾ-ਪੀਂਦਾ ਬੰਦਾ ਸੀ ਉਹ, ਲੇਕਿਨ ਭੋਗਾਂ ਦੀ ਦੁਨੀਆਂ 'ਚ ਪੈ ਗਿਆ। ਪ੍ਰਮੇਸ਼ਰ ਨੂੰ ਭੁੱਲ ਗਿਆ, ਭੁੱਲਣ ਦੇ ਨਾਲ ਐਸੇ ਰੋਗ ਲੱਗੇ, ਵਿਸ਼ੇ ਭੋਗਾਂ 'ਚ ਪੈ ਕੇ ਕਿ ਸਰੀਰ ਕੁਸ਼ਟੀ ਹੋ ਗਿਆ। ਪਹਿਲਾਂ ਛੋਟੇ-ਛੋਟੇ ਰੋਗ ਲੱਗੇ ਉਸ ਤੋਂ ਬਾਅਦ ਕੋਹੜੀ ਹੋ ਗਿਆ। ਫਕੀਰਾਂ ਵਾਲਾ ਬਾਣਾ ਪਾ ਲਿਆ ਤੇ ਜਿਹੜੇ ਉਹਦੇ ਸਖੇ ਸੀ ਉਹਨਾਂ ਦੇ ਮਨ 'ਚ ਹੋ ਗਿਆ ਕਿ ਇਹ ਤਾਂ ਕੋਹੜੀ ਹੋ ਗਿਆ, ਜਿਹੜੇ ਨਾਲ ਖਾਂਦੇ ਪੀਂਦੇ, ਪਿਆਲੇ ਦੀ ਸਾਂਝ ਕਰਨ ਵਾਲੇ ਸੀ। ਉਹ ਵੀ ਪਿੱਠ ਦੇ ਗਏ ਕਿ ਹੁਣ ਇਹਦੇ ਕੋਲ ਕੀ ਹੈ। ਉਹ ਤਾਂ ਖਾਣ-ਪੀਣ ਦੇ ਮਿੱਤਰ ਹੁੰਦੇ ਨੇ। ਜਿਹੜੇ ਇਹਦੇ ਜ਼ਿਆਦਾ ਨਜ਼ਦੀਕੀ ਸੀ ਉਹ ਵੀ ਸਾਥ ਛੱਡ ਗਏ। ਮਹਾਰਾਜ ਕਹਿੰਦੇ, ਪਿਆਰਿਓ! ਕਿਉਂ ਭੁਲੇਖਿਆਂ 'ਚ ਪਏ ਹੋਏ ਹੋਂ। ਤੁਸੀਂ ਬਾਰ-ਬਾਰ ਤਜਰਬਾ ਕਰਦੇ ਹੋਂ। ਬਾਰ-ਬਾਰ ਨਾ ਕਰੋ। ਗੁਰਬਾਣੀ ਨੂੰ ਤੁਸੀਂ ਮੰਨ ਲਓ। ਮੰਨ ਕੇ ਉਹਨੂੰ ਧੇਅ ਬਣਾ ਲਓ। ਇਹ ਚਾਹੇ ਆਪ ਤਜਰਬਾ ਕਰ ਲਓ, ਸਾਰੀ ਜ਼ਿੰਦਗੀ ਤੋਂ ਬਾਅਦ ਇਹ ਗੱਲ ਸਮਝ 'ਚ ਆਏਗੀ, ਚਾਹੇ ਗੁਰੂ ਦਾ ਬਚਨ ਮੰਨ ਕੇ ਹੁਣੇ ਹੀ ਇਸ ਗੱਲ ਨੂੰ ਸਮਝਣ ਦਾ ਯਤਨ ਕਰੋ।

*ਧਾਰਨਾ - ਤੇਰੇ ਸੁਖਾਂ ਦੇ ਸੰਗੀ ਨੇ ਸਾਰੇ,*
*ਦੁਖਾਂ ਵਿਚ ਕੋਈ ਨਾ ਬਣੇ।*

*ਇਹ ਜਗਿ ਮੀਤੁ ਨ ਦੇਖਿਓ ਕੋਈ ॥*
*ਸਗਲ ਜਗਤੁ ਅਪਨੈ ਸੁਖਿ ਲਾਗਿਓ*
*ਦੁਖ ਮੈ ਸੰਗਿ ਨ ਹੋਈ ॥ 1 ॥ ਰਹਾਉ ॥* *ਅੰਗ - 633*

ਪੈਸਾ ਤੇਰੇ ਕੋਲ ਹੈ ਤਾਂ ਤੇਰੇ ਨਾਲ ਸਬੰਧ ਹੈ, ਪੈਸਾ ਘਟ ਗਿਆ, ਮਿੱਤਰ ਦੇਖਦੇ ਸਾਰ ਹੀ ਅੰਦਰੋਂ ਜਵਾਬ ਦੇ ਦੇਣਗੇ ਕਿ ਕਹਿ ਦੇ ਹੈ ਨਹੀਂ। ਇਹ ਪੈਸੇ ਮੰਗਣ ਆਇਆ ਹੈ। ਉਸ ਵੇਲੇ ਸਭ ਮਿਤ੍ਰਤਾਈਆਂ ਇਕੱਠੇ ਖਾਂਦੇ-ਪੀਂਦੇ ਟੁੱਟ ਜਾਇਆ ਕਰਦੀਆਂ ਹਨ, ਕੋਈ ਨਹੀਂ ਰਿਹਾ ਕਰਦਾ। ਸਾਕ-ਸਬੰਧੀ ਵੀ ਮੁੱਖ ਫੇਰ ਲੈਂਦੇ ਨੇ ਕਿ ਇਹਨੇ ਕੁਛ ਮੰਗਣਾ ਹੀ ਹੈ। ਸੋ ਕਹਿੰਦੇ, ਸਾਰੇ ਹੀ ਸਬੰਧ ਟੁੱਟ ਜਾਂਦੇ ਨੇ -

*ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥*

***ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥***
***ਅੰਗ - 633***

ਦੁੱਖ ਆ ਜਾਵੇ ਕਿਸੇ ਦੇ ਉਤੇ, ਬਿਮਾਰੀ ਆ ਜਾਵੇ ਪਾਸੇ ਹਟ ਜਾਂਦੇ ਨੇ। ਉਸ ਵੇਲੇ ਇਹਦੇ ਜਿਹੜੇ ਸਾਕ-ਸਬੰਧੀ, ਭੈਣ-ਭਰਾ ਸੀ, ਉਨ੍ਹਾਂ ਨੇ ਕਿਹਾ ਕਿ ਘਰ ਵਿਚ ਬਿਮਾਰੀ ਫੈਲ ਜਾਏਗੀ, ਚੰਗਾ ਇਹ ਹੈ ਕਿ ਇਸ ਨੂੰ ਕੱਢ ਦੇਈਏ। ਹੁਣ ਇਹਨੇ ਬਚਣਾ ਤਾਂ ਹੈ ਨਹੀਂ, ਇਲਾਜ ਕੋਈ ਇਸ ਬਿਮਾਰੀ ਦਾ ਹੈ ਨਹੀਂ। ਉਸ ਵੇਲੇ ਸਭ ਦਾ ਰੁਖ ਬਦਲ ਗਿਆ। ਬਾਹਰ ਕੱਢ ਆਏ, ਬਾਹਰ ਪਿੰਡ ਤੋਂ ਦੂਰ ਕੁਲੀ ਪਾ ਦਿਤੀ। ਕਹਿਣ ਲੱਗੇ, ਲੈ ਬਈ, ਇਸ ਤਰ੍ਹਾਂ ਕਰ, ਪ੍ਰਸ਼ਾਦਾ ਤਾਂ ਅਸੀਂ ਤੈਨੂੰ ਲਿਆ ਦਿਆ ਕਰਾਂਗੇ ਵੇਲੇ-ਕੁਵੇਲੇ। ਪਰ ਇਸ ਤਰ੍ਹਾਂ ਕਰੀਂ ਤੂੰ ਸਾਡੇ ਤੋਂ ਪ੍ਰਸ਼ਾਦਾ ਫੜਨ ਨਹੀਂ ਆਉਣਾ, ਉਹ ਜਿਹੜੀ ਟਿੰਡ ਪਈ ਹੈ ਉਹਦੇ ਵਿਚ ਅਸੀਂ ਪਾ ਦਿਆ ਕਰਾਂਗੇ, ਬਾਂਸ ਨਾਲ, ਉਹਨੂੰ ਹੱਥ ਵੀ ਨਹੀਂ ਲਾਉਣਾ। ਚੁੱਕ ਕੇ ਉਥੇ ਰੱਖ ਦਿਆ ਕਰਾਂਗੇ, ਤੂੰ ਆਪਣਾ ਜਦੋਂ ਅਸੀਂ ਚਲੇ ਗਏ, ਖਾ ਲਿਆ ਕਰੀਂ। ਮਿੱਤਰ ਨਹੀਂ ਰਹਿੰਦੇ, ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ-

***ਧਾਰਨਾ - ਭੈਣਾਂ ਤੇ ਭਾਈ ਜੀ ਲਾਗੂ ਸਭ ਦੁਸ਼ਮਣ ਬਣ ਗਏ।***

***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥ ਅੰਗ - 70***

ਦੁਖੀ ਹੋ ਜਾਵੇ ਆਦਮੀ, ਬਿਮਾਰੀ ਲਗ ਜਾਵੇ, ਕੋਈ ਸਾਥ ਨਹੀਂ ਦਿਆ ਕਰਦਾ। ਸੋ ਬਾਹਰ ਕੱਢ ਆਏ ਉਸਨੂੰ। ਕੋਈ ਨਹੀਂ ਜਾਂਦਾ ਉਹਦੇ ਕੋਲ। ਤਰਸਦਾ ਹੈ, ਬੰਦੇ ਦਾ ਮੂੰਹ ਦੇਖਣ ਵਾਸਤੇ। ਨੇੜੇ ਦੀ ਨਹੀਂ ਕੋਈ ਲੰਘਦਾ।

ਏਧਰ ਇਨ੍ਹਾਂ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿ ਦਿਤਾ ਕਿ ਬਾਹਰ ਤਾਂ ਸੀਸ ਮਹੱਲ ਬਣਿਆ ਹੋਇਆ ਹੈ ਤੁਹਾਡੇ ਵਾਸਤੇ। ਮਹਾਰਾਜ ਕਹਿੰਦੇ, ਚੱਲ ਮਰਦਾਨਿਆਂ! ਜਿੱਧਰ ਨੂੰ ਇਹ ਦਸਦੇ ਨੇ ਆਪਾਂ ਓਧਰ ਨੂੰ ਹੀ ਚੱਲੀਏ। ਕਰਤਾਰ ਨੂੰ ਜੋ ਭਾਉਂਦਾ ਹੈ ਓਹੀ ਠੀਕ ਹੈ। ਸੋ ਉਸ ਵੇਲੇ ਜਦੋਂ ਨੇੜੇ ਆਉਂਦੇ ਨੇ, ਖੂਹ ਦੇਖਿਆ ਕਿ ਖੂਹ ਆ ਗਿਆ। ਜਿਹੜਾ ਰਸਤਾ ਦੱਸਿਆ ਸੀ, ਦਰਖਤ ਵੀ ਆ ਗਿਆ। ਉਥੇ ਨੇੜੇ ਜਦ ਪਹੁੰਚਦੇ ਨੇ, ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਇਥੇ ਤਾਂ ਦੁਰਗੰਧ ਬੜੀ ਆ ਰਹੀ ਹੈ। ਕੀ ਗੱਲ ਹੈ ਇਥੇ? ਕਹਿੰਦੇ, ਮਰਦਾਨਿਆਂ! ਇਕ ਪ੍ਰਮੇਸ਼ਰ ਦਾ ਬੰਦਾ ਹੈ ਇਥੇ, ਦੁਖੀ ਹੋਇਆ-ਹੋਇਆ ਜਿਹਦੀ ਕੋਈ ਸਾਰ ਨਹੀਂ ਲੈ ਰਿਹਾ ਤੇ ਆਪਣੇ ਮਾੜੇ ਕਰਮਾਂ ਕਰਕੇ ਇਹ ਰੋਗਾਂ ਵਿਚ ਗ੍ਰਸਤ ਹੋ ਗਿਆ। ਸੋ ਨਿਰੰਕਾਰ ਨੇ ਆਪਾਂ ਨੂੰ ਇਥੇ ਭੇਜਿਆ ਹੈ, ਐਨੇ ਨੂੰ ਉਹਨੂੰ ਵੀ ਬਿੜਕ ਲੱਗ ਗਈ ਤੇ ਉਹ ਬਹੁਤ ਰੌਲਾ ਪਾ ਰਿਹਾ ਹੈ। ਕਦੇ ਹਾਏ-ਹਾਏ ਕਰਦਾ ਹੈ, ਕਦੇ ਚੀਕਾਂ ਮਾਰਦਾ ਹੈ, ਕਦੇ ਗਾਲ੍ਹਾਂ ਕੱਢਦਾ ਹੈ ਤੇ ਵਿਰਲਾਪ ਕਰ ਰਿਹਾ ਹੈ।

ਮਹਾਰਾਜ ਕਹਿੰਦੇ, ਜਿਹਨੂੰ ਬਾਣੀ ਵਿਸਰ ਜਾਏ। ਦੋ ਤਰ੍ਹਾਂ ਦੀ ਬਾਣੀ

ਹੈ। ਇਕ ਤਾਂ ਗੁਰੂ ਦੀ ਬਾਣੀ ਹੈ। ਇਕ ਆਦਮੀ ਦੇ ਅੰਦਰ ਬਾਣੀ ਹੈ ਜਿਹਨੂੰ ਸ਼ਬਦ ਕਹਿੰਦੇ ਹਨ, ਇਹ ਸ਼ਬਦ ਹਰੇਕ ਦੇ ਅੰਦਰ ਹੈ ਜਿਹੜਾ ਨਿਰੰਕਾਰ ਦੇ ਮੁਖ ਤੋਂ ਪਹਿਲਾਂ ਨਿਕਲਿਆ ਹੈ –

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ ॥*

***ਅੰਗ – 463***

ਨਾਉ ਪੈਂਦਾ ਕਰਿਆ ਹੈ ਉਸ ਨੇ। ਉਹ ਨਾਮ ਜਿਹੜਾ ਹੈ ਮਹਾਰਾਜ ਦਸਵੇਂ ਪਾਤਸ਼ਾਹ ਫੁਰਮਾਨ ਕਰਦੇ ਨੇ ਕਿ –

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋਹ ਰਹਾ।*

ਉਹ ਜਿਹੜੀ ਪ੍ਰਮੇਸ਼ਰ ਦੀ ਬਾਣੀ ਹੈ ਜਿਹਨੂੰ 'ਸੁਅਸਤਿ ਆਥਿ' ਬਾਣੀ ਕਹਿੰਦੇ ਨੇ –

*ਸੁਅਸਤਿ ਆਥਿ ਬਾਣੀ ਬਰਮਾਉ ॥*
*ਸਤਿ ਸੁਹਾਣੁ ਸਦਾ ਮਨਿ ਚਾਉ ॥* ***ਅੰਗ– 4***

ਉਹਦਾ ਸਾਨੂੰ ਭੇਤ ਨਹੀਂ ਹੈ, ਸਾਡੇ ਅੰਦਰ ਕਿੱਥੇ ਹੈ ਉਹ ਬਾਣੀ। ਉਹ ਬਾਣੀ ਪਰਾ ਬਾਣੀ 'ਚ ਹੈ। ਪਰਾ ਬਾਣੀ 'ਚ ਪਹੁੰਚਣ ਵਾਸਤੇ ਜਦੋਂ ਅਸੀਂ ਸਿਮਰਨ ਕਰਦੇ ਹਾਂ, ਨਾਮ ਜਪਦੇ ਹਾਂ। ਨਾਮ ਅੰਦਰ ਨੂੰ ਸਫਰ ਕਰਦਾ ਹੈ। ਪਹਿਲਾਂ ਇਹ ਰਸਨਾ 'ਤੇ ਹੁੰਦਾ ਹੈ, ਫੇਰ ਇਹ ਕੰਠ ਵਿਚ ਚਲਿਆ ਜਾਂਦਾ ਹੈ, ਫੇਰ ਹਿਰਦੇ 'ਚ ਚਲਿਆ ਜਾਂਦਾ ਹੈ, ਫੇਰ ਪਸੰਤੀ ਬਾਣੀ ਤੋਂ ਪਰਾ ਬਾਣੀ 'ਚ ਚਲਿਆ ਜਾਂਦਾ ਹੈ। ਪਰਾ ਬਾਣੀ ਤੋਂ ਸਾਰੇ ਰੋਮ-ਰੋਮ 'ਚ ਹੋਣ ਲਗ ਜਾਂਦਾ ਹੈ। ਇਕ ਵਾਰੀ ਵਾਹਿਗੁਰੂ ਕਹੋ, ਸਾਢੇ ਤਿੰਨ ਕਰੋੜ ਵਾਰੀ ਕਹਿ ਹੋ ਜਾਂਦਾ ਹੈ। ਸਵਾਸ ਅੰਦਰ ਨੂੰ ਜਾਂਦਾ ਹੈ, ਵਾਹਿਗੁਰੂ ਕਹੋ, ਸਾਢੇ ਤਿੰਨ ਕਰੋੜ ਵਾਰੀ ਤੇ ਸਵਾਸ ਬਾਹਰ ਨੂੰ ਆਉਂਦਾ ਹੈ ਸਾਢੇ ਤਿੰਨ ਕਰੋੜ ਵਾਰੀ ਕਹਿ ਹੋ ਜਾਂਦਾ ਹੈ। ਕਿੰਨਾ ਭਜਨ ਹੋ ਗਿਆ –

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥* ***ਅੰਗ – 941***

ਸੋ ਇਸ ਤਰ੍ਹਾਂ ਜਦ ਬਿਰਤੀ ਇਕਾਗਰ ਹੁੰਦੀ ਤੁਰੀ ਜਾਂਦੀ ਹੈ ਤਾਂ ਅਨਹਦ ਸ਼ਬਦ ਆਉਂਦੇ ਨੇ, ਅਨਹਦ ਸ਼ਬਦਾਂ ਤੋਂ ਲੰਘ ਕੇ ਫੇਰ ਇਹ ਪਰਾ ਬਾਣੀ ਦੇ ਵਿਚ, ਉਹ ਬਾਣੀ ਪ੍ਰਾਪਤ ਹੁੰਦੀ ਹੈ ਜਿਹਨੂੰ ਮਹਾਰਾਜ ਜੀ 'ਸੁਅਸਤਿ ਆਥਿ ਬਾਣੀ ਬਰਮਾਉ' ਕਹਿੰਦੇ ਨੇ। ਇਹ ਨਾਮ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਖੇੜੇ ਦੇ ਵਿਚ ਆਉਂਦੀ ਹੈ, ਖੁਸ਼ ਹੋਈ ਜਾਵਾਂਗੇ ਅੰਦਰੋਂ ਹੀ, ਪਤਾ ਨਹੀਂ ਕੁਛ ਲੱਭਿਆ ਨਹੀਂ, ਕੋਈ ਚੀਜ਼ ਖਾਧੀ ਨਹੀਂ ਹੈ, ਕੋਈ ਕੱਪੜਾ ਐਸਾ ਨਹੀਂ ਪਹਿਨਿਆ, ਲੇਕਿਨ ਅੰਦਰ ਖੁਸ਼ੀ ਹੀ ਖੁਸ਼ੀ ਆਈ ਜਾਂਦੀ ਹੈ। ਉਹ ਉਹਦਾ ਅਸਰ ਹੋਇਆ ਕਰਦਾ ਹੈ, ਰਸ ਨਾਲ ਭਰ ਜਾਈਦਾ ਹੈ। ਕੋਈ ਵੀ ਫਿਕਰ ਨਹੀਂ ਰਹਿੰਦਾ, ਸੋ ਉਹ ਜੋ ਬਾਣੀ ਹੈ ਓਹੀ ਬਾਣੀ ਪ੍ਰਗਟ ਹੋ ਕੇ ਗੁਰੂ ਦੀ ਬਾਣੀ ਦੇ ਰੂਪ ਵਿਚ ਸਾਡੀ ਸਮਝ ਵਿਚ ਆਈ ਹੈ। ਇਹਦੇ ਵਿਚ ਵੀ ਓਨਾਂ ਹੀ ਰਸ ਹੈ ਤੇ ਉਹਦੇ ਵਿਚ ਵੀ ਐਨਾ ਹੀ ਰਸ ਹੈ। ਜਿਹਨੂੰ ਇਹ ਭੁੱਲ ਜਾਵੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜਿਹਨੂੰ ਵਿਸਰੇ ਗੁਰਾਂ ਦੀ ਬਾਣੀ,***
***ਪੱਕੇ ਰੋਗੀ ਵਾਂਗ ਵਿਲਕੇ।***

***ਜੀਉ ਤਪਤੁ ਹੈ ਬਾਰੋ ਬਾਰ ॥***
***ਤਪਿ ਤਪਿ ਖਪੈ ਬਹੁਤੁ ਬੇਕਾਰ ॥***
***ਜੈ ਤਨਿ ਬਾਣੀ ਵਿਸਰਿ ਜਾਇ ॥***
***ਜਿਉ ਪਕਾ ਰੋਗੀ ਵਿਲਲਾਇ ॥*** ***ਅੰਗ – 661***

ਬਾਣੀ ਜਿਹੜੀ ਹੈ ਉਹਦੇ ਕਰਕੇ ਸਾਡੇ ਅੰਦਰ ਸੁਰਜੀਤੀ ਹੈ। ਹਰੇਕ ਦੇ ਅੰਦਰ ਹੈ ਜਿਹਨੂੰ ਸ਼ਬਦ ਕਹਿੰਦੇ ਨੇ। ਸੁਣਦਾ ਕਿਉਂ ਨਹੀਂ? ਕਹਿੰਦੇ, ਮਾਇਆ ਧਾਰਨ ਕਰੀ ਹੋਈ ਹੈ ਜੀਵ ਨੇ। ਮਾਇਆ ਧਾਰਨ ਕਰਕੇ, ਮਾਇਆਧਾਰੀ ਬਣ ਗਿਆ। ਮਾਇਆਧਾਰੀ ਪੈਸੇ ਵਾਲੇ ਨੂੰ ਨਹੀਂ ਕਹਿੰਦੇ, ਮਾਇਆਧਾਰੀ ਹੁੰਦਾ ਹੈ ਜਿਹੜਾ ਮਾਇਆ ਦੀ ਅਗਿਆਨਤਾ 'ਚ ਆ ਗਿਆ। ਉਹ ਪ੍ਰਮੇਸ਼ਰ ਨੂੰ ਭੁੱਲ ਗਿਆ। ਉਹਦੀ ਹਾਲਤ ਕੀ ਹੁੰਦੀ ਹੈ ਕਹਿੰਦੇ ਉਹਦੇ ਕੰਨ ਬੋਲੇ ਹੋ ਜਾਂਦੇ ਨੇ, ਬੋਲੇ ਕੋਲ ਢੋਲ ਵਜਾਈ ਜਾਓ, ਥਰਾਹਟ (vibration) ਤਾਂ ਸੁਣੇਗੀ ਉਹਦੇ ਅੰਦਰ ਜਾਏਗੀ, ਲੇਕਿਨ ਆਵਾਜ਼ ਨਹੀਂ ਜਾਏਗੀ। ਨੇਤਰਾਂ ਤੋਂ ਅੰਨਾ ਹੋਵੇ ਕਿੰਨੀਆਂ ਹੀ ਲਾਈਟਾਂ ਮਾਰੀ ਜਾਓ, ਉਹਨੂੰ ਦਿਸਦਾ ਹੀ ਨਹੀਂ ਹੈ। ਮਹਾਰਾਜ ਕਹਿੰਦੇ, ਇਹ ਜੀਵ ਜਿਹੜਾ ਹੈ ਇਹਦੀ ਹਾਲਤ ਹੋ ਗਈ ਹੈ –

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥*** ***ਅੰਗ –313***

ਅੰਦਰ ਸ਼ਬਦ ਦੀ ਤਾਜ਼ਗੀ ਹੈ, ਸ਼ਬਦ ਦਾ ਲਹਿਰਾਉ ਹੈ, ਸ਼ਬਦ ਦੀ ਝੁਨਕਾਰ ਹੈ ਤੇ ਸ਼ਬਦ ਦੀ ਝੁਣਝੁਣੀ ਹੈ ਉਹ ਤਾਂ ਇਹਨੂੰ ਮਹਿਸੂਸ ਹੀ ਨਹੀਂ ਹੁੰਦੀ, ਅੰਨਾ ਬੋਲਾ ਹੋਇਆ–ਹੋਇਆ ਹੈ। ਉਹ ਬਾਣੀ ਜਦੋਂ ਵਿਸਰ ਜਾਂਦੀ ਹੈ ਆਦਮੀ 'ਚ frustration (ਬੇਚੈਨੀ) ਵਧਦੀ ਤੁਰੀ ਜਾਂਦੀ ਹੈ। ਝੁੰਜਲਾਹਟ 'ਚ ਆ ਜਾਏਗਾ ਆਦਮੀ, ਦੁਖੀ ਹੋਏਗਾ, ਲੋਕਾਂ ਨੂੰ ਫੇਰ ਗਾਲ੍ਹਾਂ ਕੱਢਦਾ ਹੈ ਉਹ ਕਿ ਲੋਕ ਮੇਰੇ ਨਾਲ ਕਰਦੇ ਨੇ, ਮੇਰੇ ਬੱਚਿਆਂ ਨੇ ਮੇਰੇ ਨਾਲ ਕਰੀ ਹੈ, ਮੇਰੇ ਫਲਾਣੇ ਭਰਾ ਮੇਰੇ ਨਾਲ ਇਸ ਤਰ੍ਹਾਂ ਕਰੀ ਹੈ, ਮੇਰੇ ਫਲਾਣੇ ਰਿਸ਼ਤੇਦਾਰ ਨੇ ਮੇਰੇ ਨਾਲ ਇਸ ਤਰ੍ਹਾਂ ਕਰਿਆ ਹੈ। ਕਿਉਂਕਿ ਅੰਦਰੋਂ ਬਾਣੀ ਨਾਲੋਂ ਟੁੱਟਿਆ ਹੋਇਆ ਹੈ। ਜਿਹਦੇ ਅੰਦਰ ਰਸ ਚਲਦਾ ਹੈ ਉਹਨੂੰ ਨਹੀਂ ਇਨ੍ਹਾਂ ਗੱਲਾਂ ਦੀ ਲੋੜ ਹੋਇਆ ਕਰਦੀ ਕਿਉਂਕਿ ਉਹ ਤਾਂ ਜੀਉਂਦੀ ਜਾਗਦੀ ਚੀਜ਼ ਨਾਲ ਜੁੜਿਆ ਹੋਇਆ ਕਰਦਾ ਹੈ।

ਸੋ ਮਹਾਰਾਜ ਕਹਿੰਦੇ – ***'ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥'*** ਮਰਦਾਨਿਆਂ! ਰਬਾਬ ਸੁਰ ਕਰ। ਸੁਰ ਕਰੀ, ਬਾਣੀ ਆ ਰਹੀ ਹੈ।

ਉਹ ਜਿਹੜਾ ਕੋਹੜੀ ਹੈ ਉਹ ਆਵਾਜ਼ਾਂ ਦਿੰਦਾ ਹੈ। ਉਹ ਕਹਿਣ ਲੱਗਿਆ, ਤੁਸੀਂ ਕੌਣ ਆ ਗਏ, ਮੇਰੇ ਕੋਲ ਤਾਂ ਕੋਈ ਪਰਿੰਦਾ ਵੀ ਨਹੀਂ ਆਉਂਦਾ। ਮੈਂ ਤਾਂ ਆਦਮ ਜਾਤ ਦੀ ਸ਼ਕਲ ਦੇਖਣ ਨੂੰ ਤਰਸ ਰਿਹਾ ਹਾਂ। ਮੈਨੂੰ ਕੋਈ ਸ਼ਹਿਰ 'ਚ ਜਾਣ ਨਹੀਂ ਦਿੰਦਾ, ਜਿਹੜੇ ਰਸਤੇ ਮੈਂ ਤੁਰਾਂ ਉਹ

ਰਸਤੇ ਕੋਈ ਤੁਰਨ ਨੂੰ ਤਿਆਰ ਨਹੀਂ ਹੁੰਦਾ। ਮੈਨੂੰ ਸਖਤੀ ਨਾਲ ਇਥੇ ਰੱਖਿਆ ਗਿਆ ਹੈ, ਤੁਸੀਂ ਕੌਣ ਆ ਗਏ ਫਰਿਸ਼ਤੇ ਜਿਹੜੇ ਐਨੀ ਬਦਬੂ ਦੇ ਵਿਚ, ਜਿੱਥੇ ਨੱਕ ਬੰਨ੍ਹ-ਬੰਨ੍ਹ ਕੇ ਲੰਘਦੇ ਨੇ ਲੋਕ ਤੇ ਤੁਸੀਂ ਇਥੇ ਮੇਰੇ ਨੇੜੇ ਹੀ ਬੈਠੇ ਹੋਂ। ਤੁਸੀਂ ਕੌਣ ਹੋਂ। ਬਾਣੀ ਉਹਨੇ ਸੁਣੀ ਤੇ ਨਾਲ ਦੀ ਨਾਲ ਰੱਬ ਨੂੰ ਕੋਸਣ ਲੱਗ ਗਿਆ। ਕਹਿੰਦਾ, ਹੇ ਰੱਬਾ ਮੈਂ ਤੇਰਾ ਕੀ ਵਿਗਾੜਿਆ ਸੀ। ਤੂੰ ਵੀ ਤਰਸ ਨਹੀਂ ਮੇਰੇ 'ਤੇ ਕਰਦਾ। ਤੂੰ ਬੜਾ ਜ਼ਾਲਮ ਹੋ ਗਿਆ ਮੇਰੇ ਬਾਰੇ। ਉੱਚੀ-ਉੱਚੀ ਬੋਲਦਾ ਹੈ। ਅਰਦਾਸ ਕਰਨ ਦੀ ਜਾਚ ਨਹੀਂ ਹੈ। ਮਹਾਰਾਜ ਦਸਦੇ ਨੇ ਕਿ ਅਰਦਾਸ ਕਿਵੇਂ ਕਰੀਦੀ ਹੈ। ਮਹਾਰਾਜ ਨੇ ਦੂਸਰਾ ਬੰਦ ਇਸ ਤਰ੍ਹਾਂ ਉਚਾਰਨ ਕਰਿਆ-

***ਧਾਰਨਾ - ਸਾਹਿਬ ਸਾਰੀਆਂ ਘਟਾਂ ਦੇ ਵਸਦੈ,***
***ਦੂਰ ਕਾਹਤੋਂ ਜਾਣੇਂ ਬੰਦਿਆ।***

ਮਹਾਰਾਜ ਕਹਿਣ ਲੱਗੇ, ਫਕੀਰ ਸਾਈਂ! ਪਿਆਰਿਆ! ਹੁਣ ਰੱਬ ਨੂੰ ਕਾਹਨੂੰ ਕੋਸਦਾ ਹੈਂ। ਪ੍ਰਮੇਸ਼ਰ ਨੂੰ ਨਾ ਹੁਣ ਦੋਸ਼ ਦੇ। ਇਹ ਤਾਂ ਦੋਸ਼ ਤੇਰੇ ਕਰਮਾਂ ਦਾ ਹੈ -

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ - 433***

ਇਹ ਤਾਂ ਤੇਰੇ ਕਰਮ ਫਲ ਰੂਪ ਹੋ ਕੇ ਤੇਰੇ ਸਾਮ੍ਹਣੇ ਆ ਗਏ ਨੇ। ਪਹਿਲਾਂ ਤੂੰ ਪ੍ਰਮੇਸ਼ਰ ਨੂੰ ਭੁੱਲਿਆਂ ਹੈਂ, ਭੁੱਲਣ ਦੇ ਨਾਲ ਵਿਕਾਰਾਂ 'ਚ ਫਸਿਆ ਹੈਂ, ਉਨ੍ਹਾਂ ਭੋਗਾਂ ਦੇ ਵਿਚੋਂ ਤੇਰੇ ਹਿੱਸੇ ਵਿਚ ਬਿਮਾਰੀ ਆਈ ਹੈ ਤੇ ਹੁਣ ਤੂੰ ਰੱਬ ਨੂੰ ਕੋਸੀ ਜਾਂਦਾ ਹੈਂ ਕਿ ਹੁਣ ਤੂੰ ਕਿੱਥੇ ਲੁਕ ਕੇ ਬਹਿ ਗਿਆ, ਮੇਰੀ ਵਾਰ ਨੂੰ। ਕਿਉਂ ਨਹੀਂ ਮੇਰੇ 'ਚ ਧਿਆਨ ਦਿੰਦਾ, ਕਾਹਨੂੰ ਬੋਲਦਾ ਹੈਂ -

***ਬਹੁਤਾ ਬੋਲਣੁ ਝਖਣੁ ਹੋਇ ॥ ਵਿਣੁ ਬੋਲੇ ਜਾਣੈ ਸਭੁ ਸੋਇ ॥***

***ਅੰਗ - 661***

ਤੇਰੇ ਅੰਦਰ ਵਸਦਾ ਹੈ, ਤੂੰ ਆਰਾਮ ਨਾਲ ਅੰਦਰ ਝਾਕ ਕੇ ਕਹਿ ਉਹਨੂੰ। ਪਛਾਣ ਪਹਿਲਾਂ ਫੇਰ ਤੂੰ ਉਹਨੂੰ ਕਹਿ ਦੇ। ਉਹ ਦੂਰ ਤਾਂ ਹੈ ਨਹੀਂ ਨਾ। ਉਹ ਹਰੇਕ ਦੇ ਅੰਦਰ, ਛੋਟੀ ਤੋਂ ਛੋਟੀ ਚੀਜ਼ ਦੇ ਅੰਦਰ ਵੀ ਹੈ ਤੇ ਉਹਦੀ ਵੀ ਗੱਲ ਸੁਣਦੈ -

***ਪਾਈਐ ਨ ਪਾਰ ਤੇਜ ਪੁੰਜ ਮੈਂ ਅਪਾਰ***
***ਸਰਬ ਬਿਦਿਆ ਕੇ ਉਚਾਰ ਹੈਂ ਅਪਾਰ ਕਹੀਅਤੁ ਹੈ।***
***ਹਾਥੀ ਕੀ ਪੁਕਾਰ ਪਲ ਪਾਛੈ ਪਹੁਚਤ ਤਾਹਿ***
***ਚੀਟੀ ਕੀ ਚਿੰਘਾਰ ਪਹਿਲੇ ਹੀ ਸੁਨੀਅਤੁ ਹੈ।***

***ਅਕਾਲ ਉਸਤਤਿ***

ਉਹ ਤਾਂ ਕੀੜੀ ਦੀ ਵੀ ਪੁਕਾਰ ਸੁਣਨ ਵਾਲਾ ਹੈ। ਤੂੰ ਉਹਨੂੰ ਪਛਾਣ ਤਾਂ ਸਹੀ। ਉਹ ਤਾਂ ਤੇਰੇ ਅੰਦਰ ਵਸਦਾ ਹੈ। ਐਵੇਂ ਉਲਾਂਭੇ ਦੇਈ

ਜਾਂਦਾ ਹੈਂ ਉਸਨੂੰ। ਜੇ ਤੂੰ ਬੋਲੇ ਵੀ ਨਾ ਮੂੰਹ ਤੋਂ ਹਿਰਦੇ ਦੇ ਵਿਚੋਂ ਵੀ ਗੱਲ ਕਹਿ ਉਹ ਸੁਣ ਲੈਂਦਾ ਹੈ ਹਿਰਦੇ ਦੀ ਬਾਤ। ਉਹਨੂੰ ਤੂੰ ਵਿਸਾਰ ਦਿਤਾ। ਵਿਸਾਰਨ ਦੇ ਨਾਲ ਆਹ ਤੇਰਾ ਹਾਲ ਹੋ ਗਿਆ–

*ਜਿਨਿ ਕਨ ਕੀਤੇ ਅਖੀ ਨਾਕੁ ॥*
*ਜਿਨਿ ਜਿਹਵਾ ਦਿਤੀ ਬੋਲੇ ਤਾਤੁ ॥* **ਅੰਗ - 662**

ਆਹ ਕੰਨ ਦਿਤੇ ਸੁਣਨ ਵਾਸਤੇ, ਨੱਕ ਦਿਤਾ ਸੁੰਘਣ ਵਾਸਤੇ, ਜ਼ੁਬਾਨ ਦਿਤੀ ਬੋਲਣ ਵਾਸਤੇ, ਅੱਖਾਂ ਦਿਤੀਆਂ ਦੇਖਣ ਵਾਸਤੇ –

*ਜਿਨਿ ਮਨੁ ਰਾਖਿਆ ਅਗਨੀ ਪਾਇ ॥* **ਅੰਗ - 662**

ਜਿਹਨੇ ਤੈਨੂੰ ਮਾਤਾ ਦੇ ਗਰਭ ਦੇ ਵਿਚ ਐਨੀ ਅਗਨੀ ਦੇ ਵਿਚ ਤੈਨੂੰ ਬਚਾਇਆ। ਜਿੱਥੇ ਨਾ ਕੋਈ ਹਵਾ ਜਾਂਦੀ ਸੀ, ਨਾ ਕੋਈ ਸਾਹ ਜਾਂਦਾ ਸੀ। ਉਥੇ ਤੂੰ ਬਚਿਆ ਹੈਂ–

*ਵਾਜੈ ਪਵਣੁ ਆਖੈ ਸਭ ਜਾਇ ॥* **ਅੰਗ - 661**

ਕੰਨਾਂ ਦੇ ਵਿਚ ਹਵਾ ਟਕਰਾਉਂਦੀ ਹੈ, ਉਹ ਜਾ ਕੇ ਤੇਰੇ ਦਿਮਾਗ ਨੂੰ ਦਸਦੀ ਹੈ ਕਿ ਫਲਾਣਾ ਬੰਦਾ ਇਸ ਤਰ੍ਹਾਂ ਕਹਿੰਦਾ ਹੈ। ਐਸਾ ਕਾਰਖਾਨਾ ਉਹਨੇ ਬਣਾਇਆ ਹੈ, ਤੂੰ ਉਹਨੂੰ ਭੁੱਲਿਆ ਬੈਠਾ ਹੈਂ? –

*ਜਿਹ ਪ੍ਰਸਾਦਿ ਤੇਰਾ ਸੁੰਦਰ ਰੂਪੁ ॥*
*ਸੋ ਪ੍ਰਭੁ ਸਿਮਰਹੁ ਸਦਾ ਅਨੂਪੁ ॥* **ਅੰਗ - 270**

ਤੇਰਾ ਸੋਹਣਾ ਰੂਪ ਜਿਸਨੇ ਦਿਤਾ ਹੈ ਉਹਨੂੰ ਯਾਦ ਰੱਖ –

*ਜਿਹ ਪ੍ਰਸਾਦਿ ਤੇਰੀ ਨੀਕੀ ਜਾਤਿ ॥* **ਅੰਗ - 270**

ਤੇਰੀ ਇੱਜ਼ਤ ਹੈ ਸੰਸਾਰ ਦੇ ਅੰਦਰ ਤੇ ਉਹਨੂੰ ਭੁਲਾਉਂਦਾ ਹੈ ਤੂੰ? –

*ਸੋ ਪ੍ਰਭੁ ਸਿਮਰਿ ਸਦਾ ਦਿਨ ਰਾਤਿ ॥* **ਅੰਗ - 270**

ਦਿਨ ਰਾਤ ਨਾ ਤੂੰ ਉਸ ਨੂੰ ਭੁੱਲ। ਤੂੰ ਅਹਿਸਾਨ ਫਰਾਮੋਸ਼ ਹੈਂ, ਅਹਿਸਾਨ ਮੰਨਣ ਵਾਲਾ ਨਹੀਂ ਹੈਗਾ –

*ਜਿਹ ਪ੍ਰਸਾਦਿ ਸੁਨਹਿ ਕਰਨ ਨਾਦ ॥* **ਅੰਗ - 270**

ਕੰਨਾਂ ਦੇ ਨਾਲ ਤੂੰ ਬਾਣੀ ਸੁਣਦਾ ਹੈਂ, ਰਾਗ ਸੁਣਦਾ ਹੈਂ –

*ਜਿਹ ਪ੍ਰਸਾਦਿ ਪੇਖਹਿ ਬਿਸਮਾਦ ॥* **ਅੰਗ - 270**

ਦੇਖ-ਦੇਖ ਕੇ ਤੂੰ ਹੈਰਾਨ ਹੁੰਦਾ ਹੈਂ –

*ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ ॥*
*ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ ॥* **ਅੰਗ - 270**

ਉਹਨੂੰ ਭੁੱਲਦੈਂ। ਉਸ ਨੂੰ ਨਾ ਭੁਲਾ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਜਿਹੜਾ ਮਾਤਾ ਦੇ ਉਦਰ ਵਿਚ ਪਾਲਦੈ,***
***ਉਹਨੂੰ ਕਿਉਂ ਵਿਸਾਰੇਂ ਬੰਦਿਆ।***

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥ ਅੰਗ - 920*

ਉਥੇ ਵੀ ਤੇਰੇ ਕੋਲ ਆਹਾਰ ਜਾਂਦਾ ਸੀ, ਜਿਹਨੂੰ ਖਾ ਕੇ ਤੂੰ ਵਧਦਾ ਸੀ, ਫੁਲਦਾ ਸੀ। ਕਿੱਡਾ ਵਾਹਿਗੁਰੂ ਨੇ ਇੰਤਜ਼ਾਮ ਕਰਿਆ।

ਸੋ ਉਸ ਪ੍ਰਮੇਸ਼ਰ ਨੂੰ, ਉਸ ਦਾਤੇ ਨੂੰ ਭੁੱਲਣ ਦੇ ਨਾਲ ਰੋਗ ਆ ਲਗਦੇ ਨੇ -

*ਖਸਮੁ ਵਿਸਾਰਿ ਕੀਏ ਰਸ ਭੋਗ ॥*
*ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - 1256*

ਵਾਹਿਗੁਰੂ ਨੂੰ ਭੁੱਲ ਗਿਆ, ਭੁੱਲ ਕੇ ਫੇਰ ਰੋਗਾਂ ਦੇ ਵਿਚ ਪ੍ਰਵਿਰਤ ਹੋ ਗਿਆ। ਖਾਣ ਦੇ ਵਿਚ, ਪੀਣ ਦੇ ਵਿਚ, ਕਾਮ ਦੇ ਵਿਚ, ਨਸ਼ਿਆਂ ਦੇ ਵਿਚ ਪ੍ਰਵਿਰਤ ਹੋ ਗਿਆ। ਮਹਾਰਾਜ ਕਹਿੰਦੇ, ਪਿਆਰਿਆ! ਤੇਰੀ ਜਿਹੜੀ ਸੁੰਦਰ ਦੇਹੀ ਸੀ ਇਨ੍ਹਾਂ ਭੋਗਾਂ ਨੇ ਗਾਲ ਦਿਤੀ -

*ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥*
*ਜਿਉ ਕੰਚਨ ਸੋਹਾਗਾ ਢਾਲੈ ॥ ਅੰਗ - 932*

ਬਾਕੀ ਇਥੇ ਆ ਕੇ ਜਿਹੜੀਆਂ ਤੂੰ ਪ੍ਰਮੇਸ਼ਰ ਨੂੰ ਭੁਲਾ ਕੇ ਗੱਲਾਂ ਕੀਤੀਆਂ ਨੇ, ਮੋਹ ਪਾਏ ਨੇ, ਪ੍ਰੀਤਾਂ ਪਾਈਆਂ ਨੇ, ਸੁਆਦਾਂ ਦੇ ਵਿਚ ਤੂੰ ਫਸਿਆ ਹੈਂ, ਇਹ ਤੈਨੂੰ ਦਰਗਾਹ ਦੇ ਵਿਚ ਮਾਣ ਦੇਣ ਵਾਲੀਆ ਚੀਜ਼ਾਂ ਨਹੀਂ ਹਨ -

*ਜੇਤਾ ਮੋਹੁ ਪਰੀਤਿ ਸੁਆਦ ॥*
*ਸਭਾ ਕਾਲਖ ਦਾਗਾ ਦਾਗ ॥ ਅੰਗ - 662*

ਉਹ ਤਾਂ ਦਾਗ ਲਾ ਕੇ ਤੂੰ ਚੱਲਿਆ -

*ਦਾਗ ਦੋਸ ਮੁਹਿ ਚਲਿਆ ਲਾਇ ॥*
*ਦਰਗਹ ਬੈਸਣ ਨਾਹੀ ਜਾਇ ॥ ਅੰਗ - 662*

ਇਥੇ ਤੂੰ ਦੋਸ਼ ਲਾ ਲਏ ਤੇ ਐਡਾ ਭੈੜਾ ਤੇਰਾ ਸਰੀਰ ਸੂਖਸ਼ਮ ਬਣ ਗਿਆ, ਤੈਨੂੰ ਦਰਗਾਹ 'ਚ ਬੈਠਣ ਕਿਹੜਾ ਦਏਗਾ। ਉਥੇ ਤਾਂ ਨਹੀਂ ਤੂੰ ਕੋਈ ਫੈਸ਼ਨ ਕਰ ਲਏਂਗਾ, ਕੱਪੜੇ ਕੱਢ ਕੇ ਪਾ ਲਏਂਗਾ, ਉਥੇ ਤਾਂ ਕੱਪੜਾ ਹੈ ਹੀ ਨਹੀਂ। ਫੇਰ ਡਰਾਉਣਾ ਲੱਗੇਂਗਾ, ਦਾਗਾਂ ਦੇ ਨਾਲ ਭਰਿਆ ਹੋਇਆ -

*ਧਾਰਨਾ - ਲੱਗੇਂਗਾ ਡਰਾਉਣਾ ਨੰਗਾ ਜਾਂਦਾ ਦੋਜਕਾਂ ਨੂੰ।*

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*

***ਕਰਿ ਅਉਗਣ ਪਛੋਤਾਵਣਾ ॥*** ***ਅੰਗ - 471***

ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਆ! ਇਹ ਜਿਹੜਾ ਮੋਹ ਹੈ ਇਹਦੇ ਨਾਲ ਹੋਏਗਾ ਕੀ? ਤੈਨੂੰ ਬਾਰ-ਬਾਰ ਜੰਮਣਾ ਪੈਣਾ ਹੈ। ਉਸੇ ਘਰ ਦੇ ਵਿਚ ਕਦੇ ਪਸ਼ੂ ਬਣ ਕੇ, ਕਦੇ ਕੁੱਤਾ ਬਣ ਕੇ, ਪਤਾ ਨਹੀਂ ਕਿਹੜੀ-ਕਿਹੜੀ ਜੂਨੀ ਹੋਵੇ ਕਿਉਂਕਿ ਮੋਹ ਦਾ ਬੰਨ੍ਹਿਆ ਹੋਇਆ ਬੰਦਾ, ਬਾਰ-ਬਾਰ ਜੰਮਦਾ ਹੈ ਤੇ ਜਿਹੜੀਆਂ ਪ੍ਰੀਤਾਂ ਤੂੰ ਪ੍ਰਮੇਸ਼ਰ ਨੂੰ ਛੱਡ ਕੇ ਸੰਸਾਰ ਵਿਚ ਲਾਈ ਫਿਰਦਾ ਹੈਂ, ਉਨ੍ਹਾਂ ਦੇ ਵਾਸਤੇ ਫੇਰ ਤੂੰ ਕਰਮ ਕਰਦਾ ਹੈਂ -

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥***
***ਸੁਤ ਦਾਰਾ ਪਹਿ ਆਨਿ ਲੁਟਾਵੈ ॥*** ***ਅੰਗ - 656***

ਕਿਉਂਕਿ ਪ੍ਰੀਤ ਹੈ, ਤਾਂ ਫੇਰ ਲੁਟਾਉਂਦਾ ਹੈ, ਰਿਸ਼ਵਤਾਂ ਲੈਂਦਾ ਹੈ, ਦੁਨੀਆਂ ਨੂੰ ਤੰਗ ਕਰਦਾ ਹੈ, ਕੰਮ ਚੱਲਣ ਨਹੀਂ ਦਿੰਦਾ, ਹਰ ਥਾਂ 'ਤੇ ਰੁਕਾਵਟ ਪਾਉਂਦਾ ਹੈ, ਇਸ ਲਈ ਕਿ ਧਨ ਦੇ ਦੇਣ। ਧਨ ਮਿਲ ਜਾਂਦਾ ਹੈ, ਫੇਰ ਲਿਆ ਕੇ ਕਰਦਾ ਕੀ ਹੈਂ। ਤੇਰੇ ਤੋਂ ਤਾਂ ਖਾ ਨਹੀਂ ਹੁੰਦਾ -

***ਤੀਨਿ ਸੇਰ ਕਾ ਦਿਹਾੜੀ ਮਿਹਮਾਨੁ ॥***
***ਅਵਰ ਵਸਤੁ ਤੁਝ ਪਾਹਿ ਅਮਾਨ ॥*** ***ਅੰਗ - 374***

ਕੁੱਲੀ, ਜੁੱਲੀ, ਗੁੱਲੀ ਤਿੰਨ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ ਆਦਮੀ ਨੂੰ। ਪਾਪ ਦਾ ਧਨ ਲਿਆ ਕੇ ਫੇਰ ਲੇਖੇ ਵੀ ਦੇਣੇ ਪੈਂਦੇ ਨੇ - ***'ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥ ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥'*** ਕਿਉਂਕਿ ਡਰਾਉਣਾ ਹੋ ਗਿਆ, ਦਾਗ ਲਗ ਗਏ। ਮੋਹ ਤੇ ਪ੍ਰੀਤ ਨੇ -

***ਜੇਤਾ ਮੋਹੁ ਪਰੀਤਿ ਸੁਆਦ ॥ ਸਭਾ ਕਾਲਖ ਦਾਗਾ ਦਾਗ ॥***
***ਅੰਗ - 662***

ਦਾਗ ਹੀ ਦਾਗ ਲਾਉਂਦਾ ਤੁਰਿਆ ਜਾਂਦਾ ਹੈ ਕਿਉਂਕਿ ਮੋਹ ਦੇ ਵਿਚ ਬੰਨ੍ਹਿਆ ਹੋਇਆ ਗਲਤ ਕੰਮ ਕਰਦਾ ਹੈ। ਪ੍ਰਮੇਸ਼ਰ ਨੂੰ ਭੁੱਲਦਾ ਹੈ, ਭੋਗਾਂ 'ਚ ਪੈ ਕੇ ਗਲਤ ਕੰਮ ਕਰਦਾ ਹੈ। ਉਹ ਠੱਪੇ ਲਗਦੇ ਚਲੇ ਜਾਂਦੇ ਨੇ। ਤੇ ਜਦੋਂ ਦਰਗਾਹ ਨੂੰ ਜਾਂਦਾ ਹੈ ਫੇਰ ਕੱਪੜਾ ਲੀੜਾ ਤਾਂ ਹੁੰਦਾ ਨਹੀਂ, ਫੇਰ ਨਗਨ ਜਾਂਦਾ ਹੈ। ਫੇਰ ਦੂਰੋਂ ਹੀ ਦਿਸਦਾ ਹੈ। ਦਰਗਾਹ 'ਚ ਉਹਨੂੰ ਥਾਂ ਨਹੀਂ ਮਿਲਦਾ। ਫੇਰ ਪਛਤਾਉਂਦਾ ਹੈ ਉਹ-

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***
***ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥***
***ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥*** ***ਅੰਗ - 464***

ਦਾਗ ਲਾ ਕੇ ਇਥੋਂ ਜਾਂਦਾ ਹੈ। ਉਹ ਦਾਗ ਕਾਹਦੇ ਨੇ? ਦੋਸ਼ਾਂ ਦੇ –

*ਦਾਗ ਦੋਸ ਮੁਹਿ ਚਲਿਆ ਲਾਇ ॥* *ਅੰਗ – 662*

ਮੂੰਹ ਦੇ ਉਤੇ ਠੱਪੇ ਲੱਗੇ ਪਏ ਨੇ।

*ਦਰਗਹ ਬੈਸਣ ਨਾਹੀ ਜਾਇ ॥* *ਅੰਗ – 662*

ਹੁਣ ਦਰਗਾਹ 'ਚ ਕੌਣ ਬੈਠਣ ਦਏਗਾ? ਉਹ ਤਾਂ ਫੇਰ ਨਰਕਾਂ 'ਚ ਜਾਂਦਾ ਹੈ –

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ – 1425*

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅੰਗ – 38*

ਸੁਣ ਲਿਆ ਉਸ ਨੇ, ਸਾਰਾ ਜੀਵਨ ਉਹਦੇ ਸਾਮ੍ਹਣੇ ਆ ਗਿਆ ਕਿ ਹੈਂ? ਆਹ ਤਾਂ ਮੇਰੀ ਹੀ ਗੱਲ ਹੋ ਰਹੀ ਹੈ। ਮੈਂ ਹੀ ਪਤਾ ਨਹੀਂ ਕਿੰਨੇ ਦਾਗ ਲਾਏ ਨੇ। ਅੱਗੇ ਦਰਗਾਹ 'ਚ ਤਾਂ ਲੱਗਣੇ ਹੀ ਨੇ, ਮੇਰੇ ਸਰੀਰ 'ਤੇ ਤਾਂ ਹੁਣੇ ਹੀ ਲੱਗ ਗਏ। ਸਾਰਾ ਸਰੀਰ ਗਲ ਗਿਆ, ਕੋਹੜ ਹੋ ਗਿਆ, ਬਦਬੂ ਮਾਰਦੇ ਨੇ। ਨੇੜੇ ਮੇਰੇ ਕੋਈ ਨਹੀਂ ਆਉਂਦਾ। ਫੇਰ ਧਿਆਨ ਦਿੰਦਾ ਹੈ, ਧਿਆਨ ਦੇ ਕੇ ਸੁਣਦਾ ਹੈ। ਲੇਕਿਨ ਜਿਉਂ-ਜਿਉਂ ਸ਼ਬਦ ਸੁਣਦਾ ਹੈ, ਤਿਉਂ-ਤਿਉਂ ਆਰਾਮ ਆਉਂਦਾ ਤੁਰਿਆ ਜਾ ਰਿਹਾ ਹੈ। ਤਿਉਂ-ਤਿਉਂ ਕੋਈ ਸ਼ਾਂਤੀ ਆਉਂਦੀ ਹੈ, ਕਲਪਣ ਤੋਂ ਹਟ ਗਿਆ, ਧਿਆਨ ਦੇ ਕੇ ਸੁਣਨ ਲਗ ਗਿਆ। ਉਸ ਵੇਲੇ ਫੇਰ ਆਵਾਜ਼ ਇਸ ਤਰ੍ਹਾਂ ਦੇ ਨਾਲ ਆਈ –

*ਧਾਰਨਾ – ਬਿਨਾਂ ਨਾਮ ਤੋਂ ਹੋਣਾ ਨਹੀਂ ਛੁਟਕਾਰਾ,*
*ਕਰਕੇ ਵਿਚਾਰ ਦੇਖ ਲੈ।*

ਨਵੀਂ ਬਾਤ ਸੁਣੀ ਕਿ ਛੁਟਕਾਰਾ ਨਾਮ ਤੋਂ ਬਗੈਰ ਨਹੀਂ ਹੋਣਾ। ਨਾਮ ਮਿਲਦੈ –

*ਕਰਮਿ ਮਿਲੈ ਆਖਣੁ ਤੇਰਾ ਨਾਉ ॥*
*ਜਿਤੁ ਲਗਿ ਤਰਣਾ ਹੋਰੁ ਨਹੀ ਥਾਉ ॥ ਅੰਗ – 662*

ਹੋਰ ਕੋਈ ਥਾਂ ਨਹੀਂ ਹੈ, ਕਿਸੇ ਤਰੀਕੇ ਨਾਲ ਬੰਦਾ ਇਸ ਭਵਜਲ ਤੋਂ ਤਰ ਨਹੀਂ ਸਕਦਾ। ਨਾਮ ਮਿਲੇ, ਉਸ ਨਾਮ ਨੂੰ ਆਖੇ, ਪਰ ਆਖਣਾ ਬਹੁਤ ਔਖਾ ਹੈ –

*ਆਖਣਿ ਅਉਖਾ ਸਾਚਾ ਨਾਉ ॥* *ਅੰਗ – 9*

ਆਦਮੀ ਸਮਝਦਾ ਹੋਇਆ ਵੀ ਜਪ ਨਹੀਂ ਸਕਦਾ। ਬਿਰਤੀ ਨਹੀਂ ਜੀ ਮੇਰੀ ਲਗਦੀ, ਫੁਰਨੇ ਆਉਂਦੇ ਨੇ। ਕਾਰਨ ਕੀ ਹੈ ਕਿ ਨਾਮ ਦੇ ਉਤੇ ਅਜੇ ਵਿਸ਼ਵਾਸ਼ ਨਹੀਂ ਆਇਆ। ਨਾਮ ਦੀ ਮਹਿਮਾ ਨੂੰ ਹਿਰਦੇ 'ਚ ਨਹੀਂ

ਵਸਾਇਆ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਜੇ ਕੋ ਡੂਬੈ ਫਿਰਿ ਹੋਵੈ ਸਾਰ ॥***
***ਨਾਨਕ ਸਾਚਾ ਸਰਬ ਦਾਤਾਰ ॥*** ***ਅੰਗ - 662***

ਕਹਿੰਦੇ, ਪਿਆਰਿਆ! ਦਿਲ ਨਾ ਤੋੜ, ਵਾਹਿਗੁਰੂ ਐਸਾ ਸੱਚਾ ਦਾਤਾਰ ਹੈ, ਵੱਡੇ-ਵੱਡੇ ਪਾਪੀਆਂ ਨੂੰ ਬਖਸ਼ ਲੈਂਦਾ ਹੈ। ਵੱਡੇ-ਵੱਡੇ ਗੁਨਾਹਗਾਰਾਂ ਨੂੰ ਬਖਸ਼ਣ ਵਿਚ ਦੇਰ ਨਹੀਂ ਲਾਉਂਦਾ, ਸਕਿੰਟ ਹੀ ਲਾਉਂਦਾ ਹੈ।

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥***
***ਅੰਗ - 902***

ਸਾਰੀ ਜ਼ਿੰਦਗੀ ਪਾਪ ਕਰਦੇ ਨੂੰ, ਆਖਰੀ ਸਾਹ ਦੇ ਵਿਚ ਸੁਧ ਆ ਗਈ ਰਾਮ ਦੀ।

***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ ॥***
***ਅੰਗ - 902***

ਵੱਡੇ-ਵੱਡੇ ਜੋਗੀਸਰ ਜਿਸ ਗਤੀ ਨੂੰ ਭਾਲਦੇ ਨੇ, ਉਹ ਪ੍ਰਮੇਸ਼ਰ ਵਲ ਕੇਵਲ ਧਿਆਨ ਦੇਣ ਦੇ ਨਾਲ ਹੀ ਪ੍ਰਾਪਤ ਹੋ ਗਈ ਕਿਉਂਕਿ -

***ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ ॥***
***ਅੰਗ - 999***

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***
***ਭਾਈ ਗੁਰਦਾਸ ਜੀ, ਵਾਰ 11/20***

ਪੁੱਤ ਕਹਿ ਕੇ ਨਾਰਾਇਣ ਨੂੰ ਹਾਕ ਮਾਰ ਦਿਤੀ।

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥***
***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥***
***ਅੰਗ - 981***

ਕਹਿੰਦੇ, ਇਹੋ ਜਿਹਾ ਦਾਤਾਰ ਤੇ ਦਿਆਲੂ ਹੈ ਕਿ ਜੇ ਭੁੱਲਿਆ-ਚੁਕਿਆ ਬੰਦਾ, ਡੁੱਬਦਾ-ਡੁੱਬਦਾ ਜੇ ਫੇਰ ਵੀ ਸਮਝ 'ਚ ਆ ਜਾਵੇ ਉਹਦੇ, ਕਹਿੰਦੇ ਫੇਰ ਵੀ ਉਹ ਤਰ ਜਾਇਆ ਕਰਦਾ ਹੈ। ਲੰਘ ਜਾਂਦਾ ਹੈ। ਜਦੋਂ ਐਨੀ ਗੱਲ ਸੁਣੀ ਤਾਂ ਸੋਝੀ ਆ ਗਈ ਕਿ ਹੈਂ, ਜਿਹੜੀ ਇਨ੍ਹਾਂ ਕੋਲ ਚੀਜ਼ ਨਾਮ ਹੈ, ਅਜੇ ਵੀ ਮੈਂ ਬਚ ਸਕਦਾ ਹਾਂ। ਐਨਾ ਗਲਿਆ ਹੋਇਆ ਸਰੀਰ ਮੇਰਾ ਤੰਦਰੁਸਤ ਹੋ ਸਕਦਾ ਹੈ ਤੇ ਮੈਂ ਫੇਰ ਵੀ ਤਰ ਸਕਦਾ ਹਾਂ। ਮੈਨੂੰ ਨਿਰਾਸ਼ ਹੋਣ ਦੀ ਲੋੜ ਨਹੀਂ, ਕਿਉਂਕਿ ਨਾਮ ਜਿਹੜਾ ਹੈ ਉਹ ਸਾਰੀਆਂ ਚੀਜ਼ਾਂ ਦੀ ਦਵਾ ਹੈ -

***ਧਾਰਨਾ - ਤੇਰੇ ਸਾਰਿਆਂ ਦੁੱਖਾਂ ਦੀ ਹੈ ਦਾਰੂ,***
***ਇਕੋ ਨਾਮ ਵਾਹਿਗੁਰੂ ਦਾ।***

ਸਾਰੇ ਦੁੱਖਾਂ ਦੀ ਦਾਰੂ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥***
***ਅੰਗ - 611***

ਜਦੋਂ ਮਨ ਅਰੋਗ ਹੋ ਗਿਆ, ਫੇਰ ਤਨ ਤਾਂ ਅਰੋਗ ਹੋ ਹੀ ਜਾਂਦਾ

ਹੈ। ਫੇਰ ਬਿਮਾਰੀ ਹਟ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਦੀ ਬਾਤ ਜਦੋਂ ਸਮਝ ਆਈ, ਅੰਮ੍ਰਿਤ ਵੇਲਾ ਹੋ ਆਇਆ, ਇਸਨੂੰ ਕੁਝ ਸ਼ਾਂਤੀ ਆਈ, ਸ਼ਾਂਤੀ ਆਉਂਦੇ ਸਾਰ ਜਿਹੜੀ ਨੀਂਦ ਕਦੇ ਦੇਖੀ ਨਹੀਂ ਸੀ, ਉਹ ਆ ਗਈ, ਸੁੱਖ ਮਹਿਸੂਸ ਹੋਇਆ।

ਮਹਾਰਾਜ ਮਰਦਾਨੇ ਨੂੰ ਕਹਿਣ ਲੱਗੇ, ਮਰਦਾਨਿਆਂ! ਅੰਮ੍ਰਿਤ ਵੇਲਾ ਹੋ ਆਇਆ ਪਿਆਰਿਆ! ਹਰੀ ਦਾ ਜਸ ਕਰਨ ਦਾ ਫੇਰ ਸਮਾਂ ਹੋ ਗਿਆ ਤੇ ਆਪਾਂ ਇਸ਼ਨਾਨ ਕਰ ਲਈਏ। ਉਸ ਵੇਲੇ ਖੂਹ ਵਿਚੋਂ ਪਾਣੀ ਕੱਢਿਆ ਗਿਆ, ਮਹਾਰਾਜ ਨੂੰ ਇਸ਼ਨਾਨ ਕਰਾਉਣ ਵਾਸਤੇ, ਚੁਵੱਚੇ 'ਚ ਪਾਣੀ ਪਾਇਆ, ਚੁਵੱਚੇ 'ਚ ਸੁਥਰਾ ਪਾਣੀ ਪਾ ਕੇ ਮਹਾਰਾਜ ਦਾ ਇਸ਼ਨਾਨ ਕਰਾਇਆ। ਉਸ ਤੋਂ ਬਾਅਦ ਉਨ੍ਹਾਂ ਨੇ ਆਪਣਾ ਇਸ਼ਨਾਨ ਕਰਿਆ। ਭਾਈ ਬਾਲਾ ਜੀ ਨੇ ਕਰਿਆ ਤੇ ਸ੍ਵੈ ਸਰੂਪ ਦੇ ਵਿਚ ਲੀਨ ਹੋ ਕੇ ਆਪ ਬਹੁਤ ਦੇਰ ਸਮਾਧੀ ਸਥਿਤ ਰਹੇ। ਦਿਨ ਚੜ੍ਹਨ ਦੇ ਨੇੜੇ ਆਇਆ, ਉਸ ਵੇਲੇ ਫੇਰ ਹੁਕਮ ਹੋਇਆ ਕਿ ਮਰਦਾਨਿਆਂ! ਹਰੀ ਦਾ ਜਸ ਕਰ। ਹਰੀ ਦਾ ਜਸ ਕੀਤਾ ਤੇ ਇਸਨੂੰ ਜਾਗ ਆਈ। ਕੀ ਦੇਖਦਾ ਹੈ, ਸਰੀਰ ਦੀ ਪੀੜਾ ਰਹੀ ਹੀ ਨਹੀਂ ਹੈ। ਖਤਮ ਹੋ ਗਈ ਸਰੀਰ ਦੀ ਪੀੜਾ।

ਕਹਿਣ ਲੱਗਿਆ, ਇਹ ਤਾਂ ਕੋਈ ਫਰਿਸ਼ਤੇ ਆਏ ਨੇ, ਦਿਨ ਚੜ੍ਹੇ ਤੇ ਮੈਂ ਇਨ੍ਹਾਂ ਦੇ ਦਰਸ਼ਨ ਕਰਾਂ। ਕੌਣ ਆ ਗਏ ਇਹ? ਇਨ੍ਹਾਂ ਦੀ ਕਲਾਮ ਦੇ ਵਿਚ ਕੀ ਤਾਸੀਰ ਹੈ? ਕੀ ਜਾਦੂ ਹੈ ਇਨ੍ਹਾਂ ਦੀ ਕਲਾਮ ਦੇ ਅੰਦਰ? ਜਿਉਂ-ਜਿਉਂ ਇਹ ਬੋਲਦੇ ਗਏ, ਤਿਉਂ-ਤਿਉਂ ਮੈਂ ਰਾਜ਼ੀ ਹੁੰਦਾ ਗਿਆ।

ਅਖੀਰ ਦਿਨ ਚੜ੍ਹ ਆਇਆ, ਮਹਾਰਾਜ ਸਮਾਧੀ ਤੋਂ ਉਥਾਨ ਹੋਏ, ਆ ਕੇ ਚਰਨਾਂ 'ਤੇ ਢਹਿ ਪਿਆ।

ਕਹਿਣ ਲੱਗਿਆ, ਪਾਤਸ਼ਾਹ! ਮੈਨੂੰ ਬਖਸ਼ ਲੈ। ਤੂੰ ਤਾਂ ਖ਼ੁਦਾ ਦੀ ਜਾਤ ਆ ਗਿਆ। ਕ੍ਰਿਪਾ ਕਰ, ਮੈਂ ਬੜਾ ਪਾਪੀ ਹਾਂ। ਸੱਚਮੁੱਚ ਜੋ ਤੁਸੀਂ ਬਚਨ ਕਹੇ ਨੇ ਸਾਰੇ ਮੇਰੇ ਜੀਵਨ ਵਿਚ ਲੰਘੇ ਨੇ। ਮੈਂ ਸੁਆਦਾਂ ਵਿਚ ਪਿਆ, ਮੇਰੇ ਦਾਗ ਲੱਗੇ, ਮੈਂ ਹੀ ਬਿਮਾਰ ਹੋਇਆ ਹਾਂ, ਮੈਂ ਪ੍ਰਮੇਸ਼ਰ ਨੂੰ ਭੁੱਲਿਆ, ਪਿੱਠ ਕੀਤੀ ਪ੍ਰਮੇਸ਼ਰ ਵਲ, ਅੱਜ ਪ੍ਰਮੇਸ਼ਰ ਦਾ ਮੈਂ ਜਸ ਸੁਣਿਆ ਤੇ ਇਹਦੇ ਨਾਲ ਮੇਰਾ ਸਰੀਰ, ਮੈਨੂੰ ਇਸ ਤਰ੍ਹਾਂ ਲਗਦਾ ਹੈ ਜਿਵੇਂ ਠੀਕ ਹੋ ਰਿਹਾ ਹੈ।

ਉਸ ਵੇਲੇ ਕਹਿਣ ਲੱਗੇ, ਪਿਆਰਿਆ! ਵਸਤਰ ਲਾਹ ਕੇ, ਔਹ ਜਿੱਥੇ ਅਸੀਂ ਇਸ਼ਨਾਨ ਕਰਿਆ ਹੈ, ਉਸ ਜਲ 'ਚ ਇਸ਼ਨਾਨ ਕਰ ਲੈ। ਚਲਿਆ ਗਿਆ, ਜਾ ਕੇ ਇਸ਼ਨਾਨ ਕਰਿਆ। ਹੈਰਾਨ ਹੋ ਗਿਆ ਕਿ ਮੇਰਾ ਤਾਂ ਸਰੀਰ ਬਿਲਕੁਲ ਕੰਚਨ ਵਰਗਾ ਹੋ ਗਿਆ, ਕਿਤੇ ਕੋਈ ਦਾਗ ਨਹੀਂ ਰਿਹਾ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆ ਗਿਆ, ਕਹਿਣ ਲੱਗਿਆ,

ਪਾਤਸ਼ਾਹ! ਉਹ ਅਕਸੀਰ ਮੈਨੂੰ ਬਖਸ਼ ਦਿਓ ਜਿਹੜੀ ਤੇਰੇ ਕੋਲ ਹੈ, ਜਿਹਨੂੰ ਤੁਸੀਂ ਨਾਮ ਕਹਿੰਦੇ ਓ ਬਾਰ-ਬਾਰ। ਕ੍ਰਿਪਾ ਕਰੋ, ਮੈਨੂੰ ਉਸ ਦੀ ਸੋਝੀ ਦਿਓ। ਮੈਂ ਜੀਵਨ ਵਿਅਰਥ ਗੁਆ ਬੈਠਿਆ ਹੁਣ ਤੱਕ।

ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਸਾਮ੍ਹਣੇ ਬਿਠਾਇਆ, ਬਿਠਾ ਕੇ ਸਾਵਧਾਨ ਕੀਤਾ, ਕਹਿੰਦੇ, ਫਕੀਰ ਸਾਂਈਂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਤਿੰਨ ਵਾਰੀ ਕਹਿਣ ਦੀ ਦੇਰ ਸੀ, ਰੋਮ-ਰੋਮ ਵਿਚੋਂ ਧੁਨੀ ਉਠ ਖੜ੍ਹੀ ਨਾਮ ਦੀ, ਮਸਤ ਹੋ ਗਿਆ। ਕੀ ਦੇਖਦਾ ਹੈ ਕਿ ਸਾਰਾ ਬ੍ਰਹਿਮੰਡ ਨਾਮ ਜਪ ਰਿਹਾ ਹੈ। ਸਾਰੇ ਹੀ ਗਾ ਰਹੇ ਨੇ, ਸਾਰੇ ਹੀ ਨਾਮ ਜਪ ਰਹੇ ਨੇ। ਜਿੰਨਾਂ ਵੀ ਕੁਛ ਹੈ, ਧਰਤੀ, ਆਕਾਸ਼, ਪਤਾਲ, ਜੋ ਵੀ ਦ੍ਰਿਸ਼ਟੀ ਆਉਂਦਾ ਹੈ, ਜੋ ਵੀ ਪੰਛੀ ਬੋਲ ਰਿਹਾ ਹੈ, ਨਾਮ ਤੋਂ ਬਗੈਰ ਨਹੀਂ ਕੁਝ ਸੁਣ ਰਿਹਾ।

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥*** ***ਅੰਗ - 1265***

ਤੰਦਰੁਸਤ ਹੋ ਗਿਆ, ਉਸ ਵੇਲੇ ਖੁਸ਼ੀ ਝੱਲੀ ਨਹੀਂ ਜਾਂਦੀ। ਸੱਚੇ ਪਾਤਸ਼ਾਹ! ਆਗਿਆ ਦਿਓ ਮੈਨੂੰ, ਵਸਤਰ ਦਿਤੇ ਮਹਾਰਾਜ ਜੀ ਨੇ ਕਿ ਆਹ ਪਹਿਨ ਲੈ। ਸੁੱਟ ਦੇ ਇਨ੍ਹਾਂ ਵਸਤਰਾਂ ਨੂੰ ਦੂਰ ਕਿਤੇ, ਕਿਸੇ ਹੋਰ ਨੂੰ ਰੋਗੀ ਕਰਨਗੇ। ਅੱਗ ਲਾ ਦੇ ਇਸ ਝੌਂਪੜੀ ਨੂੰ। ਸ਼ਹਿਰ ਵਿਚ ਚਲਿਆ ਗਿਆ, ਰੌਲਾ ਪੈ ਗਿਆ ਕਿ ਰਾਤ ਕੋਈ ਐਸਾ ਵਲੀ ਅੱਲਾਹ ਆਇਆ ਹੈ ਕੋਈ ਰੱਬ ਦਾ ਪਿਆਰਾ ਆਇਆ ਹੈ ਜਿਸਨੂੰ ਇਸ ਸ਼ਹਿਰ ਨੇ ਰਹਿਣ ਦਾ ਥਾਉਂ ਨਹੀਂ ਸੀ ਦਿਤਾ। ਰਾਤ ਕੱਟਣ ਨੂੰ ਥਾਂ ਨਹੀਂ ਸੀ ਦਿਤਾ ਤੇ ਪ੍ਰਮੇਸ਼ਰ ਦਾ ਪਿਆਰਾ ਇਸ ਫਕੀਰ ਦੀ ਝੌਂਪੜੀ 'ਚ ਚਲਿਆ ਗਿਆ, ਦੇਖੋ ਕਿਹੋ ਜਿਹਾ ਸੁੰਦਰ ਸਰੀਰ ਨਿਕਲਿਆ ਹੈ। ਇਕ ਰਾਤ ਲੱਗੀ ਹੈ ਸਾਰੀ ਤੇ ਕਿੰਨਾ ਸੋਹਣਾ ਸਰੂਪ ਇਹਦਾ ਨਿਕਲ ਆਇਆ, ਇਹਨੂੰ ਤਾਂ ਜਵਾਨ ਪੂਰਾ ਬਣਾ ਗਿਆ, ਕਿੱਥੇ ਗਿਆ ਇਹਦਾ ਰੋਗ? ਉਹਦੇ ਕੋਲ ਕਿਹੜੀ ਤਾਸੀਰ ਹੈ, ਅਸੀਂ ਭੁੱਲ ਗਏ? ਸਾਰੇ ਨਗਰ ਨੇ ਪਰ੍ਹਾ ਬੰਨ੍ਹਿਆ ਬੱਚੇ ਵੀ, ਮਾਈਆਂ ਵੀ, ਭਾਈ ਵੀ, ਲਾਈਨਾਂ ਲਾਈ ਆਉਂਦੇ ਨੇ ਗੁਰੂ ਸਾਹਿਬ ਕੋਲ, ਬੇਨਤੀਆਂ ਕਰਦੇ ਨੇ ਚਰਨਾਂ 'ਤੇ ਢਹਿ ਕੇ, ਪਾਤਸ਼ਾਹ! ਅਸੀਂ ਨਾਸਤਕ ਲੋਕ, ਅਸੀਂ ਨਹੀਂ ਜਾਣਦੇ, ਸਾਨੂੰ ਨਾ ਆਪ ਦੀ ਪਛਾਣ ਆਈ। ਅਸੀਂ ਤੁਹਾਨੂੰ ਦੋ ਫੁੱਟ ਜਗ੍ਹਾ ਨਾ ਦਿਤੀ ਪੈਣ ਵਾਸਤੇ, ਆਰਾਮ ਕਰਨ ਵਾਸਤੇ, ਤੁਹਾਡਾ ਨਿਰਾਦਰ ਕੀਤਾ। ਹੁਣ ਤੁਸੀਂ ਸਾਨੂੰ ਬਖਸ਼ੋ।

ਬੇਨਤੀਆਂ ਕਰਕੇ ਗੁਰੂ ਮਹਾਰਾਜ ਨੂੰ ਨਗਰ 'ਚ ਲੈ ਜਾਂਦੇ ਨੇ। ਮਹਾਰਾਜ ਨੇ ਉਥੇ ਫੇਰ ਤਾਸੀਰ ਜਿਹੜੀ ਇਸਨੂੰ ਵੰਡੀ, ਉਹ ਸਾਰੇ ਸ਼ਹਿਰ ਨੂੰ ਦੇ ਕੇ ਨਾਮ ਬਾਣੀ ਦੇ ਲੜ ਲਾ ਕੇ, ਅਸਲੀ ਮਾਰਗ ਦਰਸਾਇਆ।

ਸੋ ਇਸ ਕਰਕੇ ਸਾਧਸੰਗਤ ਜੀ! ਅਸਲੀ ਚੀਜ਼ ਸੰਸਾਰ ਦੇ ਅੰਦਰ ਨਾਮ ਹੈ, ਕਹਿੰਦੇ ਨਾਮ ਜਪਣ ਦਾ ਸਮਾਂ ਹੁਣ ਆਪਣੇ ਕੋਲ ਹੈ -

***ਜਬ ਲਗੁ ਜਰਾ ਰੋਗੁ ਨਹੀ ਆਇਆ ॥***

*ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥*
*ਜਬ ਲਗੁ ਬਿਕਲ ਭਈ ਨਹੀ ਬਾਨੀ ॥*
*ਭਜਿ ਲੇਹਿ ਰੇ ਮਨ ਸਾਰਿਗਪਾਨੀ ॥* *ਅੰਗ - 1159*

19 ਤਰੀਕ ਨੂੰ ਮਨਸੂਰੀ ਮੀਟਿੰਗ ਹੋ ਰਹੀ ਸੀ, ਸਾਰੇ ਸਾਧੂ ਆਏ ਹੋਏ ਸੀ। ਮੇਰੇ ਬਰਾਬਰ ਸੰਤ ਮੱਖਣ ਸਿੰਘ ਜੀ ਜਿਹੜੇ ਸੰਤ ਕ੍ਰਿਪਾਲ ਸਿੰਘ ਜੀ ਤੋਂ ਬਾਅਦ, ਭਾਈ ਮਨੀ ਸਿੰਘ ਜੀ ਸੰਪਰਦਾ ਤੋਂ ਨੇ, ਭਾਈ ਸਾਹਿਬ ਭਾਈ ਉਹ ਬੈਠੇ ਸੀ, ਉਨ੍ਹਾਂ ਦੇ ਨਾਲ ਲਗਦੇ ਜੱਥੇਦਾਰ ਬੈਠੇ ਸੀ, ਭਾਈ ਸਾਹਿਬ ਭਾਈ ਹਾਕਮ ਸਿੰਘ, ਦਮਦਮਾ ਸਾਹਿਬ। ਬਚਨ ਹੁੰਦੇ ਗਏ, ਉਹ ਬਾਰ-ਬਾਰ ਮੇਰੇ ਵਲ ਦੇਖਦੇ ਸੀ, ਮੈਂ ਹੈਰਾਨ ਸੀ ਕਿ ਇਹ ਬਾਰ-ਬਾਰ ਕਿਉਂ ਦੇਖੀ ਜਾਂਦੇ ਨੇ, ਹੋਰ ਤਾਂ ਕੋਈ ਨਹੀਂ ਦੇਖਦਾ। ਥੋੜ੍ਹੀ ਜਿਹੀ ਦੇਰ ਹੋਵੇ, ਫੇਰ ਮੇਰੇ ਵਲ ਦੇਖਣ ਲਗ ਜਾਣ। ਉਸ ਤੋਂ ਬਾਅਦ ਉਹ ਚਲੇ ਜਾਂਦੇ ਨੇ, ਛੁੱਟੀ ਲੈ ਲਈ ਤੇ ਨਾਲ ਉਨ੍ਹਾਂ ਨੇ ਕਿਹਾ ਕਿ ਜੋ ਤੁਸੀਂ ਫੈਸਲਾ ਕਰੋਂਗੇ, ਅਸੀਂ ਉਹਦੇ ਮੁਤਾਬਿਕ ਹੀ ਮੰਨਾਂਗੇ। ਕਿਉਂਕਿ ਮੈਨੂੰ ਇਸ ਤਰ੍ਹਾਂ ਲੱਗਿਆ ਕਿ ਤੁਸੀਂ ਸਹੀ ਫੈਸਲਾ ਲਵੋਂਗੇ। ਕੱਲ੍ਹ ਅਖਬਾਰ 'ਚ ਪੜ੍ਹਿਆ ਉਹ ਚੜ੍ਹਾਈ ਵੀ ਕਰ ਗਏ। 19 ਨੂੰ ਸਾਡੇ ਕੋਲੋਂ ਗਏ ਨੇ, 20 ਤੇ 21 ਵਿਚਾਲੇ ਗਈ ਹੈ, 21 ਦੀ ਰਾਤ ਨੂੰ ਚੜ੍ਹਾਈ ਕਰ ਗਏ। ਕੋਈ ਪਤਾ ਨਹੀਂ ਕਿਹੜੇ ਵੇਲੇ ਆ ਕੇ ਕਾਲ ਦਾ ਗੁਲੇਲਾ ਵੱਜੇ। ਉਸ ਤੋਂ ਪਹਿਲਾਂ-ਪਹਿਲਾਂ ਜਿਹੜਾ ਸਮਾਂ ਸਾਨੂੰ ਮਿਲਿਆ ਹੈ, ਉਹਨੂੰ ਲੇਖੇ 'ਚ ਲਾ ਲਓ।

*ਧਾਰਨਾ - ਲੁੱਟ-ਲੁੱਟ ਲਓ ਨਸੀਬਾਂ ਵਾਲੇ ਬੰਦਿਓ,*
*ਲੁੱਟ ਪੈ ਗਈ ਰਾਮ ਨਾਮ ਦੀ।*

*ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥*
*ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥*
*ਅੰਗ - 1366*

*ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ ॥*
*ਜਿਉ ਬਨ ਫਲ ਪਾਕੇ ਭੁਇ ਗਿਰਹਿ*
*ਬਹੁਰਿ ਨ ਲਾਗਹਿ ਡਾਰ ॥* *ਅੰਗ- 1366*

ਸਮਾਂ ਲੰਘ ਜਾਣਾ ਹੈ, ਫੇਰ ਹੱਥ ਨਹੀਂ ਆਉਣਾ। ਸੋ ਐਸਾ ਨਾਮ ਜਿਸਦੇ ਬਾਰੇ ਆਪਾਂ ਵੀਚਾਰ ਕੀਤੀ ਹੈ, ਸਾਰੇ ਦੁੱਖਾਂ ਨੂੰ ਦੂਰ ਕਰਨ ਵਾਲਾ, ਦਰਗਾਹ ਦੇ ਵਿਚ ਸਹਾਇਤਾ ਦੇਣ ਵਾਲਾ, ਜਿਸਦੇ ਹਿਰਦੇ ਵਿਚ ਵਸ ਜਾਵੇ -

*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥* *ਅੰਗ- 1155*

ਰਾਜਿਆਂ ਤੋਂ ਰਾਜਾ ਬਣ ਜਾਂਦਾ ਹੈ। ਸੋ ਐਸਾ ਨਾਮ ਜਪਣ ਦਾ ਵੇਲਾ, ਸਾਨੂੰ ਪ੍ਰਾਪਤ ਹੋਇਆ। ਲੇਕਿਨ ਮਾਇਆ ਐਡੀ ਪਰਬਲ ਹੈ ਕਿ ਉਹ ਸਾਡੇ ਪੈਰ ਨਹੀਂ ਲੱਗਣ ਦਿੰਦੀ। ਐਡੀਆਂ ਜ਼ਬਰਦਸਤ ਲਹਿਰਾਂ, ਘੁੰਮਣ ਘੇਰੀਆਂ ਨੇ ਕਿ ਸਾਨੂੰ ਹੋਸ਼ ਹੀ ਨਹੀਂ ਆ ਰਹੀ। ਨਾਮ ਜਪਣ ਬੈਠਦੇ ਹਾਂ, ਕਿਤੇ ਦੀ ਕਿਤੇ ਮਨ ਚਲਿਆ ਜਾਏਗਾ। ਬਿਰਤੀ ਇਕਾਗਰ ਨਹੀਂ ਹੁੰਦੀ, ਗੱਲ ਸਮਝ 'ਚ ਨਹੀਂ ਪੈਂਦੀ। ਸਮਾਂ ਰੋਜ਼ ਲੰਘ ਜਾਂਦਾ ਹੈ,

24000 ਸਵਾਸ ਰੋਜ਼ ਲੰਘ ਜਾਂਦਾ ਹੈ। ਸੋ ਐਨਾ ਘਾਟਾ ਅਸੀਂ ਪਾ ਕੇ ਆਪਣਾ ਜੀਵਨ ਲੰਘਾ ਰਹੇ ਹਾਂ ਤੇ ਮਹਾਰਾਜ ਕੋਲ ਅਰਦਾਸ ਕਰੀ ਹੈ ਕਿ ਹੇ ਪ੍ਰਭੂ! –

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥*
***ਅੰਗ – 694***

ਦਰਸ਼ਨ ਅੰਦਰ ਹੀ ਹੈ, ਕੋਈ ਬਾਹਰ ਨਹੀਂ ਹੈ, ਜਾਂ ਦੂਰੋਂ ਆ ਕੇ ਦੇਣੇ ਨੇ। ਮਾੜਾ ਜਿਹਾ ਫਰਕ ਹੈ –

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
***ਅੰਗ – 624***

'ਮੈਂ' ਪਰ੍ਹੇ ਹੋ ਜਾਵੇ, ਪ੍ਰਮੇਸ਼ਰ ਆ ਜਾਂਦਾ ਹੈ। ਜਿੰਨਾਂ ਚਿਰ ਮੈਂ ਹੈ ਇਹਦੇ ਅੰਦਰ, ਕੋਲ ਹੁੰਦਾ ਪ੍ਰਮੇਸ਼ਰ ਪ੍ਰਗਟ ਨਹੀਂ ਹੁੰਦਾ। ਕਿਉਂਕਿ ਜਿਵੇਂ ਪਾਣੀ ਨੂੰ ਬੂਰ ਨੇ ਢਕ ਲਿਆ, ਇਸ ਤਰ੍ਹਾਂ ਇਸ ਮੈਂ ਨੇ ਪ੍ਰਮੇਸ਼ਰ ਨੂੰ ਢਕਿਆ ਹੋਇਆ ਹੈ। ਅਣਹੋਈ ਚੀਜ਼ ਹੈ, ਹੈ ਨਹੀਂ, ਨਾ ਇਹਦੀ ਕੋਈ ਜੜ੍ਹ ਹੈ। ਨਾ ਇਹ ਕਦੇ ਪੈਦਾ ਹੋਈ ਹੈ। ਇਕ ਕੇਵਲ ਭਰਮ ਹੈ, ਮਾਇਆ ਹੈ, ਕੋਈ ਤਿਲਸਮ ਜਾਦੂ ਹੈ ਕੋਈ ਐਸਾ, ਜਿਹੜਾ ਬੰਦੇ ਨੂੰ ਪ੍ਰਮੇਸ਼ਰ ਨੂੰ ਦਿਸਣ ਨਹੀਂ ਦਿੰਦਾ, ਵਿਛੋੜ ਕੇ ਹੀ ਰਖਦਾ ਹੈ ਤੇ ਇਹਦਾ ਇਲਾਜ ਕੇਵਲ ਨਾਮ ਹੈ –

*ਨਾਨਕ ਮਾਇਆ ਕਾ ਮਾਰਣੁ ਸਬਦੁ ਹੈ ...........॥*
***ਅੰਗ – 853***

ਜਿਵੇਂ ਗਰੁੜ ਸੱਪਾਂ ਦਾ ਵੈਰੀ ਹੁੰਦਾ ਹੈ, ਇਸ ਤਰ੍ਹਾਂ ਨਾਮ ਮਾਇਆ ਦਾ ਵੈਰੀ ਹੈ –

*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥*
***ਅੰਗ – 560***

ਦੋ ਰਹਿੰਦੇ ਹੀ ਨਹੀਂ, ਜਦੋਂ ਨਾਮ ਆ ਗਿਆ, ਹਉਮੈ ਨੇ ਨਾਸ਼ ਹੋ ਜਾਣਾ ਹੈ। ਜਿਸ ਕੰਮ ਨੂੰ ਅਸੀਂ ਕਰਨ ਵਾਸਤੇ ਆਏ ਹਾਂ –

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥* ***ਅੰਗ – 694***

ਆਸ ਲਗਾ ਕੇ ਲੰਘ ਰਿਹਾ ਹਾਂ, ਦਰਸ਼ਨ ਉਸ ਵੇਲੇ ਹੀ ਕਰੇ ਸੀ, ਜਿਸ ਵੇਲੇ ਅਸੀਂ ਜੀਵ ਬਣ ਗਏ। ਉਸ ਵੇਲੇ ਦਾ ਸਫਰ ਸਾਡੇ ਗਲ ਪਿਆ ਹੋਇਆ ਹੈ, ਕਰਮਾਂ ਦਾ ਬੰਨ੍ਹੇ ਹੋਏ ਤੁਰੇ ਹੀ ਫਿਰਦੇ ਹਾਂ, ਤੁਰੇ ਹੀ ਫਿਰਦੇ ਹਾਂ, ਕੋਈ ਠਿਕਾਣਾ ਨਹੀਂ ਮਿਲ ਰਿਹਾ। ਸੋ ਸਾਧਸੰਗਤ ਜੀ! ਟਿਕਾਣਾ ਨਾਮ ਪ੍ਰਾਪਤ ਹੋਣ ਨਾਲ ਹੈ, ਨਾਮ ਦੇ ਪ੍ਰਾਪਤ ਹੋਣ ਦੇ ਨਾਲ ਕਰਮਾਂ ਦਾ ਸਟੋਰ ਜਲ ਜਾਇਆ ਕਰਦਾ ਹੈ, ਜਿਹੜੇ ਪ੍ਰਾਲਬਧ ਕਰਮ ਨੇ ਉਹ ਤਾਂ ਭੋਗ ਹੀ ਲੈਣੇ ਨੇ, ਉਹ ਤਾਂ ਮਿਟਿਆ ਨਹੀਂ ਕਰਦੇ –

***ਭੋਗੇ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।***

ਜਿਹੜੇ ਕਰਮ ਅਜੇ ਪਏ ਨੇ ਸਟੋਰ ਵਿਚ, ਇਨ੍ਹਾਂ ਸੰਚਿਤ ਕਰਮ ਕਹਿੰਦੇ ਨੇ, ਉਹ ਅਜੇ ਕਿੰਨਿਆਂ ਜਨਮਾਂ 'ਚ ਜਾ ਕੇ ਭੋਗਣੇ ਨੇ। ਉਹ ਕਰਮਾਂ ਨੇ ਸਾਨੂੰ ਜਨਮ 'ਚ ਲਿਆਉਣਾ ਹੈ, ਜੇ ਕਰਮਾਂ ਦਾ ਨਾਸ਼ ਹੋ ਜਾਵੇ, ਫੇਰ ਜਨਮ ਮਰਨ ਖਤਮ ਹੋ ਜਾਂਦਾ ਹੈ। ਸੋ ਉਨ੍ਹਾਂ ਦਾ ਨਾਸ਼ ਗੁਰੂ ਦਾ ਸ਼ਬਦ ਹੈ। ਗੁਰੂ ਦੇ ਸ਼ਬਦ 'ਚ ਐਨਾ ਬਲ ਹੈ, ਜਿਸ ਤਰ੍ਹਾਂ ਬੀਜ ਦਾ ਕੋਠਾ ਭਰਿਆ ਹੋਵੇ, ਉਹਦੇ ਵਿਚ ਅੱਗ ਦਾ ਸੇਕ ਲਗ ਜਾਵੇ, ਉਹ ਸਾਰੇ ਜਿਹੜੇ ਦਾਣੇ ਨੇ ਧੁਆਂਖੇ ਜਾਂਦੇ ਨੇ। ਉਨ੍ਹਾਂ 'ਚ ਜੰਮਣ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਨਾਲ ਸਾਡੇ ਜਿਹੜੇ ਕਰੋੜਾਂ-ਕਰੋੜਾਂ ਜਨਮਾਂ ਦੇ ਕਰਮ ਨੇ -

***ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥*** ***ਅੰਗ - 1195***

ਪ੍ਰਮੇਸ਼ਰ ਦੇ ਨਾਮ 'ਚ ਇਹ ਸ਼ਕਤੀ ਹੈ ਕਿ ਉਹਨੂੰ ਗਿਆਨ ਜਿਹੜਾ ਹੈ ਉਹ ਦਗਧ ਕਰ ਦਿੰਦਾ ਹੈ। ਗਿਆਨ ਦੇ ਦਗਧ ਕਰਨ ਨਾਲ ਅਗਿਆਨ ਦਾ ਨਾਸ਼ ਹੋ ਜਾਂਦਾ ਹੈ। ਤਿੰਨ ਚੀਜ਼ਾਂ ਮਿਲਣ ਤਾਂ ਭਾਂਡਾ ਜੁੜਿਆ ਰਹਿੰਦਾ ਹੈ, ਇਕ ਤਾਂ ਅੰਤਸ਼ਕਰਣ ਹੋਵੇ, ਇਕ ਅਗਿਆਨ ਹੋਵੇ, ਇਕ ਆਤਮਾ ਹੋਵੇ। ਜੇ ਇਨ੍ਹਾਂ 'ਚੋਂ ਜਿਹੜਾ ਅਗਿਆਨ ਹੈ, ਇਹਨੇ ਭਾਂਡਾ ਬਣਾਇਆ ਹੋਇਆ ਹੈ। ਆਤਮਾ ਤਾਂ ਅਕਾਸ਼ (space) ਹੈ ਵਿਚ ਦੀ। ਭਾਂਡਾ ਜਿਹੜਾ ਬਣਾਇਆ ਹੋਇਆ ਹੈ ਉਹ ਅਗਿਆਨ ਨੇ। ਜਿਹੜਾ ਭਾਂਡਾ ਬਣਿਆ ਹੋਇਆ ਹੈ ਉਹ ਅੰਤਸ਼ਕਰਣ ਹੈ। ਜੇ ਅਗਿਆਨ ਦਾ ਨਾਸ਼ ਹੋ ਜਾਵੇ ਤਾਂ ਭਾਂਡਾ ਟੁੱਟ ਜਾਏਗਾ, ਜਿਹੜੀਆਂ ਇਹਦੇ 'ਚ ਚੀਜ਼ਾਂ ਪਈਆਂ ਨੇ ਉਹ ਖਿੱਲਰ ਜਾਣਗੀਆਂ ਤੇ ਅੰਤਸ਼ਕਰਣ ਸਾਫ ਹੋ ਜਾਏਗਾ -

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ***
***ਕਾਲਾ ਹੋਆ ਸਿਆਹੁ ॥***
***ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥***
***ਅੰਗ - 651***

ਉਹ ਸਿਆਹੁ ਪੁਣਾ ਉਤਰ ਜਾਏਗਾ ਤੇ ਫੇਰ ਸਾਨੂੰ ਨਾਮ ਨੇ ਨਾਮੀ ਨਾਲ ਜੋੜ ਦੇਣਾ ਹੈ, ਪ੍ਰਮੇਸ਼ਰ ਨਾਲ ਜੋੜ ਦੇਣਾ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 8

## ਹੋਲੀ ਕੀਨੀ ਸੰਤ ਸੇਵ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ।*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥ ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ,*
*ਮੈਂ ਕਿਛੁ ਨਾਹੀ - ਮੈਂ ਕਿਛੁ ਨਾਹੀ।*
*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ ॥ 1 ॥ ਰਹਾਉ ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ ॥ 1 ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥*
*ਅੰਗ- 827*

*ਧਾਰਨਾ - ਖੇਲੇ ਸੁਆਮੀ ਮੇਰਾ ਨਿਰਗੁਣ ਹੋ ਕੇ, ਸਰਗੁਣ ਹੋ ਕੇ।*

ਸਾਧਸੰਗਤ ਜੀ, ਚਿੱਤ ਬਿਰਤੀਆਂ ਇਕਾਗਰ ਕਰੋ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਧਰੋ। ਕੰਨਾਂ ਦੇ ਨਾਲ, ਜੋ ਬੋਲਿਆ ਜਾ ਰਿਹਾ

ਹੈ, ਇਸ ਨੂੰ ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਦੂਰ-ਦਰਾਜ਼ ਤੋਂ ਸੰਗਤਾਂ ਪਹੁੰਚੀਆਂ ਹੋਈਆਂ ਨੇ। ਬਹਿਰਾਮ ਤੋਂ ਸੰਗਤ ਆਈ ਹੈ, ਧਮੋਟ ਤੋਂ ਆਏ ਨੇ, ਦਿੱਲੀ ਤੋਂ ਆਏ ਨੇ, ਹੋਰ ਦੂਰ-ਦਰਾਜ਼ ਤੋਂ ਅਮਰੀਕਾ ਤੋਂ ਆਏ ਹੋਏ ਪ੍ਰੇਮੀ ਵੀ ਬੈਠੇ ਨੇ। ਥੋੜ੍ਹਾ ਜਿਹਾ ਧਿਆਨ ਦੇ ਕੇ ਸਰਵਣ ਕਰੋ ਕਿਉਂਕਿ ਜੋ ਅੱਜ ਤਿਉਹਾਰ ਹੈ, ਉਸਨੂੰ ਰੰਗਾਂ ਦਾ ਤਿਉਹਾਰ ਕਿਹਾ ਜਾਂਦਾ ਹੈ। ਬੜੀ ਖੁਸ਼ੀ ਦੇ ਨਾਲ ਰੰਗ ਉਤੇ ਪੁਆਏ ਜਾ ਰਹੇ ਨੇ। ਖਾਸ ਕਰਕੇ ਜੋ ਲਾਲ ਰੰਗ ਹੈ, ਗੁਲਾਬੀ ਰੰਗ ਹੈ ਉਸਨੂੰ ਜ਼ਿਆਦਾ ਪਸੰਦ ਕੀਤਾ ਜਾ ਰਿਹਾ ਹੈ। ਇਸ ਦੇ ਪਿੱਛੇ ਕੋਈ ਬਹੁਤ ਵੱਡੀ ਚੀਜ਼ ਹੈ। ਦੁਨਿਆਵੀ ਅਤੇ ਅਧਿਆਤਮਕ ਦੋ ਪੱਖ ਹੋਇਆ ਕਰਦੇ ਨੇ। ਦੁਨਿਆਵੀ ਉਹਦਾ ਬਾਹਰਲਾ ਪਾਸਾ ਹੋਇਆ ਕਰਦਾ ਹੈ, ਅਧਿਆਤਮਕ ਅੰਦਰਲਾ ਪਾਸਾ ਹੋਇਆ ਕਰਦਾ ਹੈ। ਵਿਚਾਰਨਾ ਸੁਘੜ ਬੰਦੇ ਦਾ ਆਪਣਾ ਕੰਮ ਹੋਇਆ ਕਰਦਾ ਹੈ। ਉਹਦੀ ਆਪਣੀ ਸੋਝੀ ਦੇ ਮੁਤਾਬਿਕ ਹੈ। ਸੋ ਰੰਗ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਲੇਕਿਨ ਇਹ ਰੰਗ ਜੋ ਹੈ ਹੁਣ ਪੈ ਰਿਹਾ ਹੈ, ਖੁਸ਼ੀਆਂ ਨੇ ਬਹੁਤ ਮਨ ਦੇ ਅੰਦਰ, ਬੱਚੇ ਦੇਖੇ ਨੇ ਕਿ ਦੌੜੇ ਹੀ ਫਿਰਦੇ ਨੇ ਮੋਟਰ-ਸਾਇਕਲਾਂ 'ਤੇ, ਸੈਲੰਸਰ ਲਾਹੇ ਹੋਏ ਨੇ, ਐਨੀ ਖੱਪ ਪੈ ਰਹੀ ਹੈ। ਕੋਈ ਖੁਸ਼ੀ ਦਾ ਐਸਾ ਵਾਤਾਵਰਣ ਹੈ ਜਿਸਦੇ ਅੰਦਰ ਇਸ ਜੀਵ ਨੂੰ ਕੁਝ extra ordinary ਵਿਸ਼ੇਸ਼, ਕੁਝ ਚੰਗੇਰਾ ਮਹਿਸੂਸ ਹੋ ਰਿਹਾ ਹੈ। ਆਦਮੀ ਦੇ ਅੰਦਰ ਜਜ਼ਬੇ ਹੁੰਦੇ ਨੇ। ਉਨ੍ਹਾਂ ਵਿਚੋਂ ਬਹੁਤ ਸਾਰੇ ਜਜ਼ਬੇ ਮਾਰੂ ਹੁੰਦੇ ਨੇ, ਉਨ੍ਹਾਂ 'ਤੇ ਕੰਟਰੋਲ ਕਰਨਾ ਜ਼ਰੂਰੀ ਹੋਇਆ ਕਰਦਾ ਹੈ। ਬਹੁਤ ਸਾਰੇ ਐਸੇ ਹੁੰਦੇ ਨੇ ਜੋ ਕੇਵਲ ਖੁਸ਼ੀਆਂ ਦਿੰਦੇ ਨੇ। ਉਹ ਖੁਸ਼ੀਆਂ ਜਿਸ ਤਰ੍ਹਾਂ ਦੇ ਨਾਲ ਬਰਫ ਜੰਮੀ ਹੋਵੇ, ਧੁੱਪ ਪੈ ਜਾਵੇ ਤੇ ਬਰਫ ਪਿਘਲ ਕੇ ਪਾਣੀ ਬਣ ਜਾਂਦੀ ਹੈ, ਮੈਦਾਨਾਂ 'ਚ ਆ ਜਾਂਦਾ ਹੈ, ਬੇਅੰਤ ਪਰਉਪਕਾਰ ਕਰਦਾ ਹੈ ਤੇ ਉਸ ਤੋਂ ਬਾਅਦ ਜਾ ਕੇ ਸਮੁੰਦਰ ਵਿਚ ਫੇਰ ਲੀਨ ਹੋ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਜੋ ਖੁਸ਼ੀਆਂ ਹਨ, ਉਹ ਇਕ ਨਰੋਈ ਨਿਸ਼ਾਨੀ ਹੋਇਆ ਕਰਦੀ ਹੈ, ਸਿਹਤ ਦੀ, ਸਮਾਜ ਦੀ। ਜੇ ਰੋਂਦੂ ਹੋਵੇ ਆਦਮੀ ਤਾਂ ਉਹਦੀ ਸਿਹਤ ਵੀ ਖਰਾਬ ਹੈ ਤੇ ਖਿਝਿਆ-ਖਿਝਿਆ, ਦੂਜਿਆਂ ਨੂੰ ਵੀ ਬੁਰਾ ਮੰਨਦਾ ਹੈ, ਉਹਦੇ ਅੰਦਰ ਜੀਵਨ ਰੌਂ ਨਹੀਂ ਰੁਮਕਿਆ ਕਰਦੀ। ਇਹ ਗੱਲ ਸਮਝਣੀ ਚਾਹੀਦੀ ਹੈ। ਇਕ ਖੁਸ਼ੀ ਹੈ ਜੋ ਥੋੜ੍ਹੀ ਦੇਰ ਹੈ ਜਿਹਨੂੰ ਛਿਨ-ਭੰਗਰ ਕਹਿੰਦੇ ਨੇ। ਕੀ ਕੋਈ ਐਸੀ ਖੁਸ਼ੀ ਵੀ ਹੈ ਜਿਹੜੀ ਕਦੇ ਹਟੇ ਹੀ ਨਾ। ਉਹ ਖੁਸ਼ੀ ਕਦੇ ਵੀ ਨਿਵਾਣ ਵਲ ਨਾ ਆਵੇ ਵਧਦੀ ਤਾਂ ਜਾਵੇ, ਹੇਠਾਂ ਨੂੰ ਨਾ ਆਵੇ। ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਇਹ ਲਾਲ ਰੰਗ ਜੋ ਬਾਹਰਲਾ ਹੈ ਇਹ ਲਹਿ ਜਾਏਗਾ ਜਦੋਂ ਮੂੰਹ ਧੋਵੋਂਗੇ, ਨਾਵ੍ਹੋਂਗੇ, ਕੱਚਾ ਰੰਗ ਹੈ, ਲੇਕਿਨ ਇਕ ਰੰਗ ਐਸਾ ਹੈ ਜੋ ਵੱਡੇ ਭਾਗਾਂ ਵਾਲੇ ਪੁਰਸ਼ਾਂ ਨੂੰ ਪ੍ਰਾਪਤ ਹੋਇਆ ਕਰਦਾ ਹੈ, ਹੈ ਉਹ ਵੀ ਲਾਲ। ਇਹ ਰੰਗ ਜੋ ਹੈ ਕੱਪੜਾ ਰੰਗ ਲਓ ਮੈਲਾ ਹੋ ਜਾਏਗਾ, ਲੇਕਿਨ ਇਸ ਰੰਗ ਦੇ ਵਿਚ ਖਾਸੀਅਤ ਹੈ ਕਿ ਕਦੇ ਵੀ ਮੈਲਾ ਨਹੀਂ ਹੋਏਗਾ।

ਉਹਦੇ ਬਾਰੇ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ ਅੰਗ - 808*

ਐਸਾ ਰੰਗ ਦੁਨੀਆਂ ਦੇ ਅੰਦਰ ਜੇ ਇਕ ਵਾਰੀ ਲਗ ਜਾਵੇ ਮੁੜ ਕੇ ਨਾ ਮੈਲਾ ਹੁੰਦਾ ਹੈ, ਨਾ ਦਾਗ ਲਗਦਾ ਹੈ। ਬਹੁਤ ਵੱਡੀ ਬਾਤ ਮਹਾਰਾਜ ਜੀ ਨੇ ਫੁਰਮਾ ਦਿਤੀ ਹੈ ਕਿ ਹੈ ਕੋਈ ਐਸਾ ਰੰਗ ਸੰਸਾਰ ਦੇ ਅੰਦਰ? ਜੋ ਮਲੀਨ ਨਹੀਂ ਹੁੰਦਾ, ਚਾਹੇ ਦੁਖ ਆ ਜਾਵੇ, ਚਾਹੇ ਸੁਖ ਆ ਜਾਣ, ਚਾਹੇ ਕਿੰਨੀ ਹੀ ਬਿਪਤਾ ਆ ਜਾਵੇ, ਕਿੰਨੀਆਂ ਹੀ ਉਦਾਸੀਆਂ ਆ ਜਾਣ, ਰੰਗ ਨਾ ਕਦੇ ਮੈਲਾ ਹੋਏਗਾ। ਚਾਹੇ ਆਹ ਸਰੀਰ ਦੇ ਟੁਕੜੇ-ਟੁਕੜੇ ਕਰਕੇ ਰਖ ਦਿਓ। ਫੇਰ ਵੀ ਮੈਲਾ ਨਹੀਂ ਹੋਏਗਾ -

*ਕਾਇਆ ਕਾਪਰੁ ਚੀਰ ਬਹੁ ਫਾਰੇ*
*ਹਰਿ ਰੰਗੁ ਨ ਲਹੈ ਸਭਾਗਾ ॥ ਅੰਗ - 985*

ਬੜਾ ਵਧੀਆ ਰੰਗ ਹੈ ਜੇ ਕਿਤੇ ਮਿਲ ਜਾਵੇ। ਪਰ ਇਹ ਹੈ ਕਿ ਜੇ ਰੰਗਣ ਵਾਲਾ ਰੰਗ ਦੇਵੇ। ਸ਼ਰਤ ਹੈ ਇਹ ਆਪਣੇ ਹੱਥ ਵਿਚ ਗੱਲ ਨਹੀਂ ਹੈ। ਰੰਗਣ ਵਾਲੇ ਦੇ ਹੱਥ ਵਿਚ ਹੈ ਕਿ ਜੇ ਕਿਤੇ ਕ੍ਰਿਪਾ ਕਰਕੇ ਉਹ ਰੰਗ ਦੇਵੇ, ਤਾਂ ਮੁੜ ਇਹ ਰੰਗ ਨਹੀਂ ਲਹਿਆ ਕਰਦਾ। ਇਸ ਦਾ ਦੂਸਰਾ ਨਾਂ ਕੀ ਹੈ? ਜੇ ਹੋਰ ਸਮਝਣਾ ਹੋਵੇ ਕਿ ਰੰਗ ਬੜੇ ਨੇ ਸਾਡੇ ਅੰਦਰ ਰੰਗੇ ਹੋਏ, ਬੜੇ ਭੈੜੇ ਰੰਗ ਨੇ, ਬੁਰੇ ਰੰਗ ਨੇ। ਇਕ ਰੰਗ ਤਾਂ ਉਹ ਨੇ ਜਿਨ੍ਹਾਂ ਦਾ ਇਕ ਗਰੁੱਪ ਹੈ ਬਹੁਤ ਵੱਡਾ, ਸਮਝੋ ਜੋ ਕੁਛ ਮੈਂ ਕਹਿ ਰਿਹਾ ਹਾਂ। ਉਹ ਗਰੁੱਪ ਐਸਾ ਹੈ ਕਿ ਨਫਰਤ ਦਾ ਰੰਗ ਹੈ, ਨਿੰਦਿਆ ਦਾ ਰੰਗ ਹੈ, ਈਰਖਾ ਦਾ ਰੰਗ ਹੈ, ਕ੍ਰੋਧ ਦਾ ਰੰਗ ਹੈ, ਲੋਭ ਦਾ, ਮੋਹ ਦਾ ਰੰਗ ਹੈ, ਕਾਮ ਦਾ ਰੰਗ ਹੈ, ਗੁਮਾਨ ਦਾ, ਆਸ਼ਾਵਾਂ ਦਾ, ਤ੍ਰਿਸ਼ਨਾਵਾਂ ਦਾ ਰੰਗ ਹੈ, ਵਿਸ਼ੇ-ਵਿਕਾਰਾਂ ਦੇ ਭੋਗਾਂ ਦਾ ਰੰਗ ਹੈ। ਬੇਅੰਤ ਰੰਗ ਨੇ ਇਸ ਕੈਟਾਗਿਰੀ ਦੇ ਅੰਦਰ। ਇਸ ਰੰਗ ਦੇ ਵਿਚ ਜੇ ਰੰਗ ਲਿਆ ਜਾਵੇ ਆਹ ਚੋਲਾ, ਕਹਿੰਦੇ ਪਿਆਰਿਓ! ਇਹ ਪ੍ਰਮੇਸ਼ਰ ਨੂੰ ਬਿਲਕੁਲ ਨਹੀਂ ਭਾਉਂਦਾ। ਇਹ ਐਨੇ ਗਲਤ ਰੰਗ ਨੇ ਕਿ ਅੱਖਾਂ ਨੂੰ ਦੇਖਣ ਵਾਸਤੇ ਵੀ ਚੰਗੇ ਨਹੀਂ ਲਗਦੇ। ਕਿੰਨੀਓਂ ਸੁੰਦਰਤਾ ਹੋਵੇ ਇਹ ਰੰਗ ਉਹਨੂੰ ਮੈਲਾ ਕਰ ਦਿੰਦੇ ਨੇ -

*ਇਹੁ ਤਨੁ ਮਾਇਆ ਪਾਹਿਆ ਪਿਆਰੇ*
*ਲੀਤੜਾ ਲਬਿ ਰੰਗਾਏ ॥*
*ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥*
*ਅੰਗ - 722*

ਕਹਿੰਦੇ, ਉਹ ਭਾਉਂਦਾ ਹੀ ਨਹੀਂ ਹੈ। ਜਿਹਨੇ ਸ੍ਰਿਸ਼ਟੀ ਸਾਜੀ ਹੈ, ਵਾਹਿਗੁਰੂ, ਮਾਲਕ-ਏ-ਕੁਲ ਹੈ ਉਹਨੂੰ ਇਹ ਰੰਗ ਨਹੀਂ ਭਾਉਂਦਾ। ਉਹ ਰੰਗ ਬਦਬੂਦਾਰ ਨੇ, ਅੱਖਾਂ ਨੂੰ ਦੇਖਣ ਨੂੰ ਚੰਗੇ ਨਹੀਂ ਲਗਦੇ। ਖਿੱਚ ਨਹੀਂ

ਪਾਉਂਦੇ, ਲੇਕਿਨ ਇਹਦੇ ਮੁਕਾਬਲੇ ਦੇ ਉਤੇ ਐਸੇ ਰੰਗ ਨੇ, ਇਨ੍ਹਾਂ ਨੂੰ ਮਾਇਆ ਦੇ ਰੰਗਾਂ ਦੀ ਕੈਟਾਗਿਰੀ ਦਿਤੀ ਗਈ ਹੈ ਸਾਰੇ ਰੰਗਾਂ। ਜਿਹੜੇ ਦੂਸਰੇ ਇਹਦੇ ਮੁਕਾਬਲੇ 'ਤੇ ਰੰਗ ਨੇ, ਉਹਨੂੰ ਨਾਮ ਦਾ ਰੰਗ ਆਖਿਆ ਗਿਆ ਹੈ। ਅਸਰ ਸਰੀਰ ਦੇ ਉਤੇ ਇਨ੍ਹਾਂ ਦਾ ਵੀ ਹੁੰਦਾ ਹੈ, ਅਸਰ ਉਨ੍ਹਾਂ ਦਾ ਵੀ ਹੁੰਦਾ ਹੈ। ਇਹਦੇ ਵਿਚ ਨਿਰਾਸਤਾ ਆਉਂਦੀ ਹੈ, ਨਫਰਤ ਆਉਂਦੀ ਹੈ, ਸਰੀਰ ਦੇ ਜਿਹੜੇ ਸੈਲ ਨੇ ਉਹ ਨਾਸ ਹੁੰਦੇ ਰਹਿੰਦੇ ਨੇ ਤੇ ਐਸਾ ਭੈੜਾ ਰੰਗ ਹੈ ਕਿ ਸਰੀਰ ਦੇ ਉਤੇ ਵੀ ਅਸਰ ਪਾਉਂਦਾ ਹੈ। ਇਹਦੇ ਮਨ ਦੇ ਉਤੇ ਵੀ ਅਸਰ ਪਾਉਂਦਾ ਹੈ, ਬੁੱਧੀ ਦੇ ਉਤੇ ਵੀ ਅਸਰ ਪਾਉਂਦਾ ਹੈ, ਚਿੱਤ 'ਤੇ ਵੀ ਅਸਰ ਪਾਉਂਦਾ ਹੈ। ਆਦਮੀ ਦਾ ਸਰੀਰ ਜਿਹੜਾ ਹੈ ਇਨ੍ਹਾਂ ਰੰਗਾਂ ਕਰਕੇ ਵਕਤ ਤੋਂ ਪਹਿਲਾਂ ਸਰੀਰ ਬੁੱਢਾ ਹੋ ਜਾਂਦਾ ਹੈ। ਲੇਕਿਨ ਦੂਸਰਾ ਰੰਗ ਕਿਹੜਾ ਹੈ? ਉਨ੍ਹਾਂ ਰੰਗਾਂ ਨੂੰ ਜੇ ਕੈਟਾਗਿਰੀ ਦੇ ਵਿਚ ਲਿਆਂਦਾ ਜਾਵੇ ਤਾਂ ਉਹ ਨਾਮ ਦਾ ਰੰਗ ਹੈ। ਨਾਮ ਦਾ ਰੰਗ ਜੋ ਹੈ ਉਹ ਮਹਿਸੂਸ ਕਿਸ ਚੀਜ਼ ਨਾਲ ਹੁੰਦਾ ਹੈ? ਦੋ ਚੀਜ਼ਾਂ ਹੁੰਦੀਆਂ ਨੇ – ਇਕ ਤਾਂ ਆਦਮੀ ਦੇ ਅੰਦਰ ਹਰ ਵਕਤ ਖੇੜਾ ਰਹਿੰਦਾ ਹੈ, ਜਦੋਂ ਆਦਮੀ ਮੁਰਝਾ ਜਾਵੇ ਤਾਂ ਸਮਝ ਲਓ ਕਿ ਟੁੱਟ ਗਿਆ, ਕੋਈ ਗਲਤੀ ਹੋ ਗਈ ਬੜੀ ਭਾਰੀ, ਮੁਰਝਾਹਟ ਆ ਗਈ, ਸੋਮੇ ਨਾਲੋਂ ਟੁੱਟ ਗਿਆ। ਪ੍ਰਮੇਸ਼ਰ ਤੋਂ ਬੇ-ਵਿਸ਼ਵਾਸ਼ੀ ਹੋ ਗਈ। ਪਿੱਠ ਕਰ ਲਈ ਪ੍ਰਮੇਸ਼ਰ ਵਲ। ਕਿਉਂਕਿ ਉਹ ਪਿਆਰ ਦਾ ਸੋਮਾ ਹੈ ਉਹਦੇ ਵਿਚੋਂ ਨਿਰਾ ਹੀ ਪਿਆਰ ਆਉਂਦਾ ਹੈ –

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ***

ਉਹ ਪਿਆਰ ਦੇ ਸੋਮੇ ਨਾਲੋਂ ਟੁੱਟ ਗਿਆ, ਟੁੱਟਣ ਦੇ ਨਾਲ ਰੰਗ ਫਿੱਕਾ ਪੈ ਗਿਆ। ਚੜ੍ਹਿਆ ਨਹੀਂ ਪੂਰੀ ਤਰ੍ਹਾਂ ਨਾਲ ਅਜੇ। ਜਦੋਂ ਪੂਰੀ ਤਰ੍ਹਾਂ ਚੜ੍ਹ ਗਿਆ – ***'ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ ॥'***

ਭਾਈ ਮਤੀ ਦਾਸ ਜੀ ਨੂੰ ਫਰਦ ਜ਼ੁਰਮ ਲਗ ਗਿਆ ਕਿ ਇਸ ਬੰਦੇ ਨੇ ਇਹ ਗੱਲ ਕਹੀ ਹੈ ਕਿ ਜੇ ਚਾਹਾਂ ਤਾਂ ਮੈਂ ਦਿੱਲੀ ਤੇ ਲਾਹੌਰ ਨੂੰ ਗਰਕ ਕਰ ਦੇਵਾਂ। ਇਹ ਗੱਲ ਜ਼ਰੂਰ ਹੈ ਕਿ ਇਸਦੇ ਮੁਰਸ਼ਦ ਨੇ ਕਿਹਾ ਕਿ ਇਹ ਗੱਲ ਆਪਾਂ ਨਹੀਂ ਕਰਨੀ। ਸੋ ਜਾਣਦੇ ਨੇ ਕਿ ਇਹਨੇ ਹੁਣ ਇਹ ਗੱਲ ਤਾਂ ਕਰਨੀ ਨਹੀਂ ਹੈ। ਇਹਨੂੰ ਸਜ਼ਾ ਦੇ ਦੇਈਏ ਚੰਗੀ ਤਰ੍ਹਾਂ ਨਾਲ। ਕਹਿਣ ਲੱਗੇ, ਇਹਨੂੰ ਲੱਕੜੀਆਂ 'ਚ ਬੰਨ੍ਹ ਕੇ, ਸ਼ਤੀਰਾਂ 'ਚ, ਸਿਰ ਦੇ ਉਤੇ ਆਰਾ ਰੱਖ ਕੇ, ਦੋਹਾਂ ਪਾਸਿਓ ਤੋਂ ਖਿੱਚ ਕੇ ਇਹਨੂੰ, ਦੋ ਹਿੱਸਿਆਂ 'ਚ ਚੀਰ ਦਿਓ। ਸਜ਼ਾ ਮਿਲ ਗਈ। ਸੁਣਾ ਦਿਤੀ ਗਈ, ਰੰਗ ਨਹੀਂ ਲਹਿਆ। ਲਾਲੀ ਚੜ੍ਹੀ ਪਈ ਹੈ। ਉਸ ਤੋਂ ਬਾਅਦ ਫੱਟਿਆਂ 'ਚ ਬੰਨ੍ਹ ਦਿਤਾ ਗਿਆ, ਜਲਾਦ ਨੇ ਕਿਹਾ ਭਾਈ ਮਤੀ ਦਾਸ! ਇਕ ਗੱਲ ਅਸੀਂ ਪੁੱਛਦੇ ਹੁੰਦੇ ਹਾਂ, ਪਹਿਲਾਂ ਉਹ ਇਹ ਹੈ ਕਿ ਮੌਤ ਤੇ ਦੀਨ-ਏ-ਇਸਲਾਮ ਇਹ ਦੋਵੇਂ ਤੁਲਨਾ 'ਚ ਨੇ। ਜੇ ਤੂੰ ਦੀਨ ਵਿਚ ਆ ਜਾਵੇਂ ਤੈਨੂੰ ਜੀਉਣ

ਦੀ ਗਾਰੰਟੀ ਦੇ ਦਿਤੀ ਜਾਵੇਗੀ ਤੇ ਨਹੀਂ ਤਾਂ ਫੇਰ ਸਜ਼ਾ-ਏ-ਮੌਤ ਹੈ ਹੀ। ਦੋਹਾਂ 'ਚੋਂ ਚੁਣ ਲੈ।

ਕਹਿਣ ਲੱਗੇ, ਜਲਾਦ! ਇਸ ਵੇਲੇ ਮੈਂ ਕੀ ਚੁਣਨਾ ਹੈ, ਜਿਹਨੂੰ ਤੁਸੀਂ ਮੌਤ ਕਹਿੰਦੇ ਓਂ, ਇਹ ਮੇਰੇ ਵਾਸਤੇ ਮੌਤ ਨਹੀਂ ਹੈ, ਅਸੀਂ ਮੌਤ ਤੋਂ ਜਿੱਥੇ ਅੱਗੇ ਦਾ ਚੱਕਰ ਸ਼ੁਰੂ ਹੁੰਦਾ ਹੈ, ਕਾਲ ਤੋਂ ਉਤੇ, ਉਥੋਂ ਸਾਡਾ ਜੀਵਨ ਸ਼ੁਰੂ ਹੋਇਆ ਕਰਦਾ ਹੈ। ਮੌਤ ਨੂੰ ਅਸੀਂ ਪਾਰ ਕਰ ਗਏ ਹਾਂ ਜਿਉਂਦੇ-ਜਿਉਂਦੇ। ਮੌਤ ਹਉਮੈ ਨੂੰ ਹੋਇਆ ਕਰਦੀ ਹੈ -

***ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ ॥***
***ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ ॥***

***ਅੰਗ - 999***

ਸੋ ਇਹ ਤਾਂ ਕੋਈ ਗੱਲ ਨਹੀਂ ਹੈ ਜਿਹੜੀ ਤੂੰ ਕਹਿੰਦਾ ਹੈਂ।

ਜਲਾਦ ਕਹਿਣ ਲੱਗਿਆ ਕਿ ਦੂਸਰਾ ਇਹ ਹੈ ਕਿ ਤੇਰੀ ਕੋਈ ਅੰਤਮ ਇੱਛਿਆ ਹੋਵੇ, ਖਾਣ ਪੀਣ ਤੋਂ ਰਹਿ ਗਿਆ ਹੋਵੇਂ, ਕੋਈ ਹੋਰ ਇੱਛਿਆ ਹੋਵੇ, ਉਹ ਜੇ ਮੈਂ ਤੈਨੂੰ ਦੱਸਾਂ ਤਾਂ ਤੈਨੂੰ ਫੱਟਿਆਂ 'ਚ ਬੰਨ੍ਹਣ ਤੋਂ ਪਹਿਲਾਂ, ਮੈਂ ਉਹ ਪੂਰੀ ਕਰਨ ਦੀ ਕੋਸ਼ਿਸ਼ ਕਰਾਂ।

ਕਾਜ਼ੀ ਖੜ੍ਹਾ ਹੈ, ਫਤਵਾ ਲਾਉਣ ਵਾਲਾ। ਉਹ ਕਹਿਣ ਲੱਗੇ, ਹੋਰ ਤਾਂ ਮੈਨੂੰ ਕੋਈ ਇੱਛਿਆ ਨਹੀਂ ਹੈ, ਇੱਕ ਇਛਿਆ ਹੈ ਮੇਰੇ ਮਨ ਦੇ ਅੰਦਰ ਕਿ ਤੁਸੀਂ ਮੇਰੀ ਪਿੱਠ ਗੁਰੂ ਵੱਲ ਨਾ ਕਰੋ, ਮੇਰਾ ਚਿਹਰਾ ਓਧਰ ਕਰ ਦਿਓ। ਕਹਿਣ ਲੱਗਿਆ, ਭਾਈ ਮਤੀ ਦਾਸ! ਚਿਹਰਾ ਤਾਂ ਅਸੀਂ ਕਰ ਦਿੰਦੇ ਹਾਂ, ਪਰ ਇਕ ਗੱਲ ਸਮਝ 'ਚ ਨਹੀਂ ਆਈ ਕਿ ਤੇਰੇ ਚਿਹਰੇ ਦੇ ਉਤੇ ਪਿਲੱਤਣ ਕਿਉਂ ਨਹੀਂ ਛਾਈ? ਤੇਰਾ ਚਿਹਰਾ ਲਾਲ ਕਿਉਂ ਹੈ? ਐਨਾ ਲਾਲ ਤਾਂ ਜੇ ਰੰਗ ਲਾਈਏ ਤਾਂ ਵੀ ਨਹੀਂ ਹੁੰਦਾ, ਤੂੰ ਤਾਂ ਇਸ ਤਰ੍ਹਾਂ ਲਾਲ ਹੋ ਗਿਆ ਜਿਵੇਂ ਕੋਈ ਵਿਆਹ ਕਰਾਉਣ ਜਾਂਦਾ ਹੁੰਦਾ ਹੈ, ਜਾਂ ਕੋਈ ਬਹੁਤ ਵੱਡੀ ਉਹਨੂੰ ਕੋਈ ਪ੍ਰਾਪਤੀ ਹੋਈ ਹੁੰਦੀ ਹੈ। ਇਹਦਾ ਕੋਈ ਕਾਰਨ ਹੈ?

ਭਾਈ ਮਤੀ ਦਾਸ ਜੀ ਕਹਿਣ ਲੱਗੇ, ਤੈਨੂੰ ਇਸ ਵੇਲੇ ਕਾਰਨ ਦੀ ਸਮਝ ਨਹੀਂ ਆਉਣੀ ਕਿਉਂਕਿ ਤੁਹਾਡੇ ਲੋਕਾਂ ਨੂੰ ਅਸਲੀ ਜੀਵਨ ਦਾ ਕੋਈ ਗਿਆਨ ਹੀ ਨਹੀਂ ਹੈ। ਤੁਸੀਂ ਜੀਵਨ ਇਸੇ ਨੂੰ ਕਹਿੰਦੇ ਓਂ ਕਿ ਆਹ ਸਰੀਰ ਰੋਟੀ ਪਾਣੀ ਖਾ ਕੇ, ਜਿਉਂਦਾ ਰਹੇ, ਸਾਹ ਲੈਂਦਾ ਰਹੇ। ਅਸੀਂ ਇਸ ਨੂੰ ਜੀਵਨ ਨਹੀਂ ਕਹਿੰਦੇ। ਸਾਡੀ ਤੇ ਤੁਹਾਡੀ ਸਮਝ ਵਿਚ ਫਰਕ ਹੈ।

ਕਹਿੰਦਾ, "ਇਸ ਨੂੰ ਕੀ ਕਹਿੰਦੇ ਓਂ?"

ਕਹਿੰਦੇ, "ਜਿਹੜਾ ਜੀਵਨ ਰੰਗ ਤੋਂ ਖਾਲੀ ਹੈ, ਪਿਆਰ ਤੋਂ ਖਾਲੀ ਹੈ, ਉਹ ਸਾਡੇ ਵਾਸਤੇ ਜੀਵਨ ਨਹੀਂ, ਭਾਵੇਂ ਉਹ ਬਾਦਸ਼ਾਹ ਹੋਵੇ। ਚਾਹੇ

ਸਾਰੀ ਦੁਨੀਆਂ ਤੋਂ ਵੱਧ ਅਮੀਰ ਹੋਵੇ, ਸਾਰੀ ਦੁਨੀਆਂ ਤੋਂ ਵੱਧ ਸੁੰਦਰਤਾ ਉਹਦੇ ਕੋਲ ਹੋਵੇ, ਸਾਰੀ ਦੁਨੀਆਂ ਤੋਂ ਵੱਧ ਚਤੁਰ ਹੋਵੇ। ਬਹੁਤ ਵੱਡੀ ਕੁਲ ਨਾਲ ਸਬੰਧ ਰੱਖਣ ਵਾਲਾ ਹੋਵੇ ਪਰ ਪਿਆਰਿਆ! ਅਸੀਂ ਉਹਨੂੰ ਜੀਉਂਦਾ ਨਹੀਂ ਕਹਿੰਦੇ, ਜਦੋਂ ਤੱਕ ਜੀਵਨ ਉਹਦੇ ਅੰਦਰ ਨਹੀਂ ਪ੍ਰਵੇਸ਼ ਕੀਤਾ, ਜਦੋਂ ਤੱਕ ਉਹਨੂੰ ਲਾਲ ਰੰਗ ਨਹੀਂ ਲੱਗਿਆ। ਓਨੀਂ ਦੇਰ ਤੱਕ ਅਸੀਂ ਜੀਵਨ ਨਹੀਂ ਕਹਿੰਦੇ। ਉਸ ਵੇਲੇ ਤੱਕ ਉਹ ਜਿਹੜਾ ਜੀਵਨ ਹੈ, ਉਸਨੂੰ ਅਸੀਂ ਮੁਰਦਾ ਹੀ ਕਹਿੰਦੇ ਹਾਂ -

***ਧਾਰਨਾ - ਮਿਰਤਕ ਕਹੀਏ ਨਾਨਕਾ,ਜਿਹ ਪ੍ਰੀਤ ਨਹੀਂ ਭਗਵੰਤ।***

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***

***ਅੰਗ - 253***

ਪੰਜ ਸਿਫਤਾਂ ਅਤੀ ਉੱਤਮ ਦੀਆਂ, ਜੇ ਸਾਰੀਆਂ ਦੀਆਂ ਸਾਰੀਆਂ ਇੱਕੋ ਬੰਦੇ ਵਿਚ ਹੋਣ। ਸੰਸਾਰ 'ਚ ਐਸਾ ਕੋਈ ਬੰਦਾ ਨਹੀਂ ਜਿਹਦੇ 'ਚ ਇਹ ਪੰਜ ਸਿਫਤਾਂ ਹੋਣ। ਸਭ ਤੋਂ ਸੁੰਦਰ ਹੋਵੇ, ਬਹੁਤ ਉੱਚੀ ਕੁਲ, ਖਾਨਦਾਨ ਨਾਲ ਸਬੰਧ ਰੱਖਣ ਵਾਲਾ ਹੋਵੇ, ਕਿਸੇ ਨੂੰ ਵੀ ਗੱਲ ਦੇ ਵਿਚ ਵਾਰੇ ਨਾ ਆਉਣ ਦੇਵੇ। ਹਰ ਨੁਕਤੇ ਤੋਂ, ਹਰ ਵਿਸ਼ੇ ਦੇ ਉਤੇ ਗੱਲ ਕਰ ਸਕਦਾ ਹੋਵੇ ਤੇ ਮੂੰਹ ਦੇ ਗਿਆਨ ਦੇ ਨਾਲ ਦੂਸਰਿਆਂ 'ਤੇ ਪ੍ਰਭਾਵ ਪਾ ਸਕੇ ਕਿ ਇਹ ਤਾਂ ਬਹੁਤ ਵੱਡਾ ਵਿਦਵਾਨ, ਗਿਆਨਵਾਨ ਪੁਰਸ਼ ਹੈ, ਧਨ ਉਸ ਕੋਲ ਐਨਾ ਹੋਵੇ ਕਿ ਕਿਸੇ ਕੋਲ ਹੋਵੇ ਹੀ ਨਾ। ਸੰਸਾਰ ਵਾਸਤੇ ਤਾਂ ਉਹ ਬੰਦਾ ਅਲੌਕਿਕ ਹੈ, ਉਹ ਬੜਾ ਅਜੀਬ ਬੰਦਾ ਹੈ, ਗਿਣਿਆ ਜਾਏਗਾ, ਉੱਚੇ ਬੰਦਿਆਂ ਦੇ ਵਿਚ ਪਰ ਜਦੋਂ ਰੂਹਾਨੀਅਤ ਦੀ ਕਸਵੱਟੀ ਦੇ ਨਾਲ ਨਾਪੀਏ ਤਾਂ ਮਹਾਰਾਜ ਕਹਿੰਦੇ, ਕੁਛ ਵੀ ਨਹੀਂ ਹੈ। ਉਹ ਤਾਂ ਇਕ ਮਿਰਤਕ ਸਰੀਰ ਹੈ। ***'ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥'*** ਕਿਉਂਕਿ ਜਿਸਦੇ ਅੰਦਰ ਪਿਆਰ ਦੀ ਰੌ ਨਹੀਂ ਰੁਮਕਦੀ, ਉਹਨੂੰ ਕਹਿੰਦੇ ਜਿਉਂਦਿਆਂ ਵਿਚ ਨਾ ਗਿਣੋ, ਉਹਦੀ ਤਾਂ ਰਸਾਇਣਕ ਜੀਵਨ ਹੈ। ਰੋਟੀ ਖਾ ਲਈ, ਦਾਲਾਂ ਖਾ ਲਈਆਂ, ਸਬਜ਼ੀਆਂ ਖਾ ਲਈਆਂ, ਸਵੇਰੇ ਉੱਠ ਕੇ ਨਹਾ ਲਿਆ, ਫਿਰਿਆ-ਤੁਰਿਆ, ਕਾਰੋਬਾਰ ਕਰ ਲਿਆ, ਮੁੜ ਕੇ ਫੇਰ ਸੌਂ ਗਿਆ। ਉਹਨੂੰ ਨਹੀਂ ਪਤਾ ਕਿ ਰੂਹਾਨੀ ਜ਼ਿੰਦਗੀ ਕੀ ਹੁੰਦੀ ਹੈ, ਪਿਆਰ ਵਾਲੀ ਜ਼ਿੰਦਗੀ ਕੀ ਹੁੰਦੀ ਹੈ। ਕਿਉਂਕਿ ਉਸ ਨੂੰ ਰੰਗ ਨਹੀਂ ਲੱਗਿਆ ਅਜੇ। ਰੰਗ ਚੜ੍ਹਿਆ ਨਹੀਂ ਹੈ। ਵੱਡਿਆਂ ਭਾਗਾਂ ਵਾਲਾ ਹੁੰਦਾ ਹੈ - *'ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥'* ਜਿਸਨੂੰ ਲਾਲ ਰੰਗ ਲਗ ਜਾਵੇ, ਪਿਆਰ ਅੰਦਰ ਪੈਦਾ ਹੋ ਜਾਵੇ।

ਕਹਿਣ ਲੱਗੇ, ਪਿਆਰਿਆ! ਇਹ ਤੇਰੀ ਸਮਝ 'ਚ ਆਉਣ ਵਾਲੀਆਂ ਗੱਲਾਂ ਨਹੀਂ ਹਨ। ਤੁਹਾਡੀ ਬੁੱਧ ਮੋਟੀ ਹੁੰਦੀ ਹੈ। ਤੁਹਾਡੀ ਜੋ ਬਰਾਬਰੀ ਹੈ ਉਹ ਮਨੁੱਖਾਂ ਦੇ ਵੀ ਬਰਾਬਰ ਨਹੀਂ, ਇਹ ਤਾਂ ਪਸ਼ੂਆਂ ਤੋਂ ਵੀ ਹੇਠਾਂ

ਹੈ –

***ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***
***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***

***ਅੰਗ – 1356***

ਜਿਸਨੂੰ ਜੀਵਨ ਦੀ ਸੋਝੀ ਦਾ ਮੰਤਰ ਹੀ ਨਹੀਂ ਮਿਲਿਆ ਗੁਰੂ ਤੋਂ, ਕਹਿੰਦੇ ਉਹ ਦੇਖਣ ਨੂੰ ਤਾਂ ਲਗਦਾ ਹੈ ਬੰਦਾ, ਲੇਕਿਨ ਪਸ਼ੂਆਂ ਤੋਂ ਵੱਧ ਉਹਦੀ ਬੁੱਧੀ ਦੀ ਸੁਰਤ ਨਹੀਂ ਹੈ। ਪਸ਼ੂ 25% ਤੋਂ ਲੈ ਕੇ 50% ਤੱਕ ਵੱਖਰੀ-ਵੱਖਰੀ ਸੁਰਤ, ਵੱਖਰੇ-ਵੱਖਰੇ ਪਸ਼ੂਆਂ ਦੀ ਹੈ। ਮਨੁੱਖ ਦੀ ਸੁਰਤ 50% ਤੋਂ ਉਤੇ ਸ਼ੁਰੂ ਹੁੰਦੀ ਹੈ। ਬ੍ਰਹਮਗਿਆਨੀਆਂ ਦੀ ਸੁਰਤ 75% ਤੋਂ ਸ਼ੁਰੂ ਹੋ ਕੇ 100% ਤੱਕ ਹੁੰਦੀ ਹੈ। ਪੂਰਨ ਹੁੰਦਾ ਹੈ ਉਹ, ਪੂਰੀ ਸੁਰਤ ਵਾਲਾ, ਪੂਰੀ ਹੋਸ਼ ਵਾਲਾ। ਤਿੰਨਾਂ ਹੀ ਲੋਕਾਂ ਦੀਆਂ ਬਾਤਾਂ ਜਾਨਣ ਵਾਲਾ, ਭੂਤ, ਭਵਿੱਖਤ, ਵਰਤਮਾਨ ਨੂੰ ਜਾਨਣ ਵਾਲਾ। ਕੀ ਹੋਣਾ ਹੈ, ਕਿਉਂ ਹੋਣਾ ਹੈ, ਕਦੋਂ ਹੋਣਾ ਹੈ, ਕਿਉਂ ਹੋਇਆ, ਕਦੋਂ ਹੋਇਆ। ਸਭ ਕੁਛ ਜਾਣਦਾ ਹੁੰਦਾ ਹੈ। ਸੁਰਤ 'ਚ ਫਰਕ ਹੈ। ਸੋ ਕਹਿੰਦੇ, ਪੂਰੀ ਸੁਰਤ ਨਹੀਂ ਹੁੰਦੀ ਉਨ੍ਹਾਂ ਦੀ। ਮਨੁੱਖਾਂ ਵਾਲੀ ਵੀ ਸੁਰਤ ਨਹੀਂ ਹੁੰਦੀ। ਮਨੁੱਖ ਦੀ ਸੁਰਤ ਤੋਂ ਵੀ ਹੇਠਾਂ ਹੁੰਦੇ ਨੇ, ਪਸ਼ੂਆਂ ਵਰਗੇ। ਕੁੱਤੇ, ਬਿੱਲੇ, ਸੂਰ, ਸੱਪ, ਗਧੇ, ਕਾਵਾਂ ਵਰਗੀ ਸੁਰਤ ਹੋਇਆ ਕਰਦੀ ਹੈ –

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***

***ਅੰਗ – 251***

ਆ ਤਾਂ ਗਏ, ਮਨੁੱਖਾਂ ਵਰਗਾ ਸਰੀਰ ਹੈ। ਲੇਕਿਨ ਹੈ ਪਸ਼ੂ ਪੱਧਰ ਦੇ ਤੇ ਕਹਿਣ ਲੱਗੇ, ਪਿਆਰਿਆ! ਜੇ ਸੁਰਤ ਅੰਦਰ ਜਾਗ ਪਵੇ, ਰੰਗ ਲਗ ਜਾਵੇ ਪਿਆਰ ਦਾ, ਫੇਰ ਇਹ ਖਾਲੀ ਨਹੀਂ ਹੋਇਆ ਕਰਦਾ। ਇਹਦੇ ਅੰਦਰ ਇਕ ਰਸ ਹੋਇਆ ਕਰਦਾ ਹੈ, ਇਕ ਖਿੱਚ ਹੁੰਦੀ ਹੈ। ਪਿਆਰ ਵਾਲੇ ਨੂੰ ਕਿਸੇ ਨੂੰ ਦੇਖ ਲਓ, ਅੰਦਰ ਖਿੱਚ ਹੋਏਗੀ, ਰਸ ਹੋਏਗਾ। ਉਹਦੇ ਜੀਵਨ ਦੇ ਅੰਦਰ ਖੇੜਾ ਹੋਏਗਾ। ਪਿਆਰ ਤੋਂ ਹੀਣਾ ਜੋ ਹੈ ਉਹ ਮੁਰਝਾ ਜਾਏਗਾ। ਕਿੰਨੀਆਂ ਹੀ ਕਿਤਾਬਾਂ ਪੜ੍ਹੀ ਜਾਵੇ, ਕਿੰਨੇ ਹੀ ਵਿਟਾਮਿਨ ਖਾਈ ਜਾਵੇ, ਕਿੰਨੇ ਹੀ ਸੈਰ-ਸਪਾਟੇ ਕਰੀ ਜਾਵੇ, ਕਿੰਨਾ ਹੀ ਲੋਕਾਂ ਨਾਲ ਮਿਲੀ ਜਾਵੇ, ਉਹ ਵਕਤੀ ਅਸਰ ਹੈ, ਉਸ ਤੋਂ ਬਾਅਦ ਫੇਰ ਮੁਰਝਾ ਕੇ ਥੱਲੇ ਗਿਰ ਜਾਏਗਾ। ਸਿਰਫ ਜਿਹੜੇ ਜਾਗੀ ਹੋਈ ਸੁਰਤ ਵਾਲੇ ਨੇ ਜਿਨ੍ਹਾਂ ਨੂੰ ਰੰਗ ਲੱਗਿਆ ਹੋਇਆ ਹੈ, ਉਨ੍ਹਾਂ ਨੂੰ ਪਿਆਰ ਦਾ ਰਸ ਹਰ ਵਕਤ ਚੜ੍ਹਿਆ ਰਹਿੰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ, ਨਾਮ ਖੁਮਾਰੀ-ਨਾਮ ਖੁਮਾਰੀ।***

***ਪੋਸਤ ਮਦ ਅਫੀਮ ਭੰਗ ਉਤਰ ਜਾਇ ਪਰਭਾਤਿ।***

*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ। ਜਨਮਸਾਖੀ*

ਖੁਮਾਰੀ ਦਾ ਜੋ ਰੰਗ ਹੈ ਲਾਲ ਰੰਗ, ਪਿਆਰ ਦਾ ਰੰਗ, ਕਹਿੰਦੇ ਉਹ ਨਹੀਂ ਉਤਰਿਆ ਕਰਦਾ। ਆਰੇ ਦੇ ਨਾਲ ਦੋ ਫਾੜ ਕਰ ਦਿਤੇ ਭਾਈ ਮਤੀ ਦਾਸ ਜੀ ਦੇ, ਨਹੀਂ ਰੰਗ ਉਤਰਿਆ, ਦੇਗਾਂ ਦੇ ਵਿਚ ਭਾਈ ਦਿਆਲਾ ਜੀ ਨੂੰ ਉਬਾਲੇ ਦੇ ਦਿਤੇ, ਨਹੀਂ ਰੰਗ ਉਤਰਿਆ। ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟ ਦਿਤਾ, ਰੰਗ ਨਹੀਂ ਉਤਰਿਆ, ਭਾਈ ਤਾਰੂ ਸਿੰਘ ਜੀ ਦੀ ਖੋਪਰੀ ਲਾਹ ਦਿਤੀ, ਨਹੀਂ ਰੰਗ ਉਤਰਿਆ। ਇਹ ਜੋ ਰੰਗ ਹੈ ਦੂਸਰੇ ਰੰਗਾਂ ਨਾਲੋਂ ਸ੍ਰੇਸ਼ਟ ਹੈ, ਇਕ ਵਾਰੀ ਚੜ੍ਹ ਗਿਆ ਤੇ ਮੁੜ ਨਹੀਂ ਉਤਰਦਾ, ਨਾਲ ਨਿਰਮਲ ਹੈ, ਚਮਕਦਾ ਹੈ, ਨਾਲ ਖੁਮਾਰੀ ਦਿੰਦਾ ਹੈ। ਬਾਹਰ ਦੇ ਰੰਗ ਨੂੰ ਅਸੀਂ ਰੱਖ ਨਹੀਂ ਸਕਦੇ। ਸਰੀਰ 'ਤੇ ਗਿਰ ਗਿਆ ਖੁਜਲੀ ਹੋਏਗੀ। ਨਾਹੁਣਾ ਪਵੇਗਾ, ਕੱਪੜਿਆਂ 'ਤੇ ਗਿਰ ਗਿਆ, ਫਟਾਫਟ ਕੱਪੜੇ ਧੋਵਾਂਗੇ। ਲੇਕਿਨ ਪਵਿੱਤਰ ਰੰਗ ਜੋ ਹੈ ਮਹਾਰਾਜ ਕਹਿੰਦੇ ਪਿਆਰਿਓ -

*ਹੋਲੀ ਕੀਨੀ ਸੰਤ ਸੇਵ ॥* *ਅੰਗ - 1180*

ਸਾਧੂਆਂ ਦੀ ਸੇਵਾ ਕਰਕੇ, ਹਰੀ ਦਾ ਜਸ ਕਰਕੇ ਜੋ ਹੋਲੀ ਮਨਾਉਂਦਾ ਹੈ, ਉਹ ਪਰਮ ਪਵਿੱਤਰ ਤਿਉਹਾਰ ਤੋਂ ਵਿਸ਼ੇਸ਼ ਲਾਭ ਪ੍ਰਾਪਤ ਕਰਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਹੋਲੇ ਦਾ ਤਿਉਹਾਰ ਆਪ ਸਾਰੇ ਗੁਰੂ ਘਰ ਦੇ ਅੰਦਰ ਕੀਰਤਨ ਕਥਾ ਦੇ ਰੂਪ ਵਿਚ ਇਕੱਠੇ ਹੋ ਕੇ ਮਨਾਇਆ ਜਾਂਦਾ ਹੈ। ਸੋ ਆਪ ਸਾਰੇ ਥਾਂ-ਥਾਂ ਤੋਂ ਗੁਰੂ ਦਰਬਾਰ 'ਚ ਪਹੁੰਚੇ ਓਂ। ਵਿਚਾਰ ਇਹ ਹੈ ਕਿ ਇਹ ਰੰਗ ਲੱਗੇ ਕਿਵੇਂ? ਕੋਈ ਤਰੀਕਾ ਹੈ ਜਿਹਦੇ ਨਾਲ ਇਹ ਰੰਗ ਲਗ ਜਾਵੇ ਤੇ ਚੜ੍ਹਦੀ ਕਲਾ ਦੀ ਅਵਸਥਾ ਪ੍ਰਾਪਤ ਹੋ ਜਾਵੇ, ਸੋਝੀ ਵਾਲਾ ਜੀਵਨ ਪ੍ਰਾਪਤ ਹੋ ਜਾਵੇ। ਸੋ ਇਹ ਜੇ ਵਿਚਾਰ ਸਾਡੀ ਸਮਝ ਵਿਚ ਆ ਜਾਵੇ, ਸਾਡੇ ਲੱਖਾਂ ਹੀ ਦੁੱਖ ਇਕ ਦਮ ਟੁੱਟ ਸਕਦੇ ਹਨ, ਪਰੇਸ਼ਾਨੀਆਂ ਹਟ ਸਕਦੀਆਂ ਨੇ, ਜੀਵਨ ਕੀ ਹੈ? ਵੱਖਰੇ-ਵੱਖਰੇ ਭਾਵ ਨੇ ਜੀਵਨ ਦੇ, ਕਿਸੇ ਨੂੰ ਇਹ ਜੀਵਨ ਮਹਾਨ ਉੱਚਾ-ਸੁੱਚਾ ਤੇ ਰਸ ਭਰਿਆ ਲਗਦਾ ਹੈ। ਕਿਸੇ ਦਾ ਇਹ ਖਿਆਲ ਹੈ ਕਿ ਭਾਈ, ਜੀਵਨ ਦੀ ਬਾਤ ਨਾ ਕਰੋ। ਉਹ ਜੀਵਨ ਦੇ ਬਾਰੇ ਤਾਂ ਗੁਰੂ ਨਾਨਕ ਸਾਹਿਬ ਪਹਿਲਾਂ ਹੀ ਦਸ ਗਏ ਨੇ -

*ਧਾਰਨਾ - ਦੁਖੀਆ ਸਭ ਸੰਸਾਰ,*
*ਨਾਨਕ ਦੁਖੀਆ-ਨਾਨਕ ਦੁਖੀਆ।*

ਜਿੰਨੀਆਂ ਵੀ ਵੱਡੀਆਂ ਹਸਤੀਆਂ, ਮਸ਼ਹੂਰ ਹਸਤੀਆਂ ਭਾਰਤ ਵਰਸ਼ ਵਿਚ ਹੋਈਆਂ, ਚਾਹੇ ਕੋਈ ਹਿੰਦੂ ਹੈ ਮੁਸਲਮਾਨ ਹੈ, ਗੁਰੂ ਮਹਾਰਾਜ ਨੇ ਸਭ ਦਾ ਜ਼ਿਕਰ ਕਰਕੇ ਸਵਰਗ ਦੇ ਰਾਜੇ ਇੰਦਰ ਤੋਂ ਸ਼ੁਰੂ ਕਰਕੇ ਪਰਸਰਾਮ ਵਰਗੇ ਰਿਸ਼ੀ, ਸ੍ਰੀ ਰਾਮ ਚੰਦਰ ਜੀ, ਪਾਂਡਵਾਂ ਦਾ, ਰਾਵਣ ਦਾ, ਜਨਮੇਜੇ ਦਾ, ਭਰਥਰੀ, ਗੋਪੀ ਚੰਦ, ਰਾਜਿਆਂ ਦਾ, ਪੀਰਾਂ ਦਾ ਸਾਰਿਆਂ ਦਾ ਜ਼ਿਕਰ ਕਰਕੇ ਗੁਰੂ ਮਹਾਰਾਜ ਕਹਿੰਦੇ -

***ਬਾਲੀ ਰੋਵੈ ਨਾਹਿ ਭਤਾਰੁ ॥ ਨਾਨਕ ਦੁਖੀਆ ਸਭੁ ਸੰਸਾਰੁ ॥***
***ਅੰਗ - 954***

ਹੁਣ ਇਹਦੇ ਵਿਚ ਇਕ ਬੜੀ ਭਾਰੀ ਸਮੱਸਿਆ ਸਾਡੇ ਸਾਮ੍ਹਣੇ ਆ ਗਈ ਕਿ ਦੁੱਖਾਂ ਦੇ ਸੰਸਾਰ ਵਿਚ ਕੀ ਲੈਣਾ ਹੈ ਜਿਉਂ ਕੇ? ਕੋਈ ਥਾਂ ਐਹੋ ਜਿਹਾ ਹੈ ਜਿੱਥੇ ਸੁੱਖ ਵੀ ਮਿਲ ਜਾਵੇ, ਇਹ ਤਾਂ ਮਹਾਰਾਜ ਨੇ ਢਹਿੰਦੀ ਕਲਾ ਦੀ ਗੱਲ ਕਰ ਦਿਤੀ। ਸੰਸਾਰ ਨੂੰ ਢਹਿੰਦੀ ਕਲਾ ਵਿਚ ਲੈ ਗਏ ਮਹਾਰਾਜ। ਜਿਨ੍ਹਾਂ ਨੂੰ ਨਹੀਂ ਸੋਝੀ ਉਹ ਆਹੀ ਗੱਲ ਕਹਿਣਗੇ ਜਿਹੜੀ ਮੈਂ ਕਹਿੰਦਾ ਹਾਂ। ਜਿਨ੍ਹਾਂ ਨੂੰ ਅਸੀਂ ਬੁੱਧੀਜੀਵੀ ਕਹਿੰਦੇ ਹਾਂ, ਬੜਾ ਉਨ੍ਹਾਂ ਦਾ ਮਾਣ ਹੈ। ਪਰ ਉਹ ਬੁੱਧੀ ਦੀ ਹੱਦ ਤਕ ਨੇ, ਉਸ ਤੋਂ ਅਗਾਂਹਾਂ ਦਾ ਨਹੀਂ ਉਨ੍ਹਾਂ ਨੂੰ ਪਤਾ ਕਿ ਬੁੱਧ ਤੋਂ ਉਤੇ ਹੋਰ ਕੀ ਹੁੰਦਾ ਹੈ -

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***
***ਬੁਧਿ ਬਦਲੀ ਸਿਧਿ ਪਾਈ ॥*** ***ਅੰਗ - 339***
***ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥***
***ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥*** ***ਅੰਗ - 8***

ਆਦਮੀ ਦੇ ਅੰਦਰ ਐਸੀ ਸ੍ਰੇਸ਼ਟ ਮਤ ਵੀ ਹੈ ਜਿਸਦੇ ਅੰਦਰ ਬੁੱਧੀਆਂ ਬਿਲਕੁਲ ਨਿਰਜਿੰਦ ਪ੍ਰਤੀਤ ਦਿੰਦੀਆਂ ਹਨ। ਸੋ ਜੋ ਨਿਰਜਿੰਦ ਦੀ ਹੱਦ ਵਿਚ ਰਹਿ ਕੇ ਲਿਖਦਾ ਹੈ ਉਹਦੇ ਬਚਨ ਵੀ ਨਿਰਜਿੰਦ ਵਾਲੇ ਨੇ, ਚੜ੍ਹਦੀ ਕਲਾ ਨਹੀਂ ਹੋ ਸਕਦੇ ਉਹਦੇ ਬਚਨਾਂ 'ਚ। ਸੋ ਮਹਾਰਾਜ ਨੇ ਇਕ ਜ਼ਿੰਦਗੀ ਦਾ ਪੱਖ ਦਰਸਾ ਕੇ ਬਚਨ ਕਿਹਾ ਕਿ ਜੇ ਆਹ ਜ਼ਿੰਦਗੀ ਦੀ ਲਾਈਨ ਤੁਰੀ ਆਉਂਦੀ ਹੈ, ਭੋਗਾਂ ਦੀਆਂ ਪ੍ਰਾਪਤੀਆਂ ਦੀ - ***'ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥ '*** ਇੰਦਰ ਕੋਲ ਕੀ ਘਾਟਾ ਸੀ ਮਾਇਕ ਪਦਾਰਥਾਂ ਦਾ। ਐਸਾ ਮਤ ਦਾ ਰਿਸ਼ੀਆਂ ਮੁਨੀਆਂ ਦਾ ਕਿ ਸੰਸਾਰ ਦੇ ਬਾਦਸ਼ਾਹ ਨਾਲੋਂ 10 ਅਰਬ ਗੁਣਾਂ ਜ਼ਿਆਦਾ ਸੁਖ ਇੰਦਰ ਲੋਕ 'ਚ ਹੋਇਆ ਕਰਦਾ ਹੈ। ਪਾਰਜਾਤ ਵਰਗਾ ਬਿਰਖ ਉਹਦੇ ਬਾਗ ਵਿਚ ਹੈ, ਜਿਸਨੂੰ ਨੰਦਨ ਬਾਗ ਕਹਿੰਦੇ ਨੇ। ਕਾਮਧੇਨ ਵਰਗੀ ਗਊ ਜਿਸਦੇ ਕੋਲ ਖੜ੍ਹ ਕੇ ਕੋਈ ਚੀਜ਼ ਮੰਗ ਲਓ ਉਸੇ ਵੇਲੇ ਮਿਲ ਜਾਂਦੀ ਹੈ ਤੇ ਪਾਰਜਾਤੁ ਰੁਖ ਦੇ sphere (ਘੇਰੇ) 'ਚ ਜਾ ਕੇ ਜੋ ਹਜ਼ਾਰਾਂ ਹੀ ਮੀਲਾਂ ਦਾ ਹੈ, ਕੋਈ ਗੱਲ ਕਹਿ ਦਿਓ ਕਿ ਇਸ ਤਰ੍ਹਾਂ ਚਾਹੀਦਾ ਹੈ, ਉਸੇ ਵੇਲੇ ਹੋ ਜਾਏਗਾ। ਐਸਾ ਬ੍ਰਿਛ ਕਿਸੇ ਕੋਲ ਹੋਵੇ ਉਹ ਤਾਂ ਜੋ ਮੰਗੇ ਮਿਲ ਜਾਂਦਾ ਹੈ। ਫੇਰ ਕਾਮਧੇਨ ਗਊ ਹੋਵੇ, ਚਿੰਤਾਮਨ ਵੱਟੀ ਹੋਵੇ। ਫੇਰ ਉਹਦੇ ਦੁਖ ਦਾ ਸਵਾਲ ਕੀ ਹੈ? ਉਹ ਕਿਉਂ ਦੁਖੀ ਹੈ? ਕਿਉਂਕਿ ਉਹਨੂੰ ਇਕ ਢੰਗ ਨਹੀਂ ਆਇਆ, ਉਹਨੇ ਮਨ ਵਸੀਕਾਰ ਨਹੀਂ ਕਰਿਆ। ਸੋ ਇਥੋਂ ਫੇਰ ਇਹ ਲਗਦਾ ਹੈ ਕਿ ਜੇ ਮਨ ਵਸੀਕਾਰ ਨਾ ਹੋਵੇ, ਦੁਨੀਆਂ ਦੀ ਕੋਈ ਪ੍ਰਾਪਤੀ ਹੋਵੇ, ਆਦਮੀ ਸੁਖ 'ਚ ਨਹੀਂ ਜਾ ਸਕਿਆ ਕਰਦਾ।

***ਪਰਸ ਰਾਮੁ ਰੋਵੈ ਘਰਿ ਆਇਆ ॥***

*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥*
*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥*
*ਰੋਵਹਿ ਪਾਂਡਵ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥*
*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥*
*ਰੋਵਹਿ ਰਾਜੇ ਕੰਨ ਪੜਾਇ ॥*
*ਘਰਿ ਘਰਿ ਮਾਗਹਿ ਭੀਖਿਆ ਜਾਇ ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥*
*ਪੰਡਿਤ ਰੋਵਹਿ ਗਿਆਨੁ ਗਵਾਇ ॥*
*ਬਾਲੀ ਰੋਵੈ ਨਾਹਿ ਭਤਾਰੁ ॥*
*ਨਾਨਕ ਦੁਖੀਆ ਸਭੁ ਸੰਸਾਰੁ ॥* **ਅੰਗ - 954**

ਇਹ ਤਾਂ ਬੜੀ ਗਲਤ ਗੱਲ ਹੋ ਗਈ। ਇਕ ਲਾਈਨ ਗੁਰੂ ਮਹਾਰਾਜ ਨੇ ਦਸ ਦਿਤੀ ਕਿ ਆਹ ਜਿਹੜੀ ਲਾਈਨ ਤੁਰੀ ਆ ਰਹੀ ਹੈ ਇਹਦੇ ਵਿਚ ਕੋਈ ਵੀ ਬੰਦਾ, ਚਾਹੇ ਕਿੰਨੀਆਂ ਹੀ ਪ੍ਰਾਪਤੀਆਂ ਕਰਨ ਵਾਲਾ ਹੈ, ਉਹ ਜ਼ਰੂਰ ਦੁਖੀ ਹੋਵੇਗਾ। ਦੂਸਰੀ ਲਾਈਨ ਕੀ ਹੈ ਮਹਾਰਾਜ ਕਹਿੰਦੇ, ਤੁਸੀਂ ਨਿਰਾਸ਼ਾਵਾਦ 'ਚ ਨਾ ਆਓ। ਦੇਖਿਓ ਕਿਤੇ ਮੇਰੇ ਬਚਨ ਨੂੰ ਇਹ ਕਹਿ ਲਓਂ ਕਿ ਢਹਿੰਦੀ ਕਲਾ ਦਾ ਬਚਨ ਕਰ ਦਿਤਾ। ਮੈਂ ਤਾਂ ਇਕ ਤਸਵੀਰ ਰੱਖੀ ਹੈ ਉਨ੍ਹਾਂ ਬੰਦਿਆਂ ਦੀ ਜਿਹੜੇ ਸੁਖ ਮੰਗਦੇ ਨੇ ਲੇਕਿਨ ਰਾਈ ਜਿੰਨਾ ਸੁਖ ਮੰਗਿਆ ਤੇ ਮਣ ਜਿੰਨਾ ਦੁਖ ਵੀ ਨਾਲ ਆ ਗਿਆ ਉਹਦੇ। ਇਹੋ ਜਿਹਾ ਸੁਖ ਕਹਿੰਦੇ ਮੈਨੂੰ ਨਹੀਂ ਭਾਉਂਦਾ ਮੰਗਿਆ ਹੋਇਆ। ਸੋ ਕੋਈ ਉਹ ਚਾਹੀਦਾ ਹੈ ਜਿਹੜਾ ਸੁਖ ਆ ਕੇ ਸਾਰੇ ਦੁਖ ਜਿੰਨੇ ਵੀ ਨੇ, ਸੁਖਾਂ 'ਚ ਬਦਲ ਜਾਣ। ਦੁੱਖ ਨਾਮ ਦੀ ਕੋਈ ਚੀਜ਼ ਹੀ ਨਾ ਰਹੇ। ਇਹ ਵੀ ਕੋਈ ਰਸਤਾ ਹੈ? ਮਹਾਰਾਜ ਕਹਿੰਦੇ, ਇਹ ਰਸਤਾ ਪਿਆਰਿਓ! ਨਾਮ ਦੇ ਉਤੇ ਵਿਸ਼ਵਾਸ਼ ਲਿਆਉਣ ਨਾਲ ਪ੍ਰਾਪਤ ਹੁੰਦਾ ਹੈ-

*ਮੰਨੇ ਨਾਉ ਸੋਈ ਜਿਣਿ ਜਾਇ ॥*
*ਅਉਰੀ ਕਰਮ ਨ ਲੇਖੈ ਲਾਇ ॥* **ਅੰਗ - 954**

ਬਾਕੀ ਜਿਹੜੀਆਂ ਚੀਜ਼ਾਂ ਨੇ ਉਹ ਸੁਖ ਨਹੀਂ ਦਿੰਦੀਆਂ, ਉਨ੍ਹਾਂ ਦੇ ਨਾਲ ਆਦਮੀ ਸੁਖੀ ਨਹੀਂ ਹੁੰਦਾ ਕਦੇ ਵੀ ਤੇ ਉਹਦੀ ਹਾਲਤ ਜਿਹੜੀ ਹੈ, ਜੇ ਉਹ ਨਾਮ ਦੇ ਮੰਡਲ ਤੋਂ ਬਾਹਰ ਹੈ। ਪ੍ਰਮੇਸ਼ਰ ਦੇ ਪਿਆਰ ਤੋਂ ਬਾਹਰ,

ਪ੍ਰਮੇਸ਼ਰ ਦੇ ਪਿਆਰ ਨਾਲ ਮਨ ਰੰਗਿਆ ਹੋਇਆ ਨਹੀਂ ਹੈ ਤਾਂ ਕਹਿੰਦੇ ਉਹਦੀਆਂ ਬਾਹਰਲੀਆਂ ਪ੍ਰਾਪਤੀਆਂ ਦੇਖ ਕੇ ਨਾ ਅੰਦਾਜ਼ੇ ਲਾਓ ਕਿ ਇਹ ਬੜਾ ਸੁਖੀ ਹੈ। ਉਹਦੀ ਜੋ ਹਾਲਤ ਹੈ ਉਹ ਤਾਂ ਬਿਲਕੁਲ ਨੀਵੀਂ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਵਿਸ਼ਟਾ ਕੇ ਕੀੜੇ ਜੀ,***
***ਸੋ ਪ੍ਰਭ ਚਿਤ ਨ ਆਵਈ।***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***

***ਅੰਗ – 707***

ਸੋ ਮਹਾਰਾਜ ਕਹਿੰਦੇ ਇਹ ਜਿਹੜੀ ਮਾਇਆ ਹੈ ਇਹਦਾ ਜ਼ਬਰਦਸਤ ਅਸਰ ਹੈ ਬੰਦੇ ਦੇ ਉਤੇ।

***ਧਾਰਨਾ – ਇਸ ਮਾਇਆ ਮੋਹਣੀ ਮੋਹਣੀ ਨੇ।***
***ਵਿਣੁ ਦੰਤਾ ਜਗ ਖਾਇਆ।***

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥***
***ਮਨਮੁਖ ਖਾਧੇ ਗੁਰਮੁਖਿ ਉਬਰੇ***
***ਜਿਨੀ ਸਚਿ ਨਾਮਿ ਚਿਤੁ ਲਾਇਆ ॥***
***ਬਿਨੁ ਨਾਵੈ ਜਗੁ ਕਮਲਾ ਫਿਰੈ ਗੁਰਮੁਖਿ ਨਦਰੀ ਆਇਆ ॥***

***ਅੰਗ – 644***

ਕਹਿੰਦੇ, ਗੁਰੂ ਨੇ ਦੇਖ ਲਿਆ ਕਿ ਸੰਸਾਰ ਕਮਲਾ ਹੋਇਆ ਫਿਰਦਾ ਹੈ। ਮਹਾਰਾਜ ਨੇ ਇਕ ਥਾਂ 'ਤੇ ਐਸਾ ਵੀ ਫੁਰਮਾਨ ਕੀਤਾ ਹੈ ਕਿ –

***ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ ॥***

***ਅੰਗ – 644***

ਹਲਕਿਆ ਹੋਇਆ ਸੰਸਾਰ ਤੁਰਿਆ ਫਿਰਦਾ ਹੈ। ਕੋਈ ਅਮਨ ਨਹੀਂ, ਕੋਈ ਚੈਨ ਨਹੀਂ, ਇਕ ਦੂਜੇ ਨਾਲ ਕੋਈ ਪਿਆਰ ਨਹੀਂ, ਸੋਝੀ ਨਹੀਂ ਹੈ। ਦੂਸਰੇ ਦਾ ਧਨ ਹਾਸਲ ਕਰਨ ਲਈ ਵੱਡੇ ਤੋਂ ਵੱਡਾ ਪਾਪ ਕਰਨ ਵਾਸਤੇ ਤਿਆਰ ਹੋ ਜਾਂਦਾ ਹੈ। ਕੋਈ ਮਾਣ ਮਰਿਆਦਾ ਨਹੀਂ ਹੈ। ਮਾਇਆ ਦਾ ਕੋਈ ਇਕ ਰੂਪ ਹੈ, ਬੇਅੰਤ ਰੂਪ ਨੇ। ਜਿੰਨੇ ਵੀ ਤੁਸੀਂ ਦੇਖਦੇ ਓਂ ਸਾਰੇ ਮਾਇਆ ਦੇ ਰੂਪ ਨੇ। ਕਿਤੇ ਪੁੱਤਰ ਹੋ ਕੇ ਮੋਹ ਰਹੀ ਹੈ ਮਾਇਆ, ਕਿਤੇ ਇਸਤ੍ਰੀ ਹੋ ਕੇ ਮੋਹ ਰਹੀ ਹੈ, ਕਿਤੇ ਪਰ-ਇਸਤ੍ਰੀ ਹੋ ਕੇ ਮੋਹ ਰਹੀ ਹੈ, ਕਿਤੇ ਪੈਸਾ ਟਕਾ ਹੋ ਕੇ ਮੋਂਹਦੀ ਹੈ। ਕਿਤੇ ਅਹੁਦੇ ਹੋ ਕੇ ਮੋਂਹਦੀ ਹੈ, ਕਿਸੇ ਥਾਂ ਵੱਡਾ-ਵੱਡਾ ਹੋਣ ਦੀ ਲਾਲਸਾ ਹੋ ਕੇ ਮੋਂਹਦੀ ਹੈ। ਜਿੰਨੇ ਜਜ਼ਬੇ ਸਾਡੇ ਅੰਦਰ ਪੈਦਾ ਕੀਤੇ ਨੇ ਪ੍ਰਮੇਸ਼ਰ ਨੇ ਉਹ ਸਾਰੇ ਜਜ਼ਬਿਆਂ ਦੇ ਨਾਲ ਮਾਇਆ ਮੋਹ ਰਹੀ ਹੈ। ਕਿਤੇ ਦੁਸ਼ਮਣ ਹੋ ਕੇ ਮੋਹ ਰਹੀ ਹੈ। ਕਿਸੇ ਥਾਂ ਦੇ ਉਤੇ ਕੋਈ ਭਾਵ ਹੈ, ਕਿਤੇ ਕੋਈ ਭਾਵ ਹੈ।

ਮਹਾਰਾਜ ਕਹਿੰਦੇ, ਇਹ ਤਾਂ ਸਾਰਾ ਘੇਰ ਲਿਆ। ਬਹੁਤ ਵੱਡੀ ਸੱਪ ਦੇ ਨਾਲ ਤਰਜੀਹ ਦਿਤੀ ਹੈ -

***ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥***

***ਅੰਗ- 1415***

'ਭੁਇਅੰਗਮੁ' ਕਹਿੰਦੇ ਨੇ ਫਣਦਾਰ, ਬਹੁਤ ਤਾਕਤਵਾਰ ਸਰਪ। ਬਿਹੁ, ਜ਼ਹਿਰ ਹੈ ਇਹਦੇ ਅੰਦਰ। ਮੂੰਹ ਦੇ ਵਿਚੋਂ ਐਨੀ ਜ਼ਹਿਰ ਕੱਢਦਾ ਹੈ, ਉਹ ਐਨੀ ਫੈਲ ਗਈ ਕਿ ਸਾਰੇ ਸੰਸਾਰ ਨੂੰ ਉਹਨੇ ਘੇਰ ਲਿਆ। ਹੁਣ ਕਰਿਆ ਕੀ ਜਾਵੇ, ਐਸੇ ਸੰਸਾਰ ਦੇ ਵਿਚ ਆਪਾਂ ਵੀ ਵਸਦੇ ਹਾਂ। ਮਹਾਰਾਜ ਕਹਿੰਦੇ ਪਿਆਰਿਓ! ਇਕ ਅਸੀਂ ਤੁਹਾਨੂੰ ਵੱਟੀ ਦਿੰਦੇ ਹਾਂ। ਜਿਹਦੇ ਨਾਲ ਜ਼ਹਿਰ ਨਹੀਂ ਚੜ੍ਹਦੀ, ਜ਼ਹਿਰ ਉਤਰ ਜਾਂਦੀ ਹੈ। ਕਹਿੰਦੇ -

***ਬਿਖੁ ਕਾ ਮਾਰਣੁ ਹਰਿ ਨਾਮੁ ਹੈ***
***ਗੁਰ ਗਰੁੜ ਸਬਦੁ ਮੁਖਿ ਪਾਇ॥*** ***ਅੰਗ - 1415***

ਜੇ ਨਾਮ ਮਿਲ ਜਾਵੇ ਤਾਂ ਬਿਹੁ ਮਰ ਜਾਂਦੀ ਹੈ। ਜਦੋਂ ਅਸੀਂ ਗੁਰੂ ਦੇ ਸ਼ਬਦ ਨੂੰ ਮੂੰਹ 'ਚ ਪਾ ਲਵਾਂਗੇ, ਗੁਰੂ ਤੋਂ ਸ਼ਬਦ ਲੈ ਕੇ ਜਿਸ ਵਕਤ ਸਾਡੇ ਮੁੱਖ ਦੇ ਅੰਦਰ ਵਾਹਿਗੁਰੂ-ਵਾਹਿਗੁਰੂ, ਰਾਮ-ਰਾਮ, ਅੱਲਾਹ-ਅੱਲਾਹ ਹੋਣ ਲਗ ਜਾਏਗਾ, ਕਹਿੰਦੇ, ਫੇਰ ਮਾਇਆ ਜਿਹੜੀ ਹੈ ਮਰ ਜਾਂਦੀ ਹੈ। ਪਰ ਇਹ ਹਰੇਕ ਦੇ ਹਿੱਸੇ 'ਚ ਨਹੀਂ ਆਉਂਦਾ -

***ਜਿਨ ਕਉ ਪੂਰਬਿ ਲਿਖਿਆ***
***ਤਿਨ ਸਤਿਗੁਰੁ ਮਿਲਿਆ ਆਇ ॥*** ***ਅੰਗ - 1415***

ਹਰੇਕ ਨੂੰ ਸਤਿਗੁਰੂ ਨਹੀਂ ਮਿਲਦਾ ਹੈ। ਜੇ ਕਹਿੰਦਾ ਹੈ ਕਿ ਜੀ ਅੰਮ੍ਰਿਤ ਛਕ ਲਿਆ ਮੈਂ। ਇਕੱਲਾ ਅੰਮ੍ਰਿਤ ਛਕਣ ਨਾਲ ਨਹੀਂ ਗੱਲ ਬਣਦੀ। ਅੰਮ੍ਰਿਤ ਛਕਣ ਵੇਲੇ ਪੰਜ ਪਿਆਰੇ ਇਕ ਸ਼ਬਦ ਦਿੰਦੇ ਨੇ, ਮੰਤ੍ਰ ਦਿੰਦੇ ਨੇ, ਉਸ ਮੰਤ੍ਰ ਦਾ ਜਿਹੜਾ ਜਾਪ ਹੈ ਉਹਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

***ਧਾਰਨਾ - ਹਉਮੈ ਨੂੰ ਖੋਈਦੈ, ਵਾਹਿਗੁਰੂ ਮੰਤ੍ਰ ਜਪੁ ਕੇ।***

***ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥***

***ਭਾਈ ਗੁਰਦਾਸ ਜੀ***

ਇਹ ਮੰਤ੍ਰ ਪੰਜ ਪਿਆਰਿਆਂ ਨੇ ਦੇ ਦਿਤਾ। ਅਗਾਂਹਾਂ ਸ਼ਰਤ ਕੀ ਹੈ ਇਹਨੂੰ ਜਪੋ, ਇਹਨੂੰ ਕਮਾਓ, ਇਹਨੂੰ ਸਮਝਣ ਦਾ ਯਤਨ ਕਰੋ। ਇਹਨੂੰ ਹਿਰਦੇ 'ਚ ਵਸਾਓ, ਇਹਦੇ ਜ਼ਰੀਏ ਓਸ ਅੰਮ੍ਰਿਤ ਤਕ ਪਹੁੰਚੋ ਜਿਹੜਾ ਪ੍ਰਮੇਸ਼ਰ ਨੇ ਹਰੇਕ ਦੇ ਅੰਦਰ ਰੱਖਿਆ ਹੋਇਆ ਹੈ, ਜਿਹਨੂੰ ਅਸੀਂ ਅਸਲੀ ਮਾਅਨਿਆਂ 'ਚ ਅੰਮ੍ਰਿਤ ਕਹਿੰਦੇ ਹਾਂ। ਬਾਹਰਲਾ ਵੀ ਜ਼ਰੂਰੀ ਹੈ ਅੰਦਰਲਾ ਵੀ ਜ਼ਰੂਰੀ ਹੈ। ਬਾਹਰਲਾ ਕਿਉਂ ਜ਼ਰੂਰੀ ਹੈ। ਆਹ ਟਿਊਬਵੈਲ ਲਾਇਆ ਅਸੀਂ। 600 ਫੁੱਟ ਬੋਰ ਕਰਿਆ। ਪਾਣੀ ਬੇਅੰਤ ਇਹਦੇ ਅੰਦਰ। ਰਣ-ਡਲਇਣ ਾਓਲਲ ਫਿੱਟ ਕਰ ਦਿਤਾ। ਬੱਟਨ ਦੱਬ ਦਿਤਾ ਪਾਣੀ ਆ ਨਹੀਂ ਰਿਹਾ। ਮੋਟਰ ਵੀ ਚੱਲ ਰਹੀ ਹੈ, ਸਭ ਕੁਛ ਹੋ ਰਿਹਾ ਹੈ। ਕਾਰਨ ਕੀ

ਹੈ ਕਿ ਰਣਡਲਇਣ ਾਓਲਲ ਤੋਂ ਹੇਠਾਂ ਹਵਾ ਭਰੀ ਹੋਈ ਹੈ। ਉਹ ਹਵਾ ਬਾਹਰੋਂ ਪਾਣੀ ਪਾ ਕੇ ਨਿਕਲਦੀ ਹੈ। ਜਿਸ ਵਕਤ ਬਟਨ ਦੱਬਦੇ ਹਾਂ, ਉਹ ਸੂੱਟਾ ਮਾਰਦਾ ਹੈ ਜਿੰਨਾਂ ਪਾਣੀ ਪਾਇਆ ਬਾਹਰ ਆ ਜਾਂਦਾ ਹੈ ਓਨਾਂ ਹੀ ਹੇਠਾਂ ਨਾਲ 'ਚੋਂ ਪਾਣੀ ਚੜ੍ਹ ਆਉਂਦਾ ਹੈ। ਉਸ ਤੋਂ ਬਾਅਦ ਜਦੋਂ ਪਾਣੀ ਰਣਡਲਇਣ ਾਓਲਲ ਨਾਲ ਲਗ ਗਿਆ, ਫੇਰ ਬਟਨ ਦੱਬੋ ਉਸੇ ਵੇਲੇ ਪਾਣੀ ਚੱਲ ਪਏਗਾ। ਨਾ ਬਾਹਰਲਾ ਮੁੱਕੇ, ਨਾ ਅੰਦਰਲਾ ਮੁੱਕੇ। ਸੋ ਇਹ ਇਕ ਮਿਸਾਲ ਹੈ, ਸਾਡੇ ਅੰਦਰ ਹੈ ਅੰਮ੍ਰਿਤ। ਅਸੀਂ ਬੋਰ ਕਰਕੇ ਉਥੇ ਤੱਕ ਲੈ ਗਏ। ਹੁਣ ਉਹ ਜਿਹੜਾ ਅੰਮ੍ਰਿਤ ਹੈ ਉਹ ਬਾਹਰ ਕਿਵੇਂ ਆਵੇ? ਉਹ ਇਸੇ ਤਰ੍ਹਾਂ ਆਉਂਦਾ ਹੈ ਕਿ ਬਾਹਰੋਂ ਪੰਜ ਪਿਆਰੇ ਨਾਮ ਗੁਰੂ ਦਾ ਮੰਤ੍ਰ ਰੂਪ ਸ਼ਬਦ ਦਿੰਦੇ ਨੇ ਤੇ ਉਹ ਜਪਦਿਆਂ-ਜਪਦਿਆਂ ਹਉਮੈ ਦੀ ਹਵਾ ਜਦੋਂ ਨਿਕਲ ਜਾਂਦੀ ਹੈ ਤਾਂ ਅੰਮ੍ਰਿਤ ਤਕ ਰੁਸਵਾਈ ਹੋ ਜਾਂਦੀ ਹੈ। ਜਿਹੜੇ ਅੰਮ੍ਰਿਤ ਨੂੰ ਕਹਿੰਦੇ ਨੇ -

***ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ***
***ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - 918***

ਦੇਵੀ ਦੇਵਤੇ, ਸਿੱਧ-ਸਾਧਕ ਸਾਰੇ ਇਸ ਅੰਮ੍ਰਿਤ ਨੂੰ ਖੋਜਦੇ ਨੇ ਪਰ ਇਹ ਮਿਲਿਆ ਨਹੀਂ। ਵੱਡੇ-ਵੱਡੇ ਬਾਦਸ਼ਾਹ ਵੀ ਇਹਨੂੰ ਖੋਜਦੇ ਰਹੇ ਨੇ। ਸਿਕੰਦਰ ਦੀ ਮਿਸਾਲ ਦਿੰਦੇ ਨੇ, ਕੋਹ-ਕਾਫ ਦੇ ਉਤੇ ਅੰਮ੍ਰਿਤ ਦੇ ਚਸ਼ਮੇ ਦਾ ਪਤਾ ਲਗ ਗਿਆ, ਪਰ ਪੀ ਨਾ ਸਕਿਆ। ਮਹਾਰਾਜ ਕਹਿੰਦੇ, ਕੋਹ-ਕਾਫ ਤੁਹਾਡੇ ਅੰਦਰ ਹੀ ਹੈ, ਬਾਹਰ ਨਹੀਂ ਹੈਗਾ, ਐਵੇਂ ਨਾ ਭੁਲੇਖਾ ਖਾਓ -

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ॥***
***ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ ॥***
***ਅੰਗ - 644***

ਜ਼ਹਿਰ ਇਕੱਠੀ ਕਰੀ ਜਾਂਦਾ ਹੈ, ਅੰਮ੍ਰਿਤ ਵਲ ਨੂੰ ਨਹੀਂ ਜਾਂਦਾ। ਅੰਮ੍ਰਿਤ ਦਾ ਚਸ਼ਮਾ ਤੁਹਾਡੇ ਅੰਦਰ ਲਬਾ-ਲਬ ਭਰਿਆ ਪਿਆ ਹੈ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - 293***

ਉਹ ਕੋਹ-ਕਾਫ ਦੇ ਉਤੇ ਨਿਸ਼ਾਨੀ ਵੀ ਦੇ ਦਿਤੀ ਗੁਰੂ ਮਹਾਰਾਜ ਨੇ ਕਿ ਉਥੇ ਪੂਰਨ ਸ਼ਾਂਤੀ ਹੈ ਤੇ ਅਨੰਦ ਦੇ ਐਨੇ ਹੁਲਾਰੇ ਵਜਦੇ ਨੇ ਕਿ ਦੁਨੀਆਂ ਨੂੰ ਦੱਸਿਆ ਹੀ ਨਹੀਂ ਜਾ ਸਕਦਾ। ਰੰਗ ਚੜ੍ਹ ਜਾਂਦਾ ਹੈ, ਜਦੋਂ ਉਹ ਅੰਮ੍ਰਿਤ ਦੇ ਕੁੰਡ ਦੇ ਕੋਲ ਪਹੁੰਚਦਾ ਹੈ। ਸੋ ਕਹਿੰਦੇ ਇਹ ਜਿਹੜਾ ਅੰਮ੍ਰਿਤ ਹੈ ਇਸਨੂੰ ਨਾਮ ਕਹਿੰਦੇ ਨੇ।

***ਧਾਰਨਾ - ਸੁਣ ਮੇਰੇ ਮਨਾ ਅੰਮ੍ਰਿਤ ਹਰਿ ਹਰਿ ਨਾਮ ਹੈ।***

***ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ***
***ਅੰਮ੍ਰਿਤੁ ਗੁਰਮਤਿ ਪਾਏ ਰਾਮ ॥*** ***ਅੰਗ - 538***

ਗੁਰੂ ਤੋਂ ਪ੍ਰਾਪਤ ਹੁੰਦਾ ਹੈ, ਉਹਦੀ ਮਤ ਧਾਰਨ ਨਾਲ। ਪਰ ਗੁਰੂ ਮਿਲਦਾ ਕਿਵੇਂ ਹੈ -

***ਜਿਨ ਕਉ ਪੂਰਬਿ ਲਿਖਿਆ***
***ਤਿਨ ਸਤਿਗੁਰੁ ਮਿਲਿਆ ਆਇ॥***
***ਮਿਲਿ ਸਤਿਗੁਰ ਨਿਰਮਲੁ ਹੋਇਆ***
***ਬਿਖੁ ਹਉਮੈ ਗਇਆ ਬਿਲਾਇ ॥*** ***ਅੰਗ - 1415***

ਜਦੋਂ ਉਹ ਅੰਮ੍ਰਿਤ ਮਿਲ ਗਿਆ ਤਾਂ ਹਉਮੈ ਦੀ ਵਿਹੁ ਉਤਰ ਗਈ ਉਸੇ ਵੇਲੇ -

***ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ***
***ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥*** ***ਅੰਗ - 538***

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੇ, ਭਾਈ ਭਾਨਾ! ਇਹ ਜੋ ਮੈਲ ਲੱਗੀ ਹੋਈ ਹੈ ਮਾਇਆ ਦੀ, ਜਦੋਂ ਤਕ ਇਹ ਲਹਿੰਦੀ ਨਹੀਂ ਹੈ, ਓਨੀਂ ਦੇਰ ਤੱਕ ਕੋਈ ਗੱਲ ਨਹੀਂ ਬਣਿਆ ਕਰਦੀ। ਆਦਮੀ ਮਾਇਆ ਦੇ ਅਧੀਨ ਦੁਖੀ ਹੋ ਰਿਹਾ ਹੈ, ਸੁਖ ਨਹੀਂ ਆਇਆ ਕਰਦਾ, ਰੰਗ ਨਹੀਂ ਚੜ੍ਹਿਆ ਕਰਦਾ। ਰੰਗ ਤਾਂ ਚੜ੍ਹਦਾ ਹੈ ਜੇ ਮਾਇਆ ਤੋਂ ਉਤੇ ਹੋ ਜਾਏ। ਕਹਿਣ ਲੱਗਿਆ, ਫੇਰ ਮਹਾਰਾਜ ਮਾਇਆ ਮਾੜੀ ਹੋਈ? ਮਹਾਰਾਜ ਕਹਿੰਦੇ, ਨਹੀਂ, ਮਾਇਆ ਮਾੜੀ ਨਹੀਂ ਹੈ। ਮਾਇਆ ਦੀ ਕੁਵਰਤੋਂ ਮਾੜੀ ਹੈ। ਜਿਹੜਾ ਮਾਇਆ ਨੂੰ ਵਰਤਣ ਜਾਣਦਾ ਹੈ, ਉਹਦੇ ਵਾਸਤੇ ਨਹੀਂ। ਜਿਹੜਾ ਇਹਦੇ ਵਿਚ ਖਚਤ ਹੋ ਜਾਦਾ ਹੈ, ਉਹਨੂੰ ਤਾਂ ਇਹ ਸਵਾਦ ਦਿਖਾ ਦਿੰਦੀ ਹੈ। ਜਿਹੜਾ ਇਹਨੂੰ ਦਲ ਦਿੰਦਾ ਹੈ, ਪਿੱਠ ਕਰਦਾ ਹੈ ਇਹਦੇ ਵਲ ਉਹਦੇ ਪਿੱਛੇ-ਪਿੱਛੇ ਲੱਗੀ ਫਿਰਦੀ ਹੈ। ਐਸਾ ਫੁਰਮਾਨ ਹੈ -

***ਧਾਰਨਾ - ਦਾਸੀ ਹੋ ਕੇ ਕਾਰ ਕਮਾਵੇ,***
***ਮਾਇਆ ਸਾਧੂਆਂ ਦੀ।***

ਕਹਿਣ ਲੱਗੇ, ਇਹਨੇ ਸਾਰੀ ਦੁਨੀਆਂ ਜਿੱਤ ਲਈ -

ਮਾਇਆ ਨੇ ਵੱਡੇ-ਵੱਡੇ ਵਿਦਵਾਨ, ਵੱਡੇ-ਵੱਡੇ ਯੋਗੀ, ਵੱਡੇ-ਵੱਡੇ ਸਾਸ਼ਤਰਾਂ ਦੇ ਗਿਆਤਾ, ਵੱਡੇ-ਵੱਡੇ ਮੁਨੀ, ਤੀਨ ਦੇਵ, ਤੇਤੀ ਕਰੋੜ ਦੇਵਤਾ, ਬ੍ਰਹਮਾ, ਵਿਸ਼ਨੂੰ, ਮਹੇਸ਼ -

***ਮੁਨਿ ਜੋਗੀ ਸਾਸਤ੍ਰਗਿ ਕਹਾਵਤ ਸਭ ਕੀਨ੍ਹੇ ਬਸਿ ਅਪਨਹੀ ॥***
***ਤੀਨਿ ਦੇਵ ਅਰੁ ਕੋੜਿ ਤੇਤੀਸਾ ਤਿਨ ਕੀ ਹੈਰਤਿ ਕਛੁ ਨ ਰਹੀ॥***
***ਅੰਗ - 499***

ਹੈਰਾਨ ਹੋ ਗਏ, ਮਾਇਆ ਦਾ ਬਲ ਦੇਖ ਕੇ।

***ਬਲਵੰਤਿ ਬਿਆਪਿ ਰਹੀ ਸਭ ਮਹੀ ॥***
***ਅਵਰੁ ਨ ਜਾਨਸਿ ਕੋਊ ਮਰਮਾ ਗੁਰ ਕਿਰਪਾ ਤੇ ਲਹੀ ॥ 1 ॥***
***ਅੰਗ - 499***

ਕੋਈ ਤਰੀਕਾ ਨਹੀਂ ਇਹਨੂੰ ਉਤਾਰਨ ਦਾ, ਸਿਰਫ ਜੇ ਗੁਰੂ ਦੀ ਕ੍ਰਿਪਾ ਹੋ ਜਾਵੇ ਤਾਂ ਇਹ ਲਹਿੰਦੀ ਹੈ, ਨਹੀਂ ਤਾਂ ਨਹੀਂ ਲਹਿੰਦੀ। ਇਹਨੇ ਸਭ ਥਾਂ ਧਰਮ ਦੇ ਜਿੱਤ ਲਏ, ਸਾਰੇ ਤੀਰਥ ਜਿੱਤ ਲਏ, ਸਾਰੇ ਮੰਦਰ ਜਿੱਤ ਲਏ, ਸਾਰੀਆਂ ਮਸਜਿਦਾਂ ਜਿੱਤ ਲਈਆਂ। ਹਰ ਥਾਂ ਇਹਦਾ ਹੀ ਬੋਲ-ਬਾਲਾ ਹੈ। ਆਪਣੇ ਏਜੰਟ ਇਹਨੇ ਧਰਮ ਅਸਥਾਨਾਂ 'ਤੇ ਲਿਆ ਕੇ ਖੜ੍ਹੇ ਕਰ ਦਿਤੇ-

***ਜੀਤਿ ਜੀਤਿ ਜੀਤੇ ਸਭਿ ਥਾਨਾ ਸਗਲ ਭਵਨ ਲਪਟਹੀ ॥***

***ਅੰਗ - 499***

ਉਨ੍ਹਾਂ ਦੇ ਵਿਚ ਲਿਪਟੀ ਪਈ ਹੈ, ਸਾਰਿਆਂ ਦੇ ਉਤੇ ਅਸਰ ਪਾਇਆ ਪਿਆ ਹੈ -

***ਕਹੁ ਨਾਨਕ ਸਾਧ ਤੇ ਭਾਗੀ ਹੋਇ ਚੇਰੀ ਚਰਨ ਗਹੀ ॥***

***ਅੰਗ - 499***

ਚਰਨਾਂ ਦੀ ਚੇਰੀ ਬਣ ਕੇ, ਚਰਨ ਫੜ ਕੇ ਕਹਿੰਦੀ ਮੇਰੇ ਤੋਂ ਕੰਮ ਲਓ। ਸਾਧੂ ਧੱਕੇ ਮਾਰਦੇ ਨੇ, ਇਹ ਬੇਨਤੀਆਂ ਕਰਦੀ ਹੈ। ਸੋ ਮਹਾਰਾਜ ਕਹਿਣ ਲੱਗੇ, ਪਿਆਰਿਆ! ਇਹ ਜਿਹੜਾ ਮਾਇਆ ਦਾ ਖੇਲ੍ਹ ਸੰਸਾਰ 'ਤੇ ਚੱਲ ਰਿਹਾ ਹੈ। ਇਹਨੂੰ ਸਮਝਣ ਦੀ ਲੋੜ ਹੈ। ਮਨ ਜਿਹੜਾ ਬੇਕਾਬੂ ਹੋਇਆ-ਹੋਇਆ ਹੈ। ਇਹਨੂੰ ਸੁਧਾਰਨ ਦੀ ਲੋੜ ਹੈ।

ਭਾਈ ਭਾਨਾ ਜੀ ਨੂੰ ਨਾਮ ਦੀ ਦਾਤ ਦਿਤੀ, ਸੋਝੀ ਦਿਤੀ। ਕਿਉਂਕਿ ਨਾਮ ਤਾਂ ਜਪਦੇ ਹਾਂ ਅਸੀਂ ਵੀ ਸਾਰੇ। ਵਾਹਿਗੁਰੂ-ਵਾਹਿਗੁਰੂ ਵੀ ਅਸੀਂ ਕਰਦੇ ਹਾਂ, ਮਹਾਰਾਜ ਕਹਿੰਦੇ, ਪਿਆਰਿਓ! ਇਹਦੇ ਵਿਚ ਸਮਝਣ ਵਾਲੀ ਗੱਲ ਹੈ -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ - 491***

ਰਾਮ-ਰਾਮ ਸਭ ਕਹਿੰਦੇ ਨੇ ਪਰ -

***ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ ॥***
***ਸੋਈ ਰਾਮੁ ਸਭੈ ਕਹਹਿ ਸੋਈ ਕਉਤਕਹਾਰ ॥ ਅੰਗ - 1374***

ਰਾਮ ਤਾਂ ਕਹਿੰਦੇ, ਸਾਰੇ ਹੀ ਕਹਿੰਦੇ ਨੇ ਪਰ ਇਕ ਕਉਤਕਹਾਰ ਹੈ। ਕਹਿੰਦੇ, ਸਾਰੇ ਹੀ ਵਾਹਿਗੁਰੂ-ਵਾਹਿਗੁਰੂ ਨੇ। ਇਹ ਵਜ੍ਹਾ ਕੀ ਹੈ? ਉਹ ਕੀ ਹੈ ਕਿ ਜੁਗਤ ਨਹੀਂ ਆਉਂਦੀ, ਜੁਗਤ ਤੋਂ ਬਿਨਾਂ ਗੱਲ ਨਹੀਂ ਬਣਦੀ। ਵੀ.ਸੀ.ਆਰ ਹੁੰਦਾ ਹੈ ਇਹਦੀ ਇਕ ਤਾਰ ਵਿਗੜ ਜਾਵੇ। ਨਹੀਂ ਆਉਂਦੀ ਸ਼ਕਲ। ਟੈਲੀਵੀਜ਼ਨ ਦੇ ਵਿਚ ਇਕ ਤਾਰ ਗਲਤ ਹੋ ਜਾਵੇ, ਚੈਨਲ ਹੀ ਗਲਤ ਆ ਜਾਵੇ, ਆਉਂਦੀ ਹੀ ਨਹੀਂ ਤਸਵੀਰ। ਇਸੇ ਤਰ੍ਹਾਂ ਦੇ ਨਾਲ ਸਾਡੀ ਇਕ ਚੈਨਲ ਗਲਤ ਹੋ ਜਾਵੇ, ਉਹ ਨਹੀਂ ਆਇਆ ਕਰਦੀ। ਵਾਹਿਗੁਰੂ ਕਹਿਣਾ ਹੈ ਵਾਹਿਗੁਰੂ ਨੂੰ ਸਮਝ ਕੇ ਕਹੋ। ਉਹ ਹੈ ਕੀ? ਪਹਿਲਾਂ ਉਸ 'ਤੇ ਵਿਸ਼ਵਾਸ਼ ਲਿਆਓ। ਵਿਸ਼ਵਾਸ਼ ਤੋਂ ਬਗੈਰ ਕੀਹਨੂੰ ਵਾਹਿਗੁਰੂ ਕਹੋਂਗੇ? ਖਾਲੀ ਅਸਮਾਨ 'ਚ ਹਾਕਾਂ ਮਾਰੋਂਗੇ? ਜਦੋਂ ਤੱਕ ਉਹਦੀ

ਹਸਤੀ ਦੇ ਉਤੇ ਯਕੀਨ ਨਹੀਂ ਆਉਂਦਾ, ਉਹਦਾ ਪਤਾ ਨਹੀਂ ਲਗਦਾ। ਉਹਦੀਆਂ (ਤੁਓਲਟਿਇਸ) ਖੂਬੀਆਂ ਲਿਖੀਆਂ ਹੋਈਆਂ ਨੇ। ਜੋ ਮੂਲਮੰਤ੍ਰ ਹੈ ਉਹਦੇ ਵਿਚ

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ 1॥*

ਸਾਡੇ ਨਾਲ ਤਾਂ ਇਕ ਚੀਜ਼ ਸਬੰਧ ਰਖਦੀ ਹੈ ਬਈ ਉਹ ਇਹ ਹੈ ਕਿ ਉਹ ਕਰਤਾ ਹੈ। ਬਾਕੀ ਤਾਂ ਉਸ ਨਾਲ ਹੀ ਸਬੰਧ ਰਖਦੀਆਂ ਨੇ ਕਿ ਸਾਨੂੰ ਬਣਾਉਣ ਵਾਲਾ ਹੈ ਉਹ। ਸਾਡੇ ਨਾਲ ਇਕ ਸਾਂਝ ਪੈ ਗਈ ਉਹਦੀ। ਮਹਾਰਾਜ ਕਹਿੰਦੇ, ਐਨੀ ਕੁ ਸਾਂਝ ਜਿਹੜੀ ਹੈ ਇਹ ਪਤਲੀ ਜਿਹੀ ਹੈ। ਤੁਸੀਂ ਇਸ ਤੋਂ ਅੱਗੇ ਚੱਲੋ, ਉਹ ਨਿਰਾ ਹੀ ਪਿਆਰ ਦੀ ਮੂਰਤ ਹੈ –

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*

***ਜਾਪੁ ਸਾਹਿਬ***

ਉਹ ਸਤਿ ਹੈ, ਚੇਤਨ ਹੈ, ਨਿਰੀਓ ਹੀ ਉਹ ਹੋਸ਼ ਹੈ, ਉਹ ਨਿਰਾ ਹੀ ਪਿਆਰ ਹੈ, ਪ੍ਰਿਅ ਹੈ। ਪਿਆਰ ਨੂੰ ਅਸੀਂ ਜਾਣਦੇ ਹਾਂ। ਪਿਆਰ ਦੀ ਨਿਸ਼ਾਨੀ ਹੁੰਦੀ ਹੈ–'ਖਿੱਚ।' ਜਿਹਦੇ ਨਾਲ ਪਿਆਰ ਹੋਵੇ ਉਹਦੀ ਖਿੱਚ ਹਿਰਦੇ ਦੇ ਵਿਚ ਹਰ ਵਕਤ ਰਹਿੰਦੀ ਹੈ। ਉਹ ਖਿੱਚਦਾ ਹੈ ਜਿਹਦੇ ਨਾਲ ਪਿਆਰ ਹੋਵੇ। ਮਾਇਆ ਨਾਲ ਪਿਆਰ ਹੈ ਮਾਇਆ ਖਿੱਚੀ ਜਾਂਦੀ ਹੈ, ਅਹੁਦਿਆਂ ਨਾਲ ਪਿਆਰ ਹੈ ਉਹ ਖਿੱਚਦੇ ਨੇ, ਪੁੱਤਰਾਂ ਨਾਲ ਪਿਆਰ ਹੈ ਉਹ ਖਿੱਚਦੇ ਨੇ, ਪੈਸੇ ਨਾਲ ਪਿਆਰ ਹੈ ਉਹ ਖਿੱਚਦਾ ਹੈ, ਮਕਾਨਾਂ ਨਾਲ ਪਿਆਰ ਹੈ ਉਹ ਖਿੱਚਦੇ ਨੇ। ਜੇ ਵਾਹਿਗੁਰੂ ਨਾਲ ਪਿਆਰ ਹੈ ਤਾਂ ਵਾਹਿਗੁਰੂ ਦੀ ਖਿੱਚ ਸਾਡੇ ਹਿਰਦੇ 'ਚ ਪੈਂਦੀ ਹੈ –

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

***ਡਾ. ਭਾਈ ਵੀਰ ਸਿੰਘ***

ਹਰ ਵਕਤ ਖਿੱਚ ਪੈਂਦੀ ਹੈ। ਦੁਨੀਆਂ ਦੀਆਂ ਮਿਸਾਲਾਂ ਦੇਖ ਲਓ। ਕਿੱਡੀਆਂ-ਕਿੱਡੀਆਂ ਖਿੱਚਾਂ ਦੇ ਵਿਚ ਸੋਹਣੀ ਤੇ ਮਹੀਵਾਲ ਦਾ ਭਾਈ ਗੁਰਦਾਸ ਜੀ ਨੇ ਹਵਾਲਾ ਦਿਤਾ ਹੈ ਕਿ ਉਹ ਰਾਤ ਨੂੰ ਘੜੇ 'ਤੇ ਨਦੀ ਪਾਰ ਕਰਿਆ ਕਰਦੀ ਸੀ। ਉਸਦੀ ਨਣਦ ਨੇ ਜਦ ਦੇਖਿਆ ਕਿ ਇਹ ਹਟਦੀ ਨਹੀਂ ਤਾਂ ਉਹਨੇ ਕੱਚਾ ਘੜਾ ਉਥੇ ਰੱਖ ਦਿਤਾ। ਦਰਿਆ ਝਨਾਅ ਦੇ ਵਿਚ ਹੜ੍ਹ ਆਇਆ ਹੋਇਆ ਹੈ, ਪਾਣੀ ਕੰਢਿਆਂ ਤੋਂ ਉਪਰ ਦੀ ਹੋ ਕੇ ਚੱਲ ਰਿਹਾ ਹੈ। ਉਹ ਖਿੱਚ ਦੀ ਖਿੱਚੀ ਹੋਈ ਆ ਜਾਂਦੀ ਹੈ। ਉਥੇ ਆ ਕੇ ਘੜਾ ਚੁੱਕ ਲਿਆ। ਜਦੋਂ ਉਤੇ ਠੋਲ੍ਹਾ ਮਾਰਿਆ ਤਾਂ ਉਂਗਲੀ ਦੀ ਗੱਠ

ਦਾ ਤਾਂ ਉਹਨੇ ਆਵਾਜ਼ ਨਾ ਕੀਤੀ। ਸਮਝ ਗਈ ਕਿ ਕੱਚਾ ਹੈ। ਲੇਕਿਨ ਇਕ ਪਾਸੇ ਖਿੱਚ ਹੈ, ਇਕ ਪਾਸੇ ਜ਼ਿੰਦਗੀ ਦਾ ਸਵਾਲ ਹੈ। ਖਤਰਾ ਬੜਾ ਜ਼ਬਰਦਸਤ ਹੋ ਗਿਆ। ਉਹਨੇ ਘੜਾ ਠੇਲ੍ਹ ਲਿਆ ਤੇ ਘੜਾ ਗਿੱਲਾ ਹੋ ਗਿਆ, ਗਿੱਲਾ ਹੋ ਕੇ ਪਾਣੀ ਵਿਚ ਖੁਰ ਗਿਆ ਤੇ ਅਖੀਰ ਉਹ ਰੁੜ੍ਹ ਗਈ, ਮਹੀਵਾਲ ਵੀ ਛਾਲ ਮਾਰੀ ਉਹ ਵੀ ਰੁੜ੍ਹ ਗਿਆ।

ਇਹ ਇਕ ਦੁਨੀਆਂਦਾਰੀ ਦਾ ਪਿਆਰ ਹੈ ਜੋ ਦਰਗਾਹ ਦੇ ਵਿਚ ਨਹੀਂ ਨਿਭਿਆ ਕਰਦਾ। ਸੰਸਾਰ ਦੇ ਵਿਚ ਇਹ ਖਤਮ ਹੋ ਜਾਇਆ ਕਰਦਾ ਹੈ। ਲੇਕਿਨ ਜੋ ਪ੍ਰਮੇਸ਼ਰ ਦਾ ਪਿਆਰ ਹੈ ਉਹ ਸਦਾ ਹੀ ਨਿਭਦਾ ਹੈ। ਉਹਦਾ ਰੂਪ ਹੀ ਪਿਆਰ ਹੈ, ਉਹਦੇ ਨਾਲ ਕੌਣ ਪਿਆਰ ਕਰਦਾ ਹੈ ਦੁਨੀਆਂ ਦੇ ਅੰਦਰ।

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ - 676***

ਦਿਤੀਆਂ ਹੋਈਆਂ ਚੀਜ਼ਾਂ ਨੂੰ ਅਸੀਂ ਪਿਆਰ ਕਰਦੇ ਹਾਂ, ਉਹਦਾ ਸਾਡੇ ਮਨ 'ਚ ਕੋਈ ਪਿਆਰ ਨਹੀਂ ਹੈ। ਜਦੋਂ ਪਿਆਰ ਨਹੀਂ ਤਾਂ ਵਾਹਿਗੁਰੂ ਕੀਹਨੂੰ ਕਹੋਂਗੇ। ਮਹਾਰਾਜ ਦੂਜੇ ਪਾਸੇ ਸਾਨੂੰ ਸਖਤ ਹਦਾਇਤ ਦਿੰਦੇ ਨੇ -

***ਸਾਚੁ ਕਹੋਂ ਸੁਨ ਲੇਹੁ ਸਭੈ***
***ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥***

ਉਹ ਪਿਆਰ ਦੇ ਵਸ ਆਉਂਦਾ ਹੈ -

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ - 962***

ਉਹ ਪਿਆਰ ਕਰਨ ਵਾਲਿਆਂ ਦੇ ਵਸ 'ਚ ਆਉਂਦਾ ਹੈ। ਨਾ ਦਾਨ ਦੇਣ ਵਾਲਿਆਂ ਦੇ ਆਉਂਦਾ ਹੈ, ਨਾ ਬਹੁਤਾ ਪੜ੍ਹਨ ਵਾਲਿਆਂ ਦੇ ਆਉਂਦਾ ਹੈ। ਚਾਰੇ ਵੇਦ ਪੜ੍ਹੀ ਜਾਓ, ਅਖੰਡਪਾਠ ਕਰੀ ਜਾਓ, ਨਹੀਂ ਵਸ ਆਉਂਦਾ। ਨਾ ਤੀਰਥਾਂ 'ਤੇ ਭਰਮਣ ਨਾਲ ਆਉਂਦਾ ਹੈ, ਨਾ ਧਰਤੀ 'ਤੇ ਐਵੇਂ ਘੁੰਮਣ ਨਾਲ ਵਸ ਵਿਚ ਆਉਂਦਾ ਹੈ। ਮਹਾਰਾਜ ਕਹਿੰਦੇ, ਐਵੇਂ ਥਕੇਵਾਂ ਪੱਲੇ ਪੈਂਦਾ ਹੈ -

***ਅੰਗਨਾ ਅਧੀਨ ਕਾਮ ਕ੍ਰੋਧ ਮਹਿ ਪ੍ਰਬੀਨ***
***ਏਕ ਗਿਆਨ ਕੇ ਬਿਹੀਨ ਛਨਿ ਕੈਸੇ ਕੈ ਤਰਤ ਹੈਂ।***

ਤੇਰੀ ਸੁਰਤੀ-ਬਿਰਤੀ ਤਾਂ ਮਾਇਆ ਨਾਲ, ਇਸਤ੍ਰੀਆਂ ਨਾਲ ਬਿੜੀ ਹੋਈ ਹੈ। ਬਾਲ-ਬੱਚਿਆਂ 'ਚੋਂ ਨਿਕਲਣ ਵਾਸਤੇ ਤਿਆਰ ਨਹੀਂ। ਕਹਿੰਦੇ, ਪਿਆਰਿਆ! ਰੱਬ ਦਾ ਤੈਨੂੰ ਗਿਆਨ ਨਹੀਂ, ਕਿਵੇਂ ਤਰ ਜਾਏਂਗਾ ਤੂੰ?

***ਜਾਪ ਕੇ ਕੀਏ ਤੇ ਜੋ ਪੈ ਪਾਯਤ ਅਜਾਪ***
***ਪੂਦਨਾ ਸਦੀਵ ਤੁਹੀਂ ਤੁਹੀਂ ਉਚਰਤ ਹੈਂ।***

ਆਹ ਚਿੜੀ ਹੈ ਤੂੰਹੀ-ਤੂੰਹੀ ਕਰੀ ਜਾਂਦੀ ਹੈ। ਕੀ ਰੱਬ ਮਿਲ ਜਾਏਗਾ ਇਹਨੂੰ? ਇਹਨੂੰ ਤਾਂ ਪਤਾ ਹੀ ਨਹੀਂ ਰੱਬ ਕੀ ਹੈ। ਉਹ ਜੇ ਇਸੇ ਤਰ੍ਹਾਂ ਅਸੀਂ ਕਰੀ ਜਾਵਾਂਗੇ, ਮਹਾਰਾਜ ਕਹਿੰਦੇ ਪਛਾਣ ਪ੍ਰਮੇਸ਼ਰ ਨੂੰ, ਜਦੋਂ ਤੱਕ ਤੂੰ ਪਛਾਣਦਾ ਨਹੀਂ ਤੇਰਾ ਸਬੰਧ ਨਹੀਂ ਉਹਦੇ ਨਾਲ ਜੁੜਨਾ। ਪਛਾਣਨਾ ਕੀ

ਹੈ? ਕਿ -

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***
***ਅੰਗ - 612***

ਮੈਨੂੰ ਦੇਖਦਾ ਵੀ ਹੈ, ਮੇਰੀ ਗੱਲ ਸੁਣਦਾ ਵੀ ਹੈ। ਹੁਣ ਕਹਿੰਦੇ, ਮੂਰਖਤਾ ਨੂੰ ਛੱਡ ਕੇ ਤੂੰ ਉਹਨੂੰ ਹਜ਼ੂਰ ਜਾਣ ਜੋ ਕਿ ਮੇਰੇ ਅੰਗ-ਸੰਗ ਰਹਿੰਦਾ ਹੈ -

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ 1 ॥***
***ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥ ਅੰਗ - 677***

ਜਿਹੜਾ ਵਿਛੜਦਾ ਹੀ ਨਹੀਂ ਹੈ ਤੂੰ ਉਹਨੂੰ ਵਾਹਿਗੁਰੂ ਕਹਿ ਕੇ ਆਵਾਜ਼ ਮਾਰ, ਥੋੜ੍ਹੇ ਜਿਹੇ ਦਿਨਾਂ 'ਚ ਹੀ ਦੇਖ ਲਈਂ ਕੀ ਬਣਦਾ ਹੈ। ਨਹੀਂ ਤਾਂ ਭੋਰਿਆਂ 'ਚ ਬੈਠਾ ਰਹਿ, ਲਾਈ ਜਾਹ ਸਮਾਧੀਆਂ, ਬੋਲੀ ਜਾਹ ਜਿੰਨਾਂ ਚਿਰ ਬੋਲਣਾ ਹੈ, ਨਹੀਂ ਗੱਲ ਬਣਨੀ ਕਿਉਂਕਿ ਤੇਰੇ ਮੂਹਰੇ ਨਿਸ਼ਾਨਾ ਕੋਈ ਨਹੀਂ ਹੈ। ਜਦੋਂ ਤੱਕ ਨਿਸ਼ਾਨਾ ਨਹੀਂ ਹੈ, ਫੇਰ ਕੁਛ ਬਣਨਾ ਨਹੀਂ। ਹੁਣ ਇਹਦਾ ਕਰਿਆ ਕੀ ਜਾਵੇ। ਨਾ ਤਾਂ ਰੱਬ ਹੱਥ 'ਚ ਆਉਂਦਾ ਹੈ, ਨਾ ਦਿਸਦਾ ਹੈ। ਉਹਨੂੰ ਅਗੰਮ ਅਗੋਚਰ ਕਹਿੰਦੇ ਨੇ। ਕੋਈ ਹੱਲ ਨਹੀਂ ਹੈ ਇਹਦਾ? ਕਹਿੰਦੇ, ਹੱਲ ਤਾਂ ਹੈਗਾ ਪਿਆਰਿਆ! ਪਰ ਤੇਰੇ ਅੰਦਰ ਨਿਹਚਾ ਆਉਣਾ ਚਾਹੀਦਾ ਹੈ -

***ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,***
***ਨਾਨਕ ਭੇਦ ਨ ਭਾਈ।***
***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - 442***

ਹੁਣ ਮਸਲਾ ਸਾਡਾ ਹੱਲ ਹੋ ਗਿਆ ਕਿ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ। ਉਹ ਨਿਰਗੁਣ ਹੈ ਇਹ ਸਰਗੁਣ ਹੈ। ਗੁਰੂ ਜਿਹੜਾ ਹੈ ਉਹ ਪ੍ਰਮੇਸ਼ਰ ਦੀ ਹੀ ਮੂਰਤ ਹੈ।

ਗੁਰੂ ਅੰਗਦ ਸਾਹਿਬ ਕਹਿਣ ਲੱਗੇ, ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨਾਲ ਨੌਂ ਖੰਡਾਂ, ਸੱਤਾਂ ਦੀਪਾਂ, ਜਿੱਥੇ ਤੱਕ ਸ੍ਰਿਸ਼ਟੀ ਸੀ, ਉਥੇ ਤੱਕ ਨਾਲ ਰਹੇ ਹੋ ਤੇ ਆਪ ਨੇ ਸਾਰੇ ਕੌਤਕ ਉਨ੍ਹਾਂ ਦੇ ਦੇਖੇ ਨੇ। ਆਪ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਕਈ ਪ੍ਰੇਮੀਆਂ ਜਿਨ੍ਹਾਂ ਨੂੰ ਖੋਜੀ ਕਹਿੰਦੇ ਨੇ, ਨਵੀਨ ਖੋਜੀ, ਉਹ ਡਰ ਜਾਂਦੇ ਨੇ ਕਿ ਜੇ ਗੁਰੂ ਦੀ ਗੱਲ ਕਰੀ, ਉਥੇ ਕੁ ਤਕ ਹੀ ਕਰੀਏ ਜਿੱਥੇ ਕੁ ਤੱਕ ਦੁਨੀਆਂ ਮੰਨ ਜਾਵੇ ਤੇ ਜੇ ਅਸੀਂ ਗੁਰੂ ਨੂੰ ਬਹੁਤ ਉੱਚਾ ਕਰ ਦਿਤਾ, ਲੋਕਾਂ ਨੇ ਨਹੀਂ ਮੰਨਣਾ। ਜੇ ਅਸੀਂ ਕਹਿ ਦਿਤਾ ਕਿ ਗੁਰੂ ਸਾਹਿਬ ਸਾਰੇ ਯੂਰਪ ਵਿਚ ਵੀ ਗਏ ਨੇ, ਅਫਰੀਕਾ ਵਿਚ ਵੀ ਗਏ ਨੇ ਤਾਂ ਬੋਲੀ ਕਿਵੇਂ ਬੋਲਦੇ ਸੀ ਉਥੇ ਦੀ? ਚਲੋ, ਮੰਨ ਲਓ ਕਿ ਕਾਹਬਾ ਦੇ ਵਿਚ ਗਏ, ਉਥੇ ਬੋਲੀ ਅਰਬੀ ਬੋਲੀ ਉਨ੍ਹਾਂ

ਨੇ। ਹੋ ਸਕਦਾ ਹੈ ਬਚਪਨ ਵਿਚ ਸਿੱਖ ਲਈ ਹੋਵੇ, ਸੂਫੀਆਂ ਦੇ, ਮੁਸਲਮਾਨਾਂ ਦੇ ਜਾਂਦੇ ਰਹੇ, ਉਥੋਂ ਕੋਈ ਅੱਖਰ ਸਿੱਖ ਲਏ ਹੋਣ। ਪਰ ਗੋਸ਼ਟ ਤਾਂ ਨਹੀਂ ਨਾ ਹੁੰਦੀ। ਗੋਸ਼ਟ ਤਾਂ, ਤਾਂ ਹੁੰਦੀ ਹੈ ਜੇ ਉਨ੍ਹਾਂ ਦੇ ਸਾਰੇ ਮਸਲੇ, ਉਨ੍ਹਾਂ ਤੋਂ ਵੀ ਉਪਰ ਦੀ ਹੋ ਕੇ ਬੋਲੇ ਜਾਣ, ਫੇਰ ਉਹ ਉਦਾਸੀਆਂ ਦੇ ਵਿਚ ਕਦੇ ਸਕੂਲ 'ਚ ਨਹੀਂ ਆਏ ਕਿ ਉਥੇ ਦਾਖਲ ਹੋ ਕੇ ਅਰਬੀ ਸਿੱਖੀ। ਉਥੋਂ ਵੀ ਤਾਸ਼ਕੰਦ ਤਕ ਗਏ ਉਥੇ ਕਿਹੜੀ ਬੋਲੀ ਸੀ, ਅਫਰੀਕਾ 'ਚ ਗਏ, ਉਥੇ ਕਿਹੜੀ ਬੋਲੀ ਸੀ।

ਭਾਈ ਗੁਰਦਾਸ ਜੀ, ਉਦੋਂ ਹੀ ਹੋਏ ਨੇ, ਬਹੁਤਾ ਚਿਰ ਬਾਅਦ 'ਚ ਨਹੀਂ ਹੋਏ। ਉਸ ਵੇਲੇ ਹੀ ਸਾਰੀਆਂ ਗੱਲਾਂ ਤਾਜ਼ੀਆਂ-ਤਾਜ਼ੀਆਂ ਸੀ, ਕੋਈ ਪੁਰਾਣੀਆਂ ਨਹੀਂ ਸੀ ਹੋਈਆਂ, ਕੋਈ ਮਿਲਾਵਟਾਂ ਨਹੀਂ ਸੀ ਹੋਈਆਂ, ਉਹ ਲਿਖਦੇ ਨੇ ਕਿ ਗੁਰੂ ਨਾਨਕ ਉਥੇ ਤੱਕ ਗਏ ਜਿੱਥੇ ਤੱਕ ਦੁਨੀਆਂ ਸੀ ਸਾਰੀ। ਬੋਲੀ ਕਿਵੇਂ ਬੋਲੀ?

ਇਥੇ ਵੇਦ ਭਾਰਤੀ ਜੀ ਆਏ ਸੀ, ਉਹ ਕਹਿਣ ਲੱਗੇ ਕਿ ਮੈਂ ਹਾਲੈਂਡ ਦੇ ਵਿਚ ਜਾ ਕੇ ਪੀਐਚ.ਡੀ ਕਰਨ ਲੱਗਿਆ ਤਾਂ ਉਹ ਮੈਨੂੰ ਕਹਿਣ ਲੱਗੇ ਕਿ ਤੂੰ ਪੜ੍ਹੀ ਹੀ ਨਹੀਂ ਹੈ ਡੱਚ ਭਾਸ਼ਾ, ਤੇ ਪੀਐਚ.ਡੀ ਕਿਵੇਂ ਕਰ ਲਵੇਂਗਾ। ਜਿਵੇਂ ਇਥੇ ਕੋਈ ਕਹੇ ਆ ਕੇ ਕਿ ਮੈਂ ਸੰਸਕ੍ਰਿਤ ਦੀ ਪੀਐਚ.ਡੀ ਕਰਨੀ ਹੈ। ਜਦ ਤੂੰ ਸੰਸਕ੍ਰਿਤ ਪੜ੍ਹੀ ਨਹੀਂ ਪੀਐਚ.ਡੀ ਕਿਵੇਂ ਕਰ ਲਏਂਗਾ? ਕਿਵੇਂ ਪੁਰਾਣੀਆਂ ਕਿਤਾਬਾਂ ਫਰੋਲ ਲਏਂਗਾ?

ਕਹਿੰਦੇ, ਮੈਂ ਕਿਹਾ ਕਿ ਸਾਨੂੰ ਯੋਗੀਆਂ ਨੂੰ ਬੋਲੀ ਬੋਲਣ ਬਾਰੇ ਕੋਈ ਮਸਲਾ ਨਹੀਂ ਹੁੰਦਾ। ਸਿਰਫ ਇਕ ਹਫਤਾ ਲਗਦਾ ਹੁੰਦਾ ਹੈ। ਇਕ ਹਫਤੇ ਬਾਅਦ ਤੁਹਾਨੂੰ ਬੋਲੀ ਸਾਰੀ ਸੁਣਾ ਦੇਵਾਂਗਾ। ਉਹ ਕਹਿੰਦੇ ਮੈਂ ਹਫਤਾ ਯੋਗ ਕਰਿਆ, ਯੋਗ ਹੈ ਇਕ ਸਰਬ ਵਿਦਿਆ ਯੋਗ। ਉਹ ਟਾਂਵੇਂ-ਟਾਂਵੇਂ ਬੰਦੇ ਨੇ, ਡਾ. ਸਵਾਮੀ ਰਾਮ ਜੀ ਦਸਦੇ ਸੀ ਕਿ ਭਾਰਤ ਵਿਚ ਸਿਰਫ 10 ਬੰਦੇ ਨੇ ਜਿਹੜੇ ਇਸ ਯੋਗ ਨੂੰ ਜਾਣਦੇ ਨੇ। ਅਸੀਂ ਤਾਂ ਇਨ੍ਹਾਂ ਚੀਜ਼ਾਂ ਦੀ ਮਿਹਨਤ ਹੀ ਨਹੀਂ ਕਰਦੇ, ਨਾ ਸਾਨੂੰ ਪਤਾ ਹੈ। ਅਸੀਂ ਤਾਂ ਕਹਿ ਦਿੰਦੇ ਹਾਂ ਕਿ ਗਪੌੜ (ਫਜ਼ੂਲ) ਹੈ ਇਹ। ਇਹਦੇ ਨਾਲ ਸਾਡਾ ਮਨ ਜਿਹੜਾ ਹੈ ਉਹ ਸੰਤੁਸ਼ਟ ਹੋ ਜਾਂਦਾ ਹੈ। ਪਰ ਜਦ ਗੱਲ ਸਾਡੇ ਸਾਮ੍ਹਣੇ ਆਉਂਦੀ ਹੈ, ਫੇਰ ਅਸੀਂ ਚੁੱਪ ਕਰ ਜਾਂਦੇ ਹਾਂ। ਨਾ ਸਮਝਣ ਕਰਕੇ ਅਸੀਂ ਉਸ ਬਾਰੇ ਕੋਈ ਸਪਸ਼ਟੀਕਰਨ ਨਹੀਂ ਦੇ ਸਕਦੇ।

ਡਾ. ਵੇਦ ਭਾਰਤੀ ਜੀ ਕਹਿਣ ਲੱਗੇ ਕਿ ਹਫਤਾ ਮੈਂ ਸਾਧਨਾ ਕਰਕੇ ਜਦੋਂ ਦੁਬਾਰਾ ਗਿਆ ਉਥੇ, ਉਹ ਕਹਿੰਦੇ, ਤੁਸੀਂ ਤਾਂ ਬਹੁਤ ਅੱਛੀ ਤਰ੍ਹਾਂ ਨਾਲ ਸਾਡੀ ਭਾਸ਼ਾ ਜਾਣਦੇ ਹੋ। ਕਹਿੰਦੇ, ਮੈਂ ਪਹਿਲਾਂ ਨਹੀਂ ਸੀ ਜਾਣਦਾ, ਹੁਣੇ ਜਾਣਿਆ। ਉਹ ਜੇ ਸਾਰੀਆਂ ਬੋਲੀਆਂ ਬੋਲਣ ਨੂੰ ਸਮਰੱਥ ਹੋ ਸਕਦੇ ਨੇ ਫੇਰ ਗੁਰੂ ਨਾਨਕ ਸਾਹਿਬ ਨੂੰ ਅਸੀਂ ਬਿਲਕੁਲ ਹੀ ਨਹੀਂ ਮੰਨਦੇ, ਕਿੱਡੀ ਵੱਡੀ ਭੁੱਲ ਹੈ ਸਾਡੇ ਵਿਚ, ਹਾਲਾਂਕਿ ਗੁਰੂ ਨਾਨਕ ਪਾਤਸ਼ਾਹ ਨੂੰ ਅਕਾਲ ਪੁਰਖ ਨੇ ਕਿਹਾ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਗੁਰੂ

ਪ੍ਰਮੇਸ਼ਰ, ਮੇਰਾ ਰੂਪ ਹੈਂ, ਗੁਰੂ ਹੈਂ, ਸੰਸਾਰ ਦਾ ਉਧਾਰ ਕਰਨ ਵਾਲਾ ਤੂੰਹੀਂ ਹੈ ਹੈ।

ਸੋ ਗੁਰੂ ਅੰਗਦ ਦੇਵ ਜੀ ਕਹਿਣ ਲੱਗੇ, ਉਨ੍ਹਾਂ ਨੂੰ ਤੁਸੀਂ ਕੀ ਜਾਣਿਆ?

ਭਾਈ ਬਾਲਾ ਜੀ ਕਹਿਣ ਲੱਗੇ, ਮਹਾਰਾਜ! ਉਹ ਤਾਂ ਪੂਰਨ ਸੰਤ ਸੀ।

ਆਪ ਨੇ ਕਿਹਾ ਕਿ ਚੰਗਾ ਭਾਈ, ਤੂੰ ਸੰਤ ਹੋਇਆ।

ਬਾਬਾ ਬੁੱਢਾ ਜੀ ਤੁਸੀਂ ਵੀ ਅੱਠ ਸਾਲ ਦੀ ਉਮਰ 'ਚ ਆ ਗਏ ਸੀ, ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਜਾਣਿਆ?

ਕਹਿੰਦੇ, ਮਹਾਰਾਜ ਪੂਰਨ ਬ੍ਰਹਮਗਿਆਨੀ ਸੀ।

ਕਹਿੰਦੇ, ਤੁਸੀਂ ਬ੍ਰਹਮਗਿਆਨੀ ਹੋਏ।

ਬਾਕੀਆਂ ਨੂੰ ਪੁੱਛਿਆ, ਆਪਣਾ-ਆਪਣਾ ਨੇਸ਼ਟਾ ਸਾਰਿਆਂ ਨੇ ਕਿਹਾ। ਅਖੀਰ ਸਾਰਿਆਂ ਨੇ ਪੁੱਛਿਆ ਕਿ ਪਾਤਸ਼ਾਹ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਿਆ? ਉਸ ਵੇਲੇ ਆਪ ਗੰਭੀਰ ਹੋ ਗਏ, ਨੇਤਰਾਂ ਦੇ ਕੋਇਆਂ 'ਚੋਂ ਦੋ ਕਤਰੇ ਹੇਠਾਂ ਨੂੰ ਵਗ ਪਏ। ਥੋੜ੍ਹੀ ਦੇਰ ਤੋਂ ਬਾਅਦ ਸਾਵਧਾਨ ਹੋ ਕੇ ਆਪ ਕਹਿਣ ਲੱਗੇ, ਪਿਆਰਿਓ! ਕਰੋੜਾਂ ਬ੍ਰਹਿਮੰਡਾਂ ਦਾ ਮਾਲਕ -

***ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥***

***ਅੰਗ - 1395***

ਗੁਰੂ ਦਾ ਰੂਪ ਹੋ ਕੇ ਪ੍ਰਗਟ ਹੋਇਆ। ਨਿਰੰਕਾਰ ਆਪ ਹੀ ਗੁਰੂ ਬਣ ਕੇ, ਗੁਰੂ ਜੋਤੀ ਸੀ ਨਿਰੰਕਾਰ। ਐਨੀ ਜਦ ਗੱਲ ਕਹੀ, ਸਾਰਿਆਂ ਨੇ ਨੇਤਰ ਬੰਦ ਕਰ ਲਏ, ਅਖੀਰ ਕਹਿਣ ਲੱਗੇ, ਪਾਤਸ਼ਾਹ! ਤੁਸੀਂ ਐਡੇ ਉੱਚੇ ਨਿਸ਼ਚੇ ਕਰਕੇ ਤਾਂਹੀ ਪ੍ਰਮੇਸ਼ਰ ਬਣ ਗਏ। ਸੋ ਇਹ ਨਿਸ਼ਚਾ ਹੈ, ਵਾਹਿਗੁਰੂ ਤਾਂ ਸਾਡੇ ਧਿਆਨ ਵਿਚ ਨਹੀਂ ਆਉਂਦਾ। ਗੁਰੂ ਤਾਂ ਧਿਆਨ 'ਚ ਆਉਂਦਾ ਹੈ। ਉਨ੍ਹਾਂ ਨੇ ਇਥੇ ਆ ਕੇ ਬਹੁਤ ਕੌਤਕ ਕੀਤੇ ਨੇ, ਪਿਆਰ ਕੀਤੇ ਨੇ, ਗੱਲਾਂ ਕੀਤੀਆਂ ਨੇ, ਬਾਣੀ ਰਚੀ ਹੈ, ਬਾਣੀ ਵਿਚੋਂ ਉਨ੍ਹਾਂ ਦਾ ਸੁਭਾਅ ਜਾਣ ਜਾਂਦੇ ਹਾਂ ਕਿ ਉਹ ਪਿਆਰ ਕਰਨ ਵਾਲੇ ਨੇ। ਭੁੱਲਾਂ ਬਖਸ਼ਣ ਵਾਲੇ ਨੇ। ਕੌੜਾ ਬੋਲਦੇ ਨਹੀਂ -

***ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥***
***ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥***

***ਅੰਗ - 784***

ਕੌੜਾ ਜਾਣਦਾ ਹੀ ਨਹੀਂ ਉਹ ਬੋਲਣਾ। ਕਿਸੇ ਨੂੰ ਕੁਛ ਕਹਿਣ ਜਾਣਦਾ ਹੀ ਨਹੀਂ, ਵੱਡੇ ਤੋਂ ਵੱਡਾ ਪਾਪੀ ਵੀ ਜਦੋਂ ਆ ਜਾਂਦਾ ਹੈ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***
***ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - 544***

ਉਹ ਵੀ ਦੀਵਾਰ ਟੁੱਟ ਜਾਂਦੀ ਹੈ ਕਿ ਮੈਂ ਪਾਪੀ ਹਾਂ, ਸੱਚੇ ਪਾਤਸ਼ਾਹ

ਮੈਂ ਪਾਪੀ ਹਾਂ। ਇਹ ਤਾਂ ਇਕ ਵੱਡੀ ਦੀਵਾਰ ਹੈ, ਜਦ ਹੁਣ ਤੇਰੀ ਚਰਨ ਸ਼ਰਨ ਆ ਗਿਆ, ਹੁਣ ਤਾਂ ਮੈਂ ਤੇਰਾ ਹੀ ਹਾਂ। ਤੇਰੇ ਚਰਨਾਂ 'ਚ ਆ ਕੇ ਹੁਣ ਕਿਹੜਾ ਪਾਪ ਰਹਿ ਗਿਆ। ਪਾਪਾਂ ਨੇ ਮੇਰੇ ਨਾਲ ਕਿੱਥੇ ਰਹਿਣਾ ਹੈ, ਤੇਰੀ ਸ਼ਰਨ 'ਚ ਆ ਕੇ ਨੱਠ ਗਏ ਸਾਰੇ ਪਾਪ।

ਸੋ ਇਸ ਤਰ੍ਹਾਂ ਦੀ ਮਨੋਬਿਰਤੀ ਜਦੋਂ ਅਸੀਂ ਬਣਾਉਂਦੇ ਹਾਂ – ***'ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥'*** ਅਸੀਂ ਫੇਰ ਜਦੋਂ ਨਾਮ ਜਪਦੇ ਹਾਂ ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ, ਸਾਕਾਰ ਰੂਪ ਗੁਰੂ ਹੈ। ਜਦੋਂ advanced (ਉਚੇਰੀ) ਸਾਡੀ ਸੁਰਤੀ ਪਹੁੰਚ ਜਾਏਗੀ, ਸਾਡੇ ਅੰਦਰ ਆਤਮ ਵਿਸ਼ੈਣੀ ਬੁੱਧੀ ਪ੍ਰਗਟ ਹੋ ਜਾਏਗੀ। ਫੇਰ ਇਹ ਜਿਹੜੀ ਬੁੱਧੀ ਹੈ ਇਹਨੂੰ ਅਸੀਂ surpass (ਪਾਰ) ਕਰ ਲਵਾਂਗੇ। ਉਸ ਵੇਲੇ ਗੁਰੂ ਦਾ ਜੋ ਅਸਲੀ ਨਿਰਗੁਣ ਸਰੂਪ ਹੈ, ਆਪਣੇ ਆਪ ਹੀ ਬਿਰਤੀ ਉਥੇ ਚਲੀ ਜਾਂਦੀ ਹੈ। ਲੇਕਿਨ ਉਥੇ ਤਕ ਲਿਜਾਣ ਵਾਸਤੇ ਜੋ ਸਾਧਨ ਗੁਰੂ ਮਹਾਰਾਜ ਨੇ ਦੱਸੇ ਨੇ ਕਿ ਨਾਮ ਜਪਣਾ, ਰਸਨਾ ਦੇ ਨਾਲ ਨਾਮ ਜਪਣਾ, ਸਵਾਸ ਦੇ ਨਾਲ ਜਪਣਾ, ਮਧਮਾ ਬਾਣੀ 'ਚ ਜਪਣਾ, ਪਸੰਤੀ ਬਾਣੀ 'ਚ ਜਪਣਾ, ਪਰਾ ਬਾਣੀ 'ਚ ਜਪਣਾ ਤੇ ਇਨ੍ਹਾਂ ਸਾਰਿਆਂ ਦੇ ਵਿਚੋਂ ਸਹਾਇਤਾ ਦੇਣ ਵਾਲੀ ਇਕ ਕਿਰਿਆ ਜਿਸ ਦੇ ਬਾਰੇ ਐਸਾ ਬਿਆਨ ਕੀਤਾ ਹੈ –

***ਧਾਰਨਾ – ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥***
***ਗੁਰ ਕੇ ਚਰਨ ਰਿਦੈ ਲੈ ਧਾਰਉ ॥***
***ਗੁਰੁ ਪਾਰਬ੍ਰਹਮੁ ਸਦਾ ਨਮਸਕਾਰਉ ॥ ਅੰਗ – 864***

ਜਦੋਂ ਗੁਰੂ ਦਾ ਵਜੂਦ ਅਸੀਂ ਅੰਦਰ ਲੈ ਆਉਂਦੇ ਹਾਂ ਤੇ ਉਸ ਵੇਲੇ ਪਵਿੱਤਰ ਵਜੂਦ ਸਾਰੇ ਬਾਕੀ ਦੇ ਵਜੂਦਾਂ ਨੂੰ ਕੱਢ ਦਿੰਦਾ ਹੈ ਅੰਦਰੋਂ। ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਇਹ ਤਾਂ ਬੁੱਤ ਪ੍ਰਸਤੀ ਹੈ। ਬੁੱਤਾਂ ਨੂੰ ਤਾਂ ਅਸੀਂ ਮੰਨਦੇ ਹੀ ਹਾਂ, ਮਾਇਆ ਕੀ ਹੈ ਬੁੱਤ ਹੈ, ਪੁੱਤਰ ਬੁੱਤ ਹੈ ਜੋ ਕੁਛ ਅਸੀਂ ਕਰਦੇ ਹਾਂ ਸਾਰਾ ਦਿਨ ਬੁੱਤ ਪ੍ਰਸਤੀ ਕਰਦੇ ਹਾਂ। ਗੁਰੂ ਦਾ ਸਰੀਰ ਬੁੱਤ ਨਹੀਂ, ਉਹ ਤਾਂ ਮਹਾਂ ਪਵਿੱਤਰ ਹਸਤੀ ਹੈ ਰੋਸ਼ਨੀ ਦੀ ਬਣੀ ਹੋਈ, ਨਿਰੇ ਗਿਆਨ ਦੀ ਬਣੀ ਹੋਈ। ਉਹ ਐਨੀ ਪਵਿੱਤਰ ਹੈ ਜਿੱਥੇ ਉਹ ਚਰਨ ਵੀ ਰੱਖ ਦੇਵੇ ਓਹੀ ਥਾਂ ਪੂਜਣ ਯੋਗ ਹੋ ਜਾਂਦਾ ਹੈ। ਉਹਨੂੰ ਬੁੱਤ ਕੌਣ ਕਹਿੰਦਾ ਹੈ, ਉਹ ਤਾਂ ਗੁਰੂ ਸਦਾ-ਸਦਾ ਜਾਗਦਾ ਹੈ –

***ਸਤਿਗੁਰੁ ਜਾਗਤਾ ਹੈ ਦੇਉ ॥ ਅੰਗ – 479***

ਕਿਤੇ ਅਲੋਪ ਹੁੰਦਾ ਹੈ ਗੁਰੂ। ਇਤਿਹਾਸ ਦੇ ਵਿਚ ਬੇਅੰਤ ਮਿਸਾਲਾਂ ਆਉਂਦੀਆਂ ਨੇ, ਦੇਵੀਦਾਸ ਨੇ ਧਿਆਨ ਧਰਿਆ ਗੁਰੂ ਦਾ, ਅੱਖਾਂ ਦੇ ਵਿਚ ਗਰਮ ਸਿਲਾਈਆਂ ਫਿਰੀਆਂ, ਧਿਆਨ ਧਰਿਆ ਹੋਇਆ ਸੀ ਗੁਰੂ ਕਲਗੀਧਰ ਪਾਤਸ਼ਾਹ ਦੇ ਚਰਨਾਂ ਦਾ। ਜਿਸ ਵਕਤ ਅੱਖਾਂ ਅੰਨ੍ਹੀਆਂ ਨਾ ਹੋਈਆਂ, ਉਥੇ ਮਹਾਰਾਜ ਕੋਲ ਆ ਗਿਆ ਆ ਕੇ ਪਤਾ ਲੱਗਿਆ ਕਿ

ਮਹਾਰਾਜ ਦੇ ਚਰਨਾਂ 'ਚ ਕੋਈ ਅਕਾਰਨ ਜ਼ਖਮ ਹੋ ਗਏ। ਪੱਟੀਆਂ ਬੰਨ੍ਹੀਆਂ ਹੋਈਆਂ ਨੇ। ਜਾ ਕੇ ਨਮਸ਼ਕਾਰ ਕਰਦਾ ਹੈ, ਪੁੱਛਦਾ ਹੈ ਕਿ ਪਾਤਸ਼ਾਹ! ਇਹ ਕੀ ਹੋਇਆ? ਆਪ ਨੇ ਫੁਰਮਾਇਆ ਕਿ ਪ੍ਰੇਮੀਆ! ਕਿਸੇ ਪ੍ਰੇਮੀ ਦੇ ਅੱਖਾਂ ਦੇ ਅੰਦਰ ਗਰਮ ਸਿਲਾਈਆਂ ਫਿਰਦੀਆਂ ਸੀ, ਉਸ ਨੇ ਸਾਡੇ ਚਰਨਾਂ ਦਾ ਧਿਆਨ ਧਰ ਲਿਆ।

ਹੁਣ ਇਸ ਤੋਂ ਜ਼ਿਆਦਾ ਕੀ ਹੋਏਗੀ ਗੱਲ।

ਗੁਰੂ ਛੇਵੇਂ ਪਾਤਸ਼ਾਹ ਲਹਿਰੇਗਾਗੇ ਬੈਠੇ ਨੇ, ਪੱਟੀ ਦੇ ਵਿਚੋਂ ਦੁਸ਼ਾਲੇ ਲੈ ਕੇ ਜਿਸ ਵਕਤ ਨਿਕਲ ਰਿਹਾ ਹੈ ਭਾਈ ਬਿਧੀ ਚੰਦ, ਭੱਠ ਵਿਚ ਛਾਲ ਮਾਰੀ ਉਹਨੇ। ਇਧਰ ਗੁਰੂ ਮਹਾਰਾਜ ਕਹਿੰਦੇ ਕਿ ਭਾਈ, ਜਲਦੀ ਲਿਆਓ ਮਸ਼ਕਾਂ ਪਾਣੀ ਦੀਆਂ ਭਰ ਕੇ, ਉਤੇ ਪੁਆਈ ਜਾਂਦੇ ਨੇ। ਉਹ ਠੰਡਾ ਤੇ ਇੱਧਰ ਤੱਤਾ।

ਸਵਾਮੀ ਵਿਵੇਕਾਨੰਦ ਇਕ ਦਰਿਆ ਦੇ ਕੰਢੇ ਬੈਠੇ ਨੇ। ਇਕ ਧੋਬੀ ਉਥੇ ਕੱਪੜੇ ਧੋਂਦਾ ਹੈ, ਉਹਦਾ ਧਿਆਨ ਐਨਾ ਵਿਵੇਕਾਨੰਦ 'ਚ ਆ ਗਿਆ, ਆਪਣੇ ਆਪ ਨੂੰ ਭੁੱਲ ਗਿਆ। ਐਨੇ ਨੂੰ ਉਹਦਾ ਕੋਈ ਦੁਸ਼ਮਣ ਆਇਆ, ਬੇ ਧਿਆਨਾ ਦੇਖ ਕੇ ਸੋਟੀਆਂ ਮਰਨ ਲਗ ਗਿਆ। ਸਵਾਮੀ ਜੀ ਦੌੜੇ ਹੀ ਗਏ, ਕਹਿੰਦੇ ਓਏ ਨਾ ਮਾਰ-ਨਾ ਮਾਰ।

ਕਹਿੰਦਾ, ਤੈਨੂੰ ਕੀ ਦੁਖ ਹੁੰਦਾ ਹੈ?

ਕਹਿੰਦੇ, ਮੇਰੀ ਪਿੱਠ ਤੋਂ ਕੱਪੜਾ ਚੁੱਕ ਕੇ ਦੇਖ।

ਜਦੋਂ ਕੱਪੜਾ ਚੁੱਕਿਆ ਤਾਂ ਸਾਰੀਆਂ ਸੋਟੀਆਂ ਦੇ ਨਿਸ਼ਾਨ ਉਨ੍ਹਾਂ ਦੀ ਪਿੱਠ 'ਤੇ ਪਏ ਹੋਏ ਨੇ।

ਸੋ ਸਾਧਸੰਗਤ ਜੀ! ਧਿਆਨ ਐਵੇਂ ਹੀ ਨਹੀਂ ਹੁੰਦਾ। ਕੱਛੂ ਅੰਡੇ ਦਿੰਦੀ ਹੈ ਬਾਹਰ, ਧਿਆਨ ਦੇ ਨਾਲ ਪਾਲ ਲੈਂਦੀ ਹੈ। ਸੋ ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ।

ਭਾਈ ਗੋਂਦੇ ਨੇ ਗੁਰੂ ਸੱਤਵੇਂ ਪਾਤਸ਼ਾਹ ਦੇ ਚਰਨਾਂ ਨੂੰ ਜੱਫਾ ਪਾ ਲਿਆ, ਮਹਾਰਾਜ ਚਾਰ ਵਜੇ ਤੱਕ ਬੈਠੇ ਰਹੇ।

ਸਿੱਖਾਂ ਨੇ ਪੁੱਛਿਆ, ਪਾਤਸ਼ਾਹ! ਅੱਜ ਆਪ ਉਠੇ ਨਹੀਂ, ਸਾਵਧਾਨ ਨਹੀਂ ਹੋਏ। ਕਹਿੰਦੇ, ਭਾਈ! ਕਾਬਲ ਦੇ ਅੰਦਰ ਭਾਈ ਗੋਂਦਾ ਅੱਜ ਨਦੀ ਦੇ ਕਿਨਾਰੇ ਬੈਠਾ, ਸਾਡੇ ਚਰਨਾਂ ਨੂੰ ਜੱਫਾ ਮਾਰ ਬੈਠਿਆ, ਇਕ ਰਸ ਸਮਾਧੀ ਲਾ ਕੇ। ਹੁਣ ਜੇ ਅਸੀਂ ਚਰਨ ਹਿਲਾਉਂਦੇ ਹਾਂ, ਤਾਂ ਉਹਦੀ ਸਮਾਧੀ ਟੁੱਟਦੀ ਹੈ। ਇਸ ਕਰਕੇ ਅਸੀਂ ਸਿੱਖ ਦੇ ਪਿਆਰ ਦੇ ਬੰਨ੍ਹੇ ਹੋਏ ਉਵੇਂ ਜਿਵੇਂ ਬੈਠੇ ਰਹੇ।

ਧਿਆਨ ਤਿੰਨ ਤਰ੍ਹਾਂ ਦੇ ਹੋਇਆ ਕਰਦੇ ਨੇ ਇਕ ਸੰਪਤ ਧਿਆਨ, ਦੂਜਾ ਪ੍ਰਤੀਕ ਧਿਆਨ, ਤੀਜਾ ਅਹੰਗ੍ਰਹਿ ਧਿਆਨ।

ਜਿਹੜੇ ਲੋਕ ਇਸ ਨੂੰ ਬੁੱਤ ਪ੍ਰਸਤੀ ਕਹਿੰਦੇ ਨੇ, ਉਨ੍ਹਾਂ ਨੂੰ ਪਤਾ ਨਹੀਂ ਹੈ। ਪੁੱਛ ਲੈਣ ਸਾਧੂਆਂ, ਸੰਤਾਂ ਨੂੰ ਕਿ ਧਿਆਨ ਕੀ ਹੁੰਦਾ ਹੈ। ਧਿਆਨ ਜਿਹੋ ਜਿਹੀ ਬੁੱਧੀ ਉਹੋ ਜਿਹਾ ਹੀ ਧਿਆਨ ਹੈ। ਸ਼ਬਦ ਦਾ ਵੀ ਧਿਆਨ ਹੁੰਦਾ ਹੈ, ਸਾਊਂਡ ਦਾ, ਜੋਤੀ ਦਾ ਵੀ ਧਿਆਨ ਹੁੰਦਾ ਹੈ, ਪਰ ਗੁਰੂ ਦਾ ਵੀ ਧਿਆਨ ਹੁੰਦਾ ਹੈ। ਇਹ ਸਾਨੂੰ ਛੇਤੀ ਦੇ ਕੇ ਵਾਹਿਗੁਰੂ ਦੇ ਨਾਲ ਨੇੜਤਾ ਪੁਆ ਦਿੰਦਾ ਹੈ ਪਰ ਗੁਰੂ ਛੇਵੇਂ ਪਾਤਸ਼ਾਹ ਦਾ ਧਿਆਨ ਤਾਂ ਕਿੱਡਾ ਵੱਡਾ ਧਿਆਨ ਹੈ।

ਸੋ ਆਪ ਅੰਮ੍ਰਿਤ ਵੇਲੇ ਉਠ ਕੇ ਨਦੀ ਦੇ ਕੰਢੇ ਬੈਠ ਜਾਂਦੇ ਨੇ, ਬੈਠੇ ਰਹਿੰਦੇ ਨੇ ਬਹੁਤ ਦੇਰ ਤੱਕ, ਗੰਗਾ ਦੀ ਬਰੇਤੀ ਦੇ ਉਤੇ। ਉਥੇ ਇਕ ਨਾਸਤਕ ਬੰਦਾ ਰੋਜ਼ ਆਉਂਦਾ ਹੈ। ਹਰ ਰੋਜ਼ ਆ ਕੇ ਦੇਖਦਾ ਹੈ ਕਿ ਆਹ ਬੰਦਾ ਇਥੇ ਹੀ ਬੈਠਾ ਰਹਿੰਦਾ ਹੈ। ਬੜਾ ਪਾਖੰਡ ਕਰਦਾ ਹੈ ਤੇ ਉਸ ਵੇਲੇ ਇਕ ਦਿਨ ਕੋਲ ਆਇਆ, ਆ ਕੇ ਮੋਢਾ ਹਿਲਾ ਕੇ ਕਹਿੰਦਾ ਕਿ ਓਏ ਤੂੰ ਇਥੇ ਕੀ ਬੈਠਾ ਰਹਿੰਦਾ ਹੈਂ, ਆਹ ਕੀ ਮੂੰਹ ਦੇ ਵਿਚ ਬੁੜ-ਬੁੜ ਕਰਦਾ ਹੈਂ? ਕਹਿੰਦੇ ਪਿਆਰਿਆ! ਮੈਂ ਆਪਣੇ ਮਾਲਕ ਦਾ ਨਾਉਂ ਲੈ ਰਿਹਾ ਹਾਂ। ਕਹਿੰਦਾ, ਕਿਉਂ ਲੈ ਰਿਹਾ ਹੈਂ? ਕਹਿੰਦੇ, ਇਥੇ ਚੋਰ ਬਹੁਤੇ ਨੇ। ਉਹ ਚੋਰ ਨੱਠ ਜਾਂਦੇ ਨੇ ਜਦੋਂ ਮੈਂ ਨਾਉਂ ਲੈਂਦਾ ਹਾਂ ਮਾਲਕ ਦਾ।

ਕਹਿੰਦਾ, ਕਿਹੜੇ ਚੋਰ ਨੇ?

ਕਹਿੰਦੇ, ਗਿਣਤੀ ਨਹੀਂ ਹੈ ਚੋਰਾਂ ਦੀ।

***ਧਾਰਨਾ - ਜੀਵ ਇਕ ਤੇ ਸ਼ਿਕਾਰੀ ਬਹੁਤੇ,***
***ਇਕੋ ਤੇਰੀ ਆਸ ਮਾਲਕਾ।***
***ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥***
***ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥***

***ਅੰਗ - 1384***

ਕਹਿੰਦੇ, ਗਿਣਤੀ ਮਿਣਤੀ ਨਹੀਂ ਹੈ ਚੋਰਾਂ ਦੀ। ਐਨੇ ਨੇ, ਭੁਲਾ ਰਹੇ, ਲੁੱਟ ਰਹੇ ਨੇ, ਇਹਨੂੰ ਖਾਣ ਤੱਕ ਤਿਆਰ ਹੋਏ-ਹੋਏ ਨੇ। ਕਿੰਨੇ ਭਿਆਨਕ ਨੇ। ਕਹਿੰਦੇ, ਮਾੜਿਆਂ-ਮਾੜਿਆ ਦਾ ਨਾਉਂ ਲਓ -

***ਜਹਾ ਕਾਮ ਤਹਾ ਨਾਮ ਨਹਿ ਜਹਾ ਨਾਮ ਨਹ ਕਾਮ।***

ਜਿਥੇ ਕਾਮ ਵਾਸ਼ਨਾ ਹੈ ਉਥੇ ਨਾਮ ਨਹੀਂ ਟਿਕਿਆ ਕਰਦਾ।

***ਦੋਨਹੁ ਕਬਹੂੰ ਨਾ ਮਿਲੇ ਰਵਿ ਰਜਨੀ ਇਕ ਠਾਮ।***

ਜਿਵੇਂ ਰਾਤ ਤੇ ਦਿਨ ਨਹੀਂ ਮਿਲਦਾ, ਇਸੇ ਤਰ੍ਹਾਂ ਕਾਮ ਤੇ ਨਾਮ ਨਹੀਂ ਮਿਲਿਆ ਕਰਦਾ।

***ਕਾਮ ਕ੍ਰੋਧ ਮਦ ਲੋਭ ਸੀ ਜਬ ਲਗ ਮਨ ਮਹਿ....***

ਜਿੰਨਾਂ ਚਿਰ ਕਾਮ ਦੀ, ਕ੍ਰੋਧ ਦੀ, ਲੋਭ ਦੀ, ਮੋਹ ਦੀ, ਹੰਕਾਰ, ਈਰਖਾ, ਨਿੰਦਿਆ, ਚੁਗਲੀ, ਤ੍ਰਿਸ਼ਨਾ, ਆਸ਼ਾ, ਅੰਦੇਸਾ ਦੀ ਖਾਨ ਅੰਦਰ ਹੈ, ਓਨੀਂ ਦੇਰ ਤੱਕ ਕਹਿੰਦੇ ਕੁਛ ਨਹੀਂ ਬਣਦਾ।

***ਤੁਲਸੀ ਪੰਡਤ ਮੂਰਖੇ ਦੋਨੋ ਏਕ ਸਮਾਨ।***

ਚਾਹੇ ਪੰਡਤ, ਪੜ੍ਹਿਆ ਵਿਦਵਾਨ ਹੈ ਇਕੋ ਜਿਹੇ ਨੇ-

***ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥***

***ਅੰਗ - 140***

ਸੋ ਕਹਿਣ ਲੱਗੇ, ਪਿਆਰਿਆ! ਇਹ ਬੜੇ ਖਤਰਨਾਕ ਨੇ।

ਇਕ ਮਹਾਤਮਾ ਸੀ, ਲੋਕ ਉਨ੍ਹਾਂ ਨੂੰ ਆ ਕੇ ਮਾਇਆ ਚਾੜ੍ਹ ਜਾਂਦੇ ਸੀ। ਮਾਈ ਲੈ ਕੇ ਜਾਂਦੀ ਹੁੰਦੀ ਸੀ ਪ੍ਰਸ਼ਾਦੇ ਤੇ ਮਨ ਵਿਚ ਲੋਭ ਆ ਗਿਆ ਕਿ ਸੰਤ ਫਲਾਣੇ ਥਾਂਉਂ ਰਖਦੇ ਨੇ ਮਾਇਆ। ਤੇ ਕਿਉਂ ਨਾ ਇਹ ਮਾਇਆ ਮੇਰੇ ਬੱਚਿਆਂ ਨੂੰ ਮਿਲ ਜਾਵੇ।

ਇਕ ਦਿਨ ਸੰਤ ਪ੍ਰਸ਼ਾਦਾ ਲੈਣ ਆਏ। ਮਾਈ ਨੇ ਬਹੁਤ ਵਧੀਆ ਪਰਾਉਂਠੇ ਲਾਹੇ। ਪਰਾਉਂਠੇ ਲਾਹ ਕੇ ਵਿਚ ਜ਼ਹਿਰ ਪਾ ਦਿਤੀ। ਉਹ ਲੈ ਕੇ ਚਲੇ ਗਏ। ਉਥੇ ਨੇੜੇ ਹੀ ਉਹਦੇ ਲੜਕੇ ਹਲ ਵਾਹੁੰਦੇ ਸੀ। ਦੋ ਲੜਕੇ ਸੀ ਤੇ ਪ੍ਰਸ਼ਾਦਾ ਆਇਆ ਨਾ। ਪ੍ਰਸ਼ਾਦਾ ਲੈ ਕੇ ਹਾਲੇ ਜਾਂਦੀ ਹੈ। ਏਧਰ ਲੜਕੇ ਜਿਹੜੇ ਨੇ ਉਨ੍ਹਾਂ ਨੇ ਕਿਹਾ ਕਿ ਬਾਬਾ ਜੀ ਕੋਲ ਚਲਦੇ ਹਾਂ, ਕੋਈ ਪ੍ਰਸ਼ਾਦਾ ਮਾੜਾ ਮੋਟਾ ਬਚਿਆ ਪਿਆ ਹੋਣਾ ਉਹ ਖਾ ਲੈਂਦੇ ਹਾਂ। ਕੁਦਰਤੀ ਸੰਤ ਇਸ਼ਨਾਨ ਕਰਨ ਚਲੇ ਗਏ, ਆਏ ਅਜੇ ਪ੍ਰਸ਼ਾਦਾ ਛਕਿਆ ਨਾ। ਲੜਕੇ ਕਹਿੰਦੇ, ਬਾਬਾ ਜੀ! ਅੱਜ ਪ੍ਰਸ਼ਾਦਾ ਨਹੀਂ ਆਇਆ ਘਰੋਂ। ਕਹਿੰਦੇ, ਕੋਈ ਨਾ, ਪਿਆਰਿਓ! ਆਹ ਪ੍ਰਸ਼ਾਦੇ ਮੈਂ ਲੈ ਕੇ ਆਇਆ ਹਾਂ ਤੁਹਾਡੀ ਮਾਤਾ ਤੋਂ, ਤੁਸੀਂ ਛਕ ਲਓ। ਉਹ ਦੋਹਾਂ ਨੇ ਛਕ ਲਏ, ਬਹੁਤ ਸਖਤ ਕਿਸਮ ਦੀ ਜ਼ਹਿਰ ਸੀ, ਦੋਵੇਂ ਮਰ ਗਏ। ਐਨੇ ਨੂੰ ਮਾਈ ਆ ਗਈ ਪ੍ਰਸ਼ਾਦਾ ਲੈ ਕੇ ਉਥੇ ਦੇਖਦੀ ਹੈ ਕਿ ਮੇਰੇ ਮੁੰਡੇ ਲੰਮੇ ਪਏ ਨੇ, ਸਾਧ ਤਾਂ ਉਵੇਂ ਹੀ ਜਿਉਂਦੇ ਦਾ ਜਿਉਂਦਾ ਬੈਠਾ ਹੈ। ਕਹਿੰਦੀ, ਬਾਬਾ ਜੀ! ਤੁਸੀਂ ਪ੍ਰਸ਼ਾਦਾ ਨਹੀਂ ਛਕਿਆ? ਕਹਿੰਦੇ, ਜਿਹੜਾ ਤੂੰ ਮੈਨੂੰ ਛਕਾਉਣਾ ਸੀ ਤੇਰੇ ਲੜਕਿਆਂ ਨੇ ਖਾ ਲਿਆ। ਲੱਗ ਗਈ ਰੋਣ ਉਥੇ ਹੀ।

ਕਹਿੰਦੇ, ਇਕ-ਇਕ ਚੋਰ ਐਡਾ ਜ਼ਬਰਦਸਤ ਹੈ, ਕਿਸੇ ਚੋਰ ਦੀ ਗੱਲ ਕਰ ਲਓ। ਐਨੇ ਤਕੜੇ ਨੇ ਇਨ੍ਹਾਂ ਨੂੰ ਕੋਈ ਜਿੱਤ ਨਹੀਂ ਸਕਦਾ। ਕਹਿੰਦੇ -

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***

***ਅੰਗ - 1288***

***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥ 1 ॥ ਰਹਾਉ ॥***
***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥***
***ਮੁਸਨਹਾਰ ਪੰਚ ਬਟਵਾਰੇ ॥***
***ਸੂਨੇ ਨਗਰਿ ਪਰੇ ਠਗਹਾਰੇ ॥ 2 ॥***

***ਉਨ ਤੇ ਰਾਖੈ ਬਾਪੁ ਨ ਮਾਈ ॥***
***ਉਨ ਤੇ ਰਾਖੈ ਮੀਤੁ ਨ ਭਾਈ ॥***
***ਦਰਬਿ ਸਿਆਣਪ ਨਾ ਓਇ ਰਹਤੇ ॥***
***ਸਾਧਸੰਗਿ ਓਇ ਦੁਸਟ ਵਸਿ ਹੋਤੇ ॥*** ***ਅੰਗ - 182***

ਸਾਧੂ ਦੀ ਸੰਗਤ ਮਿਲ ਜਾਵੇ ਤਾਂ, ਇਹ ਚੋਰ ਵਸ ਹੋ ਜਾਂਦੇ ਨੇ। ਕਹਿੰਦੇ ਪਿਆਰਿਆ! ਮੈਂ ਤਾਂ ਆਪਣੇ ਗੁਰੂ ਨੂੰ ਆਵਾਜ਼ ਮਾਰ ਰਿਹਾ ਹਾਂ। ਕਿਉਂਕਿ ਮੈਨੂੰ ਚੋਰਾਂ ਤੋਂ ਡਰ ਲਗਦਾ ਹੈ। ਕਹਿੰਦਾ, ਕਿਹੜੇ ਚੋਰ ਨੇ ਉਥੇ, ਮੂਰਖ ਬੰਦਾ ਸੀ, ਕਹਿੰਦੇ ਮੂਰਖ ਜਿਹੜਾ ਸੀ, ਉਹਦੇ ਨਾਲ ਕੀ ਗੱਲ ਕਰੇ। ਮੂਰਖ ਦੀਆਂ ਗੱਲਾਂ ਓਹੀ ਸੁਣੇ ਜਿਹੜਾ ਆਪ ਮੂਰਖ ਹੋਵੇ -

***ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ ॥***
***ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥***
***ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥***
***ਅੰਗ - 953***

ਉਹਦੇ 'ਚ ਅਭਿਮਾਨ ਹੁੰਦਾ ਹੈ ਹੱਦ ਤੋਂ ਜ਼ਿਆਦਾ।

***ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥*** ***ਅੰਗ - 953***

ਦੁਖ 'ਚ ਹੀ ਰਹਿੰਦਾ ਹੈ। ਸੋ ਉਸ ਵੇਲੇ ਕਹਿਣ ਲੱਗਿਆ, ਤੂੰ ਤਾਂ ਇਥੇ ਦੁਨੀਆਂ ਨੂੰ ਗੁਮਰਾਹ ਕਰ ਰਿਹਾ ਹੈਂ। ਮੈਂ ਤੈਨੂੰ ਬੜੇ ਦਿਨ ਦਾ ਦੇਖ ਰਿਹਾ ਹਾਂ।

ਕਹਿੰਦਾ, ਪਿਆਰਿਆ! ਮੈਂ ਤੇਰਾ ਤਾਂ ਕੁਛ ਨਹੀਂ ਵਿਗਾੜਦਾ।

ਕਹਿੰਦਾ, ਵਿਗਾੜਦਾ ਨਹੀਂ ਹੈ? ਨਾ ਡਰਦਾ ਤੂੰ ਮੇਰੇ ਤੋਂ। ਥੱਪੜ ਮਾਰਿਆ ਮੂੰਹ 'ਤੇ।

ਭਾਈ ਸਾਹਿਬ ਕਹਿਣ ਲੱਗੇ, ਕੋਈ ਨਾ ਪ੍ਰੇਮੀਆਂ! ਹੱਥ ਨੂੰ ਸੱਟ ਤਾਂ ਨਹੀਂ ਲੱਗੀ ਤੇਰੇ?

ਬਹੁਤ ਗਾਲ੍ਹਾਂ ਕੱਢੀਆਂ, ਫਿੱਕਾ ਬੋਲਿਆ।

ਕਿਉਂਕਿ ਸਾਧੂ ਦਾ ਸੁਭਾਅ ਇਹ ਹੈ ਕਿ ਬੁਰੇ ਦਾ ਬੁਰਾ ਨਹੀਂ ਲੋਚਦਾ -

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥*** ***ਅੰਗ - 259***

ਇਹ ਵਿਸ਼ੇਸ਼ਤਾ ਹੈ ਕਿ ਵੈਰ ਨਹੀਂ ਕਿਸੇ ਨਾਲ ਕਰਨਾ-

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ - 1382***

ਪਰ ਜਦ ਨਿਰਵੈਰਾਂ ਨਾਲ ਕੋਈ ਵੈਰ ਰਚਾਉਂਦਾ ਹੈ, ਤਾਂ ਉਹ ਆਪ ਅੰਦਰੋਂ ਖਾਲੀ ਹੋ ਜਾਂਦੇ ਹਨ ਅਤੇ ਕਿਸੇ ਤਰ੍ਹਾਂ ਦੀ ਬਦਲੇ ਦੀ ਭਾਵਨਾ ਨਹੀਂ ਰਖਦੇ। ਫੇਰ ਮਿੱਤਰਾਂ-ਮਿੱਤਰਾਂ ਦੀ ਲੜਾਈ ਹੋ ਜਾਂਦੀ ਹੈ।

ਇਕ ਮਹਾਤਮਾ ਸੀ ਉਹ ਜਾ ਰਹੇ ਨੇ ਆਰਾਮ ਨਾਲ, ਕੁਛ ਨਹੀਂ ਕਰਦੇ। ਇਕ ਵੇਸਵਾ ਦੇ ਦਰਵਾਜ਼ੇ ਦੇ ਅੱਗੇ ਬੰਦੇ ਖੜ੍ਹੇ ਨੇ। ਮੀਂਹ ਪਿਆ ਹੋਇਆ ਹੈ, ਚਿੱਕੜ ਬਹੁਤ ਹੈ, ਕਿਤੇ ਉਸ ਮਹਾਤਮਾ ਦਾ ਪੈਰ ਤਿਲਕ ਗਿਆ, ਛਿੱਟਾ ਵੇਸਵਾ ਦੇ ਕੱਪੜੇ 'ਤੇ ਪੈ ਗਿਆ ਮਾੜਾ ਜਿਹਾ। ਉਹਦੇ ਨਾਲ ਦਾ ਬੰਦਾ ਕਹਿਣ ਲੱਗਿਆ ਕਿ ਓ ਸਾਧਾ! ਤੈਨੂੰ ਸੁਰਤ ਨਹੀਂ ਹੈ? ਦੇਖ ਉਹਦਾ ਕੱਪੜਾ ਖਰਾਬ ਹੋ ਗਿਆ।

ਕਹਿੰਦੇ, ਪਿਆਰਿਆ! ਮੈਂ ਤਾਂ ਆਪ ਗਿਰ ਗਿਆ। ਜੇ ਗਲਤੀ ਹੈ ਤਾਂ ਮਾਫ ਕਰ ਦੇ।

ਕਹਿੰਦਾ, ਮਾਫ ਕਰ ਦੇ? ਜਾ ਕੇ ਲੱਤਾਂ ਮਾਰੀਆਂ, ਲੱਤਾਂ ਮਾਰਦੇ-ਮਾਰਦੇ, ਆਪ ਤਿਲਕ ਗਿਆ, ਤਿਲਕਦੇ ਦਾ ਲੱਕ ਕੋਲੋਂ ਪੱਟ ਟੁੱਟ ਗਿਆ। ਹਾਏ-ਹਾਏ ਕਰਨ ਲੱਗ ਗਿਆ। ਵੇਸਵਾ ਸਿਆਣੀ ਸੀ ਕਹਿੰਦੀ, ਸੰਤ ਜੀ ਕ੍ਰਿਪਾ ਕਰੋ-ਕ੍ਰਿਪਾ ਕਰੋ।

ਸੰਤ ਕਹਿੰਦੇ, ਬੀਬੀ! ਨਾ ਤੇਰਾ ਕਸੂਰ ਹੈ, ਨਾ ਮੇਰਾ ਕਸੂਰ ਹੈ, ਇਹ ਤਾਂ ਆਪਣੇ ਮਿੱਤਰਾਂ ਦੀ ਲੜਾਈ ਹੋ ਰਹੀ ਹੈ। ਮੇਰਾ ਮਿੱਤਰ ਵਾਹਿਗੁਰੂ ਹੈ, ਤੇਰਾ ਮਿੱਤਰ ਇਹ ਹੈ।

***ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***

***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥***

***ਅੰਗ - 306***

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ, ਸਰਹੱਦੀ ਸੂਬੇ ਦੇ ਅੰਦਰ ਜਿੱਥੇ ਪਠਾਣਾਂ ਦਾ ਬੜਾ ਹੀ ਜ਼ੋਰ ਸੀ, ਓਸ ਥਾਂ 'ਤੇ ਸੰਗਤਾਂ ਨੂੰ ਤਾਰ ਰਹੇ ਨੇ। ਇਕ ਪਿੰਡ ਅਕਾਰਨ ਹੀ ਉਨ੍ਹਾਂ ਦੇ ਨਾਲ ਵੈਰ ਕਰਦਾ ਸੀ, ਕੋਈ ਮਤਲਬ ਨਹੀਂ, ਸੰਗਤਾਂ ਲੰਘਦੀਆਂ ਸੀ, ਉਹ ਕਹਿੰਦੇ ਕਿ ਇਹ ਸਾਡੇ ਪਿੰਡ ਕੋਲ ਦੀ ਕਿਉਂ ਲੰਘਦੇ ਨੇ? ਕੁੱਤੇ ਬੜੇ ਜ਼ਹਿਰੀ ਰੱਖੇ ਹੋਏ ਸੀ ਉਨ੍ਹਾਂ ਨੇ। ਜਦੋਂ ਸੰਗਤ ਨੇ ਆਉਣਾ ਕੁੱਤੇ ਛੱਡ ਦੇਣੇ। ਨੱਠ-ਭੱਜ ਪੈ ਜਾਣੀ, ਮੁਕਾਬਲਾ ਹੱਥਾਂ ਨਾਲ ਹੀ ਕਰਦੇ ਸੀ। ਦੂਰੋਂ ਹੀ ਆਵਾਜ਼ਾਂ ਦਿੰਦੇ ਸੀ ਕਿ ਮੇਰੇ ਕੁੱਤੇ ਦੇ ਨਾ ਮਾਰੀ ਕੁਛ, ਨਹੀਂ ਤਾਂ ਬਹੁਤ ਬੁਰੀ ਹੋਊਗੀ। ਕੱਪੜੇ ਫਟ ਜਾਣੇ, ਖੂਨ ਚੱਲ ਪੈਣਾ, ਬਾਬਾ ਜੀ ਕੋਲ ਆਉਣਾ ਕਹਿਣਾ ਬਾਬਾ ਜੀ! ਬੜਾ ਦੁਖੀ ਕਰਦੇ ਨੇ ਇਹ। ਆਪ ਨੇ ਕਹਿਣਾ, ਕੋਈ ਨਾ ਭਾਈ -

***ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥***

***ਅੰਗ - 1373***

ਸੰਤ ਜਿਹੜਾ ਹੈ ਉਹ ਸੰਤਪੁਣਾ, ਸ਼ਾਂਤੀ ਨਹੀਂ ਛੱਡਿਆ ਕਰਦਾ। ਭਾਵੇਂ ਚੰਦਨ ਦਾ ਬਿਰਖ ਸੱਪਾਂ ਨੇ ਵੇੜਿਆ ਵੀ ਹੋਵੇ ਤਾਂ ਵੀ ਉਹ ਸੀਤਲਤਾ ਨਹੀਂ ਛੱਡਿਆ ਕਰਦਾ। ਕਹਿੰਦੇ, ਰਸਤਾ ਕਿੰਨੀ ਦੂਰ ਹੈ? ਕਹਿੰਦੇ, ਜੀ! ਮੀਲ-ਡੇਢ ਮੀਲ ਦਾ ਫਰਕ ਪੈਂਦਾ ਹੈ। ਕਹਿੰਦੇ, ਕੋਈ ਗੱਲ ਨਹੀਂ

ਹੈ, ਉਧਰੋਂ ਦੀ ਆ ਜਾਇਆ ਕਰੋਂ ਤੁਸੀਂ। ਉਥੋਂ ਦੀ ਜਾਣ ਲੱਗ ਗਏ, ਉਨ੍ਹਾਂ ਨੇ ਕਿਹਾ ਕਿ ਹੁਣ ਉਹ ਉਥੋਂ ਦੀ ਲੰਘਦੇ ਨੇ। ਇਹ ਹਟਾਉਣੇ ਨੇ, ਆਉਣ ਨਹੀਂ ਦੇਣੇ। ਉਥੇ ਜਾ ਕੇ ਕੁੱਤੇ ਛੱਡਣੇ ਸ਼ੁਰੂ ਕਰ ਦਿਤੇ।

ਕਹਿਣ ਲੱਗੇ, ਬਾਬਾ ਜੀ! ਹੁਣ ਤਾਂ ਉਥੇ ਵੀ ਪਹੁੰਚ ਗਏ।

ਬਾਬਾ ਜੀ ਕਹਿਣ ਲੱਗੇ, ਕੋਈ ਨਾ ਪਿਆਰਿਓ! ਹੁਣ ਵਾਹਿਗੁਰੂ ਜਾਣੇ, ਉਹ ਜਾਨਣ। ਆਪਾਂ ਚੁੱਪ ਕਰ ਰਹੋ। ਸੋ ਦਰਵੇਸ਼ ਦਾ ਕੀ ਹੁੰਦਾ ਹੈ, ਦਰਵੇਸ਼ ਤਾਂ ਹਾਰੇ ਹੋਏ ਪੱਲੜੇ ਵਿਚ ਹੀ ਰਹਿੰਦਾ ਹੁੰਦਾ ਹੈ।

ਐਸੀ ਕਰਨੀ ਹੋਈ ਪਿੰਡ ਵਿਚੋਂ ਰੋਜ਼ ਬੰਦੇ ਮਰਨੇ ਸ਼ੁਰੂ ਹੋ ਗਏ। ਦੋ ਮਰ ਜਾਣ, ਤਿੰਨ ਮਰ ਜਾਣ। ਮਹੀਨੇ ਦੇ ਅੰਦਰ-ਅੰਦਰ ਨਰ ਆਬਾਦੀ ਸਾਰੀ ਖਤਮ ਹੋ ਗਈ। ਇਕ ਬੱਚਾ ਰਹਿ ਗਿਆ ਸਾਲ ਕੁ ਦਾ। ਉਹ ਮਾਈ ਨੂੰ ਸੋਝੀ ਸੀ, ਲਿਆ ਕੇ ਬਾਬਿਆਂ ਦੇ ਚਰਨਾਂ 'ਤੇ ਰੱਖ ਦਿਤਾ। ਬਾਬਾ ਜੀ! ਪਿੰਡ ਦੀ ਜੜ੍ਹ ਰੱਖ ਲਓ। ਠੀਕ ਹੈ ਉਹ ਪਾਪ ਕਰਦੇ ਸੀ ਪਰ ਅਸੀਂ ਮਾਈਆਂ ਪਾਪ ਨਾਲ ਸਹਿਮਤ ਨਹੀਂ ਸੀਗੀਆਂ। ਅਸੀਂ ਬੁਰਾ ਮੰਨਦੀਆਂ ਸੀ, ਸਾਡਾ ਕਿਹਾ ਕੌਣ ਮੰਨਦਾ। ਕ੍ਰਿਪਾ ਕਰੋ, ਇਸ ਪਿੰਡ ਦੀ ਜੜ੍ਹ ਨਾ ਪੁੱਟੋ। ਕਹਿੰਦੇ, ਚੰਗਾ ਮਾਈ! ਜੜ੍ਹ ਰਹਿ ਜਾਏਗੀ ਤੁਹਾਡੀ, ਪਰ ਇਹਦਾ ਨਾਉਂ ਅੱਲਾ ਬਖਸ਼ ਰੱਖ ਲੈ। ਅੱਲਾਹ ਦਾ ਬਖਸ਼ਿਆ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਅਕਾਰਨ ਵੈਰ ਕਰਨ ਵਾਲੇ -

***ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥***

***ਅੰਗ - 306***

ਕਹਿੰਦੇ, ਪਚਣਾ ਪੈਂਦਾ ਹੈ ਉਨ੍ਹਾਂ ਨੂੰ। ਸੋ ਇਸ ਪ੍ਰੇਮੀ ਨੇ ਜਦੋਂ ਥੱਪੜ ਮਾਰਿਆ, ਬੇਇਜ਼ਤੀ ਕਰੀ, ਧੱਕੇ ਦਿਤੇ। ਕਹਿਣ ਲੱਗੇ, ਪਿਆਰਿਆ! ਮੈਂ ਤਾਂ ਹਾਂ ਹੀ ਬੁਰਾ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ - 1364***

ਸਰਬ ਸ਼ਕਤੀ ਸੰਪੰਨ ਹੁੰਦੇ ਹੋਏ ਇਕ ਵੀ ਬਚਨ ਮਾੜਾ ਨਹੀਂ ਕਿਹਾ। ਕਹਿੰਦੇ, ਕੋਈ ਨਾ, ਤੈਨੂੰ ਗੁਰੂ ਸੁਮੱਤ ਦੇਵੇ। ਤੈਨੂੰ ਵੀ ਸੋਝੀ ਦੇਵੇ ਗੁਰੂ। ਇਸ ਤਰ੍ਹਾਂ ਕਹਿ ਕੇ ਕਹਿਣ ਲੱਗੇ, ਚੰਗਾ ਮੈਂ ਕੱਲ੍ਹ ਤੋਂ ਨਹੀਂ ਇਥੇ ਆਉਂਦਾ, ਜੇ ਤੈਨੂੰ ਬੁਰਾ ਲਗਦਾ ਹਾਂ। ਮੈਂ ਕਿਤੇ ਹੋਰ ਚਲਿਆ ਜਾਇਆ ਕਰਾਂਗਾ। ਹੋਰ ਥਾਉਂ ਭਾਲ ਲਿਆ ਉਨ੍ਹਾਂ ਨੇ।

ਇਧਰਲੇ ਪਾਸੇ ਕੀ ਹੋਇਆ, ਸਰੀਰ ਗਲ ਗਿਆ ਉਹਦਾ। ਕੋਹੜ ਹੋ ਗਿਆ, ਹਰ ਵਕਤ ਹਾਏ-ਹਾਏ ਦੀ ਆਵਾਜ਼ ਆਉਂਦੀ ਹੈ। ਟੋਲ੍ਹਦਾ ਫਿਰਦਾ ਹੈ ਉਨ੍ਹਾਂ ਨੂੰ। ਉਹ ਲੱਭਦੇ ਨਹੀਂ ਪਤਾ ਨਹੀਂ ਕਿੱਥੇ ਚਲੇ ਗਏ। ਅਖੀਰ ਜਦੋਂ ਸਰੀਰ ਦਾ ਬਹੁਤ ਬੁਰਾ ਹਾਲ ਹੋ ਗਿਆ। ਕੱਢ ਦਿਤਾ ਸਾਰਿਆਂ ਨੇ, ਘਰਦਿਆਂ ਨੇ ਕੱਢ ਦਿਤਾ, ਦੂਸਰਿਆਂ ਨੇ ਵੀ ਦੂਰ ਕਰ ਦਿਤਾ। ਸੁਸਾਇਟੀ ਨੇ ਵੀ ਦੂਰ ਕਰ ਦਿਤਾ ਕਿ ਕੋਹੜ ਦਾ ਰੋਗ ਹੈ ਲਗ

ਜਾਏਗਾ। ਉਸ ਵੇਲੇ ਆਪਣੇ ਔਗੁਣ ਨੂੰ ਚਿਤਾਰਦਾ ਹੈ ਕਿ ਇਕ ਸਾਧੂ ਦੇ, ਇਕ ਭਲੇ ਲੋਕ ਦੇ ਅਹੰਕਾਰ 'ਚ ਆ ਕੇ ਮਾਰਿਆ। ਜੇ ਸਾਧੂਆਂ ਨਾਲ ਪਿਆਰ ਕਰਦਾ ਹੈ, ਗੁਰਸਿੱਖਾਂ ਨਾਲ ਕੋਈ ਪਿਆਰ ਕਰਦਾ ਹੈ ਮਹਾਰਾਜ ਕਹਿੰਦੇ –

***ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ***
***ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ ॥ ਅੰਗ – 317***

ਜਿਹੜਾ ਸਿੱਖਾਂ ਨੂੰ ਲੋਚਦਾ ਹੈ, ਉਹਦੇ ਪਿਆਰਿਆਂ ਨੂੰ, ਗੁਰੂ ਉਸ 'ਤੇ ਖੁਸ਼ੀ ਹੋ ਕੇ ਜੋ ਮੰਗਦੇ ਨੇ ਦੇ ਦਿਆ ਕਰਦਾ ਹੈ। ਜਿਹੜਾ ਉਨ੍ਹਾਂ ਨੂੰ ਤੰਗ ਕਰਦਾ ਹੈ ਉਹਦਾ ਉਲਟਾ ਅਸਰ ਹੋਇਆ ਕਰਦਾ ਹੈ। ਇਹ ਤਾਂ ਨਹੀਂ ਹੈ ਕਿ ਜਿੰਨੀ ਦੁਨੀਆਂ ਸਾਨੂੰ ਦਿਸਦੀ ਹੈ ਇਸ ਤੋਂ ਅੱਗੇ ਕੁਛ ਹੈ ਨਹੀਂ। ਗੈਬ ਦੇ ਵਿਚ ਬੇਅੰਤ ਦੁਨੀਆਂ ਹੈ ਜਿਹਨੂੰ ਅਸੀਂ ਜਾਣਦੇ ਨਹੀਂ। ਗੈਬ ਦੇ ਵਿਚ ਕੀ ਹੋ ਰਿਹਾ ਹੈ ਅਸੀਂ ਨਹੀਂ ਜਾਣਦੇ।

ਸੋ ਉਥੋਂ ਤਾਰ ਹਿਲੀ, ਕੋਹੜ ਕਰ ਦਿਤਾ, ਸਰੀਰ ਰੋਗੀ ਹੋ ਗਿਆ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥ ਅੰਗ – 135***

ਰੋਗ ਵਿਆਪ ਗਿਆ, ਹੁਣ ਕੋਈ ਨੇੜੇ ਨਹੀਂ ਆਉਂਦਾ। ਟੋਲ੍ਹਦਾ ਫਿਰਦਾ ਹੈ। ਅਖੀਰ ਇਕ ਦਿਨ ਫਿਰਦਾ-ਫਿਰਦਾ ਦੇਖਿਆ ਕਿ ਇਹ ਤਾਂ ਉਹੀ ਬੈਠਾ ਹੈ। ਉਸ ਵੇਲੇ ਜਾ ਕੇ ਰੋਂਦਾ ਹੈ ਉੱਚੀ-ਉੱਚੀ, ਚਰਨਾਂ 'ਤੇ ਢਹਿ ਪਿਆ, ਲੰਮਾ ਪੈ ਗਿਆ। ਕਹਿੰਦਾ, ਬਾਬਾ! ਮੈਨੂੰ ਬਖਸ਼ ਦੇ। ਮੈਂ ਬੜਾ ਬੁਰਾ ਕਰਿਆ ਤੇਰੇ ਨਾਲ। ਮੈਂ ਭੁੱਲਿਆ ਹੋਇਆ ਸੀ।

ਸੰਤ ਕਹਿੰਦੇ, ਕੋਈ ਨਾ ਪ੍ਰੇਮੀਆਂ! ਤੂੰ ਭੁੱਲਿਆ ਹੋਇਆ ਨਾ ਕਹਿ। ਤੂੰ ਤਾਂ ਬੜੀ ਸੋਝੀ ਵਾਲਾ ਸੀ, ਤੂੰ ਤਾਂ ਮੈਨੂੰ ਬੜੀ ਚੰਗੀ ਗੱਲ ਕਹੀ ਸੀ ਕਿ ਤੂੰ ਉਥੇ ਬੈਠਾ ਹੈਂ, ਲੋਕਾਂ ਨੂੰ ਚੰਗਾ ਨਹੀਂ ਲਗਦਾ, ਫੇਰ ਮੈਂ ਉਥੋਂ ਉਠ ਕੇ ਇਥੇ ਆ ਗਿਆ। ਬਾਕੀ ਤੂੰ ਮੈਨੂੰ ਸੁਮੱਤ ਵੀ ਦੇ ਦਿਤੀ ਤੇ ਮੈਂ ਤਾਂ ਤੇਰਾ ਭਲਾ ਹੀ ਮੰਗਦਾ ਹਾਂ।

***ਨਾਨਕ ਨਾਮ ਚੜ੍ਹਦੀ ਕਲਾ।***
***ਤੇਰੇ ਭਾਣੇ ਸਰਬੱਤ ਕਾ ਭਲਾ।***

ਗੁਰਮੁਖ ਕਦੇ ਵੀ ਬੁਰਾ ਨਹੀਂ ਮੰਗਦੇ। ਕਦੇ ਵੀ ਜਿਹੜਾ ਗੁਰਮੁਖ ਹੈ, ਸਾਧੂ ਹੈ, ਮਹਾਂਪੁਰਸ਼ ਹੈ ਉਹਦੇ ਚਰਿੱਤਰ ਵਿਚ ਇਹ ਚੀਜ਼ ਨਹੀਂ ਹੈ ਕਿ ਸੰਸਾਰ ਦਾ ਬੁਰਾ ਮੰਗੇ –

***ਧਾਰਨਾ – ਭਲਾ ਮੰਗਦੇ ਦੁਨੀਆਂ ਦਾ ਸਾਧੂ,***
***ਲੋਚਦੇ ਨਾ ਬੁਰਾ ਕਿਸੇ ਦਾ।***
***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ – 1382***
***ਬੁਰਿਆਂ ਨਾਲ ਬੁਰਿਆਈ ਕਰਦੇ ਮੁਆਫ ਕਰਨ ਕਈ ਸਿਆਣੇ।***

*ਬੁਰਿਆਂ ਨਾਲ ਭਲਿਆਈ ਕਰਨੀ ਇਹ ਗੁਰੂ ਨਾਨਕ ਜਾਣੇ।*

ਗੁਰੂ ਘਰ ਵਿਚ ਹੈ ਕਿ ਬੁਰਿਆਂ ਦਾ ਵੀ ਭਲਾ ਕਰਨਾ, ਸੱਚੇ ਦਿਲੋਂ ਕਹਿਣਾ - 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ'। ਕਿਉਂਕਿ ਐਸੀ ਕੁਆਲਿਟੀ ਹੈ-

*ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ ॥*
*ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ ॥ 1 ॥*
*ਮਨ ਮੇਰੇ ਰਾਮ ਰਉ ਨਿਤ ਨੀਤਿ ॥*
*ਦਇਆਲ ਦੇਵ ਕ੍ਰਿਪਾਲ ਗੋਬਿੰਦ ਸੁਨਿ ਸੰਤਨਾ ਕੀ ਰੀਤਿ ॥*

*ਅੰਗ - 1018*

ਦਰਖਤ ਨੂੰ ਕੱਟਦੇ ਨੇ ਕਿੰਨੇ ਕੰਮ ਕਰਦਾ ਹੈ, ਬਿਲਡਿੰਗਾਂ ਵਾਸਤੇ ਲੱਕੜ ਦਿੰਦਾ ਹੈ। ਖੜ੍ਹਾ ਹੈ ਤਾਂ ਛਾਂ ਦਿੰਦਾ ਹੈ, ਇੱਟਾਂ ਮਾਰਦੇ ਨੇ ਤਾਂ ਫਲ ਸੁੱਟਦਾ ਹੈ। ਕਹਿੰਦੇ, ਇਹ ਸਾਧੂਆਂ ਦਾ ਸੁਭਾਅ ਹੋਇਆ ਕਰਦਾ ਹੈ। ਜਿਵੇਂ ਬੇੜੀ ਬਣਾ ਲਈ, ਬੇੜੀ ਉਹਨੂੰ ਹੀ ਪਾਰ ਕਰ ਦਿੰਦੀ ਹੈ, ਕੱਟਣ ਵਾਲੇ ਨੂੰ। ਮਿੱਤਰ ਤੇ ਸ਼ਤਰੂ ਇਕ ਸਮਾਨ ਜਾਣਦੇ ਨੇ ਸਾਧੂ। ਦੋ ਨਹੀਂ ਇਨ੍ਹਾਂ ਲਈ ਹੋਇਆ ਕਰਦਾ।

ਭਾਈ ਘਨੱਈਏ ਨੂੰ ਪੁੱਛਿਆ ਕਿ ਭਾਈ ਘਨੱਈਆ! ਤੂੰ ਪਾਣੀ ਪਿਲਾਈ ਜਾਂਦਾ ਹੈਂ? ਤੂੰ ਖਾਲਸੇ ਨੂੰ ਪਾਣੀ ਨਹੀਂ ਪਿਲਾਉਂਦਾ ਤੇ ਤੁਰਕਾਂ ਨੂੰ ਪਿਲਾਈ ਜਾਂਦਾ ਹੈਂ?

ਕਹਿਣ ਲੱਗਿਆ, ਪਾਤਸ਼ਾਹ! -

ਤੁਰਕ ਅਤਰੁਕ ਨ ਦਿਸਦਾ ਮੈਨੂੰ।

ਮੈਨੂੰ ਤਾਂ ਦਿਸਣ ਤੋਂ ਹਟ ਗਿਆ, ਤੁਰਕ ਨਾ ਅਤੁਰਕ। ਮੈਂ ਤਾਂ ਤੈਨੂੰ ਪਾਣੀ ਪਿਲਾਉਂਦਾ ਹਾਂ, ਤੈਨੂੰ ਹੀ ਦੇਖਦਾ ਹਾਂ, ਤੇਰੀ ਹੀ ਆਵਾਜ਼ ਸੁਣਦਾ ਹਾਂ। ਮੇਰੇ ਨੇਤਰਾਂ ਨੂੰ ਦੂਸਰਾ ਦਿਸਣ ਤੋਂ ਹਟ ਗਿਆ, ਮੈਂ ਕਰਾਂ ਕੀ?

ਮਹਾਰਾਜ ਹੱਸੇ, ਹੱਸ ਕੇ ਬੁੱਕਲ 'ਚ ਲੈ ਲਿਆ। ਕਹਿੰਦੇ, ਨਿਹਾਲ! ਨਿਹਾਲ! ਨਿਹਾਲ ਘਨੱਈਆ। ਲੈ ਹੁਣ ਮੱਲ੍ਹਮ ਵੀ ਲੈ ਤੇ ਪੱਟੀਆਂ ਵੀ ਲੈ, ਲੋੜ ਪਈ ਤਾਂ ਮੇਰੇ ਲਾਈਂ।

ਕਿੱਡੀ ਵੱਡੀ ਗੱਲ ਹੈ, ਕਿੱਡਾ ਵੱਡਾ ਸਿਧਾਂਤ ਹੈ। ਜੇ ਦੁਨੀਆਂ ਦੇ ਵਿਚ ਇਹਨੂੰ ਪ੍ਰੈਕਟੀਕਲੀ ਕਰੀਏ ਤਾਂ ਕਿੱਥੇ ਚਲੀ ਜਾਵੇ। ਸੱਚਮੁੱਚ ਸਰਦਾਰ ਬਣ ਜਾਵੇ ਸਿੱਖ। ਲੇਕਿਨ ਜਦੋਂ ਵੈਰ ਭਾਵਨਾ 'ਚ ਆਉਂਦਾ ਹੈ, ਦੂਜੇ ਨੂੰ ਬੁਰਾ ਕਹਿੰਦਾ ਹੈ, ਮੰਦਾ ਚਿਤਵਦਾ ਹੈ, ਫੇਰ ਇਹ ਗੁਰਸਿੱਖੀ ਦੀ ਬਾਤ ਨਹੀਂ ਹੈ, ਮਨੁੱਖ ਦੀ ਬਾਤ ਹੈ। ਗੁਰੂ ਨਾਲੋਂ ਟੁੱਟ ਜਾਂਦਾ ਹੈ, ਪਿੱਠ ਕਰ ਲੈਂਦਾ ਹੈ ਉਸ ਵੱਲ।

ਸੋ ਉਸ ਵੇਲੇ ਕਹਿਣ ਲੱਗੇ, ਤੈਨੂੰ ਬੜਾ ਦੁਖ ਹੋਇਆ, ਮੈਂ ਤਾਂ ਪਿਆਰਿਆ! ਚਿਤਵਿਆ ਹੀ ਨਹੀਂ ਹੈ। ਮੈਂ ਤਾਂ ਅਰਦਾਸ ਕਰਦਾ ਹਾਂ,

ਆਹ ਤੈਨੂੰ ਕਾਹਨੂੰ ਹੋਣਾ ਸੀ, ਤੂੰ ਤਾਂ ਮੈਨੂੰ ਕੰਮ ਦੀ ਹੀ ਗੱਲ ਕਹੀ ਸੀ, ਮੈਂ ਇਥੇ ਆ ਗਿਆ, ਮੇਰੇ ਮਨ ਵਿਚ ਤਾਂ ਗੱਲ ਹੀ ਨਹੀਂ। ਵਾਹਿਗੁਰੂ ਭਲਾ ਕਰੇ ਤੇਰਾ।

ਉਸ ਵੇਲੇ ਕਹਿਣ ਲੱਗੇ ਜਦੋਂ ਬਹੁਤ ਹੀ ਨਿਮ੍ਰਤਾ ਨਾਲ ਗਿਰਿਆ ਕਿ ਹਾਂ ਗੁਰੂ ਨੇ ਇਕ ਦਵਾਈ ਦਿਤੀ ਹੋਈ ਹੈ। ਉਹ ਤੇਰੇ ਅੰਦਰ ਪਈ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥* *ਅੰਗ - 259*

ਇਹਨੂੰ ਜੇ ਸੰਜਮ ਦੇ ਨਾਲ ਵਰਤ ਲਵੇ ਤਾਂ ਇਹ ਦਵਾਈ ਸਾਰੇ ਰੋਗਾਂ ਨੂੰ ਦੂਰ ਕਰਨ ਦੀ ਸਮਰੱਥਾ ਰਖਦੀ ਹੈ -

*ਧਾਰਨਾ - ਤੇਰੇ ਸਾਰਿਆਂ ਦੁਖਾਂ ਦੀ ਹੈ ਦਾਰੂ,*
*ਇੱਕੋ ਨਾਮ ਵਾਹਿਗੁਰੂ ਦਾ।*
*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥* *ਅੰਗ- 274*

ਕਹਿੰਦੇ, ਪਿਆਰਿਆ! ਦਾਰੂ ਤੇਰੇ ਅੰਦਰ ਪਈ ਹੈ, ਦਸ ਮੈਂ ਦਿੰਦਾ ਹਾਂ। ਬਹਿ ਜਾ ਸਾਮ੍ਹਣੇ। ਬਹਿ ਗਿਆ। ਕਹਿੰਦੇ, ਤੂੰ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰੀ ਜਾ, ਦਵਾਈ ਤੱਕ ਪਹੁੰਚ ਜਾਏਂਗਾ, ਜਦੋਂ ਦਵਾਈ ਤੱਕ ਪਹੁੰਚ ਗਿਆ ਤੇਰਾ ਸਰੀਰ ਜਿਹੜਾ ਹੈ ਉਹ ਤੰਦਰੁਸਤ ਹੋ ਜਾਏਗਾ।

ਕਿਉਂਕਿ ਭੁੱਲਣ ਨਾਲ ਬੀਮਾਰ ਹੁੰਦਾ ਹੈ, ਯਾਦ ਦੇ ਨਾਲ ਰਾਜ਼ੀ ਹੁੰਦਾ ਹੈ। ਇਹ ਬੜੀ ਗਹਿਰੀ ਫਿਲਾਸਫੀ ਹੈ। ਬੜਾ ਵੱਡਾ ਸਿਧਾਂਤ ਹੈ, ਕਈ ਵਾਰੀ ਵਿਚਾਰ ਕਰੀ ਹੈ ਇਸ 'ਤੇ।

ਸੋ ਉਸ ਵੇਲੇ ਕਹਿਣ ਲੱਗਿਆ ਭਾਈ ਭਾਨਾ ਜੀ, ਮੈਂ ਤਾਂ ਭੁੱਲਿਆ ਹੀ ਰਿਹਾ ਹਾਂ। ਜਿਨ੍ਹਾਂ ਨੂੰ ਮੈਂ ਆਪਣੇ ਸਮਝਦਾ ਸੀ, ਉਹ ਤਾਂ ਸਾਰੇ ਬੇਗਾਨੇ ਹੋ ਗਏ। ਧੱਕੇ ਦੇ ਕੇ ਮੈਨੂੰ ਕੱਢ ਦਿਤਾ, ਉਸ ਸਮਾਜ ਨੇ। ਜੇ ਸਾਂਭਿਆ ਹੈ ਤਾਂ ਤੁਸੀਂ ਪਿਆਰ ਦੇ ਚਾਰ ਬਚਨ ਕਹੇ ਨੇ, ਤੇ ਮੈਨੂੰ ਰਾਹ ਪਾਇਆ ਹੈ।

ਸੋ ਉਸ ਵੇਲੇ ਉਹ ਵੀ ਅੰਮ੍ਰਿਤ ਵੇਲੇ ਆਉਂਦੇ ਨੇ, ਉਹ ਵੀ ਆਉਂਦਾ ਹੈ। ਥੋੜ੍ਹੇ ਦਿਨਾਂ ਦੇ ਅੰਦਰ ਰਾਜ਼ੀ ਹੋਣਾ ਹੀ ਸੀ ਕਿਉਂਕਿ ਪ੍ਰਮੇਸ਼ਰ ਦਾ ਨਾਮ ਦਾਰੂ ਹੈ।

ਸਮਾਂ ਲੰਘ ਗਿਆ ਤੇ ਹੋਰ ਸੰਗਤਾਂ ਸਮੇਤ ਜਦੋਂ ਗੁਰੂ ਛੇਵੇਂ ਪਾਤਸ਼ਾਹ ਕੋਲ ਆਉਂਦੇ ਨੇ। ਬਹੁਤ ਸੰਗਤ ਆ ਰਹੀ ਹੈ। ਮਹਾਰਾਜ ਜੀ ਨੇ ਵਿਸ਼ੇਸ਼ ਕਰਕੇ ਬੁਲਾਇਆ, ਭਾਈ ਭਾਨਾ! ਆਓ, ਲਿਆਓ ਉਸ ਪ੍ਰੇਮੀ ਨੂੰ। ਕਹਿਣ ਲੱਗੇ, ਭਾਈ ਭਾਨਾ! ਉਹ ਥੱਪੜ ਤੇਰੇ ਨਹੀਂ ਸੀ ਮਾਰਿਆ। ਉਹ ਮੇਰੇ

ਲੱਗਿਆ ਸੀ। ਕਿਉਂਕਿ ਗੁਰੂ ਦਾ ਸਿੱਖ ਗੁਰੂ ਨਾਲ ਇਕਮਿਕ ਹੋਇਆ ਹੁੰਦਾ ਹੈ।

ਪਾਤਸ਼ਾਹ! ਇਹਦੇ ਉਪਰ ਕ੍ਰਿਪਾ ਕਰੋ। ਨਾਮ ਧਰੀਕ ਸਿੱਖ ਹੋਇਆ, ਗੁਰੂ ਮਹਾਰਾਜ ਨੇ ਨਾਮ ਦੀ ਦਾਤ ਬਖਸ਼ੀ। ਸੋ ਇਸ ਤਰ੍ਹਾਂ ਗੁਰੂ ਦਾ ਜੋ ਸਿੱਖ ਹੈ ਉਹ ਇਸ ਮਾਇਆ ਦੇ ਵਿਚੋਂ ਨਿਕਲ ਕੇ ਸੱਚੇ ਰੰਗ ਦੇ ਵਿਚ ਰੰਗਿਆ ਜਾਂਦਾ ਹੈ। ਉਹ ਰੰਗ ਦੁਬਾਰਾ ਨਹੀਂ ਉਤਰਦਾ। ਥੱਪੜ ਮਾਰਿਆ ਰੰਗ ਨਹੀਂ ਉਤਰਿਆ। ਆਰਿਆਂ ਨਾਲ ਚੀਰ ਦਿਤੇ ਗਏ ਨਹੀਂ ਰੰਗ ਉਤਰਿਆ। ਦੇਗਾਂ 'ਚ ਉਬਾਲ ਦਿਤੇ, ਨਹੀਂ ਰੰਗ ਉਤਰਿਆ। ਕਿਸੇ ਦਾ ਬੁਰਾ ਮੰਗਿਆ ਹੀ ਨਹੀਂ।

ਗੁਰੂ ਪੰਜਵੇਂ ਪਾਤਸ਼ਾਹ ਜਦੋਂ ਤੱਤੀ ਤਵੀ 'ਤੇ ਬੈਠਣ ਲੱਗੇ, ਉਸ ਵੇਲੇ ਗੁਰਸਿੱਖਾਂ ਦੇ ਮਨ 'ਚ ਆਇਆ ਕਿ ਸ਼ਕਤੀ ਦੇ ਨਾਲ ਸ਼ਹਿਰ ਨੂੰ ਤਬਾਹ ਕਰ ਦੇਈਏ।

ਮਹਾਰਾਜ ਜੀ ਨੇ ਭਾਈ ਪ੍ਰਾਣਾ ਨੂੰ ਕਿਹਾ ਠਹਿਰ! ਭਾਈ ਪ੍ਰਾਣੇ ਇਹ ਕੀ ਕਰਦਾ ਹੈਂ? ਕੀਹਨੂੰ ਸਜ਼ਾ ਦੇਣ ਲੱਗਿਆ ਹੋਇਆ ਹੈਂ, ਇੱਥੇ ਵਾਹਿਗੁਰੂ ਤੋਂ ਬਗੈਰ ਹੈ ਕੋਈ ਹੋਰ? ਮੀਆਂ ਮੀਰ ਆ ਗਿਆ, ਗੋਰਖਨਾਥ ਆ ਗਿਆ, ਮਹਾਰਾਜ! ਜੇ ਤੁਸੀਂ ਨਹੀਂ ਇਹ ਗੱਲ ਕਰਨੀ ਅਸੀਂ ਕਰਦੇ ਹਾਂ। ਜੇ ਤੁਸੀਂ ਬਦਦੁਆ ਨਹੀਂ ਦਿੰਦੇ ਅਸੀਂ ਦਿੰਦੇ ਹਾਂ। ਇਹ ਸ਼ਹਿਰ ਕੀ ਰੱਖਣ ਵਾਲਾ ਹੈ, ਇਹ ਤਾਂ ਗਰਕ ਕਰਨ ਵਾਲਾ ਸ਼ਹਿਰ ਹੈ।

ਮਹਾਰਾਜ ਕਹਿੰਦੇ, ਗੋਰਖਨਾਥ! ਮੀਆਂਮੀਰ ਜੀ! ਇਥੇ ਪ੍ਰਮੇਸ਼ਰ ਤੋਂ ਬਿਨਾਂ ਹੋਰ ਹੈ ਨਹੀਂ ਕੋਈ। ਕੀਹਨੂੰ ਸਜ਼ਾ ਦੇ ਦੇਈਏ, ਇਥੇ ਤਾਂ ਆਪ ਹੀ ਪ੍ਰਮੇਸ਼ਰ ਹੈ, ਜਿੱਧਰ ਦੇਖਦੇ ਹਾਂ ਓਹੀ ਨਜ਼ਰ ਆਉਂਦਾ ਹੈ।

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥1 ॥*** ***ਅੰਗ- 407***

ਸੋ ਇਹ ਸੱਚਾ ਰੰਗ ਹੈ ਜੋ ਚੜ੍ਹਦਾ ਹੈ -

***ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥***
***ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥***
***ਅੰਗ- 808***

ਨਾ ਦਾਗ ਲਗਦਾ ਹੈ, ਚੜ੍ਹਦੀਆਂ ਕਲਾ 'ਚ ਰਹਿੰਦਾ ਹੈ, ਆਦਮੀ ਭੁੱਲਦਾ ਨਹੀਂ ਹੈ, ਰੰਗ ਲੱਗਿਆ ਹੁੰਦਾ ਹੈ, ਮਸਤੀ 'ਚ ਦਿਨ ਕੱਟਦਾ ਹੈ ਤੇ ਜਿਸ ਕੰਮ ਨੂੰ ਸੰਸਾਰ ਤੇ ਕਰਨ ਵਾਸਤੇ ਆਇਆ ਹੈ, ਉਹ ਪ੍ਰਾਪਤ ਕਰਕੇ, ਜਦੋਂ ਇਥੋਂ ਜਾਂਦਾ ਹੈ -

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 9

## ਬਹਿ ਲੇਖਾ ਕਰਿ ਸਮਝਾਇਆ॥
## (ਕਰਮਾਂ ਦਾ ਫਲ)

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਵਾਹਿਗੁਰੂ ਧੂੜੀ ਦੇ ਦੇ ਸਾਧੂਆਂ ਦੀ,*
*ਆਇਆ ਮੰਗਤਾ ਦੁਆਰੇ ਤੇਰੇ।*
*ਪ੍ਰਭ ਦਾਤਉ ਦਾਤਾਰ ਪਰਿਉ ਜਾਚਕੁ ਇਕੁ ਸਰਨਾ ॥*
*ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ ॥*
*ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ ॥*
*ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ ॥*
*ਬਲਿਓ ਚਰਾਗੁ ਅੰਧ੍ਯਾਰ ਮਹਿ*
*ਸਭ ਕਲਿ ਉਧਰੀ ਇਕ ਨਾਮ ਧਰਮ ॥*
*ਪ੍ਰਗਟੁ ਸਗਲ ਹਰਿ ਭਵਨ ਮਹਿ*
*ਜਨੁ ਨਾਨਕੁ ਗੁਰੁ ਪਾਰਬ੍ਰਹਮੁ ॥ 9 ॥ ਅੰਗ - 1387*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਦੇ ਅੰਦਰ ਹਾਜ਼ਰੀਆਂ ਭਰਨ ਵਾਸਤੇ, ਮਹੀਨੇ ਵਾਰੀ ਦੀਵਾਨ ਮੱਸਿਆ ਦਾ ਜੋ ਇਸ ਥਾਂ 'ਤੇ ਲਗਦਾ ਹੈ, ਸ਼ਰਧਾ ਅਤੇ ਪਿਆਰ ਨਾਲ ਇਥੇ ਪਹੁੰਚੇ ਹੋ। ਜਿੰਨੇ ਕਦਮ ਇਥੇ ਕੋਈ ਚੱਲ ਕੇ ਆਇਆ ਹੈ, ਓਨੇ ਕਦਮਾਂ ਦਾ ਫਲ, ਓਨੇ ਹੀ ਯੱਗਾਂ ਦਾ ਫਲ ਪ੍ਰਾਪਤ ਹੋਇਆ ਕਰਦਾ ਹੈ। ਜਿੰਨਾਂ ਚਿਰ ਆਪ ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਸਰਵਣ ਕਰੋਂਗੇ, ਬੇਅੰਤ ਫਲ ਪ੍ਰਾਪਤ ਹੋ ਜਾਂਦਾ ਹੈ। ਸੋ ਇਸ

ਸ਼ਬਦ ਦੇ ਅੰਦਰ ਗੁਰੂ ਮਹਾਰਾਜ ਨੇ ਸਾਨੂੰ ਜੁਗਤੀ ਦਸੀ ਹੈ ਕਿ ਪਿਆਰਿਓ! ਦੁਨੀਆਂ ਦੇ ਅੰਦਰ ਸਾਧੂਆਂ ਦੀ ਚਰਨ ਧੂੜ ਬੜੀ ਦੁਰਲੱਭ ਹੈ। ਇਹ ਮਿਲਿਆ ਨਹੀਂ ਕਰਦੀ ਕਿਸੇ ਤਰੀਕੇ ਨਾਲ ਵੀ। ਜੇ ਭਾਗ ਹੋਵੇ ਤਾਂ ਮੁੱਖ ਮਸਤਕ ਲਗਦੀ ਹੈ, ਨਹੀਂ ਤਾਂ ਨਹੀਂ ਲਗਦੀ। ਨਾ ਸਾਧੂ ਦੀ ਪਛਾਣ ਆਵੇ, ਸਾਧੂ ਦੇ ਕੋਲ ਰਹਿ ਕੇ ਸਾਧੂ ਦਾ ਨਹੀਂ ਪਤਾ ਲਗਦਾ, ਕਿਉਂਕਿ ਅਡੰਬਰ ਕੋਈ ਨਹੀਂ ਹੁੰਦਾ। ਸੋ ਔਖਾ ਹੈ ਇਹ ਕੰਮ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਦੇ ਪਾਸ ਸੰਗਤ ਆਈ ਦੂਰ ਤੋਂ, ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਦੂਰ-ਦਰਾਜ਼ ਰਹਿੰਦੇ ਹਾਂ, ਸਾਡੇ ਉਧਰਣ ਦਾ ਵੀ ਸਾਧਨ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, ਤੁਸੀਂ ਕੀ ਕਰਦੇ ਹੁੰਦੇ ਓ, ਹੁਣ ਤਕ ਕੀ ਕਰਦੇ ਓ। ਕਹਿਣ ਲੱਗੇ, ਸੱਚੇ ਪਾਤਸ਼ਾਹ! ਅਸੀਂ ਜੋ ਪ੍ਰਭੂ ਵਲੋਂ ਆਈਆਂ ਹੋਈਆਂ ਇਲਹਾਮ ਦੇ ਰਾਹੀਂ ਪੁਸਤਕਾਂ ਨੇ, ਚਾਹੇ ਵੇਦ ਨੇ, ਚਾਹੇ ਕੁਰਾਨ ਸ਼ਰੀਫ ਹੈ, ਚਾਹੇ ਕੋਈ ਹੋਰ ਗ੍ਰੰਥ ਹੈ, ਉਹ ਅਸੀਂ ਪੜ੍ਹਦੇ ਹਾਂ ਤਾਂ ਕਿ ਸਾਨੂੰ ਸਿੱਧਾ ਰਸਤਾ ਮਿਲ ਜਾਵੇ। ਦੂਸਰਾ ਉਨ੍ਹਾਂ ਦੇ ਅੰਦਰ ਜੋ ਕਰਮ ਤੇ ਧਰਮ ਲਿਖੇ ਨੇ, ਸੱਚੇ ਪਾਤਸ਼ਾਹ! ਉਹ ਅਸੀਂ ਸਾਰੇ ਕਰਦੇ ਹਾਂ। ਜਿਸ ਤਰ੍ਹਾਂ ਦਾ ਵੀ ਕਰਮ ਹੈ, ਅੱਜ ਕੀ ਦਿਨ ਹੈ, ਦੀਵਾਲੀ ਹੈ, ਅੱਜ ਕਿਸ ਕਿਸਮ ਦਾ ਕਰਮ ਹੈ, ਕੀ ਖਾਣਾ ਚਾਹੀਦਾ ਹੈ, ਕਿਸ ਤਰ੍ਹਾਂ ਦੇ ਨਾਲ ਦਿਨ ਲੰਘਾਉਣਾ ਚਾਹੀਦਾ ਹੈ। ਸਾਰੇ ਲਿਖੇ ਹੋਏ ਨੇ ਉਨ੍ਹਾਂ ਪੁਸਤਕਾਂ ਦੇ ਅੰਦਰ, ਬੁਜ਼ਰਗ ਆ ਗਿਆ ਤਾਂ ਉਹਦੇ ਨਾਲ ਕਿਵੇਂ ਵਰਤਣਾ ਹੈ। ਕੀ ਸਾਡਾ ਧਰਮ ਹੈ, ਕਿਸ ਤਰ੍ਹਾਂ ਉਹਦੀ ਸੇਵਾ ਕਰਨੀ ਹੈ। ਹਰ ਚੀਜ਼ ਨੂੰ ਕਰਨ ਦਾ ਧਰਮ ਲਿਖਿਆ ਹੋਇਆ ਹੈ। ਕਿਹੜਾ ਕਰਮ ਕਰਨਾ ਹੈ ਹੁਣ। ਤਿੱਥਾਂ ਦੇ ਵਿਚ ਵੀ ਹੈ ਕਿ ਅੱਜ ਦਸਮੀਂ ਹੈ, ਦਸਮੀਂ ਦਾ ਅੱਜ ਵਰਤ ਰੱਖਣਾ ਹੈ, ਇਕਾਦਸ਼ੀ ਦਾ ਵਰਤ ਰੱਖਣਾ ਹੈ। ਦੁਆਦਸ਼ੀ 'ਚ ਜਾ ਕੇ ਕਿਵੇਂ ਪ੍ਰਹਾਰਨੈ। ਕੋਈ ਚੀਜ਼ ਨਹੀਂ ਖਾਣੀ ਪੀਣੀ, ਨਿਰਜਲਾ ਇਕਾਦਸ਼ੀ ਆ ਗਈ, ਪਾਣੀ ਨਹੀਂ ਪੀਣਾ)। ਇਸੇ ਤਰ੍ਹਾਂ ਜਿਸ ਤਰ੍ਹਾਂ ਦੇ ਵੀ ਕਰਮ ਦੱਸੇ ਨੇ। ਮੱਸਿਆ ਆ ਗਈ ਉਸ ਵਿਚ ਕੀ ਕਰਮ ਕਰਨਾ ਹੈ, ਪੂਰਨਮਾਸ਼ੀ ਆ ਗਈ ਕਿਸ ਤਰ੍ਹਾਂ ਵਰਤ ਰੱਖਣਾ ਹੈ। ਕਿਵੇਂ ਸਾਧਨ ਕਰਨੇ ਨੇ, ਸੱਚੇ ਪਾਤਸ਼ਾਹ ਉਹ ਵੀ ਅਸੀਂ ਕਰਦੇ ਹਾਂ। ਫੇਰ ਤੀਰਥਾਂ ਦੀ ਬੜੀ ਮਹਿਮਾ ਹੈ, ਉਹਦੇ ਅੰਦਰ। ਤੀਰਥਾਂ ਦੇ ਉਤੇ ਲਿਖਿਆ ਹੋਇਆ ਹੈ, ਸਤਿਪੁਰਸ਼ਾਂ ਨੇ ਕਿ ਗੰਗਾ ਜੀ ਦੇ ਇਸ਼ਨਾਨ ਦੇ ਨਾਲ ਐਨੇ ਪਾਪਾਂ ਦਾ ਖਾਤਮਾ ਹੁੰਦਾ ਹੈ। ਬਦਰੀ ਦੇ ਵਿਚ ਇਸ਼ਨਾਨ ਕਰਨ ਨਾਲ, ਪ੍ਰਾਗਨਾਥ 'ਚ ਜਾਣ ਤੇ ਹੋਰ ਕੇਦਾਰਨਾਥ ਵਗੈਰਾ ਜਾਣ ਨਾਲ, ਕਾਂਸ਼ੀ ਵਗੈਰਾ ਉਨ੍ਹਾਂ ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਦੇ ਨਾਲ ਕਿਹੜੇ-ਕਿਹੜੇ, ਫਲ ਪ੍ਰਾਪਤ ਹੁੰਦੇ ਨੇ, ਕਿਹੜਾ-ਕਿਹੜਾ ਪਾਪ ਨਾਸ਼ ਹੁੰਦਾ ਹੈ ਤੇ ਉਨ੍ਹਾਂ ਦੇ ਵਿਚ ਐਸੇ ਦਰਿਆ ਵੀ ਹੈਗੇ ਜਿੱਥੇ ਕੀਤੇ ਹੋਏ ਪੁੰਨਾਂ ਦਾ ਨਾਸ਼ ਹੋ ਜਾਂਦਾ ਹੈ। ਜੇ ਗਲਤੀ ਨਾਲ ਉਨ੍ਹਾਂ 'ਚ ਇਸ਼ਨਾਨ ਕਰ ਲਵੇ। ਕਈ ਐਸੇ ਨੇ ਜਿਨ੍ਹਾਂ ਦੇ ਅੰਦਰ ਪਾਪ ਨਾਸ਼ ਕਰਨ ਦੀ ਸ਼ਕਤੀ ਹੁੰਦੀ ਹੈ। ਉਹ ਵੀ ਅਸੀਂ ਮਹਾਰਾਜ ਕਰਦੇ ਹਾਂ, ਪਰ ਮਨ ਨੂੰ ਸ਼ਾਂਤੀ ਨਹੀਂ ਆਉਂਦੀ ਹੈ। ਮਨ ਸ਼ਾਂਤ ਨਹੀਂ

ਹੁੰਦਾ।

ਗੁਰੂ ਮਹਾਰਾਜ ਕਹਿਣ ਲੱਗੇ ਪਿਆਰਿਓ! ਇਹ ਜੋ ਕਰਦੇ ਹੋ ਕਰਮ ਤੇ ਧਰਮ, ਇਹਦੇ ਪੁੰਨ ਕਰਦੇ ਹੋ, ਦਾਨ ਕਰਦੇ ਹੋ, ਵਰਤ ਰਖਦੇ ਹੋ ਇਹ ਸਾਰੇ ਜਿਸ ਰਸਤੇ ਵੀ ਕਰਮ ਧਰਮ ਵਾਲਾ ਬੰਦਾ ਹੈ, ਉਹ ਰਸਤਾ ਲੰਮਾ ਰਸਤਾ ਹੈ ਉਥੇ ਜਮਦੂਤਾਂ ਨਾਲ ਵਾਹ ਪੈਂਦਾ ਹੈ। ਜਿਵੇਂ ਟੋਲ ਟੈਕਸ ਹੁੰਦੇ ਨੇ ਸੜਕ ਦੇ ਉਤੇ ਕਿ ਇਥੋਂ ਲੰਘਣਾ ਹੈ ਕਿ ਐਨੇ ਪੈਸੇ ਇਹਦੇ ਵਿਚ ਪਾਵੋ, ਐਨਾ ਟੈਕਸ ਦਿਓ। ਇਸ ਤੋਂ ਅੱਗੇ ਲੰਘਣਾ ਹੈ ਤਾਂ ਐਨਾ ਟੈਕਸ ਦਿਓ। ਸੜਕਾਂ ਦੇ ਉਤੇ ਜਿਵੇਂ ਟੈਕਸ ਲੱਗੇ ਹੁੰਦੇ ਨੇ, ਹੁਣ ਲੰਘਣ ਨਹੀਂ ਦਿੰਦੇ ਨੇ ਜਦੋਂ ਤੱਕ ਟੈਕਸ ਨਾ ਦੇਵੋ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਇਹ ਜਿਹੜਾ ਜਮਪੁਰੀ ਨੂੰ ਰਸਤਾ ਜਾਂਦਾ ਹੈ। ਇਹਦੇ ਉਤੇ ਟੋਲ ਟੈਕਸ ਹੁੰਦੇ ਨੇ। 21 ਪੁਰੀਆਂ ਨੇ ਇਹਦੇ ਉਤੇ, ਲੰਮਾ ਰਸਤਾ ਹੈ। ਇਸ ਰਸਤੇ ਦੇ ਉਤੇ ਪਾਪ ਕਰਨ ਵਾਲੇ ਤੇ ਪੁੰਨ ਕਰਨ ਵਾਲੇ, ਦੋਹਾਂ ਨੂੰ ਜਾਣਾ ਪੈਂਦਾ ਹੈ। ਕਿਉਂਕਿ ਧਰਮਰਾਜ ਦੀ ਜਿਹੜੀ ਦਰਗਾਹ ਹੈ ਉਹ ਇਸੇ ਰਸਤੇ ਚੱਲ ਕੇ ਆਉਂਦੀ ਹੈ -

***ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ ॥***

***ਅੰਗ - 1414***

ਪਾਪ ਕਰਨ ਵਾਲਿਆਂ ਨੇ ਤਾਂ ਜਾਣਾ ਹੀ ਜਾਣਾ ਹੈ, ਉਨ੍ਹਾਂ ਨੂੰ ਖਿੱਚ ਕੇ ਲੈ ਜਾਂਦੇ ਨੇ, ਧੂਹ ਕੇ ਲੈ ਜਾਂਦੇ ਨੇ। ਪਰ ਪੁੰਨ ਕਰਨ ਵਾਲਿਆਂ ਨੂੰ ਵੀ ਜਾਣਾ ਪੈਂਦਾ ਹੈ। ਕਹਿੰਦੇ ਜਦੋਂ ਜੀਵ ਇਥੋਂ ਚਲਦਾ ਹੈ, ਪੁੰਨ ਕੀਤੇ ਹੋਏ ਨੇ। ਉਸ ਵੇਲੇ ਉਹ ਟੈਕਸ ਮੰਗਦੇ ਨੇ, ਬੜੇ ਭਾਰੀ ਟੈਕਸ ਨੇ, ਵੱਡੇ ਟੈਕਸ ਨੇ। ਉਹ ਛੋਟੇ-ਛੋਟੇ ਕੀਤੇ ਹੋਏ ਕਿੰਨੇ ਹੀ ਪੁੰਨ, ਸੈਂਕੜਿਆਂ ਦੀ ਤਾਦਾਦ 'ਚ ਉਹਦਾ ਸਿੱਕਾ ਬਣ ਕੇ ਟੈਕਸ ਦੇ ਹੁੰਦਾ ਹੈ। ਐਨਾ ਤਾਂ ਕਰ ਨਹੀਂ ਸਕਦਾ ਕਿ ਸਾਰੀ ਜ਼ਿੰਦਗੀ ਪੁੰਨਾਂ ਨਾਲ ਭਰੀ ਹੋਵੇ, ਪਾਪ ਕਰਦਾ ਹੈ, ਈਰਖਾ ਕਰਦਾ ਹੈ, ਨਿੰਦਿਆ ਕਰਦਾ ਹੈ, ਚੁਗਲੀ ਕਰਦਾ ਹੈ, ਦ੍ਵੈਸ਼ ਕਰਦਾ ਹੈ, ਫਿੱਕਾ ਬੋਲਦਾ ਹੈ, ਪਾਪਾਂ ਦੇ ਨਾਲ ਇਹ ਪੁੰਨ ਕਟ ਜਾਇਆ ਕਰਦੇ ਨੇ। ਕੱਟ ਕੇ ਥੋੜ੍ਹੇ ਜਿਹੇ ਬਚਦੇ ਨੇ, ਬਾਕੀ ਜਿਹੜੇ ਨੇ ਉਹ ਕਟ ਜਾਂਦੇ ਨੇ। ਉਹ ਫੇਰ ਜਦ ਇਸ ਰਸਤੇ ਪੈਂਦਾ ਹੈ, ਸਵਰਗ ਤੇ ਨਰਕ ਦਾ ਰਸਤਾ ਇਹੀ ਹੈ, ਉਹ ਟੈਕਸ ਮੰਗਣਾ ਸ਼ੁਰੂ ਕਰ ਦਿੰਦੇ ਨੇ -

***ਜਿਹ ਪੈਡੈ ਮਹਾ ਅੰਧ ਗੁਬਾਰਾ ॥*** ***ਅੰਗ - 264***

ਜਿੱਥੋਂ ਅੰਧ ਗੁਬਾਰ ਆ ਜਾਣਾ ਹੈ, ਉਥੋਂ ਜੀਵ ਨਹੀਂ ਲੰਘ ਸਕਦਾ, ਨਾ ਪੁੰਨੀ ਤੋਂ ਲੰਘ ਹੋਣਾ ਹੈ, ਪਾਪੀ ਨੇ ਤਾਂ ਲੰਘਣਾ ਹੀ ਕੀ ਹੈ। ਉਹ ਫੇਰ ਪੁੰਨੀ ਨੂੰ ਕਹਿੰਦੇ ਨੇ ਕਿ ਦੇਖੋ ਜੀ ਇਸ ਰਸਤੇ 'ਤੇ ਲੰਘਣਾ ਤਾਂ ਹੈ, ਗੁਬਾਰ ਦੇ ਵਿਚੀਂ, ਪਰ ਚਾਨਣਾ ਤੁਹਾਡੇ ਕੋਲ ਓਨਾਂ ਹੀ ਹੋਏਗਾ, ਜਿੰਨਾਂ ਤੁਸੀਂ ਇਥੇ ਪੁੰਨ ਦੇ ਦੇਵੋਂਗੇ। ਸੋ ਉਸ ਥਾਂ 'ਤੇ ਗਿਣਿਆ ਜਾਂਦਾ ਹੈ ਕਿ ਐਨਾ ਪੁੰਨ ਦੇ। ਛੋਟੇ-ਛੋਟੇ ਵੀਹ, ਤੀਹ, ਪੰਜਾਹ ਪੁੰਨ ਕੀਤੇ ਹੋਏ ਉਥੇ ਇਕੋ ਹੀ ਟੈਕਸ ਦੇ ਨਾਲ ਦੇਣੇ ਪੈਂਦੇ ਨੇ। ਫੇਰ ਜੀਵ ਅੱਗੇ ਲੰਘਦਾ ਹੈ,

ਫੇਰ ਅਗਲੀ ਪੁਰੀ ਆ ਜਾਂਦੀ ਹੈ, ਉਹ ਉਸ ਤੋਂ ਵੀ ਭਿਆਨਕ ਹੈ –

*ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਅੰਗ – 264*

ਹੱਦ ਤੋਂ ਜ਼ਿਆਦਾ ਗਰਮੀ ਦੀ। ਜੀਵ ਜਾਂਦਾ ਹੀ ਫੁੜਕਣ ਲਗ ਜਾਂਦਾ ਹੈ। ਜਿਹੋ ਜਿਹੀ ਸੂਖਸ਼ਮ ਦੇਹ ਹੈ ਉਸਦੀ, ਉਹੋ ਜਿਹੀ ਹੀ ਸੂਖਸ਼ਮ ਗਰਮੀ ਹੈ ਉਥੇ ਤੇ ਉਸ ਵੇਲੇ ਕਹਿੰਦਾ ਹੈ ਕਿ ਮੇਰੇ ਤੋਂ ਤਾਂ ਇਥੋਂ ਲੰਘ ਨਹੀਂ ਹੋਣਾ। ਉਹ ਕਹਿੰਦੇ, ਕੋਈ ਪੁੰਨ, ਦਾਨ ਦੇ। ਕਿੰਨੇ ਕੁ ਪੁੰਨ ਕਰੇ ਨੇ ਤੂੰ ਜ਼ਿੰਦਗੀ ਦੇ ਅੰਦਰ? ਕਿਤੇ ਛਾਂ ਵਾਸਤੇ ਦਰਖਤ ਲਗਵਾਏ ਹੋਣ? ਲਵਾਏ ਨੇ? ਕਹਿੰਦਾ, ਨਾ ਜੀ ਪੁੱਟੇ ਤਾਂ ਹੈਗੇ, ਲਗਵਾਏ ਤਾਂ ਹੈ ਨਹੀਂ। ਕੋਈ ਨਲਕਾ ਲਾਇਆ ਹੋਵੇ? ਨਲਕਾ ਲਾ ਦਿੰਦੇ ਨੇ ਪ੍ਰੇਮੀ, ਲੋਕ ਲਾਹ ਕੇ ਹੀ ਲੈ ਜਾਂਦੇ ਨੇ ਉਤੋਂ ਮਸ਼ੀਨ। ਕਹਿੰਦੇ, ਪਿਆਸਿਆਂ ਨੂੰ ਪਿਲਾਉਣ ਵਾਸਤੇ ਬਰਤਨ ਰੱਖਿਆ ਹੋਵੇ, ਕਿਤੇ ਜੰਗਲੀ ਜਾਨਵਰਾਂ ਦੇ ਪੀਣ ਵਾਸਤੇ ਕੋਈ ਪਾਣੀ ਦਾ ਪ੍ਰਬੰਧ ਕੀਤਾ ਹੋਵੇ। ਬੰਦਿਆਂ ਨੂੰ, ਰਾਹੀਆਂ ਨੂੰ ਪਾਣੀ ਪਿਲਾਉਣ ਦਾ ਕੋਈ ਬੰਦੋਬਸਤ ਕੀਤਾ ਹੋਵੇ। ਕੋਈ ਹੋਰ ਛਾਂ ਵਾਲੇ ਕੰਮ ਕੀਤੇ ਹੋਣ, ਉਹ ਦੇ-ਦੇ ਤੇਰੇ ਉਤੇ ਛਾਂ ਹੋ ਜਾਏਗੀ। ਉਸ ਵੇਲੇ ਪੁੰਨਾਂ ਦੀ ਗਿਣਤੀ ਹੁੰਦੀ ਹੈ, ਪੁੰਨ ਉਹਦੇ ਬਦਲੇ ਲੈ ਲਏ ਜਾਂਦੇ ਨੇ। ਜੀਵ ਲੰਘ ਜਾਂਦਾ ਹੈ, ਜੇ ਪੁੰਨ ਘੱਟ ਹੋਣ, ਫੇਰ ਨਹੀਂ ਲੰਘਦਾ, ਫੇਰ ਰਾਹ ਵਿਚ ਹੀ ਫੇਰ ਓਹੀ ਹਾਲ ਹੋਣਾ ਸ਼ੁਰੂ ਹੋ ਜਾਂਦਾ ਹੈ। ਪਾਪੀ ਦਾ ਤਾਂ ਹੋਣਾ ਹੀ ਹੋਣਾ ਹੈ, ਪੁੰਨੀ ਵੀ ਉਥੇ ਔਖਾ ਹੁੰਦਾ ਹੈ –

*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥ ਅੰਗ – 264*

ਫੇਰ ਅੱਗੇ ਰਸਤਾ ਆਉਂਦਾ ਹੈ ਜਿੱਥੇ ਬੇਅੰਤ ਪਿਆਸ ਲਗਦੀ ਹੈ। ਪਾਣੀ-ਪਾਣੀ ਕਹਿੰਦਾ ਹੈ। ਉਹ ਪਾਣੀ ਮਿਲਦਾ ਨਹੀਂ ਹੈ। ਜੇ ਪਾਣੀ ਦਾ ਦਾਨ ਕਰਿਆ ਹੋਵੇ, ਫੇਰ ਪਾਣੀ ਮਿਲ ਜਾਂਦਾ ਹੈ।

ਇਕ ਵਾਰੀ ਇਕ ਬੀਬੀ 34 ਸੈਕਟਰ ਗੁਰਦੁਆਰੇ ਨੂੰ ਜਾਇਆ ਕਰਦੀ ਸੀ। ਕਈ ਪੋਟਲੀਆਂ ਬੰਨ੍ਹ ਕੇ ਲਿਜਾਣੀਆਂ ਉਹਨੇ, ਤੁਹਾਡੇ ਬੀਬੀ ਜੀ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਕਹਿਣ ਲੱਗੇ ਕਿ ਭੈਣ! ਐਨੀਆਂ ਪੋਟਲੀਆਂ ਕਿਉਂ ਚੁੱਕਦੀ ਹੁੰਦੀ ਹੈ? ਘਾਹ ਵਾਲੀ ਥਾਂ ਸੀ ਕਹਿੰਦੀ, ਤੁਸੀਂ ਇਥੇ ਬੈਠ ਕੇ ਸੁਣ ਲਓ ਮੇਰੀ ਵਾਰਤਾ। ਕਹਿੰਦੀ, ਮੈਂ ਜਿੱਥੇ ਰਹਿੰਦੀ ਸੀ, ਮੇਰੇ ਘਰ ਦੇ ਪਿਛਲੇ ਪਾਸੇ ਮੇਰੇ ਨਾਮ ਦੀ ਹੀ ਇਕ ਬੀਬੀ ਹੋਰ ਰਹਿੰਦੀ ਸੀ। ਮੇਰਾ ਜਿਸ ਵਕਤ ਕਾਲ ਆ ਗਿਆ, ਮੈਨੂੰ ਲੈ ਕੇ ਚੱਲੇ। ਐਸਾ ਰਸਤਾ ਆਇਆ ਮੈਨੂੰ ਬੜੀ ਹੀ ਪਿਆਸ ਲੱਗੀ, ਉਨ੍ਹਾਂ ਨੂੰ ਕਿਹਾ ਕਿ ਵੀਰਾ! ਤੁਸੀਂ ਮੈਨੂੰ ਪਾਣੀ ਤਾਂ ਪਿਲਾ ਦਿਓ? ਮਾਰਦੇ ਕੁੱਟਦੇ ਤਾਂ ਹੈ ਨਹੀਂ ਸੀ। ਕਿਉਂਕਿ ਮੈਂ ਕੋਈ ਇਹੋ ਜਿਹੇ ਗੁਨਾਹ ਨਹੀਂ ਸੀ ਕਰੇ? ਮਾੜੇ ਕੰਮ ਨਹੀਂ ਸੀ ਕਰੇ? ਕਹਿਣ ਲੱਗੇ, ਬੀਬੀ! ਪਾਣੀ ਤਾਂ ਆ ਜਾਂਦਾ ਹੈ। ਚੁੱਕ ਲਈਂ ਤੂੰ ਆਹ ਬਰਤਨ ਕਿੰਨੇ ਪਾਣੀ ਦੇ ਪਏ ਨੇ। ਕਹਿੰਦੀ, ਜਦ ਮੈਂ ਬਰਤਨ ਲੈ ਕੇ ਪਾਣੀ ਪੀਣ ਲੱਗੀ ਤਾਂ ਜਿਹੜਾ ਭਾਂਡਾ ਟੇਡਾ ਕਰਕੇ ਪਾਣੀ ਪਾਵਾਂ ਉਹਦੇ 'ਚ ਪਾਣੀ ਸੁੱਕ ਜਾਵੇ। ਪਵੇ ਹੀ ਨਾ। ਕਿੰਨੇ ਹੀ

ਬਰਤਨ ਮੈਂ ਦੇਖੇ ਲੇਕਿਨ ਪਾਣੀ ਨਾ ਮਿਲਿਆ। ਮੈਂ ਕਿਹਾ, ਵੀਰਾ! ਪਾਣੀ ਤਾਂ ਹੈ ਨਹੀਂ, ਕਹਿੰਦੇ, ਬੀਬੀ! ਇਥੇ ਤਾਂ ਓਹੀ ਚੀਜ਼ ਸੈਂਕੜੇ ਗੁਣਾਂ ਹੋ ਕੇ ਮਿਲਦੀ ਹੈ, ਜਿਹੜੀ ਸੰਸਾਰ ਦੇ ਵਿਚ ਸਰੀਰ 'ਚ ਰਹਿੰਦਿਆਂ ਬੀਜੀ ਹੋਵੇ। ਨਹੀਂ ਤਾਂ ਨਹੀਂ ਮਿਲਿਆ ਕਰਦਾ ਕੁਛ। ਬੜੀ ਨਿਰਾਸ਼ ਹੋਈ। ਭੁੱਖ ਮੈਨੂੰ ਲੱਗੀ ਹੋਈ ਸੀ। ਮੈਂ ਕਿਹਾ ਮੈਨੂੰ ਭੁੱਖ ਬਹੁਤ ਲੱਗੀ ਹੋਈ ਹੈ। ਕਹਿੰਦੇ, ਕੀ ਦੇਖਿਆ, ਥਾਲ ਉਤਰਦੇ ਨੇ, ਬੇਅੰਤ ਕਿਸਮ ਦੇ ਖਾਣੇ ਪਏ ਨੇ, ਜਿਹੜੇ ਥਾਲ ਨੂੰ ਮੈਂ ਹੱਥ ਲਾਉਣ ਲਗਦੀ ਹਾਂ, ਉਹੀ ਉਡ ਜਾਂਦਾ ਹੈ, ਦੂਜੇ ਨੂੰ ਹੱਥ ਲਾਉਂਦੀ ਹਾਂ ਉਹ ਵੀ ਮੇਰੇ ਹੱਥ 'ਚੋਂ ਉੱਡ ਜਾਂਦਾ ਹੈ ਤੇ ਉਨ੍ਹਾਂ ਨੇ ਕਿਹਾ, ਭਾਈ! ਕਿਉਂ ਖੱਪਦੀ ਹੈਂ। ਤੂੰ ਦੁਨੀਆਂ ਦੇ ਅੰਦਰ ਕੁਛ ਬੀਜਿਆ ਨਹੀਂ ਹੈ, ਜਿਹੜਾ ਬੀਜਿਆ ਨਹੀਂ ਹੈ, ਉਹ ਇਥੇ ਨਹੀਂ ਮਿਲਿਆ ਕਰਦਾ। ਉਸ ਤੋਂ ਬਾਅਦ ਮੈਂ ਬੜੀ ਦੁਖੀ ਹੋਈ ਤੇ ਮੈਂ ਧਰਮਰਾਜ ਦੇ ਪੇਸ਼ ਕੀਤੀ ਗਈ। ਧਰਮਰਾਜ ਕਹਿੰਦਾ, ਭਾਈ! ਇਹ ਤਾਂ ਤੁਸੀਂ ਗਲਤ ਲੈ ਆਏ, ਇਸੇ ਘਰ ਦੇ ਪਿਛਲੇ ਪਾਸੇ, ਇਸੇ ਨਾਮ ਦੀ ਬੀਬੀ ਹੈ, ਇਹਨੂੰ ਛੱਡ ਆਓ ਤੇ ਉਹਨੂੰ ਲੈ ਆਓ। ਕਹਿਣ ਲੱਗੀ, ਜਦੋਂ ਮੈਨੂੰ ਵਾਪਸ ਲੈ ਕੇ ਆਏ, ਫੇਰ ਮੈਨੂੰ ਕਿਸੇ ਰਾਹ ਦਾ ਪਤਾ ਨਹੀਂ, ਜਿਵੇਂ ਲਿਫਟ ਵਿਚ ਉਤਰੀਦਾ ਹੈ ਇਸ ਤਰ੍ਹਾਂ ਉਤਾਰ ਲਿਆ ਮੈਨੂੰ। ਲਿਆ ਕੇ ਮੇਰੇ ਸਰੀਰ 'ਚ ਪਾ ਕੇ ਕਹਿਣ ਲੱਗੇ, ਚਲੋ ਹੁਣ ਉਹਨੂੰ ਲੈ ਚੱਲੀਏ। ਏਧਰ ਮੈਂ ਜੀਉਂਦੀ ਹੋ ਗਈ ਤਾਂ ਘਰਦਿਆਂ ਨੂੰ ਬੜੀਆਂ ਖੁਸ਼ੀਆਂ ਹੋ ਗਈਆਂ। ਮੈਂ ਕਿਹਾ ਮੈਂ ਤਾਂ ਹੋ ਗਈ ਜਿਉਂਦੀ ਜਿਹੜਾ ਆਪਣੇ ਘਰ ਦੇ ਪਿਛਲੇ ਪਾਸੇ ਘਰ ਹੈ, ਇਹਨੂੰ ਲੈਣ ਗਏ ਨੇ, ਇਹ ਵੀ ਮੇਰੇ ਨਾਉਂ ਦੀ ਹੀ ਹੈ। ਥੋੜ੍ਹੀ ਦੇਰ ਬਾਅਦ ਕਹਿੰਦੇ ਉਥੇ ਰੋਣਾ ਪਿਟਣਾ ਸ਼ੁਰੂ ਹੋ ਗਿਆ। ਉਹ ਚੜ੍ਹਾਈ ਕਰ ਗਈ ਚੰਗੀ ਭਲੀ। ਲੋਕ ਕਹਿਣ heart fail (ਦਿਲ ਦਾ ਦੌਰਾ) ਹੋ ਗਿਆ।

ਮੌਤ ਦਾ ਤਾਂ ਬਹਾਨਾ ਹੋਇਆ ਕਰਦਾ ਹੈ। ਉਹਨੇ ਲਿਜਾਣਾ ਹੀ ਲਿਜਾਣਾ ਹੈ, ਚਾਹੇ ਕੁਛ ਕਰ ਦੇਵੇ। ਆਪਣੇ ਸਿਰ ਦੋਸ਼ ਨਹੀਂ ਲੈਂਦੀ, ਦੋਸ਼ ਬੀਮਾਰੀ ਦੇ ਸਿਰ ਦੇ ਦਿੰਦੀ ਹੈ। ਕਹਿਣ ਲੱਗੀ, ਮੈਂ ਤਾਂ ਦਰਗਾਹ ਅੱਖਾਂ ਨਾਲ ਦੇਖ ਆਈ, ਮੇਰਾ ਕਹਿਣਾ ਤਾਂ ਨਾ ਕੋਈ ਸੁਣਦਾ ਹੈ, ਨਾ ਕੋਈ ਮੰਨਦਾ ਹੈ। ਐਨਾ ਕਹਿ ਦਿੰਦੇ ਨੇ ਕਿ ਗਸ਼ ਵਗੈਰਾ ਪਈ ਹੋਈ ਸੀ ਇਹਨੂੰ ਤੇ ਉਹਦੇ ਵਿਚ ਹੀ ਇਹਨੂੰ ਕੋਈ ਸੁਪਨਾ ਜਿਹਾ ਆ ਗਿਆ ਤਾਂ ਇਹ ਹੋ ਗਿਆ, ਨਹੀਂ ਤਾਂ ਮਰਿਆ ਹੋਇਆ ਜਿਉਂਦਾ ਹੋਇਆ ਹੈ ਅੱਜ ਤੱਕ? ਕਹਿੰਦੀ, ਮੰਨਦੇ ਹੀ ਨਹੀਂ ਸੰਸਾਰ ਵਾਲੇ। ਪਰ ਮੈਂ 100% ਮੰਨਦੀ ਹਾਂ ਕਿਉਂਕਿ ਮੈਂ ਅੱਖਾਂ ਨਾਲ ਦੇਖ ਆਈ ਸਭ ਕੁਛ। ਉਥੇ ਬਹੁਤ ਔਖਾ ਹੋ ਜਾਂਦਾ ਹੈ। ਬਹੁਤ ਸਖਤ ਸਜ਼ਾਵਾਂ ਉਥੇ ਮਿਲਦੀਆਂ ਨੇ। ਇਥੇ ਮਹਾਂਪੁਰਸ਼ ਬੋਲ ਕੇ ਸਮਝਾਉਂਦੇ ਨੇ ਇਨ੍ਹਾਂ ਜਗਤ ਦੇ ਜੀਵਾਂ ਨੂੰ। ਗੁਰੂ, ਪੀਰ ਆ ਕੇ ਬਾਣੀ ਦੇ ਰਾਹੀਂ ਸਮਝਾਉਂਦੇ ਨੇ ਪਰ ਇਹ ਐਸਾ ਖੁਟਰ ਜੀਵ ਹੈ ਕਿ ਕੋਈ ਗੱਲ ਮੰਨਦਾ ਹੀ ਨਹੀਂ। ਕਿੰਨਾ ਹੀ ਸਮਝਾਈ ਜਾਓ, ਨਹੀਂ ਮੰਨਦਾ। ਮਹਾਂਪੁਰਸ਼ ਸਮਝਾਉਂਦੇ ਨੇ ਕਿ –

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

***ਅੰਗ - 1378***

ਚਾਰੇ ਵੇਦ, ਛੇਈ ਸ਼ਾਸਤਰ, ਸਤਾਈ ਸਿਮ੍ਰਤੀਆਂ, ਉਪਨਿਸ਼ਦਾਂ ਇਹਨੂੰ ਹਾਕਾਂ ਮਾਰ-ਮਾਰ ਕੇ ਸਮਝਾਉਂਦੀਆਂ ਨੇ। ਲੇਕਿਨ ਕੀ ਮਜ਼ਾਲ ਹੈ ਕਿ ਇਹਦੇ ਦਿਮਾਗ 'ਚ ਬੈਠ ਜਾਵੇ। ਮਾੜੇ ਕੰਮਾਂ ਤੋਂ ਵਰਜਦਾ ਨਹੀਂ, ਸਗੋਂ ਉਨ੍ਹਾਂ ਨੂੰ ਜਾਇਜ਼ ਕਹਿ ਦਿੰਦਾ ਹੈ ਕਿ ਇਹ ਤਾਂ ਜਾਇਜ਼ ਹੀ ਹੈ, ਕੋਈ ਗੱਲ ਨਹੀਂ ਹੈ। ਸ਼ਰਾਬ ਪੀਣ ਵਾਲਾ ਕਹਿੰਦਾ ਹੈ ਕਿ ਮੈਂ ਤਾਂ ਕੋਈ ਕਰਦਾ ਹੀ ਨਹੀਂ ਗਲਤ ਗੱਲ। ਅਜੇ ਮਾਸ ਖਾਣ ਵਾਲਾ ਤਾਂ ਜਾਨਵਰ ਮਾਰਦਾ ਹੈ, ਫੇਰ ਖਾਂਦਾ ਹੈ ਪਰ ਮੈਂ ਕਿਸੇ ਦਾ ਕੀ ਵਿਗਾੜਦਾ ਹਾਂ? ਮੈਂ ਤਾਂ ਇਕ ਪਾਣੀ ਹੈ, ਉਹਨੂੰ ਗੰਦਾ ਕਰ ਲੈਂਦਾ ਹਾਂ। ਐਨਾ ਗੰਦਾ ਕਿ ਨੱਕ ਨਾ ਦੇ ਹੋਵੇ। ਉਸ ਤੋਂ ਬਾਅਦ ਉਹਦੇ ਥੱਲੇ ਅੱਗ ਜਾਲ ਕੇ ਉਸਨੂੰ ਉਬਾਲ ਲੈਂਦਾ ਹਾਂ, ਉਹ ਬਦਬੂ ਨਾਲ ਹੀ ਜਾਂਦੀ ਹੈ। ਮੈਂ ਤਾਂ ਉਹ ਬਦਬੂਦਾਰ ਪਾਣੀ ਪੀਂਦਾ ਹਾਂ, ਕਿਸੇ ਦਾ ਕੁਛ ਬੁਰਾ ਨਹੀਂ ਕਰਦਾ। ਕਿਸੇ ਦੇ ਛੁਰਾ ਨਹੀਂ ਮਾਰਦਾ। ਪਰ ਉਸ ਤਰ੍ਹਾਂ ਪ੍ਰਮੇਸ਼ਰ ਨੇ ਮਨ੍ਹਾ ਕਰਿਆ ਹੋਇਆ ਹੈ ਕਿ ਤੈਨੂੰ ਬਹੁਤ ਕੀਮਤੀ ਬੁੱਧੀ ਦਿਤੀ ਹੋਈ ਹੈ ਤੇ ਬੁੱਧੀ ਦਾ ਨਾਸ਼ ਨਾ ਕਰ। ਇਹ ਚੀਜ਼ ਮੈਂ ਦਿਤੀ ਹੋਈ ਹੈ, ਤੂੰ ਕਸੂਰਵਾਰ ਹੋ ਜਾਏਂਗਾ ਜੇ ਬੁੱਧੀ ਦਾ ਨਾਸ਼ ਕਰੇਂਗਾ। ਸਰੀਰ ਦਾ ਨਾਸ਼ ਨਾ ਕਰ, ਇਹ ਤੈਨੂੰ ਪਾਪ ਲੱਗੇਗਾ। ਪਾਪ ਤੇਰੇ ਸਿਰ ਚੜ੍ਹ ਜਾਏਗਾ। ਦੁਖੀ ਹੋਵੇਂਗਾ। ਸੋ ਉਹ ਠੀਕ ਸਾਬਤ ਕਰ ਲੈਂਦਾ ਹੈ ਕਿ ਮੈਂ ਤਾਂ ਕੁਝ ਵਿਗਾੜਦਾ ਹੀ ਨਹੀਂ। ਇਵੇਂ ਹੀ ਕੋਈ ਹੋਰ ਕੰਮ ਕਰਨ ਵਾਲਾ ਹੈ, ਰਿਸ਼ਵਤ ਲੈਣ ਵਾਲਾ ਹੈ, ਉਹ ਕਹਿੰਦਾ ਹੈ ਕਿ ਮੈਂ ਇਹਦਾ ਕਿੰਨਾ ਕੰਮ ਕਰ ਰਿਹਾ ਹਾਂ। ਜੇ ਮੈਨੂੰ ਦੋ ਹਜ਼ਾਰ ਦੇ ਦੇਵੇ ਤਾਂ ਇਹਦਾ 50,000 ਦਾ ਮੁਨਾਫਾ ਹੈ, ਮੈਂ ਕੋਈ ਗਲਤ ਕੰਮ ਕਰ ਰਿਹਾ ਹਾਂ। ਮੈਨੂੰ ਦੇ ਦੇਵੇਗਾ ਤਾਂ ਕੀ ਹੈ, ਸਾਰਾ ਇਹਨੇ ਖਾ ਹੀ ਲੈਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਦੁਨੀਆਂ ਦੇ ਅੰਦਰ ਆਦਮੀ ਆਪਣੇ ਅਸੂਲ ਦੇ ਉਤੇ ਕਾਇਮ ਨਾ ਰਹਿਣ ਕਰਕੇ, ਗਲਤ ਕੰਮ ਕਰਦਾ ਹੈ ਤੇ ਸਦਾ ਹੀ ਇਹ ਭੁੱਲਿਆ ਰਹਿੰਦਾ ਹੈ ਕਿ ਮੈਨੂੰ ਕਟਹਿਰੇ 'ਚ ਜਾ ਕੇ ਖੜ੍ਹਾ ਹੋਣਾ ਪੈਣਾ ਹੈ। ਉਥੇ ਮੈਂ ਕੀ ਕਰਾਂਗਾ, ਜਵਾਬ ਕਿਵੇਂ ਦੇਵਾਂਗਾ? ਇੱਕਲੀ-ਇੱਕਲੀ ਗੱਲ ਉਥੇ ਮੇਰੇ ਤੋਂ ਪੁੱਛੀ ਜਾਣੀ ਹੈ। ਉਥੇ ਤਾਂ ਮੇਰੀ ਗੱਲ ਚਲਣੀ ਨਹੀਂ ਨਾ ਹੈ। ਜੇ ਮੈਂ ਮੰਤਕਾਂ ਦੇਵਾਂਗਾ ਕਿ ਇਹ ਕਾਹਦਾ ਪਾਪ ਯਸੀਗਾ? ਉਹ ਕਹਿੰਦੇ, ਪਾਪ ਜੇ ਨਾਮ ਨਹੀਂ ਨਾ ਜਪਦਾ, ਸਾਰੇ ਹੀ ਪਾਪ ਨੇ ਤੇਰੇ-

*ਨਾਮੁ ਨ ਜਪਹਿ ਤੇ ਆਤਮ ਘਾਤੀ ॥* ***ਅੰਗ - 188***

ਆਤਮ ਘਾਤ ਕਰਦਾ ਹੈ ਜਿਹੜਾ ਨਾਮ ਨਹੀਂ ਜਪਦਾ। ਕਿਉਂਕਿ ਸੰਸਾਰ ਵਿਚ ਨਾਮ ਜਪਣ ਵਾਸਤੇ ਹੀ ਭੇਜਿਆ ਹੈ। ਸੋ ਉਹ ਬੀਬੀ ਕਹਿਣ ਲੱਗੀ ਕਿ ਐਨਾ ਉਪਦੇਸ਼ ਹੋ ਰਿਹਾ ਹੈ, ਐਨੇ ਮਹਾਂਪੁਰਸ਼ ਕਹਿ ਰਹੇ ਨੇ, ਪਰ ਮਜ਼ਾਲ ਨਹੀਂ ਹੈ ਕਿ ਜੀਵ ਗੁਰੂ ਦੀ ਗੱਲ ਨੂੰ ਮੰਨੇ। ਬਾਰ-ਬਾਰ ਐਸੇ ਫੁਰਮਾਨ ਆਉਂਦੇ ਨੇ, ਪੜ੍ਹੋ ਪਿਆਰ ਨਾਲ-

*ਧਾਰਨਾ - ਰੱਬ ਲੇਖਾ ਮੰਗਦਾ ਜੀ,*

ਜਿੰਦੇ ਕਰ ਭਜਨ ਹਿਸਾਬ ਮੁਕਾ ਲੈ।

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥ ਅੰਗ - 953*

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਮਰਦਾਨੇ ਦੇ ਨਾਲ ਜਾ ਰਹੇ ਨੇ ਤੇ ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਹ ਜਿਹੜਾ ਮੇਰੇ ਸਰੀਰ ਦਾ ਜਾਮਾ ਹੈ, ਇਹ ਮੁਸਲਮਾਨ ਦਾ ਜਾਮਾ ਹੈ, ਤੁਹਾਡੀ ਸੰਗਤ ਕਰਕੇ ਮੈਨੂੰ ਇਹ ਤਾਂ ਪਤਾ ਲਗ ਗਿਆ ਕਿ ਆਦਮੀ ਦੀ ਕੋਈ ਜਾਤ ਨਹੀਂ ਹੋਇਆ ਕਰਦੀ। ਬੰਦੇ ਦੀ ਕੋਈ ਜਾਤ ਨਹੀਂ। ਪਰ ਇਹ ਮੈਂ ਉਨ੍ਹਾਂ ਦੇ ਘਰਾਂ 'ਚ ਪੈਦਾ ਹੋਣ ਕਰਕੇ, ਲੋਕਾਂ ਦੇ ਵਿਚ ਐਨੀ ਅਗਿਆਨਤਾ ਹੈ, ਜਿਸ ਘਰ ਦੇ ਵਿਚ ਕੋਈ ਪੈਦਾ ਹੋ ਜਾਵੇ, ਉਹ ਉਹਦੀ ਜਾਤ ਬਣਾ ਦਿੰਦੇ ਨੇ। ਹਿੰਦੂ ਦੇ ਘਰ ਹੋ ਗਿਆ ਹਿੰਦੂ, ਸਿੱਖ ਦੇ ਘਰ ਹੋ ਗਿਆ ਸਿੱਖ ਤੇ ਮੈਂ ਮੁਸਲਮਾਨ ਪਰਿਵਾਰ ਨਾਲ ਸਬੰਧ ਰਖਦਾ ਹਾਂ ਤੇ ਮੈਂ ਵੱਡਿਆਂ ਤੋਂ ਸੁਣਿਆ ਹੈ ਕਿ ਮੱਕਾ ਹੈਗਾ, ਪੱਛਮ ਦੇ ਵਿਚ ਤੇ ਉਥੇ ਲੋਕ ਜਾਂਦੇ ਨੇ, ਦਰਸ਼ਨ ਕਰਦੇ ਨੇ ਤੇ ਆ ਕੇ ਬੜੇ ਬਚਨ ਕਰਦੇ ਨੇ ਕਿ ਜੇ ਕ੍ਰਿਪਾ ਕਰੋ ਤਾਂ ਮੈਨੂੰ ਉਸ ਦੀ ਜ਼ਿਆਰਤ ਕਰਾ ਦਿਓ। ਪਰ ਮੈਨੂੰ ਲੋੜ ਨਹੀਂ, ਤੁਹਾਡੇ ਦਰਸ਼ਨ ਕਰਨ ਤੋਂ ਬਾਅਦ ਮੇਰੇ ਵਹਿਮ ਭਰਮ ਸਭ ਖਤਮ ਹੋ ਗਏ ਨੇ। ਐਵੇਂ ਹੀ ਮਨ ਦੇ ਵਿਚ ਖਿਆਲ ਜਿਹਾ ਹੈ ਕਿ ਦੇਖੀਏ, ਕਿਹੋ ਜਿਹਾ ਹੁੰਦਾ ਹੈ? ਆਹ ਨਹੀਂ ਹੈ ਕਿ ਜੀ ਮੈਂ ਸ਼ਰਧਾ ਦੇ ਨਾਲ ਜਾਵਾਂ ਤਾਂ ਮੇਰਾ ਉਧਾਰ ਹੋਊ। ਉਧਾਰ ਤਾਂ ਪਾਤਸ਼ਾਹ ਤੁਸੀਂ ਨਾਮ ਦੀ ਦਾਤ ਦੇ ਦਿਤੀ, ਉਸੇ ਨਾਲ ਹੀ ਹੋ ਜਾਣਾ ਹੈ। ਪਰ ਜਿਵੇਂ ਦੁਨੀਆਂ ਦੇਖਦੇ ਹਾਂ ਇਸ ਤਰ੍ਹਾਂ ਦੇ ਨਾਲ ਮੇਰਾ ਖਿਆਲ ਸੀ।

ਕਹਿੰਦੇ, ਮਰਦਾਨਿਆਂ ਦੇਖ ਤੂੰ ਤਾਂ ਜਾ ਸਕੇਂਗਾ, ਪਰ ਤੈਨੂੰ ਪਤਾ ਹੈ ਨਾ ਸਾਡਾ ਸਰੀਰ ਜਿਹੜਾ ਹੈ, ਇਹ ਗੈਰ-ਮੁਸਲਮ ਘਰ ਦੇ ਵਿਚ ਪੈਦਾ ਹੋਣ ਕਰਕੇ ਉਥੇ ਉਹ ਜਾਣ ਨਹੀਂ ਦਿੰਦੇ, ਦੂਸਰੇ ਨੂੰ। ਐਨੇ ਕੱਟੜ ਨੇ। ਨਾ ਉਹ ਇਹ ਗੱਲ ਸਮਝਦੇ ਨੇ, ਜਿਹੜੀ ਤੂੰ ਕਹਿੰਦਾ ਹੈਂ। ਜੇ ਕੋਈ ਐਸੀ ਗੱਲ ਕਰੇ ਤਾਂ ਉਹਨੂੰ ਫਤਵਾ ਦੇ ਦਿੰਦੇ ਨੇ ਕਿ ਇਹ ਕਾਫਰ ਹੈ। ਸੋ ਦੇਖ ਲੈ ਬਈ ਕਾਫੀ ਕਸ਼ਟ ਸਹਿਣਾ ਪਵੇਗਾ। ਕਹਿਣ ਲੱਗਿਆ, ਪਾਤਸ਼ਾਹ! ਤੁਹਾਨੂੰ ਤਾਂ ਕੋਈ ਕਸ਼ਟ ਦੇਣ ਵਾਲਾ ਪੈਦਾ ਹੀ ਨਹੀਂ ਹੈ ਤੇ ਨਾ ਕੋਈ ਤੁਹਾਨੂੰ ਕਸ਼ਟ ਸਹਿਣਾ ਪੈਂਦਾ ਹੈ। ਤੁਸੀਂ ਤਾਂ ਆਪ ਸਮਰੱਥ ਹੋਂ, ਆਪ ਹੀ ਨਿਰੰਕਾਰ ਹੋ। ਮੈਂ ਸਾਰੇ ਹੀ ਆਪ ਦੇ ਕੌਤਕ ਦੇਖੇ ਨੇ। ਐਵੇਂ ਹੀ ਮੇਰਾ ਖਿਆਲ ਸੀ ਕਿ ਦਰਸ਼ਨ ਕਰਾ ਦਿਓ।

ਮਹਾਰਾਜ ਕਹਿੰਦੇ, ਕੋਈ ਹੱਜ ਜਾਂਦਾ ਹੈ? ਕਹਿੰਦੇ, ਹਾਂ ਮਹਾਰਾਜ! ਕੱਲ੍ਹ ਜਦੋਂ ਮੈਂ ਬਾਹਰ ਜਾਂਦਾ ਸੀ ਇਥੇ ਮੈਨੂੰ ਹੱਜ ਨੂੰ ਜਾਣ ਵਾਲੇ ਮਿਲੇ, ਉਹ ਕਹਿਣ ਲੱਗੇ ਕਿ ਜਹਾਜ਼ ਜਾਣਾ ਹੈ, ਸੱਖਰ ਤੋਂ ਚਲਣਾ, ਸਿੰਧ ਦਰਿਆ ਦੇ ਵਿਚੀਂ ਜਾਣਾ ਹੈ ਕਰਾਚੀ, ਕਰਾਚੀ ਜਾ ਕੇ ਵੱਡਾ ਜਹਾਜ਼ ਮਿਲਣਾ ਹੈ,

ਉਥੋਂ ਫੇਰ ਅਦਨ ਵਗੈਰਾ ਨੂੰ ਜਾਣਾ ਹੈ ਤੇ ਅੱਗੇ ਫੇਰ ਖਾੜੀ ਹੈ, ਅੱਗੇ ਜਾ ਕੇ ਫੇਰ ਉਤਰ ਜਾਂਦੇ ਨੇ ਮਹਾਰਾਜ ਜਹਾਜ਼ 'ਚੋਂ। ਕਾਫੀ ਸਮਾਂ ਲਗ ਜਾਂਦਾ ਹੈ। ਹੌਲੀ-ਹੌਲੀ ਜਹਾਜ਼ 10-12 ਮੀਲ 'ਤੇ ਚਲਦਾ ਹੈ। ਰਾਤ ਨੂੰ ਲੰਗਰ ਲਾ ਕੇ ਖੜ੍ਹਾ ਦਿੰਦੇ ਨੇ ਤਾਂ ਕਿ ਕਿਤੇ ਪਹਾੜੀ ਵਿਚ ਨਾ ਲੱਗੇ ਕਿਤੇ, ਦੂਏ ਦਿਨ ਫੇਰ ਚਲਦੇ ਨੇ, 10-12 ਮੀਲ ਰੋਜ਼ ਕੱਢਦਾ ਹੈ। ਕਾਫੀ ਪੈਂਡਾ ਹੈ, ਕਈ ਹਜ਼ਾਰ ਮੀਲ ਦਾ। ਸਮਾਂ ਵੀ ਬਹੁਤ ਲਗ ਜਾਂਦਾ ਹੈ। ਕਹਿੰਦੇ, ਮਰਦਾਨਿਆਂ! ਜੇ ਜਹਾਜ਼ 'ਚੋਂ ਆਪਾਂ ਨੂੰ ਕੱਢ ਦਿਤਾ ਫੇਰ ਕੀ ਕਰਾਂਗੇ? ਕਹਿੰਦਾ, ਨਹੀਂ ਸੱਚੇ ਪਾਤਸ਼ਾਹ! ਤੁਹਾਨੂੰ ਤਾਂ ਕੋਈ ਨਹੀਂ ਕੁਛ ਕਹਿੰਦਾ।

ਸੋ ਮਹਾਰਾਜ ਜੀ, ਨੇੜੇ ਹੀ ਹਾਜ਼ੀਆਂ ਦਾ ਕੈਂਪ ਲੱਗਿਆ ਹੋਇਆ ਸੀ, ਉਥੇ ਬਹੁਤ ਸਾਰੇ ਪੀਰ ਆਏ ਹੋਏ ਸੀ। ਮਹਾਰਾਜ ਉਥੇ ਚਲੇ ਗਏ, ਵਰਦੀ ਉਹੋ ਜਿਹੀ ਬਣਾ ਲਈ, ਹਰੇ ਕੱਪੜੇ ਪਾ ਲਏ, ਹੱਥ ਵਿਚ ਆਸਾ ਲੈ ਲਿਆ, ਕਿਤਾਬ ਕੱਛ ਵਿਚ ਲੈ ਲਈ ਤੇ ਜਿਹੜਾ ਮੁਸੱਲਾ ਸੀ ਉਹ ਮੋਢੇ 'ਤੇ ਰੱਖ ਲਿਆ। ਦੂਸਰੇ ਹੱਥ ਵਿਚ ਕਾਲੇ ਮਣਕਿਆਂ ਵਾਲੀ ਮਾਲਾ ਲੈ ਲਈ। ਹਾਜ਼ੀਆਂ ਦਾ ਭੇਖ ਬਣਾ ਲਿਆ ਮਹਾਰਾਜ ਜੀ ਨੇ ਪੂਰਾ ਹੀ। ਸਿਰ 'ਤੇ ਹਰੀ ਦਸਤਾਰ ਬੰਨ੍ਹ ਲਈ। ਉਵੇਂ ਜਿਵੇਂ ਲੜ ਛੱਡ ਲਏ ਪਿੱਛੇ ਨੂੰ। ਪੂਰੇ ਹੀ ਹਾਜ਼ੀ ਲੱਗਦੇ ਨੇ ਕਿ ਜਿਵੇਂ ਕੋਈ ਸੂਫੀ ਪੀਰ ਹੈ। ਜਦੋਂ ਗੁਰੂ ਮਹਾਰਾਜ ਹੱਜ ਵਾਲੇ ਕਾਫਲੇ 'ਚ ਗਏ, ਜਿਹੜਾ ਉਥੋਂ ਦਾ ਪੀਰ ਸੀ, ਇੰਚਾਰਜ ਉਹਨੇ ਇਕ ਦਿਨ ਦੇਖਿਆ, ਦੂਜੇ ਦਿਨ ਦੇਖਿਆ, ਉਹਨੇ ਕਿਹਾ ਕਿ ਇਹ ਨਮਾਜ਼ ਤਾਂ ਪੜ੍ਹਦਾ ਨਹੀਂ ਹੈ ਸਾਡੇ ਵਾਂਗਣ, ਅੱਖਾਂ ਮੀਚ ਕੇ ਜ਼ਰੂਰ ਬਹਿੰਦਾ ਹੈ, ਹਰ ਵਕਤ ਬੈਠਾ ਰਹਿੰਦਾ ਹੈ, ਬਈ ਕੌਣ ਹੋਇਆ ਇਹ? ਗੁਰੂ ਨਾਨਕ ਪਾਤਸ਼ਾਹ ਨੂੰ ਕਈ ਸਵਾਲ ਕੀਤੇ। ਉਸ ਤੋਂ ਬਾਅਦ ਉਹਨੂੰ ਪਤਾ ਲਗ ਗਿਆ ਕਿ ਇਹ ਤਾਂ ਹਿੰਦੂ ਹੈ, ਹਿੰਦੂ ਜਾ ਰਿਹਾ ਹੈ, ਸਾਡਾ ਭੇਸ ਧਾਰ ਕੇ, ਉਹ ਕਹਿੰਦੇ ਦੇਖ ਬਈ ਨਾਨਕ! ਤੈਨੂੰ ਤਾਂ ਉਥੇ ਹੱਜ ਵਿਚ ਜਾਣਾ ਮਨ੍ਹਾ ਹੈ। ਉਥੇ ਤਾਂ, ਉਥੇ ਤੂੰ ਜਹਾਜ਼ ਵਿਚ ਵੀ ਨਹੀਂ ਚੜ੍ਹ ਸਕਦਾ। ਕਿਉਂਕਿ ਹਿੰਦੂ ਓਧਰ ਨੂੰ ਮੂੰਹ ਨਹੀਂ ਕਰ ਸਕਦਾ। ਐਸਾ ਸ਼ਰ੍ਹਾ ਦਾ ਫੁਰਮਾਨ ਹੈ। ਉਥੇ ਜਾ ਕੇ ਤੈਨੂੰ ਮਾਰ ਦੇਣਗੇ ਤੇ ਸਾਨੂੰ ਵੀ ਉਹ ਬਹੁਤ ਗੁੱਸੇ ਹੋਣਗੇ ਕਿ ਤੁਸੀਂ ਕਿਉਂ ਲੈ ਕੇ ਆਏ। ਸੋ ਚੰਗਾ ਇਹ ਹੈ ਕਿ ਤੂੰ ਸਾਡਾ ਸਾਥ ਛੱਡ ਦੇਵੇਂ? ਮਹਾਰਾਜ ਕਹਿੰਦੇ, ਕੋਈ ਨਾ! ਨਹੀਂ ਲਿਜਾਂਦੇ ਭਾਈ ਨਾ ਲਿਜਾਓ। ਉਸ ਤੋਂ ਬਾਅਦ ਪੈਦਲ ਤੁਰੇ ਜਾਂਦੇ ਨੇ। ਧੁੱਪ ਬਹੁਤ ਕੜਕਵੀਂ ਪੈ ਰਹੀ ਹੈ, ਮੁੜਕੋ-ਮੁੜਕੀ ਹੋਏ ਪਏ ਨੇ। ਪਰ ਗੁਰੂ ਨਾਨਕ ਪਾਤਸ਼ਾਹ ਨੂੰ ਨਾ ਕੋਈ ਗਰਮੀ ਆ ਰਹੀ ਹੈ, ਉਤੇ ਇਕ ਬੱਦਲੀ ਆਈ ਹੋਈ ਹੈ ਬਹੁਤ ਗਾੜ੍ਹੀ, ਜਿਹਦੀ ਛਾਂ ਗੁਰੂ ਨਾਨਕ ਪਾਤਸ਼ਾਹ 'ਤੇ ਪਈ ਜਾਂਦੀ ਹੈ। ਹੋਰ ਕਿਸੇ ਨੂੰ ਉਹਦੀ ਛਾਂ ਨਹੀਂ ਮਿਲਦੀ। ਗੁਰੂ ਨਾਨਕ ਪਾਤਸ਼ਾਹ ਬਿਲਕੁਲ ਛਾਂ 'ਚ ਤੁਰੇ ਜਾਂਦੇ ਨੇ, ਗਰਮੀ ਦਾ ਨਾਮ ਨਿਸ਼ਾਨ ਨਹੀਂ। ਕਹਿਣ ਲੱਗੇ, ਇਹ ਹੈ ਤਾਂ ਬਹੁਤ ਵੱਡਾ ਪੀਰ ਪਰ ਹੈ ਹਿੰਦੂ। ਅਖੀਰ ਉਹ ਤਾਂ ਤੁਰ ਜਾਂਦੇ ਨੇ, ਮਹਾਰਾਜ ਕਹਿੰਦੇ, ਮਰਦਾਨਿਆਂ! ਫੇਰ

ਆਪਾਂ ਨੂੰ ਇਥੇ ਹੀ ਲੱਗ ਗਏ ਰੁਕਾਵਟਾਂ ਪਾਉਣ। ਉਥੇ ਕਿਵੇਂ ਜਾਵਾਂਗੇ। ਉਸ ਵੇਲੇ ਮਰਦਾਨਾ ਕਹਿਣ ਲੱਗਿਆ, ਤੁਹਾਡੀ ਰਜ਼ਾ ਮਹਾਰਾਜ।

ਕਹਿੰਦੇ, ਮਰਦਾਨਿਆਂ! ਤੇਰਾ ਵੀ ਕਹਿਣਾ ਨਹੀਂ ਅਸੀਂ ਮੋੜ ਸਕਦੇ। ਚੱਲ ਬਈ ਨੇਤਰ ਬੰਦ ਕਰ। 1400 ਮੀਲ ਦਾ ਫਾਸਲਾ। ਨੇਤਰ ਬੰਦ ਕਰਕੇ ਕਿਹਾ ਖੋਲ੍ਹ ਦੇ, ਕੀ ਦੇਖਦੇ ਨੇ ਕਾਹਬੇ ਦੇ ਸਾਮ੍ਹਣੇ ਬੈਠੇ ਨੇ।

ਅੱਜਕਲ੍ਹ ਵੀ ਉਥੇ ਇਹ ਹੈ ਕਿ ਤੀਹ ਮੀਲ ਦੀ ਇਕ ਗੋਲਾਕਾਰ ਸੜਕ ਹੈ ਮੱਕੇ ਦੇ ਦੁਆਲੇ, ਜਿਹੜੇ ਹਿੰਦੋਸਤਾਨ ਤੋਂ ਮੁਸਲਮਾਨ ਜਾਂਦੇ ਨੇ, ਉਨ੍ਹਾਂ ਨੂੰ ਵੀ ਬਾਹਰ ਬੈਠਣਾ ਪੈਂਦਾ ਹੈ, ਜਦੋਂ ਤੱਕ ਹੱਜ ਲਗਦਾ ਨਹੀਂ ਹੈ। ਇਹ ਨਹੀਂ ਕਿ ਉਹ ਸੜਕ ਤੋਂ ਅੰਦਰ ਚਲੇ ਜਾਣ। ਹਿੰਦੂ ਨੇ ਤਾਂ ਜਾਣਾ ਹੀ ਕੀ ਹੈ, ਉਹਨੇ ਤਾਂ ਬੈਠਣਾ ਹੀ ਹੈ ਬਾਹਰ। ਨਾ ਕੋਈ ਅੰਗਰੇਜ਼ ਜਾ ਸਕਦਾ ਹੈ, ਨਾ ਕਿਸੇ ਹੋਰ ਨੂੰ ਜਾਣ ਦਿੰਦੇ ਨੇ, ਬਾਹਰ ਹੀ ਰਹਿੰਦੇ ਨੇ ਹੁਣ ਵੀ। ਉਸ ਵੇਲੇ ਤਾਂ ਕਿੰਨੀ ਸਖਤੀ ਹੋਣੀ ਹੈ।

ਅਖੀਰ ਗੁਰੂ ਨਾਨਕ ਪਾਤਸ਼ਾਹ ਸਾਮ੍ਹਣੇ ਬੈਠੇ ਨੇ, ਹਨ੍ਹੇਰਾ ਹੋਇਆ, ਅੰਦਰ ਬਹੁਤ ਸਾਰੇ ਹਾਜ਼ੀ ਜਿਹੜੇ ਨੇ, ਬਹੁਤ ਖੁੱਲ੍ਹਾ ਚੁਗਾਨ ਹੈ ਉਥੇ ਜਾ ਕੇ, ਗਰਮੀ ਦਾ ਮਹੀਨਾ ਹੈ, ਰਾਤ ਕੱਟਣ ਵਾਸਤੇ ਲੰਮੇ ਪਏ ਰਹਿੰਦੇ ਨੇ। ਗੁਰੂ ਨਾਨਕ ਪਾਤਸ਼ਾਹ ਜਿੱਥੋਂ ਦੀ ਰਾਹ ਜਾਂਦਾ ਸੀ, ਕਾਹਬੇ ਨੂੰ, ਉਸ ਰਸਤੇ 'ਤੇ ਨਾਲ ਹੋ ਕੇ ਕਾਹਬੇ ਵਲ ਨੂੰ ਚਰਨ ਕਰਕੇ ਪਏ। ਜਦੋਂ ਸਵੇਰਾ ਹੋਇਆ ਤਾਂ ਜੀਵਨ ਨਾਂ ਦਾ, ਉਥੇ ਦਾ ਵੱਡਾ ਸੇਵਾ ਕਰਨ ਵਾਲਾ ਇੰਚਾਰਜ ਸੀ, ਉਹ ਜਦੋਂ ਦੇਖਦਾ ਆਉਂਦਾ ਹੈ ਦੋਵੇਂ ਪਾਸੇ ਕਿ ਹਾਜੀ ਪਏ ਨੇ। ਕੀ ਦੇਖਿਆ ਕਿ ਬਾਕੀ ਤਾਂ ਸਾਰਿਆਂ ਦੇ ਸਿਰ ਜਿਹੜੇ ਨੇ ਓਧਰ ਨੂੰ ਨੇ। ਆਹ ਕੌਣ ਬੰਦਾ ਆ ਗਿਆ, ਇਹ ਤਾਂ ਪੈਰ ਕਰੀਂ ਪਿਆ ਹੈ। ਉਹਨੇ ਆ ਕੇ ਗੁਰੂ ਨਾਨਕ ਪਾਤਸ਼ਾਹ ਦੀ ਵੱਖੀ 'ਚ ਲੱਤ ਮਾਰੀ। ਨਾਲ ਕਹਿਣ ਲੱਗਿਆ, ਤੂੰ ਕਿਹੜਾ ਕੁਫਰ ਕੁਫਾਰੀ ਸੁੱਤਾ ਪਿਆ ਹੈਂ ਕਾਹਬੇ ਵਲ ਪੈਰ ਕਰਕੇ? ਲੱਤ ਮਾਰੀ ਜ਼ੋਰ ਦੀ, ਅਰ ਗੁੱਸਾ ਆਇਆ ਹੋਇਆ ਹੈ। ਕਿਉਂਕਿ ਜਿਹੜੇ ਕੱਟੜ ਬੰਦੇ ਹੁੰਦੇ ਨੇ ਉਹ ਗਿਆਨ ਨਾ ਹੋਣ ਕਰਕੇ, ਗੁੱਸੇ ਬਹੁਤ ਛੇਤੀ ਹੋ ਜਾਂਦੇ ਨੇ। ਗੁੱਸੇ ਦੇ ਵਿਚ ਫੇਰ ਇਹੋ ਜਿਹੇ ਕੰਮ ਵੀ ਕਰ ਦਿੰਦੇ ਨੇ ਜਿਹੜੇ ਠੀਕ ਨਾ ਹੋਣ। ਮਹਾਰਾਜ ਕਹਿੰਦੇ ਕਿ ਬਈ ਕੀ ਗੱਲ ਹੈ ਜੀਵਨ? ਲੱਤਾਂ ਕਿਉਂ ਮਾਰਦਾ ਹੈਂ ਪਿਆਰਿਆ, ਸਾਨੂੰ ਇਹ ਪਤਾ ਨਹੀਂ ਸੀ ਕਿ ਰੱਬ ਦਾ ਘਰ ਏਧਰ ਹੀ ਹੈ, ਹੋਰ ਕਿਸੇ ਪਾਸੇ ਨਹੀਂ ਹੈ। ਇਸ ਤਰ੍ਹਾਂ ਕਰ, ਮੈਂ ਤਾਂ ਥੱਕਿਆ ਹੋਇਆ ਹਾਂ, ਜਿੱਧਰ ਰੱਬ ਦਾ ਘਰ ਨਹੀਂ ਓਧਰ ਮੇਰੀਆਂ ਲੱਤਾਂ ਕਰਕੇ ਸੁੱਟ ਦੇ। ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਉਹਨੇ ਗੁੱਸੇ 'ਚ ਆਏ ਨੇ ਲੱਤਾਂ ਤੋਂ ਪਕੜ ਕੇ ਘਸੀਟਿਆ, ਇਸ ਤਰ੍ਹਾਂ ਨੇ ਕਿ ਮਾੜਾ ਜਿਹਾ ਹੀ ਕਰ ਦੇਵੇ। ਘੜੀਸ ਕੇ ਜ਼ੋਰ ਨਾਲ ਲੱਤਾਂ ਮਾਰੀਆਂ ਧਰਤੀ 'ਤੇ। ਕਹਿੰਦਾ ਲੈ, ਏਧਰ ਰਹਿ ਤੂੰ। ਮਹਾਰਾਜ ਕਹਿੰਦੇ, ਦੇਖ ਜੇ ਤੇਰੇ ਵਰਗਾ ਕੋਈ ਹੋਰ ਆ ਗਿਆ, ਕਿਤੇ ਉਹ ਨਾ ਮਾਰੇ। ਤੂੰ ਦੇਖ ਤਾਂ ਲੈ ਕਿ ਮੇਰੇ ਜਿਹੜੇ ਪੈਰ ਨੇ ਉਹ ਖੁਦਾ ਵਲ ਤਾਂ ਨਹੀਂ ਕਿਤੇ? ਜਿਸ

ਵਕਤ ਦੇਖਿਆ, ਤਾਂ ਕੀ ਦੇਖਦਾ ਹੈ ਕਾਹਬਾ ਤਾਂ ਓਧਰ ਹੀ ਹੈ। ਹੈਰਾਨ ਹੋ ਗਿਆ ਕਿ ਮੈਂ ਤਾਂ ਏਧਰ ਕਰੇ ਸੀ, ਇਹ ਕਾਹਬੇ ਵਲ ਨੂੰ ਫੇਰ ਹੋ ਗਏ। ਫੇਰ ਦੂਜੇ ਪਾਸੇ ਕਰਕੇ ਸੁੱਟ ਦਿਤੇ। ਮਹਾਰਾਜ ਕਹਿੰਦੇ ਦੇਖ ਲੈ। ਜਦੋਂ ਚਾਰੇ ਪਾਸੇ ਘੁਮਾਇਆ, ਨਿਗ੍ਹਾ ਕਾਹਬੇ 'ਤੇ ਕਰ ਲਈ ਉਹਨੇ, ਮਹਾਰਾਜ ਨੂੰ ਘੁੰਮਾਉਣ ਲਗ ਗਿਆ। ਕੀ ਦੇਖਦਾ ਹੈ, ਜਿਧਰ ਨੂੰ ਚਰਨ ਜਾਂਦੇ ਨੇ, ਕਾਹਬਾ ਉਥੇ ਹੀ ਨਜ਼ਰ ਆਉਂਦਾ ਹੈ। ਸਮਝ ਗਿਆ ਕਿ ਕੋਈ ਵਲੀ ਅੱਲਾਹ ਆ ਗਿਆ, ਜਿਹੜਾ ਅੱਜ ਕਾਹਬੇ ਨਾਲੋਂ ਵੀ ਕਰੋੜਾਂ ਗੁਣਾਂ ਸ਼ਕਤੀ ਰਖਦਾ ਹੈ। ਸ਼ਰਧਾ 'ਚ ਆ ਗਿਆ, ਨਮਸ਼ਕਾਰ ਕਰੀ। ਕਹਿਣ ਲੱਗਿਆ, ਮਹਾਰਾਜ! ਮੈਂ ਜੀਵ ਹਾਂ, ਬੰਦਾ ਹਾਂ, ਆਪ ਕੋਈ ਕਾਮਲ ਪੀਰ ਹੋ, ਮੇਰੇ ਤੋਂ ਬੜੀ ਭੁੱਲ ਹੋਈ, ਮੈਂ ਇਕ ਤਾਂ ਆਪ ਦੇ ਲੱਤ ਮਾਰੀ, ਦੂਜਾ ਬੜੀ ਗੁਸਤਾਖੀ ਨਾਲ ਖਿੱਚ-ਖਿੱਚ ਕੇ, ਗੇੜੇ ਦੇ-ਦੇ ਕੇ, ਤੁਹਾਡੇ ਚਰਨ ਸੁੱਟੇ। ਮੇਰੀ ਤਾਂ ਹੈਰਾਨੀ ਦੀ ਹੱਦ ਨਹੀਂ ਹੈ ਕਿ ਜਿੱਧਰ ਵੀ ਮੈਂ ਦੇਖਦਾ ਹਾਂ, ਜਿਧਰ ਚਰਨ ਤੁਹਾਡੇ ਕਰਦਾ ਹਾਂ, ਕਾਹਬਾ ਓਧਰ ਹੀ ਹੈ। ਮਹਾਰਾਜ ਦੇ ਚਰਨਾਂ ਨੂੰ ਹੱਥ ਲਾਉਣ ਦੇ ਸਦਕੇ, ਅੰਦਰਲੇ ਬਜਰ ਕਪਾਟ ਖੁੱਲ੍ਹ ਗਏ ਉਹਦੇ। ਜਿੱਧਰ ਨੂੰ ਦੇਖਦਾ ਹੈ, ਕਾਹਬਾ ਹੀ ਕਾਹਬਾ। ਦੁਹਾਈ ਮਚਾ ਦਿਤੀ ਉਹਨੇ। ਕਹਿਣ ਲੱਗਿਆ, ਹਾਜ਼ੀਓ! ਅੱਜ ਕੋਈ ਉਹ ਆ ਗਿਆ, ਜਿਹਦਾ ਅਸੀਂ ਅਨੁਮਾਨ ਨਹੀਂ ਲਾ ਸਕਦੇ, ਕੋਈ ਵਲੀ ਅੱਲਾਹ ਆ ਗਿਆ। ਮੈਂ ਉਹਦੇ ਪੈਰ ਘੁੰਮਾਉਂਦਾ ਹਾਂ, ਜਿਧਰ ਘੁੰਮਾਉਂਦਾ ਹਾਂ, ਕਾਹਬਾ ਓਧਰ ਹੋ ਜਾਂਦਾ ਹੈ। ਕਰੋ ਦਰਸ਼ਨ, ਦੀਦਾਰ ਕਰੋ। ਰੌਲਾ ਪੈ ਗਿਆ ਸਵੇਰੇ ਹੀ। ਦੂਰ ਤੱਕ ਕਾਹਬੇ 'ਚ ਰੌਲਾ ਪੈ ਗਿਆ ਤੇ ਮਜ਼ਾਰਾਂ ਤੱਕ ਵੀ ਪਹੁੰਚ ਗਿਆ ਤੇ ਉਥੇ ਰੁਕਨਦੀਨ ਜਿਹੜਾ ਸੀ, ਮੁਲਤਾਨ ਵਾਲਾ ਪੀਰ ਉਹ ਉਨ੍ਹਾਂ ਦਿਨਾਂ 'ਚ ਵੱਡਾ ਸੀ। ਉਹਨੂੰ ਵੀ ਖਬਰ ਹੋਈ ਤੇ ਉਸਨੇ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਆ ਕੇ ਚਰਚਾ ਕਰਨੀ ਸ਼ੁਰੂ ਕਰ ਦਿਤੀ। ਬੜੀ ਲੰਮੀ ਚੌੜੀ ਚਰਚਾ, ਮੱਕੇ ਦੀ ਗੋਸ਼ਟ ਕਹਿੰਦੇ ਨੇ ਉਹਨੂੰ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਤਾਂ ਨਹੀਂ ਲਿਖੀ ਹੋਈ, ਗੁਰੂ ਗ੍ਰੰਥ ਸਾਹਿਬ 'ਚ ਤਾਂ ਕੋਈ-ਕੋਈ ਸ਼ਬਦ ਲਿਖਿਆ ਹੋਇਆ ਹੈ ਤੇ ਉਹ ਗੋਸ਼ਟ ਹੋਈ ਫਾਰਸੀ, ਅਰਬੀ ਦੇ ਅੰਦਰ। ਉਹਦੇ 'ਚ ਵੱਡੇ-ਵੱਡੇ ਸਿਧਾਂਤ ਮਹਾਰਾਜ ਨੇ ਗੁਰਸਿੱਖੀ ਦੇ ਦੱਸੇ। ਉਨ੍ਹਾਂ ਦੇ ਭਰਮ ਤੋੜੇ। ਉਸ ਵੇਲੇ ਅਖੀਰ ਦੇ ਉਤੇ ਰੁਕਨਦੀਨ ਕਹਿਣ ਲੱਗਿਆ, ਹੇ ਨਾਨਕ! ਇਹ ਤਾਂ ਅਸੀਂ ਸਿੱਧ ਕਰ ਲਿਆ ਕਿ ਤੂੰ ਵਲੀ ਅੱਲਾਹ ਹੈਂ, ਅੱਲਾਹ ਦੀ ਖਾਸ ਜਾਤ ਹੈਂ ਜਾਂ ਤੂੰ ਕੋਈ ਫਰਿਸ਼ਤਾ ਹੈਂ। ਪਹਿਲਾਂ ਤਾਂ ਇਹ ਦੱਸ ਕਿ ਤੂੰ ਇਥੇ ਕਰਨ ਕੀ ਆਇਆ ਹੈਂ। ਕਿਉਂਕਿ ਮੁਹੰਮਦ ਸਾਹਿਬ ਨੇ ਕਹਿ ਦਿਤਾ ਕਿ ਮੈਂ ਆਖਰੀ ਪੈਗੰਬਰ ਹਾਂ, ਹੁਣ ਕੋਈ ਪੈਗਾਮ ਲੈ ਕੇ ਨਹੀਂ ਆਏਗਾ ਅੱਲਾਹ ਤੋਂ ਤੇ ਤੁਸੀਂ ਜੇ ਕਹੋ ਕਿ ਮੈਂ ਪੈਗੰਬਰ ਹਾਂ, ਤਾਂ ਉਨ੍ਹਾਂ ਦਾ ਬਚਨ ਸਤਿ ਨਹੀਂ ਹੁੰਦਾ। ਮਹਾਰਾਜ ਕਹਿੰਦੇ, ਠੀਕ ਹੈ ਤੁਹਾਡੇ ਜੋ ਪੈਗੰਬਰ ਨੇ ਗੱਲ ਕਹੀ ਹੈ ਠੀਕ ਕਹੀ ਹੈ, ਪਰ ਤੁਸੀਂ ਭੁੱਲ ਗਏ, ਮੈਂ ਪੈਗਾਮ ਲੈ ਕੇ ਨਹੀਂ ਆਇਆ ਮੈਂ ਤਾਂ ਪੈਗਾਮਾਂ ਨੂੰ ਦਰੁੱਸਤ ਕਰਨ ਆਇਆ ਹਾਂ। ਤੁਸੀਂ ਗਲਤ ਗੱਲਾਂ 'ਚ ਚੱਲ ਪਏ। ਮੈਂ

ਤੁਹਾਨੂੰ ਸੋਧ ਦੇਣ ਵਾਸਤੇ ਆਇਆ ਹਾਂ, ਉਸ ਵੇਲੇ ਬੜੇ ਸਵਾਲ ਕੀਤੇ। ਕਈ ਸੌ ਸਫੇ ਦੀ ਉਹ ਗੋਸ਼ਟ ਹੈ, ਕਈ ਪ੍ਰੇਮੀਆਂ ਨੇ ਲਿਖ ਵੀ ਦਿਤੀ ਹੈ ਆਪਣੀ ਸਮਝ ਦੇ ਮੁਤਾਬਿਕ। ਉਹਦੇ 'ਚ ਇਕ ਜ਼ਿਕਰ ਆਉਂਦਾ ਹੈ ਕਿ ਹੇ ਨਾਨਕ! ਜਿਹੜੇ ਲੋਕ ਪਾਪ ਕਰਦੇ ਨੇ ਉਨ੍ਹਾ ਦੇ ਨਾਲ ਕੀ ਵਰਤਦੀ ਹੈ ਉਥੇ? ਜਦੋਂ ਲੇਖਾ ਮੰਗਦਾ ਹੈ ਖੁਦਾ ਤੇ ਫੇਰ ਕਿਵੇਂ ਹੁੰਦਾ ਹੈ? ਕਹਿਣ ਲੱਗੇ, ਜਿਵੇਂ ਦੁਨੀਆਂ ਦੇ ਵਿਚ ਕੋਈ ਬੰਦਾ ਕਰਜ਼ਾ ਲੈ ਕੇ ਮੁੱਕਰ ਜਾਂਦਾ ਹੈ, ਉਹਦਾ ਲੇਖਾ ਲੈਂਦੇ ਨੇ ਤੇ ਪੈਸੇ ਵਸੂਲ ਕਰਨ ਵਾਸਤੇ ਉਹਨੂੰ ਫੇਰ ਸਜ਼ਾਵਾਂ ਵੀ ਮਿਲਦੀਆਂ ਹਨ। ਕਹਿੰਦੇ, ਇਸੇ ਤਰ੍ਹਾਂ ਸਤਿਪੁਰਸ਼ ਦੁਨੀਆਂ 'ਚ ਆ ਕੇ ਸੰਸਾਰ ਨੂੰ ਸਮਝਾਉਂਦੇ ਨੇ ਕਿ ਪਿਆਰਿਓ! ਔਖਾ ਹੋ ਜਾਏਗਾ, ਲੇਖਾ ਦੇਣਾ ਤੁਹਾਨੂੰ। ਬਹੁਤ ਮੁਸ਼ਕਲ ਦੇ ਨਾਲ ਲੇਖੇ ਦੇਵੋਂਗੇ ਤੁਸੀਂ, ਹੁਣ ਸਾਡੀ ਗੱਲ ਸੁਣ ਕੇ ਸਮਝੋ ਤੇ ਆਪਣੇ ਜੀਵਨ ਨੂੰ ਬਦਲੋ, ਨਹੀਂ ਤਾਂ ਫੇਰ ਬਹੁਤ ਔਖਾ ਹੋਣਾ ਪੈ ਜਾਵੇਗਾ।

*ਧਾਰਨਾ - ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - 464*

ਮਹਾਰਾਜ ਕਹਿਣ ਲੱਗੇ, ਹਾਜ਼ੀਓ! ਇਹ ਜੀਵ ਸੰਸਾਰ 'ਤੇ ਆਉਂਦਾ ਹੈ, ਜੋ ਕੁਛ ਵੀ ਕਰਦਾ ਹੈ, ਇਹਦੇ ਮੱਥੇ ਦੇ ਵਿਚ ਉਹ ਸਾਰਾ ਰਿਕਾਰਡ ਹੋਈ ਜਾਂਦਾ ਹੈ ਕਿ ਆਹ ਕੰਮ ਕਰਿਆ ਇਹਨੇ, ਇਹ ਕੰਮ ਕਰਿਆ ਤੇ ਉਹਨੂੰ ਹੋਰ ਸੁਖਾਲਾ ਸਮਝਾਉਣ ਵਾਸਤੇ ਚਿਤਰ ਤੇ ਗੁਪਤ ਇਹਦੇ ਮੋਢਿਆਂ 'ਤੇ ਬੈਠੇ ਨੇ। ਇਕ ਚੰਗੇ ਕੰਮ ਨੋਟ ਕਰੀ ਜਾਂਦਾ ਹੈ, ਇਕ ਮਾੜੇ ਕੰਮ ਨੋਟ ਕਰੀ ਜਾਂਦਾ ਹੈ। ਮਾੜੇ ਕੰਮ ਕਰਕੇ ਜੀਵ ਕਹਿੰਦਾ ਹੈ ਕਿ ਮੇਰੇ ਕੰਮਾਂ ਦਾ ਕਿਸੇ ਨੂੰ ਪਤਾ ਨਹੀਂ ਲੱਗਿਆ। ਲੇਕਿਨ ਜਿਹੜਾ ਗੁਪਤ ਬੈਠਾ ਹੈ ਫੋਟੋਗਰਾਫਰ, ਕਹਿੰਦੇ ਉਹ ਗੁਪਤ ਰੂਪ ਵਿਚ ਫੋਟੋਆਂ ਲਈ ਜਾਂਦਾ ਹੈ ਇਹਦੀਆਂ। ਲਿਖਦਾ ਚਲਿਆ ਜਾਂਦਾ ਹੈ ਕਿ ਆਹ ਮਾੜਾ ਕਰਿਆ, ਆਹ ਚੰਗਾ ਕਰਿਆ ਤੇ ਉਹ ਸਾਰੇ ਜਿਹੜੇ ਚੰਗੇ ਤੇ ਮਾੜੇ ਲਿਖੇ ਹੋਏ ਨੇ, ਉਹ ਜਦੋਂ ਸੰਸਾਰ ਤੋਂ ਜਾਂਦਾ ਹੈ, ਉਸ ਵੇਲੇ ਉਹ ਇਕ-ਇਕ ਚੀਜ਼ ਵਾਚੀ ਜਾਂਦੀ ਹੈ। ਉਥੇ ਫੇਰ - 'ਲੇਖਾ ਕਰਿ ਸਮਝਾਇਆ' ਸਮਝਾਇਆ ਜਾਂਦਾ ਹੈ। ਚੰਗੀ ਤਰ੍ਹਾਂ ਪੱਕਾ ਕਰਾਇਆ ਜਾਂਦਾ ਹੈ ਕਿ ਤੂੰ ਇਹ ਕੰਮ ਕਰਿਆ, ਆਹ ਕੰਮ ਕਰਿਆ, ਦਿਖਾਏ ਜਾਂਦੇ ਨੇ, ਜਿਵੇਂ ਫਿਲਮ ਦਿਖਾਉਂਦੇ ਨੇ। ਇਸ ਤਰ੍ਹਾਂ ਉਸ ਨੂੰ ਦਿਖਾਇਆ ਜਾਂਦਾ ਹੈ। ਫੇਰ ਉਸ ਤੋਂ ਬਾਅਦ ਉਹਨੂੰ ਸਜ਼ਾਵਾਂ ਮਿਲਦੀਆਂ ਨੇ। ਫੇਰ ਇਹ ਦੁਖੀ ਹੁੰਦਾ ਹੈ, ਬੇਨਤੀਆਂ ਕਰਦਾ ਹੈ

ਪਰ ਉਥੇ ਸੁਣਦਾ ਨਹੀਂ ਕੋਈ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਐਸੇ ਬਚਨ ਸੁਣਾਇਆ ਕਰਦੇ ਸੀ ਸੰਗਤਾਂ ਦੇ ਅੰਦਰ। ਛੋਟੀਆਂ-ਛੋਟੀਆਂ ਗੱਲਾਂ ਹੁੰਦੀਆਂ, ਪਰ ਸਿੱਖਿਆਦਾਇਕ ਬਹੁਤ ਸੀ। ਇਕ ਐਸੇ ਪ੍ਰੇਮੀ ਸੀ ਜਿਹੜੇ ਕਹਿੰਦੇ ਸੀ ਕਿ ਇਹ ਤਾਂ ਅਸੀਂ ਰੋਜ਼ ਹੀ ਸੁਣਦੇ ਹਾਂ। ਸੁਣਨ ਤੋਂ ਅਗਾਂਹਾਂ ਉਹ ਅੰਦਰ ਨਹੀਂ ਸੀ ਲਿਜਾਇਆ ਕਰਦੇ। ਦੋਵੇਂ ਤਰ੍ਹਾਂ ਹੁੰਦਾ ਹੈ ਸੁਣਨਾ। ਇਕ ਤਾਂ ਹੁੰਦਾ ਹੈ ਸੁਣਿਆ ਹੈ, ਇਕ ਕੰਬ ਜਾਂਦਾ ਹੈ ਸੁਣ ਕੇ ਕਿ ਹੈਂ ਇਹ ਹਾਲ ਮੇਰੇ ਨਾਲ ਹੋਏਗਾ? ਇਕ ਕਹਿੰਦਾ ਹੈ ਕਿ ਅਸੀਂ ਤਾਂ ਫਲਾਣੇ ਥਾਂ ਵੀ ਇਹ ਗੱਲ ਸੁਣੀ ਸੀ।

ਸੁਣੀ ਤਾਂ ਸੀ, ਪਰ ਅੰਦਰਲੇ ਪਾਸੇ ਲੇਖਾ-ਜੋਖਾ ਤਾਂ ਕਰਕੇ ਦੇਖ ਕਿ ਕੀ ਕਰਿਆ ਹੈ। ਕਿਉਂਕਿ ਕੀਤਾ ਹੋਇਆ ਕਰਮ ਕਦੇ ਮਿਟਦਾ ਨਹੀਂ ਹੈ, ਖਾਲੀ ਨਹੀਂ ਜਾਂਦਾ ਹੈ। ਉਹ ਫਲ ਜ਼ਰੂਰ ਦਿੰਦਾ ਹੈ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ- 134***

ਜੇ ਚੰਗੇ ਕੰਮ ਕਰਦਾ ਹੈ, ਚੰਗਾ ਫਲ ਮਿਲਦਾ ਹੈ, ਮਾੜੇ ਕੰਮ ਕਰਦਾ ਹੈ ਤਾਂ ਮਾੜਾ ਫਲ ਮਿਲਦਾ ਹੈ। ਜੇ ਮਾੜੇ ਫਲ ਭੋਗ ਕੇ ਦੁਖੀ ਹੋਵੇ ਕਿ ਮੈਂ ਤਾਂ ਕੋਈ ਗਲਤ ਗੱਲ ਨਹੀਂ ਕਰਦਾ, ਮੈਂ ਗੁਰਦਵਾਰੇ ਵੀ ਆਉਂਦਾ ਹਾਂ, ਮੈਂ ਸੇਵਾ ਵੀ ਕਰਦਾ ਹਾਂ, ਮੈਂ ਬਾਣੀ ਵੀ ਪੜ੍ਹਦਾ ਹਾਂ ਤੇ ਮੇਰੇ ਨਾਲ ਇਸ ਤਰ੍ਹਾਂ ਕਿਉਂ ਹੁੰਦੀ ਹੈ? ਫਲਾਣਾ ਆਦਮੀ ਸ਼ਰਾਬਾਂ ਪੀਂਦਾ ਹੈ, ਫਲਾਣਾ ਇਸ ਤਰ੍ਹਾਂ ਕਰਦਾ ਹੈ, ਉਹਦੇ ਨਾਲ ਨਹੀਂ ਹੁੰਦੀ। ਉਹਨੂੰ ਇਹ ਨਹੀਂ ਪਤਾ ਕਿ ਮੈਂ ਬੀਜ ਕੇ ਆਇਆ ਹਾਂ ਇਹ ਚੀਜ਼। ਮਹਾਰਾਜ ਕਹਿੰਦੇ, ਜਿਹੜਾ ਕੁਛ ਤੂੰ ਬੀਜਿਆ ਹੈ, ਉਹਦਾ ਤੈਨੂੰ ਫਲ ਖਾਣਾ ਹੀ ਪੈਣਾ ਹੈ -

***ਧਾਰਨਾ - ਕਿਥੋਂ ਭਾਲਦੈ ਤੂੰ ਦਾਖ ਬਿਜਓਰੀਆਂ,***
***ਕਿੱਕਰਾਂ ਦੇ ਬੀਜ ਬੀਜ ਕੇ ਪਿਆਰਿਆ।***

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥ ਅੰਗ- 1379***

ਕਮਾਲ ਦੀ ਗੱਲ ਹੈ ਜਿਸ ਵਕਤ ਬੀਜ ਪਾਏ ਸੀ ਉਸ ਵੇਲੇ ਕਿੱਕਰ ਦਾ ਬੀਜ ਬੜਾ ਸੋਹਣਾ ਲਗਦਾ ਹੈ, ਉਤੇ ਧਾਰੀ ਹੁੰਦੀ ਹੈ, ਗੋਲ ਕਾਲੇ ਰੰਗ ਦਾ ਹੁੰਦਾ ਹੈ, ਬਹੁਤ ਕੂਲਾ ਹੁੰਦਾ ਹੈ। ਪਰ ਬੀਜਣ ਵਾਲੇ ਨੂੰ ਇਹ ਨਹੀਂ ਪਤਾ ਕਿ ਇਹਦੇ ਵਿਚੋਂ ਤਾਂ ਕੰਡੇ ਨਿਕਲਣੇ ਨੇ, ਕਾਲਾ ਦਰਖਤ ਪੈਦਾ ਹੋਣਾ ਹੈ ਜਿਹਦੀ ਲੱਕੜੀ ਨਾ ਇਮਾਰਤ ਦੇ ਕੰਮ ਆਉਂਦੀ ਹੈ, ਨਾ ਜਾਲਣ ਦੇ ਕੰਮ ਆਉਂਦੀ ਹੈ। ਉਸ ਵੇਲੇ ਜੇ ਕਹੇ ਕਿ ਇਹਨੂੰ ਅੰਗੂਰ ਨਹੀਂ ਲੱਗੇ ਕਹਿੰਦੇ, ਕਿੱਡਾ ਗਲਤ ਹੈ, ਜੇ ਅੰਗੂਰ ਖਾਣੇ ਸੀ ਤਾਂ ਅੰਗੂਰ ਬੀਜਦਾ। ***'ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*** ' ਜਿਹੋ ਜਿਹਾ ਬੀਜੇਂਗਾ ਵੱਢਣ ਨੂੰ ਉਹੋ ਜਿਹਾ ਹੀ ਮਿਲੇਗਾ। ***'ਹੰਢੈ ਉਂਨ ਕਤਾਇਦਾ ਪੈਧਾ ਲੋੜੈ***

***ਪਟੁ ॥'*** ਉੱਨ ਕੱਤਦਾ ਹੈ ਤੇ ਕਹਿੰਦਾ ਹੈ ਮੈਂ ਰੇਸ਼ਮ ਪਹਿਨਣਾ ਹੈ। ਰੇਸ਼ਮ ਤਾਂ ਤਾਂਹੀ ਹੋਏਗਾ ਜੇ ਰੇਸ਼ਮ ਨੂੰ ਕੱਤੇਂਗਾ। ਉੱਨ ਨਾਲ ਤਾਂ ਹੁੰਦਾ ਨਹੀਂ ਹੈ। ਸੋ ਇਸ ਤਰ੍ਹਾਂ ਬਹੁਤ ਸਾਰੇ ਪ੍ਰੇਮੀਆਂ ਦੇ ਮਨਾਂ 'ਚ ਖਿਆਲ ਹੁੰਦਾ ਹੈ ਕਿ ਅਸੀਂ ਤਾਂ ਜੀ ਬਾਣੀ ਵੀ ਪੜ੍ਹਦੇ ਹਾਂ। ਗੁਰੂ ਘਰ 'ਚ ਵੀ ਜਾਂਦੇ ਹਾਂ, ਸੇਵਾ ਵੀ ਕਰਦੇ ਹਾਂ, ਫੇਰ ਵੀ ਸਾਡਾ ਖਹਿੜਾ ਨਹੀਂ ਛੱਡਦੇ ਦੁੱਖ। ਸਾਡੇ ਨਾਲ ਨਜਾਇਜ਼ ਹੋ ਰਹੀ ਹੈ, ਦੂਜੇ ਸਾਡੇ ਮੁਕਾਬਲੇ 'ਦੇ ਨੇ ਉਹ ਵੈਰ ਵੀ ਕਰਦੇ ਨੇ, ਸ਼ਰਾਬਾਂ ਵੀ ਪੀਂਦੇ ਨੇ, ਮਾੜੇ ਕੰਮ ਵੀ ਕਰਦੇ ਨੇ, ਰੋਟੀ ਵਧੀਆ ਖਾਂਦੇ ਨੇ। ਇਹਦਾ ਕਾਰਨ ਕੀ ਹੈ? ਮਹਾਰਾਜ ਕਹਿੰਦੇ, ਪਿਆਰਿਆ! ਤੂੰ ਜਿਹੋ ਜਿਹੇ ਬੀਜ ਬੀਜੇ ਸੀ ਉਹੋ ਜਿਹੇ ਤੇਰੇ ਸਾਮ੍ਹਣੇ ਆਈ ਜਾਂਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸੰਗਤ 'ਚ ਬੈਠੇ ਨੇ, ਕਈ ਗੁਰਸਿੱਖ ਆਪਸ ਵਿਚ ਬਚਨ ਕਰਕੇ, ਉਨ੍ਹਾਂ ਵਿਚੋਂ ਇਕ ਖੜ੍ਹਾ ਹੋ ਗਿਆ। ਮਹਾਰਾਜ ਕਹਿਣ ਲੱਗੇ, ਬੈਠ ਕੇ ਗੱਲ ਕਰੋ। ਕਹਿੰਦਾ, ਸੱਚੇ ਪਾਤਸ਼ਾਹ! ਅਸੀਂ ਤੁਹਾਡੇ ਪ੍ਰਵਚਨਾਂ ਤੋਂ ਸੁਣਦੇ ਹਾਂ ਕਿ ਜਿਹੜਾ ਕਰਮ ਕਰਦਾ ਹੈ ਆਦਮੀ, ਉਹ ਕਰਮ ਦਾ ਫਲ ਭੋਗਣਾ ਪੈਂਦਾ ਹੈ। ਆਦਮੀ ਤਾਂ ਮਰ ਜਾਂਦਾ ਹੈ, ਫੇਰ ਕਰਮ ਕਿਵੇਂ ਨਾਲ ਜਾਂਦਾ ਹੈ। ਜਦੋਂ ਬਾਕੀ ਕੋਈ ਚੀਜ਼ ਨਹੀਂ ਨਾਲ ਜਾਂਦੀ, ਫੇਰ ਕਰਮ ਵੀ ਮਹਾਰਾਜ ਨਾਲ ਨਹੀਂ ਜਾਣੇ ਚਾਹੀਦੇ। ਮਹਾਰਾਜ ਕਹਿੰਦੇ, ਪਿਆਰਿਓ! ਇਹ ਕਰਮਾਂ ਦਾ ਫਲ ਐਨਾ ਸੂਖਸ਼ਮ ਹੈ ਕਿ ਅੰਤਸ਼ਕਰਣ ਦੇ ਵਿਚ ਚਲਿਆ ਜਾਂਦਾ ਹੈ, ਬਾਕੀ ਜੇ ਤੁਸੀਂ ਖੋਲ੍ਹ ਕੇ ਗੱਲ ਪੁੱਛਣੀ ਹੈ ਤਾਂ ਭਾਈ ਦਇਆ ਸਿੰਘ ਜੀ ਤੇ ਮੇਰੇ ਵਿਚ ਕੋਈ ਫਰਕ ਨਾ ਸਮਝੋ, ਇਹ ਮੇਰਾ ਹੀ ਰੂਪ ਹੈ-

***ਖਾਲਸਾ ਮੇਰੋ ਰੂਪ ਹੈ ਖਾਸ।***
***ਖਾਲਸੇ ਮਹਿ ਹੌਂ ਕਰੌ ਨਿਵਾਸ।***

ਇਨ੍ਹਾਂ ਤੋਂ ਪੁਛ ਲਓ। ਉਸ ਵੇਲੇ ਗੁਰੂ ਮਹਾਰਾਜ ਉਠ ਕੇ ਚਲੇ ਜਾਂਦੇ ਨੇ, ਸਾਰਿਆਂ ਨੇ ਭਾਈ ਸਾਹਿਬ ਨੂੰ ਕਿਹਾ ਕਿ ਸਾਨੂੰ ਗੱਲ ਸਮਝਾਓ ਜੀ ਕਿ ਇਹ ਕਰਮ ਕਿਵੇਂ ਕੰਮ ਕਰਦੇ ਨੇ? ਉਸ ਵੇਲੇ ਉਨ੍ਹਾਂ ਨੇ ਕਿਹਾ ਕਿ ਦੇਖੋ, ਪਹਿਲਾਂ ਕੋਈ ਕਰਮ ਨਹੀਂ ਜਦੋਂ ਸੰਸਾਰ ਬਣਿਆ ਹੈ। ਹਰ ਜੀਵ ਦੇ ਵਿਚ ਕੋਈ ਨਾ ਕੋਈ ਰੋਗ ਪਾ ਦਿਤਾ। ਮੱਛੀ ਦੇ ਵਿਚ ਰਸ ਦਾ ਪਾ ਦਿਤਾ। ਆਟਾ ਬੰਨ੍ਹ ਦਿੰਦੇ ਨੇ ਤੇ ਜੀਭ ਦਾ ਰੋਗ ਲੱਗਿਆ ਹੋਇਆ ਹੈ। ਕੁੰਡੀ ਨੂੰ ਸਣੇ ਆਟੇ ਦੇ ਨਿਗ੍ਹਾਰ ਜਾਂਦੀ ਹੈ, ਫੇਰ ਮਰਨਾ ਪੈਂਦਾ ਹੈ ਇਹਨੂੰ। ਹਾਥੀ ਦੇ ਵਿਚ ਸਪਰਸ਼ ਰੋਗ ਹੈ, ਕਾਮ ਦਾ ਰੋਗ। ਕਾਗਜ਼ਾਂ ਦੀ ਹਥਣੀ ਬਣਾ ਕੇ ਖੜ੍ਹੀ ਕਰ ਦਿੰਦੇ ਨੇ, ਟੋਆ ਪੁੱਟ ਕੇ, ਉਤੇ ਫੂਸ ਦੀ ਛੱਤ ਪਾ ਕੇ ਖੜ੍ਹਾ ਦਿੰਦੇ ਨੇ, ਹਾਥੀ ਐਨਾ ਮਸਤ ਹੋ ਜਾਂਦਾ ਹੈ ਇਸ ਰੋਗ ਦਾ ਮਾਰਿਆ ਹੋਇਆ, ਦੇਖਦਾ ਨਹੀਂ ਕਿ ਮੂਹਰੇ ਟੋਆ ਹੈ, ਨੱਠ ਕੇ ਟੋਏ 'ਚ ਗਿਰ ਜਾਂਦਾ ਹੈ। ਇਸੇ ਤਰ੍ਹਾਂ ਦੇ ਨਾਲ ਹਰਨ ਹੈ ਉਹਨੂੰ ਕੰਨਾਂ ਦਾ ਰੋਗ ਹੈ, ਸਰਵਣ ਦਾ ਰੋਗ ਹੈ, ਸ਼ਬਦ ਰੋਗ ਲੱਗਿਆ ਹੋਇਆ ਹੈ ਉਸ ਨੂੰ।

ਉਹ ਜਿਸ ਵਕਤ ਘੰਡੇਹੇੜੇ ਦੀ ਆਵਾਜ਼ ਸੁਣਦਾ ਹੈ, ਉਸ ਵੇਲੇ ਜਿਧਰੋਂ ਆਵਾਜ਼ ਆਉਂਦੀ ਹੈ, ਓਧਰ ਨੂੰ ਚਲਿਆ ਜਾਂਦਾ ਹੈ, ਜਾ ਕੇ ਲਿਟਣ ਲਗ ਜਾਂਦਾ ਹੈ, ਸ਼ਿਕਾਰੀ ਉਹਨੂੰ ਉਦੋਂ ਹੀ ਫੜ ਲੈਂਦਾ ਹੈ। ਇਸੇ ਤਰ੍ਹਾਂ ਜਿਹੜਾ ਭਵਰਾ ਹੈ ਉਹਨੂੰ ਸੁੰਘਣ ਦਾ ਰੋਗ ਹੈ, ਵਾਸ਼ਨਾ ਦਾ, ਗੰਧ ਦਾ ਰੋਗ ਲੱਗਿਆ ਹੋਇਆ ਹੈ ਉਹਨੂੰ ਤੇ ਉਹ ਫੁੱਲ ਵਿਚ ਬਹਿ ਜਾਂਦਾ ਹੈ, ਸੁੰਘੀ ਜਾਂਦਾ ਹੈ। ਸ਼ਾਮ ਪੈ ਜਾਂਦੀ ਹੈ, ਫੁੱਲ ਬੰਦ ਹੋ ਜਾਂਦਾ ਹੈ, ਸਵੇਰੇ ਨੂੰ ਮਰਿਆ ਹੋਇਆ ਹੀ ਨਿਕਲਦਾ ਹੈ। ਤੇ ਜਿਹੜਾ ਪਰਵਾਨਾ ਹੈ, ਭਮੱਕੜ ਜਿਹਨੂੰ ਅਸੀਂ ਕਹਿੰਦੇ ਹਾਂ, ਇਹਨੂੰ ਅੱਖਾਂ ਦਾ, ਰੂਪ ਰੋਗ ਹੈ ਇਹਨੂੰ। ਕਹਿੰਦੇ, ਰੂਪ ਰੋਗ ਦਾ ਬੰਨ੍ਹਿਆ ਹੋਇਆ, ਪਤਾ ਹੈ ਕਿ ਮੈਂ ਜਲ ਜਾਵਾਂਗਾ, ਫੇਰ ਵੀ ਲਾਟ ਦੇ ਵਿਚ ਚਲਿਆ ਜਾਂਦਾ ਹੈ। ਦੀਵਾ ਜਾਲ ਦਿਓ, ਬੇਅੰਤ ਆ ਜਾਣਗੇ। ਫੰਗ ਜਲੀ ਜਾਣਗੇ, ਵਿਚ ਗਿਰੀ ਜਾਣਗੇ, ਮਰੀ ਜਾਣਗੇ। ਇਸੇ ਤਰ੍ਹਾਂ ਮਹਾਰਾਜ ਕਹਿੰਦੇ, ਇਸ ਮਨੁੱਖ ਨੂੰ ਪਹਿਲਾਂ ਤਾਂ ਇਹ ਪੰਜੇ ਹੀ ਰੋਗ ਇਕੱਠੇ ਦੇ ਦਿਤੇ ਤੇ ਇਨ੍ਹਾਂ ਤੋਂ ਮਹਾਂ ਰੋਗ ਜਿਹੜਾ ਦੇ ਦਿਤਾ, ਉਹ ਹਉਮੈ ਦਾ ਰੋਗ ਦੇ ਦਿਤਾ। ਹਉਮੈ ਦੇ ਰੋਗ ਵਿਚ ਕਰਮ ਤਾਂ ਜਾਨਵਰ ਵੀ ਕਰਦੇ ਨੇ ਪਰ ਇਹ ਇਸ ਤਰ੍ਹਾਂ ਨਹੀਂ ਕਹਿੰਦੇ ਕਿ ਮੈਂ ਕਰਦਾ ਹਾਂ। ਇਨ੍ਹਾਂ ਦੇ ਅੰਦਰ ਹਉਮੈ ਹੈ ਨਹੀਂ, ਇਸ ਕਰਕੇ ਅਹੰ ਬਿਰਤੀ ਨਹੀਂ ਧਾਰਨ ਕਰਦੇ। ਜਿਹੜਾ ਮਨੁੱਖ ਹੈ ਇਹ ਅਹੰ ਬਿਰਤੀ ਧਾਰਨ ਕਰਦਾ ਹੈ, ਮੈਂ ਕੀਰਤਨ ਕਰਦਾ ਹਾਂ, ਮੈਂ ਉਪਦੇਸ਼ ਕਰਦਾ ਹਾਂ। ਮੈਂ ਨਾਮ ਜਪਦਾ ਹਾਂ, ਕਹਿੰਦੇ ਜਦੋਂ ਚੰਗੇ ਕੰਮਾਂ ਨੂੰ ਕਹਿੰਦਾ ਹੈ ਕਿ ਮੈਂ ਕਰਦਾ ਹਾਂ, ਜੇ ਮਾੜਿਆਂ ਨੂੰ ਕਹੇ ਮੈਂ ਨਹੀਂ ਕਰਦਾ, ਰੱਬ ਕਰਾਉਂਦਾ ਹੈ ਇਹ ਗੱਲ ਨਹੀਂ ਹੁੰਦੀ। ਉਦਾਂ ਤਾਂ ਕਰਦਾ ਹੀ ਹੈ ਕਿਉਂਕਿ ਹੰਗਤਾ ਬਿਰਤੀ ਉਹਦੇ ਅੰਦਰ ਕੰਮ ਕਰ ਰਹੀ ਹੈ। ਚੰਗੇ ਕਰਮ ਵੀ ਜਮ੍ਹਾਂ ਹੋ ਜਾਂਦੇ ਨੇ ਤੇ ਮਾੜੇ ਵੀ ਜਮ੍ਹਾਂ ਹੋ ਜਾਂਦੇ ਨੇ। ਕਹਿੰਦੇ, ਤਿੰਨ ਚੀਜ਼ਾਂ ਜਿੰਨਾਂ ਚਿਰ ਇਕੱਠੀਆਂ ਨਹੀਂ ਹੁੰਦੀਆਂ। ਓਨਾਂ ਚਿਰ ਕਰਮ ਨਹੀਂ ਲੱਗਿਆ ਕਰਦਾ। ਸੋ ਜਿਸ ਵਕਤ ਜੀਵ ਪੈਦਾ ਹੋਇਆ, ਪੈਦਾ ਹੁੰਦੇ ਨੂੰ ਹੀ ਹਉਮੈ ਦਾ ਰੋਗ ਲੱਗਣ ਕਰਕੇ ਅਗਿਆਨ ਹੋ ਗਿਆ। ਪਹਿਲੀ ਚੀਜ਼ ਤਾਂ ਅਗਿਆਨਤਾ ਹੋਣੀ ਚਾਹੀਦੀ ਹੈ। ਦੂਸਰੀ ਅੰਤਸ਼ਕਰਣ ਹੋਣਾ ਚਾਹੀਦਾ ਹੈ, ਤੀਸਰੀ ਚੀਜ਼ ਹੈ ਚੇਤਨ, ਇਹਦੇ ਵਿਚ ਆਤਮਾ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ। ਕਿਉਂਕਿ ਜੇ ਤਿੰਨ ਇਕੱਠੇ ਹੋ ਜਾਣ ਫੇਰ ਕਰਮ ਜਿਹੜਾ ਹੈ ਉਹ ਜਿਵੇਂ ਆਪਾਂ ਕਿਸੇ ਭਾਂਡੇ 'ਚ ਚੀਜ਼ ਸੰਭਾਲੀਏ, ਇਸ ਤਰ੍ਹਾਂ ਫੇਰ ਉਹ ਭਾਂਡਾ ਬਣ ਜਾਂਦਾ ਹੈ, ਖਾਲੀ ਥਾਂ ਬਣ ਜਾਂਦੀ ਹੈ ਅੰਤਸ਼ਕਰਣ ਦੀ, ਉਹਦੇ 'ਚ ਆ ਕੇ ਕਰਮ ਟਿਕੀ ਜਾਂਦੇ ਨੇ।

ਕਹਿੰਦੇ, ਹੋਰ ਤੁਹਾਨੂੰ ਤਰੀਕੇ ਨਾਲ ਸਮਝਾਉਂਦੇ ਹਾਂ ਕਿ ਜਿਵੇਂ ਭੱਥਾ ਹੁੰਦਾ ਹੈ ਤੀਰਾਂ ਦਾ। ਇਸ ਤਰ੍ਹਾਂ ਸਾਂਭਣ ਵਾਲੀ ਚੀਜ਼ ਹੋਣ ਕਰਕੇ, ਤੀਰ ਰੂਪੀ ਕਰਮ ਉਹਦੇ ਵਿਚ ਜਮ੍ਹਾਂ ਹੋ ਜਾਂਦੇ ਨੇ। ਜਿੰਨੇ ਕਰਮ ਕਰਦਾ ਹੈ, ਸਾਰੇ ਜਮ੍ਹਾਂ ਹੋ ਜਾਂਦੇ ਨੇ। ਉਸ ਤੋਂ ਬਾਅਦ ਫੇਰ ਜਨਮ ਧਾਰਦਾ ਹੈ, ਕੁਛ ਨਵੇਂ ਕਰਦਾ ਹੈ ਕੁਛ ਭੋਗਦਾ ਹੈ। ਹੋਰ ਜਨਮ ਹੋ ਗਏ, ਉਹ ਅੰਤਸ਼ਕਰਣ

ਦੇ ਅੰਦਰ ਕਰਮ ਐਨੇ ਹੋ ਜਾਂਦੇ ਨੇ ਕਿ ਕਰੋੜਾਂ ਜਨਮ ਵੀ ਜੇ ਧਾਰਨ ਕਰੀ ਜਾਵੇ ਬਗੈਰ ਕਰਮ ਕਰਨ ਤੋਂ, ਤਾਂ ਵੀ ਨਹੀਂ ਉਹਦੇ ਮੁਕਦੇ। ਐਨਾ ਜੀਵ ਕਰਮ ਕਰ ਜਾਂਦਾ ਹੈ। ਅੰਨਾ ਹੋ ਕੇ ਕਰਦਾ ਹੈ, ਬੇ-ਸੂਝ ਹੋ ਕੇ। ਕਹਿਣ ਲੱਗੇ, ਫੇਰ ਜਦੋਂ ਦੂਸਰਾ ਜਨਮ ਲੈਂਦਾ ਹੈ। ਪਹਿਲੇ ਜਨਮ ਤੋਂ ਬਾਅਦ ਫੇਰ ਦੇਖਦੇ ਨੇ ਕਿ ਇਹਨੇ ਕਿਹੜਾ ਕਰਮ ਕਰਿਆ ਹੈ ਤੇ ਉਹਨੂੰ ਭੁਲਾਉਣ ਵਾਸਤੇ ਕਈ ਵਾਰੀ ਨਖਿੱਧ ਜੂਨੀਆਂ 'ਚ ਪਾ ਦਿੰਦੇ ਨੇ, ਕੁੱਤਿਆਂ, ਬਿੱਲੀਆਂ, ਸੂਰਾਂ, ਸੱਪਾਂ ਦੀ ਤੇ ਉਹ ਜਨਮ ਭੋਗਣਾ ਪੈਂਦਾ ਹੈ ਪੂਰੇ ਦਾ ਪੂਰਾ ਹੀ।

ਇੱਕ ਵਾਰੀ ਬਾਬਾ ਫਰੀਦ ਜੀ ਆਪਣੇ ਮੁਰੀਦਾਂ ਦੇ ਨਾਲ ਜਾ ਰਹੇ ਨੇ ਤੇ ਇਕ ਬੈਲ ਪਿਆ ਹੈ, ਉਹਦੇ ਕਰੰਗ ਨੂੰ ਦੇਖ ਕੇ ਸਿਜਦਾ ਕਰਨ ਲਗ ਗਏ। ਗੋਡਿਆਂ ਭਾਰ ਹੋ ਕੇ, ਸਿਜਦਾ ਕਰ ਰਹੇ ਕਿ ਸੁਬ੍ਹਾਨ ਅੱਲਾਹ, ਸੁਬ੍ਹਾਨ ਅੱਲਾਹ। ਸਾਰਿਆਂ ਨੇ ਕਿਹਾ ਕਿ ਕਰੰਗ ਨੂੰ ਦੇਖ ਕੇ ਕਰ ਰਹੇ ਨੇ। ਅਨੁਭਵੀ ਮਹਾਂਪੁਰਸ਼ ਸੀ, ਨਹੀਂ ਤਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਣੀ ਨਹੀਂ ਸੀ ਦਰਜ ਹੁੰਦੀ, ਜੇ ਐਡੀ ਕਰਨੀ ਕਮਾਈ ਵਾਲੇ ਨਾ ਹੁੰਦੇ। ਕਵੀ ਨਹੀਂ ਸੀਗੇ ਕਿ ਕਵਿਤਾ ਬਣਾਉਂਦੇ। ਪੂਰਨ ਮਹਾਂਪੁਰਸ਼ ਸੀਗੇ, ਮੁਰੀਦ ਕਹਿਣ ਲੱਗੇ, ਮਹਾਰਾਜ! ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ, ਮੈਂ ਖੁਦਾ ਦਾ ਨਿਆਂ ਦੇਖਦਾ ਹਾਂ, ਕਿਉਂਕਿ ਰੱਬ ਦੇ ਵਿਚ ਨਿਆਂ ਵੀ ਹੈ ਤੇ ਬਖਸ਼ਿਸ਼ ਵੀ ਹੈ। ਜੇ ਇਕੱਲਾ ਨਿਆਂ ਹੋਵੇ ਫੇਰ ਤਾਂ ਸਾਡਾ ਖਹਿੜਾ ਹੀ ਨਾ ਛੁੱਟੇ ਕਦੇ। ਉਹ ਬਖਸ਼ਿਸ਼ ਕਰਕੇ ਅਸੀਂ ਬਚ ਜਾਂਦੇ ਹਾਂ। ਉਹ ਬਖਸ਼ ਦਿੰਦਾ ਹੈ ਸਭ ਕੁਛ ਕੀਤੇ ਕਰਾਏ ਨੂੰ, ਜੇ ਬਖਸ਼ਿਸ਼ ਮੰਗ ਲਓ। ਕਹਿੰਦੇ, ਨਿਆਂਕਾਰੀ ਇਹੋ ਜਿਹਾ ਹੈ ਮਾੜੀ ਜਿਹੀ ਗੱਲ ਕੀਤੀ ਹੋਈ ਨਹੀਂ ਜਾਂਦੀ, ਉਹਦੀ ਵੀ ਸਜ਼ਾ ਮਿਲਦੀ ਹੈ। ਕਹਿਣ ਲੱਗੇ, ਜਿਹੜਾ ਬੈਲ ਹੈ ਪਿਛਲੇ ਜਨਮ ਦੇ ਅੰਦਰ ਇਸ ਇਲਾਕੇ ਦਾ ਸਭ ਤੋਂ ਵੱਡਾ ਜ਼ਿੰਮੀਦਾਰ ਸੀ। ਘਰ ਵਿਚ ਘੋੜੇ ਘੋੜੀਆਂ ਬਹੁਤ ਸੀ, ਰਥ ਸੀਗੇ। ਬੱਘੀਆਂ ਸੀ, ਪਹਿਰੇਦਾਰ ਸੀ, ਕਹਿੰਦੇ ਇਥੇ ਦਾ ਮਾਲਕ ਸੀ ਪਰ ਲਾਲਚੀ ਬੜਾ ਸੀ। ਕਹਿੰਦੇ, ਇਕ ਦਿਨ ਆਪਣੀ ਜ਼ਮੀਨ ਦੇ ਦੁਆਲੇ ਘੁੰਮਦਾ ਫਿਰਦਾ ਸੀ ਤੇ ਨਾਲ ਦੇ ਖੇਤ ਵਾਲਿਆਂ ਦੀਆਂ ਕੁਝ ਕਣਕ ਦੀਆਂ ਬੱਲੀਆਂ ਇਹਦੀ ਰਕਾਬ 'ਚ ਫਸ ਕੇ ਟੁੱਟ ਗਈਆਂ। ਇਹਦੇ ਮਨ 'ਚ ਕੀ ਆਇਆ ਕਿ ਦਾਣੇ ਨੇ, ਘਰ 'ਚ ਲੈ ਆਇਆ, ਜਿੱਥੇ ਇਹਦਾ ਬੋਹਲ ਲੱਗਿਆ ਹੋਇਆ ਸੀ ਉਹਦੇ 'ਚ ਹੱਥ ਨਾਲ ਮਲ ਕੇ ਪਾ ਦਿਤੀਆਂ। ਕਹਿੰਦੇ, ਕੁਛ ਦਾਣੇ ਚਲੇ ਗਏ, ਉਹ ਲੋਭ ਵਸ ਹੋਏ ਨੂੰ ਬੰਨ੍ਹ ਲਿਆ ਕਰਮ ਨੇ। ਕਹਿੰਦੇ, ਉਹਦਾ ਲੇਖਾ ਦੇਣ ਵਾਸਤੇ ਇਹ ਇਕ ਜਨਮ ਬੈਲ ਦਾ ਧਾਰ ਕੇ ਉਸੇ ਕਿਸਾਨ ਦੇ, ਜਿਹਦੀਆਂ ਕੁਛ ਬੱਲੀਆਂ ਆਈਆਂ ਸੀ, ਕਹਿੰਦੇ ਉਹਦਾ ਬੈਲ ਬਣ ਕੇ ਲੇਖਾ ਦੇ ਕੇ ਅੱਜ ਕਰੰਗ ਬਣਿਆ ਪਿਆ ਹੈ। ਅਸੀਂ ਇਹਦੀ ਕਰਤੂਤ ਦੇਖ ਕੇ, ਅੱਲਾਹ ਤਾਲਾ ਦੀ ਰਹਿਮਤ ਦੇਖਦੇ ਹਾਂ ਕਿ ਹੇ ਅੱਲਾਹ ਤਾਲਾ! ਐਨੀ ਕੁ ਗੱਲ ਦਾ ਵੀ ਲੇਖਾ ਦੇਣਾ ਪੈਣਾ ਹੈ? ਸੋ ਇਸ ਤਰ੍ਹਾਂ ਲੇਖੇ ਦੇਣੇ ਪੈਂਦੇ ਨੇ, ਜਿਹੜਾ ਕੰਮ ਕਰ ਲਈਏ, ਉਹ ਕੀਤਾ ਹੋਇਆ ਐਵੇਂ ਨਹੀਂ

ਜਾਇਆ ਕਰਦਾ। ਕਰਦਾ ਹੈ ਆਦਮੀ ਜ਼ੋਰ ਨਾਲ, ਲੇਕਿਨ ਜਦੋਂ ਲੇਖਾ ਦੇਣਾ ਪੈਂਦਾ ਹੈ ਫੇਰ ਰੋਂਦਾ ਹੈ, ਫੇਰ ਵਿਰਲਾਪ ਕਰਦਾ ਹੈ ਕਿ ਮੈਂ ਤਾਂ ਇਹੋ ਜਿਹਾ ਕੰਮ ਕਰਿਆ ਨਹੀਂ ਸੀ। ਮੈਨੂੰ ਕਿਵੇਂ ਭੋਗਣਾ ਪੈ ਗਿਆ। ਸੋ ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਪਿਆਰਿਓ! ਇਸ ਤਰ੍ਹਾਂ ਨਾਲ ਕਰਮ ਜਿਹੜੇ ਨੇ ਉਹ ਅੰਤਸ਼ਕਰਣ ਵਿਚ ਜਮ੍ਹਾਂ ਹੋ ਜਾਂਦੇ ਨੇ। ਹੁਣ ਜਦੋਂ ਨਵਾਂ ਜਨਮ ਲੈਂਦਾ ਹੈ ਇਹ ਤਾਂ ਇਹਦੇ ਨਾਲ ਜਿਹੜੇ ਕਰਮਾਂ ਦੀ ਵਾਰੀ ਆਈ ਹੋਈ ਹੈ ਭੋਗਣ ਦੀ, ਉਹ ਨਾਲ ਲਿਖ ਦਿੰਦੇ ਨੇ ਕਿ ਇਨ੍ਹਾਂ ਨੇ ਭੋਗਣਾ ਹੈ। ਕਹਿੰਦੇ, ਮੱਥੇ ਵਿਚ ਲਿਖ ਦਿੰਦੇ। ਕਹਿੰਦੇ ਇਸ ਤਰ੍ਹਾਂ ਸਮਝ ਲਓ ਕਿ ਜੀਵ ਚਲਦਾ ਹੈ, ਜਿਵੇਂ ਕਰੋੜ ਮੀਲ ਤੋਂ ਕੋਈ ਤੀਰ ਕਮਾਨ ਵਾਲਾ ਬਾਣ ਚਲਾਉਂਦਾ ਹੋਵੇ, ਕਹਿੰਦੇ ਇਸ ਤਰ੍ਹਾਂ ਬਾਣ ਚਲਦੇ ਨੇ ਕਰਮਾਂ ਦੇ। ਉਹ ਸਮੇਂ-ਸਮੇਂ ਸਿਰ ਆ ਕੇ ਲਗਦੇ ਨੇ, ਕਹਿੰਦੇ ਉਨ੍ਹਾਂ ਨੂੰ ਪਰਾਲਬਧ ਕਰਮ ਕਹਿੰਦੇ ਨੇ। ਉਹਦੇ ਵਿਚ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਇਹਨੂੰ ਰੋਟੀ ਕਿਹੋ ਜਿਹੀ ਮਿਲਣੀ ਹੈ, ਕਿਹੋ ਜਿਹਾ ਘਰ ਮਿਲਣਾ ਹੈ, ਕਿੰਨੀ ਜ਼ਮੀਨ ਜਾਇਦਾਦ ਮਿਲਣੀ ਹੈ। ਕਿਹੋ ਜਿਹਾ ਵਪਾਰ ਕਰਨਾ ਹੈ, ਕਿਹੋ ਜਿਹੀ ਨੌਕਰੀ ਚਾਕਰੀ ਮਿਲਣੀ ਹੈ। ਉਸ ਤਰ੍ਹਾਂ ਦੀ ਪਰਾਲਬਧ ਦਾ ਬੰਦੋਬਸਤ ਕਰ ਦਿਤਾ ਜਾਂਦਾ ਹੈ। ਉਹ ਇਸ ਨੂੰ ਭੋਗਣ ਵਾਸਤੇ ਮਿਲਦੀ ਹੈ। ਇਸੇ ਤਰ੍ਹਾਂ ਦੁਖ ਤੇ ਸੁਖ ਦੋ ਚੀਜ਼ਾਂ ਨਾਲ ਆ ਜਾਂਦੀਆਂ ਨੇ ਲਿਖੀਆਂ ਹੋਈਆਂ ਇਹਦੇ। ਕਿਹੜੇ ਮੌਕੇ 'ਤੇ, ਕਿਹੜੇ ਸਾਲ 'ਚ ਜਾ ਕੇ ਇਹਨੇ ਕਿਹੜਾ ਦੁਖ ਭੋਗਣਾ ਹੈ, ਉਹ ਚੀਜ਼ਾਂ ਜਿਹੜੀਆਂ ਨੇ ਪਰਾਲਬਧ ਕਰਮ ਕਹਿੰਦੇ ਨੇ। ਜਿਹੜੇ ਪਰਾਲਬਧ ਕਰਮ ਨੇ ਉਹ ਨਹੀਂ ਮਿਟਿਆ ਕਰਦੇ। ਉਹ ਤਾਂ -

***ਭੋਗੇ ਬਿਨ ਭਾਗੇ ਨਹੀਂ ਕਰਮ ਗਤੀ ਬਲਵਾਨ।***

ਐਸਾ ਕੋਈ ਬੰਦਾ ਨਹੀਂ ਹੈ ਜੋ ਭੋਗਣ ਤੋਂ ਬਚ ਜਾਵੇ-

***ਧਾਰਨਾ - ਫਲ ਦਿਤਿਆਂ ਬਾਝ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਪਿਆਰਿਆ -2***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***

***ਅੰਗ - 433***

ਕਹਿਣ ਲੱਗੇ, ਖਾਲਸਾ ਜੀ! ਇਸ ਤਰ੍ਹਾਂ ਜਦੋਂ ਜੀਵ ਆਉਂਦਾ ਹੈ, ਪਰਾਲਬਧ ਕਰਮ ਇਸ ਤਰ੍ਹਾਂ ਸਮਝ ਲਓ ਕਿ ਭੱਥੇ 'ਚੋਂ ਕੱਢ ਕੇ ਤੀਰ ਕਮਾਨ ਦੇ ਉਤੇ ਚੜ੍ਹਾ ਕੇ ਜਦੋਂ ਛੱਡ ਦਿਤੇ ਜਾਂਦੇ ਨੇ, ਫੇਰ ਤਾਂ ਉਨ੍ਹਾਂ ਨੇ ਲੱਗਣਾ ਹੀ ਲੱਗਣਾ ਹੈ। ਫੇਰ ਉਨ੍ਹਾਂ ਨੂੰ ਵਿਚਾਲਿਓਂ ਕੋਈ ਰੋਕ ਨਹੀਂ ਸਕਦਾ।

ਦੂਸਰੇ ਕਰਮ ਉਹ ਨੇ ਜਿਹੜੇ ਬੰਦਾ ਇਥੇ ਰੋਜ਼ ਕਰਦਾ ਹੈ। ਇਹ ਰੋਜ਼ ਕਰਨ ਵਾਲੇ ਕੰਮਾਂ ਦਾ ਕੁਛ ਤਾਂ ਐਸੇ ਨੇ ਜਿਹੜੇ ਉਸੇ ਵੇਲੇ ਹੀ ਫਲ ਦੇ ਦਿੰਦੇ ਨੇ, ਉਸੇ ਵੇਲੇ ਦੇ ਦਿੰਦੇ। ਕਿਸੇ ਦੇ ਘਸੁੰਨ ਮਾਰੋ, ਉਹ ਵੀ ਮਾਰੇਗਾ ਉਸੇ ਵੇਲੇ। ਇਕ ਐਸੇ ਨੇ ਜਿਨ੍ਹਾਂ ਦਾ ਫਲ ਦੇਰ ਨਾਲ ਮਿਲਣਾ

ਹੁੰਦਾ ਹੈ। ਉਹ ਜਾ ਕੇ ਸੰਚਿਤ ਕਰਮ, ਜਿਹੜੇ ਇਹਦੇ ਬਚੇ ਪਏ ਨੇ, ਸਟੋਰ ਵਿਚ ਪਏ ਨੇ ਅੰਤਸ਼ਕਰਣ ਵਿਚ, ਉਨ੍ਹਾਂ ਵਿਚ ਜਮ੍ਹਾਂ ਹੋ ਜਾਂਦਾ ਹੈ। ਉਹ ਸਮੇਂ ਦੀ ਉਡੀਕ ਕਰਦੇ ਨੇ ਕਿ ਕਦੋਂ ਸਾਡਾ ਸਮਾਂ ਆਵੇ ਤੇ ਕਦੋਂ ਅਸੀਂ ਫਲ ਦੇਈਏ। ਚੰਗਿਆਂ ਨੇ ਵੀ ਫਲ ਦੇਣਾ ਹੁੰਦਾ ਹੈ ਤੇ ਮੰਦਿਆਂ ਨੇ ਵੀ ਦੇਣਾ ਹੁੰਦਾ ਹੈ। ਚੰਗਿਆਂ ਕਰਮਾਂ ਦਾ ਫਲ ਸਾਧੂ ਮਹਾਂਪੁਰਸ਼, ਗੁਰਮੁਖ ਪਿਆਰੇ ਦੀ ਸਤਿਸੰਗ ਮਿਲ ਜਾਂਦੀ ਹੈ। ਮਾੜੇ ਕਰਮਾਂ ਦਾ ਫਲ ਦੁਖ ਮਿਲ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਕਰਮ ਕਹਿੰਦੇ ਫਲ ਦਿੰਦੇ ਨੇ।

ਤਿੰਨ ਕਿਸਮ ਦੇ ਕਰਮ ਨੇ - ਇਕ ਕ੍ਰਿਆਮਾਨ ਕਰਮ ਨੇ, ਇਕ ਸੰਚਿਤ ਕਰਮ ਨੇ, ਇਕ ਪਰਾਲਬਧ ਕਰਮ ਨੇ। ਚੌਥੇ ਕਰਮ ਉਹ ਹੁੰਦੇ ਨੇ ਜਿਹੜੇ ਅਸੀਂ ਨਮਿੱਤ ਕਰਦੇ ਹਾਂ। ਇਕ ਕਰਮ ਐਸੇ ਨੇ ਜੇ ਅਸੀਂ ਨਾ ਕਰੀਏ ਤਾਂ ਪਾਪ ਲਗਦਾ ਹੈ, ਜੇ ਕਰੀਏ ਤਾਂ ਪੁੰਨ ਲਗਦਾ ਹੈ। ਕਹਿੰਦੇ, ਸੁਖ ਜਿਹੜੇ ਨੇ ਇਹ ਆਪਣੀ ਜ਼ਿੰਦਗੀ ਗਾਲਦੇ ਨੇ ਕਿ ਮੈਂ ਆਪਣੇ ਪੁੱਤਰ ਨੂੰ ਲਾਇਕ ਬਣਾ ਦੇਵਾਂ, ਜ਼ਮੀਨ-ਜਾਇਦਾਦ ਦੇ ਦੇਵਾਂ, ਉਸ ਤੋਂ ਬਾਅਦ ਉਹ ਇਨ੍ਹਾਂ ਕੰਮਾਂ 'ਚ ਰੁਝਿਆ ਹੋਇਆ ਚਲਿਆ ਜਾਂਦਾ ਹੈ ਇਸ ਸੰਸਾਰ ਤੋਂ। ਅਗਾਂਹਾਂ ਜਾ ਕੇ ਉਹਨੇ ਕਰਮ ਕੀਤੇ ਨਹੀਂ ਹੁੰਦੇ ਫੇਰ ਰੁਲਦਾ ਫਿਰਦਾ ਹੈ, ਦਰਗਾਹ 'ਚ ਕੋਈ ਪੁੱਛਦਾ ਨਹੀਂ ਹੈ, ਕੋਈ ਥਾਂ ਨਹੀਂ ਉਹਨੂੰ ਮਿਲਦਾ, ਦੁਖੀ ਹੁੰਦਾ ਫਿਰਦਾ ਹੈ ਤੇ ਜਾਂ ਛੋਟੇ ਜਿਹੇ ਸੁਰਗ ਵਿਚ ਚਲਿਆ ਜਾਂਦਾ ਹੈ, ਗੰਧਰਬ ਲੋਕ, ਦੇਵ ਗੰਧਰਬ, ਪਿੱਤਰ ਲੋਕ 'ਚ ਚਲਿਆ ਜਾਂਦਾ ਹੈ। ਉਸ ਵੇਲੇ ਜਿਹੜੇ ਲਾਇਕ ਬੱਚੇ ਨੇ ਉਨ੍ਹਾਂ ਦਾ ਫਰਜ਼ ਬਣ ਜਾਂਦਾ ਹੈ ਕਿ ਉਨ੍ਹਾਂ ਦੀ ਸ਼ਾਂਤੀ ਤੇ ਸੁੱਖ ਵਾਸਤੇ ਉਨ੍ਹਾਂ ਦੇ ਨਮਿੱਤ ਕਰਮ ਕਰਨ। ਲੰਗਰ ਚਲਾਉਣ, ਅਖੰਡਪਾਠ ਕਰਾਉਣ, ਹੋਰ ਪਾਠ, ਅਨੇਕਾਂ ਕਿਸਮ ਦੇ ਸਾਧਨ ਕਰਨ, ਵਸਤਰ ਦਾਨ ਕਰਨ, ਉਨ੍ਹਾਂ ਬਜ਼ੁਰਗਾਂ ਨੂੰ ਸ਼ਾਂਤੀ ਮਿਲਦੀ ਹੈ। ਕਹਿੰਦੇ, ਇਹ ਫਰਜ਼ ਹੁੰਦਾ ਹੈ ਆਪਣਾ ਕਰਨਾ। ਜੇ ਨਾ ਕਰੋ ਤਾਂ ਇਹ ਪਾਪ ਬਣ ਜਾਂਦਾ ਹੈ। ਇਹ ਦੋਸ਼ ਬਣ ਜਾਂਦਾ ਹੈ ਕਿਉਂਕਿ ਇਹਨੇ ਨਮਿੱਤ ਕਰਮ ਕੀਤਾ ਨਹੀਂ ਜਿਹੜਾ ਇਹਨੂੰ ਕਰਨਾ ਚਾਹੀਦਾ ਹੈ। ਦੂਸਰਾ ਹੁੰਦਾ ਹੈ ਨਮਿੱਤ ਕਰਮ ਕਿ ਕੋਈ ਕਾਰਜ ਸਾਮ੍ਹਣੇ ਆ ਗਿਆ, ਉਹਦੇ ਵਿਚ ਹਿੰਮਤ ਆਪ ਦੀ ਜਵਾਬ ਦਿੰਦੀ ਹੈ, ਹਾਲਾਤ ਬਣਦੇ ਨਹੀਂ, ਉਸ ਵੇਲੇ ਨਮਿੱਤ ਦਾ ਨੇਕ ਕੰਮ ਕਰਨਾ ਹੈ ਕਿ ਮੇਰੀ ਆਹ ਮੇਰਾ ਆਹ ਸੰਕਟ ਜਿਹੜਾ ਹੈ ਦੂਰ ਹੋ ਜਾਵੇ, ਮੇਰੀ ਇਹ ਤਕਲੀਫ ਦੂਰ ਹੋ ਜਾਵੇ, ਉਹਦੇ ਨਮਿੱਤ ਫੇਰ ਉਹ ਪੂਜਾ ਪਾਠ ਕਰਦਾ ਹੈ। ਦਾਨ ਕਰਦਾ ਹੈ, ਪੁੰਨ ਕਰਦਾ ਹੈ, ਪ੍ਰਸ਼ਾਦੇ ਛਕਾਉਂਦਾ ਹੈ, ਹੋਰ ਗੁਰਸਿੱਖਾਂ ਦੀ ਸੇਵਾ ਕਰਦਾ ਹੈ। ਗੁਰੂ ਘਰ ਜਾਂਦਾ ਹੈ, ਜਲ ਢੋਂਦਾ ਹੈ, ਪਾਣੀ ਭਰਦਾ ਹੈ, ਜੋੜੇ ਝਾੜਦਾ ਹੈ, ਹੋਰ ਅਨੇਕਾਂ ਕਰਮ ਕਰਦਾ ਹੈ। ਉਹ ਕਰਨ ਦੇ ਨਾਲ ਨਮਿੱਤ ਕਰਮ ਜਿਹੜਾ ਹੈ ਕੋਈ ਰੋਗ ਆ ਗਿਆ ਸਾਮ੍ਹਣੇ ਉਹਦੇ ਨਮਿੱਤ ਪਾਠ ਕਰਨੇ ਨੇ, ਕਹਿੰਦੇ ਉਹਦੇ ਨਾਲ ਫੇਰ ਉਨ੍ਹਾਂ ਦਾ ਖਾਤਮਾ ਹੋ ਜਾਂਦਾ ਹੈ, ਵਿਘਨਾਂ ਦਾ ਖਾਤਮਾ ਹੋ ਜਾਂਦਾ ਹੈ। ਇਕ ਹੋਇਆ ਕਰਦੇ ਨੇ ਪ੍ਰਾਸ਼ਚਿਤ ਕਰਮ, ਬੰਦਾ ਗਲਤੀ ਕਰ

ਗਿਆ, ਗਲਤੀ ਕਰਕੇ ਹੁਣ ਜਿਹੜੀ ਗਲਤੀ ਹੈ ਉਹ ਮੁੱਕਦੀ ਤਾਂ ਹੈ ਨਹੀਂ, ਲੇਕਿਨ ਕਿਸੇ ਮਹਾਂਪੁਰਸ਼ ਨੇ ਕਹਿ ਦਿਤਾ ਕਿ ਜੇ ਤੂੰ ਪ੍ਰਾਸ਼ਚਿਤ ਕਰਮ ਕਰੇਂ ਤਾਂ ਇਹਦਾ ਖਾਤਮਾ ਹੋ ਸਕਦਾ ਹੈ। ਪ੍ਰਾਸ਼ਚਿਤ ਕਰ।

ਸੰਤ ਮਹਾਰਾਜ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਜੀ ਦੇ ਪਾਸ ਇਕ ਵਾਰੀ ਕੁਝ ਪ੍ਰੇਮੀ ਆਏ, ਉਨ੍ਹਾਂ ਨੇ ਦੱਸਿਆ ਕਿ ਮਹਾਰਾਜ! ਬੰਦਾ ਮਾਰਨ ਦਾ ਇਰਾਦਾ ਨਹੀਂ ਸੀ, ਲੇਕਿਨ ਮਰ ਗਿਆ। ਅੱਠ ਸਾਲ ਹੋ ਗਏ, ਸਾਡਾ ਲੜਕਾ ਗਲਤੀ ਦੇ ਨਾਲ ਕੱਚੀ ਜੇਲ੍ਹ 'ਚ ਬੈਠਾ ਹੈ, ਨਾ ਕੋਈ ਮੁਕਦਮਾ ਹੁੰਦਾ ਹੈ, ਨਾ ਕੋਈ ਪੇਸ਼ੀ ਹੈ, ਜੇਲ੍ਹ 'ਚ ਹੈ। ਬਹੁਤ ਦੁਖੀ ਹੈ ਉਹ ਤੇ ਕ੍ਰਿਪਾ ਕਰੋ ਉਹਦੇ ਉਤੇ।

ਮਹਾਰਾਜ ਕਹਿੰਦੇ, ਉਹ ਕਿਸੇ ਤਰੀਕੇ ਨਾਲ ਕੀ ਆ ਨਹੀਂ ਸਕਦਾ?

ਉਹ ਕਹਿੰਦੇ, ਮਹਾਰਾਜ! ਕਾਨੂੰਨ ਹੈ, ਪੈਰੋਲ ਦੇ ਉਤੇ ਇਕ ਦੋ ਦਿਨ ਵਾਸਤੇ ਬਹੁਤ ਸਿਫਾਰਸ਼ ਹੋਵੇ ਤਾਂ ਬੰਦਾ ਨਿਕਲ ਆਉਂਦਾ ਹੈ। ਜ਼ਮਾਨਤ 'ਤੇ ਤਾਂ ਨਹੀਂ ਕੱਢਦੇ, ਪਰ ਇਕ ਅੱਧਾ ਦਿਨ ਕੱਢ ਦਿੰਦੇ ਨੇ। ਉਹ ਬੰਦੇ ਨੂੰ ਕਢਾ ਲਿਆ, ਉਹ ਮਹਾਰਾਜ ਜੀ ਦੇ ਕੋਲ ਆ ਗਿਆ। ਮਹਾਰਾਜ ਕਹਿੰਦੇ, ਦੇਖ ਬਈ ਪ੍ਰੇਮੀਆਂ! ਸਹੀ-ਸਹੀ ਗੱਲ ਦੱਸ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਆਪ ਤਾਂ ਅੰਤਰਜਾਮੀ ਹੋ, ਸਭ ਜਾਣਦੇ ਹੋ, ਇਰਾਦਾ ਤਾਂ ਮੇਰਾ ਕੋਈ ਨਹੀਂ ਸੀ, ਪਰ ਉਸ ਬੰਦੇ ਨੇ ਕੁਛ ਵਧੀਕੀ ਕਰੀ, ਗੁੱਸਾ ਆ ਗਿਆ ਮੈਨੂੰ ਤੇ ਉਹ ਮਾਰਿਆ ਗਿਆ। ਕਹਿੰਦਾ, ਮਹਾਰਾਜ! ਹੁਣ ਸੁਣਿਆ ਹੈ ਕਿ ਮੈਨੂੰ ਫਾਂਸੀ ਦੀ ਸਜ਼ਾ ਹੋਈ-ਹੋਈ ਹੈ ਤੇ ਅਜੇ ਤਸਦੀਕ ਨਹੀਂ ਹੋਈ। ਅੱਠ ਸਾਲ ਦਾ ਮੈਂ ਕੱਚੀ ਜੇਲ੍ਹ 'ਚ ਪਿਆ ਹਾਂ।

ਰਾਜਿਆਂ ਦਾ ਰਾਜ ਹੁੰਦਾ ਸੀ, ਕੋਈ ਨਹੀਂ ਸੀ ਪੁੱਛਦਾ ਹੁੰਦਾ। ਹੁਕਮ-ਹੁਕਾਮ ਹੋਏ ਪਏ ਰਹਿੰਦੇ ਸੀ, ਛੱਡਣ ਵਾਲੇ ਵੀ ਤੇ ਮਾਰਨ ਵਾਲੇ ਵੀ, ਮਹਾਰਾਜ ਕਹਿੰਦੇ, ਇੱਕ ਕੰਮ ਕਰੇਂਗਾ? ਕਹਿੰਦਾ ਹਾਂ ਜੀ। ਕਹਿੰਦੇ, ਤੂੰ ਪਰਾਸ਼ਚਿਤ ਕਰਮ ਕਰ। ਕਹਿੰਦਾ ਮਹਾਰਾਜ ਦੱਸ ਦਿਓ। ਮਹਾਰਾਜ ਜੀ ਨੇ ਕਿਹਾ, ਸਵੇਰੇ ਦੋ ਵਜੇ ਉਠ ਕੇ 'ਜਪੁਜੀ ਸਾਹਿਬ' ਦੇ ਪਾਠ ਕਰੀਂ ਜਾਈਂ ਤੇ ਜਦੋਂ ਸਾਰਾ ਦਿਨ ਪਾਠ ਕਰੀ ਗਿਆ, 50 ਜਾਂ 100 ਪਾਠ ਰੋਜ਼ ਦਾ ਕਰੀਂ। ਜਿਸ ਵਕਤ 100 ਪਾਠ ਕਰ ਲਿਆ, ਫੇਰ ਅਰਦਾਸ ਕਰ ਦੇਵੀਂ ਉਹਨੂੰ ਕਿ ਸੱਚੇ ਪਾਤਸ਼ਾਹ! ਇਹਦਾ ਜੋ ਫਲ ਹੈ ਉਸ ਰੂਹ ਨੂੰ ਲਗ ਜਾਵੇ। ਉਹਦੀ ਸ਼ਾਂਤੀ ਵਾਸਤੇ ਲਗ ਜਾਵੇ। ਸੋ ਇਸ ਤਰ੍ਹਾਂ ਕਰਦੇ ਜਦੋਂ ਤਿੰਨ-ਚਾਰ ਮਹੀਨੇ ਲੰਘ ਗਏ, ਰੋਜ਼ ਪਾਠ ਕਰਦਾ ਹੈ। ਉਸ ਤੋਂ ਬਾਅਦ ਅਰਦਾਸ ਕਰਦਾ ਹੈ, ਇਕ ਦਿਨ ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਿਆ, ਘਰ ਗਿਆ ਨਹੀਂ ਤੇ ਸਿੱਧਾ ਹੀ ਆ ਗਿਆ ਰਾੜਾ ਸਾਹਿਬ। ਮਹਾਰਾਜ ਕਹਿੰਦੇ, ਕਿਉਂ ਬਈ ਪ੍ਰੇਮੀਆਂ? ਕਹਿੰਦਾ, ਸੱਚੇ ਪਾਤਸ਼ਾਹ! ਜਿਵੇਂ ਆਪ ਨੇ ਆਗਿਆ ਦਿਤੀ ਸੀ, ਮੈਂ ਉਸੇ ਤਰ੍ਹਾਂ ਕਰਦਾ ਰਿਹਾ, ਮੈਨੂੰ ਨਹੀਂ ਪਤਾ ਕਿ ਕਿਵੇਂ ਹੁਕਮ ਹੋ ਗਿਆ ਤੇ ਮੈਨੂੰ ਉਸ ਦਿਨ ਸੁਪਨਾ ਆਇਆ, ਸੁਪਨੇ

ਵਿਚ ਮੈਨੂੰ ਉਸ ਨੇ ਕਿਹਾ ਜਿਹੜਾ ਮਰਿਆ ਸੀ ਲੈ ਬਈ, ਮੈਂ ਤੈਨੂੰ ਕਰ ਦਿਤਾ ਮੁਆਫ, ਕਿਉਂਕਿ ਤੂੰ ਮੇਰੇ ਨਮਿੱਤ ਐਨੇ ਪਾਠ ਕਰ ਦਿਤੇ ਤੇ ਮੈਨੂੰ ਉਹਦਾ ਫਲ ਮਿਲ ਕੇ ਬੜੀ ਸ਼ਾਂਤੀ ਆ ਗਈ ਤੇ ਹੁਣ ਮੈਂ ਤੈਨੂੰ ਮਾਫ ਕਰ ਦਿਤਾ। ਮੇਰਾ ਤੇਰੇ ਨਾਲ ਕੋਈ ਰੌਲਾ ਨਹੀਂ। ਕਹਿੰਦਾ, ਸੱਚੇ ਪਾਤਸ਼ਾਹ! ਸੁਪਨੇ ਤੋਂ ਤੀਜੇ ਦਿਨ ਹੀ ਮੈਨੂੰ ਅਚਾਨਕ ਹੀ ਰਿਹਾਈ ਦਾ ਹੁਕਮ ਹੋ ਗਿਆ ਕਿ ਇਹਨੂੰ ਰਿਹਾ ਕਰ ਦਿਓ।

ਉਨ੍ਹਾਂ ਨੂੰ ਪ੍ਰਾਸ਼ਚਿਤ ਕਰਮ ਕਹਿੰਦੇ ਨੇ। ਪ੍ਰਾਸ਼ਚਿਤ ਕਰਨਾ, ਉਹਦੇ ਨਾਲ ਦੋਸ਼ ਖਤਮ ਹੋ ਜਾਂਦਾ ਹੈ, ਦਰਗਾਹ ਵਿਚ ਸਜ਼ਾ ਨਹੀਂ ਮਿਲਦੀ। ਇਸ ਤਰ੍ਹਾਂ ਦੇ ਨਾਲ ਭਾਈ ਸਾਹਿਬ ਕਹਿਣ ਲੱਗੇ ਕਿ ਕਰਮ ਜਿਹੜੇ ਨੇ ਇਹ ਇਸ ਤਰ੍ਹਾਂ ਕਰਮ ਕਰਦੇ ਨੇ। ਇਨ੍ਹਾਂ ਦੇ ਵਿਚੋਂ ਉਹ ਕਰਮ ਜਿਨ੍ਹਾਂ ਦਾ ਫਲ ਇਥੇ ਤਾਂ ਨਹੀਂ ਭੋਗਦਾ ਹੈ ਪਰ ਦਰਗਾਹ ਦੇ ਵਿਚ ਜਾ ਕੇ ਭੋਗਦਾ ਹੈ। ਉਥੇ ਜਾ ਕੇ ਫੇਰ ਦੋ ਤਰ੍ਹਾਂ ਨਾਲ ਭੋਗਦਾ ਹੈ, ਇਕ ਤਾਂ ਜਦੋਂ ਉਹ ਜੀਵ ਜਿਨ੍ਹਾਂ ਨਾਲ ਇਹਨੇ ਕਰੀ ਹੈ ਉਨ੍ਹਾਂ ਦੀ ਵਾਰੀ ਫੇਰ ਮੁੜ ਕੇ ਸੰਸਾਰ ਤੇ ਮਨੁੱਖ ਬਣਨ ਦੀ ਆਉਂਦੀ ਹੈ, ਫੇਰ ਇਹਨੂੰ ਵੀ ਬਣਾ ਦਿੰਦੇ ਨੇ। ਚਾਹੇ ਇਹ ਪੁੱਤਰ ਬਣੇ, ਚਾਹੇ ਇਹ ਪਿਉ ਬਣੇ, ਉਹ ਪੁੱਤਰ ਬਣ ਕੇ ਆ ਜਾਵੇ ਫੇਰ ਉਸ ਵੇਲੇ ਕਰਮ ਦਾ ਫਲ ਭੋਗ ਕੇ ਚੰਗਾ ਕਰਿਆ ਹੈ, ਚੰਗੇ ਦਾ ਫਲ ਚੰਗਾ ਹੋਵੇਗਾ, ਮੰਦਾ ਕਰਿਆ ਹੈ, ਮੰਦੇ ਫਲ ਮੰਦਾ ਮਿਲੇਗਾ।

ਸੋ ਇਸ ਤਰ੍ਹਾਂ ਦੇ ਨਾਲ ਕਰਮਾਂ ਦਾ ਫਲ ਆਦਮੀ ਨੂੰ ਭੋਗਣਾ ਪੈਂਦਾ ਹੈ।

ਸੋ ਮਹਾਰਾਜ ਜੀ ਦਸਦੇ ਸੀ ਕਿ ਮੈਜਿਸਟਰੇਟ ਰਿਸ਼ਵਤਖੋਰ ਸੀ, ਗਲਤ ਫੈਸਲੇ ਕਰਦਾ ਸੀ, ਦੁਨੀਆਂ ਬੜੀ ਦੁਖੀ ਸੀ, ਇਕ ਐਸਾ ਕੇਸ ਆ ਗਿਆ, ਜਿਹਦੇ ਵਿਚ ਨਿਰਦੋਸ਼ ਬੰਦਾ ਜਿਹੜਾ ਸੀ, ਉਹਨੂੰ ਬਹੁਤ ਸਖਤ ਸਜ਼ਾ ਮਿਲ ਰਹੀ ਸੀ। ਝੂਠੀਆਂ ਗਵਾਹੀਆਂ ਪੇਸ਼ ਹੋ ਗਈਆਂ ਤੇ ਉਸਨੂੰ ਕਿਸੇ ਮਹਾਂਪੁਰਸ਼ ਨੇ ਸੁਨੇਹਾ ਭੇਜ ਦਿਤਾ ਕਿ ਪਿਆਰਿਆ! ਇਸ ਵੇਲੇ ਰੱਬ ਤੋਂ ਬਗੈਰ ਕੋਈ ਨਹੀਂ ਜਿਹੜਾ ਤੇਰੀ ਮਦਦ ਕਰੇ। ਤੂੰ ਭਜਨ ਕਰ ਦਿਨ-ਰਾਤ, ਪਾਠ ਕਰ, ਪਾਠ ਕਰਕੇ ਅਰਦਾਸ ਕਰ। ਸੰਗਤ ਵਿਚ ਵੀ ਅਰਦਾਸ ਕਰਾਵਾਂਗੇ। ਕਿਉਂਕਿ ਤੂੰ ਗੁਨਾਹ ਤਾਂ ਕਰਿਆ ਨਹੀਂ। ਤਾਂ ਐਸਾ ਕੁਦਰਤ ਦਾ ਕਰਿਸ਼ਮਾ ਵਰਤਿਆ ਕਿ ਮਹਾਰਾਜ ਨੇ ਪੜਦਾ ਚੁੱਕ ਦਿਤਾ, ਪੜਦਾ ਚੁੱਕ ਕੇ ਜਿਹੜੇ ਚਿਤ੍ਰ ਤੇ ਗੁਪਤ ਸੀ, ਉਹ ਸਾਮ੍ਹਣੇ ਪ੍ਰਗਟ ਹੋ ਗਏ। ਦਰਵਾਜ਼ੇ ਬੰਦ ਕਰੇ ਹੋਏ ਤੇ ਫੈਸਲਾ ਲਿਖ ਰਿਹਾ ਹੈ ਉਸੇ ਬੰਦੇ ਦਾ। ਉਹ ਕਲਮ ਲੈਂਦਾ ਹੈ, ਚਲਾਉਂਦਾ ਹੈ, ਕਲਮ ਰੁਕ ਜਾਂਦੀ ਹੈ, ਚਲਦੀ ਨਹੀਂ, ਸਿਆਹੀ ਭਰਦਾ ਹੈ, ਫੇਰ ਨਹੀਂ ਭਰਦੀ। ਲਿਖ ਹੀ ਨਹੀਂ ਸਕਿਆ। ਐਨੇ ਨੂੰ ਸਾਮ੍ਹਣੇ ਕੀ ਦੇਖਦਾ ਹੈ ਇਕ ਬੰਦਾ ਖੜ੍ਹਾ ਹੈ, ਦਰਵਾਜ਼ੇ ਵਲ ਦੇਖਿਆ ਤਾਂ ਦਰਵਾਜ਼ਾ ਬੰਦ ਹੈ। ਕਹਿੰਦਾ ਤੁਮ ਕਹਾਂ ਸੇ ਆ ਗਏ, ਕਹਿੰਦਾ ਮੈਂ ਕਹੀਂ ਸੇ ਨਹੀਂ ਜਾਤਾ, ਕਹੀਂ ਸੇ ਨਹੀਂ ਆਤਾ, ਮੈਂ ਤੇਰੇ ਨਾਲ ਰਹਿੰਦਾ ਹਾਂ। ਕਹਿੰਦਾ, ਮੈਂ ਤਾਂ ਦਰਵਾਜ਼ੇ ਬੰਦ ਕਰੇ ਹੋਏ ਨੇ, ਕੀ ਤੂੰ ਛੁਪਿਆ ਹੋਇਆ ਸੀ? ਕਹਿੰਦਾ, ਨਾ, ਮੈਨੂੰ ਕਿਤੇ ਛੁਪਣ ਦੀ ਲੋੜ

ਨਹੀਂ ਹੈ। ਮੈਂ ਤੇਰੇ ਨਾਲ ਰਹਿੰਦਾ ਹਾਂ, ਹਰ ਵਕਤ ਤੇਰੇ ਅੰਦਰ ਰਹਿੰਦਾ ਹਾਂ, ਜਿਹੜਾ ਕੁਛ ਤੂੰ ਕੰਮ ਕਰਦਾ ਹੈਂ ਮੈਂ ਸਾਰੇ ਨੋਟ ਕਰੀ ਜਾਂਦਾ ਹਾਂ। ਕਹਿਣ ਲੱਗਿਆ, ਫੇਰ ਕੀ ਹੁੰਦਾ ਹੈ? ਕਹਿੰਦਾ, ਮੈਂ ਤੈਨੂੰ ਦਸ ਦਿੰਦਾ ਹਾਂ, ਆਹ ਇਕ ਕਾਲੀ ਕਾਪੀ ਮੇਰੇ ਕੋਲ ਹੈ, ਆਹ ਚਿੱਟੀ ਕਾਪੀ ਹੈ, ਜਿਹੜੇ ਨੇਕ ਕੰਮ ਕੀਤੇ ਜਾਂਦੇ ਨੇ ਉਹ ਚਿੱਟੀ ਕਾਪੀ 'ਚ ਆ ਜਾਂਦੇ ਨੇ, ਜਿਹੜੇ ਮਾੜੇ ਕਰਦੇ ਨੇ ਉਹ ਕਾਲੀ 'ਚ ਲਿਖੀ ਜਾਂਦਾ ਹਾਂ। ਤੂੰ ਰਿਸ਼ਵਤ ਲੈਂਦਾ ਹੈਂ, ਬੇਈਮਾਨੀਆਂ, ਠੱਗੀਆਂ, ਚੋਰੀਆਂ ਕਰਦਾ ਹੈਂ ਤੇ ਆਹ ਤੇਰੇ ਪਾਪ ਮੈਂ ਲਿਖੇ ਹੋਏ ਨੇ, 1150 ਪਾਪ ਹੈ ਇਹਦੇ ਵਿਚ ਤੇਰਾ।

ਕਹਿੰਦਾ, ਪੁੰਨ? ਕਹਿੰਦਾ, ਪੁੰਨ ਤਾਂ ਕੋਈ ਹੈ ਨਹੀਂ।

ਕਹਿੰਦਾ, ਇਹ ਕਰਨ ਦਾ ਫਲ ਕੀ ਹੋਏਗਾ? ਇਹ ਲਿਖੇ ਪਏ ਨੇ ਮੈਨੂੰ ਕੀ ਹੈ ਇਸ ਗੱਲ ਨਾਲ? ਮੈਨੂੰ ਕੀ ਹੋਏਗਾ?

ਕਹਿੰਦਾ, ਤੈਨੂੰ, ਜਦੋਂ ਤੂੰ ਸੰਸਾਰ ਤੋਂ ਜਾਵੇਂਗਾ ਉਸ ਵੇਲੇ ਇਨ੍ਹਾਂ ਕਰਮਾਂ ਨੇ ਤੇਰੇ ਨਾਲ ਜਾਣਾ ਹੈ। ਉਥੇ ਜਾ ਕੇ ਇਨ੍ਹਾਂ ਇਕੱਲੇ-ਇਕੱਲੇ ਕਰਮਾਂ ਦਾ ਜਵਾਬ ਪੁੱਛਣਾ ਹੈ ਤੈਨੂੰ। ਉਸ ਵੇਲੇ ਤੈਨੂੰ ਬਹੁਤ ਔਖਾ ਹੋ ਜਾਣਾ ਹੈ, ਜਦੋਂ ਇਹਦੀ ਸਜ਼ਾ ਮਿਲਣੀ ਹੈ, ਫੇਰ ਤੇਰੇ ਤੋਂ ਝੱਲੀ ਨਹੀਂ ਜਾਣੀ।

***ਧਾਰਨਾ - ਜਦੋਂ ਕੱਢ ਕੇ ਵਹੀ ਲੇਖਾ ਮੰਗਿਆ,***
***ਫੇਰ ਕੀ ਜਵਾਬ ਦੇਵੇਂਗਾ।***

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ - 953***

ਕਹਿਣ ਲੱਗੇ, ਜਿਸ ਵਕਤ ਫੇਰ ਉਥੇ ਲੇਖਾ ਹੋਇਆ ਉਥੇ ਕੀ ਜਵਾਬ ਦੇਵੇਂਗਾ। ਤੂੰ ਆਪਣੇ ਆਪ ਹੀ ਵਿਚਾਰ ਕਿਸੇ ਨੇ ਤੇਰੇ ਵਰਗੀਆਂ ਗਲਤੀਆਂ ਕੀਤੀਆਂ ਹੋਣ। ਫੇਰ ਉਥੇ ਜਾ ਕੇ ਜਵਾਬ ਮੰਗੇ ਤੂੰ ਫੇਰ ਉਨ੍ਹਾਂ ਨੂੰ ਸਜ਼ਾ ਦੇਵੇਂਗਾ ਕਿ ਛੱਡ ਦੇਵੇਂਗਾ? -

***ਪਾਪ ਕਰੇਦੜ ਸਰਪਰ ਮੁਠੇ ॥***
***ਅਜਰਾਈਲਿ ਫੜੇ ਫੜਿ ਕੁਠੇ ॥ ਅੰਗ - 1019***

ਕਹਿੰਦੇ, ਬੱਕਰੇ ਨੂੰ ਕੁੱਠਾ ਕਰਦੇ ਨੇ, ਜਿਉਂਦੇ ਦੇ ਗਲ ਦੇ ਉਤੇ ਛੁਰੀ ਚਲਾਉਂਦੇ ਨੇ। ਕਿੰਨਾ ਉਹਨੂੰ ਦੁੱਖ ਹੁੰਦਾ ਹੈ। ਇਸ ਤਰ੍ਹਾਂ ਕਹਿੰਦੇ, ਅਜ਼ਰਾਈਲ ਫੜ ਕੇ ਕੁੱਠਦਾ ਹੈ-

***ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥ 2 ॥***
***ਸੰਗਿ ਨ ਕੋਈ ਭਈਆ ਬੇਬਾ ॥***

*ਮਾਲੁ ਜੋਬਨੁ ਧਨੁ ਛੋਡਿ ਵਵੇਸਾ ॥*
*ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥*

*ਅੰਗ - 1019*

ਜਿਵੇਂ ਘਾਣੀ 'ਚ ਤਿਲ ਪੀੜ ਦਿੰਦੇ ਨੇ ਇਸ ਤਰ੍ਹਾਂ ਉਥੇ ਜ਼ਿੰਦਗੀ ਨੂੰ ਪੀੜ ਦਿੰਦੇ ਨੇ। ਡਰ ਗਿਆ ਸੁਣ ਕੇ। ਕਹਿਣ ਲੱਗਿਆ, ਦਿਖਾ ਸਕਦਾ ਹੈਂ? ਕਹਿੰਦਾ, ਮੀਚ ਅੱਖਾਂ। ਅੱਖਾਂ ਮੀਚੀਆਂ ਤਾਂ ਕੀ ਦੇਖਦਾ ਹੈ, ਲੇਖਾ ਮੰਗਿਆ ਜਾ ਰਿਹਾ ਹੈ -

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*

*ਅੰਗ- 1425*

ਕੰਬ ਕੇ ਅੱਖਾਂ ਖੋਲ੍ਹ ਲਈਆਂ। ਕਹਿੰਦੇ, ਕਿਉਂ ਦੇਖਿਆ ਨਹੀਂ, ਦੇਖ ਨਹੀਂ ਹੋਇਆ ਤੇਰੇ ਤੋਂ?

ਕਹਿੰਦਾ, ਬਹੁਤ ਬੁਰੀ ਸਜ਼ਾ ਹੈ। ਸੱਚਮੁੱਚ ਇਵੇਂ ਜਿਵੇਂ ਹੁੰਦਾ ਹੈ?

ਕਹਿੰਦਾ, ਹੋਰ ਮੈਂ ਇਥੇ ਕੋਈ ਜਾਦੂ ਦਾ ਖੇਲ੍ਹ ਕਰ ਰਿਹਾ ਹਾਂ। ਤੈਨੂੰ ਅਸਲੀ ਚੀਜ਼ ਦਿਖਾਈ ਹੈ ਤੇ ਇਹ-ਇਹ ਕਰਮ ਤੂੰ ਕੀਤੇ ਕਿ ਨਹੀਂ?

ਕਹਿੰਦਾ, ਹਾਂ ਜੀ ਕੀਤੇ?

ਕਹਿੰਦਾ, ਫੇਰ ਹੁਣ ਤਾਂ ਤੂੰ ਯਕੀਨ ਕਰ ਲੈ।

ਕਹਿੰਦਾ, ਫੇਰ ਹੁਣ ਮੈਂ ਕੀ ਕਰਾਂ, ਮੈਂ ਤਾਂ ਬਹੁਤ ਗਲਤੀਆਂ ਕਰ ਦਿਤੀਆਂ? ਕੋਈ ਤਰੀਕਾ ਹੈ?

ਕਹਿੰਦਾ, ਤੂੰ ਪ੍ਰਮੇਸ਼ਰ ਦਾ ਭਜਨ ਕਰ। ਜਿੰਨਾਂ ਲੁੱਟ ਦਾ ਮਾਲ ਹੈ ਸਭ ਵੰਡ ਦੇ। ਕਿਸੇ ਸਾਧੂ ਮਹਾਂਪੁਰਸ਼ ਦੀ ਸ਼ਰਨ ਫੜ। ਉਸ ਤੋਂ ਨਾਮ ਦੀ ਦਾਤ ਲੈ ਕੇ ਨਾਮ ਦੀ ਕਮਾਈ ਕਰ। ਫੇਰ ਤੇਰਾ ਛੁਟਕਾਰਾ ਹੋਣਾ ਹੈ।

ਉਸ ਤੋਂ ਬਾਅਦ ਉਹਨੇ ਇਰਾਦਾ ਬਣਾ ਲਿਆ ਕਿ ਮੈਂ ਕੱਲ੍ਹ ਤੋਂ ਹੀ ਅਸਤੀਫਾ ਦੇ ਦੇਣਾ ਹੈ ਨੌਕਰੀ ਤੋਂ ਤੇ ਆਹ ਜਿੰਨੀਆਂ ਕੋਠੀਆਂ, ਜਾਇਦਾਦ ਬਣਾਈ ਹੈ, ਸਭ ਪੈਸਾ ਵੇਚ ਕੇ ਪੁੰਨ-ਦਾਨ ਕਰ ਦੇਣਾ ਹੈ। ਜਿਨ੍ਹਾਂ ਤੋਂ ਲਿਆ ਹੈ ਉਨ੍ਹਾਂ ਨੂੰ ਮੋੜ ਦੇਣਾ ਹੈ।

ਚਿਤ੍ਰਗੁਪਤ ਉਸੇ ਵੇਲੇ ਲਿਖਣ ਲੱਗ ਗਿਆ ਚਿੱਟੀ ਕਾਪੀ 'ਤੇ।

ਕਹਿੰਦਾ, ਤੂੰ ਹੁਣ ਕੀ ਲਿਖਦਾ ਹੈਂ?

ਕਹਿੰਦਾ, ਤੇਰੇ ਮਨ ਵਿਚ ਚੰਗੇ ਖਿਆਲ ਆ ਰਹੇ ਨੇ। ਉਹ ਲਿਖ ਰਿਹਾ ਹਾਂ, ਕਿਉਂਕਿ ਤੇਰਾ ਧਿਆਨ ਜੋ ਹੈ ਉਹ ਪ੍ਰਮੇਸ਼ਰ ਵਲ ਨੂੰ ਜਾ ਰਿਹਾ ਹੈ।

ਕਹਿੰਦਾ, ਫੇਰ ਮੈਂ ਮਿਲਾਂਗਾ ਤੈਨੂੰ।

ਮਹੀਨੇ, ਦੋ ਮਹੀਨੇ 'ਚ ਇਹਨੇ ਸਭ ਕੁਛ ਵੇਚ ਦਿਤਾ, ਨੌਕਰੀ ਛੱਡ ਦਿਤੀ। ਸਾਰੀ ਜਾਇਦਾਦ ਵੇਚ ਕੇ ਵੰਡ ਦਿਤੀ, ਜਿਹਨੂੰ ਜਾਣਦਾ ਸੀ ਪੈਸੇ ਮੋੜ ਦਿਤੇ। ਮਾਫੀਆਂ ਮੰਗੀਆਂ, ਪਛਤਾਵੇ ਕੀਤੇ। ਪੂਰਨ ਬ੍ਰਹਮਗਿਆਨੀ ਦੀ ਸ਼ਰਨ ਵਿਚ ਜਾ ਕੇ ਸੇਵਾ ਕੀਤੀ। ਥੋੜ੍ਹੇ ਦਿਨਾਂ ਤੋਂ ਬਾਅਦ ਮਹਾਤਮਾ ਨੇ ਦੇਖਿਆ ਕਿ ਕੋਈ ਵੈਰਾਗੀ ਬੰਦਾ ਆ ਗਿਆ, ਨਾਮ ਦੀ ਦਾਤ ਦੇ ਦਿਤੀ। ਨਾਮ ਜਪਣਾ ਸ਼ੁਰੂ ਕਰ ਦਿਤਾ, ਬੰਦਗੀ ਕਰਦਾ ਹੈ।

ਉਹ ਫੇਰ ਪ੍ਰਗਟ ਹੋਇਆ, ਪਛਾਣਿਆ ਹੋਇਆ ਸੀ। ਕਹਿਣ ਲੱਗਿਆ, ਤੁਸੀਂ ਅੱਜ ਫੇਰ ਆ ਗਏ?

ਕਹਿੰਦਾ, ਹਾਂ।

ਇਹਨੇ ਕਿਹਾ ਦੱਸੋ?

ਕਹਿੰਦਾ, ਤੇਰੇ ਜਿਹੜੇ 1150 ਪਾਪ ਸੀਗੇ, ਤੇਰਾ ਪੁੰਨ ਐਨਾ ਹੋ ਗਿਆ ਕਿ ਇਨ੍ਹਾਂ ਨਾਲੋਂ ਫਲ ਵਧ ਗਿਆ, ਇਸ ਕਰਕੇ ਮੈਂ ਇਨ੍ਹਾਂ ਨੂੰ ਹੁਣ ਕੱਟ ਰਿਹਾ ਹਾਂ, ਕਾਟਾ ਮਾਰ ਦਿਤਾ। ਹੁਣ ਇਹ ਕਾਪੀ ਤਾਂ ਅਸੀਂ ਕਰ ਦਿਤੀ ਬੰਦ। ਹੁਣ ਚਿੱਟੀ 'ਚ ਚੱਲ ਰਿਹਾ ਤੇਰਾ, ਜਿੰਨਾ ਪ੍ਰਮੇਸ਼ਰ ਦੇ ਨਮਿੱਤ ਸਮਾਂ ਲਾਉਂਦਾ ਹੈ। ਜਿੰਨੀ ਸਤਿਸੰਗ ਕਰਦਾ ਹੈ, ਜਿੰਨੀ ਸੇਵਾ ਕਰਦਾ ਹੈਂ, ਉਹ ਹੁਣ ਲਿਖੀ ਜਾਂਦੀ ਹੈ। ਇਹਦਾ ਫਲ ਤੈਨੂੰ ਇਥੇ ਵੀ ਮਿਲੇਗਾ ਤੇ ਦਰਗਾਹ ਵਿਚ ਵੀ ਜਾ ਕੇ ਮਿਲੇਗਾ।

ਸੋ ਇਸ ਤਰ੍ਹਾਂ ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਦਰਗਾਹ ਦੇ ਵਿਚ ਲੇਖੇ ਵੀ ਹੁੰਦੇ ਨੇ ਤੇ ਕਿਸ ਤਰ੍ਹਾਂ ਦੇ ਨਾਲ ਹੁੰਦੇ ਨੇ?

ਮਹਾਰਾਜ ਨੇ ਬੜਾ ਹੀ ਲੰਮਾ ਚੌੜਾ ਇਹਦੇ ਬਾਰੇ ਜਵਾਬ ਦਿਤਾ ਹੈ। ਉਹਦੇ 'ਚੋਂ ਥੋੜ੍ਹਾ ਜਿਹਾ ਮੈਂ ਦਸਦਾ ਹਾਂ।

ਉਨ੍ਹਾਂ ਨੇ ਸਵਾਲ ਕਰਿਆ ਕਿ ਜਿਹੜੇ ਨਸ਼ੇ ਪੀਂਦੇ ਨੇ ਬੰਦੇ, ਉਨ੍ਹਾਂ ਨਾਲ ਕਿਵੇਂ ਵਰਤਦਾ ਹੈ?

ਮਹਾਰਾਜ ਕਹਿੰਦੇ, ਜਿਹੜਾ ਸ਼ਰਾਬ ਪੀਂਦਾ ਹੈ, ਇਥੇ ਮਹਾਤਮਾ ਸਮਝਾਉਂਦੇ ਨੇ ਕਿ ਤੇਰਾ ਜਿਹੜਾ ਜਨਮ ਹੈ ਇਹ ਸ਼ਰਾਬ ਪੀਣ ਵਾਸਤੇ ਨਹੀਂ ਹੈ, ਇਹ ਤਾਂ ਤੈਨੂੰ ਵਾਹਿਗੁਰੂ ਨੇ ਬਹੁਤ ਉੱਤਮ ਦੇਹ ਦਿਤੀ ਹੈ। ਜਿਹਦੀ ਕੋਈ ਕੀਮਤ ਨਹੀਂ ਹੈ, ਇਹਦੇ ਇਕ ਸਵਾਸ ਦੇ ਬਦਲੇ ਤਿੰਨ ਲੋਕਾਂ ਦਾ ਰਾਜ ਦੇ ਦਿਓ ਕਿ ਇਕ ਸਾਹ ਮੈਨੂੰ ਹੋਰ ਆ ਜਾਵੇ, ਇੱਕ ਸਾਹ ਵੀ ਨਹੀਂ ਆਉਂਦਾ। ਕੁੱਲ ਚੀਜ਼ਾਂ ਦਿਤੀਆਂ ਨੇ, ਨੇਤਰ ਦਿਤੇ ਨੇ, ਤੰਦਰੁਸਤ ਸਰੀਰ ਦਿਤਾ ਹੈ। ਕਹਿੰਦੇ, ਇਹ ਬੰਦਾ ਨਸ਼ੇ ਪੀ ਕੇ ਸਰੀਰ ਨੂੰ ਰੋਗੀ ਕਰ ਲੈਂਦਾ ਹੈ ਤੇ ਇਹਦਾ ਸਮਾਂ ਜਿਹੜਾ ਹੈ ਉਹ ਵਿਸ਼ੇ-ਵਿਕਾਰਾਂ 'ਚ ਲੰਘਦਾ ਹੈ, ਸੁਸਤੀਆਂ 'ਚ ਲੰਘਦਾ ਹੈ। ਇਹਦੀ ਜਵਾਬ ਤਲਬੀ ਹੁੰਦੀ ਹੈ, ਉਸ ਵੇਲੇ। ਫੇਰ ਇਹਨੂੰ ਜਵਾਬ ਦੇਣਾ ਬਹੁਤ ਔਖਾ ਹੋ ਜਾਇਆ ਕਰਦਾ ਹੈ।

ਕਹਿੰਦੇ, ਜਿਹੜਾ ਬੰਦਾ ਨਸ਼ੇ ਪੀਂਦਾ ਹੈ। ਸ਼ਰਾਬ ਪੀਂਦਾ ਹੈ ਤੇ ਰੋਜ਼ ਦਰਗਾਹ ਦੇ ਵਿਚ, ਸੂਖਸ਼ਮ ਸਰੀਰ ਜਿਹੜਾ ਹੈ, ਦੁਖ-ਸੁਖ ਮੰਨਣ ਵਾਲਾ ਹੈ। ਉਹਦੇ ਗਲ ਵਿਚੋਂ ਸੌ ਮਣ ਸਿੱਕਾ ਗਰਮ ਕਰਕੇ ਅੱਗ ਉਹਦੇ ਵਿਚੀਂ ਰੋਜ਼ ਲੰਘਾਈ ਜਾਂਦੀ ਹੈ, ਫੇਰ ਰੋਂਦਾ ਹੈ, ਪਰ ਉਥੇ ਸੁਣਦਾ ਨਹੀਂ ਕੋਈ।-

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***

***ਅੰਗ - 1281***

ਮਹਾਰਾਜ ਕਹਿੰਦੇ, ਉਥੇ ਕਿਸੇ ਦਾ ਹੱਥ ਪਹੁੰਚਦਾ ਹੀ ਨਹੀਂ। ਕੂਕ ਪੁਕਾਰ ਕੌਣ ਸੁਣੇ। ਕਹਿੰਦੇ, ਕੋਈ ਨਹੀਂ ਉਥੇ ਸੰਭਾਲ ਸਕਦਾ -

***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***

***ਅੰਗ - 1281***

ਜੇ ਤਾਂ ਗੁਰੂ ਹੈ ਕੋਈ, ਉਹ ਤਾਂ ਕੱਢ ਲੈਂਦਾ ਹੈ। ਰੋਣਾ ਸੁਣ ਕੇ ਗੁਰੂ ਨੂੰ ਮਿਹਰ ਆ ਜਾਂਦੀ ਹੈ, ਦਇਆ ਆ ਜਾਂਦੀ ਹੈ, ਕਹਿੰਦਾ ਨੇ ਕਿ ਪਿਆਰਿਓ! ਇਹ ਤਾਂ ਸਾਡੇ ਵਾਲਾ ਬੰਦਾ ਹੈ। ਛੱਡ ਦਿਓ ਇਹਨੂੰ ਗਲਤੀਆਂ ਕੀਤੀਆਂ ਨੇ। ਦੁਬਾਰਾ ਮੌਕਾ ਦੇ ਦਿਓ, ਕਹਿੰਦੇ ਗੁਰੂ ਕੋਲ ਵਿਸ਼ੇਸ਼ ਸ਼ਕਤੀ (veto power) ਹੁੰਦੀ ਹੈ। ਸੋ ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਇਹ ਬੜਾ ਭਾਰਾ ਦੁਖ ਭੋਗਦਾ ਹੈ। ਇਸੇ ਤਰ੍ਹਾਂ ਹੋਰ ਪਾਪਾਂ ਦੇ ਵੀ ਦੱਸੇ।

ਫੇਰ ਕਹਿਣ ਲੱਗੇ ਕਿ ਪਾਪ ਛੋਟੇ ਵੱਡੇ ਵੀ ਹੁੰਦੇ ਨੇ? ਮਹਾਰਾਜ ਕਹਿੰਦੇ, ਹਾਂ 96 ਕਰੋੜ ਆਮ ਪਾਪਾਂ ਦੇ ਬਰਾਬਰ ਇਕ ਹੱਤਿਆ ਹੁੰਦੀ ਹੈ -

***ਗਊ ਬ੍ਰਾਹਮਣੁ ਬੰਸ ਘਾਤ ਅਪਰਾਧ ਕਰਾਰੇ।***

ਗਊ ਨੂੰ ਮਾਰ ਦੇਣਾ, ਐਸੇ ਬੰਦੇ ਨੂੰ ਜਿਹਦਾ ਸੁਭਾਅ ਗਊ ਵਰਗਾ ਹੋਵੇ। ਬ੍ਰਾਹਮਣ ਜਿਹੜਾ ਪੜ੍ਹਿਆ ਲਿਖਿਆ, ਬ੍ਰਹਮ ਦੀ ਵਿਚਾਰ ਕਰਨ ਵਾਲਾ ਹੁੰਦਾ ਹੈ, ਉਹਨੂੰ ਮਾਰ ਦੇਣਾ ਤੇ ਵੰਸ਼ ਦਾ ਘਾਤ ਕਰ ਦੇਣਾ। ਚੌਥਾ ਹੁੰਦਾ ਹੈ ਆਪਣੀ ਲੜਕੀ ਨੂੰ ਮਾਰ ਦੇਣਾ, ਪੰਜਵਾਂ ਹੋਇਆ ਕਰਦਾ ਹੈ ਕਿ ਕਿਸੇ ਤੋਂ ਪੈਸਾ ਲੈ ਕੇ ਫੇਰ ਮੁੱਕਰ ਜਾਣਾ, ਦੇਣਾ ਨਾ ਪੈਸਾ। ਛੇਵਾਂ ਹੋਇਆ ਕਰਦਾ ਹੈ ਬੰਦੇ ਨੂੰ ਵਿਸ਼ਵਾਸ਼ ਵਿਚ ਲੈ ਲੈਣਾ, ਫੇਰ ਉਹਦਾ ਘਾਤ ਕਰਨਾ, ਵਿਸ਼ਵਾਸ਼ਘਾਤੀ ਕਹਾਉਂਦਾ ਹੈ, ਅਕ੍ਰਿਤਘਣ। ਅਕ੍ਰਿਤਘਣ ਜਦੋਂ ਪਾਪ ਕਰਦਾ ਹੈ, ਧਰਤੀ ਕੰਬਣਾ ਸ਼ੁਰੂ ਕਰ ਦਿੰਦੀ ਹੈ ਉਸ ਵੇਲੇ।

***ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।***
***ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।***
***ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।***
***ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।***
***ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।***
***ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ।***

***ਭਾਈ ਗੁਰਦਾਸ ਜੀ, ਵਾਰ 35/8***

ਨਾ ਦਰਿਆ ਭਾਰੇ ਨੇ, ਨਾ ਕੋਈ ਚੀਜ਼ ਭਾਰੀ ਹੈ, ਕਹਿੰਦੇ ਜੇ ਭਾਰਾ ਲਗਦਾ ਹੈ ਧਰਤੀ ਨੂੰ ਤਾਂ ਅਕ੍ਰਿਤਘਣ ਲਗਦਾ ਹੈ। ਕਹਿੰਦੇ 96-96 ਕਰੋੜ ਦੇ ਬਰਾਬਰ ਇਕ ਹੱਤਿਆ ਹੁੰਦੀ ਹੈ। ਛੇ ਹੱਤਿਆਂ ਨੂੰ ਇਕੱਠੀਆਂ ਕਰ ਲਓ। ਕੋਈ 5 ਅਰਬ 84 ਕਰੋੜ ਪਾਪਾਂ ਦੇ ਬਰਾਬਰ ਹੋ ਗਈਆਂ। ਕਹਿੰਦੇ, ਇਹ ਹੱਤਿਆ ਜੇ ਪਿਉ ਨੂੰ ਮਾਰ ਦੇਵੇ ਤਾਂ ਐਨੀ ਹੱਤਿਆ ਲਗ ਜਾਂਦੀ ਹੈ, ਛੇ ਅਰਬ 84 ਕਰੋੜ ਪਾਪ ਲਗ ਜਾਂਦਾ ਹੈ। ਕਹਿੰਦੇ, ਇਹਨੂੰ ਸੌ ਨਾਲ ਹੋਰ ਗੁਣਾਂ ਕਰ ਲਓ। ਛੇ ਅਰਬ 84 ਕਰੋੜ ਹੈ ਤੇ ਇਹ ਸਮਝ ਲਓ ਕਿ 61 ਖਰਬ ਪਾਪ, 61 ਖਰਬ ਪਾਪਾਂ ਦੇ ਬਰਾਬਰ ਹੁੰਦਾ ਹੈ ਜੇ ਮਾਂ ਨੂੰ ਮਾਰ ਦੇਵੇ। ਜੇ ਮਾਂ ਦੀ ਸੇਵਾ ਕਰ ਲਵੇ, ਓਡਾ ਹੀ ਵੱਡਾ ਪੁੰਨ ਹੁੰਦਾ ਹੈ। ਕਹਿੰਦੇ, ਇਨ੍ਹਾਂ ਤੋਂ ਅਗਾਂਹਾਂ ਖਰਬਾਂ ਤੋਂ ਅੱਗੇ ਚਲੇ ਜਾਓ ਤੇ ਜਿਹੜਾ ਗੁਰੂ ਧਾਰ ਕੇ ਉਸ ਤੋਂ ਬੇਮੁਖ ਹੋ ਜਾਵੇ ਉਹ ਮਹਾਂ ਪਾਪੀ ਹੁੰਦਾ ਹੈ। ਉਹਦੇ ਮੁਕਤੀ ਨਹੀਂ ਕਦੇ ਵੀ ਹੋਏਗੀ। ਜਦੋਂ ਤੱਕ ਸੂਰਜ, ਚੰਦਰਮਾ, ਅਸਮਾਨ ਨੇ ਰਹਿਣਾ ਹੈ, ਉਹਨੇ ਨਰਕਾਂ ਦੇ ਵਿਚ ਹੀ ਸੜਦੇ ਰਹਿਣਾ ਹੈ। ਕੋਈ ਰਾਜਾ ਜਨਕ ਵਰਗਾ ਕੋਈ ਆ ਗਿਆ, ਤਾਂ ਉਹ ਛੁਡਾ ਲਵੇ ਤਾਂ ਛੁਡਾ ਲਵੇ, ਲੇਕਿਨ ਛੁੱਟਦਾ ਨਹੀਂ।

ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਨ ਕੀਤਾ ਕਿ - '***ਆਪੀਨ੍ੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥ ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥ ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥ ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥ ਮਨਿ ਅੰਧੈ ਜਨਮੁ ਗਵਾਇਆ ॥' (ਅੰਗ- 464)*** ਅੰਨੇ ਮਨ ਨੇ ਜਨਮ ਗਵਾ ਲਿਆ। ਫੇਰ ਰੋਂਦਾ ਤੇ ਪਛਤਾਉਂਦਾ ਦਰਗਾਹ ਨੂੰ ਜਾਂਦਾ ਹੈ-

***ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥***

***ਅੰਗ - 520***

ਕੂਕਾਂ ਮਾਰਦਾ ਜਾਂਦਾ ਹੈ। ਸੋ ਪੰਜਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ ਕਿ ਗੁਰਸਿੱਖੋ! ਜਿਹੜੇ ਕਰਮ ਧਰਮ ਕਰਦੇ ਹੋਂ ਤੁਸੀਂ, ਇਹ ਜਮਦੂਤ ਜਿਹੜੇ ਨੇ, ਜਦੋਂ ਇਥੋਂ ਸੰਸਾਰ ਤੋਂ ਜਾਂਦੇ ਨੇ, ਉਸ ਵੇਲੇ ਲੁੱਟ ਲਿਆ ਕਰਦੇ ਨੇ-

***ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥***
***ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ***
***ਨਿਮਖ ਸਿਮਰਤ ਜਿਤੁ ਛੂਟੈ ॥*** ***ਅੰਗ - 747***

ਜੇ ਹਰੀ ਦਾ ਜਸ ਕਰਦਾ ਹੈ, ਹਰੀ ਨੂੰ ਧਿਆਨ ਵਿਚ ਲਿਆ ਕੇ ਇਕ ਅੱਖ ਦੇ ਝਮਕੇ ਜਿੰਨਾ ਚਿਰ 'ਚ ਵੀ ਜੇ ਪ੍ਰਮੇਸ਼ਰ ਵਲ ਧਿਆਨ ਚਲਿਆ ਗਿਆ, ਕਹਿੰਦੇ ਫੇਰ ਇਹ ਛੁੱਟ ਜਾਂਦਾ ਹੈ। ਬਾਕੀ ਜਿਹੜੇ ਤੀਰਥਾਂ ਦੀ ਗੱਲ ਕਰਦੇ ਹੋ -

***ਕੋਟਿ ਤੀਰਥ ਮਜਨ ਇਸਨਾਨਾ***

***ਇਸੁ ਕਲਿ ਮਹਿ ਮੈਲੁ ਭਰੀਜੈ ॥*** ***ਅੰਗ- 747***

ਕਰੋੜਾਂ ਤੀਰਥਾਂ ਦਾ ਇਸ਼ਨਾਨ ਕੋਈ ਫਲ ਨਹੀਂ ਦਿੰਦਾ। ਕਿਉਂਕਿ ਤੀਰਥਾਂ ਦੇ ਵਿਚ ਪੁੰਨ ਘਟ ਗਏ ਨੇ। ਪਾਪ ਸੰਸਾਰ 'ਚ ਵਧ ਗਏ ਨੇ। ਕਲਜੁਗ ਦਾ ਸਮਾਂ ਹੋਣ ਕਰਕੇ ਲੋਕ ਨਾਸਤਕ ਹੋ ਗਏ। ਨਾ ਕੋਈ ਗੁਰੂ ਦੀ ਬਾਤ ਸੁਣਦਾ ਹੈ, ਨਾ ਕੋਈ ਪੀਰ ਦੀ ਸੁਣਦਾ। ਵਾਹਿਗੁਰੂ ਵਲ ਤਾਂ ਚਿੱਤ ਕਰਦਾ ਹੀ ਨਹੀਂ ਨਾ ਜਾਣ ਨੂੰ। ਬਹੁਤਾ ਪੈਸਾ ਵਧ ਜਾਵੇ ਆਉਣ ਤੋਂ ਹੀ ਹਟ ਜਾਂਦਾ ਹੈ ਸਤਿਸੰਗ 'ਚ। ਸੁਖ ਵਧ ਜਾਣ ਆਉਣ ਤੋਂ ਹਟ ਜਾਂਦਾ ਹੈ। ਜਿਹੜਾ ਸੁੱਖਾਂ ਦਾ ਦਾਤਾ ਹੈ ਉਹਨੂੰ ਭੁੱਲ ਜਾਂਦਾ ਹੈ -

***ਧਾਰਨਾ - ਮਨਮੁੱਖਾਂ ਨੇ ਵਿਸਾਰ ਦਿਤਾ ਦਾਤਾ,***
***ਦਾਤ ਨੂੰ ਪਿਆਰੀ ਜਾਣ ਕੇ।***

ਭੁੱਲ ਜਾਂਦੇ ਨੇ ਸੁੱਖ ਵਿਚ ਆ ਕੇ। ਜੇ ਦੁੱਖ ਆ ਜਾਏ, ਫੇਰ ਉਸ ਵੇਲੇ ਵਾਹਿਗੁਰੂ ਯਾਦ ਆਇਆ ਕਰਦਾ ਹੈ। ਸੁੱਖ 'ਚ ਨਹੀਂ ਕੋਈ ਵੀ ਕਰਦਾ। ਇਸੇ ਕਰਕੇ -

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***
***ਅੰਗ - 469***

ਸੋ ਮਹਾਰਾਜ ਕਹਿੰਦੇ, ਭਾਈ ਪ੍ਰੇਮੀਓ! ਜਿਹੜੇ ਤੁਸੀਂ ਤੀਰਥ ਨਾਹੁੰਦੇ ਓਂ, ਇਕ, ਦੋ, ਚਾਰ, 68 ਤੀਰਥਾਂ ਦਾ ਇਸ਼ਨਾਨ ਕਿੰਨਾ ਔਖਾ ਹੈ, ਕਹਿੰਦੇ 68 ਨਹੀਂ - ***'ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ (ਅੰਗ-747)*** ਇਸ ਕਲਜੁਗ ਵਿਚ ਮੈਲ ਨਾਲ ਭਰੇ ਪਏ ਨੇ। ਕਿਉਂ ਭਰੇ ਪਏ ਨੇ? ਕਿਉਂਕਿ ਕੋਈ ਬੰਦਗੀ ਕਰਨ ਵਾਲਾ ਤਾਂ ਜਾਂਦਾ ਹੀ ਨਹੀਂ ਹੈ। ਨਾ ਜਾਣ ਕਰਕੇ, ਤੀਰਥਾਂ ਦੀ ਮੈਲ ਨਹੀਂ ਜਾਂਦੀ। ਸੋ ਤੀਰਥ ਹਰ ਵਕਤ ਅਰਦਾਸ ਕਰਦਾ ਹੈ ਕਿ ਹੇ ਵਾਹਿਗੁਰੂ ਜੀ! ਕਿਉਂਕਿ ਇਨ੍ਹਾਂ ਸਾਰੇ ਤੀਰਥਾਂ ਦੇ ਅਭਿਮਾਨੀ ਦੇਵਤਾ ਨੇ, ਚੇਤਨ ਸ਼ਕਤੀਆਂ, ਜਿਨ੍ਹਾਂ ਦੇ ਤਪ ਦੇ ਸਦਕੇ ਤੀਰਥਾਂ ਦਾ ਫਲ ਕਾਇਮ ਰਹਿੰਦਾ ਹੈ। ਫਲ ਦਿੰਦੇ ਨੇ ਇਹ ਤੇ ਦੇਵਤੇ ਬੇਵਸ ਹੋ ਜਾਂਦੇ ਨੇ ਕਿਉਂਕਿ ਇਨ੍ਹਾਂ 'ਚ ਇਹ ਸ਼ਕਤੀ ਨਹੀਂ ਹੈ ਕਿ ਇਹ ਸ਼ੁੱਧ ਹੋ ਜਾਣ। ਉਸ ਵੇਲੇ ਬਾਰ-ਬਾਰ ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ! ਕ੍ਰਿਪਾ ਕਰ ਸਾਨੂੰ ਸੰਤਾਂ ਦੀ ਧੂੜ ਦੇ। ਸੰਤ ਆ ਜਾਣ, ਕਿਤੇ ਆ ਕੇ ਆਪਣੇ ਚਰਨ ਪਾ ਦੇਣ। ਜਿਹੜੇ ਪਾਪ ਨੇ ਉਹ ਸਾਡੇ ਤੋਂ ਝੱਲੇ ਨਹੀਂ ਜਾਂਦੇ, ਪਾਪੀ ਆਉਂਦੇ ਨੇ ਇਸ਼ਨਾਨ ਕਰਦੇ ਨੇ। ਹੁਣ ਤਾਂ ਐਨੇ ਪਾਪ ਕਰਨ ਲੱਗ ਗਏ ਸਾਰੇ ਸ਼ਹਿਰ ਦਾ ਸੀਵਰੇਜ ਜਿਹੜਾ ਗੰਦ ਹੈ, ਉਹ ਦਰਿਆ ਵਿਚ ਸੁੱਟ ਦਿੰਦੇ ਨੇ। ਪਵਿੱਤਰ ਪਾਣੀ ਜਿਹੜਾ ਸੀ, ਰੋਗਾਂ ਨੂੰ ਦੂਰ ਕਰਨ ਵਾਲਾ, ਉਹ ਧਰਤੀ 'ਚ ਜਾਣ ਲਗ ਗਿਆ, ਥੱਲੇ ਪਾਣੀ ਨਾਲ ਜਾ ਮਿਲਿਆ। ਬਿਮਾਰੀਆਂ ਹੀ ਬਿਮਾਰੀਆਂ ਪੈਦਾ ਹੋ ਗਈਆਂ। ਜਿੰਨੀ ਬਿਮਾਰੀ ਵਧਦੀ ਹੈ ਓਨੇ ਹਸਪਤਾਲ ਹੋਰ ਬਣ ਰਹੇ ਨੇ। ਇਹ ਮਨੁੱਖ ਦੇ ਕਾਬੂ ਤੋਂ ਬਾਹਰਲੀਆਂ ਗੱਲਾਂ ਨੇ ਸਾਰੀਆਂ। ਇਹ ਨਹੀਂ ਦੇਖਦੇ ਕਿ ਬਿਮਾਰੀ ਆਈ ਕਿਉਂ ਹੈ। ਮਹਾਰਾਜ ਕਹਿੰਦੇ

ਬਿਮਾਰੀ ਆਉਂਦੀ ਤਾਂ ਹੈ –

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***

***ਅੰਗ– 135***

ਸਾਰੇ ਰੋਗ ਲਗ ਜਾਂਦੇ ਨੇ ਜੇ ਵਾਹਿਗੁਰੂ ਨੂੰ ਭੁੱਲ ਜਾਵੇ। ਸੋ ਇਹ ਤੀਰਥ ਜਿਹੜੇ ਨੇ ਪਾਪੀਆਂ ਤੋਂ ਭਾਰੇ ਹੋਏ–ਹੋਏ, ਕਾਲੇ ਰੰਗ ਦੇ ਹੋ ਕੇ ਅਰਦਾਸਾਂ ਕਰਦੇ ਨੇ ਕਿ ਹੇ ਪ੍ਰਭੂ! ਸੰਤਾਂ ਨੂੰ ਭੇਜ –

***ਧਾਰਨਾ – ਤੀਰਥ ਵੀ ਲੋਚਦੇ,***
***ਸੰਤਾਂ ਦੀ ਧੂੜੀ ਤਾਈਂ।***

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥ ਅੰਗ– 1263***

ਕਹਿੰਦੇ ਇਹ ਦੇਵਤੇ ਉਦਮ ਕਰਦੇ ਨੇ ਕਿ ਸਾਨੂੰ ਸੰਤਾਂ ਦੀ ਧੂੜੀ ਮਿਲ ਜਾਵੇ।

***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ – 1263***

ਕਿਤੇ ਸੰਤਾਂ ਦੀ ਧੂੜ ਮਿਲ ਜਾਵੇ ਹੇ ਵਾਹਿਗੁਰੂ ਤਾਂ ਸਾਡੀ ਮੈਲ ਦਾ ਖਾਤਮਾ ਹੋ ਜਾਵੇ।

ਸੋ ਇਸ ਤਰ੍ਹਾਂ ਮਹਾਰਾਜ ਕਹਿਣ ਲੱਗੇ ਪਿਆਰਿਓ!–

***ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ***
***ਇਨ੍ ਪੜਿਆ ਮੁਕਤਿ ਨ ਹੋਈ ॥***
***ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥***

***ਅੰਗ – 747***

ਏਕ ਅੱਖਰ ਹੈ 'ੴ', ਜਿਹੜਾ ੴ ਦਾ ਜਾਪ ਕਰਦਾ ਹੈ ਤੇ ਧਿਆਨ ਕਰਦਾ ਹੈ ਉਸ ਪ੍ਰਮੇਸ਼ਰ ਦਾ, ਕਹਿੰਦੇ ਉਹ ਆਪ ਵੀ ਤਰਦਾ ਹੈ ਤੇ ਕਰੋੜਾਂ ਨੂੰ ਤਾਰ ਦਿੰਦਾ ਹੈ। ਕੁਲਾਂ ਦਾ ਉਧਾਰ ਕਰ ਦਿੰਦਾ ਹੈ। ਐਸੀ ਉਹਦੇ 'ਚ ਸ਼ਕਤੀ ਹੈ।

ਕਹਿਣ ਲੱਗੇ, ਸੱਚੇ ਪਾਤਸ਼ਾਹ! ਇਹ ਜੋ ੴ ਹੈ ਇਹ ਸਾਰਿਆਂ ਵਾਸਤੇ ਹੈ?

ਮਹਾਰਾਜ ਕਹਿੰਦੇ, ਹਾਂ।

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥***
***ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ***
***ਘਟਿ ਘਟਿ ਨਾਨਕ ਮਾਝਾ ॥ ਅੰਗ – 747***

ਸੋ ਇਸ ਤਰ੍ਹਾਂ ਦੇ ਨਾਲ ਸਾਧੂਆਂ ਨਾਲ ਮਿਲ ਕੇ ਨਾਮ ਜਪਿਆ ਜਾਂਦਾ ਹੈ। ਦੋ ਚੀਜ਼ਾਂ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀਆਂ ਨੇ।

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***

***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ - 642***

ਵੱਡੀਆਂ ਚੀਜ਼ਾਂ ਨੇ, ਲੇਕਿਨ ਬੇਭਾਗੇ ਬੰਦੇ ਕੋਲ ਹੀ ਰਹਿ ਜਾਂਦੇ ਨੇ, ਪ੍ਰਾਪਤ ਹੀ ਨਹੀਂ ਉਨ੍ਹਾਂ ਨੂੰ ਕੁਛ ਹੁੰਦਾ। ਸਾਧੂ ਜਨ ਲੋਚਦੇ ਨੇ ਕਿ ਸੰਗਤ ਦੂਰ ਤਕ ਜਾਵੇ, ਪ੍ਰਚਾਰ ਹੋਵੇ, ਇਨ੍ਹਾਂ ਦਾ ਭਲਾ ਹੋਵੇ, ਕਲਜੁਗੀ ਜੀਵਾਂ ਦਾ। ਕਿਉਂਕਿ ਉਨ੍ਹਾਂ ਦੀ ਡਿਊਟੀ ਲੱਗੀ ਹੁੰਦੀ ਹੈ ਦਰਗਾਹ ਵਿਚੋਂ ਕਿ ਜਾਓ ਜਾ ਕੇ ਸੰਸਾਰ ਦੁਖੀ ਹੈ, ਦੁੱਖਾਂ ਦਾ ਕਾਰਨ ਹੈ ਸਤਿਸੰਗ ਨਾ ਕਰਨਾ। ਦੁੱਖ ਦੂਰ ਹੁੰਦੇ ਨੇ, ਪ੍ਰਭੂ ਦਾ ਨਾਮ ਜਪ ਕੇ। ਸਾਰੇ ਦੁਖ ਦੂਰ ਹੋ ਜਾਂਦੇ ਨੇ। ਜੇ ਪ੍ਰਮੇਸ਼ਰ ਤੋਂ ਭੁੱਲ ਜਾਵੇ ਤਾਂ ਕਹਿੰਦੇ ਸਾਰੇ ਦੁੱਖ ਆ ਜਾਂਦੇ ਨੇ -

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥***
***ਅੰਗ- 522***

ਜਿਹਨੂੰ ਨਾਮ ਭੁੱਲ ਜਾਵੇ ਕਰੋੜਾਂ ਬਿਘਨ ਆ ਕੇ ਲਗ ਜਾਂਦੇ ਨੇ। ਸੋ ਅੱਜ ਦਾ ਜੋ ਦਿਨ ਹੈ, ਦੀਵਾਲੀ ਕਰਕੇ ਆਪਾਂ ਜਾਣਦੇ ਹਾਂ। ਇਹਦੇ ਵਿਚ ਸ੍ਰੀ ਰਾਮ ਚੰਦਰ ਜੀ ਮਹਾਰਾਜ ਲੰਕਾ ਦੇ ਰਾਵਣ ਨੂੰ ਜਿੱਤਣ ਤੋਂ ਆਪਣੀ ਰਾਜਧਾਨੀ 'ਚ ਵਾਪਸ ਆਉਂਦੇ ਨੇ। ਉਸ ਵੇਲੇ ਦੇ ਲੋਕਾਂ ਨੇ ਖੁਸ਼ੀਆਂ ਮਨਾਈਆਂ, ਕਿਉਂਕਿ ਇਕ ਪੜੌਸੀ ਰਾਜਾ ਜਿਹਦਾ ਡਰ ਹਰ ਵਕਤ ਬਣਿਆ ਰਹਿੰਦਾ ਸੀ। ਉਸ ਨੂੰ ਫਤਹਿ ਕਰਕੇ ਵਾਪਸ ਆਏ।

ਸਾਡੇ ਇਤਿਹਾਸ ਦੇ ਅੰਦਰ ਇਹ ਹੋਰ ਵੀ ਦੂਹਰੀ ਵਿਸ਼ੇਸ਼ਤਾ ਰਖਦਾ ਹੈ ਕਿ ਅੱਜ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜਿਸ ਵਕਤ ਗਵਾਲੀਅਰ ਦੇ ਕਿਲੇ ਵਿਚ ਕੈਦ ਸੀ ਉਥੇ ਨਾਲ ਹਿੰਦੋਸਤਾਨ ਦੇ 52 ਰਾਜੇ ਕੈਦ ਸੀ, ਉਨ੍ਹਾਂ ਦੇ ਛੁੱਟਣ ਦੀ ਕੋਈ ਉਮੀਦ ਹੀ ਨਹੀਂ ਸੀ। ਕਿਉਂਕਿ ਮੁਗਲ ਰਾਜ ਦੇ ਅੰਦਰ ਜਿਹੜਾ ਜੇਲ੍ਹ ਵਿਚ ਸੁੱਟ ਦਿਤਾ, ਮੁੜ ਕੇ ਭੁੱਲ ਜਾਂਦੇ ਸੀ ਉਹਨੂੰ, ਉਹ ਉਥੇ ਹੀ ਮਰ ਜਾਂਦਾ ਸੀ, ਬਾਹਰ ਨਹੀਂ ਸੀ ਕੱਢਦੇ। ਕੋਈ ਤਰੀਕਾ ਨਹੀਂ ਸੀ ਉਨ੍ਹਾਂ ਦੇ ਬਾਹਰ ਕੱਢਣ ਦਾ। ਕੋਈ ਕਾਨੂੰਨ ਨਹੀਂ ਸੀ।

ਗੁਰੂ ਛੇਵੇਂ ਪਾਤਸ਼ਾਹ ਨੂੰ ਜਿਸ ਵਕਤ ਕਿਹਾ ਕਿ ਰਿਹਾ ਕਰ ਦਿਤਾ ਜਾਵੇ। ਜਹਾਂਗੀਰ ਨੇ ਕਿਹਾ ਕਿ ਮੇਰੇ ਕੋਲ ਲੈ ਕੇ ਆਓ। ਉਸ ਵੇਲੇ ਰਾਜੇ ਜਿਹੜੇ ਰੋਜ਼ ਬਚਨ ਸੁਣਦੇ ਸੀ, ਜਿਨ੍ਹਾਂ ਦੀਆਂ ਬੁੱਧੀਆਂ ਨਿਰਮਲ ਹੋ ਚੁੱਕੀਆਂ ਸੀ, ਗੁਰੂ ਮਹਾਰਾਜ ਦੇ ਦਰਸ਼ਨ ਕਰਕੇ ਤੇ ਬਚਨ ਸੁਣ ਕੇ, ਪਿਆਰ ਕਰਦੇ ਸੀ ਗੁਰੂ ਸਾਹਿਬ ਨੂੰ। ਉਸ ਵੇਲੇ ਸਾਰਿਆਂ ਦੇ ਮਨ ਵਿਚ ਖੁਸ਼ੀ ਨਹੀਂ ਹੋਈ ਕਿ ਗੁਰੂ ਸਾਹਿਬ ਜਾ ਰਹੇ ਨੇ। ਗਮੀ ਹੋ ਗਈ। ਰੋਣ ਲਗ ਗਏ ਸਾਰੇ।

ਮਹਾਰਾਜ ਕਹਿੰਦੇ, ਕੀ ਗੱਲ ਪਿਆਰਿਓ! ਤੁਸੀਂ ਰੋਂਦੇ ਓਂ। ਕਹਿੰਦੇ ਸੱਚੇ ਪਾਤਸ਼ਾਹ! ਸੰਸਾਰ ਤਾਂ ਖੁਸ਼ੀਆਂ ਮਨਾਏਗਾ ਜਿਸ ਵਕਤ ਤੁਸੀਂ ਦਰਸ਼ਨ ਦਿਓਂਗੇ। ਪਰ ਸਾਡੇ 'ਤੇ ਤਾਂ ਹਨ੍ਹੇਰੀ ਰਾਤ ਛਾ ਜਾਣੀ ਹੈ ਨਾ ਦਰਸ਼ਨ ਹੋਣੇ, ਨਾ ਕੋਈ ਸਾਨੂੰ ਛੁਡਾਵੇ। ਤੁਹਾਡੇ ਆਇਆਂ 'ਤੇ ਪ੍ਰਸ਼ਾਦ ਪਾਣੀ ਵੀ

ਸਾਨੂੰ ਮਿਲਦਾ ਰਿਹਾ। ਰੋਜ਼ ਦਾ ਪ੍ਰਸ਼ਾਦ ਹੁੰਦਾ ਸੀ, ਆਪ ਦੇ ਬਚਨ ਸੁਣਦੇ ਸੀ ਤੇ ਬੜਾ ਸੁਖ ਦਾ ਸਮਾਂ ਲੰਘਿਆ ਤੇ ਇਸ ਤਰ੍ਹਾਂ ਲਗਦਾ ਸੀ ਕਿ ਹੁਣ ਸਾਡਾ ਜੀਵਨ ਸਫਲਾ ਹੋ ਗਿਆ ਪਾਤਸ਼ਾਹ! ਸਾਨੂੰ ਤਾਂ ਹੁਣੇ ਤੁਹਾਡੀ ਪਿੱਠ ਦੇਖ ਕੇ ਹੀ ਹਨ੍ਹੇਰਾ ਪੈ ਜਾਣਾ ਹੈ। ਉਸ ਵੇਲੇ ਮਹਾਰਾਜ ਨੂੰ ਜੋ ਲੈਣ ਵਾਸਤੇ ਆਏ ਸੀ ਮਹਾਰਾਜ ਕਹਿੰਦੇ, ਨਾ ਬਈ ਅਸੀਂ ਤਾਂ ਨਹੀਂ ਜਾਣਾ। ਕਹਿ ਦਿਓ ਜਹਾਂਗੀਰ ਨੂੰ ਕਿ ਅਸੀਂ ਤਾਂ ਇਥੇ ਹੀ ਰਹਿਣਾ ਹੈ। ਜਵਾਬ ਦੇ ਦਿਤਾ, ਵਜ਼ੀਰ ਖਾਂ ਨੇ ਕਿਹਾ ਹਜ਼ੂਰ! ਉਹ ਤਾਂ ਆ ਨਹੀਂ ਰਹੇ। ਪਤਾ ਨਹੀਂ ਕੀ ਕਾਰਨ ਹੈ। ਜਹਾਂਗੀਰ ਜਿਹੜਾ ਸੀ ਉਹ ਰੂਹਾਨੀ ਤੌਰ ਦੇ ਉਤੇ ਐਨਾ ਦਬ ਗਿਆ ਸੀ ਕਿ ਮੀਆਂਮੀਰ ਨੇ ਵੀ ਕਿਹਾ, ਸਾਰਿਆਂ ਨੇ ਕਿਹਾ ਕਿ ਤੂੰ ਬੜਾ ਭਾਰਾ ਗੁਨਾਹ ਕਰਿਆ ਹੈ। ਉਸ ਵੇਲੇ ਕਹਿਣ ਲੱਗਿਆ ਕਿ ਕਿਸੇ ਕੀਮਤ 'ਤੇ ਵੀ ਜੇ ਉਹ ਆਉਣਾ ਮੰਨ ਲੈਣ ਤਾਂ ਮੈਂ ਦੇਣ ਨੂੰ ਤਿਆਰ ਹਾਂ। ਮਹਾਰਾਜ ਕੋਲ ਬਚਨ ਕਰਿਆ। ਮਹਾਰਾਜ ਕਹਿੰਦੇ, ਦੇਖ ਆਹ ਸਾਰੇ ਰਾਜਿਆਂ ਨੂੰ ਛੱਡ ਦੇ, ਫੇਰ ਅਸੀਂ ਬਾਹਰ ਆ ਜਾਵਾਂਗੇ। ਸੁਨੇਹਾ ਆਇਆ ਕਿ ਸੱਚੇ ਪਾਤਸ਼ਾਹ! ਬੜੇ ਜਵਾਨ ਮਰੇ ਨੇ। ਇਨ੍ਹਾਂ ਦੇ ਵੀ ਸਾਡੇ ਵੀ। ਇਨ੍ਹਾਂ ਨੂੰ ਫੜ ਕੇ ਅਸੀਂ ਬੜੀ ਮੁਸ਼ਕਲ ਨਾਲ ਕੈਦ ਕਰਿਆ ਹੈ, ਸਾਡਾ ਰਾਜ ਨਹੀਂ ਚੱਲਣਾ ਜੇ ਇਹ ਬਾਹਰ ਆ ਗਏ। ਗੜਬੜ ਕਰਨਗੇ ਤੇ ਜੇ ਤੁਸੀਂ ਇਨ੍ਹਾਂ ਦੀ ਜਾਮਨੀ ਦੇ ਦੇਵੋਂ ਤਾਂ ਫੇਰ ਅਸੀਂ ਇਨ੍ਹਾਂ ਨੂੰ ਛੱਡਣ ਵਾਸਤੇ ਸੋਚ ਸਕਦੇ ਹਾਂ। ਉਸ ਵੇਲੇ ਮਹਾਰਾਜ ਨੇ ਕਿਹਾ ਕਿ ਠੀਕ ਹੈ ਅਸੀਂ ਇਨ੍ਹਾਂ ਦੇ ਜਾਮਨ ਹਾਂ। ਕੋਈ ਗੱਲ ਨਹੀਂ ਕਰਦੇ, ਅਮਨ ਅਮਾਨ ਨਾਲ ਰਹਿਣਗੇ। ਆਪਣੀ ਰਿਆਇਆ ਨੂੰ ਸਾਂਭਣਗੇ ਠੀਕ ਤਰ੍ਹਾਂ ਨਾਲ। ਉਸ ਵੇਲੇ ਜਹਾਂਗੀਰ ਨੇ ਇਹ ਗੱਲ ਮੰਨ ਲਈ, ਕਹਿਣ ਲੱਗਿਆ ਕਿ ਜਿੰਨੇ ਗੁਰੂ ਸਾਹਿਬ ਦੇ ਜਾਮੇ ਨੂੰ ਫੜ ਸਕਦੇ ਨੇ ਉਹ ਲੰਘ ਆਉਣ। ਹੁਕਮ ਅੰਦਰ ਚਲਿਆ ਗਿਆ। ਗੁਰੂ ਮਹਾਰਾਜ ਨੇ ਉਥੇ ਹਰਿਦਾਸ ਜੋ ਦਰੋਗਾ ਸੀ, ਉਹ ਗੁਰੂ ਘਰ ਦਾ ਪ੍ਰੇਮੀ ਸੀ ਉਸ ਨੂੰ ਕਿਹਾ, ਕਿ ਕਿੰਨੇ ਰਾਜੇ ਨੇ ਇਥੇ? ਉਸ ਨੇ ਕਿਹਾ ਕਿ 52 ਨੇ। ਕਹਿੰਦੇ, 50 ਕਲੀਆਂ ਵਾਲਾ ਸਾਨੂੰ ਚੋਲਾ ਸੁਆ ਕੇ ਦੇਹ। ਰਾਤ ਨੂੰ ਲੈ ਆ। ਚੋਲਾ ਬਣਾ ਲਿਆਂਦਾ, ਕਲੀਆਂ ਲਗ ਗਈਆਂ। 50 ਨੇ ਤਾਂ ਉਹ ਫੜ ਲਈਆਂ, ਦੋ ਨੇ ਮਹਾਰਾਜ ਜੀ ਦਾ ਜਾਮਾ ਫੜ ਲਿਆ। ਹੁਕਮ ਇਹ ਸੀ ਕਿ ਤੁਹਾਡਾ ਜਾਮਾ ਫੜ ਕੇ ਜਿੰਨੇ ਨਿਕਲ ਸਕਦੇ ਨੇ ਨਿਕਲ ਆਉਣ। ਛੋਟੀਆਂ ਤਣੀਆਂ, ਵੱਡੀਆਂ ਤਣੀਆਂ ਜਿੰਨਿਆਂ ਦੇ ਹੱਥਾਂ 'ਚ ਆ ਜਾਣ ਓਨੀਆਂ ਹੀ ਲੰਮੀਆਂ ਚੌੜੀਆਂ ਬਣਾ ਦਿਤੀਆਂ। ਉਹ ਜਦੋਂ ਗਵਾਲੀਅਰ ਦੇ ਕਿਲੇ ਤੋਂ ਬਾਹਰ ਆਉਂਦੇ ਨੇ ਬੇਅੰਤ ਸ਼ਰਧਾਲੂ ਖੜ੍ਹੇ ਨੇ। ਕੀ ਦੇਖਦੇ ਨੇ ਕਿ ਮਹਾਰਾਜ ਦੇ ਪਿੱਛੇ ਤਾਂ ਰਾਜਿਆਂ ਦਾ ਜਲੂਸ ਚਲਿਆ ਆ ਰਿਹਾ ਹੈ। ਉਸੇ ਵੇਲੇ ਜੈ-ਜੈਕਾਰ ਹੋਣੀ ਸ਼ੁਰੂ ਹੋ ਗਈ, ਖਬਰਾਂ ਫੈਲ ਗਈਆਂ ਹਿੰਦੋਸਤਾਨ ਭਰ 'ਚ ਕਿ ਗੁਰੂ ਮਹਾਰਾਜ ਨੇ ਗਵਾਲੀਅਰ ਦਾ ਕਿਲ੍ਹਾ ਖਾਲੀ ਕਰਾ ਦਿਤਾ। ਸਾਰੇ ਰਾਜੇ ਜਿੰਨੇ ਬੰਦੀ ਸੀ ਉਥੇ, ਸਾਰੇ ਛੁਡਾ ਲਏ। ਕਿਉਂਕਿ ਉਹ ਰਾਜਿਆਂ ਦੇ ਬੰਦ ਕਰਨ ਦਾ ਹੀ ਕਿਲ੍ਹਾ ਸੀ। ਸੋ ਉਸ ਵੇਲੇ ਗੁਰੂ ਮਹਾਰਾਜ ਨੂੰ ਸਾਰੇ ਭਾਰਤ

ਨੇ ਬੰਦੀ ਛੋੜ ਦਾ ਖਿਤਾਬ ਦਿਤਾ। ਸੋ ਮਹਾਰਾਜ ਜੀ ਜਿਸ ਵਕਤ ਵਾਪਸ ਆਉਂਦੇ ਨੇ ਤਾਂ ਸਾਡੇ ਪਿੰਡਾਂ ਕੋਲ ਘੁਢਾਣੀ ਆ ਕੇ ਠਹਿਰੇ। ਉਥੇ ਕਾਫੀ ਦਿਨ ਠਹਿਰੇ ਤੇ ਚੋਲਾ ਉਨ੍ਹਾਂ ਨੇ ਮੰਗ ਲਿਆ ਕਿ ਸਾਨੂੰ ਸੱਚੇ ਪਾਤਸ਼ਾਹ! ਨਿਸ਼ਾਨੀ ਦੇ ਜਾਓ ਤੇ ਆਪ ਦਾ ਜਦੋਂ ਵੀ ਕਦੇ ਜ਼ਿਕਰ ਆਏਗਾ ਤਾਂ ਇਹ ਆਪ ਨੇ ਜਿਹੜਾ ਕੌਤਕ ਕਰਿਆ ਹੈ, ਉਪਕਾਰ ਕਰਿਆ ਹੈ, ਬੰਦੀ ਛੋੜ ਦਾ, ਇਹ ਚੋਲੇ ਨੂੰ ਦੇਖ ਕੇ ਆ ਜਾਏਗਾ। ਅਸੀਂ ਸਾਂਭ ਕੇ ਰੱਖਾਂਗੇ ਚੋਲਾ। ਸੋ ਮਹਾਰਾਜ ਜੀ ਨੇ ਉਸ ਵੇਲੇ ਉਥੇ, ਮਹਾਰਾਜ ਜੀ ਦੀ ਰਿਸ਼ਤੇਦਾਰੀ ਸੀ, ਖੱਤਰੀਆਂ ਦੇ ਘਰ, ਉਨ੍ਹਾਂ ਨੂੰ ਦੇ ਦਿਤਾ। ਉਨ੍ਹਾਂ ਤੋਂ ਫੇਰ ਜਦੋਂ ਉਹ ਤਮਾਕੂ ਪੀਣ ਲਗ ਗਏ, ਫੇਰ ਸਿੰਘਾਂ ਨੇ ਲੈ ਕੇ ਗੁਰਦਵਾਰੇ 'ਚ ਰਖ ਲਿਆ। ਉਥੇ ਗੁਰਦਵਾਰਾ ਸਾਹਿਬ 'ਚ ਹੈ। ਇਕ ਜੋੜਾ, ਇਕ ਗੁਰੂ ਮਹਾਰਾਜ ਦੀ ਪੰਜ ਗ੍ਰੰਥੀ ਦਾ ਨਿਤਨੇਮ ਹੈ। ਨਿਤਨੇਮ ਦਾ ਗੁਟਕਾ ਸੀ ਉਨ੍ਹਾਂ ਦਾ, ਪੰਜ ਗ੍ਰੰਥੀ ਵੀ ਉਥੇ ਪਈ ਹੈ ਤੇ ਨਾਲ ਚੋਲਾ ਹੈ।

ਜਿਸ ਵਕਤ ਅੰਮ੍ਰਿਤਸਰ ਆਉਂਦੇ ਨੇ, ਦੀਵਾਲੀ ਦਾ ਦਿਨ ਸੀ, ਉਸ ਵੇਲੇ ਦੀਵਾਲੀ ਤਾਂ ਮਨਾਉਂਦੇ ਹੀ ਸੀ, ਦੀਵੇ ਬਾਲਦੇ ਸੀ, ਲੇਕਿਨ ਬੜੀ ਭਾਰੀ ਖੁਸ਼ੀ ਕੀਤੀ ਗਈ, ਸਾਰੇ ਸ਼ਹਿਰ ਦੇ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਸਭ ਨੇ।

ਦੀਵਾਲੀ ਮਨਾਉਣ ਦਾ ਤਰੀਕਾ ਸਭ ਤੋਂ ਚੰਗਾ ਉਨ੍ਹਾਂ ਦਾ ਹੈ ਜਿਹੜੇ ਹਰੀ ਦਾ ਜਸ ਕਰਦੇ ਨੇ, ਗੁਰੂ ਨੂੰ ਯਾਦ ਕਰਦੇ ਨੇ।

ਸੋ ਇਸ ਤਰ੍ਹਾਂ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ ਪਿਆਰਿਓ –

***ਸੰਤਹੁ ਸਾਗਰੁ ਪਾਰਿ ਉਤਰੀਐ ॥***
***ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥***

***ਅੰਗ – 747***

ਧੂੜੀ ਮੰਗਦੇ ਹੋ, ਉਨ੍ਹਾਂ ਦਾ ਬਚਨ ਕਮਾ ਕੇ ਇਸ ਭਵਜਲ ਤੋਂ ਤਰ ਜਾਇਆ ਕਰਦਾ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 10

## ਗੁਰੂ ਨਾਨਕ ਸਾਹਿਬ, ਭਾਈ ਤਿਲੋਕਾ ਤੇ ਰਾਜਕੁਮਾਰੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ – ਆਪ ਮੁਕਤ ਮੋਹੇ ਤਾਰੇ ਜੀ,*
*ਐਸੇ ਗੁਰ ਕੋ ਬਲਿ ਬਲਿ ਜਾਈਐ।*

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥ 1 ॥ ਰਹਾਉ ॥*
*ਕਵਨ ਕਵਨ ਕਵਨ ਗੁਨ ਕਹੀਐ ਅੰਤੁ ਨਹੀ ਕਛੁ ਪਾਰੈ ॥*
*ਲਾਖ ਲਾਖ ਲਾਖ ਕਈ ਕੋਰੈ ਕੋ ਹੈ ਐਸੋ ਬੀਚਾਰੈ ॥ 1 ॥*
*ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥*
*ਕਹੁ ਨਾਨਕ ਸੰਤਨ ਰਸੁ ਆਈ ਹੈ*
*ਜਿਉ ਚਾਖਿ ਗੂੰਗਾ ਮੁਸਕਾਰੈ ॥ 2 ॥ 1 ॥ 20 ॥*

*ਅੰਗ - 1302*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*

*ਭਾਈ ਗੁਰਦਾਸ ਜੀ, ਵਾਰ 34/1*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਚਿੱਤ

ਬਿਰਤੀਆਂ ਇਕਾਗਰ ਕਰਕੇ ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਧਿਆਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬੁੱਧੀ ਦੇ ਨਾਲ ਵਿਚਾਰੋ, ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਹਿਰਦੇ 'ਚ ਬਾਣੀ ਧਾਰਨ ਕਰਾਂਗੇ। ਤਾਂ ਜਿਸ ਪਦਾਰਥ ਨੂੰ ਲੈਣ ਵਾਸਤੇ ਅਸੀਂ ਸਤਿਸੰਗ 'ਚ ਆਏ ਹਾਂ। ਉਹ ਉਤਮ ਪਦਾਰਥ ਸਾਡੇ ਹਿਰਦੇ 'ਚ ਵਸ ਜਾਵੇਗਾ। ਇਥੇ ਤੱਕ ਵੀ ਹੋ ਸਕਦਾ ਹੈ ਕਿ ਜੇ ਕੇਵਲ ਇਕੋ ਸਤਿਸੰਗ ਸਾਰੀ ਜ਼ਿੰਦਗੀ 'ਚ ਸੁਣ ਲਿਆ ਜਾਵੇ ਤੇ ਉਹਨੂੰ ਮੰਨ ਲਿਆ ਜਾਵੇ, ਉਹਦੇ ਨਾਲ ਹੀ ਆਦਮੀ ਦਾ ਉਧਾਰ ਹੋ ਜਾਇਆ ਕਰਦਾ ਹੈ। ਇਹ ਕੋਈ ਅਤਿਕਥਨੀ ਬਾਤ ਨਹੀਂ ਹੈ। ਲੇਕਿਨ ਇਹ ਹੈ ਨਿਰਣਾ ਕਿ ਸਤਿਸੰਗ ਕਹਿੰਦੇ ਕੀਹਨੂੰ ਨੇ? ਗੁਰੂ ਮਹਾਰਾਜ ਨੇ ਸਤਿਸੰਗ ਦਾ ਟੀਚਾ ਬਹੁਤ ਹੀ ਉੱਚਾ ਰੱਖ ਦਿਤਾ। ਜਿਸਨੂੰ ਅਸੀਂ ਸਤਿਸੰਗਤ ਕਹਿ ਸਕਦੇ ਹਾਂ। ਪਹਿਲਾਂ ਤਾਂ ਹੈ ਸਤਿ ਦੇ ਨਾਲ ਜੁੜੇ ਹੋਏ ਪੁਰਸ਼। ਅਸਤਿ ਨਾਲ ਜੁੜੇ ਹੋਏ ਨਹੀਂ ਹਨ, ਦੁਨੀਆਂ ਨਾਲ ਜੁੜੇ ਹੋਏ ਨਹੀਂ, ਧੀਆਂ-ਪੁੱਤਾਂ ਨਾਲ ਜੁੜੇ ਹੋਏ ਨਹੀਂ, ਜੋ ਸਤਿ ਨਾਲ ਜੁੜੇ ਹੋਏ ਪੁਰਸ਼ ਨੇ, ਉਹ ਪੁਰਸ਼ ਜਦੋਂ ਇਕੱਠੇ ਹੋਣ, ਉਹਨੂੰ ਸਤਿਸੰਗਤ ਕਹਿੰਦੇ ਨੇ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* **ਅੰਗ - 72**

ਉਥੇ ਕੀ ਹੁੰਦਾ ਹੈ ਫੇਰ? ਉਥੇ ਕੇਵਲ ਨਾਮ ਦੀ ਵਿਆਖਿਆ ਹੁੰਦੀ ਹੈ। ਇਧਰਲੀਆਂ ਉਧਰਲੀਆਂ ਗੱਲਾਂ ਹੁੰਦੀਆਂ ਨਹੀਂ। ਇਹੀ ਹੁੰਦਾ ਹੈ ਕਿ ਜੀਵ-ਆਤਮਾ ਕਿਸ ਤਰੀਕੇ ਦੇ ਨਾਲ ਆਪਣਾ ਜੋ ਵਿਛੜ ਚੁੱਕਿਆ ਅਸਥਾਨ ਹੈ, ਉਸਨੂੰ ਪ੍ਰਾਪਤ ਕਰ ਸਕਦੀ ਹੈ। ਇਕ ਸਤਿਸੰਗ ਨੋਟ ਕਰ ਲਓ, ਉਹਦੇ ਨਾਲ ਹੀ ਜੀਵਨ ਦਾ ਉਧਾਰ ਹੋ ਜਾਏਗਾ। ਇਹ ਅਤਿਕਥਨੀ ਨਹੀਂ, ਯਥਾਰਥ ਬਾਤ ਹੈ। ਉਹਨੂੰ ਆਧਾਰ ਬਣਾ ਕੇ ਚੱਲੀ ਚੱਲੋ, ਉਹਦੇ ਨਾਲ ਸਭ ਹੋ ਜਾਏਗਾ। ਉਹਦੀਆਂ ਪ੍ਰਾਪਤੀਆਂ ਜਿਹੜੀਆਂ ਨੇ ਉਹਨੂੰ ਟੀਚਾ ਬਣਾ ਲਓ ਕਿ ਸਤਿਸੰਗ 'ਚ ਆਹ ਬਚਨ ਕਹੇ ਸੀ। ਇਥੇ ਮੈਂ ਕਦੋਂ ਪਹੁੰਚ ਸਕਦਾ ਹਾਂ, ਕਿਸ ਤਰੀਕੇ ਦੇ ਨਾਲ ਮੈਂ ਇਥੇ ਆ ਸਕਦਾ ਹੈ, ਇਹ ਦੁਰਲੱਭ ਚੀਜ਼ ਹੋਇਆ ਕਰਦੀ ਹੈ। ਇਸੇ ਕਰਕੇ ਮਹਾਰਾਜ ਨੇ ਦੋ ਚੀਜ਼ਾਂ ਨੂੰ ਸੰਸਾਰ ਦੇ ਅੰਦਰ ਦੁਰਲੱਭ ਕਿਹਾ ਹੈ - 'ਹਰਿ ਕੀਰਤਿ' ਜਿਥੇ ਹਰੀ ਦਾ ਜਸ ਹੁੰਦਾ ਹੋਵੇ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥* **ਅੰਗ- 642**

ਜਿੰਨੀ ਦੇਰ ਤਕ ਮਸਤਕ 'ਚ ਲੇਖ ਨਹੀਂ ਲਿਖਿਆ ਜਾਂਦਾ ਓਨੀਂ ਦੇਰ ਤਕ ਸੰਗਤ ਨਹੀਂ ਪ੍ਰਾਪਤ ਹੋਇਆ ਕਰਦੀ। ਸੰਗਤ ਵਿਚ ਆ ਕੇ ਵੀ ਬਹਿਰਾ ਰਹਿ ਜਾਂਦਾ ਹੈ। ਕੰਨ ਖੁੱਲ੍ਹੇ ਹੁੰਦੇ ਨੇ, ਲੇਕਿਨ ਬੋਲਾ ਰਹਿ ਜਾਂਦਾ ਹੈ। ਜਿਹੜੇ ਕੰਨ ਅੰਦਰ ਨੇ ਉਹ ਐਨੇ ਸਖਤ ਨੇ, ਅੰਦਰ ਗੱਲ ਨਹੀਂ ਜਾਣ ਦਿੰਦੇ। ਜਿੰਨਾਂ ਚਿਰ ਉਹ ਖੋਲ੍ਹੇ ਨਾ ਜਾਣ, ਉਹਨੂੰ ਦਿੱਬਯ ਕੰਨ

ਕਹਿੰਦੇ ਨੇ। ਦਿਬਯ ਨੇਤਰ ਨੇ, ਦਿਬਯ ਰਸਨਾ ਹੈ, ਦਿੱਬਯ ਨਾਸਕਾ ਹੈ, ਦਿੱਬਯ ਸਪਰਸ਼ ਹੈ; ਪੰਜੋ ਹੀ ਇੰਦਰੇ ਐਸੇ ਨੇ ਜਿਨ੍ਹਾਂ ਦਾ ਸਾਨੂੰ ਕੋਈ ਵੀ ਤਜਰਬਾ ਅੱਜ ਤੱਕ ਨਹੀਂ ਹੋਇਆ ਕਿ ਇਹ ਕੀ ਗੱਲ ਕਹੀ ਜਾਂਦੇ ਨੇ। ਨਾ ਕਦੇ ਸਾਨੂੰ ਫਿਕਰ ਹੋਇਆ ਹੈ ਕਿ ਸਾਡੇ ਵੀ ਦਿੱਬਯ ਨੈਣ ਕਦੇ ਖੁੱਲ੍ਹ ਸਕਦੇ ਨੇ? ਸਾਨੂੰ ਵੀ ਦਿੱਬਯ ਕੰਨ ਪ੍ਰਾਪਤ ਹੋ ਸਕਦੇ ਨੇ? ਸਾਨੂੰ ਵੀ ਉਹ ਦਿੱਬਯ ਰਸਨਾ ਪ੍ਰਾਪਤ ਹੋ ਸਕਦੀ ਹੈ? ਜੋ ਹਰ ਵਕਤ ਰਸ ਨਾਲ ਭਰੀ ਰਹਿੰਦੀ ਹੈ। ਸਾਨੂੰ ਵੀ ਉਹ ਦਿੱਬਯ ਸਪਰਸ਼ ਪ੍ਰਾਪਤ ਹੋ ਸਕਦੀ ਹੈ ਜਿਸਦੀਆਂ ਝੁਣ-ਝੁਣੀਆਂ (vibration) ਹਰ ਵਕਤ ਖੇੜਾ ਹੀ ਖੇੜਾ ਸਰੀਰ ਦੇ, ਜਿਹਨੂੰ ਕ੍ਰਿਤ-ਕ੍ਰਿਤ ਕਹਿੰਦੇ ਨੇ, ਉਹ ਅਵਸਥਾ ਰਹਿੰਦੀ ਹੈ। ਕੀ ਉਹ ਦਿੱਬਯ ਨਾਸਕਾ ਸਾਨੂੰ ਪ੍ਰਾਪਤ ਹੋ ਸਕਦੀ ਹੈ ਕਿ ਕੋਈ ਸਪਰੇਅ ਨਾ ਕੀਤੀ ਜਾਵੇ, ਕੋਈ perfume ਨਾ ਛਿੜਕੀ ਜਾਵੇ, ਕੋਈ ਸੁਗੰਧੀ ਨੇੜੇ-ਤੇੜੇ ਨਾ ਹੋਵੇ ਲੇਕਿਨ ਫੇਰ ਵੀ ਧੀਮੀ-ਧੀਮੀ ਸੁਗੰਧੀ ਮੁੱਕੇ ਹੀ ਨਾ। ਇਹ ਕੋਈ ਐਸੀਆਂ ਬਾਤਾਂ ਨਹੀਂ ਹਨ ਕਿ ਕਲਪਤ ਬਾਤਾਂ ਨੇ। ਇਹ ਪ੍ਰਤੱਖ ਬਾਤਾਂ ਉਸ ਪੁਰਸ਼ ਨੂੰ ਅਨੁਭਵ 'ਚ ਪ੍ਰਾਪਤ ਹੁੰਦੀਆਂ ਨੇ ਜਿਹੜਾ ਬੰਦਗੀ ਦੇ ਕਿਸੇ ਥਾਂ ਦੇ ਉਤੇ ਪਹੁੰਚ ਜਾਂਦਾ ਹੈ। ਨਾਮ ਜਪਦੇ-ਜਪਦੇ ਇਕ ਐਸੀ ਅਵਸਥਾ ਆਉਂਦੀ ਹੈ ਜਿੱਥੇ ਇਹ ਪੰਜੋ ਚੀਜ਼ਾਂ ਪ੍ਰਾਪਤ ਹੋ ਜਾਂਦੀਆਂ ਨੇ। ਇਹੀ ਜ਼ਿੰਦਗੀ ਦਾ ਮਨੋਰਥ ਹੈ। ਸਾਡੇ ਕੋਲ ਕੀ ਹੈ? ਨੇਤਰਾਂ ਦੇ ਵਿਚ ਮੈਲ ਹੈ, ਜਿਸ ਨਾਲ ਆਪਣੇ ਵੀ ਦੇਖਦੇ ਹਾਂ, ਬੇਗਾਨੇ ਵੀ ਦੇਖਦੇ ਹਾਂ। ਚੰਗਿਆਂ ਨੂੰ ਵੀ ਦੇਖ ਕੇ ਚੰਗਾ ਫੁਰਨਾ ਕਰਦੇ ਹਾਂ, ਮਾੜੇ ਨੂੰ ਦੇਖ ਕੇ ਮਾੜਾ ਫੁਰਨਾ ਕਰਦੇ ਹਾਂ ਕਿਉਂਕਿ ਇਹ ਅੱਖਾਂ ਦੇਖਣ ਵਾਸਤੇ ਮਾੜਾ ਚੰਗਾ ਹੀ ਦੇਖਦੀਆਂ ਨੇ, ਇਹ ਦਿੱਬਯ ਨੈਣ ਨਹੀਂ ਹਨ, ਇਹ ਪ੍ਰਕ੍ਰਿਤੀ ਦੇ ਨੈਣ ਨੇ। ਇਹ ਦਿੱਬਯ ਮਨ ਨੂੰ ਨਹੀਂ ਖਬਰ ਦਿੰਦੀਆਂ। ਇਹ ਪ੍ਰਕ੍ਰਿਤੀ ਦੇ ਜੜ੍ਹ ਮਨ ਨੂੰ ਖਬਰ ਦਿੰਦੀਆ ਨੇ ਕਿ ਆਹ ਬੰਦਾ ਜਾ ਰਿਹਾ ਹੈ ਤੁਰਿਆ। ਉਹ ਫੇਰ ਸੰਕਲਪ ਕਰਦਾ ਹੈ। ਬੁੱਧੀ ਜੈਸਾ ਨਿਰਣਾ ਕਰਦੀ ਹੈ ਫੇਰ ਉਹ ਅੰਦਰੋਂ ਫੁਰਨਾ ਉਹੋ ਜਿਹਾ ਹੀ ਉਠਾਲਦਾ ਹੈ। ਦਿੱਬਯ ਰਸ ਨਹੀਂ ਸਾਨੂੰ ਪ੍ਰਾਪਤ। ਸਾਡੀ ਰਸਨਾ ਜਿਹੜੀ ਹੈ ਬਾਹਰਲੇ ਰਸਾਂ 'ਚ ਲੱਗੀ ਹੋਈ ਹੈ। ਰਸਾਂ ਤੇ ਕਸਾਂ ਦੇ ਵਿਚ। ਉਹ ਪ੍ਰਾਪਤ ਨਹੀਂ ਹੋਈ ਸਾਨੂੰ। ਦਿੱਬਯ ਕਰਨ ਨਹੀਂ ਸਾਨੂੰ ਸੁਣੇ ਜਿਹੜੇ ਅੰਦਰਲੇ ਸ਼ਬਦ ਨੂੰ ਮਿਲੇ ਮੁਗਧ ਹੋ ਜਾਣ, ਮਸਤ ਹੋ ਜਾਣ। ਉਹ ਸ਼ਬਦ ਐਸਾ ਹੈ ਮਹਾਰਾਜ ਫੁਰਮਾਨ ਕਰਦੇ ਹਨ -

***ਅਨਹਤ ਬਾਣੀ ਥਾਨੁ ਨਿਰਾਲਾ ॥***
***ਤਾ ਕੀ ਧੁਨਿ ਮੋਹੇ ਗੋਪਾਲਾ ॥*** ***ਅੰਗ- 186***

ਉਹ ਐਸੀ ਧੁਨੀ ਹੈ ਆਦਮੀ ਦੇ ਅੰਦਰ ਕਿ ਵਾਹਿਗੁਰੂ ਵੀ ਮਸਤ ਹੋਇਆ-ਹੋਇਆ ਹੈ ਉਸ ਧੁਨ 'ਚ। ਸਮਾਧੀ ਲਗ ਜਾਂਦੀ ਹੈ ਉਸ ਦੇ ਨਾਲ। ਲੇਕਿਨ ਉਹ ਸੁਣਦੀ ਕਿਸੇ-ਕਿਸੇ ਨੂੰ ਹੈ। ਵਿਰਲੇ-ਵਿਰਲੇ ਨੂੰ। ਪੰਜ ਸ਼ਬਦ ਜਿਹੜੇ ਸੁਣਦੇ ਨੇ ਉਨ੍ਹਾਂ ਤੋਂ ਉਤੇ ਹੁੰਦੀ ਹੈ ਉਹ ਧੁਨ। ਸਾਜ ਕਿਹੋ ਜਿਹੇ ਵਜਦੇ ਨੇ? ਪੰਜਾਂ ਸ਼ਬਦਾਂ 'ਚ ਇਕ-ਇਕ ਸਾਜ ਵਜਦਾ ਹੈ। ਇਕ ਸਾਜ ਸੁਣਦਾ ਹੈ, ਧਿਆਨ ਨਾਲ ਸਮਝਿਓ ਇਸ ਗੱਲ ਨੂੰ, ਜਿਨ੍ਹਾਂ ਨੂੰ

ਸ਼ੌਂਕ ਹੈ। ਜਿਨ੍ਹਾਂ ਨੂੰ ਸ਼ੌਂਕ ਮੈਂ ਤਾਂ ਕਹਿੰਦਾ ਹਾਂ ਕਿ 10,000 ਬੰਦਾ ਲੈ ਆਓ, ਸ਼ਾਇਦ ਇਕ ਬੰਦਾ ਲੱਭ ਜਾਵੇ ਇਸ ਸ਼ੌਂਕ ਵਾਲਾ ਬਾਕੀ ਤਾਂ ਦੁਨੀਆਂ ਦੇ ਸ਼ੌਂਕ ਵਿਚ ਲੱਗੇ ਹੋਏ ਨੇ। ਬਾਹਰਲੇ ਪਾਸੇ ਬਿਰਤੀ ਹੈ ਸਭ ਦੀ ਅੰਦਰ ਬਿਰਤੀ ਜਾਂਦੀ ਨਹੀਂ ਹੈ। ਕੋਈ ਵਿਰਲਾ ਹੈ। ਉਹਨੂੰ ਰਾਹ ਨਹੀਂ ਲੱਭਦਾ, ਤਰਸਦਾ ਫਿਰਦਾ ਹੈ ਕਿ ਮੈਨੂੰ ਕਿਤੇ ਕੋਈ ਰਾਹ ਲੱਭ ਜਾਵੇ। ਕਦੇ ਕਿਤੇ ਜਾਂਦਾ ਹੈ, ਕਦੇ ਕਿਤੇ ਜਾਂਦਾ ਹੈ ਕਿਉਂਕਿ ਜਗਿਆਸੂ ਹੈ, ਖੋਜ ਵਾਲਾ ਹੈ, ਇਕ ਥਾਂ ਠਹਿਰਦਾ ਨਹੀਂ, ਜਦੋਂ ਤੱਕ ਉਹਦੀ ਤਸੱਲੀ ਨਾ ਹੋਵੇ। ਜਿਸ ਵਕਤ ਗੁਰੂ ਮਹਾਰਾਜ ਦੀ ਚਰਨ ਸ਼ਰਨ ਦੇ ਵਿਚ, ਭੱਟ ਆਏ, ਉਨ੍ਹਾਂ ਨੇ ਇਕ ਬਚਨ ਕਿਹਾ ਕਿ ਅਸੀਂ ਟੋਲ੍ਹਣ ਲੱਗ ਗਏ –

***ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥***

***ਅੰਗ – 1395***

ਬੜੇ ਦੇਖੇ, ਵੱਡੇ-ਵੱਡੇ ਦੇਖੇ। ਲੇਕਿਨ ਐਸਾ ਨਾ ਸਾਨੂੰ ਮਿਲਿਆ ਜਿਹਨੂੰ ਅਸੀਂ ਟੋਲ੍ਹਦੇ ਫਿਰਦੇ ਸੀ। ਅੱਜ ਅੰਮ੍ਰਿਤਸਰ ਆ ਕੇ, ਆਪ ਦੇ ਹਜ਼ੂਰ, ਪਾਤਸ਼ਾਹ! ਉਹ ਸਾਧ ਸਾਨੂੰ ਮਿਲ ਗਿਆ ਜਿਹਦੀ ਤਲਾਸ਼ ਸਾਨੂੰ ਸੀ। ਟੋਲ੍ਹਣ ਤੋਂ ਤਾਂ ਹਟੇ ਨਹੀਂ। ਟੋਲ੍ਹਦੇ ਫਿਰੀ ਗਏ ਨੇ ਕਿ ਕਿਤੇ ਤਾਂ ਲੱਭ ਹੀ ਜਾਏਗਾ। ਫਿਰਦੇ-ਫਿਰਦੇ ਦੇਖੀ ਚੱਲੋ। ਪਾਰਸ ਨੂੰ ਜਿਹੜੇ ਟੋਲ੍ਹਦੇ ਨੇ, ਸਾਰੀ-ਸਾਰੀ ਜ਼ਿੰਦਗੀ ਲਗ ਜਾਂਦੀ ਹੈ ਤਾਂ ਵੀ ਉਹ ਪੱਥਰ ਨਹੀਂ ਲੱਭਦਾ। ਕਿੰਨੇ ਜਫਰ ਜਾਲਦੇ ਨੇ, ਕਦੇ ਕੋਈ ਉਪਾਉ ਕਰਦੇ ਨੇ, ਕਦੇ ਕੋਈ ਕਰਦੇ ਨੇ। ਇਕੱਲੇ-ਇਕੱਲੇ ਪੱਥਰ ਦੇ ਨਾਲ ਛੁਹਾਉਂਦੇ ਨੇ ਲੋਹਾ, ਫੇਰ ਦੇਖਦੇ ਨੇ ਕਿ ਹੋ ਗਿਆ ਸੋਨਾ, ਹੋ ਗਿਆ ਸੋਨਾ। ਪਰ ਕਿਤੋਂ ਨਾ ਕਿਤੋਂ ਲੱਭ ਹੀ ਜਾਂਦਾ ਹੈ ਉਹ। ਨਾਯਾਬ ਨਹੀਂ ਹੈ। ਅੱਜਕੱਲ੍ਹ ਦੀਆਂ ਕਿਤਾਬਾਂ 'ਚ ਲਿਖਿਆ ਹੁੰਦਾ ਹੈ ਕਿ ਖਿਆਲੀ ਪੱਥਰ ਹੈ, ਅਸਲ ਵਿਚ ਹੈ ਨਹੀਂ। ਇਹ ਇਨ੍ਹਾਂ ਵਾਸਤੇ ਹੈ ਜਿਨ੍ਹਾਂ ਨੇ ਖੋਜ ਨਹੀਂ ਕਰਨੀ, ਜਿਹੜੇ ਖੋਜ ਕਰਦੇ ਸੀ ਉਨ੍ਹਾਂ ਨੂੰ ਲੱਭ ਵੀ ਜਾਂਦਾ ਸੀ, ਪਾਰਸ। ਨਹੀਂ ਤਾਂ ਪਾਰਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ 'ਚ ਨਾ ਆਉਂਦਾ। ਭਾਈ ਗੁਰਦਾਸ ਜੀ ਨਾ ਕਰਦੇ ਜੇ ਨਾ ਪਾਰਸ ਹੁੰਦਾ। ਸੋ ਇਸ ਤਰ੍ਹਾਂ ਦੇ ਨਾਲ ਇਹ ਜੋ ਸ਼ੌਂਕ ਹੈ ਵਿਰਲੇ-ਵਿਰਲੇ ਪੁਰਸ਼ ਦੇ ਅੰਦਰ ਜਾਗਿਆ ਕਰਦਾ ਹੈ ਤੇ ਉਹ ਰਸਤਾ ਲੱਭ ਜਾਵੇ ਜਿਹਦੇ ਨਾਲ ਸਾਡੀ ਕਲਿਆਣ ਹੋ ਜਾਵੇ। ਚੀਜ਼ਾਂ ਇਹ ਸਾਰੀਆਂ ਹੈਗੀਆਂ। ਅਨਹਦ ਸ਼ਬਦ ਵੀ ਹੈਗੇ, ਬਹੁਤ ਸਾਰੇ ਪ੍ਰੇਮੀ ਕਹਿੰਦੇ ਨੇ, ਕੰਨਾਂ ਦੀ ਘੂੰ-ਘੂੰ ਨੂੰ ਅਨਹਦ ਸ਼ਬਦ ਕਹਿ ਦਿੰਦੇ ਨੇ। ਨਹੀਂ, ਉਹ ਤਾਂ ਬਾਕਾਇਦਾ ਸਾਜ ਨੇ। ਸੁਣਦੇ ਨੇ ਉਹ ਜਿਹੜੇ ਸ਼ੌਂਕ ਵਾਲੇ ਬੰਦੇ ਨੇ, ਉਨ੍ਹਾਂ ਨੂੰ ਸੁਣਦੇ ਨੇ। ਉਹਦੀ ਮਸਤੀ 'ਚ ਬੈਠੇ ਰਹਿੰਦੇ ਨੇ, ਬੜੀ-ਬੜੀ ਦੇਰ ਤੱਕ। ਲੇਕਿਨ ਇਨ੍ਹਾਂ ਸਾਰਿਆਂ ਤੋਂ ਉਤੇ ਇਕ ਸ਼ਬਦ ਹੈ, ਜੋ ਕਿਸੇ-ਕਿਸੇ ਭਾਗਾਂ ਵਾਲੇ ਨੂੰ ਸੁਣਦਾ ਹੈ, ਉਹਦੀ ਇਕ ਤਰਬ ਜੇ ਸੁਣ ਜਾਵੇ, ਆਦਮੀ ਬੇਹੋਸ਼ੀ ਤੱਕ ਜਾ ਪਹੁੰਚਦਾ ਹੈ। ਪਤਾ ਨਹੀਂ ਲਗਦਾ ਉਸਨੂੰ, ਉਹ ਐਸੀ ਦਿੱਬਯ ਧੁਨ ਹੈ, ਉਹ ਸਹਿ ਨਹੀਂ ਹੁੰਦੀ ਇਸ ਸਰੀਰ ਤੋਂ। ਐਸਾ ਹੀ ਦਿੱਬਯ ਦਰਸ਼ਨਾਂ ਦਾ ਹੈ, ਜਦੋਂ ਦਿੱਬਯ ਦਰਸ਼ਨ ਹੁੰਦੇ ਨੇ ਉਹ ਵੀ ਇਸ ਸਰੀਰ 'ਚ ਸ਼ਕਤੀ ਨਹੀਂ ਹੈ,

ਸਹਿਣਾ ਔਖਾ ਹੋ ਜਾਂਦਾ ਹੈ, ਉਸ ਦੀ ਝੁਣਝੁਣੀ, ਉਸ ਦੀ ਸਪਰਸ਼ ਹੈ ਉਹ ਸਹਿ ਨਹੀਂ ਹੁੰਦੀ। ਲੇਕਿਨ ਉਹਦਾ ਅਨੰਦ ਕਿੰਨਾ ਹੈ, ਇਕ ਵਾਰੀ ਛੂਹ ਜਾਵੇ, ਸਾਲਾਂ ਬੱਧੀ ਕੀ, ਸਾਰੀ ਉਮਰ ਨਹੀਂ ਭੁੱਲਦਾ।

ਇਕ ਪ੍ਰੇਮੀ ਨਾਲ ਮੇਰੀ ਗੱਲਬਾਤ ਹੋਈ, ਬੀਬੀ ਜੀ (ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ) ਦੇ ਪਿੰਡ ਇਨ੍ਹਾਂ ਦਾ ਬਾਬਾ ਦਾਦਾ ਲਗਦਾ ਸੀ ਉਹ, ਬਾਬਾ ਗੰਗਾ ਸਿੰਘ ਸੀ ਉਸ ਦਾ ਨਾਮ। 90 ਸਾਲ ਦਾ ਜਦੋਂ ਮੈਂ ਉਸ ਤੋਂ ਗੱਲ ਪੁੱਛੀ। ਮੈਂ ਕਿਹਾ, ਬਾਪੂ ਜੀ! ਇਸ ਤਰ੍ਹਾਂ ਦੱਸੋ ਕਿ ਜਦੋਂ ਤੁਸੀਂ ਬਾਪੂ ਜੀ ਦੇ ਕੋਲ ਗਏ ਸੀ, ਉਹ ਨਾਮ ਜਪਦੇ ਸੀ। ਮੈਂ ਇਕ ਪੁਸਤਕ 'ਚ ਪੜ੍ਹਿਆ ਹੈ, ਤੁਹਾਡੇ ਉਤੇ ਕੋਈ ਬਹੁਤ ਬੜਾ ਅਸਰ ਹੋਇਆ।

ਪਹਿਲਾਂ ਤਾਂ ਉਹ ਗੱਲ ਸੁਣਦੇ ਸਾਰ ਰੋਣ ਲੱਗ ਗਿਆ। ਕਾਫੀ ਦੇਰ ਤੋਂ ਬਾਅਦ ਉਹ ਬੋਲਿਆ, ਕਹਿਣ ਲੱਗਿਆ, ਮੈਂ ਇਸ ਪਿੰਡ ਦਾ ਮਸਕਰਾ ਗਿਣਿਆ ਗਿਆ ਸੀ। ਹਰ ਬੰਦੇ ਨੂੰ ਮਸਕਰੀ ਕਰਨੀ, ਕਹਿੰਦਾ, ਹੀਰਾ ਸਿੰਘ ਬਹੁਤ ਸਾਰੇ ਪ੍ਰੇਮੀਆਂ ਦੇ ਨਾਲ ਰਲ ਕੇ ਨਾਮ ਜਪ ਰਹੇ ਸੀ ਬਹੁਤ ਸਾਰੇ ਪ੍ਰੇਮੀ, ਇਹ ਬੈਠੇ ਸੀਗੇ ਚੁੱਪ ਕਰੇ ਹੋਏ। ਮੈਨੂੰ ਕੀ ਫੁਰੀ, ਮੈਂ ਗੱਡੇ ਦੀ ਲਾਸ ਲਾਹ ਕੇ ਲੈ ਆਇਆ ਤੇ ਉਹਨੂੰ ਗੰਢਾਂ ਦੇ ਲਈਆਂ, ਮੈਂ ਖੜ੍ਹ ਕੇ ਕਰਨ ਲੱਗ ਗਿਆ, ਮੈਨੂੰ ਉਂਵ ਤਾਂ ਪਤਾ ਨਹੀਂ ਸੀ, ਜਿਵੇਂ ਖੂਹ 'ਚੋਂ ਪਾਣੀ ਕੱਢੀਦਾ ਹੈ, ਮੈਂ ਇਸ ਤਰ੍ਹਾਂ ਜ਼ੋਰ-ਜ਼ੋਰ ਨਾਲ ਗੰਢ ਖਿੱਚਣੀ, ਅਗਾਂਹਾਂ ਲੈ ਜਾਣੀ। ਨਾਲ ਹੂੰ-ਹੂੰ ਕਰਨ ਲਗ ਜਾਣਾ। ਕਹਿੰਦਾ, ਤੁਹਾਡੇ ਬਾਪੂ ਜੀ ਨੇ ਨੇਤਰ ਖੋਲ੍ਹੇ, ਖੋਲ੍ਹਣ ਦੀ ਦੇਰ ਸੀ ਪਤਾ ਨਹੀਂ ਕੀ ਮੇਰੇ ਵਿਚੀਂ ਲੰਘ ਗਿਆ, ਧਰਤੀ 'ਤੇ ਮੈਂ ਗਿਰ ਗਿਆ, ਮੈਂ ਮੱਥਾ ਮਾਰੀ ਜਾਂਦਾ ਸੀ, ਧਰਤੀ ਦੇ ਨਾਲ ਜ਼ੋਰ-ਜ਼ੋਰ ਨਾਲ। ਤੇ ਨਾਲ ਮੈਂ ਕਹਿੰਦਾ ਹਾਂ ਹੀਰਾ ਸਿੰਆਂ! ਆਹ ਜਿਹੜਾ ਤੂੰ ਮੈਨੂੰ ਰਸ ਜਿਹਾ ਦਿਤਾ ਹੈ, ਅਨੰਦ ਦਿਤਾ ਹੈ ਇਹ ਅੱਜ ਤੱਕ ਨਹੀਂ ਮੈਂ ਦੇਖਿਆ, ਇਹ ਨਾ ਮੇਰੇ ਤੋਂ ਲੈ ਲਈਂ, ਹੋਰ ਚਾਹੇ ਕੁਛ ਕਰ ਲੈ। ਮੈਂ ਬੜੀ ਗਲਤੀ ਕੀਤੀ, ਪਰ ਮੇਰੀ ਗਲਤੀ ਰਾਸ ਆ ਗਈ। ਮੈਨੂੰ ਉਹ ਚੀਜ਼ ਮਿਲ ਗਈ, ਜਿਹਦਾ ਮੈਨੂੰ ਹੀ ਨਹੀਂ ਪਤਾ। ਐਨਾ ਕਹਿ ਕੇ ਫੇਰ ਰੋਣ ਲੱਗ ਗਿਆ।

ਮੈਂ ਕਿਹਾ, ਬਾਪੂ ਜੀ! ਇਸ ਤਰ੍ਹਾਂ ਦੱਸੋ ਕਿ ਉਹਦਾ ਅਸਰ ਕਿੰਨਾ ਚਿਰ ਰਿਹਾ। ਉਹ ਕਹਿੰਦਾ, ਉਹ ਤਾਂ ਹੁਣ ਵੀ ਹੈ। ਅਜੇ ਵੀ ਹੈ। ਕਹਿੰਦਾ, ਆਪੇ ਹੀ ਨਾਮ ਦੀ ਧੁਨ ਮੇਰੇ ਅੰਦਰ ਚੱਲ ਪਈ।

ਸੋ ਇਹ ਚੀਜ਼ਾਂ ਨਾਮ ਜਪਣ ਵਾਲਿਆਂ ਦੀਆਂ ਬਹੁਤ ਹੋਰ ਤਰ੍ਹਾਂ ਦੀਆਂ ਹੁੰਦੀਆਂ ਨੇ। ਨਾ ਤਾਂ ਇਹ ਕਿਤਾਬਾਂ 'ਚ ਲਿਖ ਹੁੰਦੀਆਂ ਨੇ, ਨਾ ਇਨ੍ਹਾਂ ਨੂੰ ਦਸ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦੇ ਉਧਾਰ ਵਾਸਤੇ ਅਕਾਲ ਪੁਰਖ ਤੋਂ ਅੰਮ੍ਰਿਤ ਦਾ ਪਿਆਲਾ, ਨਾਮ ਦਾ ਲਬਾਲਬ ਭਰਿਆ ਹੋਇਆ ਪਿਆਲਾ ਲੈ ਕੇ ਆਏ। ਭਾਗਾਂ ਵਾਲਿਆਂ ਦੇ ਹਿੱਸੇ 'ਚ ਆਈ ਜਾਂਦਾ ਹੈ, ਹੁਣ ਵੀ

ਆਈ ਜਾਂਦਾ ਹੈ, ਜਦ ਵੀ ਆਈ ਜਾਂਦਾ ਸੀ। ਉਹ ਅਮੁੱਕ ਹੈ, ਉਹ ਮੁੱਕਣ ਵਾਲਾ ਨਹੀਂ ਹੈ। ਪਰ ਉਸ ਅੰਮ੍ਰਿਤ ਪਿਆਲੇ ਦੇ ਵਾਸਤੇ ਕੋਈ ਯਾਚਨਾ ਨਹੀਂ ਕਰ ਰਿਹਾ। ਸਸਤੀਆਂ ਗੱਲਾਂ 'ਚ ਪਏ ਹੋਏ ਨੇ। ਉਹ ਬਾਤ ਆ ਨਹੀਂ ਰਹੀ, ਜਿਹੜੀ ਮਹਾਂਪੁਰਸ਼ ਦੱਸਣੀ ਚਾਹੁੰਦੇ ਨੇ। ਦੱਸਣੀ ਨਹੀਂ ਆਉਂਦੀ ਤੇ ਸਮਝ ਵਾਲਿਆਂ ਨੂੰ ਸਮਝ 'ਚ ਨਹੀਂ ਆ ਰਹੀ। ਕਰਿਆ ਕੀ ਜਾਵੇ, ਅੱਖਰ ਲੰਗੜੇ ਨੇ ਇਨ੍ਹਾਂ ਗੱਲਾਂ ਨੂੰ ਦੱਸਣ ਵਾਸਤੇ, ਸਾਖੀਆਂ ਨਾਲ ਕੁਛ ਸਮਝ 'ਚ ਆਉਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਦੂਰ ਤੱਕ ਗਏ ਹੋਏ ਨੇ, ਏਧਰ ਜਿਹੜੇ ਪ੍ਰੇਮੀ ਜਗਿਆਸੂ ਨੇ ਥੋੜ੍ਹੇ-ਥੋੜ੍ਹੇ ਨੇ, ਜਿਨ੍ਹਾਂ ਨੂੰ ਮੁਸ਼ਕੇ ਹੋਏ ਕਹਿੰਦੇ ਨੇ। ਇਸ਼ਕ ਤੇ ਮੁਸ਼ਕ ਹੋਇਆ ਕਰਦੇ ਨੇ। ਪਿਆਰ ਦੇ ਵਿਚ ਸੁਗੰਧੀ ਹੋਇਆ ਕਰਦੀ ਹੈ, ਉਹ ਫੈਲ ਜਾਇਆ ਕਰਦੀ ਹੈ ਸਾਰੇ ਸੰਸਾਰ 'ਚ, ਗੁੱਝੇ ਨਹੀਂ ਰਿਹਾ ਕਰਦੇ। ਦੁਨੀਆਂਦਾਰੀ ਦਾ ਹੈ, ਚਾਹੇ ਰੂਹਾਨੀਅਤ ਦਾ ਹੈ। ਸੋ ਜਿਹੜੇ ਪਿਆਰ ਦੇ ਬੱਧੇ ਹੋਏ ਪ੍ਰੇਮੀ ਸੀ, ਉਹ ਇਕ ਦੂਜੇ ਨੂੰ ਦੂਰ-ਦੂਰ ਤੱਕ, ਦੋ-ਦੋ ਦਿਨ ਤੁਰ ਕੇ ਫੇਰ ਉਥੇ ਜਾਣਾ, ਆਪਸ ਵਿਚ ਮਿਲਣਾ, ਗੁਰੂ ਦੇ ਬਚਨ ਕਰਨੇ, ਦਸ-ਦਸ ਦਿਨ, ਵੀਹ-ਵੀਹ ਦਿਨ ਇਕ ਦੂਜੇ ਕੋਲ ਜਾ ਕੇ ਠਹਿਰਨਾ, ਬੰਦਗੀ ਕਰਨੀ ਇਕੱਠਿਆਂ ਨੇ ਤੇ ਬਚਨ ਕਰਨੇ। ਇਸ ਤਰ੍ਹਾਂ ਦੇ ਨਾਲ ਆਪਣਾ ਗੁਜ਼ਾਰਾ ਕਰਿਆ ਕਰਦੇ ਸੀ। ਸੋ ਆਪ ਬਾਹਰ ਗਏ ਹੋਏ ਨੇ ਤੇ ਚਨਾਬ ਦਰਿਆ ਕੰਢੇ ਦੋ ਚੰਗੇ ਗੁਰਸਿੱਖ ਰਿਹਾ ਕਰਦੇ ਸੀ, ਉੱਚੇ ਦਰਜੇ ਦੇ, ਜਿਨ੍ਹਾਂ ਦਾ ਨਾਮ ਭਾਈ ਫਿਰਨਾ ਸੀ, ਭਾਈ ਜੋਧ ਸੀ। ਇਧਰਲੇ ਪਾਸੇ ਭਾਈ ਭਗੀਰਥ ਦਾ ਲੜਕਾ 22 ਸਾਲ ਦੀ ਉਮਰ ਹੈ, ਚੜ੍ਹਦੀ ਜਵਾਨੀ ਹੈ, ਲੇਕਿਨ ਲਗਨ ਲਗ ਗਈ। ਸੀਨੇ 'ਚ ਖਿੱਚ ਖਾ ਗਿਆ, ਹਰ ਵਕਤ ਮਸਤੀ 'ਚ ਰਹਿੰਦਾ ਹੈ। ਨਾਮ ਦੀ ਮਸਤੀ 'ਚ, ਨੇਤਰਾਂ ਦੇ ਵਿਚ ਰਸ ਹੈ, ਚਾਲ ਦੇ ਵਿਚ ਮਧੁਰਤਾ ਹੈ। ਬੋਲ ਦੇ ਵਿਚ ਮਿਠਾਸ ਹੈ। ਦਰਸ਼ਨ ਐਸਾ ਹੈ ਕਿ ਇਕ ਵਾਰੀ ਦੇਖ ਲਓ ਖਿੱਚ ਪੈ ਜਾਂਦੀ ਹੈ। ਆਪ ਦੇ ਮਨ 'ਚ ਫੁਰਨਾ ਹੋਇਆ ਕਿ ਗੁਰਸਿੱਖਾਂ ਦੇ ਕੋਲ ਚੱਲੀਏ, ਦਰਸ਼ਨ ਕਰੀਏ। ਉਹ ਵੀ ਪੁੱਗੀਆਂ ਹੋਈਆਂ ਰੂਹਾਂ ਨੇ।

ਸੋ ਆਪ ਸੁਲਤਾਨਪੁਰ ਤੋਂ ਮਲਸੀਹਾਂ ਤੋਂ ਚਲਦੇ ਨੇ, ਰਸਤੇ 'ਚ ਰਾਤਾਂ ਕਟਦੇ-ਕਟਦੇ, ਨੇੜੇ ਪਹੁੰਚ ਗਏ ਮੰਜ਼ਿਲ ਦੇ। ਲੇਕਿਨ ਸੁਹਾਵਣਾ ਥਾਂ ਦੇਖਿਆ, ਉਥੇ ਬੈਠ ਗਏ। ਬੰਦਗੀ ਕਰਨ ਵਾਲਿਆਂ 'ਚ ਇਕ ਇਹ ਵੀ ਬਾਤ ਹੁੰਦੀ ਹੈ ਕਿ ਉਨ੍ਹਾਂ ਨੂੰ ਥਾਂ ਖਿੱਚਿਆ ਕਰਦਾ ਹੈ। ਥਾਂ ਚਰਨ ਫੜ ਲੈਂਦਾ ਹੈ ਉਨ੍ਹਾਂ ਦੇ ਕਿ ਅਗਾਂਹਾਂ ਨਾ ਜਾਹ, ਤੂੰ ਇਥੇ ਹੀ ਬਹਿ ਜਾਹ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੱਸਿਆ ਕਰਦੇ ਸੀ ਕਿ ਜਦੋਂ ਅਸੀਂ ਸ਼ਿਮਲੇ ਵਲ ਨੂੰ ਗਏ, ਪਹਾੜਾਂ 'ਤੇ, ਸਾਡੇ ਨਾਲ ਸੀਗੇ ਵੱਡੇ-ਵੱਡੇ ਦੁਨੀਆਂਦਾਰ, ਪਰ ਕਹਿੰਦੇ ਅਸੀਂ ਜਦੋਂ ਲੰਘਣਾ, ਥਾਂ ਨੇ ਖਿੱਚ ਲੈਣਾ, ਅਸੀਂ ਉਥੇ ਹੀ ਬਹਿ ਜਾਣਾ, ਅਸੀਂ ਇਸ਼ਾਰਾ ਕਰ

ਦੇਣਾ ਕਿ ਜਾਓ ਹੁਣ ਨਹੀਂ ਅਸੀਂ ਆਉਂਦੇ, ਆ ਜਾਇਓ, ਆਥਣੇ (ਸ਼ਾਮ ਨੂੰ) ਲੈ ਜਾਇਓ ਸਾਨੂੰ ਏਥੋਂ ਹੀ। ਕਹਿੰਦੇ, ਸਾਰਾ ਦਿਨ ਅਸੀਂ ਉਥੇ ਬੈਠੇ ਰਹਿਣਾ। ਜੋ ਵੀ ਬੰਦਗੀ ਕਰਦਾ ਹੈ, ਉਹਨੂੰ ਥਾਂ ਖਿੱਚਦਾ ਹੈ। ਉਹਦਾ ਜੀਅ ਕਰਦਾ ਹੈ, ਜਿੱਥੇ ਇਕਾਂਤ ਹੁੰਦੀ ਹੈ ਮੈਂ ਇਥੇ ਬੈਠ ਜਾਵਾਂ ਤੇ ਲਿਵ ਵਿਚ ਚਲਿਆ ਜਾਵਾਂ। ਇਸੇ ਕਰਕੇ ਸਾਧੂ ਸੰਤ ਥਾਂ ਬਣਾਉਂਦੇ ਨੇ। ਐਸੇ ਥਾਂ ਬਣਾਉਂਦੇ ਨੇ ਕਿ ਜਿਥੇ ਭਜਨ ਕਰਦਾ ਕਿਸੇ ਨੂੰ ਨਜ਼ਰ ਨਾ ਆਵੇ। ਸੁਥਰਾ ਰਖਦੇ ਨੇ ਕਿਉਂਕਿ ਉਹ ਥਾਂ ਨਾਮ ਜਪਣ ਵਾਲੇ ਹੋਇਆ ਕਰਦੇ ਨੇ। ਸੋ ਜੰਗਲ ਆ ਗਿਆ, ਘੋਰ ਜੰਗਲ। ਉਸ ਥਾਂ 'ਤੇ ਇਕ ਸੋਹਣਾ ਥਾਂ ਦੇਖ ਕੇ ਨੇੜੇ ਪਾਣੀ ਦਾ ਇਕ ਛੋਟਾ ਜਿਹਾ, ਬਹੁਤ ਹੀ ਨਿਤਰੇ ਹੋਏ ਪਾਣੀ ਦਾ ਛੰਭ ਹੈ, ਕੋਲ ਕੁਦਰਤੀ ਫੁੱਲ ਉੱਘੇ ਹੋਏ ਨੇ ਤੇ ਛੋਟੇ-ਛੋਟੇ ਦਰਖਤ ਨੇ। ਉਸ ਥਾਂ ਦੇ ਉਤੇ ਬੈਠ ਕੇ ਆਪਣੇ ਪ੍ਰਭੂ ਦੇ ਵਿਚ ਲੀਨ ਹੋ ਗਏ। ਦਿਨ ਚੜ੍ਹ ਗਿਆ। ਇਧਰਲੇ ਪਾਸੇ ਉਸ ਰੱਖ ਦੇ ਜੋ ਮਾਲਕ ਸੀ, ਨੇੜੇ ਦਾ ਰਾਜਾ ਉਸ ਦੀ ਲੜਕੀ ਇਕੱਲੀ ਹੋਣ ਕਰਕੇ, ਘੋੜ ਸਵਾਰੀ ਵੀ ਜਾਣਦੀ ਸੀ, ਯੁੱਧ ਕਰਨ ਵੀ ਜਾਣਦੀ ਸੀ, ਤੀਰ-ਅੰਦਾਜ਼ੀ ਦੇ ਵਿਚ ਬੜੀ ਤਾਕ ਸੀ ਤੇ ਆਪਣੀਆਂ ਸਹੇਲੀਆਂ ਨੂੰ ਨਾਲ ਲੈ ਕੇ ਜੰਗਲ-ਬੇਲੇ ਵਿਚ ਆ ਜਾਣਾ। ਫਿਰਦੇ ਰਹਿਣਾ। ਵੱਡਾ ਸ਼ਿਕਾਰ ਸ਼ੇਰ ਵਗੈਰਾ ਦਾ ਜਦੋਂ ਮਿਲ ਗਿਆ ਤਾਂ ਕਰਦੀ ਸੀ, ਕਿਉਂਕਿ ਉਥੇ ਬਹੁਤ ਸ਼ੇਰ ਹੋਇਆ ਕਰਦੇ ਸੀ, ਪੰਜਾਬ 'ਚ, ਜੰਗਲ ਹੀ ਜੰਗਲ ਸੀਗਾ। ਉਸ ਨੂੰ ਦੂਰੋਂ ਭੁਚੱਕਾ ਪਿਆ, ਭੁਲੇਖਾ ਪਿਆ ਕਿ ਸਾਮ੍ਹਣੇ ਉਹ ਸ਼ੇਰ ਬੈਠਾ ਹੈ। ਉਸ ਵੇਲੇ ਉਸ ਨੇ ਆਪਣਾ ਬਾਣ ਲਿਆ, ਲੈ ਕੇ ਚਿੱਲਾ ਚਾੜ੍ਹਿਆ, ਚਾੜ੍ਹਨ ਵੇਲੇ ਕੁਛ ਮਨ 'ਚ ਹੋਇਆ, ਕੁਛ ਦਿਲ 'ਚ ਹੋਈ ਗੱਲ, ਜਿਹੜੀ ਅੱਜ ਤੱਕ ਨਹੀਂ ਸੀ ਹੋਈ। ਆਵਾਜ਼ ਆਈ ਅੰਦਰੋਂ ਕਿ ਦੇਖੀਂ ਕਿਤੇ ਐਵੇਂ ਨਾ ਕਿਸੇ ਨੂੰ ਮਾਰ ਬੈਠੀਂ। ਪਰ ਫੇਰ ਅੰਦਰ ਸੁਭਾਅ ਨੇ ਜ਼ੋਰ ਪਾਇਆ ਤੇ ਤੀਰ ਮਾਰਿਆ, ਜਾ ਕੇ ਨਿਸ਼ਾਨੇ 'ਤੇ ਲੱਗਿਆ, ਜੋ ਸ਼ਿਕਾਰ ਸੀ ਉਹ ਫੁੜਕ ਕੇ ਟੇਡਾ ਹੋ ਗਿਆ, ਉਸ ਵੇਲੇ ਘੋੜਾ ਨਠਾਇਆ ਕਿ ਮੈਂ ਜਾ ਕੇ ਦੇਖਾਂ, ਕਿੱਡਾ ਕੁ ਸ਼ੇਰ ਹੈ, ਜਾਂ ਕਿੱਡਾ ਕੁ ਚੀਤਾ ਹੈ, ਅੱਗੇ ਜਾ ਕੇ ਕੀ ਦੇਖਦੀ ਹੈ ਕਿ ਇਕ ਬਹੁਤ ਹੀ ਸੁੰਦਰ, ਹੋਣਹਾਰ, ਨੌਜਵਾਨ, ਜਿਸਦੇ ਅਜੇ ਦਾਹੜਾ ਮਾੜਾ-ਮਾੜਾ ਉਤਰਨ ਲੱਗਿਆ ਸੀ। ਨਿਰੋਲ ਚਿਹਰਾ ਜਿਹੜਾ ਹੈ ਨੂਰਾਨੀ ਹੈ, ਚਮਕਦਾਰ ਲਗਦਾ ਹੈ। ਨੈਣ ਸਾਰੇ ਟਿਕੇ ਹੋਏ ਨੇ। ਅੱਖਾਂ ਖੁੱਲ੍ਹੀਆਂ ਨੇ, ਇਨ੍ਹਾਂ ਨੂੰ ਦੇਖ ਰਹੇ ਨੇ, ਆਵਾਜ਼ ਕੋਈ ਨਹੀਂ ਦਿਤੀ ਤੇ ਖ਼ੂਨ ਜਾ ਰਿਹਾ ਹੈ। ਦੇਖਦੀ ਸਾਰ ਮਨ ਵਿਚ ਆ ਗਿਆ ਕਿ ਮੈਂ ਅੱਜ ਬੜਾ ਮਾੜਾ ਕੰਮ ਕਰਿਆ, ਐਨਾ ਸੋਹਣਾ ਕੋਈ ਕਿਸੇ ਦਾ ਪੁੱਤਰ ਹੈ, ਕਿਸੇ ਭੈਣ ਦਾ ਭਰਾ ਹੈ ਤੇ ਮੈਂ ਇਹ ਕੀ ਕੰਮ ਕਰਿਆ, ਬੇਸਮਝੀ ਦੇ ਵਿਚ ਬਾਣ ਮਾਰਿਆ। ਉਹਦੇ ਦਰਸ਼ਨਾਂ ਦਾ ਇਹ ਫਲ ਸੀ ਕਿਉਂਕਿ ਸਾਧੂ ਦੇ ਦਰਸ਼ਨ ਦਾ ਕੁਦਰਤੀ ਤੌਰ 'ਤੇ ਫਲ ਹੋਇਆ ਕਰਦਾ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ- 520***

ਮਹਾਰਾਜ ਨੇ ਅਸੂਲ ਬਣਾ ਦਿਤਾ ਕਿ ਸਾਧੂ ਨੂੰ ਦੇਖ ਕੇ ਵਾਹਿਗੁਰੂ-ਵਾਹਿਗੁਰੂ ਹੋ ਜਾਏਗਾ। ਨਾਮ ਚਿੱਤ ਆਉਣ ਲਗ ਜਾਏਗਾ, ਹੋਵੇ ਸਹੀ ਸਾਧੂ। ਉਹਦੇ ਨੇਤਰਾਂ ਦੇ ਵਿਚ ਮਿਕਨਾਤੀਸੀ ਸ਼ਕਤੀ ਹੋਇਆ ਕਰਦੀ ਹੈ। ਇਹ ਖਿਆਲ ਨਹੀਂ ਹਨ ਇਹ ਸੱਚਮੁੱਚ ਹੀ ਹੋਇਆ ਕਰਦੀ ਹੈ। ਜਿੰਨਾਂ-ਜਿੰਨਾਂ ਬੰਦਗੀ ਕਰੇ ਓਨੀਂ ਖਿੱਚ ਵਧਦੀ ਜਾਂਦੀ ਹੈ। ਉਹ ਵਧਦੀ-ਵਧਦੀ ਅਖੀਰ ਇਥੇ ਤੱਕ ਆ ਜਾਂਦੀ ਹੈ, ਜਿਹਨੂੰ ਗੁਰੂ ਮਹਾਰਾਜ ਨੇ ਫੁਰਮਾਨ ਕਰਿਆ ਹੈ -

***ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥ ਅੰਗ- 273***

ਉਹਦੀ ਦ੍ਰਿਸ਼ਟੀ 'ਚੋਂ ਅੰਮ੍ਰਿਤ ਦੀ ਵਰਖਾ ਹੋਣ ਲਗ ਜਾਂਦੀ ਹੈ।

ਬਾਬਾ ਖੁਦਾ ਸਿੰਘ ਜੀ ਪਟਿਆਲੇ ਗਏ ਹੋਏ ਨੇ, ਰੰਗੀ ਰਾਮ ਇਕ ਸੰਤ ਹੈ ਉਥੇ ਉਹ ਕਥਾ ਕਰਨ ਲਗ ਗਏ, ਜੀਵਨ ਮੁਕਤ ਪੁਰਸ਼ਾਂ ਦੀ ਤੇ ਉਹਦੇ ਵਿਚ ਇਕ ਬਚਨ ਆ ਗਿਆ -

***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਅੰਗ - 275***

ਉਠ ਕੇ ਖੜ੍ਹਾ ਹੋ ਗਿਆ, ਕਹਿਣ ਲੱਗਿਆ, ਬਾਬਾ ਜੀ! ਇਹਦੇ ਅਰਥ ਜੋ ਤੁਸੀਂ ਕਰਦੇ ਹੋ, ਇਹ ਇਸ ਤਰ੍ਹਾਂ ਨਹੀਂ ਹੈਗੇ, ਗੁਰੂ ਸਾਹਿਬ ਨੇ ਅਲੰਕਾਰਕ ਅਰਥ ਕੀਤੇ ਨੇ ਕਿ ਜੋ ਸਾਧੂ ਹੈ ਉਹ ਅੰਮ੍ਰਿਤ ਤੇ ਬਿਹੁ ਨੂੰ ਇਕੋ ਜਿਹਾ ਜਾਣਦਾ ਹੈ। ਜੇ ਲੋੜ ਪੈ ਜਾਵੇ ਬਿਹੁ ਪੀਣ ਦੀ ਉਹ ਬਿਹੁ ਦਾ ਪਿਆਲਾ ਪੀ ਜਾਂਦਾ ਹੈ। ਅਸੂਲ ਨਹੀਂ ਛੱਡਦਾ ਪਰ ਆਪਣੇ। ਜੇ ਅੰਮ੍ਰਿਤ ਮਿਲਦਾ ਹੈ ਉਹਨੂੰ ਵੀ ਪੀ ਲੈਂਦਾ ਹੈ। ਬਾਬਾ ਜੀ ਕਹਿੰਦੇ, ਪਿਆਰਿਆ! ਗੁਰੂ ਨਾਨਕ ਦੀ ਬਾਣੀ 'ਚ ਅਲੰਕਾਰਕ ਗੱਲਾਂ ਨਹੀਂ ਆਉਂਦੀਆਂ। ਇਹ ਯਥਾਰਥ ਗੱਲਾਂ ਨੇ, ਬਿਹੁ ਤੇ ਅੰਮ੍ਰਿਤ ਇਕੋ ਹੀ ਦ੍ਰਿਸ਼ਟੀ 'ਚ ਹੁੰਦੇ ਨੇ ਉਹਦੇ। ਹਠੀ ਬੰਦਾ ਸੀ, ਕਹਿੰਦਾ ਮੈਂ ਨਹੀਂ ਮੰਨਦਾ। ਦੂਸਰੇ ਦਿਨ, ਅੱਕ ਦਾ, ਧਤੂਰੇ ਦਾ ਤੇ ਸੰਖੀਏ ਦਾ ਮਿਸ਼ਰਤ ਕਰਕੇ ਇਕ ਸ਼ਰਬਤ ਬਣਾ ਲਿਆ, ਸ਼ਰਦਾਈ ਬਣਾ ਲਿਆਇਆ ਰਗੜ ਕੇ। ਕਹਿੰਦਾ, ਲੈ ਬਾਬਾ ਜੀ! ਮੈਂ ਅੰਮ੍ਰਿਤ ਤੇ ਬਿਖ ਨੂੰ ਅੱਖਾਂ ਨਾਲ ਦੇਖਣਾ ਚਾਹੁੰਦਾ ਹਾਂ। ਆਹ ਤਾਂ ਪਈ ਹੈ ਬਿਖ। ਜੋ ਪੀਂਦੇ ਸਾਰ ਬੰਦਾ ਮਰ ਜਾਏਗਾ। ਕੁੱਤੇ ਨੂੰ ਪਾ ਕੇ ਦੇਖ ਲਓ ਹੁਣੇ ਮਰ ਜਾਏਗਾ। ਬਹੁਤ ਤੇਜ਼ ਜ਼ਹਿਰਾਂ ਨੇ। ਤੇ ਤੁਸੀਂ ਕਹਿੰਦੇ ਹੋ ਕਿ ਬ੍ਰਹਮਗਿਆਨੀ ਜਿਹੜਾ ਹੈ, ਉਹਨੂੰ ਇਕੋ ਨੇ, ਅਭੇਦ ਪੁਰਸ਼ ਨੂੰ ਤੇ ਜੀਵਨ ਮੁਕਤ ਪੁਰਸ਼ ਨੂੰ ਤਾਂ ਫੇਰ ਤੁਹਾਡੀ ਸੰਗਤ 'ਚ ਇਥੇ ਕੋਈ ਬੈਠਾ ਹੈ ਤਾਂ ਤੁਸੀਂ ਦੱਸੋ। ਬਾਬਾ ਖੁਦਾ ਸਿੰਘ ਜੀ ਕਹਿਣ ਲੱਗੇ, ਰੰਗੀ ਰਾਮ ਜੀ! ਸੰਗਤ ਦਾ ਨਹੀਂ ਅੰਤਵਾਰਾ ਲਈਦਾ ਹੁੰਦਾ। ਆਪਾਂ ਕਾਹਨੂੰ ਲਈਏ, ਲਿਆਓ ਅਸੀਂਓ ਪੀ ਲੈਂਦੇ ਹਾਂ। ਕਥਾ ਕਰਦੇ ਸੀ, ਗਿਲਾਸ ਭਰਿਆ ਹੋਇਆ ਪੀ ਗਏ। ਦੇਖਿਆ ਕਿ ਹੁਣ ਗਿਰਿਆ, ਹੁਣ ਗਿਰਿਆ। ਗਿਰੇ ਨਹੀਂ ਉਵੇਂ ਜਿਵੇਂ ਕਥਾ ਕਰੀ ਗਏ। ਮਾਫੀ ਮੰਗੀ, ਚਰਨ ਫੜ ਲਏ ਕਿ ਬਾਬਾ! ਸੱਚ ਬੋਲਦਾ ਹੈਂ ਤੂੰ, ਗੁਰੂ ਨਾਨਕ ਜੀ ਸੱਚ ਕਹਿੰਦੇ ਹਨ।

ਹੁਣ ਅੱਜ ਦਾ ਦਿਮਾਗ ਕਹਿੰਦਾ ਹੈ ਕਿ ਉਹ ਕਿਉਂ ਹੋਇਆ?

ਇਸ ਤਰ੍ਹਾਂ ਕਿਉਂ ਹੋਇਆ, ਜਿੰਨਾ ਚਿਰ ਸਾਨੂੰ ਇਹਦਾ ਜਵਾਬ ਨਹੀਂ ਮਿਲਦਾ, ਸਾਡੀ ਤਸੱਲੀ ਨਹੀਂ ਹੁੰਦੀ-

***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*** ***ਅੰਗ - 275***

ਇਹ ਗੱਲਾਂ ਮੁਹਥਾਜ ਨੇ ਇਕ ਦੂਜੇ ਦੇ ਉਲਟ ਨੇ, ਕਿਉਂ ਹੋਈਆਂ ਇਹਦੇ 'ਚ ਅਸਲੀਅਤ ਵੀ ਹੈ ਕੋਈ ਕਿ ਐਵੇਂ ਹੀ ਕਵਿਤਾ ਜੋੜੀ ਹੋਈ ਹੈ। ਪ੍ਰੋਫੈਸਰਾਂ ਨੂੰ ਪੁੱਛੋ ਉਹ ਕਹਿਣਗੇ ਕਿ ਐਵੇਂ ਅੱਖਰ ਨਾਲ ਅੱਖਰ ਰਲਾਇਆ ਹੋਇਆ ਹੈ। ਅਸਲ ਦਾ ਉਨ੍ਹਾਂ ਨੂੰ ਨਹੀਂ ਪਤਾ। ਅੱਖਰ ਦਾ ਅਰਥ ਜ਼ਰੂਰ ਜਾਣਦੇ ਨੇ। ਉਸ ਵੇਲੇ ਬਾਬਾ ਜੀ ਕਹਿਣ ਲੱਗੇ ਕਿ ਦੇਖੋ, ਬੰਦਗੀ ਕਰਨ ਵਾਲੇ ਦੇ ਦਿਬਯ ਨੇਤਰ ਖੁਲ੍ਹ ਜਾਇਆ ਕਰਦੇ ਨੇ। ਉਨ੍ਹਾਂ ਦੇ ਵਿਚ ਰਸ ਹੁੰਦਾ ਹੈ, ਪਹਿਲਾਂ ਉਨ੍ਹਾਂ 'ਚ ਮਿਕਨਾਤੀਸੀ ਸ਼ਕਤੀ ਆਉਂਦੀ ਹੈ, ਖਿੱਚਣ ਵਾਲੀ। ਜਿਧਰ ਨੂੰ ਵੀ ਦੇਖ ਲੈਣਗੇ, ਨੇਤਰਾਂ ਨੂੰ ਝੱਲ ਨਹੀਂ ਸਕਦਾ।

ਗੁਰੂ ਦਸ਼ਮੇਸ਼ ਪਿਤਾ ਜੀ ਦੇ ਨੇਤਰਾਂ ਦੇ ਬਾਰੇ ਭਾਈ ਨੰਦ ਲਾਲ ਜੀ ਨੇ ਬਹੁਤ ਵਿਸਥਾਰ ਦੇ ਨਾਲ ਲਿਖਿਆ ਹੈ ਕਿ ਇਕੋ ਨਿਗ੍ਹਾ ਜੇ ਪੈ ਜਾਵੇ, ਇਕੋ ਵਾਰੀ, ਓਹੀ ਬਹੁਤ ਹੈ। ਉਹਦੇ ਨਾਲ ਹੀ ਸਾਰੇ ਪਾਪ ਕਟ ਜਾਂਦੇ ਸੀ। ਇਕ ਦ੍ਰਿਸ਼ਟੀ ਨਾਲ। ਗੁਰੂ ਨਾਨਕ ਸਾਹਿਬ ਦੀ ਦ੍ਰਿਸ਼ਟੀ ਇਕ ਚਿਖਾ 'ਤੇ ਪੈ ਗਈ ਸੀ। ਉਥੇ ਝਗੜਾ ਸ਼ੁਰੂ ਹੋ ਗਿਆ। ਗੁਰੂ ਨਾਨਕ ਸਾਹਿਬ ਨੂੰ ਮਾਰਨ ਵਾਲੇ ਅੱਗ ਲੈਣ ਜਾਂਦੇ ਨੇ, ਕੀ ਦੇਖਦੇ ਨੇ ਕਿ ਪਹਿਲਾਂ ਜਮਦੂਤਾਂ ਨੇ ਫੜੀ ਹੋਈ ਹੈ ਰੂਹ, ਫੇਰ ਉਸ ਤੋਂ ਬਾਅਦ ਦੇਵਗਣ ਆ ਗਏ। ਉਹ ਝਗੜਾ ਕਰ ਰਹੇ ਨੇ ਕਿ ਇਹਦੇ ਪਾਪ ਸਾਰੇ ਜਾਂਦੇ ਰਹੇ ਤੇ ਹੁਣ ਤੁਸੀਂ ਇਹਨੂੰ ਛੱਡ ਦਿਓ। ਮਾਰੋ ਨਾ। ਸਾਨੂੰ ਭੇਜਿਆ ਗਿਆ ਹੈ। ਉਹ ਕਹਿਣ ਲੱਗੇ ਕਿ ਇਹ ਗੱਲ ਕੀ ਹੋ ਗਈ? ਪਹਿਲਾਂ ਤੁਸੀਂ ਇਹਨੂੰ ਮਹਾਂਪਾਪੀ ਕਹਿੰਦੇ ਸੀ, ਹੁਣ ਬਿਬਾਨ ਲਈਂ ਫਿਰਦੇ ਹੋ।

ਕਹਿੰਦੇ, ਪਿਆਰਿਆ! ਜਿਹਨੂੰ ਤੁਸੀਂ ਮਾਰਨ ਵਾਸਤੇ ਆਏ ਹੋ, ਉਹਦੀ ਇਕ ਨਿਗ੍ਹਾ ਪੈ ਗਈ ਇਹਦੇ ਉਤੇ, ਇਕੋ ਦ੍ਰਿਸ਼ਟੀ, ਉਨ੍ਹਾਂ ਨੇ ਐਨਾ ਹੀ ਕਿਹਾ ਸੀ ਕਿ ਔਹ ਦੇਖੋ ਅੱਗ, ਉਹ ਧੂੰਆਂ। ਦ੍ਰਿਸ਼ਟੀ ਦਾ ਅਸਰ ਹੋ ਗਿਆ। ਉਹਨੂੰ ਅੰਮ੍ਰਿਤ ਦ੍ਰਿਸ਼ਟ ਕਹਿੰਦੇ ਨੇ। ਉਹਦੇ ਵਿਚ ਹੀ ਸਾਰੀ ਸ਼ਕਤੀ ਹੋਇਆ ਕਰਦੀ ਹੈ।

ਬਾਬਾ ਗੜ੍ਹੀਆ ਜੀ ਜਾਂਦੇ ਨੇ ਕਸ਼ਮੀਰ ਨੂੰ, ਪੀਰ ਦਉਲੇ ਸ਼ਾਹ ਨੇ ਰੋਕ ਲਏ ਕਿ ਸਾਨੂੰ ਸੁਖਮਨੀ ਸਾਹਿਬ ਸੁਣਾ ਕੇ ਜਾਓ, ਹਫਤਾ ਭਰ ਰੋਕ ਕੇ ਸੁਖਮਨੀ ਸਾਹਿਬ ਸੁਣਦਾ ਰਿਹਾ। ਜਦੋਂ ਜਾਣ ਲੱਗੇ ਤਾਂ ਛੱਡਣ ਵਾਸਤੇ ਬਾਹਰ ਗਿਆ ਤਾਂ ਉਨ੍ਹਾਂ ਦੀ ਜੁੱਤੀ ਟੁੱਟੀ ਹੋਣ ਕਰਕੇ, ਛਿੱਤਰ ਸੀਗੇ, ਉਹ ਉਤੇ ਨੂੰ ਮਿੱਟੀ ਮਾਰਦੇ ਸੀ। ਜਾਮਾ ਪਾਟਿਆ ਹੋਇਆ ਤੇ ਮੈਲਾ ਸੀ। ਉਹਨੇ ਕਿਹਾ ਕਿ ਗਰੀਬ ਸਿੱਖ ਹੈ, ਗੁਰੂ ਸਾਹਿਬ ਦਿੰਦੇ ਨਹੀਂ ਹੋਣੇ ਇਹਨੂੰ ਕੁਛ ਵੀ। ਹੋਵੇ ਨਾ ਤਾਂ ਮੈਂ ਦੇ ਦੇਵਾਂ। ਉਸ ਵੇਲੇ ਆਪ ਨੇ ਕਿਹਾ

ਕਿ ਭਾਈ ਗੜ੍ਹੀਆ! ਔਹ ਜਿਹੜਾ ਡਲ੍ਹਾ ਹੈ, ਖੇਤ ਵਾਹਿਆ ਹੋਇਆ ਸੀ, ਵੱਡੇ-ਵੱਡੇ ਡਲ੍ਹੇ ਸੀ। ਇਸ਼ਾਰਾ ਕਰਿਆ ਕਿ ਔਹ ਜਿਹੜਾ ਵੱਡਾ ਡਲ੍ਹਾ ਹੈ, ਉਹ ਲਿਆਓ ਚੁੱਕ ਕੇ ਮੇਰੇ ਕੋਲ। ਭਾਈ ਗੜ੍ਹੀਆ ਨੇ ਦੇਖਿਆ ਤਾਂ ਡਲ੍ਹਾ ਸੋਨਾ ਬਣਿਆ ਹੋਇਆ ਹੈ। ਉਸ ਵੇਲੇ ਆਪ ਨੇ ਸਾਰੇ ਖੇਤ ਦੇ ਉਤੇ ਹੀ ਦ੍ਰਿਸ਼ਟੀ ਕਰ ਦਿਤੀ। ਕਹਿੰਦੇ, ਪੀਰ ਜੀ! ਤੁਸੀਂ ਕਿਹੜੇ ਡਲ੍ਹੇ ਦੀ ਗੱਲ ਕਰਦੇ ਹੋ, ਮੈਂ ਲਿਆਵਾਂ? ਹੁਣ ਪੀਰ ਹੈਰਾਨ ਹੋ ਗਿਆ ਕਿ ਮੈਂ ਤਾਂ ਆਪਣੀ ਦ੍ਰਿਸ਼ਟੀ ਨਾਲ ਇਕ ਡਲ੍ਹਾ ਸੋਨੇ ਦਾ ਬਣਾ ਦਿਤਾ। ਇਹਦੀ ਦ੍ਰਿਸ਼ਟੀ ਨੇ ਤਾਂ ਸਾਰਾ ਖੇਤ ਹੀ ਸੋਨੇ ਦਾ ਬਣਾ ਦਿਤਾ।

ਇਸ ਕਰਕੇ ਸਾਧਸੰਗਤ ਜੀ! ਮਿੱਟੀ ਤੇ ਸੋਨੇ ਦਾ ਉਨ੍ਹਾਂ ਨੂੰ ਫਰਕ ਨਹੀਂ ਹੋਇਆ ਕਰਦਾ। ਸਾਡੇ ਵਾਂਗਣ ਨਹੀਂ ਕਿ ਸੋਨੇ ਦੇ ਪਿੱਛੇ ਨੱਠੇ ਫਿਰੀਏ।

ਸੋ ਇਸੇ ਤਰ੍ਹਾਂ ਨਾਲ ਬਾਬਾ ਖੁਦਾ ਸਿੰਘ ਕਹਿਣ ਲੱਗੇ ਕਿ ਸੰਤ ਰੰਗੀ ਰਾਮ ਜੀ! ਇਹ ਕੋਈ ਗੱਲ ਨਹੀਂ ਹੈ। ਬੰਦਗੀ ਕਰਨ ਵਾਲੇ ਦੀ ਦ੍ਰਿਸ਼ਟੀ 'ਚੋਂ ਅੰਮ੍ਰਿਤ ਦੀ ਵਰਖਾ ਹੁੰਦੀ ਹੈ। ਉਹ ਜ਼ਹਿਰ ਦੇ ਉਤੇ ਵੀ ਦ੍ਰਿਸ਼ਟੀ ਪਾ ਦੇਵੇ ਤਾਂ ਉਹ ਜ਼ਹਿਰ ਵੀ ਅੰਮ੍ਰਿਤ ਬਣ ਜਾਇਆ ਕਰਦੀ ਹੈ। ਇਹ ਇਸ ਤਰ੍ਹਾਂ ਕਵਿਤਾ ਨਹੀਂ ਹੈ ਕਿ ਅੱਖਰ ਨਾਲ ਅੱਖਰ ਜੋੜਿਆ ਹੋਇਆ ਹੈ ਇਹ ਅਵਸਥਾ ਦੱਸੀ ਹੈ, ਉਹਦੀ ਅਵਸਥਾ 'ਚ ਇਹ ਭੇਦ ਹੁੰਦਾ ਹੈ ਕਿ ਇਸ ਤਰ੍ਹਾਂ ਨਾਲ ਹੋ ਜਾਇਆ ਕਰਦਾ ਹੈ। ਸੋ ਐਸੇ ਜੋ ਪੁਰਸ਼ਾਂ ਦੀ ਦ੍ਰਿਸ਼ਟੀ ਹੈ, ਬੰਦਗੀ ਵਾਲਿਆਂ ਦੀ, ਉਹ ਗਿਰੇ ਪਏ ਨੇ ਜਿਨ੍ਹਾਂ ਦਾ ਨਾਮ ਭਾਈ ਤਿਲੋਕਾ ਹੈ। ਨੌਜਵਾਨ ਹੈ, ਛੋਟੀ ਉਮਰ ਹੈ, ਦਿਲ ਵਿਚ ਪਿਆਰ ਹੀ ਪਿਆਰ ਭਰਿਆ ਪਿਆ ਹੈ। ਕਿਸੇ ਵਾਸਤੇ ਦ੍ਵੈਖ ਨਹੀਂ ਹੈ। ਮਾਰਨ ਵਾਲੇ ਕੋਲ ਆ ਗਏ, ਪਤਾ ਹੈ ਕਿ ਇਨ੍ਹਾਂ ਨੇ ਹੀ ਮਾਰਿਆ ਹੈ ਤੀਰ। ਲੇਕਿਨ ਮਾਫ ਕਰ ਦਿੰਦੇ ਨੇ ਕਿ ਇਹਨੂੰ ਵਿਚਾਰੀ ਨੂੰ ਕੀ ਪਤਾ ਸੀ ਕਿ ਮੈਂ ਮਨੁੱਖ ਬੈਠਾ ਹਾਂ, ਜਾਂ ਚੀਤਾ ਬੈਠਾ ਹਾਂ। ਇਹਦਾ ਦੋਸ਼ ਕੀ ਹੈ। ਉਹਦੇ ਵਲ ਪਿਆਰ ਦੀ, ਰਹਿਮ ਦੀ, ਬਖਸ਼ਿਸ਼ ਦੀ ਦ੍ਰਿਸ਼ਟੀ ਕੀਤੀ ਕਿ ਇਹਦਾ ਦਿਲ ਖਰਾਬ ਹੋਏਗਾ। ਉਹ ਦ੍ਰਿਸ਼ਟੀ ਕਰਨਾ ਕੀ ਸੀ, ਸਭ ਕੁਛ ਭੁੱਲ ਗਈ। ਜਿਹਨੇ ਅੱਜ ਤੱਕ ਨਹੀਂ ਸੀ ਕਿਸੇ ਨੂੰ ਛੂਹ ਕੇ ਦੇਖਿਆ, ਉਸ ਨੇ ਆਪਣੇ ਹੱਥਾਂ ਦੇ ਨਾਲ ਉਹ ਜ਼ਖਮ ਜਿਥੋਂ ਖੂਨ ਜਾ ਰਿਹਾ ਸੀ, ਘੁੱਟ ਕੇ ਫੜ ਲਿਆ ਤੇ ਨਾਲ ਮਨ ਵਿਚ ਆਉਂਦਾ ਹੈ ਕਿ ਮੈਂ ਵੀ ਇਹਦੇ ਨਾਲ ਹੀ ਮਰ ਜਾਵਾਂ, ਤਾਂ ਪ੍ਰਾਸ਼ਚਿਤ ਹੋਏਗਾ। ਛੁਰੀ ਕੱਢਾਂ, ਛੁਰੀ ਕੱਢ ਕੇ ਮੈਂ ਮਾਰਾਂ ਆਪਣੇ। ਕਿੱਡਾ ਮੈਂ ਪਾਪ ਕਰਿਆ ਹੈ। ਅੱਜ ਪਤਾ ਲੱਗਿਆ ਕਿ ਪਾਪ ਇਸ ਗੱਲ ਨੂੰ ਕਹਿੰਦੇ ਨੇ। ਅੱਜ ਤੱਕ ਤਾਂ ਮਾਂ ਜਾਂ ਪਿਓ ਨੇ ਇਹ ਗੱਲ ਨੇੜੇ ਨਹੀਂ ਸੀ ਆਉਣ ਦਿਤੀ। ਇੱਕ ਵਾਰੀ ਪੰਡਤ ਨੇ ਕਥਾ ਸੁਣਾਉਣ ਵੇਲੇ ਕਹਿ ਦਿਤਾ। ਪਾਪਾਂ ਦਾ ਫਲ ਇਹ ਹੁੰਦਾ ਹੈ, ਉਠ ਕੇ ਚਲੀ ਗਈ ਸੀ, ਘਬਰਾ ਗਈ ਸੀ। ਪਿਤਾ ਨੇ ਮਸਾਂ ਸਮਝਾਇਆ ਕਿ ਬੀਬਾ! ਬੇਟੀ! ਇਹ ਪੰਡਤ ਲੋਕ ਵਾਧੂ ਗੱਲਾਂ ਕਰਦੇ ਹੁੰਦੇ ਨੇ ਡਰਾਉਣ ਵਾਲੀਆਂ, ਪਾਪ ਕੋਈ ਚੀਜ਼ ਨਹੀਂ ਹੁੰਦੀ। ਸਾਡੇ ਰਾਜਿਆਂ ਦੇ ਸਾਮ੍ਹਣੇ ਕੋਈ

ਗੱਲ ਪਾਪ ਨਹੀਂ ਹੁੰਦੀ। ਇਹ ਤਾਂ ਇਨ੍ਹਾਂ ਪੜ੍ਹਿਆਂ ਲਿਖਿਆਂ ਦੀਆਂ ਗੱਲਾਂ ਨੇ, ਆਹ ਪੁੰਨ ਹੈ ਆਹ ਪਾਪ ਹੈ। ਸੋ ਇਸ ਤਰ੍ਹਾਂ ਦੇ ਨਾਲ ਖਿਆਲ ਆਉਣੇ ਸ਼ੁਰੂ ਹੋ ਗਏ ਕਿ ਆਹੀ ਪਾਪ ਹੈ। ਦਿਲ ਘਟਣ ਲੱਗ ਗਿਆ, ਬਹੁਤ ਜ਼ਿਆਦਾ ਅਫਸੋਸ 'ਚ ਚਲੀ ਗਈ। ਨਾਲ ਦੀਆਂ ਨੂੰ ਕਿਹਾ ਕਿ ਜਾਓ, ਛੇਤੀ ਜਾ ਕੇ ਪਾਲਕੀ ਲਿਆਓ। ਉਸ ਵੇਲੇ ਮਹਾਂਪੁਰਸ਼ ਨੌਜਵਾਨ ਲੜਕੇ ਨੇ, 22 ਕੁ ਸਾਲ ਦੀ ਉਮਰ ਹੈ, ਘਬਰਾ ਕੇ ਨਹੀਂ ਉਸਦੇ ਵਲ ਦੇਖ ਰਹੇ, ਘੂਰ ਕੇ ਨਹੀਂ ਦੇਖ ਰਹੇ। ਉਸੇ ਦ੍ਰਿਸ਼ਟੀ ਨਾਲ ਦੇਖ ਰਹੇ ਨੇ ਜੋ ਉਨ੍ਹਾਂ ਨੂੰ ਕੁਦਰਤ ਨੇ ਦਿਤੀ ਹੋਈ ਸੀ ਪਿਆਰ ਦੀ। ਉਹ ਸਹਿ ਨਹੀਂ ਸਕੀ, ਜਿਉਂ-ਜਿਉਂ ਉਸ ਵਲ ਦੇਖਦੇ ਨੇ, ਉਹਦੇ ਪਾਪ ਕੰਬੀ ਜਾਂਦੇ ਨੇ, ਤਿਉਂ-ਤਿਉਂ ਅੰਦਰ ਪ੍ਰਕਾਸ਼ ਹੁੰਦਾ ਜਾਂਦਾ ਹੈ।

ਇਹ ਸੁਭਾਅ ਹੈ ਸਾਧੂਆਂ ਦਾ, ਜੇ ਕੋਈ ਬੁਰਾ ਵੀ ਕਰ ਦਿੰਦਾ ਹੈ। ਉਸਨੂੰ ਵੀ ਬੁਰਾ ਨਹੀਂ ਕਹਿੰਦੇ, ਕਿਉਂਕਿ ਸੰਤ ਦੇ ਅੰਦਰ ਸ਼ਾਂਤੀ ਹੀ ਅਸਲੀ ਚੀਜ਼ ਹੁੰਦੀ ਹੈ -

***ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ ॥***
***ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥***

***ਅੰਗ - 1373***

ਜਿਵੇਂ ਸੱਪ ਵਿੜੇ ਹੋਏ ਨੇ ਚੰਦਨ ਦੇ ਦਰਖਤ, ਉਹ ਆਪਣੀ ਠੰਢ ਨਹੀਂ ਛੱਡਦਾ, ਇਸੇ ਤਰ੍ਹਾਂ ਸੰਤ ਜਿਹੜੇ ਨੇ ਉਹ ਕੋਪ ਵਿਚ ਆ ਕੇ ਸਰਾਫ ਨਹੀਂ ਦਿੰਦੇ। ਸ਼ਕਤੀ ਵਾਲੇ ਸੀ ਜੇ ਕਹਿ ਦਿੰਦੇ ਕਿ ਤੂੰ ਇਸ ਤਰ੍ਹਾਂ ਹੋ ਜਾ, ਉਥੇ ਹੀ ਹੋ ਜਾਣਾ ਸੀ ਉਹਨੇ। ਲੇਕਿਨ ਸੰਤ ਨਹੀਂ ਐਸਾ ਕਰਦੇ।

ਉਸ ਵੇਲੇ ਬੇਨਤੀ ਕਰਦੀ ਹੈ ਕਿ ਮੈਂ ਆਪ ਨੂੰ ਜਾਣਦੀ ਨਹੀਂ, ਕੌਣ ਹੋਂ, ਕਿੱਥੇ ਦੇ ਹੋਂ। ਪਰ ਮੈਂ ਇਕ ਬੜੀ ਮਾੜੀ ਗੱਲ ਕਰੀ ਹੈ ਕਿ ਆਪ ਦੇ ਭੁਲੇਖੇ ਦੇ ਵਿਚ ਆ ਕੇ ਬਾਣ ਮਾਰਿਆ। ਮੇਰੇ ਮਨ ਵਿਚ ਬੜਾ ਪਛਤਾਵਾ ਆਉਂਦਾ ਹੈ, ਮੇਰਾ ਜੀਅ ਕਰਦਾ ਹੈ ਐ ਚੰਗੇ ਪੁਰਖ! ਮੈਂ ਵੀ ਇਥੇ ਹੀ ਢਹਿ ਢੇਰੀ ਹੋ ਜਾਵਾਂ ਤੇ ਮੇਰੇ ਪਾਪ ਦਾ, ਮੇਰੇ ਕਰਮ ਦਾ ਬਦਲਾ ਮੈਨੂੰ ਮਿਲ ਜਾਵੇ।

ਉਸ ਵੇਲੇ ਕਹਿਣ ਲੱਗੇ, ਬੀਬਾ! ਤੈਨੂੰ ਅਫਸੋਸ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਗੁਰਸਿੱਖ ਦਾ ਚਰਿੱਤਰ ਉੱਚਾ ਹੈ, ਦੂਸਰਿਆਂ ਦੇ ਨਾਲੋਂ। ਉਸ ਵੇਲੇ ਕਹਿਣ ਲੱਗੇ, ਮਨ ਵਿਚ ਕਿਉਂ ਲੈ ਕੇ ਆਉਂਦੀ ਹੈਂ ਇਹ ਗੱਲ? ਇਹ ਤਾਂ ਮੇਰਾ ਹੀ ਦੋਸ਼ ਹੈ। ਦੂਸਰਾ ਇਹ ਹੈ ਕਿ ਮੇਰੇ ਸਾਹਿਬ ਵਲੋਂ ਇਹ ਹੁਕਮ ਹੋ ਚੁੱਕਿਆ ਹੈ, ਸਾਰੇ ਸੰਸਾਰ ਦੇ ਅੰਦਰ ਹੁਕਮ ਦੀ ਖੇਡ ਵਰਤ ਰਹੀ ਹੈ। ਦੋਸ਼ ਨਹੀਂ ਕਿਸੇ ਨੂੰ ਦਿੰਦੇ ਗੁਰਸਿੱਖ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਸਾਰੇ ਹੁਕਮ ਸਾਹਿਬ ਦਾ ਵਰਤੇ,***
***ਦੋਸ਼ ਕੀਹਨੂੰ ਦੇਵੇਂ ਓ ਮਨਾਂ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***
***ਅੰਗ- 433***

ਕਹਿਣ ਲੱਗੇ, ਬੀਬਾ! ਤੂੰ ਕੁਛ ਨਹੀਂ ਕਰਿਆ, ਕਹਿਣ ਲੱਗੀ, ਚੰਗੇ ਪੁਰਸ਼! ਮੈਂ ਤੈਨੂੰ ਬਾਣ ਮਾਰਿਆ ਤੇ ਤੂੰ ਕਿੰਨਾ ਚੰਗਾ ਹੈਂ, ਫੇਰ ਕਹਿੰਦਾ ਹੈਂ ਤੂੰ ਕੁਛ ਨਹੀਂ ਕਰਿਆ। ਕਹਿੰਦਾ, ਨਹੀਂ ਇਹ ਤਾਂ ਮੇਰੇ ਸਾਹਿਬ ਦਾ ਹੁਕਮ ਹੈ ਤੇ ਹੁਕਮ ਦੇ ਨਾਲ ਹੀ ਇਹ ਸੰਸਾਰ 'ਚ ਆਉਂਦਾ ਹੈ, ਹੁਕਮ ਦੇ ਵਿਚ ਹੀ ਇਹ ਜਾਂਦਾ ਹੈ, ਹੁਕਮ ਦੇ ਵਿਚ ਹੀ ਇਹ ਪਰਪੰਚ ਪਸਰਿਆ ਹੋਇਆ ਹੈ। ਹੁਕਮ ਦੇ ਨਾਲ ਹੀ ਇਹ ਸਾਰੇ ਭੋਗ ਰਸ ਕਰਦਾ ਹੈ -

***ਹੁਕਮੇ ਜੁਗ ਮਹਿ ਆਇਆ ਚਲਣੁ ਹੁਕਮਿ ਸੰਜੋਗਿ ਜੀਉ ॥***
***ਹੁਕਮੇ ਪਰਪੰਚੁ ਪਸਰਿਆ ਹੁਕਮਿ ਕਰੇ ਰਸ ਭੋਗ ਜੀਉ ॥***
***ਅੰਗ - 760***

***ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥***
***ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥***
***ਨਾਨਕ ਜੋ ਤਿਸੁ ਭਾਵੈ ਸੋ ਥੀਐ***
***ਇਨਾ ਜੰਤਾ ਵਸਿ ਕਿਛੁ ਨਾਹਿ ॥*** ***ਅੰਗ - 55***

ਐਡਾ ਸਪਸ਼ਟ ਫੈਸਲਾ ਗੁਰੂ ਨਾਨਕ ਪਾਤਸ਼ਾਹ ਦਾ, ਜੇ ਕਿਤੇ ਸਾਡੇ ਮਨ ਵਿਚ ਵਸ ਜਾਵੇ, ਆਹੀ ਤੁਕ। ਮਹਾਰਾਜ ਕਹਿੰਦੇ, ਫੇਰ ਪਤਾ ਕੀ ਹੋਏਗਾ? ਕਦੇ ਸੋਚਿਆ ਕਰੋ ਕਿ ਇਹਦਾ ਨਤੀਜਾ ਕੀ ਹੋਏਗਾ, ਜੇ ਇਹ ਤੁਕ ਮਨ 'ਚ ਵਸ ਗਈ।

***ਹਉਮੈ ਬੂਝੈ ਤਾ ਦਰੁ ਸੂਝੈ ॥*** ***ਅੰਗ- 466***

ਜਦੋਂ ਬੁੱਝ ਗਿਆ ਹੁਕਮ ਨੂੰ -

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ਅੰਗ - 1***

ਹਉਮੈ ਖਤਮ ਹੋ ਜਾਂਦੀ ਹੈ। ਹੁਕਮ ਦੇ ਬੁੱਝਣ ਨਾਲ ਦਰ ਦੀ ਸੋਝੀ ਪੈਂਦੀ ਹੈ। ਜਿੰਨਾਂ ਚਿਰ ਹੁਕਮ ਦੇ ਵਿਚ ਨਹੀਂ ਆਉਂਦਾ, ਦਰ ਦੀ ਸੋਝੀ ਨਹੀਂ ਪੈਂਦੀ, ਦਰ ਬੰਦ ਪਿਆ। ਬਜਰ ਕਪਾਟ ਲੱਗੇ ਹੋਏ ਨੇ। ਇਹ ਤਾਂ ਬਾਣੀ ਦੇ ਵਿਚ ਸਾਰੇ ਤਰੀਕੇ ਲਿਖੇ ਹੋਏ ਨੇ। ਸਭ ਗੱਲਾਂ ਲਿਖੀਆਂ ਹੋਈਆਂ ਨੇ। ਅਸੀਂ ਭੁੱਲ ਜਾਂਦੇ ਹਾਂ। ਸਾਡੇ ਯਾਦ ਨਹੀਂ ਰਹਿੰਦੀਆਂ, ਉਹ ਤਾਂ ਨਹੀਂ ਰਹਿੰਦੀਆਂ, ਕਿਉਂਕਿ ਸਾਡਾ ਮਨ ਨਹੀਂ ਚਾਹੁੰਦਾ ਕਿ ਅਸੀਂ ਇਹ ਗੱਲਾਂ ਮੰਨ ਲਈਏ। ਬਾਗੀ ਹੈ ਗੁਰੂ ਦੇ ਸਿਧਾਂਤ ਤੋਂ, ਨਹੀਂ ਮੰਨਣਾ ਚਾਹੁੰਦਾ। ਹਾਂ, ਪੈਸੇ ਟਕੇ ਦੀ ਗੱਲ ਹੁੰਦੀ ਹੋਵੇ, ਉਥੇ ਇਹ ਕਹਿ ਦੇਣ ਕਿ ਆਹ ਗੱਲ ਬੁੱਝ ਲਈਂ, ਫੇਰ ਤੈਨੂੰ ਦਰਵਾਜ਼ਾ ਖੁੱਲ੍ਹ ਜਾਏਗਾ। ਫੇਰ ਯਾਦ ਰੱਖੇਗਾ ਕਿ ਮੈਂ ਆਹ ਗੱਲ ਬੁੱਝਣੀ ਹੈ। ਹੁਣ ਗੁਰੂ ਨਾਨਕ ਪਾਤਸ਼ਾਹ ਕਹਿੰਦੇ ਨੇ ਕਿ ਇਥੇ - ***'ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ ॥'*** *(ਅੰਗ-55)* ਇਨ੍ਹਾਂ ਜੰਤਾਂ ਦੇ ਵਸ ਵਿਚ ਤਾਂ ਕੁਛ ਹੈ ਨਹੀਂ। ਐਵੇਂ ਦੋਸ਼ ਹੀ ਹੈ ਦੂਜੇ ਨੂੰ ਕਿ ਉਹਨੇ ਮੇਰੇ ਨਾਲ ਇਸ ਤਰ੍ਹਾਂ ਕਰਿਆ, ਉਹਨੇ ਐਂ ਕਰਿਆ। ਓਨਾਂ ਹੀ ਬੰਦਾ ਅਣਜਾਣ ਰਹਿੰਦਾ ਹੈ

ਜਿੰਨਾਂ ਓ, ਅ 'ਚ ਨਹੀਂ ਆਇਆ, ਜਿਹਨੇ ਅੱਜ ਤਕ ਜਪੁਜੀ ਸਾਹਿਬ ਦਾ ਪਾਠ ਨਹੀਂ ਕਰਿਆ ਤੇ ਪੰਜ-ਪੰਜ ਸੁਖਮਨੀ ਸਾਹਿਬ ਦੇ ਪਾਠ ਕਰਦਾ ਹੈ, ਘੰਟਿਆਂ ਬੱਧੀ ਬੈਠਦਾ ਹੈ ਉਹ ਦੋਵੇਂ ਬਰਾਬਰ ਨੇ ਕਿਉਂਕਿ ਦੋਵੇਂ ਉਸੇ ਲਾਈਨ 'ਤੇ ਖੜ੍ਹੇ ਨੇ। ਇਕ ਨੇ ਮੂੰਹ ਕਰਿਆ ਹੋਇਆ ਹੈ, ਇਕ ਨੇ ਪਿੱਠ ਕਰੀ ਹੋਈ ਹੈ ਲੇਕਿਨ ਲਾਈਨ ਇਕੋ ਫੜੀ ਹੋਈ ਹੈ ਦੋਹਾਂ ਨੇ। ਕੋਈ ਤਰੱਕੀ ਨਹੀਂ ਹੋਈ, ਅੰਦਰੋਂ ਬਾਤ ਆਈ ਨਹੀਂ ਹੈ। ਜਿਹੜੀ ਆਉਣੀ ਚਾਹੀਦੀ ਹੈ ਜਿਥੇ ਗੁਰੂ ਸਾਹਿਬ ਲਿਜਾਣਾ ਚਾਹੁੰਦੇ ਨੇ। ਮਹਾਰਾਜ ਕਹਿੰਦੇ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥* **ਅੰਗ - 277**

ਉਸ ਗੁਰਸਿੱਖ ਬੱਚੇ ਨੇ ਬਾਣੀ ਕਮਾਈ ਹੋਈ ਸੀ। ਆਪਣੇ ਆਪ ਨੂੰ ਬਾਣੀ ਦਾ ਰੂਪ ਬਣਾਇਆ ਹੋਇਆ ਸੀ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੇ ਅਸੀਂ ਵਿਸ਼ਲੇਸ਼ਣ ਕਰੀਏ, ਇਕ ਤਾਂ ਪੇਪਰ ਨੇ, ਇਕ ਉਪਰ ਕਾਲੀ ਸਿਆਹੀ ਹੈ। ਲੇਕਿਨ ਇਹ ਬਾਣੀ ਦਾ ਰੂਪ ਬਣੇ ਹੋਏ ਨੇ, ਅਸੀਂ ਮੱਥੇ ਟੇਕਦੇ ਫਿਰਦੇ ਹਾਂ, ਨਾਲ ਖੜ੍ਹ ਕੇ ਅਰਦਾਸਾਂ ਕਰਦੇ ਹਾਂ, ਤੁਸੀਂ ਗੁਰੂ ਹੋਂ। ਹੈ ਬਾਣੀ, ਬਾਣੀ ਅੱਖਰਾਂ ਦੇ ਵਿਚ ਸਾਕਾਰ ਹੋਈ-ਹੋਈ ਹੈ। ਜਿਸ ਦੇ ਹਿਰਦੇ ਵਿਚ ਬਾਣੀ ਸਾਕਾਰ ਹੋ ਜਾਵੇ, ਜਿਹੜਾ ਹਿਰਦਾ ਆਪਣੇ ਆਪ ਨੂੰ ਬਾਣੀ ਦਾ ਰੂਪ ਬਣਾ ਲਵੇ, ਉਹਦਾ ਸਰੀਰ ਵੀ ਉਸੇ ਤਰ੍ਹਾਂ ਪਵਿੱਤਰ ਹੋ ਜਾਂਦਾ ਹੈ। ਸੋ ਉਹਨੂੰ ਸੋਝੀ ਹੁੰਦੀ ਹੈ, ਅੰਦਰ ਜਾਗ ਹੁੰਦੀ ਹੈ। ਉਹਦੇ ਅੰਦਰ ਨੀਂਦ ਨਹੀਂ ਆਉਂਦੀ -

*ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥* **ਅੰਗ - 1024**

ਹਮੇਸ਼ਾਂ ਹੀ ਜਾਗਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਕੋਈ ਗੱਲ ਨਹੀਂ ਕਹੀ, ਦੋ ਚਾਰ ਪਿਆਰ ਦੀਆਂ ਗੱਲਾਂ ਕਰੀਆਂ ਕਿ ਤੁਸੀਂ ਪਛਤਾਵਾ ਨਾ ਕਰੋ। ਇਹ ਤਾਂ ਇਵੇਂ ਜਿਵੇਂ ਹੀ ਹੋਣਾ ਸੀ। ਤੁਸੀਂ ਇਸ ਤਰ੍ਹਾਂ ਨਾ ਕਰੋ। ਅਫਸੋਸ ਵਿਚ ਨਾ ਆਵੋ। ਬੜੇ ਚੰਗੇ ਹੋਂ ਤੁਸੀਂ, ਆ ਕੇ ਫੇਰ ਵੀ ਪੁੱਛਿਆ ਹੈ। ਵਾਹਿਗੁਰੂ ਨੇ ਤੁਹਾਡੇ ਅੰਦਰ ਦਯਾ ਪੈਦਾ ਕੀਤੀ ਹੈ। ਦਯਾ ਚੰਗੀ ਅੱਛੀ ਚੀਜ਼ ਹੈ। ਜਿੱਥੇ ਦਯਾ ਹੋਵੇ, ਉਥੇ ਧਰਮ ਆਪਣੇ ਆਪ ਹੀ ਆ ਜਾਇਆ ਕਰਦਾ ਹੈ। ਕਿਉਂਕਿ ਧਰਮ ਪੈਦਾ ਹੀ ਦਯਾ ਤੋਂ ਹੁੰਦਾ ਹੈ। ਪੁੱਤਰ ਕਹਿੰਦੇ ਨੇ ਇਹਨੂੰ ਦਯਾ ਦਾ। ਜਿਹੜੇ ਹਿਰਦੇ 'ਚ ਦਯਾ ਨਹੀਂ ਆਈ, ਮੂਰਖਾਂ ਵਾਂਗਣ ਕਹੀ ਜਾਂਦਾ ਹੈ ਕਿ ਵੱਢ-ਵੱਢ ਜਾਨਵਰ ਖਾਈ ਜਾਓ-ਖਾਈ ਜਾਓ। ਗੁਰੂ ਸਾਹਿਬ ਦਾ ਹੁਕਮ ਹੈ, ਫਲਾਣਾ ਹੈ। ਵਾਹਿਗੁਰੂ ਬਚਾਵੇ ਐਸੇ ਲੋਕਾਂ ਤੋਂ -

*ਐਸੇ ਲੋਗਨ ਸਿਉ ਕਿਆ ਕਹੀਐ ॥*
*ਜੋ ਪ੍ਰਭ ਕੀਏ ਭਗਤਿ ਤੇ ਬਾਹਜ*
*ਤਿਨ ਤੇ ਸਦਾ ਡਰਾਨੇ ਰਹੀਐ ॥* **ਅੰਗ- 332**

ਕਹਿੰਦੇ, ਡਰਦੇ ਰਹੋ ਇਨ੍ਹਾਂ ਤੋਂ। ਕਿਉਂਕਿ ਕਿਸੇ ਅਸੂਲ ਵਿਚ ਨਹੀਂ

ਹੈਗੇ ਇਹ। ਬੇਅਸੂਲੇ ਨੇ। ਮਹਾਰਾਜ ਕਹਿੰਦੇ, ਫੇਰ ਅਸੀਂ ਤੇਰੇ ਨਾਲ ਇਕੋ ਗੱਲ ਕਰਨੀ ਹੈ। ਖੱਪ ਨਹੀਂ ਅਸੀਂ ਪਾਉਣੀ। ਤੇਰੀਆਂ ਦਲੀਲਾਂ ਨਹੀਂ ਅਸੀਂ ਸੁਣਨੀਆਂ, ਪਰ ਇਕ ਗੱਲ ਦਸ –

*ਜੀਅ ਬਧਹੁ ਸੁ ਧਰਮੁ ਕਰਿ ਥਾਪਹੁ*
*ਅਧਰਮੁ ਕਹਹੁ ਕਤ ਭਾਈ ॥*
*ਆਪਸ ਕਉ ਮੁਨਿਵਰ ਕਰਿ ਥਾਪਹੁ*
*ਕਾ ਕਉ ਕਹਹੁ ਕਸਾਈ ॥* **ਅੰਗ- 1103**

ਜੀਆਂ ਨੂੰ ਮਾਰ ਕੇ ਤੂੰ ਕਹਿੰਦਾ ਹੈਂ ਮੈਂ ਧਰਮ ਕਰਦਾ ਹਾਂ। ਮੈਂ ਉਨ੍ਹਾਂ ਦੀ ਮੁਕਤੀ ਕਰਦਾ ਹਾਂ। ਫੇਰ ਤੂੰ ਅਧਰਮ ਦੀ ਕਿਹੜੀ ਪਰਿਭਾਸ਼ਾ ਲਿਆਏਂਗਾ। ਕਿਹੜੀ ਚੀਜ਼ ਨੂੰ ਕਹੇਂਗਾ ਅਧਰਮ ਹੈਂ। ਫੇਰ ਤੂੰ ਮੁਖੀ ਬਣਿਆ ਹੋਇਆ ਹੈਂ ਸਾਰਿਆਂ ਦਾ। ਸਾਰਿਆਂ ਨੂੰ ਕਹਿੰਦਾ ਹੈਂ ਕਿ ਮੈਨੂੰ ਫਤਹਿ ਬੁਲਾਓ। ਮੈਨੂੰ ਮੰਨੋ। ਕਹਿੰਦੇ ਫੇਰ ਕਸਾਈ ਕੀਹਨੂੰ ਕਹੇਂਗਾ ਪਿਆਰਿਆ। ਤੇਰੇ ਅੰਦਰ ਤਾਂ ਦਯਾ ਨਹੀਂ ਆਈ। ਜਿਥੇ ਦਯਾ ਹੈ ਉਥੇ ਧਰਮ ਹੈ।

*ਧੌਲੁ ਧਰਮੁ ਦਇਆ ਕਾ ਪੂਤੁ ॥* **ਅੰਗ – 3**

ਜੇ ਮਾਂ ਹੀ ਨਹੀਂ ਹੈ ਪੁੱਤ ਕਿੱਥੋਂ ਆ ਜਾਏਗਾ। ਧਰਮ ਕਿਥੋਂ ਆ ਜਾਏਗਾ। ਖਿਆਲੀ ਧਰਮ ਨਹੀਂ ਹੋਇਆ ਕਰਦਾ। ਧਰਮ ਤਾਂ ਇਕ ਚਰਿੱਤਰ ਹੈ ਜਿਹੜਾ ਅੰਦਰੋਂ ਉੱਗ ਆਉਂਦਾ ਹੈ, ਆਪਣੇ ਆਪ ਪੈਦਾ ਹੁੰਦਾ ਹੈ। ਆਹੀ ਵਜ੍ਹਾ ਹੈ ਕਿ ਅਸੀਂ ਖੁਆਰ ਹੋ ਰਹੇ ਹਾਂ ਸਾਰੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿਲੋਂ ਨਹੀਂ ਅਸੀਂ ਮੰਨਦੇ, ਉਤੋਂ-ਉਤੋਂ ਹੀ ਹੈ, ਰੌਲਾ-ਰੱਪਾ ਬਹੁਤ ਪਾਉਂਦੇ ਹਾਂ ਅਸੀਂ ਕਿ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਨੇ, ਫਲਾਣਾ ਪੜ੍ਹਦਾ ਨਹੀਂ ਜੀ 'ਆਗਿਆ ਭਈ ਅਕਾਲ ਕੀ' ਪੜ੍ਹ ਲਏਂਗਾ ਫੇਰ ਕੀ ਫਰਕ ਪੈ ਜਾਏਗਾ ਤੇਰੇ 'ਚ। ਤੂੰ ਤਾਂ ਮੰਨਦਾ ਹੀ ਨਹੀਂ ਹੈ ਗੁਰੂ ਗ੍ਰੰਥ ਸਾਹਿਬ ਨੂੰ। ਅੱਖਰਾਂ ਦੇ ਨਾਲ ਕਹਿੰਦਾ ਹੈਂ ਕਿ 'ਗੁਰੂ ਗ੍ਰੰਥ ਜੀ ਮਾਨਿਓ'। ਜੇ ਗੁਰੂ ਗ੍ਰੰਥ ਸਾਹਿਬ ਜੀ ਮੰਨਣਾ ਹੈ, ਫੇਰ ਜਿਹੜੀਆਂ ਗੱਲਾਂ ਗੁਰੂ ਗ੍ਰੰਥ ਸਾਹਿਬ ਜੀ ਬੋਲਦੇ ਨੇ ਉਹ ਵੀ ਗੱਲਾਂ ਮੰਨ ਲੈ। ਉਹ ਤਾਂ ਮੰਨਦਾ ਨਹੀਂ ਹੈ। ਸੋ ਇਸ ਤਰ੍ਹਾਂ ਦਇਆ ਦਾ ਜਜ਼ਬਾ ਹੈ। ਕਹਿਣ ਲੱਗੇ, ਬੀਬਾ! ਤੁਸੀਂ ਬੜੇ ਚੰਗੇ ਲੋਕ ਹੋਂ। ਮੇਰੇ ਵਰਗੇ ਗਰੀਬ ਦੀ ਵੀ ਸੰਭਾਲ ਕਰਨ ਵਾਸਤੇ ਦੇਖੋ ਹੱਥ ਨਾਲ ਤੁਸੀਂ ਖ਼ੂਨ ਦੀ ਨਾੜੀ ਫੜੀ ਹੋਈ ਹੈ, ਹੋਰ ਨੂੰ ਵੀ ਕਿਸੇ ਨੂੰ ਕਹਿ ਸਕਦੇ ਸੀ ਕਿ ਤੂੰ ਫੜ ਲੈ। ਕਿੰਨੀ ਦਇਆ ਤੁਹਾਡੇ ਮਨ ਵਿਚ ਹੈ। ਧਰਮ ਜਨਮ ਲਏਗਾ ਹਿਰਦੇ 'ਚ।

ਸੋ ਉਸ ਵੇਲੇ ਪਾਲਕੀ ਆਉਂਦੀ ਹੈ, ਆਪ ਨੂੰ ਲੈ ਜਾਂਦੇ ਨੇ ਚੁਕਾ ਕੇ। ਬਹੁਤ ਖ਼ੂਨ ਨਿਕਲ ਗਿਆ। ਬੇਹੋਸ਼ੀ ਦੀ ਹਾਲਤ ਆ ਗਈ। ਬੜਾ ਅਫਸੋਸ ਹੋਇਆ ਘਰ ਜਾ ਕੇ। ਪਿਤਾ ਨੇ ਕਿਹਾ ਕਿ ਕੀ ਹੋ ਗਿਆ? ਦੇਖ ਇਕ ਫੁਕਰਾ, ਤੁਰਦਾ ਫਿਰਦਾ, ਮਾਰਿਆ ਗਿਆ ਇਹਦੇ ਨਾਲ ਅਸਮਾਨ ਤਾਂ ਨਹੀਂ ਥੱਲੇ ਗਿਰ ਗਿਆ? ਕੀ ਹੋ ਗਿਆ ਜੇ ਇਕ ਬੰਦਾ ਮਰ

ਗਿਆ। ਆਪਾਂ ਤੋਂ ਹਜ਼ਾਰਾਂ ਬੰਦੇ ਯੁੱਧਾਂ 'ਚ ਮਰਦੇ ਨੇ, ਉਸ ਤਰ੍ਹਾਂ ਮਾਰ ਦਿੰਦੇ ਹਾਂ ਅਸੀਂ। ਜਿਹੜਾ ਸਾਡੀ ਸਹਿਮਤੀ 'ਚ ਨਾ ਹੋਵੇ, ਉਹਨੂੰ ਮਾਰਨ ਨੂੰ ਇਕ ਸਕਿੰਟ ਲਾਉਂਦੇ ਹਾਂ। ਐਨੀ ਕਮਜ਼ੋਰ ਤੂੰ ਹੋ ਗਈ। ਤੂੰ ਕੱਲ੍ਹ ਨੂੰ ਰਾਜ ਭਾਗ ਦੀ ਮਾਲਕ ਬਣਨਾ ਹੈ ਤੇ ਐਡਾ ਕੋਮਲ ਹਿਰਦਾ ਰੱਖ ਕੇ ਕਿਵੇਂ ਰਾਜ ਕਰ ਲਏਂਗੀ ਤੂੰ? ਰਾਠਾਂ ਦੇ ਹਿਰਦੇ ਸਖਤ ਹੋਇਆ ਕਰਦੇ ਨੇ। ਛੱਡ ਪਰ੍ਹੇ ਇਹਨੂੰ। ਮੈਂ ਚੁਕਵਾ ਦਿੰਦਾ ਹਾਂ, ਜੇ ਜ਼ਿਆਦਾ ਕਰਨਾ ਹੈ ਹਕੀਮ ਨੂੰ ਸੰਭਾਲ ਦਿੰਦਾ ਹਾਂ, ਆਪੇ ਹੀ ਉਹ ਸੇਵਾ ਕਰੇਗਾ, ਰਾਜ਼ੀ ਹੋ ਗਿਆ ਤਾਂ ਕੀ ਹੈ, ਜੇ ਮਰ ਗਿਆ ਤਾਂ ਵੀ ਕੀ ਹੈ। ਰੋਣ ਲੱਗ ਗਈ ਬਹੁਤ ਜ਼ਿਆਦਾ। ਕਹਿਣ ਲੱਗੀ, ਨਾ ਪਿਤਾ ਜੀ! ਇਹ ਗੱਲ ਨਾ ਕਹੋ। ਇਹ ਮੇਰਾ ਕਸੂਰ ਹੈ, ਮੈਂ ਮਾਰਿਆ ਹੈ ਇਸ ਨੂੰ। ਦੇਖੋ ਤਾਂ ਸਹੀ ਕਿੰਨਾ ਚੰਗਾ ਪੁਰਸ਼ ਹੈ, ਕੋਈ ਬਦਦੁਆ ਨਹੀਂ ਦਿੰਦਾ, ਮੈਨੂੰ ਮਾੜੀ ਨਹੀਂ ਕਹਿੰਦਾ। ਮੈਨੂੰ ਕਹਿੰਦਾ ਤੂੰ ਕੁਛ ਕਰਿਆ ਹੀ ਨਹੀਂ। ਇਹੋ ਜਿਹਾ ਬੰਦਾ ਮੈਨੂੰ ਲੱਭਿਆ ਹੈ ਅੱਜ ਤੱਕ, ਤੁਹਾਡੇ ਰਾਜ ਦੇ ਅੰਦਰ ਹੈ ਕੋਈ ਜਿਹੜਾ ਉਹਨੂੰ ਮਾਰੇ ਤੇ ਉਹਨੂੰ ਕਹੇ ਕਿ ਤੂੰ ਤਾਂ ਕੁਛ ਨਹੀਂ ਕਰਿਆ। ਇਹ ਤਾਂ ਮੇਰੇ ਭਾਗਾਂ ਦੀ ਹੀ ਗੱਲ ਹੈ।

ਸੋ ਇਸ ਤਰ੍ਹਾਂ ਦੇ ਨਾਲ ਸੇਵਾ ਕਰਦੀ ਹੈ, ਕਦੇ ਨੇਤਰ ਖੁੱਲ੍ਹ ਜਾਂਦੇ ਨੇ, ਹਕੀਮ ਲੱਗੇ ਹੋਏ ਨੇ, ਜ਼ਖਮ ਬੰਨ੍ਹ ਦਿਤੇ ਤੇ ਬਹੁਤ ਕਿਸਮ ਦੀਆਂ ਮਾਲਿਸ਼ਾਂ ਕੀਤੀਆਂ ਜਾਂਦੀਆਂ ਨੇ। ਪਰ ਆਪ ਉਥੇ ਹੀ ਰਹਿੰਦੀ ਹੈ। ਖਾਣਾ-ਪੀਣਾ ਵੀ ਭੁੱਲੀ ਹੋਈ ਹੈ। ਪਿਤਾ ਨੇ ਇਸਦੀ ਮਾਂ ਨੂੰ ਕਿਹਾ ਕਿ ਇਹਨੂੰ ਕੀ ਹੋ ਗਿਆ, ਬਊਰੀ ਹੋ ਗਈ ਇਹ ਤਾਂ। ਉਹ ਕਹਿੰਦੀ, ਹੁਣ ਤੁਸੀਂ ਬੋਲੋ ਨਾ ਮੈਂ ਬਥੇਰਾ ਸਮਝਾ ਕੇ ਦੇਖ ਲਿਆ, ਪਰ ਇਹਦੇ ਅੰਦਰ ਕੋਈ ਲਗਨ ਲੱਗੀ ਹੋਈ ਹੈ। ਲਗਨ ਤਾਂ ਨੇਕ ਹੈ, ਚੰਗਾ ਹੈ ਜੇ ਇਹ ਤਰਸ ਕਰਦੀ ਹੈ। ਤਰਸ ਕਰਨਾ ਕੋਈ ਮਾੜਾ ਥੋੜ੍ਹਾ ਹੁੰਦਾ ਹੈ। ਤੁਸੀਂ ਵੀ ਤਾਂ ਮੇਰੇ 'ਤੇ ਤਰਸ ਕਰਦੇ ਹੀ ਹੋਂ। ਜਦ ਮੈਂ ਇਹ ਕਹਿ ਦਿੰਦੀ ਹਾਂ ਕਿ ਆਪਣੇ ਲੜਕਾ ਨਹੀਂ ਹੈ ਕੋਈ। ਰੋਂਦੀ ਹਾਂ ਤੁਸੀਂ ਮੈਨੂੰ ਚੁੱਪ ਕਰਾਉਂਦੇ ਹੋਂ, ਉਹ ਤਰਸ ਹੀ ਹੁੰਦਾ ਹੈ, ਹੋਰ ਕੀ ਹੁੰਦਾ ਹੈ? ਬੱਚੀ ਨੂੰ ਉਸ ਤੇ ਤਰਸ ਆ ਰਿਹਾ ਹੈ, ਇਹਦੇ ਵਿਚ ਇਹ ਸੇਵਾ ਕਰਨਾ ਚਾਹੁੰਦੀ ਹੈ।

ਚੌਥੇ-ਪੰਜਵੇਂ ਦਿਨ ਆਪ ਦੇ ਨੇਤਰ ਖੁੱਲ੍ਹੇ ਅਚਾਨਕ, ਦੇਖਿਆ ਖੁਸ਼ ਹੋ ਗਈ। ਕਹਿਣ ਲੱਗੀ, ਐ ਚੰਗੇ ਮਨੁੱਖ! ਮੈਂ ਬੜੀ ਗਲਤੀ ਕਰੀ ਹੈ, ਮੇਰੇ ਅੰਦਰ ਬਹੁਤ ਪਛਤਾਵਾ ਵਧ ਗਿਆ ਤੇ ਮੈਂ ਤਾਂ ਰਾਜ਼ੀ ਹੁੰਦੀ ਹਾਂ, ਮੇਰਾ ਚਿੱਤ ਤਾਂ ਖੁਸ਼ ਹੁੰਦਾ ਹੈ, ਆਹ ਫੜ ਕਟਾਰ ਮੇਰੇ ਜ਼ੋਰ ਨਾਲ ਮਾਰ। ਮੇਰੇ ਕਰਮ ਦਾ ਮੈਨੂੰ ਫਲ ਦੇ-ਦੇ। ਕਹਿੰਦੇ, ਨਹੀਂ ਇਥੇ ਕੋਈ ਕੁਛ ਨਹੀਂ ਕਰਦਾ। ਇਹ ਤਾਂ ਹੁਕਮ ਹੈ, ਹੁਕਮ ਦੇ ਨਾਲ ਹੀ ਸਭ ਕੁਛ ਹੋਇਆ ਹੈ। ਮੈਨੂੰ ਕਟਾਰ ਮਾਰਨ ਦੀ ਲੋੜ ਨਹੀਂ ਹੈ। ਪਰ ਮੈਂ ਤੈਨੂੰ ਇਕ ਗੱਲ ਦੱਸਣੀ ਚਾਹੁੰਦਾ ਹਾਂ ਉਹ ਇਹ ਹੈ ਕਿ ਧਿਆਨ ਨਾਲ ਸੁਣੀ। ਕਹਿਣ ਲੱਗੀ, ਜੋ ਕੁਛ ਤੁਸੀਂ ਦੱਸੋਂਗੇ, ਮੈਂ ਇਕੱਲਾ-ਇਕੱਲਾ ਅੱਖਰ ਯਾਦ ਰੱਖਾਂਗੀ। ਕਹਿੰਦੇ, ਆਹ ਜਿਹੜਾ ਤੂੰ ਆਪਣੇ ਆਪ ਨੂੰ ਕਹਿੰਦੀ ਹੈਂ ਨਾ ਕਿ ਮੈਂ

ਮਾਰਿਆ, ਮੈਂ ਮਾਰਿਆ। ਤੈਨੂੰ ਪਤਾ ਨਹੀਂ ਇਹ ਤਾਂ ਪੰਜ ਤੱਤ ਦਾ ਸਰੀਰ ਹੈ, ਇਹ ਤੂੰ ਹੈ ਨਹੀਂ। ਤੂੰ ਇਹਦੇ ਵਿਚ ਵਸਣ ਵਾਲੀ ਹੈਂ। ਇਹਦੇ ਵਿਚ ਵਸਣ ਵਾਲੀ ਤੂੰ ਆਖਰੀ ਸਿਰੇ 'ਤੇ ਹੈਂ। ਤੈਨੂੰ ਕਿਸੇ ਨੇ ਦੱਸਿਆ ਨਹੀਂ, ਕਿਉਂਕਿ ਤੂੰ ਰਾਜ ਮਹਿਲਾਂ 'ਚ ਪਲੀ ਹੈਂ। ਆਹ ਗੱਲਾਂ ਤੁਹਾਡੇ ਘਰਾਂ 'ਚ ਹੁੰਦੀਆਂ ਨਹੀਂ। ਪਰ ਕਿਉਂਕਿ ਮੈਂ ਚਲੇ ਜਾਣਾ ਹੈ ਮੈਂ ਤੈਨੂੰ ਸੱਚ ਦੀ ਗੱਲ ਦੱਸ ਕੇ ਜਾਣਾ ਹੈ।

ਕਹਿਣ ਲੱਗੇ, ਤੂੰ ਆਹ ਸਰੀਰ ਨਹੀਂ।

ਕਹਿਣ ਲੱਗੀ, ਜੇ ਮੈਂ ਸਰੀਰ ਨਹੀਂ ਤਾਂ ਫੇਰ ਮੈਂ ਕੀ ਹੋਈ? ਫੇਰ ਤਾਂ ਕੁਛ ਵੀ ਨਾ ਹੋਇਆ?

ਕਹਿੰਦੇ, ਨਹੀਂ, ਇਹਦੇ ਅੰਦਰ ਇਕ ਸਰੀਰ ਹੋਰ ਹੈ, ਜਿਹਨੂੰ **ਸੂਖਸ਼ਮ ਸਰੀਰ** ਕਹਿੰਦੇ ਨੇ। 19 ਤੱਤਾਂ ਦਾ ਹੁੰਦਾ ਹੈ ਉਹ। ਜਦੋਂ ਇਹ ਸਰੀਰ ਛੁੱਟ ਜਾਂਦਾ ਹੈ, ਉਹ ਆਪਣੇ ਕਰਮਾਂ ਦੇ ਹਿਸਾਬ ਨਾਲ ਤੁਰ ਜਾਂਦਾ ਹੈ ਇਹਦੇ ਵਿਚੋਂ ਨਿਕਲ ਕੇ, ਤੂੰ ਉਹ ਵੀ ਨਹੀਂ ਹੈਂ, ਉਹਦੇ ਅੰਦਰ ਇਕ ਹੋਰ ਸਰੀਰ ਹੁੰਦਾ ਹੈ ਜਿਹਨੂੰ **ਕਾਰਨ ਸਰੀਰ** ਕਹਿੰਦੇ ਨੇ, ਉਹ **ਅਗਿਆਨ ਦਾ ਸਰੀਰ** ਹੁੰਦਾ ਹੈ, **ਮੈਂ ਦਾ ਸਰੀਰ** ਹੁੰਦਾ ਹੈ, ਮੈਂ ਭਾਵ ਦਾ, ਉਹਨੂੰ ਕਾਰਨ ਸਰੀਰ ਕਹਿੰਦੇ ਨੇ। ਉਹ ਵੀ ਤੂੰ ਨਹੀਂ। ਆਹ ਸਰੀਰ ਦੇ ਅੰਦਰ ਜਿਹੜੀਆਂ ਅੱਖਾਂ ਨਾਲ ਤੂੰ ਦੇਖਦੀ ਹੈਂ, ਇਹ ਵੀ ਨਹੀਂ। ਜਿਹੜਾ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, ਇਨ੍ਹਾਂ 'ਚ ਕੋਈ ਤੱਤ ਨਹੀਂ ਤੂੰ ਤੇ ਨਾ ਤੂੰ ਸੁਣਨ ਵਾਲੀ ਹੈਂ। ਕੰਨ ਨਹੀਂ ਹੈਂ ਤੂੰ, ਕੰਨਾਂ ਦੇ ਵਿਚ ਸੁਣਨ ਵਾਲੀ ਹੈਂ, ਅੱਖਾਂ ਦੇ ਵਿਚ ਦੇਖਣ ਵਾਲੀ ਹੈਂ, ਜ਼ੁਬਾਨ ਦੇ ਨਾਲ ਬੋਲਣ ਵਾਲੀ ਹੈਂ ਤੇ ਸਾਰਾ ਕੁਛ ਤੂੰ ਦੇਖ ਰਹੀ ਹੈਂ। ਸਰੀਰ ਨੂੰ ਸੱਤਾ ਦੇ ਰਹੀ ਹੈਂ, ਸਰੀਰ ਸੁਭਾਅ ਦੇ ਮੁਤਾਬਿਕ ਚੱਲ ਰਿਹਾ ਹੈ। ਇਹ ਸਰੀਰ **ਉਪਰ ਜਿਹੜਾ ਫੁਰਨਾ ਕਰਦਾ ਹੈ, ਇਹਨੂੰ ਮਨ** ਕਹਿੰਦੇ ਨੇ।

ਸੋਚਦੀ ਹੈ ਨਾ?

ਕਹਿੰਦੀ, ਹਾਂ ਮੈਂ ਹਰ ਵਕਤ ਸੋਚਦੀ ਹਾਂ।

ਕਹਿੰਦੇ, ਉਹ ਜਿਹੜਾ ਸੋਚਦੀ ਹੈਂ ਉਹਨੂੰ ਮਨ ਕਹਿੰਦੇ ਨੇ, ਉਹ ਵੀ ਤੂੰ ਨਹੀਂ। ਫੇਰ ਤੂੰ ਕਦੇ ਇਸ ਤਰ੍ਹਾਂ ਸੋਚਦੀ ਹੋਵੇਂਗੀ ਕਿ ਮੈਂ ਜਿਹੜੀ ਸੋਚ ਸੋਚੀ ਹੈ, ਇਹ ਠੀਕ ਨਹੀਂ ਹੈ। ਕਹਿੰਦੀ, ਇਹ ਵੀ ਮੈਂ ਕਰਦੀ ਹਾਂ, ਜਦੋਂ ਪਈ-ਪਈ ਮੈਂ ਗਲਤ ਗੱਲਾਂ ਸੋਚ ਲੈਂਦੀ ਹਾਂ ਤੇ ਮੇਰੇ ਅੰਦਰੋਂ ਹੀ ਆ ਜਾਂਦੀ ਹੈ ਕਿ ਇਹ ਗਲਤ ਹੈ ਇਹਦੇ 'ਚ ਤਾਂ ਮਾਂ-ਬਾਪ ਨਰਾਜ਼ ਹੋ ਜਾਣਗੇ ਜੇ ਮੈਂ ਇਹ ਗੱਲ ਕਰੀ।

ਕਹਿੰਦੇ, ਇਹਨੂੰ ਬੁੱਧੀ ਕਹਿੰਦੇ ਨੇ, ਇਹ ਵੀ ਤੂੰ ਨਹੀਂ ਹੈ। ਕਹਿੰਦੇ, ਹੁਣ ਤੇਰਾ ਚਿੱਤ ਉਦਾਸ ਹੈ ਨਾ?

ਕਹਿੰਦੀ, ਹਾਂ।

ਕਹਿੰਦੇ, ਚਿੱਤ ਖੁਸ਼ ਵੀ ਹੋ ਜਾਂਦਾ ਹਾਂ। ਕਹਿੰਦੀ ਹਾਂ, ਮੈਂ ਤਾਂ ਖੁਸ਼

ਹੁੰਦੀ ਹਾਂ ਤੁਸੀਂ ਰਾਜ਼ੀ ਜਾਵੋਂ।

ਕਹਿੰਦੇ, ਇਹ ਚਿੱਤ ਹੈ ਇਹ ਵੀ ਤੂੰ ਨਹੀਂ ਹੈਂ।

ਹੈਰਾਨ ਹੋ ਗਈ, ਕਹਿੰਦੇ ਭਲੇ ਪੁਰਸ਼! ਤੂੰ ਤਾਂ ਮੈਨੂੰ ਊਈਂ ਖਤਮ ਕਰ ਦਿਤਾ। ਮੈਂ ਫੇਰ ਕੁਛ ਵੀ ਨਹੀਂ ਹਾਂ?

ਕਹਿੰਦੇ, ਨਹੀਂ ਤੂੰ ਅਸਲੀ ਚੀਜ਼ ਹੈਂ ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਪਰ੍ਹੇ **ਤੂੰ ਆਤਮਾ ਹੈਂ**। ਤੂੰ ਦ੍ਰਿਸ਼ਟਾ ਹੈਂ, ਤੂੰ ਦੇਖ ਰਹੀ ਹੈਂ, ਤੇਰਾ ਸਬੰਧ ਨਹੀਂ ਕਿਸੇ ਨਾਲ, ਨਾ ਕੋਈ ਮਾਂ ਹੈ, ਨਾ ਕੋਈ ਪਿਓ ਹੈ, ਨਾ ਕੋਈ ਭਰਾ ਹੈ, ਕੋਈ ਨਹੀਂ ਹੈ। ਸੱਤਾ ਦਿੰਦੀ ਹੈਂ ਤੂੰ ਇਸ ਸਰੀਰ ਨੂੰ, ਅਗਿਆਨ ਦੇ ਨਾਲ ਇਹਦੇ ਸਬੰਧ ਨੇ। ਇਹ ਇਕ ਬੁੱਧੀ ਪੈਦਾ ਹੋ ਗਈ ਜਿਹਨੂੰ ਹਉਮੈ ਦੀ ਬੁੱਧੀ ਕਹਿੰਦੇ ਨੇ, ਸੁਰਤ ਆ ਗਈ ਅੰਦਰ, ego ਦੀ ਸੁਰਤ, ਹਉਮੈ ਦੀ ਸੁਰਤ, ਉਹ ਹਉਮੈ ਦੀ ਸੁਰਤ ਨੇ ਬਣਾ ਦਿਤੇ ਕਿ ਆਹ ਮੇਰਾ ਪਿਤਾ ਹੈ, ਆਹ ਮੇਰਾ ਭਰਾ ਹੈ, ਆਹ ਮੇਰੀ ਮਾਂ ਹੈ, ਆਹ ਮੇਰੀ ਜ਼ਮੀਨ ਹੈ, ਆਹ ਮੇਰੀ ਕੋਠੀ ਹੈ, ਆਹ ਮੇਰਾ ਸਰੀਰ ਹੈ, ਆਹ ਮੇਰਾ ਧਰਮ ਹੈ, ਮੈਂ ਫਲਾਣੇ ਪਿੰਡ ਦਾ ਹਾਂ, ਮੈਂ ਧਿਮਕੇ ਦਾ ਹਾਂ, ਕਹਿੰਦੇ ਇਸ ਸੁਰਤ ਨੇ ਇਹਨੂੰ ਬੁੰਦਲਾ ਲਿਆ। ਅਸਲੀ ਸਰੂਪ ਨਹੀਂ ਆਉਣ ਦਿੰਦੀ ਤੇ ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਇਸ ਤਰ੍ਹਾਂ ਨਾਲ ਕਹਿੰਦੇ ਨੇ –

***ਧਾਰਨਾ – ਮਨ ਭੋਲਿਆ ਹਉਮੈ ਸੁਰਤ ਵਿਸਾਰ।***

ਇਹ ਜਿਹੜੀ ਤੇਰੇ ਅੰਦਰ ਸੁਰਤ ਹੈ ਇਹ ਹਉਮੈ ਦੀ ਹੈ, ਇਹ ਹਉਮੈ ਦੀ ਸੁਰਤ ਕਰਕੇ ਤੈਨੂੰ ਇਹ ਲਗਦਾ ਹੈ। ਜਿਵੇਂ ਕੋਈ ਆਦਮੀ ਬੇਸੁਰਤ ਹੋ ਜਾਵੇ, ਉਹਦੇ ਸਾਮ੍ਹਣੇ ਕਹਿੰਦੇ ਨੇ, ਐਕਸੀਡੈਂਟ ਹੋ ਜਾਵੇ, ਅੱਖਾਂ ਦੇਖਦੀਆਂ ਨੇ, ਕੰਨ ਸੁਣਦੇ ਨੇ, ਮੂੰਹ ਨਾਲ ਖਾਂਦਾ ਹੈ, ਪਰ ਕਹਿੰਦੇ ਨੇ ਸੁਰਤ ਨਹੀਂ ਆਈ। ਉਹ ਸੁਰਤ ਤਾਂ ਆ ਗਈ ਖਾਣ ਪੀਣ ਦੀ, ਕੱਪੜੇ ਪਾਉਣ ਦੀ, ਆਹ ਸੁਰਤ ਨਹੀਂ ਆਈ, ਉਹ ਕਹਿੰਦੇ, ਪਛਾਣ ਤਾਂ ਸਹੀ ਇਹ ਕੌਣ ਹੈ। ਕਹਿੰਦਾ, ਮੈਂ ਤਾਂ ਜਾਣਦਾ ਨਹੀਂ। ਉਹ ਕਹਿੰਦਾ, ਤੇਰੀ ਘਰਵਾਲੀ ਹੈ, ਕਹਿੰਦਾ ਮੈਂ ਨਹੀਂ ਜਾਣਦਾ। ਸੁਰਤ ਜਿਹੜੀ ਹੈ, ਸੁਰਤ ਦਾ ਖਾਨਾ ਬਦਲ ਗਿਆ। ਸੁਰਤ ਦਾ ਖਾਨਾ ਬਦਲਦੇ ਸਾਰ, ਹੋਰ ਕੁਛ ਬਣ ਜਾਂਦਾ ਹੈ ਰਿਸ਼ਤਾ। ਸੋ ਮਹਾਰਾਜ ਕਹਿੰਦੇ, ਇਹ ਹਉਮੈ ਦੀ ਸੁਰਤ ਦੇ ਵਿਚ, ਆਪਣੇ ਤੇ ਪਰਾਏ, ਚੰਗੇ ਮੰਦੇ ਇਹ ਦ੍ਰਿਸ਼ਟੀ ਆਉਂਦੇ ਨੇ, ਜਿਸ ਵਕਤ ਹਉਮੈ ਦੀ ਸੁਰਤ ਹਟ ਜਾਂਦੀ ਹੈ –

***ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥***
***ਤਿਸ ਕੈ ਭਾਣੈ ਕੋਇ ਨ ਭੂਲਾ ਜਿਨਿ ਸਗਲੋ ਬ੍ਰਹਮੁ ਪਛਾਤਾ ॥***

***ਅੰਗ– 610***

ਜਿਹਨੂੰ ਬ੍ਰਹਮ ਦੀ ਪਛਾਣ ਆ ਗਈ, ਉਹਨੂੰ ਨਾਲ ਦੀ ਨਾਲ ਸੁਰਤ ਆ ਗਈ। ਇਥੇ ਭੁੱਲਿਆ ਹੋਇਆ ਹੀ ਨਹੀਂ ਕੋਈ। ਉਹ ਪਰਿਭਾਸ਼ਾ ਬਦਲ ਗਈ, ਹੋਰ ਸੁਰਤ ਆ ਗਈ –

***ਕਹਿ ਕਬੀਰ ਬੁਧਿ ਹਰਿ ਲਈ ਮੇਰੀ***

***ਬੁਧਿ ਬਦਲੀ ਸਿਧਿ ਪਾਈ ॥*** ***ਅੰਗ - 339***

ਸੁਰਤ ਬਦਲ ਗਈ, ਪਹਿਲਾਂ ਜਿਹੜਾ ਕਾਂਟਾ ਸੀ ਬਦਲ ਦਿਤਾ, ਦੂਜਾ ਕਾਂਟਾ ਆ ਗਿਆ, ਰੱਬ ਵਾਲੀ ਸੁਰਤ ਦਾ। ਸੋ ਕਹਿਣ ਲੱਗੇ, ਬੀਬਾ! ਇਹ ਦੇਹੀ ਤਾਂ ਮੰਨਦੀ ਹੈਂ, ਤੇਰੇ ਅੰਦਰ ਹਉਮੈ ਤੱਤ ਹੈ, ਕਹਿੰਦੀ ਚੰਗੇ ਪੁਰਸ਼, ਤੁਸੀਂ ਤਾਂ ਅਗਾਂਹਾਂ ਤੋਂ ਅਗਾਂਹਾਂ ਗੱਲ ਕਰੀ ਜਾਂਦੇ ਹੋਂ, ਮੈਨੂੰ ਤਾਂ ਪਹਿਲੀ ਗੱਲ 'ਚ ਹੀ ਨਹੀਂ ਸਮਝ ਆਈ। ਮੈਂ ਤਾਂ ਸੋਚੀ ਜਾਂਦੀ ਹਾਂ, ਮੈਨੂੰ ਭੁੱਖ ਲਗਦੀ ਹੈ, ਮੈਂ ਮਾਂ ਨੂੰ ਪਿਆਰ ਕਰਦੀ ਹਾਂ, ਬਾਪ ਨੂੰ ਪਿਆਰ ਕਰਦੀ ਹਾਂ, ਫੇਰ ਇਹ ਮੇਰੇ ਕੁਛ ਨਹੀਂ ਲਗਦੇ?

ਕਹਿੰਦੇ, ਨਹੀਂ ਇਹ ਤਾਂ ਹਉਮੈ ਕਰਕੇ ਤੈਨੂੰ ਪ੍ਰਤੀਤ ਦਿੰਦੇ ਨੇ ਤੇ ਤੂੰ ਅਚਾਹ ਹੈਂ, ਤੂੰ ਪਿਆਰ ਕਰਦੀ ਹੈਂ, ਕਿਸੇ ਦਾ ਪਿਆਰ ਨਹੀਂ ਚਾਹੁੰਦੀ। ਤੂੰ ਦਿੰਦੀ ਹੀ ਦਿੰਦੀ ਹੈਂ ਸਭ ਨੂੰ, ਤੇਰੇ ਅੰਦਰ ਲੈਣ ਦੀ ਮੰਗਤਾ ਬਿਰਤੀ ਨਹੀਂ ਹੈ। ਆਪਣੇ ਆਪ ਨੂੰ ਪਛਾਣ। ਫੇਰ ਤੂੰ ਆਪ ਹੀ ਪ੍ਰੇਮ ਹੈਂ, ਨਿਰਾ ਹੀ ਪਿਆਰ ਜਿਹਨੂੰ ਕਹਿੰਦੇ ਨੇ।

ਕਹਿੰਦੀ, ਇਹ ਤਾਂ ਮੈਂ ਸੁਣਿਆ ਹੈ, ਪਿਆਰ।

ਕਹਿੰਦੇ, ਉਹ ਰੂਪ ਹੈ ਤੇਰਾ, ਤੂੰ ਉਹ ਹੈਂ।

ਕਹਿੰਦੀ, ਇਹ ਗੱਲਾਂ ਤਾਂ ਮੇਰੀ ਸਮਝ ਤੋਂ ਪਰ੍ਹੇ ਨੇ। ਮੈਂ ਤਾਂ ਆਹ ਹਾਂ ਜਿਹੜੀ ਕੱਪੜੇ ਪਾਈਂ ਬੈਠੀ ਹਾਂ, ਤੈਨੂੰ ਦੇਖਦੀ ਹਾਂ, ਮੇਰਾ ਜੀਅ ਕਰਦਾ ਹੈ ਕਿ ਤੂੰ ਰਾਜ਼ੀ ਹੋ ਜਾਵੇਂ ਤੇ ਮੈਂ ਫੇਰ ਤੈਨੂੰ ਕਹਾਂ ਕਿ ਹੁਣ ਮੇਰੇ ਤੋਂ ਬਦਲਾ ਲੈ।

ਕਹਿੰਦੇ, ਨਾ ਇਹ ਜਿਹੜੀਆਂ ਚੀਜ਼ਾਂ ਨੇ, ਇਹ ਸਾਰੇ ਜਿਹੜੇ ਖਿਆਲ ਨੇ ਇਹ ਹਉਮੈ ਕਰਕੇ ਖਿਆਲ ਨੇ। ਕਿਉਂਕਿ ਤੇਰੀ ਸੁਰਤ ਸੁੱਤੀ ਪਈ ਹੈ, ਅਜੇ ਜਾਗੀ ਨਹੀਂ।

ਕਹਿਣ ਲੱਗੀ, ਹੁਣ ਅੱਗੇ ਹੋਰ ਗੱਲ ਕਹਿ ਦਿਤੀ ਤੁਸੀਂ ਮੈਨੂੰ? ਮੇਰੇ ਤੋਂ ਤਾਂ ਪਹਿਲੀ ਹੀ ਗੱਲ ਨਹੀਂ ਝੱਲ ਹੁੰਦੀ। ਮੇਰੇ ਤਾਂ ਓਹੀ ਗੱਲ ਨਹੀਂ ਸਮਝ ਆਉਂਦੀ।

ਕਹਿੰਦੇ, ਆ ਜਾਂਦੀ ਹੁੰਦੀ ਹੈ, ਕੁਛ ਕਰਨਾ ਪੈਂਦਾ ਹੈ ਉਹਨੂੰ ਸਮਝਣ ਵਾਸਤੇ। ਕਹਿਣ ਲੱਗੇ, ਤੂੰ ਅਮਰ ਹੈਂ, ਕਦੇ ਮਰਨਾ ਨਹੀਂ ਤੂੰ।

ਕਹਿੰਦੀ, ਮੈਂ ਦਾਦਾ ਜੀ ਦੇਖੇ ਨੇ ਮਰਦੇ?

ਕਹਿੰਦੇ, ਨਹੀਂ, ਸਰੀਰ ਲਾਂਭੇ ਹੁੰਦਾ ਹੈ, ਜਿਹੜਾ ਉਹਦੇ ਵਿਚ ਤੇਰਾ ਦਾਦਾ ਜੀ ਬਣਿਆ ਹੋਇਆ ਸੀ ਉਹ ਨਹੀਂ ਮਰਿਆ। ਉਹ ਹੁਣ ਵੀ ਹੈਗਾ, ਉਹਨੂੰ ਕੋਈ ਪਤਾ ਨਹੀਂ ਕਿ ਮੇਰੀ ਪੋਤੀ ਕਿੱਥੇ ਹੈ?

***ਮਰਣਹਾਰੁ ਇਹੁ ਜੀਅਰਾ ਨਾਹੀ ॥*** ***ਅੰਗ - 188***

ਇਹ ਜਿਹੜੀ ਦੇਹੀ ਹੈ ਤੇਰੀ, ਇਹ ਤੇਰਾ ਧਨ ਹੈ, ਤੇਰੇ ਸਬੰਧੀ ਨੇ, ਤੇਰੀਆਂ ਵਾਸ਼ਨਾਵਾਂ ਨੇ, ਕਿੰਨੀਆਂ ਵਾਸ਼ਨਾਵਾਂ ਨੇ। ਪਹਿਲਾਂ ਤਾਂ ਦੇਹ

ਹੰਗਤਾ ਨਹੀਂ ਹਟਦੀ, ਸਾਰੀ ਜ਼ਿੰਦਗੀ ਜ਼ੋਰ ਲਾ ਲਓ ਜਿੰਨਾਂ ਲਗਦਾ ਹੈ। ਇਹ ਰੂਹਾਨੀ ਮਾਰਗ ਐਵੇਂ ਹੀ ਨਹੀਂ ਆਉਂਦਾ, ਇਹ ਤਾਂ ਜੀਉਂਦੇ ਮਰਨਾ ਹੈ। ਕਹਿੰਦੇ, ਏਧਰੋਂ ਮਰੋ, ਓਧਰ ਜਾਗੋ ਤਾਂ ਸਮਝ 'ਚ ਆਏਗਾ। ਜੇ ਇਧਰ ਵੀ ਜੀਉਂਦੇ ਰਹਿਣਾ ਹੈ, ਫੇਰ ਨਹੀਂ ਆਉਂਦਾ ਕੁਛ। ਕੁਛ ਬਣ ਜਾ ਫੇਰ ਜਿਹੜਾ ਕੁਛ ਤੇਰਾ ਜੀਅ ਕਰਦਾ ਹੈ। ਇਹ ਨਾ ਗੱਲ ਸਮਝ 'ਚ ਆਏਗੀ। ਇਹ ਮਰਨਾ ਪੈਂਦਾ ਹੈ –

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***

***ਅੰਗ – 1102***

ਅਸੀਂ ਕਹਿ ਦਿੰਦੇ ਹਾਂ ਕਿ ਕਬੂਲ ਹੈ ਜੀ ਮੇਰਾ ਸਿਰ ਲੈ ਲਓ। ਮਹਾਰਾਜ ਕਹਿੰਦੇ, ਸਿਰ ਲੈ ਕੇ ਕੀ ਕਰਨਾ ਹੈ ਅਸੀਂ ਤੇਰਾ। ਅਸੀਂ ਕੀ ਕਰਨੀ ਹੈ ਮਿੱਟੀ। ਤੈਨੂੰ ਤਾਂ ਜਿਹੜਾ ਤੇਰਾ ਆਪਾ ਭਾਵ ਹੈ, ਉਹ ਮਰਨਾ ਕਬੂਲ ਕਰ। ਕਿਉਂਕਿ ਅਸੀਂ ਤੈਨੂੰ ਜੀਵਨ ਦੇਣਾ ਹੈ। ਸਦਾ ਦਾ ਜੀਵਨ ਦੇਣਾ ਹੈ। ਉਹ ਜੀਵਨ ਲੈਣ ਨੂੰ ਪਹਿਲਾਂ ਤਿਆਰ ਹੋ। ਜਿਹਨੂੰ ਤੂੰ ਜੀਵਨ ਕਹਿੰਦੀ ਹੈਂ, ਇਹਨੂੰ ਮਰਨਾ ਕਬੂਲ ਲੈ। ਫੇਰ ਇਹ ਚੀਜ਼ ਤੇਰੇ ਸਮਝ 'ਚ ਆਏਗੀ, ਨਹੀਂ ਤਾਂ ਆਉਣੀ ਨਹੀਂ ਹੈ। ਕਹਿਣ ਲੱਗੇ, ਬੀਬਾ! ਇਹ ਜਿਹੜੀ ਤੇਰੀ ਦੇਹੀ ਹੈ ਆਹ ਤੁਹਾਡਾ ਰਾਜ ਭਾਗ ਐਨਾ ਵੱਡਾ ਹੈ, ਇਹ ਸਬੰਧੀ ਨੇ, ਮਾਂ ਹੈ ਪਿਉ ਹੈ। ਬਾਕੀ ਜਿਹੜੀਆਂ ਵਾਸ਼ਨਾਵਾਂ ਨੇ, ਮੈਂ ਇਸ ਤਰ੍ਹਾਂ ਕਰਾਂ, ਮੈਨੂੰ ਆਹ ਚੀਜ਼ ਮਿਲ ਜਾਵੇ, ਮੇਰੀ ਦੇਹ ਸੁੰਦਰ ਹੋਵੇ। ਮੈਨੂੰ ਲੋਕ ਜਾਨਣ, ਮੇਰੀ ਪ੍ਰਸੰਸਾ ਹੋਵੇ। ਲੋਕ ਕਹਿਣ ਇਹ ਬਹੁਤ ਵੱਡੇ ਸੰਤ ਨੇ। ਇਨ੍ਹਾਂ ਦੇ ਮੁਕਾਬਲੇ 'ਤੇ ਹੋਰ ਹੈ ਕੋਈ ਨਹੀਂ। ਇਹ ਵਾਸ਼ਨਾ ਹੀ ਹੈ ਕੁਛ ਨਹੀਂ ਹੈ। ਅਸਲੀਅਤ ਨਹੀਂ ਹੈ ਇਹਦੇ ਵਿਚ ਕੋਈ ਵੀ। ਸਾਰੀ ਦੁਨੀਆਂ ਉਸਤਤ ਕਰੀ ਜਾਵੇ, ਸੰਤਾਂ ਨੂੰ ਨਹੀਂ ਅੱਛੀ ਲਗਦੀ, ਸੰਤਾਂ ਨੂੰ ਤਾਂ ਇਸ ਤਰ੍ਹਾਂ ਲਗਦਾ ਹੈ ਕਿ ਇਹ ਐਵੇਂ ਹੀ ਨੇ ਗੱਲਾਂਬਾਤਾਂ, ਤਾਂ ਉਸਤਤ ਕੀਹਦੇ 'ਚ ਹੈ। ਜਾਣਦੇ ਹੀ ਨਹੀਂ ਸੰਤ ਨੂੰ ਕਿ ਸੰਤ ਕੌਣ ਹੈ। ਸਰੀਰ ਨੂੰ ਸੰਤ ਕਹੀ ਜਾਂਦੇ ਨੇ, ਉਹਦੀਆਂ ਗੱਲਾਂ ਕਰੀ ਜਾਂਦੇ ਨੇ ਕਿ ਇਹ ਚੰਗਾ ਹੈ ਕਿ ਮੰਦਾ ਹੈ। ਉਹ ਕਹਿੰਦੇ, ਚਾਹੇ ਸਾਰੀ ਦੁਨੀਆਂ ਨਿੰਦਿਆ ਕਰੋ, ਸਾਰੀ ਉਸਤਤ ਕਰੀ ਜਾਓ, ਸੰਤ ਤੱਕ ਦੋਵੇਂ ਨਹੀਂ ਪਹੁੰਚਦੀਆਂ। ਨਾ ਉਸਤਤ ਪਹੁੰਚਦੀ ਹੈ ਨਾ ਨਿੰਦਿਆ ਪਹੁੰਚਦੀ ਹੈ। ਦੂਰ ਹੀ ਰਹਿੰਦੀ ਹੈ। ਨਾਮਦੇਵ ਜੀ ਨੇ ਦੋ ਮੁੱਠੀਆਂ ਸੁਆਹ ਦੀਆਂ ਸੁੱਟ ਦਿਤੀਆਂ।

ਕਹਿੰਦੇ, ਇਹ ਕੀ ਗੱਲ?

ਕਹਿੰਦੇ, ਆਹ ਨਿੰਦਕਾਂ ਦੇ ਸਿਰ 'ਤੇ ਆਹ ਉਸਤਤ ਕਰਨ ਵਾਲਿਆਂ ਦੇ ਸਿਰ। ਦੋਵੇਂ ਹੀ ਨਹੀਂ ਜਾਣਦੇ ਕਿ ਸੰਤ ਕੀ ਹੁੰਦੇ ਨੇ।

ਸੋ ਕਹਿਣ ਲੱਗੇ, ਇਹ ਵਾਸ਼ਨਾਵਾਂ ਨੇ। ਲੋਕ ਵਾਸ਼ਨਾ ਹੈ, ਧਨ ਵਾਸ਼ਨਾ ਹੈ, ਪਰਲੋਕ ਵਾਸ਼ਨਾ ਹੈ, ਬੇਅੰਤ ਕਿਸਮ ਦੀਆਂ ਵਾਸ਼ਨਾਵਾਂ ਨੇ। ਅਨੁਸ਼ਠਾਨ ਵਾਸ਼ਨਾ ਹੈ, ਵਿਦਿਆ ਦੀ ਵਾਸ਼ਨਾ ਹੈ, ਜਾਣ ਪਛਾਣ ਦੀ

ਵਾਸ਼ਨਾ ਹੈ, ਰਾਜਸੀ ਸ਼ਕਤੀਆਂ ਹਾਂਸਲ ਕਰਨ ਦੀ ਵਾਸ਼ਨਾ ਹੈ। ਕਹਿੰਦੇ, ਇਹ ਚੀਜ਼ਾਂ ਨੇ ਸਾਰੀਆਂ ਇਹ ਕਹਿਣ ਲੱਗੇ, ਬੀਬਾ! ਇਨ੍ਹਾਂ ਦੇ ਓਹਲੇ ਤੇਰੀ ਆਤਮਾ ਹੈ ਇਹ ਪੜਦੇ ਨੇ। ਜਿੰਨਾਂ ਚਿਰ ਇਹ ਪੜਦੇ ਨਹੀਂ ਹਟਦੇ, ਆਤਮਾ ਸਾਖਸ਼ਾਤਕਾਰ ਨਹੀਂ ਹੁੰਦੀ। ਇਹ ਗਲਤੀ ਦੇ ਨਾਲ ਆਪਣੇ ਆਪ ਨੂੰ ਹੋਰ ਦਾ ਹੋਰ ਮੰਨਦਾ ਹੈ।

ਕਹਿਣ ਲੱਗੀ, ਚੰਗੇ ਪੁਰਸ਼! ਆਹ ਜਿਹੜੀ ਮੈਂ ਤੇਰੇ ਕੋਲ ਬੈਠੀ ਹਾਂ, ਮੈਨੂੰ ਦਰਦ ਆ ਰਿਹਾ ਹੈ। ਪਿਆਰ ਮੇਰੇ ਹਿਰਦੇ 'ਚ ਜਾਗਦਾ ਹੈ। ਮੈਂ ਪਛਤਾਉਂਦੀ ਹਾਂ। ਕੀ ਮੈਂ ਇਹ ਨਹੀਂ ਹਾਂ?

ਕਹਿੰਦੇ, ਨਹੀਂ, ਇਹ ਤਾਂ ਪੰਜ ਤੱਤ ਦੀ ਦੇਹ ਬਿਨਸ ਜਾਇਆ ਕਰਦੀ ਹੈ, ਸਦਾ ਨਹੀਂ ਰਿਹਾ ਕਰਦੀ। ਐਹੋ ਜਿਹੀਆਂ ਕਰੋੜਾਂ ਦੇਹਾਂ ਸਾਨੂੰ ਹੁਣ ਤਕ ਮਿਲ ਚੁੱਕੀਆਂ ਹੋਣਗੀਆਂ। ਅਰਬਾਂ ਦੇਹਾਂ ਮਿਲੀਆਂ ਨੇ, ਇਹ ਤੂੰ ਨਹੀਂ ਹੈਂ ਤੇ ਗਲਤੀ ਹੈ ਬੜੀ ਜ਼ਬਰਦਸਤ, ਇਸ ਗੱਲ ਤੋਂ ਹਟਦੇ ਨਹੀਂ ਹਾਂ।ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ।

***ਧਾਰਨਾ - ਆਤਮ ਤੇਰਾ ਰੂਪ ਹੈ,***
***ਦੇਹੀ ਕਿਉਂ ਮੰਨਦਾ ਹੈ ਆਪ ਨੂੰ।***

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ- 441***

ਮਹਾਰਾਜ ਕਹਿੰਦੇ, ਜਿਹੜਾ ਮੂਲ ਭੁੱਲ ਜਾਂਦਾ ਹੈ, ਉਥੇ ਹਉਮੈ ਦਾ ਹਨ੍ਹੇਰਾ ਹੋਣ ਕਰਕੇ, ਆਪਣੇ ਆਪ ਦਾ ਪਤਾ ਨਹੀਂ ਲਗਦਾ। ਜਿਹੜਾ ਮੂਲ ਭੁੱਲਦਾ ਹੈ ਉਹਨੂੰ ਪ੍ਰਮੇਸ਼ਰ ਨਹੀਂ ਕਦੇ ਵੀ ਮਿਲੇਗਾ। ਐਸੇ ਬਚਨ ਗੁਰੂ ਗ੍ਰੰਥ ਸਾਹਿਬ 'ਚ ਆਉਂਦੇ ਨੇ। ਸੋ ਕਹਿੰਦੇ, ਆਪਣੇ ਆਪ ਨੂੰ ਦੇਹ ਕਿਉਂ ਮੰਨਦਾ ਹੈਂ ਪਿਆਰਿਆ! ਇਹ ਤਾਂ ਦੇਹਾਂ ਕਰੋੜਾਂ ਪਹਿਲਾਂ ਮਿਲੀਆਂ ਨੇ। ਕਰੋੜਾਂ ਫੇਰ ਮਿਲਣੀਆਂ ਨੇ। ਕੋਈ ਆਦਿ ਅੰਤ ਹੀ ਨਹੀਂ ਹੈ। ਕਦੇ ਕੋਈ ਮਿਲ ਜਾਂਦੀ ਹੈ, ਕਦੇ ਕੋਈ ਮਿਲ ਜਾਂਦੀ ਹੈ। ਜੇ ਤੂੰ ਕਹੇਂ ਮਨੁੱਖ ਦੀ ਦੇਹ ਹੀ ਮੈਂ ਹਾਂ, ਫੇਰ ਸੱਪ ਦੀ ਦੇਹ ਕੌਣ ਹੋਇਆ? ਤੂੰ ਸੱਪ ਵੀ ਬਣਿਆ ਹੈਂ -

***ਕਈ ਜਨਮ ਗਜ ਮੀਨ ਕੁਰੰਗਾ ॥***
***ਕਈ ਜਨਮ ਪੰਖੀ ਸਰਪ ਹੋਇਓ ॥***
***ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ- 176***

ਕਦੇ ਬਲਦ ਵੀ ਬਣਦਾ ਰਿਹਾ ਹੈ, ਘੋੜਾ ਬਣ ਕੇ ਪਿੱਠਾਂ 'ਤੇ ਲੋਕਾਂ ਨੂੰ ਢੋਂਹਦਾ ਵੀ ਰਿਹਾ ਹੈਂ, ਨੱਠਦਾ ਰਿਹਾ ਹੈ। ਬੈਲ ਬਣ ਕੇ ਹਲ ਖਿਚਦਾ ਰਿਹਾ ਹੈਂ। ਤੈਨੂੰ ਤਾਂ ਬੇਅੰਤ ਦੇਹਾਂ ਮਿਲ ਗਈਆਂ, ਕਿਹੜੀਆਂ ਦੇਹ ਨੂੰ ਕਹਿੰਦਾ ਹੈਂ ਕਿ ਮੈਂ ਆਹ ਹਾਂ? 84 ਲੱਖ ਮਿਲੀਆਂ ਨੇ ਤੈਨੂੰ। ਫੇਰ ਤੂੰ ਦੇਹ ਮੰਨਦਾ ਹੈਂ ਆਪਣੇ ਆਪ ਨੂੰ। ਮੈਂ ਦੇਹ ਹਾਂ, ਮੈਂ ਦੇਹ ਹਾਂ, ਮੈਂ ਆਹ ਸਾਮ੍ਹਣੇ ਖੜ੍ਹਾ ਹਾਂ। ਮਹਾਰਾਜ ਕਹਿੰਦੇ, ਤੈਨੂੰ ਸਾਡੀ ਗੱਲ ਸਮਝ 'ਚ ਹੀ ਨਹੀਂ ਆਉਂਦੀ? ਤੂੰ ਸਿੱਖ ਬਣਿਆ ਹੈਂ, ਸਾਡੇ ਕੋਲ ਆ ਕੇ ਕੁਛ ਲੈਣਾ

ਹੈ, ਮੱਥੇ ਟੇਕਦਾ ਹੈਂ ਤੇ ਮੰਨਣਾ ਛੱਡਦਾ ਹੀ ਨਹੀਂ ਕਿ ਮੈਂ ਆਹ ਹਾਂ ਜੀ। ਮਹਾਰਾਜ ਕਹਿੰਦੇ, ਇਹ ਤਾਂ ਤੇਰੀ ਦੇਹ ਹੈ, ਇਹ ਦੇਹੀ ਜਿਹੜੀ ਹੈ ਇਹ ਤੈਨੂੰ ਵੱਡੇ ਭਾਗਾਂ ਨਾਲ ਮਿਲੀ ਹੋਈ ਹੈ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ- 631***

ਤੂੰ ਤਾਂ ਪਹਿਲਾਂ ਵੀ ਸੀਗਾ। ਤੈਨੂੰ ਮਨੁੱਖ ਦੀ ਦੇਹੀ ਮਿਲ ਗਈ, ਫਿਰਦੇ-ਫਿਰਦੇ, ਮੌਕਾ ਮਿਲ ਗਿਆ। ਆਹ ਦੇਹੀ ਤੋਂ ਤੂੰ ਕੰਮ ਲੈਣਾ ਹੈ, ਤੂੰ ਦੇਹੀ ਬਣ ਕੇ ਹੀ ਬਹਿ ਗਿਆ। ਮਹਾਰਾਜ ਕਹਿੰਦੇ -

***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥*** ***ਅੰਗ - 1159***

ਇਹ ਤੈਨੂੰ ਇਕ ਬਹੁਤ ਵਧੀਆ ਮਸ਼ੀਨ ਮਿਲੀ ਹੈ, ਜਿਹੜੀ ਸੋਚਦੀ ਹੈ, ਖਾਂਦੀ ਹੈ, ਪੀਂਦੀ ਹੈ, ਜਜ਼ਬੇ ਨੇ, ਪਰ ਇਹਦੇ ਵਿਚ ਭੁਲਾਉਣ ਵਾਲੀਆਂ ਚੀਜ਼ਾਂ ਬਹੁਤੀਆਂ ਨੇ। ਉਹ ਆਪਣੇ ਆਪ ਨੂੰ ਤੂੰ ਭੁੱਲ ਗਿਆ ਇਹਦੇ ਵਿਚ ਵੜ ਕੇ। ਮਸ਼ੀਨ ਹੀ ਆਪਣੇ ਆਪ ਨੂੰ ਮੰਨ ਲਿਆ ਕਿ ਮੈਂ ਮਸ਼ੀਨ ਹਾਂ। ਕੋਈ ਬੰਦਾ ਕਾਰ 'ਚ ਬੈਠ ਕੇ ਆਪਣੇ ਆਪ ਨੂੰ ਕਾਰ ਮੰਨ ਲਵੇ। ਕਾਰ ਚੜ੍ਹਾਈ ਹੋਵੇ ਟਰੱਕ 'ਤੇ। ਜੇ ਉਹਨੂੰ ਪੁੱਛੇ ਕਿ ਤੂੰ ਕੌਣ ਹੈਂ? ਕਹਿੰਦਾ, ਟਰੱਕ। ਕਹਿਣਗੇ ਕਿ ਇਹਨੇ ਤਾਂ ਨਸ਼ਾ ਪੀਤਾ ਹੋਇਆ ਹੈ। ਆਹੀ ਹਾਲ ਸਾਡਾ ਹੈ। ਇਸ ਤੋਂ ਅਗਾਂਹਾਂ ਨਹੀਂ ਅਸੀਂ ਤੁਰੇ ਅਜੇ। ਇਥੇ ਹੀ ਖੜ੍ਹੇ ਹਾਂ। ਉਮਰਾਂ ਬੀਤ ਗਈਆਂ ਸਤਿਸੰਗ ਕਰਦਿਆਂ ਦੀਆਂ। ਮਹਾਰਾਜ ਕਹਿੰਦੇ -

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥***

***ਅੰਗ- 441***

***ਕਬੀਰ ਨਿਰਮਲ ਬੂੰਦ ਅਕਾਸ ਕੀ ਪਰਿ ਗਈ ਭੂਮਿ ਬਿਕਾਰ ॥***
***ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥***

***ਅੰਗ- 1375***

ਸੁਆਹ ਬਣ ਗਈ ਕਹਿੰਦੇ ਨਿਰਮਲ ਬੂੰਦ ਜਿਹੜੀ ਆਕਾਸ਼ ਦੀ ਸੀ। ਆਤਮਾ ਪ੍ਰਮੇਸ਼ਰ ਦੀ ਅੰਸ ਸੀ।

***ਪੰਚ ਤਤੁ ਮਿਲਿ ਕਾਇਆ ਕੀਨੀ ॥***
***ਤਿਸ ਮਹਿ ਰਾਮ ਰਤਨੁ ਲੈ ਚੀਨੀ ॥*** ***ਅੰਗ- 1030***

ਕਾਇਆਂ ਤਾਂ ਪੰਜਾਂ ਤੱਤਾਂ ਨੇ ਮਿਲ ਕੇ ਕਰੀ ਹੈ। ਇਹਦੇ 'ਚ 25 ਪ੍ਰਕ੍ਰਿਤੀਆਂ ਦੀਆਂ ਅੱਖਾਂ ਨੇ। ਅੱਖਾਂ ਨੇ, ਕੰਨ ਨੇ, ਪੰਜ ਗਿਆਨ ਇੰਦਰੇ ਨੇ। ਫੇਰ ਇਹਦੇ ਵਿਚ ਤਿੰਨ ਗੁਣ ਚਲਦੇ ਨੇ ਹਰ ਵਕਤ। ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ। ਤਿੰਨ ਸਰੀਰ ਨੇ ਇਹਦੇ ਵਿਚ ਪਹਿਲਾ ਕੋਟ ਹੈ, ਦੂਸਰਾ ਹੈ, ਤੀਸਰਾ ਹੈ। ਕਹਿੰਦੇ, ਇਹ ਤਾਂ ਤੇਰਾ ਸਰੀਰ ਬਣ

ਗਿਆ। ਇਹਦੇ ਵਿਚ - 'ਤਿਸ ਮਹਿ ਰਾਮ ਰਤਨੁ ਲੈ ਚੀਨੀ ॥' ਜੇ ਉਹ ਜੋਤ ਨਾ ਹੋਵੇ -

*ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ*
*ਤਾ ਤੂ ਜਗ ਮਹਿ ਆਇਆ ॥ ਅੰਗ - 921*

ਜੇ ਜੋਤ ਖਿੱਚ ਲਵੇ, ਫੇਰ ਰੱਖ ਲਓ ਉਹਨੂੰ। ਦੋ ਦਿਨ ਨਹੀਂ ਰਹਿੰਦਾ, ਉਸੇ ਵੇਲੇ ਸੜ ਜਾਏਗਾ। ਉਸੇ ਵੇਲੇ ਕਹਿੰਦੇ ਨੇ ਜਾਲ ਦਿਓ ਇਹਨੂੰ। ਕਹਿੰਦੇ, ਐਡੀ ਤੇਰੀ ਕੱਚੀ ਬੁੱਧੀ, ਤੂੰ ਆਪਣੇ ਆਪ ਨੂੰ ਸਰੀਰ ਹੀ ਸਮਝੀ ਜਾਂਦਾ ਹੈਂ।

*ਆਤਮ ਰਾਮੁ ਰਾਮੁ ਹੈ ਆਤਮ*
*ਹਰਿ ਪਾਈਐ ਸਬਦਿ ਵੀਚਾਰਾ ਹੇ ॥ ਅੰਗ- 1030*

ਮਹਾਰਾਜ ਕਹਿੰਦੇ, ਜਿੰਨਾਂ ਚਿਰ ਤੈਨੂੰ ਸ਼ਬਦ ਦੀ ਪ੍ਰਾਪਤੀ ਨਹੀਂ ਨਾ ਹੁੰਦੀ, ਗੁਰੂ ਦੇ ਸ਼ਬਦ ਦੀ ਕਮਾਈ ਨਹੀਂ ਕਰਦਾ, ਓਨੀਂ ਦੇਰ ਤੱਕ ਤੈਨੂੰ ਬ੍ਰਹਮ ਸ਼ਬਦ ਦੀ ਪ੍ਰਾਪਤੀ ਨਹੀਂ ਹੋਣੀ। ਬ੍ਰਹਮ ਸ਼ਬਦ ਨੂੰ ਗੁਰੂ ਦੇ ਸ਼ਬਦ ਨੇ ਪ੍ਰਗਟ ਕਰਨਾ ਹੈ। ਬ੍ਰਹਮ ਵੀ ਸ਼ਬਦ ਰੂਪ ਹੈ, ਉਹਨੂੰ ਵੀ ਸ਼ਬਦ ਕਹਿੰਦੇ ਨੇ। ਉਹ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ। ਜਿੰਨਾਂ ਚਿਰ ਉਹ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ - 124*

ਓਨਾਂ ਚਿਰ ਜੰਮਣਾ ਮਰਨਾ ਨਹੀਂ ਖਤਮ ਹੁੰਦਾ, ਜਦੋਂ ਤੱਕ ਉਹ ਸ਼ਬਦ ਦੀ ਪ੍ਰਾਪਤੀ ਨਹੀਂ ਹੁੰਦੀ। ਸੋ ਮਹਾਰਾਜ ਕਹਿੰਦੇ, ਸ਼ਬਦ ਨਾਲ ਮਿਲਦੀ ਹੈ।

*ਸਤ ਸੰਤੋਖਿ ਰਹਹੁ ਜਨ ਭਾਈ ॥*
*ਖਿਮਾ ਗਹਹੁ ਸਤਿਗੁਰ ਸਰਣਾਈ ॥ ਅੰਗ- 1030*

ਕਹਿੰਦੇ, ਪਹਿਲਾਂ ਇਹ ਰਹਿਤਾਂ ਧਾਰਨ ਕਰੋ ਫੇਰ ਉਸ ਤੋਂ ਬਾਅਦ -

*ਆਤਮੁ ਚੀਨਿ ਪਰਾਤਮੁ ਚੀਨਹੁ*
*ਗੁਰ ਸੰਗਤਿ ਇਹੁ ਨਿਸਤਾਰਾ ਹੇ ॥ ਅੰਗ - 1030*

ਪਹਿਲਾਂ ਤਾਂ ਆਪਣੇ ਆਪ ਨੂੰ ਜਾਣੋ। ਕਹਿੰਦੇ, ਫੇਰ? ਮਹਾਰਾਜ ਕਹਿੰਦੇ, ਫੇਰ ਜਿਹੜਾ ਵਾਹਿਗੁਰੂ ਹੈ ਉਹਦੇ ਵਰਗਾ ਹੀ ਹੈ, ਜਿਹੋ ਜਿਹੇ ਤੁਸੀਂ ਹੋ। ਤੁਹਾਡਾ ਤੇ ਉਹਦਾ ਕੋਈ ਫਰਕ ਨਹੀਂ ਹੈ।

*ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਅੰਗ- 871*

ਕਿਰਨ ਤੇ ਸੂਰਜ ਦਾ ਫਰਕ ਨਹੀਂ। ਜਾਤ ਵਿਚ ਦੋਵੇਂ ਇਕੋ ਨੇ। ਪਾਣੀ ਤੇ ਪਾਣੀ ਦੀ ਬੂੰਦ ਇੱਕੋ ਹੀ ਨੇ। ਲੇਕਿਨ ਉਹ ਗਿਲਾਸ ਦਾ ਪਾਣੀ

ਹੈ ਉਹ ਸਮੁੰਦਰ ਹੈ। ਉਹ ਬਹੁਤਾ ਹੈ, ਉਹ ਘੱਟ ਹੈ। ਪਾਣੀ 'ਚ ਤਾਂ ਕੋਈ ਫਰਕ ਨਹੀਂ ਹੈ। ਸੋ ਪਹਿਲਾਂ ਤੁਸੀਂ ਆਤਮਾ ਨੂੰ ਖੋਜੋ, ਫੇਰ ਤੁਸੀਂ ਪ੍ਰਮਾਤਮਾ ਨੂੰ ਚੀਨੋ। ਸੰਗਤ ਮਿਲ ਜਾਵੇ ਤੱਤ ਬੇਤੇ ਮਹਾਂਪੁਰਸ਼ ਦੀ, ਬ੍ਰਹਮ ਨੇਸ਼ਟੀ, ਬ੍ਰਹਮ ਸਰੋਤਰੀ, ਬ੍ਰਹਮ ਬਕਤੇ ਦੀ। ਜਿਹੜਾ ਅਦ੍ਵੈਤ ਦੇ ਵਿਚ ਰਹਿੰਦਾ ਹੋਵੇ। ਦ੍ਵੈਤ ਦੇ ਵਿਚ ਕਦੇ ਭੁੱਲ ਕੇ ਵੀ ਨਾ ਆਉਂਦਾ ਹੋਵੇ। ਉਹਦੀ ਸੰਗਤ ਕਰਕੇ ਕਹਿੰਦੇ ਫੇਰ ਨਿਸਤਾਰਾ ਹੋਣਾ ਹੈ ਤੇ ਅਗਾਂਹਾਂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਆਹ ਸੰਸਾਰ ਕੀ ਹੈ? ਕਹਿੰਦੇ, ਸਾਰਾ ਹੀ ਆਤਮ ਪਸਾਰਾ ਹੈ।

ਇਹ ਹਉਮੈ ਉਪਾਧੀ ਨਾਲ ਹੰਗਤਾ ਤੇ ਮਮਤਾ ਦੋ ਚੀਜ਼ਾਂ ਸਾਡੇ ਦਿਮਾਗ ਵਿਚ ਪੈਦਾ ਹੋ ਗਈਆਂ। ਜਿਹੜੀ ਹਉਮੈ ਦੀ ਸੂਰਤ ਹੈ ਉਹਦੇ 'ਚ ਦੋ ਚੀਜ਼ਾਂ ਪੈਦਾ ਹੋ ਗਈਆਂ ਇਕ ਤਾਂ ਹੰਗਤਾ, ਹੰਗਤਾ ਕਹਿੰਦੇ ਨੇ 'ਮੈਂ', ਇਕ ਹੈ ਮਮਤਾ, ਮਮਤਾ ਹੋ ਗਈ 'ਮੇਰੀ' ਜਿੱਥੇ 'ਮੈਂ' ਹੋਵੇ ਉਥੇ 'ਮੇਰੀ' ਜ਼ਰੂਰ ਹੋਏਗੀ। ਕਹਿੰਦੇ, ਮੈਂ ਤੇ ਮੇਰੀ ਪੈਦਾ ਹੋਣ ਦੇ ਨਾਲ ਇਹ ਜਿਹੜਾ ਆਤਮਾ ਸੀ ਇਹ ਜੀਵ ਆਤਮਾ ਕਹਾਉਣ ਲਗ ਗਿਆ। ਹੇਠਲੇ ਦਰਜੇ 'ਚ ਆ ਗਿਆ। ਜੀਵ ਆਤਮਾ ਵੀ ਆਪਣੇ ਆਪ ਨੂੰ ਸਮਝ ਲਵੇ ਤਾਂ ਵੀ ਕਹਿੰਦੇ ਬਹੁਤ ਵੱਡੀ ਬਾਤ ਹੈ।

ਜਦੋਂ ਮੈਂ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਪਹਿਲੀ ਵਾਰ ਮਿਲਿਆ, 16 ਜਾਂ ਸਾਢੇ 16 ਸਾਲ ਸਰੀਰ ਦੀ ਉਮਰ ਸੀ, ਕਹਿੰਦੇ, ਤੂੰ ਕੌਣ ਹੈਂ? ਬੜੀ ਦੇਰ ਮੈਂ ਚੁੱਪ ਰਿਹਾ, ਤਿੰਨ ਮਿੰਟ ਤੋਂ ਬਾਅਦ ਮੈਂ ਬੇਨਤੀ ਕਰੀ ਕਿ ਮਹਾਰਾਜ ਮੈਨੂੰ ਸਮਝ ਨਹੀਂ ਆਉਂਦੀ, ਦੱਸਣ ਦਾ ਪਤਾ ਨਹੀਂ ਲਗਦਾ, ਸੰਗਤ ਹੱਸ ਪਈ ਕਿ ਦੇਖੋ ਇਸ ਤਰ੍ਹਾਂ ਨਹੀਂ ਦੱਸ ਸਕਦਾ ਹੈ ਕਿ ਤੂੰ ਕੌਣ ਹੈਂ? ਜਦੋਂ ਮੈਂ ਦੱਸਿਆ ਕਿ ਮਹਾਰਾਜ ਜੀ! ਇਸ ਤਰ੍ਹਾਂ ਹੈ ਕਿ ਇਕ ਲੱਜ ਉਹਦੇ ਇਸ ਤਰ੍ਹਾਂ ਸਮਝ ਲਓ ਕਿ ਬਹੁਤ ਵੱਡੀ ਭੌਣੀ ਹੈ, ਜਿਹਦੇ ਉਤੇ ਵਲੇਟੀ ਹੋਈ ਹੈ ਤੇ ਵੇੜੀ ਹੋਈ ਥੱਲੇ ਨੂੰ ਛੱਡ ਦਿਤੀ, ਡੋਲ ਲਟਕਦਾ ਹੈ ਉਹਦੇ ਥੱਲੇ ਤੇ ਅਖੀਰ ਘੁੰਮ-ਘੁੰਮ ਕੇ ਆਖਰੀ ਗੰਢ ਆ ਜਾਏਗੀ, ਮੈਂ ਕਿਹਾ ਮੈਨੂੰ ਉਹ ਲਗਦਾ ਹੈ ਕਿ ਮੈਂ ਉਹ ਹਾਂ।

ਮਹਾਰਾਜ ਕਹਿੰਦੇ, ਬਹਿ ਜਾਓ।

ਸੰਗਤ ਚੁੱਪ, ਆਪ ਵੀ 45 ਮਿੰਟ ਚੁੱਪ ਰਹੇ। ਉਸ ਤੋਂ ਬਾਅਦ ਕਹਿਣ ਲੱਗੇ, ਨੇਤਰ ਖੋਲ੍ਹੋ।

ਕਹਿਣ ਲੱਗੇ, ਦੱਸਣਾ ਨਹੀਂ ਆਉਂਦਾ, ਨਾਉਂ ਨਹੀਂ ਜਾਣਦਾ। ਮੈਂ ਕਿਹਾ, ਨਾ ਮਹਾਰਾਜ! ਮੈਨੂੰ ਕੀ ਪਤਾ ਹੈ।

ਕਹਿੰਦੇ, ਅਨੁਭਵ ਕਿਵੇਂ ਹੋ ਰਿਹਾ ਹੈ?

ਮੈਨੂੰ ਇਸ ਤਰ੍ਹਾਂ ਹੋ ਰਿਹਾ ਹੈ ਕਿ ਇਕ ਵੱਡੀ ਰੋਸ਼ਨੀ 'ਚੋਂ ਇਕ ਛੋਟੀ ਰੋਸ਼ਨੀ ਅੱਡ ਹੋ ਰਹੀ ਹੈ ਤੇ ਉਹ ਜਿਹੜੀ ਛੋਟੀ ਰੋਸ਼ਨੀ ਅੱਡ ਹੋਈ

ਹੈ, ਉਹ ਹਾਂ ਮੈਂ। ਮਹਾਰਾਜ ਕਹਿੰਦੇ, ਇਹਨੂੰ ਕੋਈ ਨਹੀਂ ਦਸ ਸਕਦਾ। ਲੇਕਿਨ ਪੜ੍ਹਾਈ ਲਿਖਾਈ ਦੇ ਵਿਚ ਗੱਲ ਕਰਨ ਵਾਸਤੇ, ਇਹਨੂੰ ਜੀਵ ਆਤਮਾ ਕਹਿੰਦੇ ਨੇ। ਇਹ ਜੀਵ ਜਿਹੜਾ ਹੈ ਇਹਨੂੰ ਪਾਸੇ ਕਰ ਦੇ। ਬਾਕੀ ਕੀ ਰਹਿ ਗਿਆ? ਮੈਂ ਕਿਹਾ, ਜੀ ਆਤਮਾ। ਕਹਿੰਦੇ, ਬੱਸ ਆਹੀ ਤੇਰਾ ਸਰੂਪ ਹੈ। ਇਹਦਾ ਤੇ ਪ੍ਰਮੇਸ਼ਰ ਦਾ ਕੋਈ ਫਰਕ ਨਹੀਂ ਹੈ। ਕਹਿੰਦੇ, ਚਾਹੇ ਸਾਰੀ ਜ਼ਿੰਦਗੀ 'ਚ ਕਰ ਦੇਈਂ, ਚਾਹੇ ਦੱਸ ਜਨਮ ਲੈ ਕੇ ਕਰ ਦੇਈਂ। ਗੱਲ ਇਥੇ ਨਿਬੜ ਜਾਣੀ ਹੈ। ਇੱਕ ਲਾਂਘ ਹੈ, ਪੁੱਟ ਲੈ, ਜੇ ਪੁੱਟ ਹੁੰਦੀ ਹੈ। ਇਸੇ ਲਾਂਘ ਦੇ ਵਿਚ ਬੇਅੰਤ ਪੜਦੇ ਆਉਂਦੇ ਨੇ, ਕਿਤੇ ਪਰਿਵਾਰ ਦਾ ਪੜਦਾ ਹੈ, ਕਿਤੇ ਜਾਇਦਾਦ ਦਾ, ਕਿਤੇ ਰੌਲੇ-ਰੱਪੇ, ਬੇਅੰਤ ਨੇ, ਆਹੀ ਇਕੋ ਖਾਹੀ ਨਹੀਂ ਟੱਪ ਹੁੰਦੀ।

ਮਹਾਰਾਜ ਤਾਂ ਕਹਿੰਦੇ, ਨਿੱਕੀ ਜਿਹੀ ਹੈ। ਹਿੰਮਤ ਕਰਕੇ ਪੁੱਟ ਲਓ। ਮਾੜਾ ਜਿਹਾ ਡਿੰਗ ਪੁੱਟ ਲਓ, ਐਨੀਓ ਹੀ ਹੈ। ਜਿਥੇ ਹਜ਼ਾਰਾਂ ਲਾਂਘਾਂ ਪੁੱਟੀਆਂ ਨੇ, ਉਥੇ ਇਕ ਹੋਰ ਪੁੱਟ ਲਓ।

ਲੇਕਿਨ ਇਹ ਹੈ ਬਹੁਤ ਔਖੀ। ਗੱਲ ਕਹਿਣ ਵਾਸਤੇ ਹੀ ਹੈ, ਪੁੱਟਣੀ ਬਹੁਤ ਔਖੀ ਹੈ। ਜਨਮ-ਜਨਮ ਲਗ ਜਾਂਦੇ ਨੇ।

ਸੋ ਮਹਾਰਾਜ ਕਹਿੰਦੇ ਕਿ ਅਸਲੀਅਤ (reality) ਨੂੰ ਤਾਂ ਮੰਨ ਲੈ ਨਾ –

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥***
***ਅੰਗ – 846***

ਇਹ ਤਾਂ ਸਾਰਾ ਹੀ ਪਸਾਰਾ ਆਤਮਾ ਨੇ ਕਰਿਆ ਹੋਇਆ ਹੈ। ਆਪ ਹੀ ਅਨੇਕ ਰੂਪ ਧਾਰੇ ਨੇ ਆਤਮਾ ਨੇ –

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

***ਬਾਜੀਗਰਿ ਜੈਸੇ ਬਾਜੀ ਪਾਈ ॥***
***ਨਾਨਾ ਰੂਪ ਭੇਖ ਦਿਖਲਾਈ ॥***
***ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥***
***ਤਬ ਏਕੋ ਏਕੰਕਾਰਾ ॥ ਅੰਗ – 736***
***ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥***
***ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥***
***ਅੰਗ – 846***

ਇਥੇ ਸ਼ਰਤ ਰੱਖ ਦਿਤੀ ਮਹਾਰਾਜ ਨੇ ਕਿ ਜਾਣਦਾ ਕੌਣ ਹੈ ਇਸ ਨੂੰ? ਕਹਿੰਦੇ, ਜਿਹਨੇ ਨਾਮ ਦਾ ਰਸ ਪੀ ਲਿਆ, ਉਹਦੇ ਅੰਦਰ ਇਹ ਬੁੱਧੀ ਆ ਜਾਏਗੀ, ਕਿਉਂਕਿ ਬੇਹੋਸ਼ ਬੰਦੇ ਨੂੰ ਜੇ ਦਵਾਈ ਪਿਲਾ ਦਿਓ ਹੋਸ਼ ਵਾਲੀ, ਉਹ ਬੇਹੋਸ਼ੀ 'ਚ ਹੋਰ ਕੁਛ ਦੇਖ ਰਿਹਾ ਹੈ, ਜਦੋਂ ਹੋਸ਼ ਆ ਗਈ ਸਹੀ ਗੱਲ ਦੇਖੇਗਾ। ਉਹ ਵਾਲੀ ਦਵਾਈ ਹੈ ਨਾਮ ਦਾ ਰਸ। ਨਾਮ

ਦੇ ਰਸ ਨੂੰ ਕੋਈ ਨਹੀਂ ਪੀਣ ਨੂੰ ਤਿਆਰ। ਦੇਖਿਆ ਹੀ ਨਹੀਂ, ਮੈਂ ਤਾਂ ਬੜਾ ਖੋਜਦਾ ਹਾਂ, ਨਾਮ ਦਾ ਰਸ ਪੀਣ ਵਾਲਾ ਲੱਭ ਜਾਵੇ ਤੇ ਉਹਦੇ ਚਰਨਾਂ 'ਤੇ ਮਸਤਕ ਨਿਵਾਈਏ। ਇਕ ਲੱਭਿਆ ਸੀ, ਉਹਨੇ ਨਿਵਾਇਆ ਵੀ ਸੀਗਾ, ਦਿਲ ਵੀ ਦਿਤਾ ਉਹਨੂੰ, ਆਪਣਾ ਸਭ ਕੁਛ ਦਿਤਾ। ਲੇਕਿਨ ਲੱਭ ਨਹੀਂ ਰਿਹਾ। ਕੋਈ ਹੈ ਐਸਾ ਰਸੀਆ ਜਿਹੜਾ ਇਥੇ ਰਹਿੰਦਾ ਹੋਵੇ, ਇਸ ਅਵਸਥਾ 'ਤੇ ਪਹੁੰਚਿਆ ਹੋਵੇ। ਬੜਾ ਕੁਛ ਹੈ, ਸਭ ਨੂੰ ਸੰਤ ਕਹਿੰਦੇ ਨੇ, ਸੰਤ ਕੋਈਓ ਹੁੰਦਾ ਹੈ, ਸਾਧਸੰਗਤ ਜੀ, ਕੋਈ ਵਿਰਲਾ ਹੀ ਹੁੰਦਾ ਹੈ। ਸੰਤਾਂ ਨੂੰ ਤਾਂ ਅਸੀਂ ਟੋਲ੍ਹਦੇ ਫਿਰਦੇ ਹਾਂ। ਪਰ ਭਾਗ ਨਹੀਂ ਅਜੇ ਜਾਗੇ, ਕਿਉਂਕਿ ਜਿੰਨਾਂ ਚਿਰ ਭਾਗ ਨਾ ਜਾਗਣ, ਸੰਤ ਨਹੀਂ ਮਿਲਦਾ–

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥*** ***ਅੰਗ– 204***

ਰਸੀਆ ਜਿਹਨੇ ਨਾਮ ਦਾ ਰਸ ਲਿਆ ਹੈ ਉਹ ਮਿਲਦਾ ਹੈ। ਉਹਦੇ ਮਿਲਦੇ ਸਾਰ ਕੀ ਹੋਏਗਾ?

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ – 204***

ਹਨ੍ਹੇਰਾ ਮਿਟ ਜਾਏਗਾ ਤੇ ਚਾਨਣਾ ਹੋ ਜਾਏਗਾ। ਲੇਕਿਨ ਭਾਗਾਂ ਨਾਲ ਮਿਲਦਾ ਹੈ ਤੇ ਸੁਰਤ ਜਾਗ ਪਏਗੀ। ਜਿਹੜੀ ਸੁੱਤੀ ਪਈ ਹੈ ਸੁਰਤ ਇਕ ਦਮ ਜਾਗ ਪਏਗੀ। ਸੋ ਮਹਾਰਾਜ ਕਹਿੰਦੇ ਓਹੀ ਜਾਣਦਾ ਹੈ – 'ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥' ਜਿਹਨੂੰ ਨਾਮ ਦਾ ਰਸ ਆ ਗਿਆ–

***ਨਦਰਿ ਕਰੇ ਤਾ ਸਿਮਰਿਆ ਜਾਇ ॥*** ***ਅੰਗ – 661***

ਹੁਣ ਅਗਾਂਹਾਂ ਮਹਾਰਾਜ ਨੇ ਹੋਰ ਖੋਲ੍ਹ ਦਿਤਾ। ਕਹਿੰਦੇ, ਯਾਦ ਓਹੀ ਕਰੇਗਾ ਜਿਹਦੇ ਉਤੇ ਨਦਰਿ ਕਰ ਦੇਵੇ, ਦੂਜੇ ਤਾਂ ਮੰਗਦੇ ਹੀ ਨਹੀਂ ਨਦਰਿ। ਜਿਹੜਾ ਨਦਰਿ ਮੰਗਦਾ ਹੈ, ਬਾਰ–ਬਾਰ ਬੇਨਤੀਆਂ ਕਰਦਾ ਹੈ, ਕਹਿੰਦੇ ਉਹਦੇ ਉਤੇ ਨਿਗ੍ਹਾ ਹੋ ਜਾਂਦੀ ਹੈ। ਉਹ ਫੇਰ –

***ਆਤਮਾ ਦ੍ਰਵੈ ਰਹੈ ਲਿਵ ਲਾਇ ॥*** ***ਅੰਗ – 661***

ਫੇਰ ਉਹ ਢਲ ਜਾਂਦਾ ਹੈ, ਸਖਤ ਨਹੀਂ ਰਹਿੰਦਾ, ਉਹਦਾ ਮਨ ਢਲ ਜਾਂਦਾ ਹੈ। ਢਲਿਆ ਹੋਇਆ ਮਨ ਜਿਹੜਾ ਹੈ ਉਹ ਲਿਵ 'ਚ ਆ ਜਾਂਦਾ ਹੈ, ਲਿਵ 'ਚ ਆਇਆ ਹੋਇਆ ਫੇਰ ਨਹੀਂ ਨਿਕਲਦਾ।

***ਆਤਮਾ ਪਰਾਤਮਾ ਏਕੋ ਕਰੈ ॥***
***ਅੰਤਰ ਕੀ ਦੁਬਿਧਾ ਅੰਤਰਿ ਮਰੈ ॥*** ***ਅੰਗ – 661***

ਇਹ ਫੇਰ ਦੋ ਤੋਂ ਇਕ ਹੋਣ ਦੀ ਜੁਗਤੀ ਦਸਦੇ ਨੇ–

***ਕਹੁ ਕਬੀਰ ਇਹੁ ਰਾਮ ਕੀ ਅੰਸੁ ॥***
***ਜਸ ਕਾਗਦ ਪਰ ਮਿਟੈ ਨ ਮੰਸੁ ॥*** ***ਅੰਗ – 871***

ਸੋ ਕਹਿਣ ਲੱਗੇ, ਤੂੰ ਘਬਰਾ ਨਾ, ਤੂੰ ਜੋ ਕੁਛ ਕਰ ਰਹੀ ਹੈਂ,

ਇੰਦਰੀਆਂ ਦੇ ਸੁਭਾਅ ਦੇ ਮੁਤਾਬਿਕ ਕਰਦੀ ਹੈਂ। ਪਹਿਲਾਂ ਆਦਮੀ ਕਰਮ ਕਰਦਾ ਹੈ, ਕਰਮ ਕਰਕੇ ਕਿਰਤ ਬਣਦੀ ਹੈ। ਕਿਰਤ ਦੇ ਨਾਲ ਫੇਰ ਆਦਮੀ ਦਾ ਸੁਭਾਅ ਬਣਦਾ ਹੈ। ਸੁਭਾਅ ਦੇ ਮੁਤਾਬਿਕ ਫੇਰ ਗੁਣ ਆਉਂਦੇ ਨੇ। ਰਜੋ ਗੁਣ, ਤਮੋ ਗੁਣ ਕਿ ਸਤੋ ਗੁਣ ਆ ਗਿਆ। ਉਹਦੇ ਮੁਤਾਬਿਕ ਦੇ ਕਰਮ ਹੁੰਦੇ ਨੇ, ਉਹਦੇ ਮੁਤਾਬਿਕ ਸੂਝ ਪੈਦਾ ਹੁੰਦੀ ਹੈ, ਉਹਦੇ ਮੁਤਾਬਿਕ ਉਹਦੀ ਹੋਸ਼ ਕਾਇਮ ਹੁੰਦੀ ਹੈ। ਉਹਦੇ ਮੁਤਾਬਿਕ ਹੀ ਆਦਮੀ ਕੰਮ ਕਰਦਾ ਹੈ, ਕਿਸੇ ਨੂੰ ਕੀ ਦੋਸ਼ ਦੇਵੇ। ਬੜਾ ਲੰਮਾ ਚੌੜਾ ਹੈਗਾ ਇਹ ਸਿਲਸਿਲਾ। ਕਹਿੰਦੇ, ਉਹ ਤੂੰ ਇੰਦ੍ਰੀਆਂ ਦੇ ਸੁਭਾਅ ਦੇ ਮੁਤਾਬਿਕ ਕੰਮ ਕਰ ਰਹੀ ਹੈਂ, ਤੂੰ ਇਨ੍ਹਾਂ ਨੂੰ ਦੇਖਣ ਵਾਲੀ ਆਤਮਾ ਹੈਂ। ਤੇ ਇੱਕ ਗੱਲ ਮੈਂ ਤੈਨੂੰ ਹੋਰ ਦਸਦਾ ਹਾਂ।

ਕਹਿੰਦੀ, ਨਾ ਚੰਗੇ ਪੁਰਸ਼! ਨਾ ਮੇਰੇ ਤੋਂ ਤਾਂ ਬੋਝ ਨਹੀਂ ਚੁੱਕਿਆ ਜਾਂਦਾ, ਜਿੰਨੀਆਂ ਤੂੰ ਗੱਲਾਂ ਦੱਸੀਆਂ ਹਨ ਮੈਂ ਤਾਂ ਘਬਰਾਅ ਗਈ, ਮੇਰਾ ਉੱਚੀ-ਉੱਚੀ ਰੋਣ ਨੂੰ ਜੀਅ ਕਰਦਾ ਹੈ ਕਿ ਮੈਂ ਸਰੀਰ ਨਹੀਂ ਹਾਂ, ਮੈਂ ਤਾਂ ਖਾਂਦੀ ਹਾਂ, ਪੀਂਦੀ ਹਾਂ, ਮਾਤਾ-ਪਿਤਾ ਦੀ ਗੋਦ ਵਿਚ ਬਹਿੰਦੀ ਹਾਂ, ਉਹ ਮੈਨੂੰ ਪਿਆਰ ਕਰਦੇ ਨੇ, ਮੈਂ ਜੇ ਆਤਮਾ ਹੋ ਗਈ, ਉਹ ਤਾਂ ਮੈਨੂੰ ਜਾਣਦੇ ਨਹੀਂ, ਮੈਂ ਫੇਰ ਉਨ੍ਹਾਂ ਨਾਲ ਕਿਵੇਂ ਪਿਆਰ ਕਰਾਂਗੀ? ਮੇਰੀਆਂ ਸਹੇਲੀਆਂ ਨੇ ਮੈਂ ਉਨ੍ਹਾਂ ਨਾਲ ਖੇਡਣ ਜਾਂਦੀ ਹਾਂ, ਉਹ ਮੈਨੂੰ ਪਿਆਰ ਕਰਦੀਆਂ ਨੇ, ਜੇ ਮੈਂ ਸਰੀਰ ਨਾ ਹੋਈ, ਉਨ੍ਹਾਂ ਨੂੰ ਤਾਂ ਮੇਰੀ ਆਤਮਾ ਦਾ ਪਤਾ ਨਹੀਂ, ਮੈਂ ਤਾਂ ਇਕੱਲੀ ਕਰ ਦਿਤੀ। ਕਹਿੰਦੀ, ਇਹਨੇ ਮੈਨੂੰ ਜੁਗਤ ਨਾਲ ਮਾਰ ਦਿਤਾ। ਇਹਦੇ ਨਾਲੋਂ ਚੰਗਾ ਸੀ ਜੇ ਮੇਰਾ ਸਰੀਰ ਹੀ ਚਲਿਆ ਜਾਂਦਾ। ਮਾਤਾ-ਪਿਤਾ ਕੋਲ ਆ ਜਾਂਦੀ ਹੈ, ਉਦਾਸ ਹੈ ਬਹੁਤ। ਉਹ ਕਹਿਣ ਲੱਗੇ, ਬੇਟੀ ਕੀ ਗੱਲ? ਰੋ ਪਈ ਉੱਚੀ-ਉੱਚੀ। ਕਹਿਣ ਲੱਗੇ, ਹੋਇਆ ਕੀ? ਉਹਨੇ ਜੇ ਤੈਨੂੰ ਕੋਈ ਗੱਲ ਕਹੀ ਹੈ, ਅਸੀਂ ਹੁਣੇ ਚੁਕਾ ਬਾਹਰ ਸੁਟਾ ਦਿੰਦੇ ਹਾਂ। ਰਾਜਕੁਮਾਰੀ ਨੂੰ ਇਹ ਗੱਲ ਕਹਿ ਦੇਵੇ ਉਹ?

ਕਹਿੰਦੀ, ਨਾ ਪਿਤਾ ਜੀ! ਉਹਦੇ ਵਰਗਾ ਸੰਸਾਰ 'ਚ ਕੋਈ ਹੋਰ ਹੈ ਨਹੀਂ। ਜੇ ਉਹਨੂੰ ਸੁਟਵਾ ਦਿਤਾ ਤਾਂ ਮੈਂ ਵੀ ਨਾਲ ਹੀ ਮਰ ਜਾਣਾ ਹੈ।

ਕਹਿੰਦੇ, ਫੇਰ ਰੋਂਦੀ ਕਿਉਂ ਹੈਂ ਤੂੰ?

ਕਹਿੰਦੀ, ਮੈਨੂੰ ਉਨ੍ਹਾਂ ਨੇ ਕਹਿ ਦਿਤਾ ਕਿ ਤੂੰ ਆਤਮਾ ਹੈਂ। ਤੇਰਾ ਸਬੰਧ ਕਿਸੇ ਨਾਲ ਨਹੀਂ, ਤੂੰ ਦੇਖਣ ਵਾਲੀ ਹੈਂ ਸਾਰੀ ਕਿਰਿਆ ਨੂੰ। ਤੂੰ ਕਰਦੀ ਨਹੀਂ ਕੁਛ। ਫੇਰ ਬਾਪੂ ਜੀ ਮੈਂ ਤੁਹਾਨੂੰ ਪਿਆਰ ਕਿਵੇਂ ਕਰਾਂਗੀ, ਜੇ ਮੈਂ ਆਤਮਾ ਬਣ ਗਈ।

ਉਹ ਕਹਿੰਦੇ, ਲੈ ਭੋਲੀ ਹੈ ਬੱਚੀ। ਸਾਧ ਜਿਹੜੇ ਹੁੰਦੇ ਨੇ ਇਹ ਇਹੋ ਜਿਹੀਆਂ ਹੀ ਗੱਲਾਂ ਕਰਦੇ ਨੇ। ਇਨ੍ਹਾਂ ਨੂੰ ਨਹੀਂ ਮੰਨੀਦਾ ਹੁੰਦਾ। ਭੁੱਲ ਜਾ ਇਨ੍ਹਾਂ ਗੱਲਾਂ ਨੂੰ। ਕਹਿੰਦੀ, ਕਿਵੇਂ ਭੁੱਲ ਜਾਵਾਂ, ਭੁੱਲ ਨਹੀਂ ਹੁੰਦੀਆਂ। ਉਹ ਐਨਾ ਚੰਗਾ ਹੈ ਕਿ ਮੇਰੇ ਤੋਂ ਭੁੱਲਿਆ ਵੀ ਨਹੀਂ ਜਾਂਦਾ। ਫੇਰ ਸੇਵਾ

ਕਰਦੀ ਹੈ, ਬੇਹੋਸ਼ੀ 'ਚ ਆ ਗਏ। ਫੇਰ ਇਕ ਦਿਨ ਨੇਤਰ ਖੁੱਲ੍ਹੇ। ਕਹਿਣ ਲੱਗੇ, ਬੀਬਾ! ਤੂੰ ਆਤਮਾ ਹੈਂ। ਕਹਿੰਦੀ, ਨਾ ਇਹ ਗੱਲ ਨਾ ਮੈਨੂੰ ਕਹੋ, ਕਹੋ ਸਰੀਰ ਹਾਂ ਮੈਂ। ਮੇਰਾ ਖਾਣ ਨੂੰ ਜੀਅ ਕਰਦਾ ਹੈ, ਪੀਣ ਨੂੰ ਜੀਅ ਕਰਦਾ ਹੈ, ਮੇਰਾ ਪਿਆਰ ਕਰਨ ਨੂੰ ਜੀਅ ਕਰਦਾ ਹੈ, ਜੇ ਮੈਂ ਆਤਮਾ ਹੋਈ ਮੈਂ ਤਾਂ ਇਕੱਲੀ ਹੋ ਗਈ, ਮੇਰੇ ਨਾਲ ਤਾਂ ਕਿਸੇ ਨੇ ਪਿਆਰ ਨਹੀਂ ਕਰਨਾ। ਕਹਿੰਦੇ, ਤੂੰ ਆਪ ਹੀ ਪਿਆਰ ਸਰੂਪ ਹੈਂ, ਜਿਹਨੂੰ ਪਿਆਰ ਕਹਿੰਦੀ ਹੈਂ ਓਹੀ ਤੇਰਾ ਰੂਪ ਹੈ। ਉਹ ਤੂੰ ਹੀ ਹੈਂ। ਕਹਿੰਦੇ, ਇਕ ਮੈਂ ਤੈਨੂੰ ਹੋਰ ਗੱਲ ਦਸਦਾ ਹਾਂ। ਤੇਰੇ ਨਾਲ ਇਕ ਹੋਰ ਸ਼ਕਤੀ ਹਰ ਵਕਤ ਰਹਿੰਦੀ ਹੈ। ਕਹਿੰਦੀ, ਮੈਨੂੰ ਹੋਰ ਨਾ ਡਰਾ। ਕਹਿੰਦੇ, ਮੈਂ ਡਰਾਉਂਦਾ ਨਹੀਂ, ਮੈਂ ਸੰਸਾਰ ਤੋਂ ਚਲੇ ਜਾਣਾ ਹੈ। ਤੈਨੂੰ ਮੈਂ ਗੱਲ ਦਸਦਾ ਹਾਂ, ਤੂੰ ਸੇਵਾ ਕਰੀ ਹੈ, ਤੇਰੇ ਕੰਮ ਆਏਗੀ।

ਕਹਿੰਦੀ, ਉਹ ਕਿਹੜੀ ਗੱਲ ਹੈ?

ਕਹਿੰਦੇ, ਉਹ ਹੈ, ਜਿੰਨੇ ਕੰਮ ਕਰਦੀ ਹੈਂ ਉਹਨੂੰ ਦੇਖਣ ਵਾਲਾ ਤੇਰੇ ਨਾਲ ਰਹਿੰਦਾ ਹੈ, ਜਿਹਨੂੰ ਵਾਹਿਗੁਰੂ ਕਹਿੰਦੇ ਨੇ। ਪ੍ਰਮਾਤਮਾ ਕਹਿੰਦੇ ਨੇ। ਉਹ ਹਰ ਵਕਤ ਦੇਖਦਾ ਹੈ, ਤੂੰ ਸੌਂ ਜਾਂਦੀ ਹੈਂ ਉਹ ਜਾਗਦਾ ਹੈ।

ਕਹਿੰਦੀ, ਆਹ ਤਾਂ ਤੂੰ ਮੈਨੂੰ ਹੋਰ ਵੀ ਦੁਬਿਧਾ 'ਚ ਪਾ ਦਿਤਾ।

ਮੇਰੇ ਨਾਲ ਵੀ ਕੋਈ ਰਹਿੰਦਾ ਹੈ ਹੋਰ?

ਕਹਿੰਦੇ, ਹਾਂ। -

***ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,***
***ਮੈਂ ਮੂਰਖ ਜਾਨਿਆ ਦੂਰੀ ਰੇ।***

***ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥***
***ਅੰਗ - 612***

ਕਹਿਣ ਲੱਗੇ, ਹਰੇਕ ਦੇ ਨਾਲ ਪ੍ਰਮੇਸ਼ਰ ਦੇਖ ਰਿਹਾ ਹੈ। ਸਭ ਦੇ ਅੰਦਰ ਹੈ, ਉਹ ਕੋਈ ਅਣਜਾਣ ਨਹੀਂ ਹੈ ਕਿ ਅੱਖਾਂ ਮੀਚੀ ਸੁੱਤਾ ਪਿਆ ਹੈ। ਸਭ ਨੂੰ ਦੇਖ ਰਿਹਾ ਹੈ ਕਿ ਇਹ ਕੀ ਕਰ ਰਿਹਾ ਹੈ। ਰੌਲਾ ਪਾਉਂਦੇ ਨੇ ਕਿ ਹੇ ਵਾਹਿਗੁਰੂ! ਤੂੰ ਦਰਸ਼ਨ ਦੇ। ਰੋਂਦਾ ਹੈ ਪਰ ਉਹ ਜਾਣਦਾ ਹੈ ਇਹ ਪਾਖੰਡ ਕਰ ਰਿਹਾ ਹੈ, ਇਹਦੇ ਅੰਦਰ ਤਾਂ ਬਹੁਤ ਕੂੜ-ਕਬਾੜ ਭਰਿਆ ਪਿਆ ਹੈ। ਅੰਦਰੋਂ ਤਾਂ ਇਹ ਬੜਾ ਕਠੋਰ ਹੈ, ਕਠਨ ਹੈ, ਇਹਦੀ ਸੁਰਤ ਮੇਰੇ ਵਿਚ ਨਹੀਂ। ਮੇਰੇ ਨਾਲੋਂ ਸੁਰਤ ਇਹਦੀ ਦੂਜੀਆਂ ਚੀਜ਼ਾਂ 'ਚ, ਕਾਮ 'ਚ ਬਹੁਤੀ ਹੈ, ਕ੍ਰੋਧ 'ਚ ਬਹੁਤੀ ਹੈ, ਜਾਇਦਾਦ 'ਚ ਬਹੁਤੀ ਲੱਗੀ ਹੋਈ ਹੈ, ਬਾਲ-ਬੱਚਿਆਂ 'ਚ ਬਹੁਤੀ ਲੱਗੀ ਹੋਈ ਹੈ-

***ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥***
***ਅੰਗ- 657***

ਫੇਰ ਕਿਤੇ ਆਉਂਦਾ ਹੈ, ਨਹੀਂ ਤਾਂ ਆਉਂਦਾ ਨਹੀਂ ਹੈ। ਦੋਸ਼ ਰੱਬ

ਨੂੰ ਦਿੰਦੇ ਹਾਂ, ਲੇਕਿਨ ਦੋਸ਼ ਆਪਣੇ 'ਚ ਹੈ। ਕਹਿਣ ਲੱਗੇ, ਬੀਬਾ! ਇਹ ਜਿਹੜਾ ਤੇਰਾ ਸਰੂਪ ਹੈ। ਕਹਿਣ ਲੱਗੀ, ਮੈਨੂੰ ਦਿਸਦਾ ਕਿਉਂ ਨਹੀਂ ਹੈ। ਦਿਸਣਾ ਚਾਹੀਦਾ ਹੈ। ਜਿਹੜੀਆਂ ਤੁਸੀਂ ਗੱਲਾਂ ਕਹੀਆਂ ਨੇ, ਮੈਂ ਬੜੇ ਧਿਆਨ ਨਾਲ ਸੋਚਦੀ ਹਾਂ। ਤੁਸੀਂ ਬੇਹੋਸ਼ ਪਏ ਸੀ, ਮੈਂ ਦੋ ਦਿਨ ਪਕਾਈ ਗਈ ਹਾਂ ਇਹ, ਮੇਰੇ ਪੱਕ ਗਈਆਂ ਇਹ, ਇਕ-ਇਕ ਅੱਖਰ ਪੱਕ ਗਿਆ। ਪਰ ਇਹ ਤਾਂ ਦੱਸੋ ਮੈਨੂੰ ਦਿਸਦਾ ਕਿਉਂ ਨਹੀਂ, ਜਿਹੜਾ ਮੇਰੇ ਨਾਲ ਰਹਿੰਦਾ ਹੈ ਤੇ ਮੇਰੀ ਆਤਮਾ ਮੈਂ ਆਪਣੇ ਆਪ ਨੂੰ ਕਿਉਂ ਨਹੀਂ ਦੇਖ ਸਕਦੀ। ਕਹਿਣ ਲੱਗੇ, ਸੁਰਤ ਹੇਠਾਂ ਆ ਗਈ। ਉਹਦੇ ਉਤੇ ਪੰਜ ਪਰਦੇ ਪੈ ਗਏ। ਪਹਿਲਾ ਪੈ ਗਿਆ ਅਨੰਦ ਦਾ, ਮੈਂ ਅਨੰਦ ਸਰੂਪ ਹਾਂ। ਦੂਸਰਾ ਪੈ ਗਿਆ ਕਿ ਮੈਂ ਜਾਣਦਾ ਹਾਂ, ਬੁੱਧੀ ਦਾ। ਤੀਸਰਾ ਪੈ ਗਿਆ, ਫੁਰਨੇ ਦਾ, ਉਹਨੂੰ ਮਨ ਦਾ ਕਹਿੰਦੇ ਨੇ। ਚੌਥਾ ਪ੍ਰਾਣਾਂ ਦਾ ਪੜਦਾ ਪੈ ਗਿਆ, ਪੰਜਵਾਂ ਸਰੀਰ ਦਾ ਪੈ ਗਿਆ। ਉਹ ਰੋਸ਼ਨੀ ਤਾਂ ਉਵੇਂ ਜਿਵੇਂ ਹੀ ਹੈ, ਲੇਕਿਨ ਨਜ਼ਰ ਨਹੀਂ ਆ ਰਹੀ। ਕਹਿੰਦੇ, ਇਹਦੇ ਵਿਚ ਬੇਅੰਤ ਪੜਦੇ ਪੈ ਗਏ। ਜਿਉਂ-ਜਿਉਂ ਸਫਰ ਕਰਦੇ ਹਾਂ, ਤਿਉਂ-ਤਿਉਂ ਪੜਦੇ ਹੋਰ ਹੋ ਜਾਂਦੇ ਨੇ, ਉਹ ਪੜਦੇ ਬੇਅੰਤ ਗਿਣਤੀ ਤੋਂ ਬਾਹਰ ਨੇ, ਜਿਹੜੇ ਹਉਮੈ ਨੇ ਪਾਏ ਹੋਏ ਨੇ। ਪਹਿਲਾਂ ਤਾਂ ਕਹਿੰਦੇ ਤਿੰਨ ਸਰੀਰਾਂ ਦਾ ਪੜਦਾ ਹੈ। ਫੇਰ ਪੰਜ ਕੋਸ਼ਾਂ ਦਾ ਹੈ, ਫੇਰ ਚੁਤਿਸ਼ਟਾ ਅੰਤਸ਼ਕਰਣ, ਮਨ ਹੈ, ਚਿੱਤ ਹੈ ਤੇ ਮੈਂ ਭਾਵ ਹੈ। ਇਹ ਚਾਰ ਪੜਦੇ ਪੈ ਗਏ। ਫੇਰ ਪੰਜ ਪ੍ਰਾਣਾਂ ਦਾ ਪੜਦਾ ਪੈ ਗਿਆ। ਪ੍ਰਾਣ, ਅਪਾਨ, ਉਦਾਨ, ਬਿਆਨ, ਸਮਾਨ; ਪੰਜ ਕਰਮ ਇੰਦ੍ਰਿਆਂ ਦੇ ਪੈ ਗਏ, ਪੰਜ ਗਿਆਨ ਇੰਦ੍ਰਿਆਂ ਦੇ, ਦੋ ਅੱਖਾਂ, ਨੱਕ, ਕੰਨ, ਨਾਸਕਾ, ਮੂੰਹ ਆਦਿ ਸਪਰਸ਼ ਦੀ ਸ਼ਕਤੀ, ਇਨ੍ਹਾ ਦੇ ਪੈ ਗਏ। ਇਸ ਤੋਂ ਬਾਅਦ 25 ਪ੍ਰਕ੍ਰਿਤੀਆਂ ਦੇ ਜਿਨ੍ਹਾਂ ਦੇ ਨੇਤ੍ਰ, ਕੰਨ, ਵਗੈਰਾ ਬਣੇ ਨੇ ਉਨ੍ਹਾਂ ਦੇ ਪੜਦੇ ਹੋਰ ਪੈ ਗਏ। ਪੰਜ ਚੋਰ ਇਹਦੇ ਵਿਚ ਡਗਮਗਾਉਂਦੇ ਨੇ, ਜਿਹੜੇ ਹਰ ਵਕਤ ਪੜਦਾ ਪਾ ਕੇ ਰਖਦੇ ਨੇ, ਰੱਬ ਵਲ ਨੂੰ ਜਾਣ ਹੀ ਨਹੀਂ ਦਿੰਦੇ। ਬੜੇ ਹੀ ਸਖਤ ਨੇ। ਪੰਜ ਇਹਦੇ ਵਿਚ ਠੱਗ ਨੇ -

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

*ਅੰਗ- 1288*

ਪੰਜ ਇਹਦੇ ਵਿਚ ਵਿਸ਼ੇ ਨੇ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਹ ਪੰਜੋ ਵਿਸ਼ੇ ਆਦਮੀ 'ਚ ਹੋਣ ਕਰਕੇ ਪੜਦੇ ਪਏ ਹੋਏ ਨੇ। ਪੰਜ ਇਹਦੇ ਵਿਚ ਅਭਿਮਾਨ ਨੇ। ਨੌਂ ਇਹਦੇ ਵਿਚ ਰਸਾਂ ਦੀ ਲੋਚਾ ਹੈ, ਵਾਸ਼ਨਾਵਾਂ ਨੇ ਬੇਅੰਤ ਗਿਣਤੀਆਂ-ਮਿਣਤੀਆਂ ਤੋਂ ਬਾਹਰ। ਪੰਜ ਇਹਨੂੰ ਭਰਮ ਪਏ ਹੋਏ ਨੇ ਤੇ ਇਹਦੇ ਅੰਦਰ ਜਜ਼ਬੇ ਨੇ, ਚੁਗਲੀ ਕਰਨ ਦਾ, ਵੈਰ ਕਰਨ ਦਾ, ਬੁਰਾ ਕਰਨ ਦਾ, ਕੁਸੰਗ ਦਾ, ਬੇਵਿਚਾਰੀ ਦਾ, ਈਰਖਾ ਦਾ, ਨਿੰਦਿਆ ਦਾ, ਖੋਟੀ ਮੱਤ ਦਾ ਤੇ ਦ੍ਵੈਸ਼ ਦਾ, ਸੋ ਇਹ ਸਾਰੀਆਂ ਸਥੂਲ, ਸੂਖਮ ਭੋਗਾਂ ਦੇ ਪੜਦੇ ਤੇ ਮੰਗਤ ਬਿਰਤੀ ਰਹਿੰਦੀ ਹੈ। ਬ੍ਰਹਮ ਤੋਂ ਬਗੈਰ ਬਾਕੀ ਸਭ ਚੀਜ਼ ਨੂੰ ਸਤਿ ਸਮਝਦਾ ਹੈ। ਇਕ ਪ੍ਰਮੇਸ਼ਰ ਨੂੰ ਸਤਿ

ਨਾ ਸਮਝਣ ਕਰਕੇ ਇਹਦੀ ਦ੍ਰਿਸ਼ਟੀ ਹੇਠਾਂ ਰਹਿੰਦੀ ਹੈ, ਉਤੇ ਨਹੀਂ ਜਾਂਦੀ ਤੇ ਇਹ ਪੜਦੇ ਨੇ। ਮਹਾਰਾਜ ਫੁਰਮਾਨ ਕਰਦੇ ਨੇ ਐਨਿਆਂ ਦੇ ਵਿਚ ਜੀਵ ਕਰੇ ਕੀ?

***ਧਾਰਨਾ – ਜੀਵ ਇਕ ਤੇ ਸ਼ਿਕਾਰੀ ਬਹੁਤੇ,***
***ਇਕੋ ਤੇਰੀ ਆਸ ਮਾਲਕਾ।***

***ਕਬੀਰ ਹਰਨਾ ਦੂਬਲਾ ਇਹੁ ਹਰੀਆਰਾ ਤਾਲੁ ॥***
***ਲਾਖ ਅਹੇਰੀ ਏਕੁ ਜੀਉ ਕੇਤਾ ਬੰਚਉ ਕਾਲੁ ॥***

***ਅੰਗ – 1367***

ਕਿਸ ਤਰ੍ਹਾਂ ਦੇ ਨਾਲ ਪਾਰ-ਉਤਾਰਾ ਹੋਵੇ, ਕਿਉਂਕਿ ਬੰਧਨ ਬਹੁਤ ਜ਼ਿਆਦਾ ਨੇ ਤੇ ਹੈ ਕੈਸੇ? ਨਾਮ ਜਪੀ ਜਾਂਦਾ ਹੈ, ਜਪੀ ਜਾਂਦਾ ਹੈ, ਸਾਲਾਂ ਦੇ ਸਾਲ ਲੰਘ ਗਏ, ਇਕ ਦਿਨ ਨਿੰਦਿਆ ਕਿਸੇ ਦੀ ਕਰ ਦੇਵੇ, ਉਸੇ ਦਿਨ ਫੇਰ ਮੁੜ ਕੇ ਹੋਏਗਾ ਕੀ? ਆਹ ਬੱਚੇ ਖੇਡਦੇ ਹੁੰਦੇ ਨੇ ladder and snake ਦੀ ਖੇਡ, ਉਹ ਸਿਰੇ ਚਲੇ ਜਾਂਦੇ ਨੇ, ਬੱਸ ਹੁਣ ਆਸ ਹੁੰਦੀ ਹੈ ਕਿ ਹੁਣ ਦੋ ਨੰਬਰ ਹੋਰ ਰਹਿ ਗਏ ਫੇਰ ਮੈਂ ਪਾਰ ਲੰਘ ਜਾਣਾ ਹੈ। ਬਦਕਿਸਮਤੀ ਕੀ ਹੁੰਦੀ ਹੈ, ਸੱਪ ਦੇ ਮੂੰਹ ਵਿਚ ਗੀਟੀ ਚਲੀ ਜਾਂਦੀ ਹੈ, ਗਿਣਤੀ ਦੇ ਹਿਸਾਬ ਨਾਲ, ਮੁੜ ਕੇ ਸੱਪ ਦਾ ਸਿਰਾ ਹੇਠਾਂ ਲਗਦਾ ਹੈ, ਮੁੜ ਕੇ ਫੇਰ ਥੱਲੇ ਆ ਗਿਆ। ਇਸੇ ਤਰ੍ਹਾਂ ਦੇ ਨਾਲ ਨਾਮ ਜਪਦਾ ਹੈ, ਸੇਵਾ ਕਰਦਾ ਹੈ, ਸਭ ਕੁਛ ਕਰਦਾ-ਕਰਦਾ ਨਿੰਦਿਆ ਕਰ ਬੈਠਦਾ ਹੈ, ਨਿੰਦਿਆ ਕਰੀ, ਸਾਰਾ ਕੁਛ ਹੀ ਬਿਰਥਾ ਚਲਿਆ ਗਿਆ। ਭੁੱਲ ਦੇ ਨਾਲ ਕਾਮ ਬਿਰਤੀ ਜਾਗ ਪਈ, ਮਾੜਾ ਕਹਿ ਦਿਤਾ ਕਿ ਕੋਈ ਬਾਤ ਨਹੀਂ ਹੈ, ਕੀ ਹੈ ਇਹਦੇ ਵਿਚ, ਨਤੀਜਾ ਕੀ ਹੋਏਗਾ, ਬਿਲਕੁਲ ਜ਼ੀਰੋ 'ਤੇ ਫੇਰ ਆ ਜਾਏਗਾ। ਉਸ ਤੋਂ ਅਗਾਂਹਾਂ ਪਾਪ ਲਗ ਜਾਏਗਾ। ਸੋ ਇਸ ਤਰ੍ਹਾਂ ਦੇ ਐਸੇ ਕੰਮ ਕਰਦਾ ਹੈ, ਰਿਸ਼ਵਤ ਲੈ ਬੈਠਿਆ, ਮੁੜ ਕੇ ਫੇਰ ਥੱਲੇ ਆ ਗਿਆ। ਝੂਠ ਬੋਲਿਆ, ਮੁੜ ਕੇ ਫੇਰ ਥੱਲੇ ਆ ਗਿਆ। ਇਹ ਇਕ ਖੇਡ ਹੈ ਕਿ ਕਿਵੇਂ ਬਚ ਕੇ ਨਿਕਲਿਆ ਜਾਵੇ। ਕਹਿੰਦੇ – 'ਕੇਤਾ ਬੰਚਉ ਕਾਲੁ ॥' ਕਿਵੇਂ ਲੰਘੀਏ?

ਸੋ ਉਸ ਵੇਲੇ ਮਹਾਤਮਾ ਨੇ ਮਿਹਰ ਕਰੀ, ਕਹਿਣ ਲੱਗੇ, ਦੇਖ ਇਸ ਤਰ੍ਹਾਂ ਤਾਂ ਨਹੀਂ ਹੋਣਾ, ਇਹ ਤਾਂ ਮੈਂ ਤੈਨੂੰ ਗੱਲ ਦੱਸ ਦਿਤੀ ਸਿਖਰ ਦੀ। ਇਥੇ ਪਹੁੰਚਣ ਵਾਸਤੇ ਕਾਇਆਂ ਨੂੰ ਸੋਧਣਾ ਪੈਂਦਾ ਹੈ –

***ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥***

***ਅੰਗ– 468***

ਕਰਤੇ ਨੂੰ ਬੀਜ, ਪਹਿਲਾਂ ਧਰਤੀ ਨੂੰ ਸਾਧ। ਉਹਦੀ ਜਾਚ ਸਿੱਖ ਲੈ। ਗੁਰੂ ਦੱਸੇਗਾ ਇਹ ਜਾਂਚ, ਕਿਵੇਂ ਧਰਤਿ ਕਾਇਆਂ ਸੋਧਣੀ ਹੈ। ਫੇਰ ਇਹਦੇ ਵਿਚ ਜਦੋਂ ਸੋਧੀ ਗਈ, ਬੀਜ ਲਿਆ ਦਿਤੇ, ਨਦੀਣ ਮਰ ਗਿਆ, ਡਲ੍ਹੇ ਟੁੱਟ ਗਏ, ਫੇਰ ਕਹਿੰਦੇ ਇਹਦੇ ਵਿਚ 'ਦੇਇ ਕਰਤਾ ਬੀਉ ॥' ਨਾਮ ਵਾਹਿਗੁਰੂ ਦਾ ਬੀਜ ਦੇ ਇਹਦੇ ਵਿਚ। ਹੁਣ ਧਰਤੀ ਕਿਵੇਂ ਸਾਧਣੀ ਹੈ –

***ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥***

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*
*ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥ 1 ॥*

*ਅੰਗ - 595*

ਉਹ ਕਰਮ ਕਿਹੜੇ ਨੇ ਜਿਹਦੇ ਨਾਲ ਇਸ ਫਸਲ ਨੇ ਹਰੀ ਹੋਣਾ ਹੈ। ਇਹ ਧਿਆਨ ਨਾਲ ਸਮਝੋ ਜਿਨ੍ਹਾਂ ਨੇ ਨਾਮ ਜਪਣਾ ਹੈ। ਕਿਸੇ ਦੇ ਮਨ ਵਿਚ ਸ਼ੌਂਕ ਹੈਂ, ਜਿੰਨਾਂ ਚਿਰ ਇਹ ਗੱਲਾਂ ਅੰਦਰ ਨਹੀਂ ਵਸਦੀਆਂ, ਨਹੀਂ ਅਗਾਂਹਾਂ ਚੱਲੇਗਾ। ਇਹਦੇ ਵਿਚ ਇਕ ਤਾਂ ਹਨ ਮਨ ਦੀਆਂ ਰਹਿਤਾਂ, ਇਕ ਨੇ ਸਰੀਰ ਦੇ ਕੰਮ। ਸੋ ਉਹਦੇ ਵਿਚ ਪਹਿਲੀ ਚੀਜ਼ ਹੈ ਕਿ ਨਾ ਬੋਲ ਕੇ, ਨਾ ਸਰੀਰਕ ਤੌਰ 'ਤੇ ਅਤੇ ਨਾ ਮਨ ਨਾਲ ਸੋਚ ਕੇ, ਨਾ ਬੁੱਧੀ ਦੇ ਹੇਰ ਫੇਰ ਕਰਕੇ ਕਿਸੇ ਦਾ ਨੁਕਸਾਨ ਨਾ ਕਰਿਆ ਜਾਵੇ, ਹਿੰਸਾ ਨਾ ਕਰੀ ਜਾਵੇ। ਹਿੰਸਾ ਇਹ ਨਹੀਂ ਕਿ ਜੀਵ ਮਾਰ ਦਿਤਾ ਜਾਵੇ, ਹਿੰਸਾ ਬਹੁਤ ਕਿਸਮ ਦੀ ਹੈ। ਸੋ ਕਿਸੇ ਕਿਸਮ ਦੀ ਵੀ ਹਿੰਸਾ ਅੰਦਰ ਨਾ ਆਵੇ। ਅਹਿੰਸਾ ਧਾਰਨ ਕਰੇ। ਦੂਸਰਾ ਇਹ ਹੈ ਕਿ ਜੀਵਨ ਸਤਿ ਦਾ ਹੋਵੇ, ਪਾਖੰਡੀ ਜੀਵਨ ਨਾ ਹੋਵੇ ਕਿ ਇਥੇ ਝੂਠ ਬੋਲ ਕੇ ਸਰ ਜਾਏਗਾ। ਸਤਿ ਦਾ ਜੀਵਨ ਹੋਵੇ, ਜਿਹੋ ਜਿਹਾ ਅੰਦਰੋਂ, ਓਹੋ ਜਿਹਾ ਹੀ ਬਾਹਰੋਂ। ਵਖਾਵਾ ਨਾ ਕਰੇ ਕਿ ਮੈਂ ਵਧੀਆ ਸੰਤ ਲੱਗਾਂ। ਮੈਂ ਵਧੀਆ ਨਾਮ ਜਪਣ ਵਾਲਾ ਹਾਂ, ਉਵੇਂ ਹੱਥ ਜਿਹੇ ਬੰਨ੍ਹੀਂ ਜਾਵੇ, ਨੀਵੀਂ ਜਿਹੀ ਪਾਈ ਜਾਵੇ, ਅੰਦਰੋਂ ਭਰਿਆ ਪਿਆ ਗਲਤ ਗੱਲਾਂ ਨਾਲ ਤੇ ਬਾਹਰੋਂ ਇਹ ਪਖੰਡ ਕਰੇ, ਮਹਾਰਾਜ ਕਹਿੰਦੇ, ਨਾ-ਨਾ ਇਹੋ ਜਿਹੀ ਗੱਲ ਨਹੀਂ ਅਸੀਂ ਮੰਨਦੇ -

*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥*

*ਅੰਗ - 470*

ਜੇ ਰਿਦੇ ਦੇ ਵਿਚ ਸਚਾਈ ਨਹੀਂ ਆਈ, ਐਵੇਂ ਹੱਥ ਜੋੜੀ ਜਾਣੇ, ਮੱਥੇ ਟੇਕੀ ਜਾਣੇ, ਕੀ ਮਾਅਨੇ ਰਖਦੇ ਨੇ ਇਹ। ਕਹਿੰਦੇ, ਜੀਵਨ ਸਤਿ ਦਾ ਹੋਣਾ ਚਾਹੀਦਾ ਹੈ। ਫੇਰ ਇਹ ਹੈ ਕਿ ਚੋਰੀ ਨਾ ਕਰੇ। ਕਈ ਕਿਸਮ ਦੀ ਚੋਰੀ ਹੁੰਦੀ ਹੈ, ਕਿਸੇ ਦਾ ਧਨ ਮਾਲ ਜੋੜਿਆ ਹੋਇਆ ਹੈ, ਸੰਨ੍ਹ ਲਾ ਕੇ ਚੋਰੀ ਕਰ ਲੈਣੀ, ਇਕ ਹੁੰਦਾ ਹੈ ਕਿਸੇ ਨੇ ਬੜੇ ਇਕਾਂਤ ਬੈਠ-ਬੈਠ ਕੇ, ਕੁਝ ਬਚਨ ਕੱਢੇ ਨੇ, ਐਸੇ ਬਚਨ ਜਿਹੜੇ ਨਾ ਕਿਸੇ ਕਿਤਾਬ 'ਚੋਂ ਮਿਲਣ, ਨਾ ਕਿਤੋਂ ਹੋਰ ਮਿਲਣ, ਉਨ੍ਹਾਂ ਨੂੰ ਆਪਣੇ ਬਣਾ ਕੇ ਦਸ ਦੇਣਾ ਕਿ ਮੈਂ ਕਹੇ ਹਨ। ਈਮਾਨਦਾਰੀ ਤਾਂ ਇਹ ਹੁੰਦੀ ਹੈ ਕਿ ਮਹਾਂਪੁਰਸ਼ ਕਹਿ ਰਹੇ ਨੇ, ਜਾਂ ਮਹਾਰਾਜ ਜੀ ਨੇ ਇਸ ਤਰ੍ਹਾਂ ਦੱਸਿਆ ਸੀ, ਉਨ੍ਹਾਂ ਨੂੰ ਅਪਣਾਅ ਲੈਣਾ, ਆਪਣੇ ਬਣਾ ਲੈਣਾ, ਕਵਿਤਾ ਆਪਣੀ ਬਣਾ ਲੈਣੀ, ਇਹਨੂੰ ਕਵਿਤਾ ਚੋਰ ਕਹਿੰਦੇ ਨੇ, ਕੀਰਤਨ ਦੇ ਵਿਚ ਪ੍ਰਮਾਣ ਆਪਣੇ ਬਣਾ ਲੈਣੇ, ਉਹ ਕੀਰਤਨ ਚੋਰ ਹੋਇਆ ਕਰਦਾ ਹੈ। ਉਹ ਅੰਦਰ ਸਚਾਈ ਨਹੀਂ ਰਹਿਣ ਦਿੰਦੀ। ਲੋਕ ਤਾਂ ਵਾਹਵਾ-ਵਾਹਵਾ ਕਹਿਣਗੇ ਕਿ ਵੱਡਾ ਵਿਦਵਾਨ ਹੈ, ਲੇਕਿਨ ਅੰਦਰਲੇ ਪਾਸੇ ਕਿੱਡਾ ਘਾਟਾ ਪੈ ਰਿਹਾ ਹੈ ਉਹਨੂੰ, ਆਪ ਹੀ ਸਭ ਕੁਛ ਬਣ ਜਾਂਦਾ ਹੈ, ਆਪਣੀ ਪੂਜਾ ਕਰਾ ਲੈਂਦਾ ਹੈ, ਖਿਆਲ ਕਿਸੇ ਹੋਰ ਦੇ ਹੁੰਦੇ ਨੇ, ਅਨੁਭਵ ਕਿਸੇ ਹੋਰ ਦਾ ਹੁੰਦਾ ਹੈ, ਵਰਤਦਾ ਆਪ ਹੈ।

ਇਹਨੂੰ ਚੋਰੀ ਕਹਿੰਦੇ ਨੇ, ਇਸ ਤੋਂ ਰਹਿਤ ਜੀਵਨ ਹੋਵੇ।

ਸਭ ਤੋਂ ਵੱਡਾ ਚੋਰ ਹੈ ਜਿਹੜਾ ਨਾਮ ਨਹੀਂ ਜਪਦਾ, ਦਸਵੰਧ ਗੁਰੂ ਦਾ ਨਹੀਂ ਦਿੰਦਾ, ਕਹਿੰਦੇ ਇਹ ਵੀ ਚੋਰੀ ਹੈ। ਦਿੰਦਾ ਸਭ ਕੁਛ ਗੁਰੂ ਹੈ। ਬੜੀ ਵਾਰੀ ਮੈਂ ਬੇਨਤੀ ਕਰੀ ਹੈ ਕਿ ਪਿਆਰਿਓ! ਜੇ ਕਿਰਤ ਸੁੱਚੀ ਰੱਖਣੀ ਹੈ ਤਾਂ ਸੌ ਰੁਪਈਏ ਪਿੱਛੇ ਇੱਕ ਰੁਪਈਆ ਗੁਰੂ ਦਾ ਕੱਢਿਆ ਕਰੋ। ਕਈ ਪ੍ਰੇਮੀ ਕਹਿੰਦੇ ਨੇ ਕਿ ਤੁਸੀਂ ਦਸਵੰਧ ਨਹੀਂ ਕਹਿੰਦੇ। ਭਾਈ, ਇਹ ਦਸਵੰਧ ਹੀ ਬਣਦਾ ਹੈ। ਪਹਿਲਾਂ ਖਰਚ ਹੁੰਦਾ ਹੈ ਸਾਰਾ, ਬਚਦਾ ਤਾਂ ਦਸਵਾਂ ਹਿੱਸਾ ਹੀ ਹੁੰਦਾ ਹੈ, ਕਿਸੇ ਨੂੰ ਪੰਦਰਵਾਂ ਬਚ ਜਾਂਦਾ ਹੈ। ਪੰਦਰਵਾਂ ਜਿਹਨੂੰ ਬਚਦਾ ਹੈ, ਈਮਾਨਦਾਰੀ ਨਾਲ ਡੇਢ ਕੱਢ ਦਿਆ ਕਰੋ। ਵੀਹ ਬਚਦੇ ਨੇ ਦੋ ਕੱਢ ਦਿਆ ਕਰੋ। ਇਸ ਕਰਕੇ ਮੋਟਾ ਜਿਹਾ ਅਸੂਲ ਰੱਖਿਆ ਹੈ ਕਿ ਸੌ ਰੁਪਏ ਪਿੱਛੇ ਇਕ ਕੱਢੀ ਜਾਈਂ। ਜਿਹੜਾ ਦਸਵੰਧ ਨਹੀਂ ਦਿੰਦਾ, ਕਹਿੰਦੇ ਉਹ ਵੀ ਚੋਰ ਹੈ। ਜਿਹੜਾ ਨਾਮ ਨਹੀਂ ਜਪਦਾ ਕਹਿੰਦੇ ਉਹ ਵੀ ਚੋਰ ਹੈ। ਫੇਰ ਇਹਦੇ ਵਿਚ ਧੀਰਜ ਹੋਣੀ ਚਾਹੀਦੀ ਹੈ, ਕਾਹਲਾ ਨਾ ਹੋਵੇ, ਇਕ ਦਮ ਗਲ ਪੈਣ ਵਾਲਾ ਨਾ ਹੋਵੇ, ਧੀਰਜੀ ਬੰਦਾ ਹੋਵੇ, ਸੋਚੇ ਕਿ ਗੱਲ ਕੀ ਕਹਿੰਦੇ ਨੇ। ਇਕ ਦਮ ਗਲ ਪੈ ਕੇ ਵੱਡੇ ਨੁਕਸ ਪੈ ਜਾਂਦੇ ਨੇ। ਇਕ ਦਮ ਰਾਏ ਦੇ ਦੇਣੀ ਵੱਡੇ ਨੁਕਸ ਪੈ ਜਾਂਦੇ ਨੇ। ਉਸ ਤੋਂ ਬਾਅਦ ਉਲਝਣਾਂ ਖੜ੍ਹੀਆਂ ਹੋ ਜਾਂਦੀਆਂ ਨੇ। ਕਹਿੰਦੇ, ਧੀਰਜਵਾਨ ਹੋਣਾ ਚਾਹੀਦਾ ਹੈ, ਕੋਈ ਮਾੜੀ ਗੱਲ ਕਹਿ ਵੀ ਗਿਆ, ਨਿੰਦਿਆ ਕਰ ਗਿਆ, ਤਾਂ ਵੀ ਧੀਰਜੀ ਰਹਿ ਤੂੰ। ਫੇਰ ਹੁੰਦਾ ਹੈ ਕਿ ਖਿਮਾ ਦਾ ਜਜ਼ਬਾ ਹੋਵੇ ਇਹਦੇ ਅੰਦਰ, ਮਾਫ ਕਰਨ ਦਾ, ਫੇਰ ਦਇਆ ਹੋਵੇ, ਚਿੱਤ ਜਿਹੜਾ ਹੈ ਉਹ ਕਠੋਰ ਨਾ ਹੋਵੇ, ਦੂਸਰੇ ਦਾ ਦੁਖ ਦੇਖ ਕੇ ਪਿਘਲ ਜਾਵੇ, ਇਹ ਨਾ ਕਹੇ ਕਿ ਮੈਨੂੰ ਕੀ ਹੈ, ਹੋਣੈ ਜਿਹੜਾ ਕੁਛ ਹੋਈ ਜਾਵੇ। ਗੁਰਮੁਖ ਦਾ ਚਿੱਤ ਜਿਹੜਾ ਹੈ ਉਹ ਕੋਮਲ ਹੁੰਦਾ ਹੈ। ਫੇਰ ਵੱਢ ਖਾਣਿਆਂ ਵਾਂਗਣ ਨਾ ਪਵੇ। ਜਿਵੇਂ ਬਾਂਸ ਫਟਿਆ ਹੁੰਦਾ ਹੈ, ਕਈ ਲੋਕ ਇਹੋ ਜਿਹੀ ਗੱਲ ਬੋਲਦੇ ਨੇ-ਫਿੱਕੀ। ਕਹਿੰਦੇ, ਕੋਮਲ ਚਿੱਤ ਤੇ ਮਿੱਠੀ ਬਾਣੀ ਹੋਣੀ ਚਾਹੀਦੀ ਹੈ। ਫੇਰ ਪਵਿੱਤਰ ਹੋਵੇ ਅੰਦਰ, ਮਨ ਦੇ ਅੰਦਰ ਵੀ, ਸਰੀਰ ਦੇ ਵਿਚ ਵੀ ਪਵਿੱਤਰਤਾ ਹੋਵੇ, ਵਸਤਰਾਂ ਵਿਚ ਵੀ ਪਵਿੱਤਰਤਾ ਹੋਵੇ, ਘਰ-ਬਾਰ ਵੀ ਜਿੱਥੇ ਰਹਿੰਦਾ ਹੈ, ਵਾਤਾਵਰਣ ਜਿੱਥੇ ਰਹਿੰਦਾ ਹੈ ਸਾਰਾ ਪਵਿੱਤਰ ਹੋਵੇ। ਬੁੱਧੀ ਵੀ ਪਵਿੱਤਰ ਹੋਵੇ, ਉਸ ਤੋਂ ਬਾਅਦ ਫੇਰ 'ਸੁੱਚ' ਹੋਵੇ। ਸੁੱਚ ਵੀ ਮਨ ਦੀ ਹੁੰਦੀ ਹੈ, ਰਸਨਾ ਦੀ ਸੁੱਚ ਹੈ ਝੂਠ ਨਾ ਬੋਲੇ, ਨੇਤਰਾਂ ਦੀ ਸੁੱਚ ਹੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥*** ***ਅੰਗ - 274***

ਕੰਨਾਂ ਦੀ ਸੁੱਚ ਹੈ -

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥*** ***ਅੰਗ- 274***

ਸੋ ਇਹ ਸੁੱਚ ਧਾਰਨ ਕਰੇ, ਫੇਰ ਉਸ ਤੋਂ ਬਾਅਦ ਆਹਾਰ ਜਿਹੜਾ ਹੈ ਉਹ ਮਰਿਆਦਾ ਦਾ ਹੋਵੇ -

*ਅਲਪ ਆਹਾਰ ਸੁਲਪ ਸੀ ਨਿੰਦ੍ਰਾ।*
*ਦਯਾ ਛਿਮਾ ਤਨ ਪ੍ਰੀਤਿ॥* *ਰਾਮਕਲੀ ਪਾ: 10*

ਦੂਸਰੇ ਨੇ ਤਪ, ਜਿਹਨੂੰ ਸੇਵਾ ਕਹਿੰਦੇ ਨੇ, ਸੰਤੋਖ ਦੇ ਵਿਚ ਰਹਿਣਾ, ਕਮਾਈ ਕਰ ਜੋ ਕੁਛ ਪ੍ਰਾਪਤ ਹੋ ਗਿਆ, ਉਹਦੇ ਉਤੇ ਤੂੰ ਸੰਤੁਸ਼ਟ ਹੋ -

*ਬਿਨਾ ਸੰਤੋਖ ਨਹੀ ਕੋਊ ਰਾਜੈ ॥* *ਅੰਗ- 279*

ਸੰਤੋਖ ਨਾ ਹੋਇਆ ਰੱਜ ਨਹੀਂ ਆਉਣਾ, ਤ੍ਰਿਸ਼ਨਾ ਦੀ ਅੱਗ ਲੱਗੀ ਰਹਿਣੀ ਹੈ। ਤ੍ਰਿਸ਼ਨਾ ਤੇ ਨਾਮ ਦਾ ਸਬੰਧ ਨਹੀਂ ਹੈ -

*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ ॥*
*ਅੰਗ- 919*

ਸੰਤੋਖ ਧਾਰਨ ਕਰ, ਦੂਸਰਾ ਹੈ ਆਸਤਕ ਬੁੱਧ ਰੱਖ। ਆਸਤਕ ਬੁੱਧ ਦਾ ਬੜਾ ਰੌਲਾ ਹੈ, ਇਹ ਨਹੀਂ ਰਹਿੰਦੀ। ਗੁਰੂ ਦੇ ਬਚਨਾਂ ਤੋਂ ਵਿਪਰੀਤ ਕਰਦਾ ਹੈ। ਚਾਹੇ ਗੁਰਦੁਆਰੇ ਵੀ ਰਹਿੰਦਾ ਹੈ। ਇਹੋ ਜਿਹੇ ਮਾੜੇ ਕੰਮ ਕਰ ਦਿੰਦਾ ਹੈ। ਜੇ ਉਹਨੂੰ ਪੁੱਛੇ ਕਿ ਗੁਰੂ ਕੀ ਕਹਿੰਦਾ ਹੈ ਕਿ ਤੂੰ ਐਨੇ ਮਾੜੇ ਕੰਮ ਕਰੇ। ਇਹੋ ਜਿਹੇ ਬੁਰੇ ਕੰਮ ਕਰ ਰਿਹਾ ਹੈ, ਪਿਆਰਿਆ! ਤੈਨੂੰ ਪ੍ਰਮੇਸ਼ਰ ਦੇਖ ਰਿਹਾ ਹੈ। ਉਹਦੇ ਦਰ ਦੇ ਉਤੇ ਤੇਰਾ ਨਾਮ ਜਿਹੜਾ ਹੈ ਉਹ ਖੋਟਿਆਂ ਦੇ ਵਿਚ ਪੈ ਗਿਆ। ਪੜਦਿਆਂ ਦੇ ਨਾਲ ਤੂੰ ਆਪਣੀ ਸਫਾਈ ਨਹੀਂ ਰਖ ਸਕਦਾ। ਆਸਤਕ ਬੁੱਧੀ ਨਹੀਂ ਅੰਦਰ। ਜੇ ਆਸਤਕ ਬੁੱਧੀ ਹੋਵੇ ਕਿ ਮੇਰੇ ਨਾਲ ਵਾਹਿਗੁਰੂ ਰਹਿੰਦਾ ਹੈ। ਫੇਰ ਪਿਆਰ ਉਹਦਾ ਜਾਗਿਆ ਰਹੇ ਹਰ ਵਕਤ, ਅੰਦਰ ਨੂੰ ਝਾਕਦਾ ਹੈ ਤਾਂ ਵਾਹਿਗੁਰੂ ਵਲ ਹੀ ਸੁਰਤ ਜਾਂਦੀ ਹੈ। ਬੁੱਧੀ ਆਸਤਕ ਹੋਵੇ। ਫੇਰ ਦਾਨੀ ਹੋਵੇ, ਨਿਮਰਤਾ ਹੋਵੇ, ਪੂਜਾ ਜਿਹਨੂੰ ਕਹਿੰਦੇ ਨੇ, ਸ਼ਬਦ ਦੀ ਕਮਾਈ ਕਰਨ ਵਾਲਾ ਹੋਵੇ, ਗੱਲਾਂਬਾਤਾਂ ਵਾਲਾ ਨਾ ਹੋਵੇ, ਨਾਮ ਦੀ ਕਮਾਈ ਕਰੇ ਬਗੈਰ ਨਾਮ ਅੰਦਰ ਨਹੀਂ ਜਾਂਦਾ, ਅਨੁਭਵ ਨਹੀਂ ਖੁਲ੍ਹਦਾ। ਫੇਰ ਪਿਆਰ ਹੋਵੇ ਅੰਦਰ ਪ੍ਰਮੇਸ਼ਰ ਦਾ। ਪਿਆਰ ਤਾਂ ਦੁਨੀਆਂ ਦਾ ਹੈ, ਰੱਬ ਦਾ ਤਾਂ ਪਿਆਰ ਹੀ ਨਹੀਂ ਪੈਂਦਾ। ਕਹਿੰਦੇ, ਉਹ ਤਾਂ ਦਿਸਦਾ ਨਹੀਂ, ਪਿਆਰ ਕੀ ਕਰੀਏ ਉਹਦੇ ਨਾਲ। ਜਿਹੜੀਆਂ ਚੀਜ਼ਾਂ ਦਿਸਦੀਆਂ ਨਹੀਂ ਹੈਗੀਆਂ ਤਾਂ ਸਹੀ। ਹੁਣ ਆਹ ਟੈਲੀਵੀਜ਼ਨ ਦੀਆਂ ਤਰੰਗਾਂ ਆਉਂਦੀਆਂ ਨੇ, ਅੱਖਾਂ ਨਾਲ ਤਾਂ ਇਹ ਦਿਸਦੀਆਂ ਨਹੀਂ, ਪਰ ਜਦੋਂ ਟੈਲੀਵੀਜ਼ਨ ਕੋਲ ਜਾਂਦੇ ਹਾਂ ਉਥੇ ਦਿਸਦੀਆਂ ਨੇ। ਰੇਡੀਓ ਤਰੰਗਾਂ ਆਉਂਦੀਆਂ ਨੇ, ਅੱਖਾਂ ਨਾਲ ਤਾਂ ਦਿਸਦੀਆਂ ਨਹੀਂ, ਰੇਡੀਓ ਦੇ ਵਿਚੀਂ ਸੁਣਦਾ ਹੈ। Cosmic rays ਆਉਂਦੀਆ ਨੇ, ਇਕ ਸਕਿੰਟ ਦੇ ਅੰਦਰ ਤਿੰਨ ਲੱਖ ਮੀਲ ਤੁਰ ਜਾਂਦੀਆਂ ਨੇ। ਪਰ ਉਹ ਹੈਗੀਆਂ ਤਾਂ ਸਹੀ ਨਾ। ਇਸ ਤਰ੍ਹਾਂ ਤੂੰ ਵਿਸ਼ਵਾਸ਼ ਵਿਚ ਆ, ਚਾਹੇ ਮੈਨੂੰ ਰੱਬ ਦਿਸਦਾ ਹੈ, ਚਾਹੇ ਨਹੀਂ ਦਿਸਦਾ ਉਹ ਹੈਗਾ ਤਾਂ ਸਹੀ ਨਾ। ਆਕਸੀਜਨ ਤੂੰ ਦੇਖੀ ਹੈ? ਟੋਏ ਵਿਚ ਵੜ ਜਾ, ਜਿਥੇ ਉਹ ਕਾਰਬਨ ਡਾਈਆਕਸਾਈਡ ਦਾ ਭਰਿਆ ਹੋਇਆ ਹੈ, ਉਥੇ ਚੀਕਾਂ ਮਾਰੇਂਗਾ, ਓਏ! ਆਕਸੀਜਨ ਨਹੀਂ ਹੈ ਇਥੇ। ਕਿਹੋ ਜਿਹੀ ਹੁੰਦੀ ਹੈ? ਕਹਿੰਦਾ, ਮੈਂ ਜਿਉਂਦਾ ਹੀ ਆਕਸੀਜਨ ਨਾਲ ਹਾਂ। ਤੇਰੀ ਜ਼ਿੰਦਗੀ ਤਾਂ ਹੈ, ਤੈਨੂੰ ਨਾਮ ਨੇ ਜਿਉਂਦਾ ਰੱਖਿਆ

ਹੋਇਆ ਹੈ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* **ਅੰਗ- 284**

ਫੇਰ ਉਹ ਨਾਮ ਤੇਰੇ ਅੰਦਰ ਹੈ, ਮਿਹਨਤ ਕਰ ਤੈਨੂੰ ਨਾਮ ਦਾ ਅਨੁਭਵ ਹੋ ਜਾਏਗਾ। ਉਹ ਅੱਖਾਂ ਮਿਲ ਜਾਣਗੀਆਂ ਜਿਨ੍ਹਾਂ ਨਾਲ ਇਹ ਚੀਜ਼ਾਂ ਦਿਸਦੀਆਂ ਨੇ। ਸੋ ਪ੍ਰਤੀਤ ਵਿਚ ਤਾਂ ਆ, ਪ੍ਰਤੀਤ ਨਹੀਂ ਹੈ। ਮਹਾਰਾਜ ਕਹਿੰਦੇ, ਜੇ ਪ੍ਰਤੀਤ ਨਹੀਂ ਪਿਆਰਿਆ, ਫੇਰ ਨਾਮ ਨਹੀਂ ਜਪ ਹੁੰਦਾ-

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* **ਅੰਗ - 283**

ਫੇਰ 'ਨੇਮ' ਹੈ, ਜ਼ਿੰਦਗੀ ਦੇ ਵਿਚ ਨੇਮ ਹੋਣਾ ਚਾਹੀਦਾ ਹੈ। ਨਿਯਮਬੱਧ ਜ਼ਿੰਦਗੀ ਹੋਵੇ, ਛਾਲਾਂ ਨਾ ਮਾਰਦੀ ਹੋਵੇ ਜ਼ਿੰਦਗੀ। ਫੇਰ ਇਹ ਹੈ ਕਿ ਦੂਜੇ ਦਾ ਵੀ ਧਿਆਨ ਦੇਵੇ, ਲੰਗਰ ਦੇ ਵਿਚ ਜੋ ਵੀ ਹੁੰਦਾ ਹੈ, ਤਿਲ ਫੁਲ ਲਿਆ ਕੇ ਪਾਵੇ, ਇਹਨੂੰ ਬ੍ਰਹਮ ਹੋਮ ਕਹਿੰਦੇ ਨੇ, ਜਿਨ੍ਹਾਂ ਬੰਦਿਆਂ ਨੂੰ ਅਸੀਂ ਜਾਣਦੇ ਹੀ ਨਹੀਂ ਉਹ ਵੀ ਪ੍ਰਸ਼ਾਦਾ ਛਕ ਜਾਂਦੇ ਨੇ। ਜਾਨਣ ਵਾਲਿਆਂ ਨੂੰ ਤਾਂ ਛਕਾ ਕੇ ਅਭਿਮਾਨ ਹੋ ਜਾਂਦਾ ਹੈ ਕਿ ਮੈਂ ਛਕਾਉਂਦਾ ਹਾਂ ਇਨ੍ਹਾਂ ਨੂੰ। ਜਿਨ੍ਹਾਂ ਨੂੰ ਜਾਣਦੇ ਹੀ ਨਹੀਂ, 'ਨੇਕੀ ਕਰ ਦਰਿਆ ਮੇਂ ਡਾਲ'। ਲੰਗਰਾਂ 'ਚ ਆ ਜਾਂਦਾ ਹੈ ਅਨਾਜ, ਬੇਅੰਤ ਪ੍ਰੇਮੀ ਛਕਦੇ ਨੇ ਦਿਨ-ਰਾਤ, ਪ੍ਰਮੇਸ਼ਰ ਦੀ ਖੁਸ਼ੀ ਦਾ ਮੀਂਹ ਵਰਸਦਾ ਹੈ ਉਨ੍ਹਾਂ 'ਤੇ। ਫੇਰ ਤੂੰ ਸ਼ਾਂਤਕੀ ਬਿਰਤੀ ਰੱਖ। ਕਹਿਣ ਲੱਗੇ, ਬੀਬਾ! ਇਹ ਗੱਲਾਂ ਨੇ, ਤੂੰ ਧਿਆਨ ਨਾਲ ਯਾਦ ਕਰ ਲਈਂ। ਤੇਰੇ ਵਿਚ ਬਹੁਤ ਸਾਰੀਆਂ ਪਹਿਲਾਂ ਹੀ ਨੇ। ਇਹ ਰਹਿਤਾਂ ਨੇ, ਜਿਹੜੀਆਂ ਰਹਿਤਾਂ ਰੱਖ ਕੇ ਤੇਰੀ ਸ਼ਬਦ ਦੀ ਕਮਾਈ ਹੋਣੀ ਹੈ ਤੇ ਜਿਹੜਾ ਤੂੰ ਕਹਿੰਦੀ ਹੈਂ ਕਿ ਮੈਨੂੰ ਆਤਮਾ ਦਾ ਅਨੁਭਵ ਨਹੀਂ ਹੁੰਦਾ। ਇਹ ਬੱਜਰ ਕਪਾਟ ਜੜ੍ਹੇ ਹੋਏ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
**ਅੰਗ - 954**

ਜਦੋਂ ਤੈਨੂੰ ਗੁਰੂ ਦਾ ਸ਼ਬਦ ਮਿਲ ਜਾਏਗਾ, ਉਹਦੇ ਨਾਲ ਖੁਲ੍ਹ ਜਾਂਦਾ ਹੈ। ਸੋ ਕਹਿਣ ਲੱਗੇ, ਜੀਵ ਇਹ ਬੰਨ੍ਹਿਆਂ ਹੋਇਆ ਹੈ ਸੰਗਲਾਂ ਦੇ ਨਾਲ। ਬੜੇ ਸੰਗਲ ਪਏ ਹੋਏ ਨੇ, ਕਹਿੰਦੇ ਬੰਧਨ ਹੀ ਬੰਧਨ ਹੈ ਇਹਦੇ ਦੁਆਲੇ। ਬੰਧਨ ਕੱਟੇ ਕਿਵੇਂ। ਪੂਰਾ ਸਤਿਗੁਰੂ ਮਿਲ ਜਾਵੇ, ਸਾਰੇ ਹੀ ਬੰਧਨ ਕੱਟ ਦਿੰਦਾ ਹੈ। ਕੇਵਲ ਨਾਮ ਦੇਣ ਨਾਲ ਛਾਈਂ-ਮਾਈਂ ਹੋ ਜਾਂਦੀਆਂ ਨੇ ਸਭ ਚੀਜ਼ਾਂ। ਅਵਿਦਿਆ ਦਾ ਬੰਧਨ ਹੈ, ਜੀਵ ਭਾਵ ਦਾ ਬੰਧਨ ਹੈ, ਮੈਂ ਭਾਵ ਦਾ ਬੰਧਨ, ਸੰਸੇ ਦਾ ਬੰਧਨ ਹੈ, ਕਰਮ-ਧਰਮ ਦੇ ਬੰਧਨ ਨੇ, ਵਾਸ਼ਨਾ ਦੇ ਬੰਧਨ ਨੇ, ਜੰਮਣ ਦਾ ਬੰਧਨ ਹੈ, ਮਰਨ ਦਾ ਬੰਧਨ ਹੈ, ਸਰੀਰ ਦਾ ਬੰਧਨ ਹੈ।

ਸੋ ਇਸ ਤਰ੍ਹਾਂ ਦੇ ਨਾਲ ਬੜੀ ਜੁਗਤ ਨਾਲ ਸਮਝਾ ਕੇ ਮੁੜ ਕੇ

ਆਪ ਫੇਰ ਬੇਹੋਸ਼ ਹੋ ਗਏ। ਸੋਚੀ ਜਾਂਦੀ ਹੈ, ਮੁੜ-ਮੁੜ ਯਾਦ ਕਰਦੀ ਹੈ ਕਿ ਆਹ ਗੱਲ ਕਹੀ ਸੀ, ਆਹ ਗੱਲ ਕਹੀ ਸੀ ਕਿ ਇਹ ਕਿਵੇਂ ਹੋਏਗੀ? ਇਸ ਤਰ੍ਹਾਂ ਲਗਦਾ ਹੈ ਕਿ ਇਕ ਪਹਾੜ ਮੇਰੇ ਉਤੇ ਰੱਖ ਦਿਤਾ, ਅੱਗੇ ਤਾਂ ਮੈਂ ਜਿਉਂਦੀ ਸੀ, ਨੱਠੀ ਫਿਰਦੀ ਸੀ, ਘੋੜੇ 'ਤੇ ਚੜ੍ਹਨਾ ਹੈ, ਜੰਗਲ ਚਲੀ ਗਈ ਸਹੇਲੀਆਂ ਨਾਲ, ਆਹ ਪਹਾੜ ਰੱਖ ਦਿਤਾ ਮੈਂ ਚੁੱਕਾਂਗੀ ਕਿਵੇਂ? ਥੋੜ੍ਹੇ ਦਿਨਾਂ ਤੋਂ ਬਾਅਦ ਫੇਰ ਸੁਰਤ ਆਉਂਦੀ ਹੈ, ਕਹਿਣ ਲੱਗੇ, ਬੀਬਾ! ਇਕ ਗੱਲ ਮੈਂ ਤੈਨੂੰ ਅੱਜ ਦਸਣੀ ਹੈ, ਉਹ ਇਹ ਹੈ ਕਿ ਮੈਂ ਆਪਣੇ ਪਿਆਰੇ ਕੋਲ ਹੁਣ ਚਲਿਆ ਜਾਣਾ ਹੈ, ਸੰਸਾਰ 'ਤੇ ਰਹਿਣਾ ਨਹੀਂ ਹੈ। ਐਨੀ ਗੱਲ ਕਹਿਣ ਦੀ ਦੇਰ ਸੀ ਕਿ ਉੱਚੀ-ਉੱਚੀ ਰੋਣ ਲਗ ਗਈ। ਕਹਿੰਦੀ, ਐ ਚੰਗੇ ਪੁਰਸ਼! ਤੂੰ ਜਾਹ ਨਾ, ਤੇਰੇ ਤੋਂ ਪਹਿਲਾਂ ਮੈਂ ਚਲੀ ਜਾਵਾਂ। ਕਹਿੰਦੇ, ਇਸ ਤਰ੍ਹਾਂ ਨਹੀਂ ਮਿਲਣਾ ਹੈ। ਮਿਲਣ ਦਾ ਰਸਤਾ ਹੋਰ ਹੈ। ਕਹਿਣ ਲੱਗੇ, ਮੈਂ ਚਲੇ ਜਾਣਾ ਹੈ ਆਪਣੇ ਪਿਆਰੇ ਦੇ ਪਾਸ, ਉਹਦਾ ਨਾਉਂ ਗੁਰੂ ਨਾਨਕ ਹੈ। ਉਹ ਅਮਰ ਹਨ, ਉਹ ਪ੍ਰਮੇਸ਼ਰ ਦਾ ਸਾਕਾਰ ਰੂਪ ਹਨ, ਪ੍ਰਮੇਸ਼ਰ ਤਾਂ ਦਿਸਦਾ ਨਹੀਂ, ਗੁਰੂ ਨਾਨਕ ਪਾਤਸ਼ਾਹ ਨੇ ਇਹੋ ਜਿਹਾ ਸਰੀਰ ਧਾਰ ਲਿਆ, ਜਿਹੋ ਜਿਹੇ ਆਪਾਂ ਹਾਂ। ਇਹ ਸਾਡੇ ਉਤੇ ਬੜੀ ਭਾਰੀ ਦਿਆ ਕਰੀ ਹੈ ਪ੍ਰਭੂ ਨੇ ਕਿ ਮਨੁੱਖਾਂ ਵਰਗਾ ਬਣ ਕੇ ਸਾਡੇ ਵਿਚ ਆ ਗਿਆ, ਉਹ ਮੇਰਾ ਪਿਆਰਾ ਹੈ, ਮੈਂ ਉਹਨੂੰ ਤਨ, ਮਨ ਤੋਂ, ਰੋਮ-ਰੋਮ ਤੋਂ ਪਿਆਰ ਕਰਦਾ ਹਾਂ ਤੇ ਮੈਂ ਹਰ ਵਕਤ ਉਹਦੇ ਪਿਆਰ ਵਿਚ ਲੀਨ ਰਹਿੰਦਾ ਹਾਂ। ਉਹ ਜਿਹੜਾ ਮੇਰਾ ਪਿਆਰਾ ਹੈ, ਉਹਦਾ ਤੇ ਵਾਹਿਗੁਰੂ ਦਾ ਕੋਈ ਫਰਕ ਨਹੀਂ। ਰੋਣ ਲੱਗ ਗਈ। ਕਹਿੰਦਾ, ਮੇਰੀ ਗੱਲ ਸੁਣ ਲੈ, ਥੋੜ੍ਹਾ ਜਿਹਾ ਸਮਾਂ ਮੇਰਾ ਰਹਿੰਦਾ ਹੈ।

ਕਹਿੰਦੀ, ਮੈਂ ਤਾਂ ਤੇਰੇ ਤੋਂ ਬਾਅਦ ਜਿਊਣਾ ਹੀ ਨਹੀਂ।

ਕਹਿੰਦਾ, ਫੇਰ ਮੇਲ ਨਹੀਂ ਆਪਣਾ ਹੋਣਾ।

ਕਹਿੰਦੇ, ਦੇਖ ਇਕ ਤਾਂ ਰੋਈ ਨਾ ਮੇਰੇ ਜਾਣ ਤੋਂ ਬਾਅਦ ਕਿਉਂਕਿ ਮੈਂ ਆਪਣੇ ਪਿਆਰੇ ਕੋਲ ਜਾ ਰਿਹਾ ਹਾਂ। ਦੂਸਰਾ ਇਹ ਹੈ ਕਿ ਮਰਨਾ ਨਹੀਂ ਹੈ। ਜੇ ਮਰੀ ਤਾਂ ਮੇਲਾ ਨਹੀਂ ਹੋਣਾ। ਤੈਨੂੰ ਮੈਂ ਇਕ ਜਹਾਜ਼ ਦੇ ਦਿੰਦਾ ਹਾਂ, ਉਹਦੇ ਉਤੇ ਚੜ੍ਹ ਕੇ ਆ ਜਾਈਂ, ਮੇਰੇ ਕੋਲ ਜੇ ਆਉਣਾ ਹੈ। ਜੀਅ ਕਰਦਾ ਹੈ ਆਉਣ ਨੂੰ?

ਕਹਿੰਦੀ ਹਾਂ। ਕਹਿੰਦੀ ਤੇਰਾ ਪਿਆਰਾ ਤਾਂ ਤੇਰੇ ਤੋਂ ਵੀ ਹੋਰ ਵਧੀਆ ਹੋਣਾ ਹੈ।

ਕਹਿੰਦੇ, ਹਾਂ।

ਕਹਿੰਦੇ, ਉਹਦਾ ਜਿਹੜਾ ਪਿਆਰਾ ਹੈ ਉਹ ਸਭ ਦੇ ਨਾਲ ਰਹਿੰਦਾ ਹੈ। ਪਰ ਦਿਸਦਾ ਨਹੀਂ ਹੈ, ਇਕ ਜਹਾਜ਼ ਬਣਾਇਆ ਹੈ ਮੇਰੇ ਪਿਆਰੇ ਨੇ, ਜਿਹੜਾ ਉਸ ਉਤੇ ਚੜ੍ਹ ਜਾਏਗਾ, ਉਸ ਜਹਾਜ਼ 'ਤੇ ਚੜ੍ਹ ਕੇ ਜਿਵੇਂ ਗਰੁੜ 'ਤੇ ਚੜ੍ਹ ਕੇ ਆਉਂਦੇ ਸੀ, ਇਸ ਤਰ੍ਹਾਂ ਉਹ ਗਰੁੜ ਹੈ। ਉਹਨੂੰ

ਨਾਮ ਕਹਿੰਦੇ ਨੇ, ਉਹਦੇ ਉਤੇ ਚੜ੍ਹ ਕੇ ਤੂੰ ਮੇਰੇ ਤੱਕ ਆ ਜਾਏਂਗੀ।

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਮਝਾਉਣਾ ਕਰਿਆ, ਕਹਿਣ ਲੱਗੇ, ਪ੍ਰਮੇਸ਼ਰ ਦੀ ਦਰਗਾਹ ਹੈ, ਉਹਦੇ ਵਿਚ ਥਾਂ ਮਿਲਦਾ ਹੈ, ਜਿਹੜੇ ਉਹਨੂੰ ਪਿਆਰ ਕਰਦੇ ਨੇ। ਸੋ ਐਨਾ ਕਿਹਾ, ਕਹਿਣ ਲੱਗੀ, ਮੈਨੂੰ ਰਸਤਾ ਤਾਂ ਦਸ ਦਿਓ, ਕਹਿੰਦੇ, ਰਸਤਾ ਐਨਾ ਹੀ ਹੈ, ਮੋਟੀ ਗੱਲ ਮੈਂ ਤੈਨੂੰ ਦਸ ਦਿੰਦਾ ਹਾਂ। 'ਕਹੁ ਵਾਹਿਗੁਰੂ' ਵਾਹਿਗੁਰੂ ਕਹਾ ਦਿਤਾ। ਕਹਿੰਦੇ, ਆਹ ਨਾ ਤੂੰ ਭੁੱਲੀਂ, ਜੇ ਤੇਰੇ ਮਨ 'ਚ ਸੱਚਮੁੱਚ ਪਿਆਰ ਪੈਦਾ ਹੋ ਗਿਆ ਤਾਂ ਤੂੰ ਇਹ ਕਹੀ ਜਾਈਂ, ਦਿਨ ਵੀ ਕਹੀਂ ਜਾਈਂ, ਰਾਤ ਵੀ ਕਹੀਂ ਜਾਈ। ਜਿੰਨੀ ਫੁਰਸਤ ਹੈ ਤੂੰ ਇਹ ਕਹੀ ਜਾਈਂ, ਔਖੀ ਨਾ ਹੋਈਂ, ਪਹਿਲਾਂ ਖੁਸ਼ਕ ਲੱਗੇਗਾ, ਉਸ ਤੋਂ ਬਾਅਦ ਇਹ ਰਸ ਵਾਲਾ ਬਣ ਜਾਵੇਗਾ, ਸੋ ਦਿਨ-ਰਾਤ ਕਰੀਂ -

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥*** ***ਅੰਗ - 286***

ਇਸ ਅੱਖਰ ਦਾ ਜਾਪ ਨਾ ਛੱਡੀਂ, ਇਹ ਗਰੁੜ ਹੈ, ਇਹਦੇ ਉਤੇ ਚੜ੍ਹ ਕੇ ਆਉਣਾ ਹੈ। ਸੋ ਕਹਿਣ ਲੱਗੇ, ਤੂੰ ਭਰੋਸਾ ਰੱਖੀਂ, ਤੈਨੂੰ ਆ ਕੇ ਮਿਲਣਗੇ, ਜਿਹਨੂੰ ਮੈਂ ਆਪਣਾ ਪਿਆਰਾ ਕਿਹਾ ਹੈ। ਤੂੰ ਦੇਖੇਂਗੀ ਉਹ ਕਿੰਨੇ ਚੰਗੇ ਨੇ। ਉਨ੍ਹਾਂ ਨੂੰ ਦੇਖਦੇ ਸਾਰ ਤੈਨੂੰ ਪਤਾ ਲਗ ਜਾਏਗਾ, ਐਨਾ ਕਹਿ ਕੇ ਬਹੁਤ ਪਿਆਰ ਦੀ ਦ੍ਰਿਸ਼ਟੀ ਨਾਲ, ਮੁਸਕਰਾ ਕੇ ਉਸ ਵਲ ਦੇਖਿਆ, ਉਸ ਤੋਂ ਬਾਅਦ ਕਹਿਣ ਲੱਗੇ, ਹੁਣ ਅਸੀਂ ਜਾਂਦੇ ਹਾਂ, ਐਨਾ ਕਹਿ ਕੇ ਸਵਾਸ ਖਿੱਚ ਲਏ, ਦੇਖਦੀ ਹੈ ਕਿ ਅੱਖਾਂ ਬੰਦ ਕਰ ਲਈਆਂ, ਸਰੀਰ ਨੂੰ ਹੱਥ ਲਾ ਕੇ ਦੇਖਿਆ ਕਿ ਹਰਕਤ ਹੈ, ਦਿਲ ਹਿਲਦਾ ਹੈ, ਹਰਕਤ ਕਰ ਰਿਹਾ ਹੈ, ਨਬਜ਼ 'ਤੇ ਹੱਥ ਰੱਖਿਆ ਕਿ ਇਹ ਚਲਦੀ ਹੈ, ਥੋੜ੍ਹੀ ਦੇਰ ਬਾਅਦ ਕੀ ਦੇਖਦੀ ਹੈ ਖੜ੍ਹ ਗਿਆ ਸਰੀਰ, ਉੱਚੀ-ਉੱਚੀ ਚੀਕਾਂ ਮਾਰ-ਮਾਰ ਰੋਣ ਲਗ ਗਈ, ਇਕੱਠ ਹੋ ਗਿਆ, ਪਿਉ ਨੇ ਕਿਹਾ, ਕੀ ਹੋਇਆ ਜੇ ਮਰ ਗਿਆ? ਕਹਿਣ ਲੱਗੀ, ਨਾ ਇਸ ਤਰ੍ਹਾਂ ਨਾ ਕਹੋ। ਉਹ ਮਰਿਆ ਨਹੀਂ ਹੈ ਮੇਰਾ ਜੀਵਨ ਵੀ ਨਾਲ ਹੀ ਲੈ ਗਿਆ। ਰੋਂਦੀ ਹੈ, ਖਾਂਦੀ ਨਹੀਂ ਕੁਛ। ਐਸਾ ਜੋ ਬਿਰਹੁੰ ਦਾ ਦ੍ਰਿਸ਼ ਹੁੰਦਾ ਹੈ -

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ ॥***
***ਅੰਗ - 1379***

ਉਹ ਤਾਂ ਮਸਾਣਾਂ ਵਰਗਾ ਸਰੀਰ ਹੁੰਦਾ ਹੈ, ਜਿਥੇ ਖਿੱਚ ਨਾ ਹੋਵੇ, ਜਿੱਥੇ ਪਿਆਰ ਨਾ ਹੋਵੇ, ਸੰਸਾਰ ਨੂੰ ਸਮਝ 'ਚ ਨਹੀਂ ਆਉਂਦੀ ਇਹ ਗੱਲ -

***ਧਾਰਨਾ - ਜਿਸ ਤਨ ਲੱਗੀਆਂ, ਸੋਈ ਤਨ ਜਾਣੇ,***
***ਕਿਸੇ ਦੀ ਲੱਗੀ ਕੌਣ ਜਾਣਦੈ।***
***ਲਾਗੀ ਹੋਇ ਸੁ ਜਾਨੈ ਪੀਰ ॥***

*ਰਾਮ ਭਗਤਿ ਅਨੀਆਲੇ ਤੀਰ ॥* *ਅੰਗ - 327*

*ਜਿਸੁ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ ॥*
*ਧ੍ਰਿਗੁ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ ॥* *ਅੰਗ - 83*

ਨਾ ਖਾਣਾ, ਨਾ ਪੀਣਾ ਸਭ ਭੁੱਲ ਗਿਆ, ਮਾਂ ਬਾਪ ਹੈਰਾਨ ਨੇ। ਕਹਿਣ ਲੱਗੇ, ਬੇਟਾ! ਚਾਹੁੰਦੀ ਕੀ ਹੈਂ? ਜੋ ਕੁਛ ਤੂੰ ਹੁਣ ਚਾਹੁੰਦੀ ਹੈ, ਇਨ੍ਹਾਂ ਵਹਿਣਾ 'ਚੋਂ ਨਿਕਲ। ਤੂੰ ਰਾਜਕੁਮਾਰੀ ਹੈਂ, ਤੇਰਾ ਭਰਾ ਕੋਈ ਨਹੀਂ, ਤੂੰ ਰਾਜ ਕਰਨਾ ਹੈ। ਬਾਰ-ਬਾਰ ਪੁਛਦੇ ਨੇ, ਕਹਿਣ ਲੱਗੀ, ਪਿਤਾ ਜੀ! ਜੇ ਮੇਰੀ ਖੁਸ਼ੀ ਚਾਹੁੰਦੇ ਓਂ ਤਾਂ ਜਿਸ ਥਾਂ 'ਤੇ ਮੈਂ ਤੀਰ ਮਾਰਿਆ ਸੀ ਇਸ ਦੇ, ਇਸ ਸੋਹਣੇ ਮਨੁੱਖ ਦਾ ਸਸਕਾਰ ਉਥੇ ਕਰੋ। ਕਹਿਣ ਲੱਗੀ, ਮੈਂ ਉਸ ਥਾਂ ਦੇ ਉਤੇ ਫੁੱਲ ਲਾਵਾਂਗੀ, ਫੁਲਵਾੜੀ ਖਿਲਾਵਾਂਗੀ, ਫੁੱਲਾਂ ਉਗਦਿਆਂ ਨੂੰ ਦੇਖਾਂਗੀ, ਉਹਦੇ ਵਿਚੋਂ ਮੈਂ ਇਹਦੇ ਨਾਲ ਗੱਲਾਂ ਕਰਾਂਗੀ, ਇਹਦੇ ਕੰਢੇ ਦੇ ਉਤੇ ਮੈਂ ਇਕ ਛੋਟਾ ਜਿਹਾ ਮੱਠ ਜਿਹਦੇ ਵਿਚ ਮੈਂ ਬੈਠ ਸਕਾਂ, ਚਾਰ ਜਾਂ ਪੰਜ ਫੁੱਟ ਦਾ, ਉਹ ਬਣਾ ਦਿਓ, ਮੈਂ ਉਥੇ ਬੈਠ ਕੇ ਆਪਣੇ ਕਰਮ ਦਾ ਪ੍ਰਾਸ਼ਚਿਤ ਕਰਾਂਗੀ। ਸਾਰੀ ਜ਼ਿੰਦਗੀ ਮੈਂ ਪ੍ਰਾਸ਼ਚਿਤ ਕਰਾਂਗੀ। ਸੋ ਇਹਦੇ ਨਾਲ ਮੇਰੇ ਮਨ ਦੀ ਖੁਸ਼ੀ ਹੈ।

ਸੋ ਸਸਕਾਰ ਉਥੇ ਕਰ ਦਿਤਾ ਗਿਆ, ਵੈਰਾਗ ਦੀ ਅਵਸਥਾ ਹੈ ਰਾਜਕੁਮਾਰੀ ਦੀ। ਮਿਸਤਰੀ ਭੇਜ ਦਿਤੇ ਤੇ ਇਕ ਮੱਠ ਬਣਾ ਦਿਤਾ। ਖੇਲ੍ਹਾਂ ਭੁੱਲ ਗਈਆਂ, ਘੋੜੇ 'ਤੇ ਚੜ੍ਹ ਕੇ ਜਾਂਦੀ ਹੈ, ਘੋੜਾ ਦੂਰ ਬੰਨ੍ਹ ਦਿਤਾ ਜਾਂਦਾ ਹੈ। ਉਸ ਦੇ ਨੌਕਰ ਜਿਹੜੇ ਨੇ ਉਹ ਘੋੜਾ ਲੈ ਕੇ ਦੂਰ ਚਲੇ ਜਾਂਦੇ ਨੇ। ਆਲੇ-ਦੁਆਲੇ ਦੋ-ਤਿੰਨ ਸੌ ਫੁੱਟ 'ਤੇ ਗੁਪਤ ਪਹਿਰੇ ਲੱਗੇ ਹੋਏ ਨੇ। ਕੋਈ ਜੰਗਲੀ ਜਾਨਵਰ ਨਾ ਆ ਜਾਏ। ਸੋ ਉਸ ਥਾਂ 'ਤੇ ਜਾ ਕੇ ਉਹ ਲੜਕੀ, ਜੋ ਉਪਦੇਸ਼ ਦਿਤਾ ਸੀ, ਵਾਹਿਗੁਰੂ-ਵਾਹਿਗੁਰੂ ਕਰੀ ਜਾਂਦੀ ਹੈ। ਮਨ 'ਚ ਆਉਂਦਾ ਹੈ ਫੁੱਲਾਂ ਨੂੰ ਸੰਭਾਲਣ ਲਗ ਜਾਂਦੀ ਹੈ, ਫੁਲਵਾੜੀ 'ਚ ਪਾਣੀ ਪਾਉਣ ਲਗ ਜਾਂਦੀ ਹੈ, ਸੰਭਾਲਦੀ ਹੈ, ਥਾਂ ਨੂੰ ਪੂਜਦੀ ਹੈ। ਬਾਰ-ਬਾਰ ਦੇਖਦੀ ਹੈ ਕਿ ਇਥੇ ਪਿਆ ਸੀ, ਇਥੇ ਮੈਂ ਮਾਰਿਆ ਸੀ। ਉਸ ਵੇਲੇ ਨਾਮ ਜਪਦੇ-ਜਪਦੇ ਸਾਲ ਲੰਘ ਜਾਂਦਾ ਹੈ, ਉਹ ਰਸਨਾ ਦਾ ਨਾਮ ਜਿਹੜਾ ਹੈ, ਉਹ ਸਵਾਸ 'ਤੇ ਆ ਗਿਆ ਆਪੇ ਹੀ, ਹੁਣ ਰਸਨਾ ਨਹੀਂ ਹਿਲਦੀ, ਸਵਾਸ ਦੇ ਵਿਚ ਨਾਮ ਭਰਿਆ ਪਿਆ ਹੈ, ਅੰਦਰ ਨੂੰ ਸਾਹ ਜਾਂਦਾ ਹੈ, ਭਰਪੂਰ ਨਾਮ ਦੇ ਨਾਲ, ਵਾਹਿਗੁਰੂ, ਬਾਹਰ ਨੂੰ ਆਉਂਦਾ ਹੈ ਭਰਿਆ ਹੋਇਆ ਆਉਂਦਾ ਹੈ, ਜਿਸ ਤਰ੍ਹਾਂ ਮਹਾਰਾਜ ਦਾ ਹੁਕਮ ਹੈ -

*ਧਾਰਨਾ - ਸਾਸ-ਸਾਸ ਦੇ ਗੇੜੇ ਜਪ ਲਓ ਵਾਹਿਗੁਰੂ।*

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥* *ਅੰਗ - 295*

ਚਿੰਤਾਵਾਂ ਲਹਿ ਜਾਣਗੀਆਂ, ਵਾਸ਼ਨਾਵਾਂ ਮਰ ਜਾਣਗੀਆਂ ਸਾਸ-ਸਾਸ ਜਪਦੇ ਦੀਆਂ, ਸਵਾਸ ਭਰਿਆ ਹੋਇਆ ਆਉਂਦਾ ਹੈ ਅੰਦਰ ਨੂੰ ਨਾਮ ਨਾਲ ਭਰਿਆ ਹੋਇਆ, ਨਾਮ ਦੇ ਨਾਲ ਇਕੱਲਾ ਖੁਸ਼ਕ ਸਵਾਸ ਨਹੀਂ

ਆਉਂਦਾ, ਰਸ ਵੀ ਨਾਲ ਆਉਂਦਾ ਹੈ, ਰਸੀਆਂ ਹੋ ਜਾਂਦਾ ਹੈ ਤੇ ਜੇ ਜ਼ਰਾ ਕੁ ਵਿਸਰ ਜਾਵੇ -

*ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ- 9*

ਮੌਤ ਦੇ ਬਰਾਬਰ ਦਿਸਦਾ ਹੈ ਪ੍ਰਮੇਸ਼ਰ ਭੁੱਲਣਾ -

*ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥*
*ਅੰਗ - 1379*

ਜਿਹੜੇ ਹਰ ਵਕਤ ਭੁੱਲੇ ਰਹਿੰਦੇ ਨੇ, ਉਨ੍ਹਾਂ ਨੂੰ ਕਿਵੇਂ ਰਾਤ ਲੰਘਦੀ ਹੈ, ਕਹਿੰਦੇ ਅੱਜ ਮੇਰੀ ਜ਼ਰਾ ਕੁ ਲਿਵ ਟੁੱਟੀ ਹੈ ਤੇ ਮੇਰਾ ਤਾਂ ਇਹ ਹੋ ਗਿਆ ਕਿ ਮੈਂ ਜੀਉਂਦਿਆਂ ਵਿਚ ਨਹੀਂ ਰਿਹਾ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - 142*

ਨਾਮ ਤੋਂ ਬਗੈਰ ਪੱਤ ਲਹਿ ਜਾਂਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦਿਨ ਰਾਤ ਇਕੋ ਹੀ ਕੰਮ ਕਰ ਲਿਆ। ਮਾਂ ਖੁਸ਼ ਹੈ ਕਿ ਹੁਣ ਹੋਸ਼ਾਂ 'ਚ ਮੁੜੀ, ਪਹਿਲਾਂ ਨੇਤਰ ਗਿੱਲੇ ਰਹਿੰਦੇ ਸੀ, ਜਾਂਦੀ ਦੇ ਵੀ ਨੇਤਰ ਗਿੱਲੇ, ਉਥੇ ਵਾਹਿਗੁਰੂ-ਵਾਹਿਗੁਰੂ ਕਰਦੀ ਦੇ ਵੀ, ਉਸ ਤੋਂ ਬਾਅਦ ਆ ਕੇ ਕਿਸੀ ਨਾਲ ਬੋਲਣਾ ਨਹੀਂ, ਹੁਣ ਸਵਾਸ ਦਾ ਨਾਮ ਆ ਗਿਆ, ਖੁਸ਼ੀਆਂ ਨੇ ਗੇੜਾ ਖਾਧਾ, ਮੁੜ ਆਈਆਂ ਖੁਸ਼ੀਆਂ, ਹੁਣ ਚਿੱਤ ਦੇ ਵਿਚ ਕਮਲ ਖਿਲਦਾ ਹੈ, ਖੁਸ਼ੀਆਂ ਹੁੰਦੀਆਂ ਨੇ। ਸੋ ਉਸ ਵੇਲੇ ਦੱਸਿਆ ਸੀ ਕਿ ਮੇਰਾ ਸਤਿਗੁਰੂ ਇਹੋ ਜਿਹਾ ਹੈ, ਮੇਰਾ ਪਿਆਰ ਕਰਨ ਵਾਲਾ ਇਹੋ ਜਿਹਾ ਹੈ, ਤੂੰ ਉਹਦੇ ਵਜੂਦ ਦਾ ਧਿਆਨ ਕਰਕੇ ਉਹਨੂੰ ਖਿੱਚੀਂ। ਉਹ ਪਿਆਰ ਦਾ ਖਿੱਚਿਆ ਹੋਇਆ ਆ ਜਾਏਗਾ, ਕਿਉਂਕਿ ਉਹ ਪਿਆਰ ਦਾ ਬੰਨਿਆ ਹੋਇਆ ਹੈ।

*ਗੋਬਿੰਦ ਭਾਉ ਭਗਤ ਦਾ ਭੁਖਾ।*

ਜਿੱਥੇ ਵੀ ਉਹਨੂੰ ਕੋਈ ਯਾਦ ਕਰਦਾ ਹੈ, ਉਥੇ ਹੀ ਉਹ ਪਿਆਰ ਦਾ ਬੰਨ੍ਹਿਆ ਹੋਇਆ ਚਲਿਆ ਜਾਂਦਾ ਹੈ। ਉਹ ਤੈਨੂੰ ਸਾਰੀ ਗੱਲ ਦੱਸ ਦਏਗਾ, ਜਿੱਥੇ ਮਿਲਣਾ ਹੈ, ਮਿਲਾ ਦਏਗਾ। ਉਸ ਵੇਲੇ ਮਨ ਦੇ ਵਿਚ ਇਕ ਭਾਵ ਆਉਂਦਾ ਹੈ ਗੁਰੂ ਨਾਨਕ ਪਾਤਸ਼ਾਹ ਦਾ, ਦਰਸ਼ਨ ਤਾਂ ਕਰੇ ਨਹੀਂ, ਲੇਕਿਨ ਵਾਹਿਗੁਰੂ-ਵਾਹਿਗੁਰੂ ਕਰਦੇ ਉਹ ਖਿਆਲ ਉਥੇ ਜਾ ਕੇ ਜੁੜ ਜਾਂਦਾ ਹੈ ਤੇ ਉਸ ਹਸਤੀ ਦੇ ਨਾਲ ਜੁੜ ਕੇ ਧਿਆਨ ਵਿਚ ਵਾਹਿਗੁਰੂ-ਵਾਹਿਗੁਰੂ ਕਰਦੀ ਹੈ, ਜਿਸ ਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

*ਧਾਰਨਾ - ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।*

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥ ਅੰਗ - 864*

ਦੇਖਿਆ ਨਹੀਂ ਲੇਕਿਨ ਹਸਤੀ ਦੇ ਉਤੇ ਵਿਸ਼ਵਾਸ਼ ਹੈ, ਵਾਹਿਗੁਰੂ

ਕਿਸੇ ਨੇ ਦੇਖਿਆ ਨਹੀਂ ਲੇਕਿਨ ਉਸ ਦੀ ਹਸਤੀ 'ਤੇ ਵਿਸ਼ਵਾਸ਼ ਹੈ। ਉਸ ਹਸਤੀ ਦੇ ਉਤੇ ਲਗਾਤਾਰ ਧਿਆਨ ਐਨਾ ਜ਼ਬਰਦਸਤ ਹੈ ਕਿ ਫੁਰਨੇ ਹਟ ਗਏ, ਨਿਰਵਿਕਲਪ ਸਮਾਧ ਲਗ ਗਈ। ਕੋਈ ਮਾੜਾ ਫੁਰਨਾ ਨਹੀਂ ਆਉਂਦਾ, ਕੋਈ ਵਿਸ਼ਿਆਂ ਦਾ ਫੁਰਨਾ ਨਹੀਂ ਆਉਂਦਾ, ਕੋਈ ਨੱਠਣ ਭੱਜਣ ਦਾ ਨਹੀਂ ਆਉਂਦਾ। ਇਕ ਸਮਾਧੀ ਲੱਗੀ ਹੋਈ ਹੈ, ਉਹਦੇ ਰਸ ਵਿਚ ਹੈ। ਨਾ ਕੋਈ ਗੱਲ ਸੁਣਦੀ ਹੈ, ਨਾ ਕੋਈ ਗੱਲ ਦੇਖਦੀ ਹੈ, ਨਾ ਕਿਸੇ ਨੂੰ ਸਪਰਸ਼ ਕਰਦੀ ਹੈ, ਸਭ ਪਾਸਿਆਂ ਤੋਂ ਮਨ ਖਿੱਚ ਕੇ; ਜੇ ਹੈ ਤਾਂ ਗੁਰੂ ਦਾ ਧਿਆਨ, ਪਹਿਲਾਂ ਬੈਠ ਕੇ ਧਿਆਨ ਪਰਪੱਕ ਹੋ ਗਿਆ, ਫੇਰ ਤੁਰਦੇ-ਫਿਰਦੇ ਧਿਆਨ ਹੈ। ਉਹਦੇ ਵਿਚ ਹੀ ਲੀਨ ਹੋ ਗਿਆ ਆਪਣਾ ਆਪਾ।

ਇਹ ਬਚਨ ਜਿਹੜਾ ਹੈ ਇਹ ਸਭ ਦੀ ਸਮਝ 'ਚ ਆਉਣ ਵਾਲਾ ਨਹੀਂ ਹੈ। ਕਿਉਂਕਿ ਧਿਆਨ ਜਦੋਂ ਧਰਦਾ ਹੈ, ਪਹਿਲਾਂ ਤਾਂ ਹੁੰਦਾ ਹੈ ਕਰਮ, ਕਰਮ ਹੈ ਰਸਨਾ ਨਾਲ ਨਾਮ ਜਪਣਾ, ਸਵਾਸ ਨਾਲ ਨਾਮ ਜਪਣਾ, ਇਹਦੇ ਨਾਲ ਗੁਰੂ ਦਾ ਉਪਦੇਸ਼ ਜਦੋਂ ਜਪਦਾ ਹੈ, ਉਹਦੇ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਨਾਲ ਇਹ ਕਰਮ ਹੈ। ਕਰਮ ਦੇ ਨਾਲ ਅਸੀਂ ਇਕ ਪੜਦਾ ਤੋੜ ਦਿਤਾ ਜਿਹਨੂੰ ਸਰੀਰ ਦਾ ਪੜਦਾ ਕਹਿੰਦੇ ਨੇ, ਸਰੀਰ ਤੋਂ ਲਾਂਭੇ ਹੋਣ ਲਗ ਜਾਂਦਾ ਹੈ। ਸਰੀਰ ਨੂੰ ਭੁੱਲਣ ਲਗ ਜਾਂਦਾ ਹੈ, ਇਹਦੇ ਨਾਲ 'ਅੰਨਮਈ ਕੋਸ਼' ਨੂੰ ਤੋੜ ਦਿਤਾ। ਜਿਹੜਾ ਧਿਆਨ ਹੈ ਇਹ ਤਿੰਨ ਪੜਦਿਆਂ ਨੂੰ ਤੋੜਦਾ ਹੈ, ਪਹਿਲਾਂ ਪ੍ਰਾਣਾਂ ਦਾ, ਦੂਜਾ ਮਨ ਦਾ, ਤੀਜਾ ਬੁੱਧੀ ਦਾ ਧਿਆਨ ਧਰਦਾ-ਧਰਦਾ ਆਦਮੀ ਜਿਹੜਾ ਧੇਅ ਹੈ ਉਹਦਾ ਰੂਪ ਬਣ ਜਾਂਦਾ ਹੈ, ਆਪਣਾ ਆਪ ਉਹਦਾ ਲੀਨ ਹੋ ਜਾਂਦਾ ਹੈ। ਆਪਣਾ ਖਿਆਲ ਹੀ ਭੁੱਲ ਜਾਂਦਾ ਹੈ, ਓਹੀ ਰਹਿ ਜਾਂਦਾ ਹੈ ਇਕੋ ਹੀ। ਪਹਿਲੀ ਤ੍ਰਿਕੁਟੀ ਟੁੱਟ ਜਾਂਦੀ ਹੈ ਧਿਆਤਾ, ਧਿਆਨ, ਧੇਅ ਦੀ। ਸੋ ਤ੍ਰਿਕੁਟੀ ਟੁੱਟ ਗਈ। ਉਸ ਵੇਲੇ ਨਾਮ ਜਿਹੜਾ ਹੈ ਐਡਾ ਸਰੀਰ ਦੇ ਵਿਚ ਅਸਰ ਕਰਿਆ ਕਿ vibration (ਝਰਨਾਹਟ) ਹੋ ਰਹੀ ਹੈ। ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਚੋਟੀ ਤਕ। ਜਿੱਥੇ ਵੀ ਸੁਰਤ ਜਾਂਦੀ ਹੈ ਨਾਮ ਦੀ ਹੀ vibration (ਝਰਨਾਹਟ) ਹੈ। ਨਾਮ ਜਪਦਾ ਹੀ ਪ੍ਰਤੀਤ ਦਿੰਦਾ ਹੈ, ਪੈਰ 'ਚ ਸੁਰਤ ਜਾਂਦੀ ਹੈ, ਉਥੇ ਵੀ ਨਾਮ, ਬਾਂਹ ਵਿਚ ਸੁਰਤ ਆਉਂਦੀ ਹੈ ਉਥੇ ਵੀ ਨਾਮ, ਜਿੱਥੇ ਦੇਖਦੇ ਹੈਂ ਉਥੇ ਨਾਮ। ਇਕੱਲੇ-ਇਕੱਲੇ ਰੋਮ ਦੇ ਅੰਦਰੋਂ vibration (ਝਰਨਾਹਟ) ਹੁੰਦੀ ਹੈ। ਸੋ ਉਸਨੂੰ ਕਹਿੰਦੇ ਨੇ -

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*** ***ਅੰਗ - 941***

***ਧਾਰਨਾ - ਰੋਮ-ਰੋਮ ਹਰਿ ਧਿਆਵੈ, ਗੁਰਮੁਖ ਪਿਆਰੇ ਦਾ।***

ਇਕੱਲੇ-ਇਕੱਲੇ ਰੋਮ ਦੇ ਵਿਚ ਇਸ ਤਰ੍ਹਾਂ ਲੱਗੇ ਕਿ ਜਿਵੇਂ ਜੀਭਾਂ ਲਗ ਗਈਆਂ ਹੁੰਦੀਆਂ ਨੇ। ਨਾਮ ਦਾ ਜ਼ੋਰ ਪੈ ਗਿਆ ਸਾਰੇ ਸਰੀਰ ਦੇ ਅੰਦਰ। ਕੀ ਹੁੰਦਾ ਹੈ?

ਬੀਜੀ (ਸੰਤ ਮਾਤਾ ਰਣਜੀਤ ਕੌਰ ਜੀ ਰਤਵਾੜਾ ਸਾਹਿਬ ਮਹਾਂਪੁਰਸ਼ਾਂ

ਦੇ ਜੀਵਨ ਸਾਥੀ) ਦੇ ਪਿਤਾ ਜੀ (ਸ੍ਰੀ ਮਾਨ ਸੰਤ ਬਾਬਾ ਹੀਰਾ ਸਿੰਘ ਜੀ ਦਾਉਦਪੁਰੀਏ) ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਬੈਠੇ ਨੇ, ਨਾਮ ਦਾ ਬਲ ਐਨਾ ਪਿਆ ਕਿ ਉਪਰ ਨੂੰ ਉੱਠਣ ਲਗ ਗਏ, ਗੁਰਦੁਆਰਾ ਸੀ, ਜਾ ਕੇ ਛੱਤ ਨਾਲ ਟਿਕ ਗਏ, ਸਿਰ ਲਗ ਗਿਆ ਛੱਤ ਨਾਲ, ਚੌਰ ਹੱਥ ਵਿਚ ਹੈ, ਉਵੇਂ ਜਿਵੇਂ ਹੌਲੀ-ਹੌਲੀ ਹੇਠਾਂ ਉਤਰੇ, ਕੋਈ ਪਤਾ ਨਹੀਂ ਸਰੀਰ ਨੂੰ ਕਿ ਮੈਂ ਕਿੱਥੇ ਹਾਂ, ਚੌਰ ਰੱਖ ਦਿਤਾ ਉਸ ਤੋਂ ਬਾਅਦ ਫੇਰ ਉਠੇ, ਗੁਰਦਵਾਰੇ ਦੀ ਦੀਵਾਰ ਦੇ ਨਾਲ, ਛੱਤ ਦੇ ਨਾਲ ਹੌਲੀ-ਹੌਲੀ ਹੋ ਕੇ, ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਆ ਕੇ ਲੰਮੇ ਪੈ ਗਏ, ਛੇ ਘੰਟੇ ਲੰਮੇ ਪਏ ਰਹੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ 'ਰੰਗਲੇ ਸੱਜਣ' ਪੁਸਤਕ ਵਿਚ ਲਿਖਿਆ ਹੈ ਉਨ੍ਹਾਂ ਬਾਰੇ। ਕਹਿੰਦੇ ਫਲੈਸ਼ ਨਿਕਲਣ ਲਗ ਗਏ ਸੀ ਲਾਈਟ ਦੇ ਤੇ ਗੁਰਦੁਆਰੇ ਦੇ ਵਿਚ ਐਨਾ ਚਾਨਣਾ ਹੋ ਗਿਆ ਕਿ ਦੇਖਿਆ ਹੀ ਨਾ ਜਾਵੇ, ਨੇਤਰ ਸਭ ਦੇ ਬੰਦ ਹੋ ਗਏ, ਇਕ ਰੂਹਾਨੀ ਕੰਬਣੀ ਛਿੜੀ, ਛੇ ਘੰਟੇ ਨਾ ਵਾਜੇ ਵਾਲੇ ਨੂੰ ਵਾਜੇ ਦਾ ਪਤਾ, ਨਾ ਤਬਲੇ ਵਾਲੇ ਨੂੰ ਤਬਲੇ ਦਾ, ਨਾ ਉਠਣ ਵਾਲੇ ਨੂੰ ਉਠਣ ਦਾ, ਬੇਸੁਧ ਹੋ ਗਈ ਸੰਗਤ ਸਾਰੀ, ਐਸੇ ਕਿਸੇ ਅਕਹਿ ਰਸ 'ਚ ਗਈ। ਸਭ ਕੁਛ, time (ਕਾਲ) space (ਆਕਾਸ਼) ਸਭ ਭੁੱਲ ਗਈ। ਛੇ ਘੰਟੇ ਬਾਅਦ ਹੌਲੀ-ਹੌਲੀ ਸੰਕੋਚ 'ਚ ਆਏ, ਉਸ ਵੇਲੇ ਸੰਗਤ ਨੂੰ ਵੀ ਸੁੱਧ ਆਈ ਆਪਣੇ ਆਪ ਦੀ। ਕਹਿੰਦੇ, ਕਿੰਨਾ ਅਨੰਦ ਕਿ ਦਸਿਆ ਹੀ ਨਹੀਂ ਜਾ ਸਕਦਾ। ਇਹ ਐਵੇਂ ਨਹੀਂ ਨਾਮ ਹੈ ਕਿ ਐਵੇਂ ਫਰਜ਼ੀ ਚੀਜ਼ਾਂ ਨੇ। ਇਹ ਤਾਂ ਪ੍ਰਤੱਖ ਰੂਪ 'ਚ ਆਉਂਦੀਆਂ ਹੀ ਆਉਂਦੀਆਂ ਨੇ। ਭਾਈ ਸਾਹਿਬ ਲਿਖਦੇ ਨੇ ਕਿ ਜਿਸ ਵਕਤ ਸਾਡੇ ਉਤੇ ਇਹ ਅਵਸਥਾ ਆਈ, ਕਹਿੰਦੇ, ਛੱਤ ਛੋਟੀ ਸੀ ਅਸੀਂ ਉਪਰ ਲੱਗੇ ਜਾ ਕੇ। ਲੇਕਿਨ ਸਾਡੀ ਦ੍ਰਿਸ਼ਟੀ ਖੁੱਲ੍ਹ ਗਈ, ਇਸ ਤਰ੍ਹਾਂ ਹੋ ਗਿਆ ਕਿ ਛੱਤ ਤਾਂ ਪਾਸੇ ਉੱਡ ਗਈ, ਅਸਮਾਨ ਦਿਸਣ ਲਗ ਗਿਆ, ਦੂਰ ਤੱਕ ਲੱਖਾਂ ਮੀਲਾਂ ਤੱਕ ਦਿਸੇ। ਅੱਖਾਂ ਬੰਦ ਨੇ ਅੰਦਰ ਹੀ ਦਿਸੀ ਜਾਂਦਾ ਹੈ ਸਭ ਕੁਛ।

ਇਹ ਅਵਸਥਾਵਾਂ ਨੇ ਭਜਨ ਕਰਨ ਦੀਆਂ, ਪਰ ਭਜਨ ਕਰਦਾ ਨਹੀਂ ਹੁਣ ਕੋਈ, ਗੱਲਾਂ-ਬਾਤਾਂ ਬੇਅੰਤ ਹੋ ਗਈਆਂ, ਨਾ ਕੋਈ ਇਨ੍ਹਾਂ ਗੱਲਾਂ 'ਚ ਆਉਂਦਾ ਹੈ, ਆਹ ਕੱਲ੍ਹ ਦੀਆਂ ਗੱਲਾਂ ਨੇ ਕੋਈ ਪੁਰਾਣੀਆਂ ਗੱਲਾਂ ਨਹੀਂ ਹਨ। ਨਾਮ ਨਹੀਂ ਜਪਦਾ ਬੰਦਾ, ਸੰਸਾਰ ਦੇ ਉਤੇ ਖਿਆਲਾਂ ਦਾ ਐਨਾ ਫੈਲਾਓ ਹੋ ਗਿਆ -

***ਦੂਜੈ ਬਹੁਤੇ ਰਾਹ ਮਨ ਕੀਆ ਮਤੀ ਖਿੰਡੀਆ ॥***
***ਬਹੁਤੁ ਪਏ ਅਸਗਾਹ ਗੋਤੇ ਖਾਹਿ ਨ ਨਿਕਲਹਿ ॥***

***ਅੰਗ - 146***

ਗੋਤੇ ਖਾਂਦੇ ਹਾਂ ਖਿਆਲਾਂ 'ਚ ਨਹੀਂ ਨਿਕਲ ਸਕਦੇ। ਕਹਿੰਦੇ ਹਾਂ, ਕਿ ਅਸੀਂ ਭਜਨ ਕਰਦੇ ਹਾਂ, ਗੋਤਾ ਖਾਧਾ ਹੋਇਆ ਹੈ ਖਿਆਲ 'ਚ। ਭੁੱਖੇ ਦਾ ਭਜਨ ਕੀ ਹੁੰਦਾ ਹੈ, ਰੋਟੀ ਵਲ ਝਾਕੀ ਜਾਏਗਾ। ਮੁਕੱਦਮੇ ਵਾਲੇ ਦਾ ਭਜਨ ਕੀ ਹੁੰਦਾ ਹੈ ਵਕੀਲਾਂ ਦੇ ਪਿੱਛੇ ਤੁਰਿਆ ਫਿਰਦਾ ਹੈ। ਭਜਨ ਨਹੀਂ ਅਸੀਂ ਕਰਦੇ, ਲਗਨ ਨਹੀਂ ਲੱਗੀ ਸਾਡੇ ਹਿਰਦੇ 'ਚ। ਐਵੇਂ ਹੀ

ਬਣੇ ਹੋਏ ਹਾਂ ਅਸੀਂ। ਇਹ ਤਾਂ ਲਗਨ ਲਗਦੀ ਹੁੰਦੀ ਹੈ ਵਾਹਿਗੁਰੂ ਦੀ ਕ੍ਰਿਪਾ ਹੋ ਜਾਵੇ, ਤਾਂ ਜਾ ਕੇ ਕਿਤੇ ਇਹ ਗੱਲਾਂ ਆਉਂਦੀਆਂ ਨੇ, ਨਹੀਂ ਤਾਂ ਆਇਆ ਨਹੀਂ ਕਰਦੀਆਂ।

ਸੋ ਇਸ ਤਰ੍ਹਾਂ ਦੇ ਨਾਲ ਅੱਜ ਚਾਰ ਸਾਲ ਲੰਘ ਗਏ, ਮਾਂ ਨੇ ਬੁਲਾਇਆ, ਕਹਿੰਦੇ ਦੇਖ ਬੀਬਾ, ਜੋ ਤੂੰ ਕਿਹਾ ਅਸੀਂ ਕਰ ਦਿਤਾ ਪਰ ਤੂੰ ਤਾਂ ਵਹਿਣਾਂ 'ਚ ਪੈ ਗਈ। ਤੂੰ ਤਾਂ ਇਸ ਤਰ੍ਹਾਂ ਹੋ ਗਈ ਜਿਵੇਂ ਸਾਧੂ ਸੰਤ ਹੁੰਦੇ ਨੇ। ਅਸੀਂ ਵੀ ਕੁਛ ਨਹੀਂ ਕਹਿ ਸਕਦੇ, ਪਿਆਰੀ ਤੂੰ ਸਾਨੂੰ ਪਹਿਲਾਂ ਨਾਲੋਂ ਵੀ ਹਜ਼ਾਰਾਂ ਗੁਣਾਂ ਲਗਦੀ ਹੈਂ। ਤੇਰੇ ਪਿਤਾ ਜੀ ਤੈਨੂੰ ਦੇਖੇ ਬਗੈਰ ਰਹਿੰਦੇ ਨਹੀਂ, ਬਾਰ-ਬਾਰ ਪੁੱਛੀ ਜਾਂਦੇ ਨੇ ਕਿ ਬੇਟੀ ਆਈ, ਬੀਬਾ ਆਈ ਨਹੀਂ, ਅੰਦਰ-ਬਾਹਰ ਜਾਂਦੇ ਨੇ, ਕਚਹਿਰੀ ਕਰਦੇ-ਕਰਦੇ ਫੇਰ ਆ ਜਾਂਦੇ ਨੇ ਕਿ ਆਈ ਨਹੀਂ ਅਜੇ? ਉਹ ਤੇਰੇ ਅੰਦਰ ਪਤਾ ਨਹੀਂ ਕੀ ਆ ਗਿਆ ਸਾਨੂੰ ਤੂੰ ਕੀਲ ਲਿਆ। ਤੇਰੇ ਅੰਦਰੋਂ ਪਿਆਰ ਦੀਆਂ ਝਰਨਾਟਾਂ ਨਿਕਲਦੀਆਂ ਨੇ। ਅਸੀਂ ਹੀ ਨਹੀਂ, ਸਾਰੇ ਮਹਿਲ ਦੀਆਂ ਜਿੰਨੀਆਂ ਨੌਕਰਾਣੀਆਂ ਗੋਲੀਆਂ ਨੇ, ਇਨ੍ਹਾਂ ਸਭ ਦੇ ਸੁਭਾਅ ਤੂੰ ਬਦਲਾ ਦਿਤਾ। ਜਿੰਨੇ ਕਾਮੇ, ਕੰਮ ਕਰਨ ਵਾਲੇ, ਨੌਕਰ ਚਾਕਰ ਨੇ, ਉਨ੍ਹਾਂ ਦਾ ਵੀ ਸੁਭਾਅ ਬਦਲਾਅ ਦਿਤਾ-

***ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ ॥***

***ਅੰਗ - 608***

ਉਹਦੀ ਦ੍ਰਿਸ਼ਟੀ ਦੇ ਵਿਚ ਸਮਤਾ ਵਰਤਦੀ ਹੁੰਦੀ ਹੈ ਸਾਰੀ। ਪੂਰੇ ਮਹਾਂਪੁਰਸ਼ਾਂ ਦੇ ਨੇੜੇ ਰਹਿਣ ਵਾਲਿਆਂ 'ਤੇ ਇਹ ਅਵਸਥਾ ਤਾਰੀ ਹੋ ਜਾਇਆ ਕਰਦੀ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ - 520***

ਪਰ ਇਕ ਗੱਲ ਹੈ ਬੇਟਾ, ਆਪਾਂ ਰਾਜ ਭਾਗ ਦੇ ਮਾਲਕ ਹਾਂ। ਸ਼ਾਦੀ ਨੂੰ ਤੂੰ ਮੰਨਦੀ ਨਹੀਂ ਹੈਂ, ਕਿੰਨੀ ਵਾਰੀ ਅਸੀਂ ਚੰਗੇ-ਚੰਗੇ ਰਾਜਕੁਮਾਰ ਦੇਖੇ ਨੇ, ਤੂੰ ਸਭ ਨੂੰ ਜਵਾਬ ਦੇ ਦਿੰਦੀ ਹੈਂ। ਕਹਿੰਦੀ ਮਾਂ ਜੀ, ਮੈਂ ਤਾਂ ਆਹੀ ਕੰਮ ਕਰਨਾ ਹੈ। ਦੁਨੀਆਂਦਾਰੀ 'ਚ ਨਾ ਮੈਨੂੰ ਪਾਓ। ਫੇਰ ਕਹਿੰਦੀ, ਕਿ ਤੇਰੇ ਪਿਤਾ ਜੀ ਨੂੰ ਲੋਕਾਂ ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਤੂੰ ਵਿਆਹ ਹੋਰ ਕਰਾ ਲੈ। ਉਸ ਦਿਨ ਦਾ ਮੇਰਾ ਮਨ ਨਹੀਂ ਲਗਦਾ ਕਿ ਅੱਜ ਕਹਿੰਦੇ ਨੇ, ਕੱਲ੍ਹ ਨੂੰ ਲਿਆ ਦੇਣਗੇ। ਵਿਆਹ ਕਰਾ ਲਿਆ ਤਾਂ ਆਪਾਂ ਫੇਰ ਦੋ ਨੰਬਰ 'ਚ ਚਲੇ ਜਾਵਾਂਗੇ, ਆਪਾਂ ਨੂੰ ਕਿਸੇ ਨੇ ਪੁੱਛਣਾ ਨਹੀਂ। ਬੇਟੀ! ਤੂੰ ਹੌਂਸਲਾ ਕਰ, ਵਿਆਹ ਕਰਾ ਲੈ।

ਕਹਿੰਦੀ, ਮਾਂ ਜੀ! ਤੁਸੀਂ ਚਾਹੁੰਦੇ ਕੀ ਹੋਂ?

ਕਹਿੰਦੀ, ਜੇ ਤੇਰਾ ਵੀਰ ਹੁੰਦਾ ਤਾਂ ਮੈਂ ਤੈਨੂੰ ਕਦੇ ਨਹੀਂ ਸੀ ਕਹਿਣਾ।

ਕਹਿੰਦੀ, ਚੰਗਾ ਫੇਰ ਵੀਰ ਹੀ ਮੰਗਦੇ ਹੋ ਨਾ ਤੁਸੀਂ? ਅੱਜ ਮੈਂ

ਕਹਾਂਗੀ ਉਨ੍ਹਾਂ ਨੂੰ ਕਿ ਇਕ ਵੀਰ ਦੇ ਦਿਓ।

ਸੋ ਚਲੀ ਜਾਂਦੀ ਹੈ, ਜਦੋਂ ਅੱਜ ਨਾਮ ਦੇ ਵਿਚ ਰੂੜ੍ਹ ਹੋਈ, ਧਿਆਨ ਪਰਪੱਕ ਹੋਇਆ, ਆਪਣੀ ਵਿਥਿਆ ਦੱਸੀ ਫੁਰਨੇ ਨਾਲ, ਆਵਾਜ਼ ਆਈ ਕਿ ਵੀਰ ਆ ਜਾਏਗਾ ਤੁਹਾਡੇ। ਭਰਾ ਆ ਜਾਏਗਾ। ਦਿਆਲਤਾ ਹੋ ਗਈ, ਪ੍ਰਮੇਸ਼ਰ ਨੇ ਲੇਖ ਬਦਲ ਦਿਤਾ ਹੈ। ਹੈ ਨਹੀਂ ਸੀ ਕਿਸਮਤ ਵਿਚ ਪਰ ਆ ਜਾਏਗਾ।

ਸੋ ਉਸ ਵੇਲੇ ਬੜੀ ਖੁਸ਼ੀ ਆਈ, ਘਰ ਆ ਗਈ ਕਹਿੰਦੀ ਮਾਂ ਜੀ! ਅੱਜ ਜਿਨ੍ਹਾਂ ਨੂੰ ਮੇਰੇ ਚੰਗੇ ਪੁਰਸ਼ ਪਿਆਰ ਕਰਦੇ ਸੀ, ਉਨ੍ਹਾਂ ਵਲੋਂ ਆਵਾਜ਼ ਆਈ ਸੀ ਕਿ ਵੀਰ ਆ ਜਾਏਗਾ। ਥੋੜ੍ਹੇ ਦਿਨਾਂ 'ਚ ਖੁਸ਼ੀਆਂ ਹੋ ਗਈਆਂ। ਉਮੀਦ ਹੋ ਗਈ ਕਿ ਹੁਣ ਰਾਜਕੁਮਾਰ ਆਏਗਾ। ਮਾਂ-ਬਾਪ ਉਹਦੇ ਅੱਗੇ ਮਾੜਾ-ਮੋਟਾ ਘੂਰ ਵੀ ਲੈਂਦੇ ਸੀ। ਉਸ ਦਿਨ ਤੋਂ ਇੱਜ਼ਤ ਕਰਨ ਲਗ ਗਏ। ਬਹੁਤ ਸਤਿਕਾਰ ਵਿਚ ਆ ਗਏ। ਬੱਚੀ ਆਪਣੀ ਹੈ ਲੇਕਿਨ ਸਤਿਕਾਰ ਤੇ ਪਿਆਰ ਬਹੁਤ ਹੈ। ਉਸ ਵੇਲੇ ਉਹਦੀ ਅਵਸਥਾ ਕੀ ਹੈ ਕਿ ਚਾਹੇ ਹੁਣ ਉਹ ਮੱਠ ਵਿਚ ਬੈਠ ਜਾਵੇ, ਚਾਹੇ ਦਰਖਤ ਥੱਲੇ ਬੈਠ ਜਾਵੇ, ਚਾਹੇ ਬੂਟਿਆਂ ਨੂੰ ਪਾਣੀ ਪਾਉਂਦੀ ਹੈ, ਚਾਹੇ ਫੁੱਲਾਂ ਦੀ ਗੋਡੀ ਕਰਦੀ ਹੈ ਪਰ ਫੁੱਲ ਉਹਨੂੰ ਜੀਉਂਦੇ ਨਜ਼ਰ ਆਉਂਦੇ ਨੇ, ਹਸਦੇ ਨਜ਼ਰ ਆਉਂਦੇ ਨੇ। ਜੀਵਨ ਨਜ਼ਰ ਆਉਂਦਾ ਹੈ, ਪੰਛੀਆਂ ਨੂੰ ਦੇਖਦੀ ਹੈ, ਚਹਿਚਹਾ ਕਰਦੇ ਨੇ ਲੇਕਿਨ ਉਹਨੂੰ ਸੁਣਦਾ ਕੀ ਹੈ ਕਿ ਮੇਰੇ ਨਾਲ ਭਜਨ ਕਰਦੇ ਨੇ -

***ਧਾਰਨਾ - ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।***

***ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥ 2 ॥***<br>
***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***<br>
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - 1265***

ਇਹ ਨਾਮ ਜਪਣ ਵਾਲਿਆਂ ਦੀ ਅਵਧੀ ਹੋਇਆ ਕਰਦੀ ਹੈ, ਪ੍ਰਾਪਤੀ ਹੋਇਆ ਕਰਦੀ ਹੈ। ਇਹ ਸੱਚਮੁੱਚ ਹੀ ਆਉਂਦੀ ਹੈ ਤੇ ਜਿੰਨੀ ਵੀ ਆਵਾਜ਼ ਹੈ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਨਿ ॥***

***ਅੰਗ - 1420***

ਭਜਨ ਦੀ ਇਹ ਅਵਸਥਾ ਜਦੋਂ ਪਰਪੱਕ ਹੋ ਜਾਂਦੀ ਹੈ, ਇਹ ਉਸ ਵੇਲੇ ਆਇਆ ਕਰਦੀ ਹੈ, ਜਦੋਂ ਅਵਸਥਾ ਬਹੁਤ ਉੱਚੀ ਹੋ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਦਿਨ-ਰਾਤ ਨਾਮ 'ਚ ਮਸਤ ਰਹਿੰਦੀ ਹੈ, ਹੁਣ ਕਿਸੇ-ਕਿਸੇ ਦਿਨ ਮੱਠ ਵਿਚ ਜਾਣ ਤੋਂ ਵੀ ਹਟ ਜਾਂਦੀ ਹੈ। ਕਿਉਂਕਿ ਮਨ ਸਹਿਜ ਵਿਚ ਆ ਕੇ ਟਿਕ ਗਿਆ। ਉਹ ਤਾਰ ਨਹੀਂ ਟੁੱਟਦੀ, ਹਰ ਵਕਤ ਨਾਮ ਦੇ ਰਸ ਵਿਚ ਰਹਿੰਦੀ ਹੈ। ਲੇਕਿਨ ਫੇਰ ਵੀ ਉਥੇ ਜਾਂਦੀ ਹੈ ਜਿੱਥੋਂ ਪ੍ਰਾਪਤੀ ਹੋਈ ਸੀ। ਅੱਜ ਬੈਠੀ ਹੈ ਤੇ ਦੂਰ ਆਵਾਜ਼ ਆ ਰਹੀ ਹੈ, ਉਹਨੇ ਕਿਹਾ ਹੈਂ! ਇਸ ਜੰਗਲ ਵਿਚ ਮਨੁੱਖ? ਧਿਆਨ ਦੇ ਨਾਲ ਆਵਾਜ਼ ਨੂੰ ਸੁਣਨਾ ਸ਼ੁਰੂ

ਕੀਤਾ ਤੇ ਜਿਸ ਵਕਤ ਆਵਾਜ਼ ਨੇੜੇ ਆ ਗਈ ਤਾਂ ਇਸ ਤਰ੍ਹਾਂ ਦੀ ਆਵਾਜ਼ ਆਉਂਦੀ ਹੈ-

*ਧਾਰਨਾ - ਗੁਰਾਂ ਦੇ ਦਰਸ਼ਨ ਤਾਈਂ ਮੇਰਾ ਮਨ ਲੋਚਦਾ।*

ਇਸ ਭਾਵ ਦੀਆਂ ਅਨੇਕਾਂ ਬੇਨਤੀਆਂ ਧਿਆਨ ਨਾਲ ਸੁਣਦੀ ਹੈ ਤੇ ਇਸ ਤਰ੍ਹਾਂ ਲਗਦਾ ਹੈ ਕਿ ਕਦੇ ਏਧਰ ਨੂੰ ਲੰਘ ਜਾਂਦੇ ਨੇ, ਕਦੇ ਦੂਜੇ ਪਾਸੇ ਆ ਜਾਂਦੇ ਨੇ। ਹੈਰਾਨ ਹੈ ਕਿ ਇਹ ਜੰਗਲ ਵਿਚ ਕੀ ਟੋਲ੍ਹਦੇ ਫਿਰਦੇ ਨੇ ਤੇ ਗਾਉਂਦੇ ਫਿਰਦੇ ਨੇ। ਉਸ ਵੇਲੇ ਕੀ ਦੇਖਦੀ ਹੈ ਕਿ ਪੰਜ ਸੱਤ ਪ੍ਰੇਮੀ ਬਿਰਧ ਨੇ, ਸਫੈਦ ਦਾੜ੍ਹੇ ਨੇ ਦੇਖ ਕੇ ਹੀ ਹੈਰਾਨ ਹੋ ਗਈ ਕਿ ਐਨੇ ਸੋਹਣੇ ਮਨੁੱਖ, ਇਹ ਰਹਿੰਦੇ ਕਿੱਥੇ ਨੇ, ਜਿਨ੍ਹਾਂ ਦੇ ਦਰਸ਼ਨਾਂ ਦੇ ਵਿਚ ਐਨੀ ਖਿੱਚ ਹੈ, ਆਪਣੇ-ਆਪਣੇ ਲਗਦੇ ਨੇ ਜਿਵੇਂ ਮੈਂ ਮੁੱਦਤਾਂ ਤੋਂ, ਸਦੀਆਂ ਤੋਂ ਇਨ੍ਹਾਂ ਨੂੰ ਜਾਣਦੀ ਹਾਂ। ਇਹ ਰਹਿੰਦੇ ਕਿੱਥੇ ਨੇ? ਜੀ ਕਰਿਆ ਕਿ ਮੇਰੇ ਕੋਲ ਨੂੰ ਆ ਜਾਣ, ਜਾਂ ਮੈਂ ਇਨ੍ਹਾਂ ਕੋਲ ਨੂੰ ਚਲੀ ਜਾਵਾਂ ਤੇ ਨੇੜੇ ਆ ਗਏ, ਨੇੜੇ ਆ ਕੇ ਦੇਖਿਆ ਕਿ ਬੀਬੀ ਬੈਠੀ ਹੈ, ਉਸ ਵੇਲੇ ਆ ਕੇ ਸਾਰਿਆਂ ਨੇ ਸਤਿ ਕਰਤਾਰ ਦਾ ਆਵਾਜ਼ਾ ਦਿਤਾ। ਕਹਿਣ ਲੱਗੇ, ਬੀਬਾ! ਸਾਨੂੰ ਉਹ ਥਾਂ ਨਹੀਂ ਲੱਭਦੀ, ਕੀ ਇਹ ਓਹੀ ਥਾਂ ਹੈ ਜਿੱਥੇ ਇਕ ਰਾਜਕੁਮਾਰੀ ਦੇ ਹੱਥੋਂ ਇਕ ਗੁਰਸਿੱਖ ਪੰਜ-ਛੇ ਸਾਲ ਪਹਿਲਾਂ ਮਾਰਿਆ ਗਿਆ ਸੀ। ਬੱਸ ਐਨੀ ਗੱਲ ਸੁਣਨ ਦੀ ਦੇਰ ਸੀ, ਹੋਸ਼ ਤੋਂ ਬਾਹਰ ਹੋ ਗਈ, ਬੋਲਣਾ ਬੰਦ ਹੋ ਗਿਆ, ਬੇਹੋਸ਼ੀ ਆ ਗਈ, ਕੋਈ ਜਵਾਬ ਨਾ ਮਿਲਿਆ, ਬੜੀ ਦੇਰ ਤੱਕ ਆਪ ਬੈਠੇ ਰਹੇ। ਗੁਰਮੁਖ ਸੀ, ਜਾਣੂ ਸੀ ਕਿ ਇਹ ਬੀਬੀ ਨੂੰ ਕੋਈ ਬਹੁਤ ਬਿਰਹੁੰ ਦੀ ਚੋਟ ਲੱਗੀ ਹੋਈ ਹੈ। ਕਿਉਂਕਿ ਜਿਸ ਨੂੰ ਚੋਟ ਲਗਦੀ ਹੈ ਉਹਦੇ ਬਾਰੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ-

*ਧਾਰਨਾ - ਨਹੀਂਓ ਜੀਂਵਦਾ, ਕੋਈ ਰਾਮ ਦਾ ਬਿਓਗੀ।*

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*

*ਅੰਗ- 1368*

ਚੁੱਪ ਬੈਠੀ ਹੈ, ਇੰਤਜ਼ਾਰ ਕਰਿਆ, ਕਾਫੀ ਦੇਰ ਤੋਂ ਬਾਅਦ ਬੋਲਦੀ ਹੈ ਬੀਬੀ ਕਿ ਮਹਾਂਪੁਰਸ਼ੋ! ਉਹ ਮੰਦ ਭਾਗਣ ਮੈਂ ਹੀ ਹਾਂ, ਜਿਹਦੇ ਹੱਥ ਨਾਲ ਉਹ ਸੋਹਣਾ ਗੁਰੂ ਨਾਨਕ ਦਾ ਪਿਆਰਾ ਮਾਰਿਆ ਗਿਆ ਤੇ ਅੱਜ ਛੇ ਸਾਲ ਦੇ ਕਰੀਬ ਹੋਣ ਵਾਲੇ ਨੇ, ਉਸ ਦਿਨ ਤੋਂ ਹੀ ਮੈਂ ਪਸ਼ਚਾਤਾਪ ਕਰਨ ਵਾਸਤੇ ਇਸ ਥਾਂ ਦੇ ਉਤੇ ਬੈਠੀ ਰਹਿੰਦੀ ਹਾਂ। ਆਹੀ ਥਾਂ ਹੈ, ਆਹ ਜਿਹੜੇ ਫੁੱਲ ਉੱਗੇ ਹੋਏ ਨੇ, ਇਹ ਓਹੀ ਥਾਂ ਹੈ ਜਿਸ ਥਾਂ ਦੇ ਉਤੇ ਉਹਦਾ ਖੂਨ ਡੁਲ੍ਹਿਆ ਸੀ। ਸਾਰੇ ਚੁੱਪ ਕਰ ਗਏ, ਬੋਲਿਆ ਨਹੀਂ ਜਾਂਦਾ, ਹਾਲਾਂਕਿ ਬੀਤਰਾਗ ਸੀ, ਪੂਰਨ ਬ੍ਰਹਮਗਿਆਨੀ ਪਰ ਜਿਹੜਾ ਪਿਆਰ ਹੈ ਇਹ ਚੀਜ਼ ਹੋਰ ਹੋਇਆ ਕਰਦੀ ਹੈ। ਕਿਉਂਕਿ ਜਿਸ ਹਿਰਦੇ 'ਚ ਪਿਆਰ ਹੋਵੇ ਉਥੇ ਵਾਹਿਗੁਰੂ ਵਸਦਾ ਹੈ, ਜਿਥੇ ਪਿਆਰ ਨਾ ਹੋਵੇ ਉਹ ਸੁੰਨਾ ਹੋਇਆ ਕਰਦਾ ਹੈ -

***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨ ॥***

***ਅੰਗ - 1379***

ਕਹਿੰਦੇ, ਹੇ ਵਾਹਿਗੁਰੂ! ਤੂੰ ਬਿਰਹਾ ਹੈਂ, ਤੂੰ ਹੀ ਪਿਆਰ ਹੈਂ। ਉਹ ਤਾਂ ਮਸਾਨ ਵਰਗਾ, ਫੁਕਿਆ ਹੋਇਆ ਹਿਰਦਾ ਹੁੰਦਾ ਹੈ, ਜਿਥੇ ਪ੍ਰਮੇਸ਼ਰ ਦਾ ਪਿਆਰ ਨਾ ਪੈਦਾ ਹੋਵੇ।

ਸੋ ਉਸ ਤੋਂ ਬਾਅਦ ਉੱਠ ਕੇ ਚਲੇ ਗਏ।

ਪੁੱਛਿਆ ਕਿ ਤੁਸੀਂ ਕਿਸ ਤਰ੍ਹਾਂ ਆਏ। ਕਹਿਣ ਲੱਗੇ, ਦੱਸ ਪਈ ਹੈ ਕਿ ਗੁਰੂ ਨਾਨਕ ਪਾਤਸ਼ਾਹ ਕਿਸੇ ਬੀਬੀ ਦੇ ਪਿਆਰ ਦੇ ਬੰਨ੍ਹੇ ਹੋਏ, ਬਹੁਤ ਦੂਰ ਤੋਂ ਧਾਈ ਕਰਕੇ ਏਧਰ ਨੂੰ ਆ ਰਹੇ ਨੇ। ਕਿਉਂਕਿ ਪੂਰਨ ਪੁਰਸ਼ ਸੀ, ਜਿਸ ਵਕਤ ਬੰਦਗੀ ਕਰਦੇ ਸੀ, ਉਸ ਵੇਲੇ ਉਨ੍ਹਾਂ ਨੂੰ ਸਾਰੇ ਦ੍ਰਿਸ਼ ਦਿਸਦੇ ਸੀ। ਉਹ ਥਾਂ ਦੀ ਟੋਹ ਲਾ ਲਈ ਕਿ ਆਹੀ ਥਾਂ ਹੈ, ਉਹ ਚਲੇ ਜਾਂਦੇ ਨੇ। ਬੀਬੀ ਆਉਂਦੀ ਹੈ, ਰੋਜ਼ ਆਉਂਦੀ ਹੈ ਲੇਕਿਨ ਬਿਰਹਾ ਦੀ ਭਿੱਜੀ ਹੋਈ, ਅੰਦਰ ਆਸ ਲਗਦੀ ਹੈ ਕਿ ਹੁਣ ਆ ਜਾਣਗੇ ਜ਼ਰੂਰ ਆ ਜਾਣਗੇ। ਉਸ ਵੇਲੇ ਪਿਆਰ ਦੇ ਵਿਚ ਆ ਕੇ ਇਸ ਭਾਵ ਦੇ ਬਚਨ ਮੁੱਖ ਤੋਂ ਕਹਿੰਦੀ ਹੈ -

***ਧਾਰਨਾ - ਕਦੋਂ ਹੋਣਗੇ ਦੀਦਾਰੇ ਤੇਰੇ -2***
***ਅੱਖੀਆਂ ਤਰਸਦੀਆਂ ਸਾਹਿਬਾਂ....।***
***ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ ॥***

***ਅੰਗ - 1094***

ਇਸ ਤਰ੍ਹਾਂ ਦੇ ਪਿਆਰ ਦੇ, ਬਿਰਹਾ ਦੇ ਗੀਤ ਆਪਣੇ ਆਪ ਮੁੱਖ ਦੇ ਵਿਚੋਂ ਨਿਕਲਣੇ ਸ਼ੁਰੂ ਹੋ ਗਏ। ਉਸ ਵੇਲੇ ਮਾਂ-ਬਾਪ ਨੂੰ, ਕਿਉਂਕਿ ਥੋੜ੍ਹੇ ਸਮੇਂ ਤੋਂ ਬਾਅਦ ਸੱਚਮੁੱਚ ਉਸਨੂੰ ਇਕ ਵੀਰ ਪ੍ਰਾਪਤ ਹੋ ਗਿਆ, ਘਰ ਜਾਂਦੀ ਹੈ, ਉਸ ਨੂੰ ਖਿਲਾਉਂਦੀ ਹੈ, ਪਿਆਰ ਕਰਦੀ ਹੈ ਤੇ ਹੁਣ ਮਾਂ-ਬਾਪ ਵਹਿਣ ਨੂੰ ਜਾਣ ਗਏ ਕਿ ਬਹੁਤ ਗਹਿਰੇ ਵਹਿਣ ਨੂੰ ਚਲੀ ਗਈ ਸਾਡੀ ਲੜਕੀ। ਉਨ੍ਹਾਂ ਨੂੰ ਵੀ ਪਿਆਰੀ ਲਗਦੀ ਹੈ, ਆਦਰ ਕਰਦੇ ਨੇ ਕਿ ਇਹਦੀ ਮਿਹਰ ਦੇ ਨਾਲ ਸਾਡੇ ਘਰ ਪੁੱਤਰ ਦੀ ਦਾਤ ਪ੍ਰਾਪਤ ਹੋਈ ਹੈ। ਸੱਚਮੁੱਚ ਉਹ ਜਿਹੜਾ ਇਸਨੂੰ ਲਾਗ ਲਾ ਗਿਆ, ਮਹਾਂਪੁਰਸ਼ ਸੀ ਉਹ ਤੇ ਉਹਦਾ ਗੁਰੂ ਵੀ ਬਹੁਤ ਵੱਡਾ ਹੋਣਾ ਹੈ ਜਿਹਦੇ ਬਾਰੇ ਉਹ ਦੱਸ ਪਾ ਗਿਆ। ਇਹ ਵੀ ਦੇਖਦੀਆਂ ਨੇ, ਸੁਣਦੀਆਂ ਨੇ ਬੀਬਾ ਤੋਂ ਕਿ ਮੈਨੂੰ ਝਉਲੇ ਵਜਦੇ ਨੇ ਕਿ ਮੇਰੇ ਪਿਆਰੇ ਦਾ ਜੋ ਪਿਆਰਾ ਹੈ ਮੇਰੇ ਦਾ, ਉਹ ਆ ਰਿਹਾ ਹੈ ਨੇੜੇ।

ਅੱਜ ਲੜਕੀ ਵੀ ਬੈਠੀ ਹੈ ਤੇ ਇਹ ਵੀ ਬਾਹਰ ਬੈਠੇ ਨੇ। ਲਗਨ ਇਨ੍ਹਾਂ ਨੂੰ ਵੀ ਲਗ ਗਈ। ਨਾਮ ਜਪਦੇ ਨੇ, ਉਸ ਵੇਲੇ ਫੇਰ ਆਵਾਜ਼ ਸੁਣਦੀ ਹੈ ਉਨ੍ਹਾਂ ਦੀ। ਬਹੁਤ ਪਿਆਰ ਦੇ ਨਾਲ ਆਵਾਜ਼ ਆ ਰਹੀ ਹੈ

ਤੇ ਹੁੰਦੀ-ਹੁੰਦੀ ਨੇੜੇ ਆ ਗਈ ਤੇ ਇਧਰਲੇ ਪਾਸੇ ਕੀ ਦੇਖਦੇ ਨੇ ਕਿ ਜਿਸਨੂੰ ਅੱਜ ਤੱਕ ਛੇ ਸਾਲ ਤੋਂ ਇੰਤਜ਼ਾਰ ਕਰਕੇ ਮਨ ਦੇ ਅੰਦਰ ਅਨੁਮਾਨ ਲਾ ਰਹੇ ਸੀ, ਉਹ ਪਿਆਰੀ ਮੂਰਤ ਗੁਰੂ ਨਾਨਕ ਪਾਤਸ਼ਾਹ ਦੀ, ਭਾਈ ਬਾਲਾ ਤੇ ਭਾਈ ਮਰਦਾਨਾ ਨਾਲ ਨੇ ਤੇ ਜਿਸ ਵਕਤ ਨੇੜੇ ਆ ਜਾਂਦੇ ਨੇ, ਕੇਵਲ ਦਰਸ਼ਨ ਦਾ ਝਲਕਾਰਾ ਵੱਜਿਆ ਹੈ। ਝਲਕਾਰਾ ਵੱਜਣਾ ਕੀ ਸੀ ਤੇ ਸੁੱਧ ਵੀ ਭੁੱਲ ਗਈ, ਬੁੱਧ ਵੀ ਭੁੱਲ ਗਈ। ਦੋਵੇਂ ਬੇਹੋਸ਼ੀ ਦੇ ਵਿਚ ਆ ਗਈਆਂ।

*ਧਾਰਨਾ - ਜਦੋਂ ਵੱਜਿਆ ਝਲਕਾਰਾ ਨੂਰੀ ਦਰਸ਼ ਦਾ,*
*ਸੁੱਧ ਬੁੱਧ ਦੋਵੇਂ ਭੁੱਲੀਆਂ।*

*ਦਰਸਨ ਦੇਖਤ ਹੀ, ਸੁਧ ਕੀ ਨ ਸੁਧ ਰਹੀ,*
*ਬੁਧਿ ਕੀ ਨ ਬੁਧਿ ਰਹੀ, ਮਤਿ ਮੈ ਨ ਮਤਿ ਹੈ।*

***ਕਬਿੱਤ ਭਾਈ ਗੁਰਦਾਸ ਜੀ***

ਉਸ ਵੇਲੇ ਸਹਿ ਨਾ ਸਕੀ, ਸਮਾਧੀ ਲਗ ਗਈ। ਗੁਰੂ ਮਹਾਰਾਜ ਆ ਗਏ, ਆਦਰ ਵਾਸਤੇ ਉੱਠਣਾ ਸੀ, ਹੁਣ ਕੌਣ ਉਠੇ, ਉਸ ਵੇਲੇ ਗੁਰੂ ਮਹਾਰਾਜ ਨੇੜੇ ਆ ਕੇ ਬੈਠਦੇ ਨੇ। ਪਿਆਰ ਦੇ ਨਾਲ ਸੀਸ ਦੇ ਉਤੇ ਆਪ ਨੇ ਹੱਥ ਰੱਖਿਆ, ਜਿਸ ਨੂੰ ਬੱਜਰ ਕਪਾਟ ਕਹਿੰਦੇ ਨੇ ਉਹ ਕੇਵਲ ਛੋਹਣ ਮਾਤਰ ਦੇ ਨਾਲ, ਖੁੱਲ੍ਹ ਗਏ, ਖੁੱਲ੍ਹਣ ਦੇ ਨਾਲ ਸੁਰਤ ਚੜ੍ਹ ਗਈ। ਇਸ ਤਰ੍ਹਾਂ ਦੇ ਨਾਲ ਬਾਣੀ 'ਚ ਇਸ ਅਵਸਥਾ ਦਾ ਜ਼ਿਕਰ ਆਉਂਦਾ ਹੈ -

*ਧਾਰਨਾ - ਵਾਹਵਾ-ਵਾਹਵਾ ਬਈ ਸਹਿਜ ਸਮਾਧ ਲਗ ਗਈ।*
*ਮਨ ਚੜਿਆ ਦਸਵੈ ਆਕਾਸ।*

*ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ - 1414*

*ਨਉ ਦਰ ਠਾਕੇ ਧਾਵਤੁ ਰਹਾਏ ॥*
*ਦਸਵੈ ਨਿਜ ਘਰਿ ਵਾਸਾ ਪਾਏ ॥*
*ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ*
*ਗੁਰਮਤੀ ਸਬਦਿ ਸੁਣਾਵਣਿਆ ॥* *ਅੰਗ - 124*

ਸੋ ਐਸੀ ਅਵਸਥਾ ਹੋਣ ਤੋਂ ਬਾਅਦ ਜ਼ੁਬਾਨ ਦੇ ਅੰਦਰੋਂ ਜਿਉਂ-ਜਿਉਂ ਹੋਸ਼ ਪਰਤਦੀ ਹੈ, ਝਲਕਾਰਾ ਵੱਜਿਆ ਹੋਇਆ ਹੈ ਤੇ ਇੱਕੋ ਹੀ ਆਵਾਜ਼ ਆਉਂਦੀ ਹੈ।

*ਧਾਰਨਾ - ਤੂੰਹੀਂ ਤੂੰਹੀਂ ਮੋਹਿਨਾ।*

ਅੱਖ ਖੁਲ੍ਹ ਗਈ, ਉਹ ਅੱਖ ਜਿਹਦੇ ਨਾਲ ਪ੍ਰਮੇਸ਼ਰ ਹਰ ਥਾਂ 'ਤੇ ਦ੍ਰਿਸ਼ਟੀ ਆਉਂਦਾ ਹੈ -

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥*
*ਅੰਗ - 407*

ਜਦੋਂ ਦਰਸ਼ਨ ਕੀਤਾ, ਅੰਦਰ ਵੀ ਓਹੀ ਹੈ, ਬਾਹਰ ਵੀ ਓਹੀ ਹੈ, ਆਕਾਸ਼ ਵਿਚ ਵੀ ਓਹੀ ਹੈ, ਬੂਟਿਆਂ ਵਲ ਦੇਖਦੀ ਹੈ ਓਹੀ ਹੈ, ਉਸ ਵੇਲੇ ਗੁਰੂ ਮਹਾਰਾਜ ਨੇ ਕ੍ਰਿਪਾ ਕੀਤੀ ਤੇ ਸਭ ਤੋਂ ਵੱਡੀ ਜੋ ਅਵਸਥਾ ਹੁੰਦੀ ਹੈ ਜੀਵਨ ਮੁਕਤ ਦੀ। ਆਪਣੇ ਸਰੂਪ ਦੇ ਵਿਚ ਲੈਅ ਕਰ ਲਿਆ। ਜੀਵਨ ਮੁਕਤ ਅਵਸਥਾ ਬਖਸ਼ ਦਿਤੀ ਤੇ ਦਿਖਾ ਦਿਤਾ ਕਿ ਜਿਸ ਨੂੰ ਤੂੰ ਕਹਿੰਦੀ ਸੀ ਪਿਆਰਾ ਮਨੁੱਖ, ਉਹ ਮਰਿਆ ਨਹੀਂ ਹੈ, ਕਿਤੇ ਗਿਆ ਨਹੀਂ ਹੈ, ਥਾਂ-ਥਾਂ ਦੇ ਵਿਚ ਨਜ਼ਰ ਆਉਂਦਾ ਹੈ ਉਸਨੂੰ, ਹੱਸ ਰਿਹਾ ਹੈ, ਖੁਸ਼ ਹੋ ਰਿਹਾ ਹੈ ਕਿ ਇਕ ਲਾਇਆ ਹੋਇਆ ਬੂਟਾ ਸਿਰੇ ਚੜ੍ਹ ਗਿਆ। ਸੋ ਇਸ ਤਰ੍ਹਾਂ ਸਾਧਸੰਗਤ ਜੀ! ਇਹ ਗੁਰਮੁਖ ਦਾ ਸਫਰ ਹੈ। ਜਿਸ ਦਾ ਆਪਾਂ ਜ਼ਿਕਰ ਇਕ ਬਹੁਤ ਪਿਆਰ ਵਾਲੀ ਸਾਖੀ ਦੇ ਨਾਲ ਕੀਤਾ। ਪੂਰੀ ਤਰ੍ਹਾਂ ਦੇ ਨਾਲ ਇਹਨੂੰ ਸਮਝਣ ਦਾ ਯਤਨ ਕਰੋ। ਜਿਸ ਤਰ੍ਹਾਂ ਮੈਂ ਬੇਨਤੀ ਕੀਤੀ ਹੈ, ਸਮਝੋ ਇਸ ਚੀਜ਼ ਨੂੰ। ਰੂਹਾਨੀਅਤ ਗੱਲਾਂਬਾਤਾਂ ਦਾ ਵਿਸ਼ਾ ਨਹੀਂ ਹੈ -

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥*** ***ਅੰਗ - 1***

ਇਹ ਪਿਆਰ ਦਾ ਰਸਤਾ ਹੈ, ਪ੍ਰੈਕਟੀਕਲ ਹੈ ਇਹ, ਐਵੇਂ ਥਿਊਰੀ ਵਾਲੀਆਂ ਗੱਲਾਂ ਨਹੀ ਹਨ ਇਹਦੇ ਵਿਚ। ਲੇਕਿਨ ਜਿੱਡੀ ਵੱਡੀ ਨਾਮ ਦੀ ਬਰਕਤ ਹੈ ਓਨੇ ਹੀ ਅਸੀਂ ਖੁਸ਼ਕ ਹਾਂ ਨਾਮ ਵਲੋਂ। ਚਲਦੇ ਨਹੀਂ ਇਸ ਰਸਤੇ 'ਤੇ। ਦੁਨੀਆਂ ਸਾਨੂੰ ਖਿੱਚ ਰਹੀ ਹੈ, ਦੁਨੀਆਂ ਵਿਚ ਬਾਰ-ਬਾਰ ਗਿਰ ਰਹੇ ਹਾਂ। ਉਹ ਰਸ ਜੋ ਆਉਂਦਾ ਹੈ, ਉਸ ਨੂੰ ਅਸੀਂ ਸੰਭਾਲ ਨਹੀਂ ਸਕਦੇ। ਸੋ ਇਸ ਕਰਕੇ ਨਾਮ ਜਪਣਾ, ਸੰਗਤ ਕਰਨੀ ਬਹੁਤ ਜ਼ਰੂਰੀ ਹੈ। ਗੁਰੂ ਨਾਨਕ ਪਾਤਸ਼ਾਹ ਨੇ ਬੀਬੀ ਨੂੰ ਸਾਵਧਾਨ ਕਰਿਆ। ਮਾਤਾ ਪਿਤਾ ਨੂੰ ਨਾਮ ਦੀ ਬਖਸ਼ਿਸ਼ ਕਰੀ। ਉਸ ਤੋਂ ਬਾਅਦ ਉਹ ਗੁਰਸਿੱਖ ਬਹੁਤ ਖੁਸ਼ੀ ਦੇ ਨਾਲ ਸ਼ਬਦ ਪੜ੍ਹ ਰਹੇ ਨੇ ਤੇ ਜਦੋਂ ਬਾਤਚੀਤ ਚੱਲੀ ਤਾਂ ਭਾਈ ਭਗੀਰਥ ਜੀ ਨਾਲ ਗੱਲ ਹੋਈ, ਕਹਿਣ ਲੱਗੀ, ਉਹ ਕੌਣ ਸੀ ਭਾਈ ਤਿਲੋਕਾ? ਕਹਿਣ ਲੱਗੇ, ਬੀਬਾ! ਗੁਰੂ ਮਹਾਰਾਜ ਨੇ ਮੈਨੂੰ ਉਹ ਇਕਲੌਤਾ ਪੁੱਤਰ ਬਖਸ਼ਿਆ ਸੀ। ਪਰ ਧੰਨ ਹੈ ਮੇਰਾ ਪੁੱਤਰ ਕਿ ਐਡੀ ਵੱਡੀ ਲਾਗ ਜਾਂਦਾ-ਜਾਂਦਾ ਲਾ ਗਿਆ ਤੇ ਇਕ ਤੂੰਹੀਂ ਨਹੀਂ ਤਰੀ, ਤੇਰੇ ਬਦੌਲਤ ਸਾਰਾ ਪਰਗਣਾ ਤਰ ਜਾਏਗਾ।

ਗੁਰੂ ਨਾਨਕ ਪਾਤਸ਼ਾਹ ਨੂੰ ਘਰ ਲੈ ਜਾਂਦੇ ਨੇ, ਬੀਬੀ ਦੇ ਪਿਆਰ ਦੇ ਬੰਨ੍ਹੇ ਹੋਏ ਕਿੰਨੇ ਮਹੀਨੇ ਉਥੇ ਰਹਿੰਦੇ ਨੇ ਤੇ ਜਿਸ ਵਕਤ ਆਪ ਜਾਂਦੇ ਨੇ ਇੱਕ ਬਹੁਤ ਵੱਡੀ ਵਹੀਰ ਬੰਦਿਆਂ ਦੀ ਰੋ-ਰੋ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਉਥੋਂ ਵਿਦਾ ਕਰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਇਕ ਅੱਲੜ੍ਹ ਲੜਕੀ ਜਿਸਨੂੰ ਨਾ ਜਪੁਜੀ ਸਾਹਿਬ ਆਉਂਦਾ ਸੀ, ਨਾ ਬਾਣੀ ਦਾ ਪਤਾ ਸੀ, ਨਾ ਕਦੇ ਸੰਗਤ ਕਰੀ ਸੀ, ਇਕ ਪੂਰਨ ਪੁਰਸ਼ ਦੀ ਸੰਗਤ ਕਰਕੇ ਉਹਦਾ ਬਚਨ ਕਮਾ ਕੇ, ਉਹਦੇ ਪਿਆਰ ਵਿਚ ਰਹਿ ਕੇ, ਪੂਰਨ ਅਵਸਥਾ ਨੂੰ ਪ੍ਰਾਪਤ ਹੋ ਗਈ। ਸੋ ਮੈਂ ਬੇਨਤੀ ਕਰੀ ਸੀ ਕਿ ਸਤਿਸੰਗ ਦੇ ਵਿਚ ਤੁਸੀਂ ਇਕ ਪ੍ਰੋਗਰਾਮ ਨੂੰ ਵੀ ਸਮਝ ਲਓਂ, ਇਕ ਦੇ ਉਤੇ ਵੀ ਅਸਰ ਕਰ

ਲਓਂ, ਆਹੀ ਜੋ ਆਪਾਂ ਬਚਨ ਕਰੇ ਨੇ ਜੇ ਇਹੀ ਅਸੀਂ ਮੰਨ ਲਈਏ, ਬਹੁਤੇ ਗਿਆਨ ਦੀ ਲੋੜ ਹੀ ਨਹੀਂ ਹੈ। ਲੋੜ ਹੋਣੀ ਹੈ ਜਿਨ੍ਹਾਂ ਨੇ ਗਿਆਨ ਹਾਸਲ ਕਰਨਾ ਹੈ, ਪਿਆਰ ਵਾਲਿਆਂ ਨੂੰ ਕੇਵਲ ਪਿਆਰ ਦੀ ਲੋੜ ਹੁੰਦੀ ਹੈ, ਹੋਰ ਗਿਆਨ ਦੀ ਲੋੜ ਘੱਟ ਹੁੰਦੀ ਹੈ। ਪਿਆਰ ਉਸ ਨੂੰ ਉਸ ਥਾਂ 'ਤੇ ਪਹੁੰਚਾ ਦਿੰਦਾ ਹੈ –

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।*

ਸੋ ਇਸ ਤਰ੍ਹਾਂ ਪਿਆਰ ਦੇ ਨਾਲ ਪੜ੍ਹੋ ਸਾਰੇ –

*ਧਾਰਨਾ – ਆਪ ਮੁਕਤ ਮੋਹੇ ਤਾਰੇ ਜੀ,*
*ਐਸੇ ਗੁਰਾਂ ਤੋਂ ਬਲਿ ਬਲਿ ਜਾਈਐ।*

ਐਸੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਜੀ, ਪਿਆਰ ਦੇ ਨਾਲ ਜੇ ਅਸੀਂ ਯਾਦ ਕਰਾਂਗੇ, ਭਾਵੇਂ ਉਸ ਤਰ੍ਹਾਂ ਨਹੀਂ ਦਿਸਦੇ ਜਿਸ ਤਰ੍ਹਾਂ ਸਰੀਰ ਦੇ ਅੰਦਰ, ਪਰ ਉਨ੍ਹਾਂ ਦੀ ਹਾਜ਼ਰੀ ਜਿਹੜੀ ਹੈ ਉਹ ਸਾਡੇ ਆਲੇ-ਦੁਆਲੇ ਚਾਰੋਂ ਪਾਸੇ ਹੈ, ਉਹ ਵਾਹਿਗੁਰੂ ਦਾ ਰੂਪ ਨੇ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

***ਅੰਗ – 442***

*ਗੁਰੁ ਪਰਮੇਸਰੁ ਏਕੋ ਜਾਣੁ ॥* ***ਅੰਗ – 864***

ਜੇ ਸਾਡਾ ਨਿਰਗੁਣ ਵਿਚ ਧਿਆਨ ਨਹੀਂ ਟਿਕਦਾ ਤਾਂ–

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*

***ਅੰਗ – 290***

ਗੁਰੂ ਨਾਨਕ ਪਾਤਸ਼ਾਹ ਨਾਲ ਪਿਆਰ ਕਰੋ। ਪਿਆਰ ਕਰਕੇ ਜੋ ਮੰਤਰ ਉਨ੍ਹਾਂ ਨੇ ਦਿਤਾ ਹੈ, ਸਾਨੂੰ ਪੰਜ ਪਿਆਰਿਆਂ ਦੇ ਰਾਹੀਂ, ਉਹਦਾ ਜਾਪ ਕਰੋ ਦਿਲ ਦੇ ਨਾਲ। ਕਾਹਲੇ ਨਾ ਪਵੋ, ਕਾਹਲੇ ਪੈਣ ਦੇ ਨਾਲ ਨਹੀਂ। ਕਿਉਂਕਿ ਬੇਅੰਤ ਪਾਪਾਂ ਦੇ ਪਹਾੜ ਸਾਡੇ ਰਾਹ 'ਚ ਖੜ੍ਹੇ ਨੇ। ਕੀਤੇ ਹੋਏ ਨੇ ਸਾਡੇ –

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

***ਅੰਗ – 651***

ਉਹ ਰਹਿਤਾਂ ਜਿਹੜੀਆਂ ਮੈਂ ਬੇਨਤੀ ਕਰੀ ਹੈ ਇਹ ਰਹਿਤਾਂ ਜ਼ਰੂਰੀ ਨੇ। ਜਦੋਂ ਤਕ ਇਹ ਰਹਿਤ ਅਸੀਂ ਨਹੀਂ ਰਖਦੇ, ਉਥੇ ਅਸੀਂ ਗਾਫਲ ਹੋ ਜਾਂਦੇ ਹਾਂ ਤੇ ਕੀਤਾ ਹੋਇਆ ਸਾਰਾ ਜਿਹੜਾ ਹੈ ਉਹ ਥੱਲੇ ਆ ਜਾਂਦਾ ਹੈ। ਇਸੇ ਕਰਕੇ ਅਸੀਂ ਕਿਸੇ ਕਿਨਾਰੇ ਨਹੀਂ ਲਗਦੇ। ਸੋ ਤਕੜੇ ਹੋਵੋ ਹਿੰਮਤ ਨਾਲ ਇਸ ਰਸਤੇ 'ਤੇ ਚੱਲਣ ਦਾ ਯਤਨ ਕਰੋ। ਇਨ੍ਹਾਂ ਬਚਨਾਂ ਨੂੰ ਹਿਰਦੇ

'ਚ ਧਾਰਨ ਕਰੋ ਤੇ ਆਪਣਾ ਗਾਈਡ ਬਣਾਓ। ਜੇ ਲਗਨ ਲੱਗ ਜਾਵੇ ਇੱਕ ਅੱਧੇ ਨੂੰ ਵੀ ਤਾਂ ਆਪਾਂ ਵੱਡੇ ਭਾਗਾਂ ਵਾਲੇ ਹਾਂ। ਸੰਗਤ ਕੀਤੀ ਹੈ ਉਹਦਾ ਫਲ ਸਭ ਨੂੰ ਪ੍ਰਾਪਤ ਹੋਵੇਗਾ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 11

# ਭਗਤ ਨਾਮ ਦੇਵ ਜੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਲੇਖੇ ਵਿਚ ਲਾ ਲਓ ਜੀ*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ*
*ਜਨ ਕਉ ਪੂਰਨੁ ਦੀਜੈ ॥ 1 ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ*
*ਇਹੁ ਜਨਮੁ ਤੁਮ੍ਹਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ਅੰਗ- 694*

*ਧਾਰਨਾ - ਆਸਾ ਲਗ ਜੀ ਜੀਵਾਂ ਪਿਆਰਿਆ,*
*ਆਸਾ ਲਗ ਜੀ ਜੀਵਾਂ ਵਾਹਿਗੁਰੂ।*
*ਮੈਨੂੰ ਚਿਰ ਭਇਆ ਦਰਸ਼ਨ ਦੇਖੇ।*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਸ਼ਰਧਾ ਅਤੇ ਭਾਵਨਾ ਦੇ ਨਾਲ ਗੁਰੂ ਦਰਬਾਰ ਵਲ

ਚੱਲੇ ਹੋਂ। ਜਦੋਂ ਤੋਂ ਆਪ ਦੇ ਮਨ ਵਿਚ ਇਹ ਖਿਆਲ ਪੈਦਾ ਹੋਇਆ ਹੈ ਕਿ ਰਤਵਾੜਾ ਸਾਹਿਬ ਸੰਗਰਾਂਦ ਦੇ ਸਮਾਗਮ ਵਿਚ ਹਾਜ਼ਰ ਹੋਣਾ ਹੈ ਤੇ ਉਥੇ ਜਾਣਾ ਹੈ। ਉਸ ਵੇਲੇ ਤੋਂ ਜਿੰਨੇ ਘਰ ਦੇ ਕੰਮ ਕੀਤੇ ਨੇ, ਜਿੰਨਾ ਸਫਰ ਕੀਤਾ ਹੈ, ਉਹ ਸਾਰਾ ਲੇਖੇ ਵਿਚ ਪੈ ਗਿਆ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਇਸ ਤਰ੍ਹਾਂ ਵੀ ਲੇਖੇ 'ਚ ਪੈ ਜਾਂਦਾ ਹੈ?

ਗੁਰੂ ਦਸਵੇਂ ਪਾਤਸ਼ਾਹ, ਜਦੋਂ ਆਪ ਬਿਰਾਜ ਜਾਂਦੇ ਸੀ ਤਾਂ ਕਾਫੀ ਸਿੰਘ ਪਹਿਰੇ 'ਤੇ ਲੱਗਿਆ ਕਰਦੇ ਸੀ। ਉਥੇ ਇਕ ਰਾਸਧਾਰੀਏ ਆਏ ਹੋਏ, ਰਾਸ ਪਾਉਂਦੇ ਸੀ, ਜਿਹੜੇ ਸਿੰਘ ਪਹਿਰਾ ਦੇ ਹਟੇ, ਦੂਸਰਿਆਂ ਨੂੰ ਕਿਹਾ ਕਿ ਪ੍ਰੇਮੀਓਂ! ਅਸੀਂ ਰਾਸ ਦੇਖ ਆਈਏ। ਗੁਰੂ ਦਸ਼ਮੇਸ਼ ਪਿਤਾ ਜੇ ਆਵਾਜ਼ ਦੇਣ ਤਾਂ ਕਹਿ ਦੇਣਾ ਕਿ ਉਨ੍ਹਾਂ ਦਾ ਪਹਿਰਾ ਤਾਂ ਹੋ ਹਟਿਆ, ਸਾਡਾ ਪਹਿਰਾ ਹੈ। ਚਲੇ ਗਏ, ਉਹ ਕਹਿਣ ਲੱਗੇ ਕਿ ਦੇਖੋ, ਮਹਾਰਾਜ ਅੰਤਰਜਾਮੀ ਨੇ ਉਹ ਸਭ ਜਾਣਦੇ ਨੇ, ਦੇਖ ਆਓ, ਤੁਹਾਡੀ ਆਪਣੀ ਜ਼ਿੰਮੇਵਾਰੀ ਹੈ। ਬੜੀ ਦੇਰ ਤੱਕ ਆਪ ਰਾਸ ਦੇਖਦੇ ਰਹੇ, ਰਾਮਲੀਲਾ ਹੋ ਰਹੀ ਸੀ, ਦੂਸਰੇ ਦਿਨ ਜਦੋਂ ਡਿਊਟੀ 'ਤੇ ਆਏ, ਉਸ ਵੇਲੇ ਇਕ ਸਿੰਘ ਨੇ ਕਿਹਾ ਕਿ ਸੱਚੇ ਪਾਤਸ਼ਾਹ! ਜਿਨ੍ਹਾਂ ਦਾ ਪਹਿਰਾ ਰਾਤ ਦੇ ਦਸ ਵਜੇ ਤਕ ਖਤਮ ਹੋਇਆ ਸੀ, ਉਹ ਤਿੰਨ-ਚਾਰ ਘੰਟੇ ਜਾ ਕੇ ਰਾਸ ਦੇਖਦੇ ਰਹੇ ਤੇ ਗੈਰ-ਹਾਜ਼ਰ ਹੋ ਗਏ ਡਿਊਟੀ ਤੋਂ। ਮਹਾਰਾਜ ਨੇ ਸਾਰੇ ਪਹਿਰੇਦਾਰਾਂ ਨੂੰ ਬੁਲਾਇਆ, ਸੰਗਤ ਵੀ ਦੇਖ ਰਹੀ ਹੈ। ਕਹਿਣ ਲੱਗੇ, ਹੁਣ ਦੱਸੋ ਕਿ ਕੀ ਕਹਿੰਦੇ ਹੋ। ਸਾਰੀ ਗੱਲ ਦੱਸੀ ਕਿ ਸੱਚੇ ਪਾਤਸ਼ਾਹ! ਜਿਹੜੇ ਏਧਰ ਸਿੰਘ ਖੜ੍ਹੇ ਨੇ, ਇਹ ਡਿਊਟੀ ਛੱਡ ਕੇ ਰਾਸ ਦੇਖਣ ਲਗ ਗਏ, ਇਹ ਗੈਰ-ਹਾਜ਼ਰ ਹੋ ਗਏ ਡਿਊਟੀ ਤੇ ਅਸੀਂ ਹਾਜ਼ਰ ਰਹੇ। ਮਹਾਰਾਜ ਕਹਿੰਦੇ, ਗੈਰਹਾਜ਼ਰ ਹਾਜ਼ਰ, ਹਾਜ਼ਰ ਗੈਰਹਾਜ਼ਰ। ਸਾਰੇ ਹੈਰਾਨ ਹੋ ਗਏ ਕਿ ਇਹ ਮਹਾਰਾਜ ਦਾ ਕੀ ਬਚਨ ਹੈ।

ਸੱਚੇ ਪਾਤਸ਼ਾਹ! ਸਮਝ 'ਚ ਨਹੀਂ ਆਈ ਗੱਲ?

ਕਹਿੰਦੇ, ਪਿਆਰਿਓ! ਕੀ ਦੇਖਿਆ ਸੀ? ਇਨ੍ਹਾਂ ਨੇ ਕੁਛ ਵੀ ਨਹੀਂ ਦੇਖਿਆ, ਇਹ ਤਾਂ ਸਾਡੇ ਆਲੇ-ਦੁਆਲੇ ਹੀ ਘੁੰਮਦੇ ਰਹੇ ਨੇ ਕਿ ਮਹਾਰਾਜ ਆਵਾਜ਼ ਨਾ ਦੇ ਦੇਣ, ਕਿਤੇ ਫਸ ਨਾ ਜਾਈਏ ਅਸੀਂ। ਤੁਸੀਂ ਜਿਹੜੇ ਸਰੀਰ ਕਰਕੇ ਇਥੇ ਖੜ੍ਹੇ ਸੀ, ਮਨ ਕਰਕੇ ਤੁਸੀਂ ਉਥੇ ਰਚਨਾ ਰਚ ਕੇ ਦੇਖ ਰਹੇ ਸੀ ਕਿ ਹੁਣ ਇਸ ਤਰ੍ਹਾਂ ਹੁੰਦਾ ਹੋਣਾ, ਹੁਣ ਆਹ ਹੁੰਦਾ ਹੋਣਾ। ਇਸ ਕਰਕੇ ਹਾਜ਼ਰੀ ਮਨ ਦੀ ਹੋਇਆ ਕਰਦੀ ਹੈ। ਤਨ ਦੀ ਹਾਜ਼ਰੀ ਵੀ ਠੀਕ ਹੈ, ਪਰ ਮਨ ਦੀ ਹਾਜ਼ਰੀ ਬਹੁਤ ਵੱਡੀ ਚੀਜ਼ ਹੈ। ਜੇ ਮਨ ਨਹੀਂ ਸਾਡਾ ਸਾਥ ਦਿੰਦਾ, ਕਿਸੇ ਥਾਂ ਦੇ ਉਤੇ। ਪੂਜਾ-ਪਾਠ ਕਰਦੇ ਹਾਂ, ਨਾਮ ਜਪਦੇ ਹਾਂ। ਮਨ ਸਾਥ ਨਹੀਂ ਦੇ ਰਿਹਾ। ਸਰੀਰ ਭਾਵੇਂ ਚੌਂਕੜਾ ਮਾਰ ਕੇ ਬੈਠਾ ਹੈ, ਉਹ ਥਾਂ ਨਹੀਂ ਪੈਂਦਾ, ਲੇਖੇ 'ਚ ਨਹੀਂ ਪੈਂਦਾ। ਸਰੀਰ ਤਾਂ ਬੈਠਾ ਹੈ, ਮਨ ਵਿਚੋਂ ਨਿਕਲ ਗਿਆ। ਬੜੀ ਵਾਰ ਮਹਾਰਾਜ ਨੇ ਸਮਝਾਇਆ ਹੈ। ਗੁਰੂ ਨਾਨਕ ਪਾਤਸ਼ਾਹ ਨੇ ਦੌਲਤ ਖਾਂ ਨੂੰ ਸਮਝਾਇਆ ਸੀ ਕਿ

ਨਮਾਜ਼ ਮਨ ਦੀ ਹੋਇਆ ਕਰਦੀ ਹੈ। ਐਸਾ ਦਸਦੇ ਨੇ ਕਿ ਇਕ ਵਾਰੀ ਕੋਈ ਨਮਾਜ਼ੀ ਨਮਾਜ਼ ਪੜ੍ਹ ਰਿਹਾ ਸੀ। ਲੈਲਾ ਉਸ ਦੇ ਅੱਗੋਂ ਦੀ ਆਪਣੀ ਧੁਨ ਵਿਚ ਲੰਘੀ ਜਾ ਰਹੀ ਸੀ। ਉਹਦਾ ਖਿਆਲ ਮਜਨੂੰ ਵਲ ਸੀ ਜਿਸ ਵਕਤ ਉਹ ਅੱਗੇ ਦੀ ਲੰਘ ਗਈ ਤਾਂ ਉਸ ਵੇਲੇ ਉਸ ਨੇ ਸਮਝਿਆ ਕਿ ਮੇਰੀ ਜੋ ਨਮਾਜ਼ ਹੈ ਉਹ ਖੰਡਤ ਹੋ ਗਈ, ਕਜ਼ਾ ਹੋ ਗਈ। ਕਿਉਂਕਿ ਔਰਤ ਅੱਗੋਂ ਦੀ ਲੰਘ ਗਈ। ਉਸ ਵੇਲੇ ਉਸ ਨੇ ਬਹੁਤ ਰੌਲਾ ਪਾਇਆ, ਤੇ ਮੁਕੱਦਮਾ ਕਾਜ਼ੀ ਤੱਕ ਪਹੁੰਚ ਗਿਆ। ਬਿਆਨ ਹੋਏ। ਕਾਜ਼ੀ ਸਾਹਿਬ! ਮੈਂ ਇਕ ਬੇਨਤੀ ਕਰਨੀ ਹੈ ਤੁਸੀਂ ਨਿਆਂ ਕਰਨਾ ਹੈ। ਉਹ ਇਹ ਹੈ ਕਿ ਮੈਂ ਇਕ ਮਨੁੱਖ ਨੂੰ ਪਿਆਰ ਕੀਤਾ ਹੈ। ਉਹ ਮਨੁੱਖ ਵਾਹਿਗੁਰੂ ਨੇ ਬਣਾਇਆ ਹੈ, ਵਾਹਿਗੁਰੂ ਉਸ ਤੋਂ ਹਜ਼ਾਰਾਂ ਗੁਣਾਂ ਵੱਡਾ ਹੈ ਤੇ ਮੈਂ ਉਸ ਮਨੁੱਖ ਦੇ ਪਿਆਰ ਵਿਚ ਐਨੀ ਲੀਨ ਹੋ ਗਈ ਕਿ ਮੈਨੂੰ ਇਹ ਪਤਾ ਹੀ ਨਾ ਲੱਗਿਆ ਕਿ ਇਹ ਨਮਾਜ਼ੀ ਕਿੱਥੇ ਨਮਾਜ਼ ਪੜ੍ਹਦਾ ਸੀ। ਇਹ ਉਸ ਮਨੁੱਖ ਤੋਂ ਹਜ਼ਾਰਾਂ ਗੁਣਾਂ ਜੋ ਵੱਡਾ ਪ੍ਰਭੂ ਹੈ, ਪ੍ਰਮੇਸ਼ਰ ਹੈ ਉਹਦੀ ਯਾਦ ਵਿਚ ਜੁੜਿਆ ਬੈਠਾ ਸੀ, ਇਹਨੂੰ ਕਿਵੇਂ ਪਤਾ ਲੱਗ ਗਿਆ ਕਿ ਮੈਂ ਇਸ ਦੇ ਅੱਗੋਂ ਦੀ ਲੰਘੀ ਹਾਂ। ਗੱਲ ਇਕ ਨੁਕਤਾ ਸੀ ਜਿਹੜਾ ਸਮਝਾਉਣਾ ਸੀ, ਜੋ ਵੱਡਾ ਖਾਨ ਸੀ ਉਹਦੇ ਸਮਝ 'ਚ ਆ ਗਿਆ ਕਿ ਮੈਂ ਪੜ੍ਹਦਾ ਨਮਾਜ਼ ਸੀ ਤੇ ਦੇਖ ਇਸ ਵਲ ਰਿਹਾ ਸੀ।

ਉਹ ਕਹਿਣ ਲੱਗੀ, ਕਾਜ਼ੀ ਸਾਹਿਬ! ਇਹਨੇ ਆਪਣੀ ਨਮਾਜ਼ ਆਪ ਖੰਡਤ ਕੀਤੀ ਹੈ ਕਿਉਂਕਿ ਮੇਰੇ ਵਲ ਦੇਖਦਾ ਸੀ। ਇਹਦਾ ਧਿਆਨ ਪ੍ਰਮੇਸ਼ਰ ਵਲ ਤਾਂ ਹੈ ਨਹੀਂ ਸੀ।

ਸੋ ਇਹ ਨੁਕਤਾ ਹੈ ਜਦੋਂ ਅਸੀਂ ਪੂਜਾ-ਪਾਠ, ਬੰਦਗੀ ਕਰਦੇ ਹਾਂ, ਸਾਡਾ ਮਨ ਹਾਜ਼ਰੀ 'ਚ ਚਾਹੀਦਾ ਹੈ। ਮਨ ਹਾਜ਼ਰੀ 'ਚ ਨਾ ਹੋਵੇ, ਗਲਤ ਹੋ ਜਾਇਆ ਕਰਦਾ ਹੈ। ਭਜਨ ਕਰੋ, ਚਾਹੇ ਥੋੜ੍ਹਾ ਕਰੋ, ਪਰ ਮਨ ਦੀ ਹਾਜ਼ਰੀ ਦਾ ਕਰੋ। ਮਨ ਹਾਜ਼ਰ-ਹਜ਼ੂਰ ਰਹੇ, ਮਨ ਛਾਲਾਂ ਨਾ ਮਾਰੇ -

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥***

***ਅੰਗ - 342***

ਸੋ ਇਸ ਕਰਕੇ ਜਦੋਂ ਤੋਂ ਆਪ ਦੇ ਮਨ ਵਿਚ ਇਹ ਫੁਰਨਾ ਆਇਆ, ਅਸੀਂ ਜਾਣਾ ਹੈ, ਸੰਗਰਾਂਦ ਦਾ ਦੀਵਾਨ ਸੁਣਨ ਵਾਸਤੇ ਉਸ ਵੇਲੇ ਤੋਂ ਬਾਅਦ ਚਾਹੇ ਪਸ਼ੂਆਂ ਨੂੰ ਪੱਠੇ ਪਾਏ ਨੇ, ਚਾਹੇ ਬੱਚਿਆਂ ਨੂੰ ਸਕੂਲ ਭੇਜਿਆ ਹੈ, ਚਾਹੇ ਹੋਰ ਕੋਈ ਕੰਮ ਕਰੇ ਨੇ। ਉਹ ਸਮਾਂ ਸਾਰਾ ਹੀ ਬਦਲ ਕੇ ਵਾਹਿਗੁਰੂ ਦੇ ਲੇਖੇ 'ਚ ਪੈ ਗਿਆ। ਜਦੋਂ ਚੱਲ ਕੇ ਆਏ ਹੋ, ਸ਼ਰਧਾ ਦੀ ਝੋਲੀ ਲੈ ਕੇ ਉਸ ਵੇਲੇ ਗੁਰੂ ਤੋਂ ਦਾਤਾਂ ਮਿਲਦੀਆਂ ਨੇ, ਉਹ ਬਖਸ਼ਿਸ਼ਾਂ ਵਾਸਤੇ ਜਿਹਦੇ ਹਿਰਦੇ 'ਚ ਸ਼ਰਧਾ ਹੈ, ਉਹਦੀ ਝੋਲੀ ਭਰੀ ਜਾਂਦੀ ਹੈ। ਖਾਲੀ ਨਹੀਂ ਮੁੜਿਆ ਕਰਦੀ ਗੁਰੂ ਘਰ ਤੋਂ। ਸੋ ਇਸ ਤਰ੍ਹਾਂ ਦੇ ਨਾਲ ਆਪਾਂ ਸਾਰਿਆਂ ਨੇ ਰਲ ਮਿਲ ਕੇ ਜੋ ਸਮਾਂ ਹੈ ਚਿੱਤ ਬਿਰਤੀਆਂ ਨੂੰ ਇਕਾਗਰ ਕਰਨਾ ਹੈ ਤੇ ਬਚਨ ਸਮਝਣ ਦਾ ਯਤਨ ਕਰਨਾ ਹੈ।

ਸੰਸਾਰ ਦੇ ਅੰਦਰ ਹਰ ਰੋਜ਼ ਸਾਨੂੰ ਸੋਚਣਾ ਪੈਂਦਾ ਹੈ ਕਿਉਂਕਿ ਗੁਰੂ ਮਹਾਰਾਜ ਨੇ ਸਾਨੂੰ ਇਹ ਫੁਰਮਾਨ ਕੀਤਾ ਹੈ ਕਿ ਭਾਈ! ਦਿਨ ਭਰ ਦਾ ਕੰਮ ਤੁਹਾਡਾ ਮੁਕ ਜਾਵੇ ਤੇ ਸੂਰਜ ਡੁੱਬ ਰਿਹਾ ਹੋਵੇ, ਦਿਨ ਲੰਘ ਚੁਕਿਆ ਹੋਵੇ ਤੇ ਰਾਤ ਸ਼ੁਰੂ ਹੋਣ ਵਾਲੀ ਹੋਵੇ, ਉਸ ਵੇਲੇ ਮੱਧ ਸਮਾਂ ਹੁੰਦਾ ਹੈ। ਉਸ ਵੇਲੇ ਸੰਧ ਹੁੰਦੀ ਹੈ। ਹਨ੍ਹੇਰਾ ਤੇ ਚਾਨਣਾ ਆਪਸ ਵਿਚ ਮਿਲ ਰਹੇ ਹੁੰਦੇ ਨੇ। ਚਾਨਣੇ ਨੂੰ ਛੁੱਟੀ ਹੋ ਰਹੀ ਹੁੰਦੀ ਹੈ, ਹਨ੍ਹੇਰਾ ਆ ਰਿਹਾ ਹੁੰਦਾ ਹੈ। ਦਿਨ ਲੰਘ ਗਿਆ ਹੁੰਦਾ ਹੈ, ਰਾਤ ਆ ਰਹੀ ਹੁੰਦੀ ਹੈ। ਉਸ ਵੇਲੇ ਅਸੀਂ ਰਹਿਰਾਸ ਸਾਹਿਬ ਦਾ ਪਾਠ ਕਰਦੇ ਹਾਂ। ਉਹਦੇ 'ਚ ਹਰ ਰੋਜ਼ ਜਿਹੜਾ ਧਿਆਨ ਵਾਲਾ ਬੰਦਾ ਹੈ, ਉਹਨੂੰ ਹੌਲ ਪੈ ਜਾਂਦਾ ਹੈ, ਜਦੋਂ ਇਹ ਪੜ੍ਹਦਾ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥* *ਅੰਗ – 12*

ਸੱਚ ਦੀ ਆਵਾਜ਼ ਉਹਦੇ ਹਿਰਦੇ 'ਚ ਗੂੰਜਦੀ ਹੈ। ਵਾਹਿਗੁਰੂ ਦਾ ਬਖਸ਼ਿਆ ਹੋਇਆ ਸ਼ਬਦ ਹਿਰਦੇ 'ਚ ਗੂੰਜ ਕੇ ਉਹਨੂੰ ਜਗਾਉਂਦਾ ਹੈ ਕਿ ਓ ਪ੍ਰੇਮੀਆਂ! ਦਿਨ ਤਾਂ ਲੰਘ ਗਿਆ ਤੇਰਾ। ਹੁਣ ਰਾਤ ਆਉਣ ਵਾਲੀ ਹੈ ਤੇ ਅੰਮ੍ਰਿਤ ਵੇਲਾ ਨੇੜੇ ਹੀ ਹੈ। ਤੇਰੇ ਕੋਲ ਵੱਡਾ ਜ਼ਰੂਰੀ ਕੰਮ ਇਹ ਹੈ ਕਿ ਤੂੰ ਬੜੀਆਂ ਜੂਨਾਂ 'ਚੋਂ ਲੰਘ ਕੇ ਆਇਆ ਹੈਂ ਤੇ ਹੁਣ ਤੂੰ ਪ੍ਰਭੂ ਨੂੰ ਮਿਲਣਾ ਹੈ ਇਸੇ ਜਨਮ ਦੇ ਅੰਦਰ। ਹੁਣ ਤੂੰ ਗਫਲਤ ਨਾ ਕਰੀਂ, 'ਗਫਲਤ ਕਰੋਗੇ ਤੋ ਖਾਵੋਗੇ ਮਾਰ।' ਜੇ ਗਫਲਤ ਕਰੋਗੇ ਤਾਂ ਮਾਰ ਪਏਗੀ। ਕਿਉਂਕਿ ਐਨਾ ਵੱਡਾ ਜਿਹੜਾ ਜਨਮ ਹੈ। ਇਹ ਸਾਰਾ ਹੀ ਬਿਰਥਾ ਚਲਿਆ ਜਾਏਗਾ –

*ਯਾ ਜੁਗ ਮਹਿ ਏਕਹਿ ਕਉ ਆਇਆ ॥* *ਅੰਗ – 251*

ਆਇਆ ਤਾਂ ਸੀ ਪ੍ਰਮੇਸ਼ਰ ਨੂੰ ਮਿਲਣ ਵਾਸਤੇ, ਕਿਉਂਕਿ ਐਸਾ ਅਨੁਭਵੀ ਮਹਾਂਪੁਰਸ਼ਾਂ ਦਾ, ਜਿਹੜੇ ਅੰਦਰਲੀਆਂ ਗੱਲਾਂ ਜਾਣਦੇ ਨੇ। ਉਹ ਕਹਿੰਦੇ ਇਹ ਜਿਸ ਵਕਤ ਮਾਤਾ ਦੇ ਪੇਟ ਵਿਚ ਹੁੰਦਾ ਹੈ, ਉਸ ਵੇਲੇ ਇਸਦੀ ਸੁਰਤ ਜਿਹੜੀ ਹੁੰਦੀ ਹੈ ਉਹ ਸਬਦ ਦੀ ਧੁਨ ਨਾਲ ਲੱਗੀ ਹੁੰਦੀ ਹੈ। ਕਿਸੇ ਦੀ ਵੀ ਸੁਰਤ ਸ਼ਬਦ ਦੇ ਨਾਲ ਲੀਨ ਹੋ ਜਾਵੇ, ਉਹਨੂੰ ਪਿਛਲਾ ਸਮਾਂ ਨਜ਼ਰ ਆਉਣ ਲਗ ਜਾਂਦਾ ਹੈ। ਜਿੰਨੀ ਸੁਰਤ ਇਕਾਗਰਤਾ 'ਚ ਜਾਏਗੀ, ਓਨੀਂ ਦੂਰ ਤਕ ਦ੍ਰਿਸ਼ਟੀ ਖੁਲ੍ਹ ਜਾਏਗੀ। ਇਹ ਜੀਵ ਸੌ ਜਨਮ ਦੇਖਦਾ ਹੈ ਮਾਇਆ ਦੇ ਪੇਟ 'ਚ। ਸੁਪਨਿਆਂ ਵਾਂਗਣ ਲੰਘਦਾ ਹੈ ਇਹਦਾ ਜਨਮ। ਇਕ ਘੂਕ ਨੀਂਦ ਵਿਚ ਹੁੰਦਾ ਹੈ, ਨਾਮ ਦੀ ਧੁਨ ਵਿਚ ਮਸਤ ਹੁੰਦਾ ਹੈ ਲੇਕਿਨ ਜਨਮ ਦਿਸਦੇ ਹੁੰਦੇ ਨੇ। ਇਕੱਲਾ-ਇਕੱਲਾ ਦੇਖਦਾ ਹੈ ਕਿ ਆਹ ਮੇਰੇ ਪੁੱਤਰ ਸੀ, ਆਹ ਮੇਰੀਆਂ ਧੀਆਂ ਸੀ, ਆਹ ਮੇਰੀ ਘਰਵਾਲੀ

ਸੀ, ਆਹ ਮੇਰੀ ਮਾਂ ਸੀ, ਆਹ ਪਿਤਾ ਸੀ। ਆਹ ਮੈਂ ਰਾਜ ਗੱਦੀ ਦੇ ਉਤੇ ਬੈਠਾ ਸੀ ਤੇ ਮੈਂ ਪ੍ਰਮੇਸ਼ਰ ਦਾ ਭਜਨ ਨਾ ਕਰਿਆ ਤੇ ਦਰਗਾਹ ਵਿਚ ਜਾ ਕੇ ਮੈਨੂੰ ਇਹ ਸਜ਼ਾ ਮਿਲੀ ਤੇ ਮੈਨੂੰ ਫੇਰ ਦੂਸਰਾ ਜਨਮ ਮਿਲਿਆ। ਉਹਦੇ ਬਾਰੇ ਦੇਖਦਾ ਹੈ, ਤੀਸਰੇ ਬਾਰੇ ਦੇਖਦਾ ਹੈ, ਸੌ ਜਨਮ ਦਾ ਗਿਆਨ ਉਸ ਨੂੰ ਮਹਾਂਪੁਰਸ਼ ਦਸਦੇ ਨੇ ਕਿ ਮਾਤਾ ਦੇ ਪੇਟ ਵਿਚ ਹੋਇਆ ਕਰਦਾ ਹੈ। ਉਸ ਵੇਲੇ ਇਕ ਨਿਰਣੇ 'ਤੇ ਪਹੁੰਚਦਾ ਹੈ ਕਿ ਮੈਂ ਇਹ ਗੇੜੇ ਕਿਉਂ ਖਾ ਰਿਹਾ ਹਾਂ। ਮੈਨੂੰ ਇਹ ਚੱਕਰ ਕਿਉਂ ਲੱਗ ਰਹੇ ਨੇ ਤਾਂ ਪਤਾ ਲਗਦਾ ਹੈ ਕਿ ਮੈਂ ਜਦੋਂ ਵੀ ਸੰਸਾਰ 'ਚ ਗਿਆ ਹਾਂ ਉਸ ਵੇਲੇ ਪ੍ਰਮੇਸ਼ਰ ਨੂੰ ਭੁੱਲਿਆ ਹਾਂ, ਜੇ ਇਸ ਵੇਲੇ ਮੇਰੇ ਪ੍ਰਮੇਸ਼ਰ ਯਾਦ ਰਹਿ ਜਾਵੇ ਤਾਂ ਮੈਨੂੰ ਹੁਣ ਜਿਹੜਾ ਜਨਮ ਮਿਲਣਾ ਹੈ ਤੇ ਜੇ ਹੁਣ ਮੈਨੂੰ ਪ੍ਰਮੇਸ਼ਰ ਯਾਦ ਰਹਿ ਜਾਵੇ ਤਾਂ ਹੁਣ ਮੈਂ ਆਪਣਾ ਕੰਮ ਕਰ ਲਵਾਂਗਾ, ਪ੍ਰਭੂ ਨੂੰ ਮਿਲ ਲਵਾਂਗਾ। ਆਹ ਛੋਟੀ ਜਿਹੀ ਗੱਲ ਹੈ ਜਿਹਦੇ ਉਤੇ ਅਸੀਂ ਗੁਰਦਵਾਰਿਆਂ 'ਚ ਆਉਂਦੇ ਹਾਂ, ਨਿਤਨੇਮ ਕਰਦੇ ਹਾਂ। ਅੰਮ੍ਰਿਤ ਛਕਦੇ ਹਾਂ ਹੋਰ ਕਿੰਨਾ ਕੁਛ ਕਰਦੇ ਹਾਂ, ਆਹੀ ਗੱਲ ਹੈ ਸਾਮ੍ਹਣੇ, ਸਿਆਣੇ ਕਹਿ ਦਿੰਦੇ ਨੇ - 'ਸੌ ਹੱਥ ਲੱਜ ਸਿਰੇ 'ਤੇ ਗੰਢ'। ਅਸਲੀ ਗੱਲ ਇਹ ਹੈ ਕਿ ਅਸੀਂ ਯਤਨ ਬੇਅੰਤ ਕਰਦੇ ਹਾਂ, ਕਰਦੇ ਤਾਂ ਹਾਂ ਕਿ ਅਸੀਂ ਇਸ ਜਨਮ ਦੇ ਅੰਦਰ ਪ੍ਰਭੂ ਨੂੰ ਮਿਲ ਕੇ ਆਪਣਾ ਜੰਮਣ ਮਰਨ ਦਾ ਚੱਕਰ ਕੱਟ ਦੇਈਏ ਕਿਉਂਕਿ ਜਨਮ ਮਰਨ ਵਿਚ ਬਹੁਤਾ ਦੁਖ ਹੈ। ਉਸ ਵੇਲੇ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਆਹ ਜਿਹੜੀ ਮੇਰੀ ਹਾਲਤ ਹੋਈ-ਹੋਈ ਹੈ ਕਿ ਮੈਂ ਸਿਰ ਪਰਨੇ ਲਟਕ ਰਿਹਾ ਹਾਂ। ਪੈਰ ਉਪਰ ਨੂੰ ਤੇ ਸਿਰ ਹੇਠਾਂ ਨੂੰ ਹੈ।

***ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ ॥***

***ਅੰਗ- 706***

ਕੁਛ ਮੈਨੂੰ ਦਿਸਦਾ ਨਹੀਂ ਹੈ, ਕੁਛ ਮੈਨੂੰ ਸੁਣਦਾ ਨਹੀਂ ਹੈ, ਬੜੇ ਹੀ ਮਾੜੇ ਥਾਂ ਦੇ ਵਿਚ ਮੈਂ ਵਸ ਰਿਹਾ ਹਾਂ ਤੇ ਕੁੰਭੀ ਨਰਕ ਦਾ ਦੁੱਖ ਮੈਂ ਭੋਗ ਰਿਹਾ ਹਾਂ ਤੇ ਹੁਣ ਜੇ ਮੈਨੂੰ ਤੂੰ ਇਸ ਨਰਕ 'ਚੋਂ ਕੱਢ ਦੇਵੇਂ ਪ੍ਰਭੂ ਤਾਂ ਮੈਨੂੰ ਇਸ ਗੱਲ ਦਾ ਪੱਕਾ ਗਿਆਨ ਹੋ ਗਿਆ ਹੈ ਤੇ ਮੈਂ ਹੁਣ ਕਿਸੇ ਚੀਜ਼ ਵਿਚ ਨਹੀਂ ਫਸਦਾ, ਮੈਂ ਹੁਣ ਤੇਰਾ ਨਾਮ ਹੀ ਜਪਾਂਗਾ। ਬਾਰ-ਬਾਰ ਬੇਨਤੀਆਂ ਕਰਦਾ ਹੈ। ਆਵਾਜ਼ ਆਉਂਦੀ ਹੈ ਕਿ ਐ ਜੀਵ! ਤੇਰੇ ਵਾਇਦੇ ਸਭ ਝੂਠੇ, ਤੇਰੇ ਕੌਲ-ਕਰਾਰ ਝੂਠੇ। ਨਹੀਂ ਪ੍ਰਭੂ! ਮੈਂ ਦਿਨ ਰਾਤ ਨਾਮ ਜਪਾਂਗਾ। ਕਹਿਣ ਲੱਗੇ, ਐ ਜੀਵ! ਜੇ ਤੂੰ ਮੇਰਾ ਨਾਮ ਦਿਨ ਰਾਤ ਜਪੇਂਗਾ, ਤਾਂ ਫੇਰ ਪਿਆਰਿਆ ਇੱਕ ਗੱਲ ਸਮਝ ਲੈ ਤੇਰੇ ਸਾਰੇ ਕੰਮ ਮੈਂ ਕਰਿਆ ਕਰਾਂਗਾ -

***ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ***
***ਜਿਨ ਹਰਿ ਕਾ ਨਾਮੁ ਪਿਆਰਾ ॥*** ***ਅੰਗ - 638***

ਜਿਹਨੂੰ ਨਾਮ ਨਾਲ ਪਿਆਰ ਹੋ ਗਿਆ ਵਾਹਿਗੁਰੂ ਉਹਦੇ ਸਾਰੇ ਕੰਮ ਆਪੇ ਹੀ ਕਰਦਾ ਹੈ -

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***

*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥*
*ਸੇਵਕ ਕਉ ਨਿਕਟੀ ਹੋਇ ਦਿਖਾਵੈ ॥*
*ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥*

*ਅੰਗ - 403*

ਦੇਰ ਨਹੀਂ ਹੁੰਦੀ, ਉਸੇ ਵੇਲੇ ਹੋ ਜਾਂਦਾ ਹੈ। ਜੇ ਬੇਣੀ ਨੇ ਪ੍ਰਮੇਸ਼ਰ ਅਰਾਧਨਾ ਕਰਿਆ। ਹੋਇਆ ਕੀ? ਘਰਵਾਲੀ ਲੜਦੀ ਹੈ, ਗਾਲ੍ਹਾਂ ਕੱਢਦੀ ਹੈ ਕਿ ਤੂੰ ਕਿੱਥੇ ਚਲਿਆ ਜਾਂਦਾ ਹੈ, ਕਿਹੜਾ ਤੇਰਾ ਰਾਜਾ ਹੈ। ਉਹ ਕਹਿੰਦਾ, ਸਾਰੇ ਰਾਜਿਆਂ ਤੋਂ ਵੱਡਾ ਰਾਜਾ ਹੈ ਮੇਰਾ, ਜਿਹਦੀ ਹਾਜ਼ਰੀ 'ਚ ਜਾ ਕੇ ਮੈਂ ਹਰੀ ਜਸ ਕਰਦਾ ਹਾਂ। ਕਹਿੰਦੀ, ਬੜਾ ਕਠੋਰ ਹੈ ਉਹ ਤਾਂ, ਉਹਨੂੰ ਪਤਾ ਨਹੀਂ ਕਿ ਸਾਨੂੰ ਖਾਣ ਪੀਣ ਨੂੰ ਕੁਛ ਚਾਹੀਦਾ ਹੈ, ਪਹਿਨਣ ਨੂੰ ਵੀ ਚਾਹੀਦਾ ਹੈ, ਬੱਚਿਆਂ ਨੂੰ ਵੀ ਲੋੜਾਂ ਨੇ। ਕਿਹੋ ਜਿਹਾ ਉਹ ਰਾਜਾ ਹੈ? ਲੇਕਿਨ ਰਾਜਿਆਂ ਦੇ ਰਾਜੇ ਨੇ ਦੇਖ ਲਿਆ ਕਿ ਭਗਤ ਦਾ ਮਨ ਦੁਖਦਾ ਹੈ ਇਸ ਗੱਲ ਦੇ ਉਤੇ, ਉਸੇ ਵੇਲੇ ਗੱਡੇ ਭਰ ਕੇ ਐਨਾ ਸਮਾਨ ਦੇ ਆਇਆ, ਬੇਅੰਤ ਲਿਖਿਆ ਹੈ। ਬੇਅੰਤ ਖਰਚ ਪਹੁੰਚਾ ਦਿਤਾ ਜਿਹੜਾ ਸਾਰੀ ਜ਼ਿੰਦਗੀ ਨਹੀਂ ਸੀ ਮੁੱਕਣਾ। ਕਿਉਂ ਕਰਿਆ? ਕਿਉਂਕਿ ਨਾਮ ਪਿਆਰਾ ਲਗਦਾ ਸੀ ਉਹਨੂੰ। ਨਾਮਦੇਵ ਜੀ ਨੂੰ ਜੇ ਨਾਮ ਪਿਆਰਾ ਲਗਦਾ ਸੀ ਤਾਂ ਪ੍ਰਮੇਸ਼ਰ ਬੇਢੀ ਦਾ ਰੂਪ ਧਾਰ ਕੇ ਆ ਗਿਆ। ਕਰੋੜਾਂ ਬ੍ਰਹਿਮੰਡਾਂ ਨੂੰ ਜਿਹੜਾ ਪ੍ਰਮੇਸ਼ਰ ਇਕ ਫੁਰਨੇ ਨਾਲ ਸਾਜ ਦਿੰਦਾ ਹੈ, ਉਹ ਕੌਤਕ ਕੀ ਕਰਦਾ ਹੈ, ਮਨੁੱਖ ਬਣ ਕੇ ਆ ਗਿਆ। ਸਰਕੜਿਆਂ ਦੇ ਗੱਡੇ, ਸਮਾਨ ਦੇ ਗੱਡੇ ਭਰੇ ਹੋਏ, ਆਪ ਆ ਕੇ ਆਪਣੇ ਹੱਥਾਂ ਦੇ ਨਾਲ ਸਰਕੜਾ ਚਿਣ-ਚਿਣ ਕੇ ਛੱਪਰੀ ਬਣਾ ਰਿਹਾ ਹੈ। ਉਹ ਕਹਿੰਦਾ, ਪਿਆਰਿਆ! ਜੇ ਤੇਰਾ ਇਹ ਹਾਲ ਹੋਏਗਾ, ਜਿਵੇਂ ਤੂੰ ਮੇਰੇ ਨਾਲ ਕੌਲ-ਕਰਾਰ ਕਰਦਾ ਹੈਂ, ਤਾਂ ਫੇਰ ਤੇਰੇ ਕੰਮ ਮੈਂ ਕਰਾਂਗਾ-

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*

*ਅੰਗ - 1382*

ਫੇਰ ਸਾਰਾ ਸੰਸਾਰ ਤੇਰੇ ਅਧੀਨ ਹੋਏਗਾ ਪਰ ਤੈਨੂੰ ਪਤਾ ਹੈ ਕਿ ਬਾਹਰ ਮਾਇਆ ਹੈ। ਮਾਇਆ ਇਕ ਖੇਲ੍ਹ ਵਾਸਤੇ ਮੈਂ ਰਚੀ ਹੈ। ਇਹ ਜੀਵ ਮੈਨੂੰ ਤਾਂ ਭੁੱਲ ਜਾਂਦਾ ਹੈ, ਮਾਇਆ 'ਚ ਫਸ ਜਾਂਦਾ ਹੈ।

*ਯਾ ਜੁਗ ਮਹਿ ਏਕਹਿ ਕਉ ਆਇਆ ॥*
*ਜਨਮਤ ਮੋਹਿਓ ਮੋਹਨੀ ਮਾਇਆ ॥*
*ਗਰਭ ਕੁੰਟ ਮਹਿ ਉਰਧ ਤਪ ਕਰਤੇ ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*
*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* *ਅੰਗ - 251*

*ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥*

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***
***ਅੰਗ - 921***

ਮਾਇਆ ਕੰਮ ਕੀ ਕਰਦੀ ਹੈ ਕਹਿੰਦੇ-

***ਏਹ ਮਾਇਆ ਜਿਤੁ ਹਰਿ ਵਿਸਰੈ***
***ਮੋਹੁ ਉਪਜੈ ਭਾਉ ਦੂਜਾ ਲਾਇਆ ॥ ਅੰਗ - 921***

ਮਾਇਆ ਦਾ ਕੰਮ ਹੈ ਰੱਬ ਨੂੰ ਭੁਲਾਉਣਾ ਤੇ ਮੋਹ ਪੈਦਾ ਕਰ ਦੇਣਾ, ਨਾਲ ਦੀਆਂ ਨਾਸ਼ਵਾਨ ਚੀਜ਼ਾਂ ਦੇ ਨਾਲ। ਪ੍ਰਮੇਸ਼ਰ ਭੁੱਲ ਗਿਆ, ਮੋਹ ਪੈਦਾ ਹੋ ਗਿਆ ਤੇ ਪ੍ਰਮੇਸ਼ਰ ਦਾ ਜਿਹੜਾ ਭਉ ਸੀ ਪਿਆਰ ਸੀ ਉਹ ਹਟ ਗਿਆ ਤੇ ਜਿਹੜੀਆਂ ਨਾਸ਼ਵੰਤ ਚੀਜ਼ਾਂ, ਕਰਮਾਂ ਦੇ ਬੰਨ੍ਹੇ ਹੋਏ ਰਿਸ਼ਤੇਦਾਰ ਪੁੱਤਰ, ਧੀਆਂ ਆਏ ਸੀ ਉਹਦੇ ਵਿਚ ਮੋਹ ਲਾ ਲਿਆ ਤੇ ਜਨਮ ਬਿਰਥਾ ਚਲਾ ਗਿਆ ਉਸ ਦਾ। ਕਹਿੰਦੇ, ਬਾਹਰ ਮਾਇਆ ਹੈ, ਉਸ ਮਾਇਆ ਨਾਲ ਐ ਜੀਵ! ਤੇਰਾ ਵਾਹ ਪੈਣਾ ਹੈ। ਕਹਿੰਦੇ, ਮੈਨੂੰ ਹੁਣ ਦੇਖੋ ਮਹਾਰਾਜ ਪੂਰੀ ਸੁਰਤ ਹੈ। ਮੈਂ ਸਵਾਸ-ਸਵਾਸ ਤੇਰਾ ਨਾਮ ਜਪਾਂਗਾ। ਇਸ ਤਰ੍ਹਾਂ ਦਾ ਵਾਇਦਾ ਕਰਦਾ ਹੈ, ਕੌਲ-ਕਰਾਰ ਕਰਦਾ ਹੈ -

***ਧਾਰਨਾ - ਜੀ ਮੈਂ ਨਾਮ ਜਪਾਂਗਾ ਤੇਰਾ, ਏਥੋਂ ਮੈਨੂੰ ਕੱਢ ਮਾਲਕਾ।***

ਹੇ ਪ੍ਰਭੂ! ਐਸੇ ਥਾਂ ਤੋਂ ਮੈਨੂੰ ਬਚਾ ਤੇ ਮੈਂ ਤੇਰਾ ਨਾਮ ਜਪਾਂਗਾ। ਕਹਿਣ ਲੱਗੇ, ਐ ਜੀਵ! ਤੇਰੇ ਕੌਲ ਤੇ ਕਰਾਰ ਕੀਤੇ ਹੋਏ ਸਾਰੇ ਝੂਠੇ ਹੁੰਦੇ ਨੇ। ਇਕ ਵਾਰੀ ਕੀ ਮੈਂ ਤੈਨੂੰ ਮਨੁੱਖ ਬਣਾਇਆ ਹੈ? ਬੜੀ ਵਾਰੀ ਤੇਰੀ ਵਾਰੀ ਆਈ ਹੈ, ਹਰ ਵਾਰੀ ਤੂੰ ਕਰਦਾ ਕੀ ਰਿਹਾ ਹੈਂ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - 268***

ਬੜੀ ਵਾਰੀ ਤੂੰ ਸੰਸਾਰ 'ਚ ਮਨੁੱਖ ਬਣ ਕੇ ਗਿਆ ਹੈਂ ਤੇ ਹਰ ਵਾਰੀ ਉਲਟੇ ਚੱਕਰ 'ਚ, ਵੈਰ ਵਿਰੋਧ ਵਗੈਰਾ 'ਚ ਪੈ ਕੇ ਤੇ ਮਾਇਆ ਦੇ ਨਾਲ ਪ੍ਰੀਤ ਪਾ ਲੈਂਦਾ ਹੈਂ ਤੇ -

***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥ ਅੰਗ- 251***

ਜਿਹੜਾ ਦਿੰਦਾ ਹੈ ਉਹਨੂੰ ਤਾਂ ਮਨੋਂ ਭੁੱਲ ਜਾਂਦਾ ਹੈ। ਜਿਹੜੀਆਂ ਚੀਜ਼ਾਂ ਛੱਡਣੀਆਂ ਸੀ ਉਹਦੇ ਨਾਲ ਉਲਝ ਗਿਆ। ਕਹਿਣ ਲੱਗੇ, ਕੋਈ ਆਪਣਾ ਹਾਮੀ ਲਿਆ, ਜਿਹੜਾ ਤੇਰੀ ਹਾਮੀ ਭਰ ਦੇਵੇ। ਕੋਈ ਜ਼ਮਾਨਤ ਦੇ ਦੇਵੇ ਤੇਰੀ। ਕਹਿਣ ਲੱਗੇ, ਇਥੇ ਤਾਂ ਕੋਈ ਹੈ ਨਹੀਂ ਮਹਾਰਾਜ? ਕਹਿੰਦੇ, ਪੰਜ ਤੱਤਾਂ ਦੇ ਅਭਿਮਾਨੀ ਦੇਵਤਾ ਤੇਰੇ ਨਾਲ ਨੇ। ਆਵਾਜ਼ ਦੇ ਲੈ ਉਨ੍ਹਾਂ ਨੂੰ। ਅਕਾਸ਼ ਦੇਵਤਾ ਨੂੰ ਕਿਹਾ, ਉਹ ਕਹਿੰਦੇ ਮੇਰਾ ਤਾਂ ਵਜੂਦ ਕੋਈ ਨਹੀਂ ਤੇ ਮੈਂ ਤਾਂ ਤੇਰੀ ਹਾਮੀ ਨਹੀਂ ਭਰਦਾ। ਗੁਨਹਗਾਰ ਨਹੀਂ ਬਣਦਾ। ਅਗਨ ਨੂੰ ਕਿਹਾ, ਉਹਨੇ ਕਿਹਾ ਕਿ ਮੇਰਾ ਤੇਰਾ ਕੀ ਸਬੰਧ ਹੈ? ਤੂੰ ਮੇਰੇ ਨੇੜੇ ਆ ਜਾਵੇਂ ਜਲ ਜਾਏਂਗਾ। ਮੈਨੂੰ ਤਾਂ ਬੁਝਾਵੇਂਗਾ ਹੀ ਤੂੰ? ਹਵਾ ਨੂੰ

ਕਿਹਾ, ਹਵਾ ਨੇ ਵੀ ਜਵਾਬ ਦੇ ਦਿਤਾ। ਮਿੱਟੀ ਨੂੰ ਕਿਹਾ, ਕਹਿੰਦਾ, ਮੈਂ ਜੇ ਉਡ ਕੇ ਥੋੜ੍ਹਾ ਜਿਹਾ ਵੀ ਤੇਰੇ ਕੱਪੜਿਆ 'ਤੇ ਪੈ ਜਾਵੇ ਮਿੱਟੀ, ਤਾਂ ਫੇਰ ਤੂੰ ਝਾੜਦਾ ਫਿਰਦਾ ਹੈਂ। ਤੂੰ ਤਾਂ ਮੈਨੂੰ ਗਿਣਦਾ ਹੀ ਬਹੁਤ ਬੁਰੀ ਹੈਂ। ਇਸ ਕਰਕੇ ਅਸੀਂ ਨਹੀਂ ਦੇ ਸਕਦੇ, ਪਾਣੀ ਰਹਿ ਗਿਆ। ਉਸ ਵੇਲੇ ਪਾਣੀ ਨੇ ਕਿਹਾ ਕਿ ਤੇਰੀ ਜ਼ਮਾਨਤ ਤਾਂ ਨਹੀਂ ਦਿਤੀ ਜਾ ਸਕਦੀ ਪਰ ਤੂੰ ਹੁਣ ਮਜ਼ਬੂਰ ਹੈਂ ਕੀ ਕੀਤਾ ਜਾਵੇ? ਮੈਂ ਦ੍ਰਵਿਆ ਹੋਇਆ ਹਾਂ, ਜਿਵੇਂ ਸਾਡਾ ਦਿਲ ਦ੍ਰਵ ਜਾਂਦਾ ਹੈ, ਨਰਮ ਹੋ ਜਾਂਦਾ ਹੈ, ਕਹਿੰਦਾ, ਕੁਦਰਤ ਨੇ ਮੈਨੂੰ ਦ੍ਰਵ ਬਣਾਇਆ ਹੈ, ਵਹਿਣ ਵਾਲੀ ਚੀਜ਼ ਬਣਾਇਆ ਹੈ ਤੇ ਮੈਂ ਸਖਤ ਨਹੀਂ ਹਾਂ ਪਰ ਮੈਨੂੰ ਡਰ ਵੀ ਲਗਦਾ ਹੈ, ਕਿਉਂਕਿ ਤੇਰੇ ਕੌਲ ਜਿਹੜੇ ਨੇ, ਕਰਾਰ ਨੇ ਤੂੰ ਇਸ 'ਤੇ ਪੂਰਾ ਨਹੀਂ ਰਹਿੰਦਾ। ਮੈਂ ਸ਼ਰਤ ਰੱਖ ਕੇ ਹਾਮੀ ਭਰਦਾ ਹਾਂ। ਪ੍ਰਮੇਸ਼ਰ ਨੇ ਕਿਹਾ ਕਿ ਕਿਸ ਤਰ੍ਹਾਂ? ਇਹਨੇ ਕਿਹਾ ਕਿ ਇਹ ਜਿਸ ਵਕਤ ਇਸ਼ਨਾਨ ਕਰਨ ਵਾਸਤੇ ਇੱਕ ਮੱਗ ਆਪਣੇ ਸਰੀਰ 'ਤੇ ਪਾਵੇਗਾ ਉਸ ਵੇਲੇ ਤਾਂ ਇਹਦੇ ਮੂੰਹ ਤੋਂ ਕਢਾ ਦੇਵਾਂਗਾ, ਅੱਲਾ, ਰਾਮ, ਵਾਹਿਗੁਰੂ; ਫੇਰ ਇਹ ਜਾਣੇ ਇਹਦਾ ਕੰਮ ਜਾਣੇ। ਕਹਿੰਦੇ, ਕਿਉਂ ਬਈ? ਕਹਿੰਦਾ, ਤੁਸੀਂ ਵਿਸ਼ਵਾਸ਼ ਰੱਖੋ, ਮੇਰੇ ਉਤੇ ਤੇ ਹੁਣ ਨਹੀਂ ਮੈਂ ਇਹ ਗੱਲ ਕਰਦਾ। ਤੇ ਮਹਾਰਾਜ ਕਹਿੰਦੇ, ਹੋਇਆ ਕੀ?–

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***

***ਅੰਗ– 921***

ਜਦੋਂ ਭਾਇਆ ਵਾਹਿਗੁਰੂ ਨੂੰ, ਇਹਦਾ ਜਨਮ ਹੋ ਗਿਆ–

***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥***

***ਅੰਗ – 921***

ਪਰਿਵਾਰ ਵਿਚ ਖੁਸ਼ੀਆਂ ਹੋ ਗਈਆਂ। ਮਠਿਆਈਆਂ ਵੰਡਦੇ ਫਿਰਦੇ ਨੇ ਕਿ ਲੜਕਾ ਆ ਗਿਆ, ਰਿਸ਼ਤੇਦਾਰ ਵੀ ਆ ਗਏ, ਸਾਰੇ ਆ ਗਏ। ਉਨ੍ਹਾਂ ਨੇ ਪ੍ਰਮੇਸ਼ਰ ਨੂੰ ਨਹੀਂ ਯਾਦ ਕਰਿਆ, ਉਹਦੀ ਥਾਂ 'ਤੇ ਸ਼ਰਾਬਾਂ ਕਬਾਬਾਂ, ਖਾਣਾ ਪੀਣਾ ਸ਼ੁਰੂ ਕਰ ਦਿਤਾ, ਬਕਰਿਆਂ ਦੀਆਂ ਸ਼ਾਮਤਾਂ ਆ ਗਈਆਂ, ਮੁਰਗਿਆਂ ਦੀ ਗਰਦਨਾਂ ਮਰੋੜਨ ਲਗ ਗਏ। ਉਲਟੇ ਪਾਸੇ ਪੈ ਗਿਆ ਸੰਸਾਰ। ਸੋ ਮਹਾਰਾਜ ਕਹਿੰਦੇ, ਹੋਇਆ ਕੀ? ਜਿਸ ਵਕਤ ਪਹਿਲੀ ਹਵਾ ਲੱਗੀ ਇਸ ਨੂੰ ਸੰਸਾਰ ਦੀ। ਉਸੇ ਵੇਲੇ ਪ੍ਰਮੇਸ਼ਰ ਭੁੱਲ ਗਿਆ। ਫੇਰ ਨਹੀਂ ਇਹਨੇ ਸਾਰੀ ਜ਼ਿੰਦਗੀ ਯਾਦ ਕਰਿਆ। ਮੁੜ ਨਹੀਂ ਸੋਚਿਆ ਕਿਉਂਕਿ ਪਹਿਲੇ ਹੱਲੇ ਹੀ ਜਦੋਂ ਸੰਸਾਰ 'ਚ ਆਇਆ ਹੀ ਸੀ ਉਸ ਵੇਲੇ ਤੋਂ ਹੀ ਪ੍ਰਮੇਸ਼ਰ ਨੂੰ ਛੱਡ ਕੇ, ਇਹਦਾ ਜਿਹੜਾ ਨੇਹੁੰ ਸੀ, ਉਹ ਮਾਇਆ ਦੇ ਨਾਲ ਲੱਗ ਗਿਆ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਨੇਹੁੰ ਲਾ ਲਿਆ ਮਾਇਆ ਦੇ ਨਾਲ ਗਾਫਲਾ,***
***ਕੌਲ ਕਰਾਰ ਤੋੜ ਕੇ।***

***ਪਹਿਲੈ ਪਿਆਰਿ ਲਗਾ ਥਣ ਦੁਧਿ ॥***
***ਦੂਜੈ ਮਾਇ ਬਾਪ ਕੀ ਸੁਧਿ ॥***
***ਤੀਜੈ ਭਯਾ ਭਾਭੀ ਬੇਬ ॥***

*ਚਉਥੈ ਪਿਆਰਿ ਉਪੰਨੀ ਖੇਡ ॥*
*ਪੰਜਵੈ ਖਾਣ ਪੀਅਣ ਕੀ ਧਾਤੁ ॥*
*ਛਿਵੈ ਕਾਮੁ ਨ ਪੁਛੈ ਜਾਤਿ ॥*
*ਸਤਵੈ ਸੰਜਿ ਕੀਆ ਘਰ ਵਾਸੁ ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ ॥*
*ਨਾਵੈ ਧਉਲੇ ਉਭੇ ਸਾਹ ॥*
*ਦਸਵੈ ਦਧਾ ਹੋਆ ਸੁਆਹ ॥*
*ਗਏ ਸਿਗੀਤ ਪੁਕਾਰੀ ਧਾਹ ॥*
*ਉਡਿਆ ਹੰਸੁ ਦਸਾਏ ਰਾਹ ॥*
*ਆਇਆ ਗਇਆ ਮੁਇਆ ਨਾਉ ॥*
*ਪਿਛੈ ਪਤਲਿ ਸਦਿਹੁ ਕਾਵ ॥*
*ਨਾਨਕ ਮਨਮੁਖਿ ਅੰਧੁ ਪਿਆਰੁ ॥*
*ਬਾਝੁ ਗੁਰੂ ਡੁਬਾ ਸੰਸਾਰੁ ॥* *ਅੰਗ - 138*

ਕਹਿੰਦੇ, ਤੋੜ ਦਿਤੇ ਸਾਰੇ ਕਰਾਰ। 'ਨੈਂ ਲੰਘੀ ਖੁਆਜਾ ਵਿਸਰਿਆ।' ਕਿਉਂਕਿ ਆਦਮੀ ਦਾ ਸੁਭਾਅ ਬਣਿਆ ਹੋਇਆ ਹੈ ਇਹ। ਮਹਾਂਪੁਰਸ਼ ਦੱਸਿਆ ਕਰਦੇ ਸੀ ਕਿ ਇਕ ਵਾਰੀ ਇੱਕ ਬੰਦਾ ਖਜੂਰ 'ਤੇ ਚੜ੍ਹ ਗਿਆ, ਚੜ੍ਹਦਾ ਗਿਆ ਜਦੋਂ ਸਿਖਰ ਆ ਗਿਆ, ਥੱਲੇ ਉਤਰਣ ਲੱਗਿਆ ਤਾਂ ਲੱਤਾਂ ਕੰਬਣ ਲਗ ਗਈਆਂ। ਹੱਥ ਝੂਠੇ ਪੈ ਗਏ, ਡਰ ਗਿਆ ਬਹੁਤ ਕਿ ਐਡੀ ਉੱਚੀ ਥਾਂ ਤੋਂ ਮੈਂ ਉਤਰਾਂਗਾ ਕਿਵੇਂ? ਜਦੋਂ ਆਦਮੀ ਘਬਰਾ ਜਾਵੇ, ਫਸ ਜਾਵੇ ਫੇਰ ਰੱਬ ਨੂੰ ਯਾਦ ਕਰਦਾ ਹੈ। '***ਕਬੀਰ ਕਾਮ ਪਰੇ ਹਰਿ ਸਿਮਰੀਐ....॥***' *(ਅੰਗ-1373)*

ਸੁੱਖਣਾ ਸੁੱਖੀ ਇਸ ਨੇ ਕਿ ਹੇ ਦੇਵੀ ਮਾਤਾ! ਜੇ ਮੈਂ ਅੱਜ ਥੱਲੇ ਸਹੀ ਸਲਾਮਤ ਉਤਰ ਜਾਵਾਂ ਤਾਂ 25 ਰੁਪਏ ਦਾ ਪ੍ਰਸ਼ਾਦ ਕਰਾਵਾਂਗਾ, ਹੌਲੀ-ਹੌਲੀ ਥੱਲੇ ਨੂੰ ਆਉਂਦਾ ਹੈ, ਜਦੋਂ ਅੱਧ 'ਚ ਆਇਆ, ਕਹਿੰਦਾ, 25 ਰੁਪਏ ਦਾ? ਐਨਾ ਕੌਣ ਖਾ ਲਏਗਾ? ਕਹਿੰਦਾ, 12 ਦਾ ਹੀ ਕਰਾ ਲਵਾਂਗੇ। ਹੋਰ ਥੱਲੇ ਆ ਗਿਆ ਕਹਿੰਦਾ ਸਵਾ ਛੇ ਬਹੁਤ ਨੇ, ਕਿੰਨਾ ਹੀ ਆ ਜਾਣਾ ਹੈ, ਇਹ ਤਾਂ ਬੇਅੰਤ ਹੀ ਹੋ ਜਾਏਗਾ, ਨਾ ਅੱਜ ਤੱਕ ਕਿਸੇ ਨੇ ਕਰਾਇਆ ਹੈ। ਜਦੋਂ ਹੋਰ ਹੇਠਾਂ ਆ ਗਿਆ, ਕਹਿਣ ਲੱਗਿਆ ਕਿ ਢਾਈ ਦਾ ਕਰਾਉਂਦੇ ਨੇ ਲੋਕ। ਢਾਈ ਦਾ ਹੀ ਕਰਾਵਾਂਗੇ, ਜਦੋਂ ਚਾਰ-ਪੰਜ ਗਜ਼ ਰਹਿ ਗਿਆ। ਇਕ ਪੈਰ ਹੋਰ ਹੇਠਾਂ ਆ ਗਿਆ, ਕਹਿੰਦਾ, ਢਾਈ ਕੀ ਕਰਨਾ ਹੈ, ਸਵਾ ਰੁਪਿਆ ਬਹੁਤ ਹੈ, ਇਕ ਰੁਪਏ ਦਾ ਘਿਉ ਆ ਜਾਏਗਾ, ਬਾਕੀ ਚੀਨੀ, ਆਟਾ ਆ ਜਾਏਗਾ। ਸੇਰ ਦਾ ਪ੍ਰਸ਼ਾਦ ਪੰਜ ਕਿਲੋ ਬਣ ਜਾਏਗਾ। ਜਦੋਂ ਰਹਿ ਗਿਆ ਸਾਰਾ ਹੀ ਗਜ਼ ਉਤੇ, ਫੇਰ ਨਹੀਂ ਪੈਰ ਰੱਖਿਆ, ਫੇਰ ਜ਼ੋਰ ਨਾਲ ਛਾਲ ਮਾਰੀ ਪਰ੍ਹੇ ਨੂੰ, ਉੱਪਰ ਨੂੰ ਝਾਕਣ ਲੱਗ ਗਿਆ, ਕਹਿੰਦਾ ਲੈ ਦੇਵੀ ਮਾਤਾ! ਨਾ ਮੁੜ ਕੇ ਖਜੂਰ 'ਤੇ ਚੜ੍ਹੀਏ, ਨਾ ਤੇਰਾ ਪ੍ਰਸ਼ਾਦ ਕਰਾਈਏ। ਜਵਾਬ ਦੇ ਦਿਤਾ। ਕਿਉਂਕਿ ਆਦਮੀ ਦਾ ਸੁਭਾਅ ਐਸਾ ਹੀ ਹੈ, ਜਦੋਂ ਵਕਤ ਨਿਕਲ ਜਾਵੇ ਫੇਰ ਨਹੀਂ ਇਹ ਕਿਸੇ ਨੂੰ ਗਿਣਦਾ। ਜਦੋਂ ਫਸਿਆ ਹੋਵੇ ਉਸ ਵੇਲੇ ਫੇਰ ਗਿਣਦਾ ਹੈ, ਮਹਾਰਾਜ

ਕਹਿੰਦੇ ਇਹ ਭੁੱਲ ਗਿਆ। ਤੋੜ ਦਿਤੇ ਕੌਲ-ਕਰਾਰ ਇਸ ਨੇ ਸਾਰੇ। ਭਾਵੇਂ ਪ੍ਰਮੇਸ਼ਰ ਇਹਨੂੰ ਯਾਦ ਕਰਾਉਂਦਾ ਸੀ, ਉਹੀ ਨਾਮ ਦੀ ਧੁਨ ਇਹਦੇ ਅੰਦਰ ਚਲਦੀ ਸੀ। ਕਈ ਵਾਰੀ ਇਹ ਸੋਚ ਕੇ ਜਦੋਂ ਗਵਾਚ ਜਾਂਦੀ ਸੀ ਰੋਣ ਲਗ ਜਾਂਦਾ ਸੀ। ਮਾਂ-ਬਾਪ ਨੇ ਕਹਿਣਾ ਚੰਗਾ ਭਲਾ ਹੁੰਦਾ ਹੈ, ਰੋਂਦਾ ਕਿਉਂ ਹੈ। ਰੋਂਦਾ ਸੀ ਨਾਮ ਦੀ ਧੁਨ ਨੂੰ। ਲੇਕਿਨ ਹੌਲੀ-ਹੌਲੀ ਕੀ ਹੋਇਆ। ***'ਪਹਿਲੈ ਪਿਆਰਿ ਲਗਾ ਥਣ ਦੁਧਿ ॥'*** ਦੁੱਧ ਦਾ ਪਤਾ ਲੱਗਿਆ ਇਸ ਨੂੰ। ਚਾਹੇ ਪਸ਼ੂ ਦਾ ਬੱਚਾ ਹੈ, ਚਾਹੇ ਹਰਨੀ ਦਾ ਹੈ। ਉਹਨੂੰ ਦੱਸਣ ਦੀ ਲੋੜ ਨਹੀਂ ਹੈ, ਆਪਣੇ ਆਪ ਹੀ ਦੁੱਧ ਟੋਲ੍ਹ ਲੈਂਦਾ ਹੈ। ਉਹਨੂੰ ਪਤਾ ਹੈ ਕਿ ਮੇਰੀ ਖੁਰਾਕ ਦੁੱਧ ਹੈ, ਕੁਦਰਤ ਨੇ ਹੀ ਐਸਾ ਰੱਖਿਆ ਹੋਇਆ ਹੈ। ਮਾਇਆ ਦਾ ਅਸਰ ਪੈ ਜਾਂਦਾ ਹੈ। ਦੁੱਧ ਪੀਣ ਦੀ ਲੋਚਾ ਲਗ ਗਈ। ਫੇਰ ਜਿਹੜਾ ਦੁੱਧ ਪਿਲਾਉਂਦਾ ਹੈ ਕਿ ਇਥੋਂ ਮਿਲਦਾ ਹੈ। ਉਹਦੇ ਵਲ ਦੇਖ-ਦੇਖ ਕੇ ਯਾਦ ਦਾਸ਼ਤ ਵਿਚ ਆ ਗਿਆ ਕਿ ਇਹ ਮੇਰੇ ਨੇੜੇ ਹੈ। ਅਜੇ ਪਤਾ ਨਹੀਂ ਕਿ ਮੇਰਾ ਰਿਸ਼ਤਾ ਕੀ ਹੈ। ਨਾਲਦਿਆਂ ਨੇ ਦਸ ਦਿਤਾ ਕਿ ਮਾਂ ਹੈ, ਮਾਂ-ਮਾਂ ਕਹਿ। ਪਤਾ ਲੱਗ ਗਿਆ ਕਿ ਇਹਨੂੰ ਕਹਿੰਦੇ ਨੇ, ਹੌਲੀ-ਹੌਲੀ ਪਤਾ ਲਗ ਗਿਆ ਕਿ ਇਹ ਡੈਡੀ ਹੈ। ਫੇਰ ਪਤਾ ਲਗ ਗਿਆ ਕਿ ਆਹ ਭਰਾ ਨੇ, ਪਰਿਵਾਰ ਹੈ, ਭੈਣਾਂ ਨੇ, ਭਰਜਾਈ ਹੈ, ਸਾਰਾ ਪਤਾ ਲਗ ਗਿਆ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਹੀ ਵਿਛੜਦਾ ਚਲਿਆ ਗਿਆ, ਫਸਦਾ ਚਲਿਆ ਗਿਆ, ਦਰਜਾ-ਬ-ਦਰਜਾ, ਜਿਉਂ-ਜਿਉਂ ਵੱਡਾ ਹੁੰਦਾ ਗਿਆ, ਤਿਉਂ-ਤਿਉਂ ਫਸਦਾ ਗਿਆ। ***'ਅਠਵੈ ਕ੍ਰੋਧੁ ਹੋਆ ਤਨ ਨਾਸੁ ॥ ਨਾਵੈ ਧਉਲੇ ਉਭੇ ਸਾਹ ॥'*** ਨੌਵੀਂ ਅਵਸਥਾ ਆ ਜਾਂਦੀ ਹੈ, ਸਫੈਦ ਵਾਲ ਹੋ ਗਏ ਤੇ ਸਾਹ ਖਿੱਚ-ਖਿੱਚ ਕੇ ਆਉਂਦਾ ਹੈ, ਮਸਾਂ ਲੈਂਦਾ ਹੈ ਸਾਹ ਜਾਂ ਦਮ ਚੜ੍ਹ ਜਾਏਗਾ ਤੇ ਜਾਂ ਫੇਰ ਉਭੇ ਸਾਹ ਆਉਣਗੇ। ਹਉਕਿਆਂ ਵਾਲੇ ਸਾਹ ਆਉਣੇ ਸ਼ੁਰੂ ਹੋ ਜਾਂਦੇ ਨੇ ਕਿ ਬੜਾ ਕੁਛ ਕਰਿਆ, ਬਣਿਆ ਕੁਛ ਨਹੀਂ ਹੈ ਤੇ ਇਹ ਤਾਂ ਕੰਮ ਹੀ ਖਰਾਬ ਹੋ ਗਿਆ। ਬੜੀ ਮਿਹਨਤ ਕਰੀ ਹੈ, ਕੋਈ ਮੈਨੂੰ ਪੁਛਦਾ ਹੀ ਨਹੀਂ ਇਸ ਵੇਲੇ। ਕੋਈ ਵੀ ਨਹੀਂ ਕਹਿੰਦਾ ਕਿ ਤੂੰ ਐਨੀ ਮਿਹਨਤ ਕਰੀ ਹੈ, ਐਨੀ ਜਾਇਦਾਦ ਬਣਾਈ ਹੈ, ਹੁਣ ਤਾਂ ਪਾਣੀ ਦੇਣਾ ਵੀ ਇਨ੍ਹਾਂ ਨੂੰ ਔਖਾ ਹੋ ਗਿਆ, ਕੋਈ ਨਿਆਣਾ ਵੀ ਨੇੜੇ ਨਹੀਂ ਆਉਂਦਾ, ਜਿਹਦੇ ਨਾਲ ਮੈਂ ਗੱਲਾਂ ਕਰ ਲਵਾਂ, ਉਹਨੂੰ ਵੀ ਦੂਰ ਹੀ ਰਖਦੇ ਨੇ ਕਿ ਬਾਬੇ ਦੇ ਨੇੜੇ ਨਾ ਜਾਈਂ। ਉਹਨੂੰ ਵਿਚਾਰੇ ਨੂੰ ਕਿਸੇ ਨੇ ਨਲ੍ਹਾਉਣਾ ਨਹੀਂ, ਕੱਪੜੇ ਨਹੀਂ ਉਹਦੇ ਧੋਣੇ ਉਹ ਵਿਚਾਰਾ ਕਰੇ ਕੀ ਉਹ। ਆਪ ਦੇ ਵਿਚ ਬਲ ਨਾ ਰਿਹਾ। ਕਹਿੰਦੇ ਦਸਵੀਂ ਹਾਲਤ ਇਹ ਹੈ ਕਿ ਸਰੀਰ ਛੱਡ ਦਿਤਾ। ਚਾਰ ਭਾਈ ਆਏ 'ਰਾਮ ਨਾਮ ਸਤਿ ਹੈ' ਜਾ ਕੇ ਜਾਲ ਆਏ, ਫੁੱਲ ਲੈ ਕੇ ਸੁੱਟ ਆਏ। ਚਲੋ ਕੁਛ ਵੀ ਨਾ ਰਿਹਾ ਤੇ ਫੇਰ 'ਗਏ ਸਿਗੀਤ ਪੁਕਾਰੀ ਧਾਹ ॥' ਗੀਤ ਤਾਂ ਖਤਮ ਹੋ ਗਏ ਤੇ ਫੇਰ ਰੋਂਦੇ ਨੇ ਕਿ ਚਲਿਆ ਗਿਆ ਇਹ। ਰੋ-ਰੋ ਕੇ ਦਿਖਾਉਂਦੇ ਨੇ। ਉਧਰਲੇ ਪਾਸੇ 'ਉਡਿਆ ਹੰਸੁ ਦਸਾਏ ਰਾਹ ॥' ਉਹਨੂੰ ਪਤਾ ਨਹੀਂ ਲਗਦਾ ਰਾਹ ਦਾ। ਰਾਹ ਨਹੀਂ ਲੱਭਦਾ ਕਿ ਕਿੱਥੇ ਜਾਵਾਂ ਕਿਉਂਕਿ ਅੰਧਕਾਰ ਪਿਆ ਹੈ। ਤਿਆਰੀ ਕਰੀ ਨਹੀਂ ਸੀ ਜ਼ਿੰਦਗੀ ਦੇ ਅੰਦਰ-

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥* *ਅੰਗ - 264*

ਮਹਾਰਾਜ ਕਹਿੰਦੇ, ਅੰਦਰ ਮਹਾਂ ਗੁਬਾਰ ਹੁੰਦਾ ਹੈ। ਅੰਧੇਰ ਗੁਬਾਰ ਹੈ, ਜਿੱਥੇ ਕੱਖ ਨਹੀਂ ਪਤਾ ਲਗਦਾ, ਬਿਲਕੁਲ ਨਹੀਂ ਸੁੱਝਦਾ। ਰਾਹ ਨਹੀਂ ਲੱਭਦਾ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਉਡ ਗਿਆ ਭਉਰ ਹੁਣ ਰਾਹ ਨਹੀਂਓ ਲੱਭਦਾ,*
*ਵੇਲਾ ਨਾ ਸੰਭਾਲਿਆ ਗਾਫਲਾ।*

ਜਿਸ ਰਸਤੇ 'ਚੋਂ ਜਾਣਾ ਸੀ, ਉਥੇ ਜੋ ਚੀਜ਼ ਚਾਹੀਦੀ ਸੀ ਉਹ ਤਾਂ ਕਰੀ ਹੀ ਨਹੀਂ ਹੈ -

*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ 4 ॥*
*ਅੰਗ - 264*

ਸੋ ਜਿੱਥੇ ਜਾ ਕੇ ਇਹੋ ਜਿਹੀ ਹਾਲਤ ਹੋਣੀ ਹੈ, ਉਥੇ ਚੀਜ਼ ਜਿਹੜੀ ਨਾਲ ਲਿਜਾਣੀ ਸੀ ਉਹ ਵੇਲਾ ਨਾ ਸੰਭਾਲਿਆ, ਵੇਲਾ ਤਾਂ ਲੰਘਾ ਦਿਤਾ ਹੈ ਉਨ੍ਹਾਂ ਵਿਚ, ਜਿਹੜੀਆਂ ਮੈਂ ਬੇਨਤੀਆਂ ਕਰੀਆਂ ਨੇ ਪਹਿਲਾਂ। ਨਾ ਗੁਰਦਵਾਰੇ ਆਉਣਾ, ਨਾ ਸਤਿਸੰਗ ਕਰਨਾ, ਨਾ ਨਾਮ ਜਪਣਾ, ਨਾ ਬਾਣੀ ਪੜ੍ਹਨੀ, ਨਾ ਚਿੱਤ ਲਾ ਕੇ ਭਜਨ ਕਰਨਾ, ਆਉਂਦਾ ਹੀ ਨਹੀਂ; ਕਿਉਂਕਿ ਜਵਾਨੀ ਆਉਣ 'ਤੇ ਬੱਚੇ ਇਹੋ ਜਿਹੇ ਅਮੋੜ ਹੋ ਜਾਂਦੇ ਹਨ ਕਿ ਹੋਰ ਕਿਤੇ ਲੈ ਜਾਓ, ਜਿਥੇ ਵੀ ਜਾਣੈ ਅੱਧੀ ਰਾਤ ਤੱਕ ਰਹਿ ਪਵਾਂਗਾ, ਤੁਰ ਕੇ ਚਲਾ ਜਾਵਾਂਗਾ ਸਿਨਮੇ, ਪਰ ਮੈਂ ਗੁਰਦਵਾਰੇ ਨਹੀਂ ਜਾਣਾ। ਸੋ ਮਾਇਆ ਨੇ ਅਸਰ ਪਾ ਦਿਤਾ। ਆਹ ਸਾਡਾ ਹਾਲ ਹੈ ਜਿਹਦੇ ਵਿਚੀਂ ਅਸੀਂ ਲੰਘਦੇ ਹਾਂ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥ 36 ॥*
*ਅੰਗ - 1428*

ਕਹਿੰਦੇ, ਹੁਣ ਕਿਉਂ ਰੋਂਦਾ ਹੈਂ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥*
*ਅੰਗ - 520*

ਕਹਿੰਦੇ, ਇਹ ਜਿਹੜਾ ਜੀਵ ਹੈ ਇਹ ਧਾਹਾਂ ਮਾਰਦਾ, ਕੂਕਾਂ ਮਾਰਦਾ ਜਾਂਦਾ ਹੈ, ਕੁਛ ਲੱਭਦਾ ਨਹੀਂ, ਕੁਛ ਪਤਾ ਨਹੀਂ ਲਗਦਾ ਕਿ ਮੈਂ ਜਨਮ ਗਵਾ ਲਿਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ - ***'ਗਏ***

***ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥'*** ਰਾਹ ਟੋਲ੍ਹਦਾ ਹੈ। ਰਾਹ ਹੁਣ ਕੀ ਟੋਲ੍ਹਣਾ ਹੈ, ਜਦੋਂ ਟੋਲ੍ਹਣ ਦਾ ਮੌਕਾ ਸੀ, ਜਦੋਂ ਤੇਰਾ ਵੇਲਾ ਸੀ ਖੱਟ ਕੇ ਕਮਾਈ ਕਰਨ ਦਾ, ਰੂਹਾਨੀ ਧਨ ਉਸ ਵੇਲੇ ਤਾਂ ਤੂੰ ਬਾਲ ਬੱਚਿਆਂ 'ਚ ਰਚਿਆ ਪਿਆ ਸੀ ਪਰ ਕੀ ਹੋਇਆ? ਹੁਣ ਤਾਂ ਰਹਿ ਗਿਆ ਸਾਰਾ ਕੁਛ ਪਿੱਛੇ। ਹੁਣ ਪਛਤਾਉਣ 'ਤੇ ਨਹੀਂ ਕੁਛ ਹੁੰਦਾ-

***ਜੋ ਕਿਛੁ ਕਰਹਿ ਸੋਈ ਅਬ ਸਾਰੁ ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥*** ***ਅੰਗ - 1159***

ਮਹਾਰਾਜ ਕਹਿੰਦੇ, ਹੁਣ ਰਾਹ ਨਹੀਂ ਲੱਭਦਾ। ਹੁਣ ਕੌਣ ਰਾਹ ਦੱਸੇ। ***'ਉਡਿਆ ਹੰਸੁ ਦਸਾਏ ਰਾਹ ॥ ਆਇਆ ਗਇਆ ਮੁਇਆ ਨਾਉ ॥ '*** ਜਿਹੜਾ ਵੱਡਾ ਨਾਉਂ ਕਰਦਾ ਸੀ ਕਿ ਮੈਂ ਵੱਡਾ ਜ਼ਿੰਮੀਦਾਰ ਬਣ ਜਾਵਾਂ। ਵੱਡਾ ਫੈਕਟਰੀਆਂ ਦਾ ਮਾਲਕ ਬਣ ਜਾਵਾਂ, ਵੱਡਾ ਅਫਸਰ ਬਣ ਜਾਵਾਂ, ਚਾਰ ਕੁ ਦਿਨਾਂ 'ਚ ਖਤਮ ਹੋ ਗਿਆ ਕਿ ਫਲਾਣਾ ਆਇਆ ਸੀ, ਨਾਉਂ ਮਰ ਗਿਆ, ਨਾਉਂ ਕੀ, ਜਿਹੜੇ ਬਿਲਕੁਲ ਖ਼ੂਨ ਨਾਲ ਸਬੰਧ ਰਖਦੇ ਨੇ ਉਨ੍ਹਾਂ ਨੂੰ ਵੀ ਨਹੀਂ ਪਤਾ। ਪੁੱਛਦੇ ਨੇ ਕਿ ਮੇਰੇ ਬਾਬੇ ਦਾ ਨਾਉਂ ਕੀ ਸੀ?

ਇਕ ਵਾਰੀ ਮੈਨੂੰ ਪੁੱਛਿਆ, ਮੈਂ ਕਿਹਾ ਤੁਹਾਡਾ ਫਿਕਰ ਕਰਦਾ-ਕਰਦਾ ਤਾਂ ਉਹ ਵਿਚਾਰਾ ਬੂੜ੍ਹਾ ਹੋ ਗਿਆ, ਬੈਠਾ ਰਹਿੰਦਾ ਸੀ ਬਾਬਾ ਸਾਡਾ ਕਿ ਕਿਵੇਂ ਜਾਇਦਾਦ ਬਣਾਈਏ, ਕਿਸ ਤਰ੍ਹਾਂ ਦੇਈਏ? ਬੱਚੇ ਹੋ ਜਾਣੇ ਨੇ ਅਗਾਂਹਾਂ, ਥੋੜ੍ਹੀ ਨਾ ਰਹਿ ਜਾਏ, ਮੈਂ ਕਿਹਾ ਤੁਹਾਨੂੰ ਉਹਦਾ ਨਾਉਂ ਵੀ ਨਹੀਂ ਯਾਦ। ਕਹਿੰਦੇ, ਸਾਨੂੰ ਪਤਾ ਨਹੀਂ। ਕਿਸੇ ਨੂੰ ਵੀ ਨਹੀਂ ਪਤਾ ਹੁੰਦਾ ਕਿ ਦਾਦੀ ਦਾ ਕੀ ਨਾਉਂ ਹੈ, ਪੜਦਾਦੀ ਦਾ ਕੀ ਨਾਉਂ ਹੈ? ਕੋਈ ਵਿਰਲਾ ਹੀ ਹੈ ਜਿਹੜਾ ਜਾਣਦਾ ਹੈ। ਨਾਉਂ ਵੀ ਮਰ ਜਾਂਦਾ ਹੈ, ਸਬੰਧ ਵੀ ਮਰ ਜਾਂਦਾ ਹੈ। 'ਪਿਛੈ ਪਤਲਿ ਸਦਿਹੁ ਕਾਵ ॥' ਜੇ ਕੋਈ ਚੰਗੇ ਆ ਗਏ ਬਾਲ-ਬੱਚੇ ਤੇ ਉਹਦਾ ਦਿਨ ਮਨਾਉਣਾ ਸ਼ੁਰੂ ਕਰ ਦਿਤਾ। ਉਹ ਕਹਿੰਦੇ ਕਿ ਆਹ ਕਾਵਾਂ ਨੂੰ ਪਾ ਦਿਓ। ਕੁੱਤਿਆਂ ਨੂੰ ਪਾ ਦਿਓ, ਕਹਿੰਦੇ -

***ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ ॥***
***ਅੰਗ - 332***

ਕਾਵਾਂ ਨੂੰ ਪਾ ਦਿੰਦੇ ਨੇ ਕਿ ਪਿੱਤਰ ਉਥੇ ਕੋਠੇ 'ਤੇ ਆ ਕੇ ਖਾ ਜਾਏਗਾ। ਮਹਾਰਾਜ ਕਹਿੰਦੇ, ਇਹੋ ਜਿਹਾ ਸਬੰਧ ਹੈ ਪਿਆਰਿਓ! ਦੁਨੀਆਂ ਦੇ ਨਾਲ। ਹੁਣ ਇਹ ਗੱਲ ਕਿਉਂ ਹੁੰਦੀ ਹੈ? ਕਿਉਂਕਿ ਆਦਮੀ ਨਿਗੁਰਾ ਹੈ, ਕੋਈ ਉਹਦਾ ਮਾਲਕ ਨਹੀਂ ਹੈ। ਨਿਗੁਰਾ ਜਿਹੜਾ ਪੁਰਸ਼ ਹੈ ਉਹਨੇ ਡੁੱਬਣਾ ਹੀ ਡੁੱਬਣਾ ਹੈ-

***ਧਾਰਨਾ - ਗੁਰ ਬਿਨ ਡੁੱਬਦੀ ਜਾਵੇ ਦੁਨੀਆਂ,***
***ਗੁਰ ਬਿਨ ਡੁੱਬਦੀ ਜਾਵੇ।***

***ਨਾਨਕ ਮਨਮੁਖਿ ਅੰਧੁ ਪਿਆਰੁ ॥***

***ਬਾਝੁ ਗੁਰੂ ਡੁਬਾ ਸੰਸਾਰੁ ॥*** ***ਅੰਗ - 138***

ਕਿਉਂਕਿ ਕੋਈ ਪੂਰਾ ਗੁਰੂ ਨਾ ਮਿਲਿਆ, ਜਿਹੜਾ ਇਸ ਨੂੰ ਹਰ ਵਕਤ ਪ੍ਰੇਰਨਾ ਦੇ ਕੇ ਕੱਢ ਲੈਂਦਾ । ਕੋਈ ਸਾਧੂ ਨਾ ਮਿਲਿਆ, ਸੰਤ ਨਾ ਮਿਲਿਆ ਜਿਹੜਾ ਖਬਰਦਾਰ ਕਰਦਾ ਰਹਿੰਦਾ ਕਿ ਪਿਆਰਿਆ! ਤੂੰ ਜਨਮ ਬਿਰਥਾ ਗਵਾ ਰਿਹਾ ਹੈਂ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਕਿ ਇਸ ਜੀਵਨ ਕੌਲ ਕਰਾਰ ਤੋੜ ਦਿਤੇ ਤੇ ਸੰਸਾਰ ਜਿਹਦੀ ਹਸਤੀ ਕੋਈ ਨਹੀਂ ਸੀਗੀ ਉਹਦੇ ਪਿੱਛੇ ਲਗ ਕੇ ਉਹਦੇ ਪਿਆਰ ਵਿਚ ਲਗ ਕੇ, ਸਾਰਾ ਜਨਮ ਆਪਣਾ ਬਿਰਥਾ ਗਵਾ ਲਿਆ -

***ਧਾਰਨਾ - ਜਗ ਧੂੰਏਂ ਦਾ ਪਹਾੜ ਸੱਚਾ ਜਾਣ ਕੇ,***
***ਜਨਮ ਗਵਾ ਲਿਆ ਗਾਫਲਾ।***

ਧੂੰਏਂ ਦਾ ਪਹਾੜ ਹੋਵੇ ਤੇ ਆਦਮੀ ਉਹਨੂੰ ਸੱਚਾ ਜਾਣਦਾ ਹੋਵੇ, ਕਿੱਡੀ ਵੱਡੀ ਭੁੱਲ ਹੈ। ਕਹਿੰਦੇ -

***ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥***
***ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥***
***ਅੰਗ - 1381***

ਦਸ ਜੇ ਸੱਚਾ ਹੁੰਦਾ ਤਾਂ ਤੇਰੇ ਮਾਂ-ਬਾਪ, ਤੇਰੇ ਦਾਦਾ-ਦਾਦੀ, ਤੇਰੇ ਨਕੜ ਦਾਦਾ, ਚਾਚੇ-ਤਾਏ-ਫੁੱਫੜ ਸਾਰੇ ਹੁੰਦੇ, ਉਹ ਕਿੱਥੇ ਚਲੇ ਗਏ? ਤੇ ਤੂੰ ਇਸ ਚੀਜ਼ ਨੂੰ ਸੱਚਾ ਜਾਣਿਆ ਜਨਮ ਗਵਾ ਦਿਤਾ ਦਸ ਹਿੱਸਿਆਂ 'ਚ -

***ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥***
***ਅੰਗ - 138***

ਦਸ ਤਾਂ ਬਚਪਨ 'ਚ ਲੰਘ ਗਏ ਤੇ ਦਸ ਤੋਂ ਵੀਹ ਸਾਲ ਤਕ ਜਵਾਨੀ ਦੇ ਮੂਹਰੇ-ਮੂਹਰੇ, ਨਾ ਜਵਾਨ ਨਾ ਅਜੇ ਬੱਚਾ, ਕਿਸ਼ੋਰ ਅਵਸਥਾ 'ਚ ਲੰਘ ਗਏ। ਤੀਹਾਂ ਦਾ ਤੂੰ ਸੁੰਦਰ ਕਹਾਉਣ ਲਗ ਗਿਆ।

***ਚਾਲੀਸੀ ਪੁਰੁ ਹੋਇ ਪਚਾਸੀ***
***ਪਗੁ ਖਿਸੈ ਸਠੀ ਕੇ ਬੋਢੇਪਾ ਆਵੈ ॥*** ***ਅੰਗ - 138***

ਚਾਲੀ ਦਾ ਤੂੰ ਭਰ ਜੁਆਨ ਕਹਾਉਣ ਲਗ ਗਿਆ ਤੇ ਹੁਣ 50ਵਾਂ ਸਾਲ ਆ ਗਿਆ। ਫੇਰ ਲਗ ਗਿਆ ਹੇਠਾਂ ਨੂੰ ਜਾਣ, ਤਿਲ-ਤਿਲ ਘਟਣ ਲਗ ਗਿਆ। ਪੰਜਾਹ ਸਾਲ ਤੋਂ ਬੰਦਾ ਘਟਣਾ ਸ਼ੁਰੂ ਹੋ ਜਾਂਦਾ ਹੈ, ਹੁਣ ਤਾਂ ਚਾਲੀ ਤੋਂ ਹੀ ਹੋਣ ਲਗ ਜਾਂਦਾ ਹੈ। ਪਹਿਲਾਂ ਮਹਾਰਾਜ ਨੇ ਪੰਜਾਹ ਤੋਂ ਲਿਖਿਆ ਸੀ। ਰੋਜ਼ ਘਟਦਾ ਹੈ, ਕਿੰਨਾ ਹੀ ਖਾਈ ਜਾਵੇ, ਉਹਨੇ ਘਟਣਾ ਹੀ ਹੈ। ਸੱਠ ਸਾਲ ਦਾ ਹੋ ਗਿਆ ਤਾਂ ਬੁੜਿਆਂ 'ਚ ਸ਼ਾਮਲ ਹੋ ਗਿਆ।

***ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥***
***ਅੰਗ - 138***

70 ਦਾ ਹੋ ਗਿਆ, ਕਹਿਣ ਲੱਗ ਜਾਂਦੇ ਨੇ ਕਿ ਇਹਨੂੰ ਨਹੀਂ ਸੀ ਪਤਾ, ਨਵੀਂ ਦੁਨੀਆਂ ਹੈ, ਤੈਨੂੰ ਕੀ ਪਤਾ ਅੱਜ ਦੁਨੀਆਂ ਕਿੱਥੇ ਜਾ ਰਹੀ

ਹੈ, ਤੂੰ ਪੁਰਾਣੀਆਂ ਗੱਲਾਂ ਦਾ ਰੱਟਾ ਲਾਈ ਬੈਠਾਂ ਹੈਂ। ਕਿਤੇ ਦੀ ਕਿਤੇ ਦੁਨੀਆਂ ਬਦਲ ਗਈ, ਤੂੰ ਅਜੇ ਸਾਨੂੰ ਉਸੇ ਥਾਂ ਦੇ ਉਤੇ ਰੱਖਣਾ ਚਾਹੁੰਦਾ ਹੈਂ। ਤੂੰ ਰਹਿ, ਤੈਨੂੰ ਐਨੀ ਮੱਤ ਨਹੀਂ ਹੈ, ਕਿ ਦੁਨੀਆਂ ਨਾਲ ਕਿਵੇਂ ਵਰਤੀਦਾ ਹੈ। ਉਹ ਕਹਿੰਦਾ ਕਿ ਸਾਡੇ ਵੇਲੇ ਤਾਂ ਨਾ ਕੋਈ ਮਿਲਾਵਟ ਕਰਦਾ ਸੀ, ਨਾ ਕੋਈ ਝੂਠ ਬੋਲਦਾ ਸੀ। ਨਾ ਕੋਈ ਹੇਰਾ-ਫੇਰੀ ਕਰਦਾ ਸੀ, ਸੱਚ ਬੋਲਦੇ ਸੀ। ਕਹਿੰਦਾ, ਉਹ ਤੇਰੇ ਵੇਲੇ ਹੀ ਹੋਣੈ, ਅੱਜਕਲ੍ਹ ਨਾ ਇਹ ਗੱਲ ਕਰੀਂ, ਇਹ ਤਾਂ ਅਕਲ ਦੀ ਬਾਤ ਨਹੀਂ, ਹੁਣ ਜਿਹੋ ਜਿਹਾ ਸਮਾਂ ਉਹੋ ਜਿਹਾ ਵਰਤ। ਉਹਨੂੰ ਮਤਹੀਣ ਕਹਿੰਦੇ ਨੇ, ਉਹਦੀ ਗੱਲ ਨਹੀਂ ਸੁਣਦੇ। ਜੇ 80 ਸਾਲ ਦਾ ਕਹੇ ਕਿ ਮੈਂ ਆਹ ਕੰਮ ਕਰ ਲਵਾਂਗਾ, ਮਹਾਰਾਜ ਕਹਿੰਦੇ ਫੇਰ ਨਹੀਂ ਭਾਉਂਦਾ, ਕਿਉਂ ਪੈਰ ਜਿਹੜਾ ਅਗਲੇ ਪਾਸੇ ਰੱਖਿਆ ਹੋਇਆ ਹੈ, ਉਹ ਕਾਲ ਦੀ ਖੱਡ ਵਿਚ ਰੱਖ ਰਿਹਾ ਹੈ। ਕਾਲ ਦੀ ਖਾਹੀ 'ਚ ਗਿਰਨ ਨੂੰ ਤਿਆਰ ਹੋ ਰਿਹਾ ਹੈ।

***ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥***

***ਅੰਗ - 138***

ਨੱਬੇ ਦਾ ਹੋ ਗਿਆ, ਹੁਣ ਮੰਜੇ 'ਤੇ ਸਵਾਰ ਹੋ ਗਿਆ, ਸੇਜਾ 'ਤੇ। ਉਸ ਵੇਲੇ ਕੀ ਖਿਆਲ ਆਉਂਦੇ ਨੇ। ਬਾਬਾ ਫਰੀਦ ਜੀ ਚਾਰਪਾਈ 'ਤੇ ਪਏ ਨੇ, 95 ਸਾਲ ਦੀ ਉਮਰ ਹੈ ਆਪ ਦੀ। ਸਹਾਰੇ ਨਾਲ ਉਠਦੇ ਨੇ, ਗਰਮੀ ਦਾ ਮਹੀਨਾ ਹੈ ਤੇ ਕੋਲ ਕੋਈ ਹੈ ਨਹੀਂ, ਪਾਣੀ ਦੀ ਪਿਆਸ ਲੱਗੀ ਹੋਈ ਹੈ। ਕਈ ਵਾਰੀ ਜ਼ੋਰ ਲਾਇਆ ਕਿ ਮੈਂ ਉੱਠ ਕੇ ਪਾਣੀ ਪੀ ਲਵਾਂ। ਕਹਿਣ ਲੱਗੇ, ਓ ਫਰੀਦਾ! ਕੀ ਹੋ ਗਿਆ? -

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥***

***ਅੰਗ- 1378***

ਮੈਂ ਤਾਂ ਪਹਾੜਾਂ 'ਤੇ ਵੀ ਚੜ੍ਹਦਾ ਰਿਹਾ ਹਾਂ, ਵੱਡੇ-ਵੱਡੇ ਰੇਗਿਸਤਾਨਾਂ 'ਚ ਤੇ ਆਹ ਛੋਟੀਆਂ ਲੱਤਾਂ ਨੂੰ ਅੱਜ ਹੋ ਕੀ ਗਿਆ।

***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥ 2॥ ਅੰਗ- 1378***

ਇਹ ਤਾਂ ਮੈਨੂੰ ਹੁਣ ਸੌ ਕੋਹਾਂ 'ਤੇ ਲਗਦਾ ਹੈ। ਕੋਈ ਆਵੇ ਤਾਂ ਮੈਨੂੰ ਪਾਣੀ ਪਿਲਾਵੇ। ਧਿਆਨ ਆ ਗਿਆ ਕਿ ਮੇਰੇ ਤਾਂ ਨੇਤਰ ਕਿਸੇ ਪਛਾਨਣਾ ਹੋਵੇ, ਬੜੀ ਮੁਸ਼ਕਲ ਨਾਲ ਪਛਾਣਦਾ ਹਾਂ। ਪਹਿਲਾਂ ਮੱਥੇ 'ਤੇ ਹੱਥ ਰਖਦਾ ਹਾਂ, ਫੇਰ ਪੁੱਛਦਾ ਹਾਂ, ਕੌਣ ਹੈ ਭਾਈ, ਮੈਂ ਪਛਾਣਿਆ ਨਹੀਂ? ਰੂਹ ਸਾਫ ਨਜ਼ਰ ਨਹੀਂ ਆਉਂਦੀ। ਬਦਲ ਗਿਆ, ਝਉਲੇ ਪੈਂਦੇ ਨੇ। ਕੰਨ ਜਿਹੜੇ ਨੇ ਉਹ ਸੁਣਦੇ ਹੀ ਨਹੀਂ। ਕਹਿੰਦਾ, ਭਾਈ! ਉੱਚਾ ਬੋਲ ਕੇ ਦੱਸ, ਐਨਾ ਕੁ ਨਹੀਂ ਸੁਣਦਾ। ਕੋਈ ਗੱਲ ਹੀ ਨਹੀਂ ਕਰਦਾ। ਕਹਿੰਦੇ, ਇਹ ਬੋਲੇ ਬੱਦਲ ਦੇ ਨਾਲ ਕਿਹੜਾ ਮੱਥਾ ਮਾਰੂ, ਕੋਲ ਦੀ ਲੰਘ ਜਾਂਦੇ ਨੇ ਸਾਰੇ। ਜੇ ਬੁਲਾਵੇ ਵੀ ਤਾਂ ਵੀ ਨਹੀਂ ਨੇੜੇ ਆਉਂਦੇ। ਖਾ ਪੀ ਨਹੀਂ ਸਕਦਾ, ਜੀ ਕਰਦਾ ਹੈ ਪਰ ਖਾ ਨਹੀਂ ਸਕਦਾ। ਕਿਉਂਕਿ ਦੰਦ ਨਹੀਂ ਹਨ। ਜਾਣਾ ਚਾਹੁੰਦਾ ਹੈ ਕਿ ਮੈਂ ਵੀ ਚਲੇ ਜਾਵਾਂ ਯਾਤਰਾ 'ਤੇ, ਗੁਰੂ ਦਾ ਦਰਸ਼ਨ ਕਰਾਂਗਾ, ਦਸ ਕਦਮ ਨਹੀਂ ਪੁੱਟ ਹੁੰਦੇ। ਡੋਲਦੀਆਂ ਨੇ ਲੱਤਾਂ ਕੰਬਦਾ ਹੈ ਸਰੀਰ। ਹੱਥ

ਜਿਹੜੇ ਨੇ ਕੰਬਦੇ ਨੇ, ਪਾਣੀ ਮੂੰਹ 'ਚ ਨਹੀਂ ਪੈਂਦਾ। ਡੁਲ੍ਹਦਾ ਹੈ ਗਿਲਾਸ ਫੜਿਆ ਹੋਇਆ। ਗਿਲਾਸ ਤਾਂ ਫੜਦਾ ਹੀ ਨਹੀਂ। ਛੰਨੇ ਦੇ ਵਿਚ ਤਾਂ ਪਾਣੀ ਪੀ ਹੀ ਨਹੀਂ ਸਕਦਾ।

ਬਾਬਾ ਜੀ ਕਹਿਣ ਲੱਗੇ ਕਿ ਕੀ ਹੋ ਗਿਆ? ਆਹ ਸਰੀਰ ਉਵੇਂ ਜਿਵੇਂ ਹੈ, ਇਹਦੇ ਵਿਚ ਜਿਹੜੀਆਂ ਸ਼ਕਤੀਆਂ ਸੀ ਉਹ ਤਾਂ ਸਾਰੀਆਂ ਹੀ ਚਲੀਆਂ ਗਈਆਂ –

***ਧਾਰਨਾ – ਤੈਨੂੰ ਛੱਡ ਗਏ ਬਾਲ ਸਖਾਈ,***
***ਜਿੰਦੇ ਤੈਨੂੰ ਛੱਡ ਗਏ-ਜਿੰਦੇ ਤੈਨੂੰ ਛੱਡ ਗਏ।***

***ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥***
***ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥ ਅੰਗ – 1381***

ਕੰਨ ਵੀ ਚਲੇ ਗਏ, ਅੱਖਾਂ ਵੀ ਕਮਜ਼ੋਰ ਪੈ ਗਈਆਂ। ਹੱਥ ਕੰਬਣ ਲਗ ਗਏ, ਲੱਤਾਂ ਬੋਝ ਨਹੀਂ ਸਹਿੰਦੀਆਂ। ਚਲੇ ਗਏ ਸਾਥੀ ਸਾਰੇ। ਮੇਰੇ ਪਿਆਰੇ ਕਿੱਥੇ ਚਲੇ ਗਏ? ਆਉਂਦਾ ਹੈ ਧਿਆਨ ਕਿ ਹੁਣ ਕੀ ਹੋਏਗਾ? ਫੇਰ ਲੰਮੀਆਂ ਮਿਆਦਾਂ ਨਹੀਂ ਰਖਦਾ ਫੇਰ ਤਾਂ ਸੱਚ ਉਘੜ ਆਉਂਦਾ ਹੈ ਇਸ ਤਰ੍ਹਾਂ ਦੇ ਨਾਲ –

***ਧਾਰਨਾ – ਦਿਨ ਥੋੜ੍ਹੇ ਰਹਿ ਗਏ, ਭਇਆ ਪੁਰਾਣਾ ਚੋਲਾ ਜੀ।***

***ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ਅੰਗ– 23***

ਸੋ ਇਸ ਤਰ੍ਹਾਂ ਉਮਰ ਵਧਦੀ ਜਾਂਦੀ ਹੈ –

***'ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥'*** ਹੁਣ ਨਹੀਂ ਪਤਾ ਕਿ ਮੇਰੇ 'ਚ ਬਲ ਹੈ ਕਿ ਨਹੀਂ ਹੈ। ਕੋਈ ਸਹਾਰਾ ਦੇਵੇ, ਕੋਈ ਆਸਰਾ ਦੇਵੇ ਤਾਂ ਤੁਰ ਸਕਦਾ ਹੈ, ਮੰਜੇ 'ਤੇ ਪਇਆ ਉਠ ਨਹੀਂ ਸਕਦਾ।

***ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥***
***ਅੰਗ – 138***

ਮਹਾਰਾਜ ਕਹਿੰਦੇ, ਅਸੀਂ ਢੂੰਡ-ਢੂੰਡ ਕੇ ਦੇਖ ਲਿਆ, ਖੋਜ-ਖੋਜ ਕੇ ਦੇਖ ਲਿਆ, ਗੱਲ ਕੀ ਹੈ? ਕਹਿੰਦੇ, ਇਹ ਤਾਂ ਧੂੰਏਂ ਦਾ ਪਹਾੜ ਹੈ, ਅਸੀਂ ਵੀ ਇਹਦੇ 'ਚ ਗੁੰਮ ਹੋ ਜਾਣਾ ਹੈ, ਕਿਸੇ ਨੂੰ ਯਾਦ ਚੇਤੇ ਨਹੀਂ ਰਹਿਣੀ ਗੱਲ। ਭੁੱਲ ਜਾਏਗੀ ਦੁਨੀਆਂ, ਨਾ ਅਸੀਂ ਮੁੜ ਕੇ ਆਉਣਾ, ਕੋਈ ਨਹੀਂ ਆਉਂਦਾ ਮੁੜ ਕੇ, ਅੱਜ ਤੱਕ ਆਇਆ ਹੈ ਕੋਈ? ਵੱਡੇ-ਵੱਡੇ ਚਲੇ ਗਏ, ਹਾਕਾਂ ਮਾਰਦੇ ਹਾਂ ਦਰਸ਼ਨ ਦਿਖਾ, ਰੋ-ਰੋ ਕੇ ਜਗਿਆਸੂ ਤੜਫਦੇ ਫਿਰਦੇ ਨੇ, ਕੋਈ ਆਉਂਦਾ ਹੈ ਮੁੜ ਕੇ? ਕੋਈ ਨਹੀਂ ਆਉਂਦਾ।

ਕਹਿੰਦੇ, ਇਹ ਤਾਂ ਹੈਗੀ ਸੱਤਤਾ। ਇਹਦੇ ਵਿਚ – ***'ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥ '*** ਇਹ ਸੰਸਾਰ ਡੁੱਬਦਾ ਜਾਂਦਾ ਹੈ। ਬਚਨ ਕਰਕੇ ਆਇਆ ਸੀ ਕਿ ਮੈਂ ਨਾਮ ਜਪਾਂਗਾ। ਪਰ ਇਹ ਮਾਇਆ ਐਨੀ ਤਕੜੀ ਹੈ –

*ਇਨਿ ਮਾਇਆ ਜਗਦੀਸ ਗੁਸਾਈ ਤੁਮ੍ਰੇ ਚਰਨ ਬਿਸਾਰੇ ॥*

***ਅੰਗ- 857***

ਇਹ ਪ੍ਰਮੇਸ਼ਰ ਨੂੰ ਬਿਲਕੁਲ ਭੁਲਾ ਦਿੰਦੀ ਹੈ –

*ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ਜਨ ਕਹਾ ਕਰਹਿ ਬੇਚਾਰੇ ॥*

***ਅੰਗ - 857***

ਉਹ ਐਸੀ ਮੋਹਣੀ ਹੈ –

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ ॥*

***ਅੰਗ - 643***

ਬਗੈਰ ਦੰਦਾਂ ਤੋਂ ਖਾ ਗਈ ਸਾਰੇ ਸੰਸਾਰ ਨੂੰ –

*ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥*
*ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥*

***ਅੰਗ - 510***

ਖਾ ਜਾਂਦੀ ਹੈ ਜਿਹੜਾ ਇਹਦੇ ਵਿਚ ਰਚਦਾ ਹੈ ਕਿਉਂਕਿ ਇਹਦਾ ਕੰਮ ਹੀ ਜੀਵ ਨੂੰ ਭੁਲਾਉਣਾ ਹੈ –

*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥* ***ਅੰਗ - 921***

ਇਹਨੇ ਭੁਲਾਉਣਾ ਹੀ ਭੁਲਾਉਣਾ ਹੈ, ਸੰਤ ਯਾਦ ਕਰਾਉਂਦੇ ਨੇ, ਗੁਰੂ ਯਾਦ ਕਰਾਉਂਦੇ ਨੇ। ਨਹੀਂ ਯਾਦ ਆਉਂਦਾ, ਕਹਿੰਦਾ ਇਹ ਤਾਂ ਐਵੇਂ ਗੱਲਾਂ ਮਾਰਦੇ ਨੇ। ਫਲਾਣਾ ਕੰਮ ਕੌਣ ਕਰੇਗਾ ਜੇ ਅਸੀਂ ਭਜਨ ਕਰਨ ਲਗ ਗਏ? ਕਰਕੇ ਤਾਂ ਦੇਖ –

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥*

***ਅੰਗ- 1382***

ਤੂੰ ਇਕ ਵਾਰੀ ਵਾਹਿਗੁਰੂ ਦਾ ਭਜਨ ਤਾਂ ਕਰਕੇ ਦੇਖ ਤੇਰੇ ਕੰਮ ਵੀ ਆਪੇ ਹੋਣਗੇ ਤੇ ਸੰਸਾਰ ਸਾਰਾ ਹੀ ਤੇਰੇ ਪਿੱਛੇ ਲੱਗਿਆ ਫਿਰੇਗਾ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥* ***ਅੰਗ- 649***

ਉਹਨੂੰ ਭੁੱਲ ਗਿਆ ਕਿਉਂਕਿ ਮਾਇਆ ਭੁਲਾਉਣ ਵਾਲੀ ਹੈ। ਮਾਇਆ ਨੇ ਜਾਲ ਪਾਇਆ ਹੋਇਐ, ਉਸ ਜਾਲ ਦੇ ਥੱਲੇ ਚੋਗਾ ਪਾ ਦਿਤਾ ਕਿਤੇ ਮੋਹੁ ਦਾ ਪਾ ਦਿਤਾ, ਕਿਤੇ ਲੋਭ ਦਾ ਪਾ ਦਿਤਾ, ਕਿਤੇ ਬੱਚਿਆਂ ਦਾ ਪਾ ਦਿਤਾ, ਕਿਤੇ ਜਾਇਦਾਦ ਦਾ ਪਾ ਦਿਤਾ, ਕਿਤੇ ਕੋਈ-ਕਿਤੇ ਕੋਈ। ਠੱਗ ਪੰਜ ਨਾਲ ਲੱਗੇ ਹੋਏ ਨੇ-

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*

***ਅੰਗ - 1288***

ਪੰਜ ਚੋਰਾਂ ਨੂੰ ਭੇਜ ਦਿੰਦੀ ਹੈ, ਐਡੇ ਬਲੀ ਨੇ ਕਿ ਇਨ੍ਹਾਂ ਤੋਂ ਕੋਈ

ਬਚ ਹੀ ਨਹੀਂ ਸਕਦਾ। ਵੱਡੇ ਬਲੀ ਨੇ। ਵਾਹਿਗੁਰੂ ਬਚਾ ਲਵੇ ਤਾਂ ਬਚਾ ਲਵੇ। ਆਦਮੀ ਦੀ ਤਾਕਤ ਨਹੀਂ ਕਿ ਇਨ੍ਹਾਂ ਚੋਰਾਂ ਤੋਂ ਬਚ ਜਾਵੇ। ਪੰਜ ਵਿਸ਼ੇ ਨੇ - ਸ਼ਬਦ, ਸਪਰਸ਼, ਰੂਪ, ਰਸ, ਗੰਧ, ਐਨੇ ਸ਼ਕਤੀਵਾਨ ਨੇ ਕਿ ਜਾਨ ਲੈ ਲੈਂਦੇ ਨੇ। ਕਹਿੰਦੇ, ਮੱਛੀ ਨੂੰ ਵਿਸ਼ਾ ਹੈ ਜ਼ੁਬਾਨ ਦੇ ਰਸ ਦਾ, ਉਹ ਕੁੰਡੀ ਸਣੇ ਨਿਗ੍ਹਾਰ ਜਾਂਦੀ ਹੈ ਅੰਦਰ, ਫੇਰ ਮਰਨਾ ਪੈਂਦਾ ਹੈ ਉਹਨੂੰ। ਹਾਥੀ ਨੂੰ ਵਿਸ਼ਾ ਹੈ ਸਪਰਸ਼ ਦਾ, ਕਾਮ ਦਾ। ਕਾਗਜ਼ਾਂ ਦੀ ਹਥਣੀ ਬਣਾ ਕੇ ਖੜ੍ਹੀ ਕਰ ਦਿੰਦੇ ਨੇ, ਹੇਠਾਂ ਟੋਇਆ ਪੁਟਿਆ ਹੁੰਦਾ ਹੈ, ਉਤੇ ਮਾੜਾ ਜਿਹਾ ਫੂਸ ਪਾਇਆ ਹੁੰਦਾ ਹੈ, ਨੱਠਿਆ ਹੀ ਆਉਂਦਾ ਹੈ, ਦੜੱਮ ਟੋਏ ਵਿਚ ਗਿਰ ਜਾਂਦਾ ਹੈ, ਸਾਰੀ ਜ਼ਿੰਦਗੀ ਆਦਮੀ ਦੀ ਗੁਲਾਮੀ ਕਟਦਾ ਹੈ। ਭੌਰੇ ਨੂੰ ਵਿਸ਼ਾ ਹੈ ਸੁਗੰਧੀ ਦਾ। ਫੁੱਲ 'ਤੇ ਆ ਕੇ ਬਹਿ ਜਾਂਦਾ ਹੈ, ਫੇਰ ਨਹੀਂ ਉਠਦਾ, ਸ਼ਾਮ ਨੂੰ ਫੁੱਲ ਬੰਦ ਹੋ ਜਾਂਦਾ ਹੈ, ਵਿਚੋਂ ਮਰਿਆ ਹੋਇਆ ਹੀ ਨਿਕਲਦਾ ਹੈ। ਪਰਵਾਨੇ ਨੂੰ ਵਿਸ਼ਾ ਹੈ ਨੇਤਰਾਂ ਦਾ। ਦੀਵਾ ਜਲਦਾ ਹੈ, ਉਹ ਨੱਠਿਆ ਹੀ ਜਾਏਗਾ ਓਧਰ ਨੂੰ, ਜਾ ਕੇ ਦੀਵੇ ਦੀ ਲਾਟ ਵਿਚ ਫੰਘ ਸੜ ਜਾਂਦੇ ਨੇ, ਹੇਠਾਂ ਗਿਰ ਪੈਂਦਾ ਹੈ ਉਹ ਵੀ ਮਰ ਜਾਂਦਾ ਹੈ। ਹਰਨ ਨੂੰ ਵਿਸ਼ਾ ਸ਼ਬਦ ਦਾ, ਸੁਣਨ ਦਾ, ਜਦੋਂ ਘੰਡੇਹੇੜੇ ਦਾ ਸ਼ਬਦ ਸ਼ਿਕਾਰੀ ਵਜਾਉਂਦਾ ਹੈ, ਸਿੱਧਾ ਹੀ ਚਲਿਆ ਜਾਂਦਾ ਹੈ ਉਹਦੇ ਕੋਲ। ਨੇੜੇ ਜਾ ਕੇ ਲਿਟਣ ਲਗ ਜਾਂਦਾ ਹੈ, ਐਨਾ ਮਸਤ ਹੋ ਜਾਂਦਾ ਹੈ, ਉਹ ਆ ਕੇ ਆਰਾਮ ਨਾਲ ਹੀ ਫੜ ਲੈਂਦਾ ਹੈ ਉਹਨੂੰ। ਮਹਾਰਾਜ ਕਹਿੰਦੇ, ਇਕ-ਇਕ ਵਿਸ਼ਾ ਹੈ, ਉਹ ਐਨਾ ਨਾਸ਼ ਕਰ ਦਿੰਦਾ ਹੈ। ਮਨੁੱਖ 'ਚ ਪੰਜੋ ਹੀ ਨੇ ਇਹਦੀ ਕੀ ਆਸ ਹੋ ਸਕਦੀ ਹੈ। ਕਿਉਂਕਿ ਮਾਇਆ ਨੇ ਇਹਨੂੰ ਘੇਰਨ ਵਾਸਤੇ ਵੀ ਓਡਾ ਹੀ ਬੰਦੋਬਸਤ ਕਰਿਆ ਹੋਇਆ ਹੈ। ਹੈ ਸ਼ਕਤੀ ਮਾਇਆ ਵੀ ਵਾਹਿਗੁਰੂ ਦੀ, ਉਹਦੇ ਕਰਕੇ ਸੰਸਾਰ ਚਲਦਾ ਹੈ। ਉਲਟੀਆਂ ਗੱਲਾਂ ਹੁੰਦੀਆਂ ਨੇ ਤੇ ਪ੍ਰਮੇਸ਼ਰ ਨੂੰ ਭੁੱਲ ਜਾਂਦਾ ਹੈ। ਜਾਲ 'ਚ ਫਸ ਜਾਂਦਾ ਹੈ। ਜਾਲ ਦੇ ਹੇਠਾਂ ਚੋਗਾ ਪਾਇਆ ਹੋਇਆ ਹੈ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਚੋਗ ਮਾਇਆ ਨੇ ਬਿਛਾਇਆ ਹੇਠ ਜਾਲ ਦੇ,***
***ਭੋਲਾ ਪੰਛੀ ਆਣ ਫਸਿਆ।***

***ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥***
***ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥***

***ਅੰਗ - 50***

ਮਹਾਰਾਜ ਕਹਿੰਦੇ, ਮਾਇਆ ਨੇ ਜਾਲ ਵਿਛਾ ਦਿਤਾ ਸਾਰਾ। ਜਿੰਨੇ ਰਿਸ਼ਤੇਦਾਰ, ਜਿੰਨੀ ਜਾਇਦਾਦ, ਜਿੰਨੀਆਂ ਅੰਦਰ ਵਾਸ਼ਨਾਵਾਂ, ਬਹੁਤ ਅਜੀਬ ਕਿਸਮ ਦਾ ਜਾਲ ਵਿਛਾਇਆ ਹੋਇਆ ਹੈ। ਹੇਠਾਂ ਚੋਗਾ ਰਖ ਦਿਤਾ, ਜਿਹੜਾ ਇਹਨੂੰ ਵਧੀਆ ਲਗਦਾ ਸੀ। ਚੋਲਾਂ ਦਾ ਚੋਗਾ ਰਖ ਦਿਤਾ, ਦੂਰੋਂ ਦਿਸਦਾ ਹੈ ਕਬੂਤਰਾਂ ਨੂੰ। ਉਹ ਦੇਖਦੇ ਹਨ ਕਿ ਇਹ ਜਾਲ ਹੈ, ਆ ਕੇ ਇਕ ਦਮ ਚੁਗਣ ਲਗ ਜਾਂਦੇ ਨੇ, ਸ਼ਿਕਾਰੀ ਝਟਕਾ ਮਾਰਦਾ ਹੈ, ਸਾਰੇ ਵਿਚ ਫਸ ਜਾਂਦੇ ਨੇ। ਹੁਣ ਤ੍ਰਿਸ਼ਨਾ ਦਾ ਬੱਧਿਆ ਹੋਇਆ ਪੰਖੀ ਫਸ ਗਿਆ, ਹੁਣ ਨਿਕਲ ਨਹੀਂ ਹੁੰਦਾ। ਹੁਣ ਕਰੋੜਾਂ ਜਨਮ ਇਹਨੂੰ ਚੱਕਰ

ਲਾਉਣਾ ਪੈਣਾ ਹੈ, ਚੱਕਰ ਖਾਏਗਾ, ਕਿਉਂਕਿ ਨਾਮ ਨੂੰ ਭੁੱਲਿਆ ਹੈ। ਮਾਇਆ ਦੇ ਜਾਲ 'ਚ ਫਸ ਗਿਆ।

***ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥***
***ਜੇਤਾ ਊਡਹਿ ਦੂਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥***

***ਅੰਗ - 66***

ਜਿੰਨਾਂ ਉਡਦਾ ਹੈ, ਜਿੰਨੇ ਕਰਮ ਕਰਦਾ ਹੈ, ਓਨਾ ਹੀ ਦੁਖ ਇਹਦੇ ਗਲ ਪੈਂਦਾ ਹੈ, ਮੁੱਕਦੇ ਹੀ ਨਹੀਂ ਕਰਮ ਐਨੇ ਗਲ 'ਚ ਪੈ ਜਾਂਦੇ ਨੇ। ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ, ਕਦੇ ਕੁਛ ਬਣਦਾ ਹੈ, ਕਦੇ ਕੁਛ ਬਣਦਾ ਹੈ। ਆਹ ਸਾਡਾ ਹਾਲ ਮਹਾਰਾਜ ਨੇ ਦਸਿਆ ਹੈ ਕਿ ਪਿਆਰਿਆ! ਤੂੰ ਆਇਆ ਕਿਹੜੇ ਕੰਮ ਸੀ-

***ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥***
***ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥*** ***ਅੰਗ - 43***

ਤੇਰੀ ਤਾਂ ਉਮਰ ਮੁੱਕ ਰਹੀ ਹੈ ਤੂੰ ਕਿਹੜੇ ਚੱਕਰਾਂ 'ਚ ਪੈ ਗਿਆ। ਤੈਨੂੰ ਨਾਮ ਦੇ ਬਾਰੇ ਨਹੀਂ ਪਤਾ ਲੱਗਿਆ ਕਿਉਂਕਿ ਤੂੰ ਗੁਰੂ ਨਹੀਂ ਧਾਰਨ ਕਰਿਆ, ਨਾਮ ਜਪਿਆ ਨਹੀਂ, ਨਾਮ ਦੇ ਉਤੇ ਤੂੰ ਵਿਸ਼ਵਾਸ਼ ਨਹੀਂ ਲਿਆਂਦਾ ਤੇ ਨਾਮ ਦੀ ਮਹਿਮਾ ਦਾ ਤੈਨੂੰ ਪਤਾ ਨਹੀਂ ਲੱਗਿਆ ਕਿ ਨਾਮ ਕੀ ਚੀਜ਼ ਹੈ। ਕਹਿੰਦੇ, ਜੇ ਇਕ ਵਾਰੀ ਤੂੰ ਨਾਮ ਲੈ ਲਏਂ, ਹਿਰਦੇ ਤੋਂ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।*** ***ਅਕਾਲ ਉਸਤਤਿ***

ਤੇਰੇ ਗਲ 'ਚੋਂ ਕਾਲ ਦੀ ਫਾਸੀ ਲਹਿ ਜਾਏਗੀ। ਪਰ ਇਕ ਚਿੱਤ ਹੁੰਦਾ ਹੀ ਨਹੀਂ ਹੈ। ਪਤਾ ਹੀ ਨਹੀਂ ਹੈ ਇਕ ਚਿੱਤ ਕਿਸ ਨੂੰ ਕਹਿੰਦੇ ਨੇ। ਜੀਭ ਨਾਲ ਤਾਂ ਕਰਦਾ ਹੈ ਰਾਮ-ਰਾਮ। -

***ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥***
***ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ ॥***

***ਅੰਗ - 491***

ਸੋ ਮਹਾਰਾਜ ਜੀ ਨੇ ਬਹੁਤ ਤਰੀਕੇ ਨਾਲ ਸਾਨੂੰ ਜਗਾਉਣ ਦਾ ਯਤਨ ਕੀਤਾ ਹੈ। ਲੇਕਿਨ ਇਹ ਜੀਵ ਸੁਣਦਾ ਨਹੀਂ ਹੈ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ - 1378***

ਓਧਰ ਨੂੰ ਤਾਂ ਜਾਂਦਾ ਹੈ ਜਿਹਨੇ ਸਰਬ ਨਾਸ਼ ਕਰਨਾ ਹੈ, ਜਿਹਨੇ ਬਚਾਉਣਾ ਹੈ ਓਧਰਲੀ ਗੱਲ ਨਹੀਂ ਸੁਣਦਾ। ਬਾਰ-ਬਾਰ ਇਸ ਤਰ੍ਹਾਂ ਸਾਨੂੰ ਮਹਾਰਾਜ ਜੀ ਫੁਰਮਾਨ ਕਰਦੇ ਨੇ -

***ਧਾਰਨਾ - ਕਹਾਂ ਗਾਫਲ ਸੋਇਆ,***
***ਜਾਗ ਲੇ ਰੇ ਮਨਾਂ ਜਾਗ ਲੇ।***
***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥***

***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥***
***ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥***
***ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥ 1 ॥***
***ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥***
***ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥2॥2॥***

***ਅੰਗ - 726***

ਸੁਪਨੇ ਵਿਚ ਉਲਝ ਗਿਆ ਪਿਆਰਿਆ, ਤੈਨੂੰ ਗੁਰੂ ਜਗਾਉਂਦੇ ਨੇ, ਪਰ ਤੈਨੂੰ ਜਾਗ ਨਾ ਆਈ। ਕਹਿੰਦੇ, ਕੀ ਕੀਤਾ ਜਾਵੇ, ਚਾਰੇ ਵੇਦ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਲੱਖਾਂ ਹੀ ਮਹਾਤਮਾ ਹਾਕਾਂ ਮਾਰਦੇ ਨੇ। ਉਹ ਕੰਨ ਤੋਂ ਅਗਾਂਹਾਂ ਨਹੀਂ ਜਾਂਦੀ ਹੈ, ਜਿੱਥੇ ਪਹੁੰਚਣੀ ਚਾਹੀਦੀ ਹੈ, ਆਵਾਜ਼ ਉਥੇ ਨਹੀਂ ਪਹੁੰਚ ਰਹੀ। ਸਾਰੇ ਮਹਾਂਪੁਰਸ਼ ਇਸ ਗੱਲ ਦੇ ਉਤੇ ਸੋਚਦੇ ਹਨ ਕਿ ਹੈ ਕੀ ਗੱਲ? ਗੱਲ ਸਿੱਧੀ ਜਿਹੀ ਹੈ, ਗੱਲ ਸਮਝਾਉਂਦੇ ਹਾਂ, ਗੁਰੂਆਂ ਦੀ ਕਹੀ ਹੋਈ ਗੱਲ ਹੈ। ਪਰ ਇਹ ਜੀਵ ਜਾਗਦਾ ਨਹੀਂ ਹੈ, ਗੱਲ ਸੁਣਦਾ ਨਹੀਂ ਹੈ, ਇਸ ਰਸਤੇ 'ਤੇ ਲਗਦਾ ਨਹੀਂ। ਜਦੋਂ ਕਰੇਗਾ ਆਪਣੀ ਹੀ ਬਾਤ ਕਰੇਗਾ, ਇਹ ਗੱਲ ਕਦੇ ਨਹੀਂ ਕਰੇਗਾ ਕਿ ਮੇਰਾ ਨਾਮ ਨਹੀਂ ਚਲਦਾ, ਮੈਨੂੰ ਅਗਾਂਹਾਂ ਰਸਤਾ ਦੱਸੋ ਕੋਈ। ਮੈਨੂੰ ਤਾਂ ਬੜਾ ਫਿਕਰ ਹੋ ਗਿਆ ਕਿ ਮੈਂ ਕਿਵੇਂ ਪਾਰ ਲੰਘਾਂਗਾ, ਪਾਰ ਉਤਾਰਾ ਮੇਰਾ ਕਿਵੇਂ ਹੋਏਗਾ? ਸਮਾਂ ਬੀਤਦਾ ਜਾਂਦਾ ਹੈ, ਕੱਲ੍ਹ ਦਾ ਦਿਨ ਲੰਘ ਗਿਆ। ਮਹੀਨੇ ਲੰਘ ਗਏ, ਸਾਲ ਲੰਘ ਗਏ, ਬਚਨ ਸੁਣਦਿਆਂ-ਸੁਣਦਿਆਂ ਗੱਲ ਤਾਂ ਕੋਈ ਬਣੀ ਨਹੀਂ, ਉਥੇ ਦੇ ਉਥੇ ਲਟਕ ਰਹੇ ਹਾਂ। ਕੋਈ ਜਾਗਣ ਦਾ ਯਤਨ ਕਰ ਪਿਆਰਿਆ। ਕਹਿੰਦੇ, ਕਰਿਆ ਕੀ ਜਾਵੇ? - '***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***' ਜਿਹਦੇ ਹਿਰਦੇ 'ਚ ਮਨਮੁਖਤਾਈ, ਕਲਜੁਗ ਵਸ ਗਿਆ, ਸੈਤਾਨ ਵਸ ਗਿਆ, ਕਹਿੰਦੇ ਉਹ ਚਿੱਤ ਨਹੀਂ ਫੇਰਦਾ, ਕੰਨਾਂ ਦੇ ਵਿਚ ਆਵਾਜ਼ ਸੁਣਦਾ ਹੈ ਉਪਰਲੇ-ਉਪਰਲੇ ਪਾਸੇ, ਹੇਠਾਂ ਆਵਾਜ਼ ਨਹੀਂ ਜਾਂਦੀ। ਉਸ ਵੇਲੇ ਮਹਾਂਪੁਰਸ਼ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ***
***ਦਿਤੀਆਂ ਬਾਂਗਾਂ ਤੋਂ ਨਾ ਜਾਗਦੇ।***

ਨਾਮ ਦੀ ਮਹਿਮਾ ਐਨੀ ਵੱਡੀ ਹੈ ਪਰ ਸਮਝ 'ਚ ਕਿਉਂ ਨਹੀਂ ਆਉਂਦੀ? ਕਿਉਂ ਨਹੀਂ ਬੰਦਾ ਨਾਮ ਜਪਦਾ, ਕਿਉਂਕਿ ਉਹਨੂੰ ਜਾਗ ਨਹੀਂ ਆਉਂਦੀ। ਮਾਇਆ ਦੀ ਨੀਂਦ ਵਿਚ ਸੌਂ ਗਿਆ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ - 920***

ਨਾਮ ਦੀ ਜੋ ਮਹਿਮਾ ਹੈ, ਇਹ ਕੇਵਲ ਜਿਨ੍ਹਾਂ ਨੇ ਬੰਦਗੀ ਕੀਤੀ ਹੈ, ਉਨ੍ਹਾਂ ਨੂੰ ਇਸ ਮਹਿਮਾ ਦਾ ਪਤਾ ਹੈ-

***ਨਾਮ ਕੀ ਮਹਿਮਾ ਸੰਤ ਰਿਦ ਵਸੈ ॥***
***ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥***

***ਸੰਤ ਕਾ ਸੰਗੁ ਵਡਭਾਗੀ ਪਾਈਐ ॥***
***ਸੰਤ ਕੀ ਸੇਵਾ ਨਾਮੁ ਧਿਆਈਐ ॥*** ***ਅੰਗ - 265***

ਸੰਤਾਂ ਨੂੰ ਪਤਾ ਹੈ ਇਸ ਨਾਮ ਦੀ ਮਹਿਮਾ ਦਾ, ਮਹਾਰਾਜ ਕਹਿੰਦੇ, ਪੁੱਛੋ ਸੰਤਾਂ ਨੂੰ। ਕਿੰਨੀ ਮਹਿਮਾ ਹੈ, ਸਤਿ ਦੀ ਬਾਤ ਤੁਹਾਨੂੰ ਸੁਣਾਉਂਦੇ ਹਾਂ, ਇਤਬਾਰ ਕਿਉਂ ਨਹੀਂ ਆਉਂਦਾ, ਕਿਉਂ ਨਹੀਂ ਯਕੀਨ ਤੁਹਾਨੂੰ ਆਉਂਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

***ਧਾਰਨਾ - ਨਾਮ ਜਪ ਕੇ ਲੱਖਾਂ ਦਾ ਹੋ ਗਿਆ,***
***ਨਾਮਾ ਅੱਧੀ ਦਮੜੀ ਦਾ।***

***ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥***
***ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥*** ***ਅੰਗ - 487***

ਲੀਨ ਹੋ ਗਿਆ ਮਨ ਨਾਮ ਦੇ ਨਾਲ, ਨਾਮਦੇਵ ਜੀ ਦਾ। ਅਵਸਥਾ ਕੀ ਬਣੀ? ਜਦੋਂ ਨਾਮ ਹਿਰਦੇ 'ਚ ਆ ਗਿਆ, ਹਿੰਦੋਸਤਾਨ ਦਾ ਚੱਕਰਵਰਤੀ ਬਾਦਸ਼ਾਹ ਸ਼ਾਹ ਸਲੇਮ ਲੋਧੀ ਖਾਨਦਾਨ ਨਾਲ ਸਬੰਧ ਰੱਖਣ ਵਾਲਾ, ਜਦੋਂ ਮਰੀ ਹੋਈ ਗਊ ਜਿਉਂਦੀ ਕਰਾਈ ਉਸ ਨੇ ਨਾਮਦੇਵ ਜੀ ਤੋਂ, ਪ੍ਰਮੇਸ਼ਰ ਨੇ ਆ ਕੇ ਕਰ ਦਿਤੀ। ਉਸ ਵੇਲੇ ਉਹਨੂੰ ਸਜ਼ਾ ਦਿਤੀ ਥੋੜ੍ਹੀ, ਐਸਾ ਦਰਦ ਉਠਿਆ ਪੇਟ ਵਿਚ ਲਿਟਦਾ ਫਿਰਦਾ ਹੈ ਕਿ ਮੈਨੂੰ ਬਚਾਓ। ਹਕੀਮਾਂ ਨੇ ਜਵਾਬ ਦੇ ਦਿਤਾ ਕਿ ਬਾਦਸ਼ਾਹ! ਇਹ ਤਾਂ ਦਰਦ ਐਸਾ ਹੈ ਕਿ ਪ੍ਰਾਣ ਵੀ ਤੇਰੇ ਨਿਕਲ ਸਕਦੇ ਨੇ। ਕਹਿੰਦਾ, ਮੈਨੂੰ ਬਚਾਓ। ਸਿਆਣਿਆਂ ਨੇ ਕਿਹਾ ਕਿ ਤੂੰ ਭਗਤ ਨੂੰ ਦੁੱਖ ਦਿਤਾ ਹੈ ਤੇ ਇਹ ਹੁਣ ਓਹੀ ਮਾਫ ਕਰ ਸਕਦਾ ਹੈ। ਉਸ ਵੇਲੇ ਨਾਮਦੇਵ ਜੀ ਨੂੰ ਬੁਲਾਉਂਦਾ ਹੈ, ਗਲ 'ਚ ਪੱਲਾ ਪਾ ਲਿਆ, ਘਾਹ ਪਾ ਲਿਆ। ਹਿੰਦੋਸਤਾਨ ਦਾ ਚੱਕਰਵਰਤੀ ਬਾਦਸ਼ਾਹ ਜਿਹੜਾ ਥੋੜ੍ਹਾ ਚਿਰ ਪਹਿਲਾਂ ਇਹਨੂੰ ਮਾਰਨ ਵਾਸਤੇ ਤਿਆਰ ਹੋਇਆ-ਹੋਇਆ ਸੀ। ਦੋਵੇਂ ਹੱਥ ਬੰਨ੍ਹੀਂ ਖੜ੍ਹਾ ਹੈ ਸਾਮ੍ਹਣੇ, ਮੂੰਹ 'ਚ ਘਾਹ ਪਾਇਆ ਹੋਇਆ ਹੈ ਤੇ ਕਹਿੰਦਾ ਕੀ ਹੈ-

***ਬਖਸੀ ਹਿੰਦੂ ਮੈ ਤੇਰੀ ਗਾਇ ॥*** ***ਅੰਗ - 1166***

ਹੇ ਨਾਮਦੇਵ! ਮੈਨੂੰ ਬਖਸ਼ ਦੇ, ਮੈਨੂੰ ਕਾਲੀ ਗਊ ਸਮਝ ਲੈ ਤੇ ਬਖਸ਼ ਲੈ। ਕਹਿੰਦੇ, ਕਿੱਡੀ ਵੱਡੀ ਪਦਵੀ ਹੋਈ ਉਹਦੀ - ***'ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥ ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥'*** ਜਦੋਂ ਪ੍ਰਮੇਸ਼ਰ ਮਿਲ ਗਿਆ, ਫੇਰ ਸਾਰੀ ਸ੍ਰਿਸ਼ਟੀ ਦਾ ਮਾਲਕ ਬਣ ਜਾਂਦਾ ਹੈ -

***ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ 1 ॥***
***ਅੰਗ - 397***

ਪਰ ਪ੍ਰਮੇਸ਼ਰ ਨਾ ਤਾਂ ਕਿਸੇ ਭੇਖ ਨਾਲ ਮਿਲਦਾ ਹੈ, ਨਾ ਕਿਸੇ ਹੋਰ ਕਰਮ ਨਾਲ ਮਿਲਦਾ ਹੈ, ਉਹ ਇਕੋ ਹੀ ਚੀਜ਼ ਹੈ, ਹਿਰਦੇ ਦੇ ਵਿਚ ਪਹਿਲਾਂ ਪੂਰਨ ਵਿਸ਼ਵਾਸ਼ ਹੋਵੇ। ਪੂਰਾ ਵਿਸ਼ਵਾਸ਼, ਇਸ ਤਰ੍ਹਾਂ ਨਹੀਂ ਕਿ 90% ਵਿਸ਼ਵਾਸ਼ ਨਾਲ ਹੋਣੈ, 100% ਵਿਸ਼ਵਾਸ਼ ਹੋਵੇ। ਜੇ 10% ਤਰਕ ਹੈ

ਮਨ ਦੇ ਵਿਚ ਖਰਲ ਪਈ ਹੈ। ਇਸ ਤਰ੍ਹਾਂ ਤਾਂ ਦੁਨੀਆਂ ਦਾ ਪਿਆਰ ਨਹੀਂ ਨਿਭਦਾ, ਕਹਿੰਦੇ ਨੇ ਇਹਦੇ ਮਨ ਵਿਚ ਖੋਟ ਹੈ, ਚਾਹੇ ਥੋੜ੍ਹੀ ਹੈ ਚਾਹੇ ਬਹੁਤੀ ਹੈ। ਸੋ ਪਿਆਰ ਦਾ ਅਸੂਲ ਹੀ ਇਹੀ ਹੈ ਕਿ ਖੋਟ ਨਹੀਂ ਕੋਈ ਵੀ ਹੁੰਦੀ, 100% ਲੀਨ ਹੁੰਦਾ ਹੈ। ਆਪਣਾ ਆਪਾ ਗੁਆ ਦਿੰਦਾ ਹੈ। ਸੋ ਮਹਾਰਾਜ ਕਹਿੰਦੇ ਪਿਆਰ ਤੋਂ ਬਿਨਾਂ ਵਾਹਿਗੁਰੂ ਨਹੀਂ ਮਿਲਿਆ ਕਰਦਾ। ਭਗਤ ਜਿਹੜੇ ਨੇ ਉਹ ਭੈ ਗਤੀ, ਪਿਆਰ ਦੇ ਵਿਚ ਚੱਲਣ ਵਾਲੇ, ਅਦਬ ਦੇ ਵਿਚ ਚੱਲਣ ਵਾਲੇ, ਉਨ੍ਹਾਂ ਦਾ ਜ਼ਿਕਰ ਕਰਦੇ ਨੇ -

***ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥***
***ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ 1 ॥***

***ਅੰਗ - 487***

ਜਦੋਂ ਪ੍ਰੀਤ ਪ੍ਰਮੇਸ਼ਰ ਨਾਲ ਪਾਈ ਇਸਨੇ, ਕੋਈ ਪੁੱਛਦਾ ਨਹੀਂ ਸੀਗਾ, ਰੋਟੀ ਵੀ ਮਸਾਂ ਬਣਦੀ ਸੀ। ਲੇਕਿਨ ਹੋਇਆ ਕੀ, ਡੇਢ ਕਰੋੜ ਬੰਦਾ ਤਾਰਿਆ ਕਬੀਰ ਸਾਹਿਬ ਨੇ -

***ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥***
***ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥ 2 ॥***

***ਅੰਗ - 487***

ਮਾਇਆ ਦਾ ਤਿਆਗ ਕਰ ਦਿਤਾ, ਜਿਹਨੂੰ ਹੁਣ ਤੱਕ ਅਸੀਂ ਮਾਇਆ-ਮਾਇਆ ਕਹਿੰਦੇ ਹਾਂ, ਉਹ ਬਿਲਕੁਲ ਨੇੜੇ ਨਾ ਆਉਣ ਦਿਤੀ। ਨਾ ਚੇਤਨ ਮਾਇਆ ਆਉਣ ਦਿਤੀ, ਨਾ ਜੜ੍ਹ ਮਾਇਆ ਆਉਣ ਦਿਤੀ, ਨਾ ਮਾਨਸਿਕ ਮਾਇਆ ਆਉਣ ਦਿਤੀ। ਤਿੰਨੋ ਮਾਇਆ ਦਾ ਤਿਆਗ ਕਰ ਦਿਤਾ ਤੇ ਪਾਰਬ੍ਰਹਮ ਹਿਰਦੇ 'ਚ ਵਸਿਆ ਤਾਂ ਉਸ ਵੇਲੇ ਦਰਸ਼ਨ ਦਿੰਦਾ ਹੈ ਵਾਹਿਗੁਰੂ ਆ ਕੇ।

***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥***
***ਕਨਕ ਕਟਿਕ ਜਲ ਤਰੰਗ ਜੈਸਾ ॥*** ***ਅੰਗ - 93***

ਭਗਤ ਰਵਿਦਾਸ ਜੀ ਕਹਿੰਦੇ ਨੇ ਕਿ ਹੇ ਵਾਹਿਗੁਰੂ! ਤੇਰਾ ਮੇਰਾ ਤੇ ਮੇਰਾ ਤੇਰਾ ਕੀ ਫਰਕ ਹੋਇਆ। ਜਿਵੇਂ ਪਾਣੀ ਤੋਂ ਲਹਿਰ ਉਠੀ, ਸੋਨੇ ਤੋਂ ਗਹਿਣਾ ਬਣ ਗਿਆ ਐਨਾ ਹੀ ਫਰਕ ਹੈ ਨਾ। ਹਾਂ ਤਾਂ ਮੈਂ ਵੀ ਸੋਨਾ। ਜੇ ਲਹਿਰ ਹੈ ਤਾਂ ਮੈਂ ਪਾਣੀ ਹਾਂ। ਆਪਣਾ ਫਰਕ ਨਹੀਂ ਹੈ, ਕਿਉਂਕਿ ਦਰਸ਼ਨ ਦੇਖ ਕੇ ਪਿਆਰ ਦੇ ਵਿਚ ਐਨਾ ਘੁਲ ਗਏ ਕਿ ਵਾਹਿਗੁਰੂ ਤੇ ਰਵਿਦਾਸ ਜੀ ਇਕ ਬਣ ਗਏ।

***ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥***
***ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥ 3 ॥***

***ਅੰਗ - 488***

ਵਾਹਿਗੁਰੂ ਜੀ ਆਪ ਸਰੀਰ ਧਾਰ ਕੇ ਰੇਵਾ ਦੇ ਰਾਣੇ ਦੀ ਸੇਵਾ ਕਰਨ ਆਏ। ਸੇਵਾ ਕਰਦੇ ਫਿਰਦੇ ਨੇ ਕ੍ਰੋੜਾਂ ਬ੍ਰਹਿਮੰਡਾਂ ਦੇ ਮਾਲਕ -

***ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥***

*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥ 4 ॥ 2 ॥*

*ਅੰਗ - 488*

ਭਗਤੀ ਕਰਨ ਲੱਗ ਗਿਆ, ਪ੍ਰਮੇਸ਼ਰ ਨੂੰ ਪਿਆਰ ਕਰਿਆ ਧੰਨੇ ਨੇ। ਹੋਇਆ ਕੀ? ਪ੍ਰਮੇਸ਼ਰ ਪ੍ਰਤੱਖ ਹੋ ਕੇ ਨਿਰਗੁਣ ਰੂਪ, ਜਿਹਦਾ ਰੂਪ ਨਹੀਂ, ਰੰਗ ਨਹੀਂ, ਚਕ੍ਰ ਨਹੀਂ, ਚਿਹਨ ਨਹੀਂ, ਜਾਤ ਨਹੀਂ, ਪਾਤ ਨਹੀਂ; ਅਸੀਂ ਤਾਂ ਘਬਰਾ ਜਾਂਦੇ ਹਾਂ ਕਿ ਹੋਣਾ ਹੀ ਨਹੀਂ ਕੁਛ ਜਿਹਦੀਆਂ ਆਹ ਸਿਫਤਾਂ ਨੇ। ਅਕਾਸ਼ ਜਿਹੋ ਜਿਹਿਆ ਹੋਇਆ ਨਾ ਹੋਇਆ, ਸਾਨੂੰ ਕੀ ਹੈ ਇਸ ਅਕਾਸ਼ ਨਾਲ ਸਬੰਧ। ਉਵੇਂ ਅਸੀਂ ਵਾਹਿਗੁਰੂ ਨੂੰ ਗਿਣ ਲੈਂਦੇ ਹਾਂ।

ਸਾਧਸੰਗਤ ਜੀ! ਵਾਹਿਗੁਰੂ ਸਭ ਕੁਛ ਜਾਨਣਹਾਰ, ਅੰਦਰ-ਬਾਹਰ ਵਸਦਾ, ਆਪਣੇ ਹੁਕਮ ਨੂੰ ਚਲਾਉਣ ਵਾਲਾ, ਸਾਰੀ ਸ੍ਰਿਸ਼ਟੀ ਦੀ ਪਾਲਣਾ ਕਰਨ ਵਾਲਾ, ਵਿਸ਼ੰਭਰ, ਰਾਖੀ ਕਰਨ ਵਾਲਾ, ਬਚਾਉਣ ਵਾਲਾ ਪ੍ਰਮੇਸ਼ਰ ਹੈ। ਸਾਨੂੰ ਇਸ ਕਰਕੇ ਲਗਦਾ ਨਹੀਂ ਕਿ ਜਿਹਦਾ ਰੂਪ, ਰੰਗ, ਰੇਖ, ਭੇਖ, ਚਕ੍ਰ ਚਿਹਨ, ਬਰਨ, ਜਾਤ ਨਹੀਂ ਹੈ, ਇਹ ਕੀ ਹੋਇਆ, ਸੁੰਨ-ਮੁੰਨ ਜਿਹੀ ਹੋਈ। ਐਸੀ ਸੋਚ ਵਾਲਿਆ ਨੂੰ ਪਿਆਰ ਨਹੀਂ ਲਗਦਾ। ਜਿਹਨੂੰ ਪਿਆਰ ਹੈ ਇਹਦੇ ਪਿੱਛੇ ਦੇਖਦਾ ਹੈ ਕਿ ਇਹਦੇ ਪਿੱਛੇ ਤਾਂ ਵਾਹਿਗੁਰੂ ਜੀ ਆਪ ਹੀ ਨੇ, ਹੋਰ ਕੋਈ ਹੈ ਹੀ ਨਹੀਂ ਇਥੇ। ਸੋ ਮਹਾਰਾਜ ਕਹਿੰਦੇ, ਇਹ ਵਸਤੂ ਗਿਣਤੀਆਂ-ਮਿਣਤੀਆਂ ਦੀ ਨਹੀਂ ਪਿਆਰਿਓ! ਇਹ ਤਾਂ ਸਿਰਫ ਪਿਆਰ ਦੇ ਨਾਲ ਪ੍ਰਮੇਸ਼ਰ ਨੂੰ ਮਿਲਿਆ ਜਾਂਦਾ ਹੈ। ਹੋਰ ਕੋਈ ਸਾਧਨ ਨਹੀਂ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਬਿਨਾਂ ਪਿਆਰ ਤੋਂ ਹਰੀ ਨਾ ਮਿਲਦਾ,*
*ਹੋਰ ਸਭੇ ਗੱਲਾਂ ਕੂੜੀਆਂ।*

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ॥*
*ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ*
*ਲੋਕ ਗਯੋ ਪਰਲੋਕ ਗਵਾਇਓ॥*
*ਬਾਸ ਕੀਓ ਬਿਖਿਆਨ ਸੋ ਬੈਠ ਕੈ*
*ਐਸੇ ਹੀ ਐਸੇ ਸੁ ਬੈਸ ਬਿਤਾਇਓ॥*
*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ॥*

*(ਪਾ: 10) ਤ੍ਵਪ੍ਰਸਾਦਿ ਸ੍ਵਯੇ*

*ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥*
*ਨਾ ਤੂ ਆਵਹਿ ਵਸਿ ਬੇਦ ਪੜਾਵਣੇ ॥*
*ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥*
*ਨਾ ਤੂ ਆਵਹਿ ਵਸਿ ਧਰਤੀ ਧਾਈਐ ॥*
*ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥*
*ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ ॥*
*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*

***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ 10 ॥***

***ਅੰਗ - 962***

ਕੋਈ ਚਤੁਰਾਈ ਕੰਮ ਨਹੀਂ ਆਉਂਦੀ -

***ਸਹਸ ਸਿਆਣਪਾ ਲਖ ਹੋਹਿ ਤ ਇਕ। ਨ ਚਲੈ ਨਾਲਿ ॥***

***ਅੰਗ - 1***

ਕੋਈ ਫਿਲਾਸਫੀ ਸਹਾਇਤਾ ਨਹੀਂ ਕਰਦੀ -

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥*** ***ਅੰਗ - 1***

ਕੋਈ ਸਮਾਧੀ ਵਸੀਲਾ ਨਹੀਂ ਬਣਦੀ -

***ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥***

***ਅੰਗ - 1***

ਪਦਾਰਥਾਂ ਦਾ ਭੋਗ ਸੰਤੁਸ਼ਟੀ ਨਹੀਂ ਬਖਸ਼ਦਾ -

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥***

***ਅੰਗ- 1***

ਫੇਰ ਵਾਹਿਗੁਰੂ ਮਿਲੇ ਕਿਵੇਂ? ਕਹਿੰਦੇ, ਉਹ ਪਿਆਰ ਤੋਂ ਬਗੈਰ ਨਹੀਂ ਮਿਲਦਾ। ਉਹ ਆਪ ਪਿਆਰ ਹੈ -

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***

***ਜਾਪੁ ਸਾਹਿਬ***

ਨਾਮਦੇਵ ਜੀ ਬਚਪਨ ਤੋਂ ਸਤਿਸੰਗ ਕਰਦੇ ਸੀ, ਜਿਵੇਂ ਛੋਟੇ ਬੱਚੇ ਕਰਦੇ ਨੇ। ਆਮ ਜਾਇਆ ਕਰਦੇ ਸੀ ਆਪਣੇ ਪਿਤਾ ਹੈ ਨਹੀਂ, ਨਾਨਾ ਜੀ ਨਾਲ। ਉਹ ਵੀ ਭਲੇ ਪੁਰਸ਼ ਸੀ, ਘਰ ਆ ਕੇ ਉਹ ਪੂਜਾ ਪਾਠ ਕਰਦੇ ਸੀ। ਨਾਮਦੇਵ ਨੂੰ ਸੋਹਣੀਆਂ ਸਾਖੀਆਂ ਸੁਣਾਉਣੀਆਂ, ਕੋਈ ਮਹਾਂਪੁਰਸ਼ ਬਚਪਨ 'ਚ ਮਿਲ ਗਏ ਤੇ ਨਾਮਦੇਵ ਜੀ ਨੂੰ ਭਜਨ ਕਰਨ ਦੀ ਲਟਕ ਲਾ ਦਿਤੀ। ਸ਼ੁੱਧ ਹਿਰਦਾ ਸੀ। ਜਿਵੇਂ ਦੀਵਾ, ਬੱਤੀ ਵੀ ਹੋਵੇ, ਤੇਲ ਵੀ ਹੋਵੇ, ਠੂੱਠੀ ਵੀ ਹੋਵੇ, ਤਾਂ ਸਿਰਫ ਬੱਤੀ ਨਾਲ ਜਗਦੀ ਬੱਤੀ ਲਾਉਣ ਦੀ ਦੇਰ ਹੋਇਆ ਕਰਦੀ ਹੈ। ਐਸੇ ਪੂਰੇ ਮਹਾਤਮਾ ਮਿਲੇ ਭਜਨ ਕਰਨ ਲਾ ਦਿਤਾ ਇਨ੍ਹਾਂ ਨੂੰ ਬਚਪਨ 'ਚ। ਇਨ੍ਹਾਂ ਦੇ ਮਨ ਵਿਚ ਬੜਾ ਚਾਉ ਸੀ ਕਿ ਮੈਂ ਪ੍ਰਮੇਸ਼ਰ ਦੇ ਦਰਸ਼ਨ ਕਰਾਂ। ਮੈਨੂੰ ਪ੍ਰਭੂ ਕਿਵੇਂ ਦਰਸ਼ਨ ਦੇ ਦੇਵੇ। ਨਾਨੇ ਨੇ ਪੜਦਾ ਰਖਿਆ ਹੋਇਆ ਸੀ, ਰੋਜ਼ ਪੂਜਾ ਕਰਦਾ ਸੀ, ਉਹਨੂੰ ਉਪਾਸ਼ਨਾ ਕਹਿੰਦੇ ਨੇ। ਉਪਾਸ਼ਨਾ ਭਗਤੀ ਦੇ ਵਿਚ ਬਹੁਤ ਜ਼ਰੂਰੀ ਚੀਜ਼ ਹੈ। ਬਹੁਤ ਸਾਰੇ ਬਿਸ਼ਨਪਦੇ ਪੜ੍ਹਨੇ, ਉਸ ਤੋਂ ਬਾਅਦ ਉਸ ਨੇ ਭੋਗ ਲਵਾਉਣਾ, ਬੜੀ ਦੇਰ ਤੱਕ ਬੈਠਾ ਰਹਿੰਦਾ ਸੀ ਪੜਦਾ ਸੁੱਟ ਕੇ ਤੇ ਨਾਮਦੇਵ ਜੀ ਦਾ ਭੋਲਾ ਮਨ ਇਹ ਸਮਝਦਾ ਸੀ ਕਿ ਮੇਰੇ ਨਾਨਾ ਜੀ ਰੋਜ਼ ਪ੍ਰਮੇਸ਼ਰ ਨੂੰ ਮਿਲਦੇ ਨੇ। ਕਦੇ ਮੈਨੂੰ ਵੀ ਇਹ ਲੈ ਜਾਣ ਤੇ ਕਦੇ ਮੈਂ ਝਾਤੀ ਪਾ ਲਵਾਂ ਕਿ ਕਿਹੋ ਜਿਹੇ ਨੇ। ਵੈਸੇ ਮਨ ਵਿਚ ਸਾਕਾਰ ਪ੍ਰਭੂ ਦਾ ਧਿਆਨ ਧਰਦੇ ਸੀ। ਕਿਉਂਕਿ ਜਿੰਨਾਂ ਚਿਰ ਸਾਕਾਰ ਦਾ ਧਿਆਨ ਨਾ ਧਰਿਆ ਜਾਵੇ ਨਿਰਾਕਾਰ 'ਚ ਪਹੁੰਚਣਾ ਹੀ ਬੜਾ ਔਖਾ ਹੁੰਦਾ ਹੈ। ਗੁਰੂ ਘਰ ਦੇ ਅੰਦਰ ਧਿਆਨ ਦੀ

ਜੋ ਅਵਸਥਾ ਹੈ, ਸਾਨੂੰ ਬਹੁਤ ਸੁਖਾਲਾ ਕਰਨ ਵਾਸਤੇ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਨਾਲ ਫੁਰਮਾਇਆ ਹੈ –

***ਧਾਰਨਾ – ਧਰੀਏ ਮਨ ਵਿਚ ਧਿਆਨ ਗੁਰਾਂ ਦੀ ਮੂਰਤ ਦਾ।***

***ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ – 864***

ਕਿਉਂਕਿ ਮਨ ਟਿਕਿਆ ਨਹੀਂ ਕਰਦਾ। ਜਦੋਂ ਤਕ ਇਹਨੂੰ ਇਕਾਗਰ ਕਰਨ ਵਾਸਤੇ, ਉਪਾਸ਼ਨਾ ਕਰਨ ਵਾਸਤੇ ਗੁਰੂ ਦਾ ਧਿਆਨ ਨਾ ਧਰਿਆ ਜਾਵੇ। ਬਹੁਤ ਸਾਰੇ ਬੰਦਿਆਂ ਦੇ ਮਨ ਵਿਚ ਸ਼ੰਕੇ ਹੁੰਦੇ ਨੇ, ਕਿਉਂਕਿ ਉਹ ਰਾਹ ਦੇ ਜਾਣੂ ਨਾ ਹੋਣ ਕਰਕੇ, ਕਈ ਸ਼ੰਕੇ ਆਪ ਵੀ ਖਾਧੇ ਹੁੰਦੇ ਨੇ ਤੇ ਸੁਣਨ ਵਾਲਿਆਂ ਨੂੰ ਵੀ ਪਾ ਦਿੰਦੇ ਨੇ। ਕਿਉਂਕਿ ਮਹਾਤਮਾ ਦਾ ਰਾਹ ਆਪਣਾ ਹੁੰਦਾ ਹੈ, ਉਹ ਜਾਣਦੇ ਹੁੰਦੇ ਨੇ ਕਿ ਜਦੋਂ ਤਕ ਮਨ ਨੂੰ ਗੁਰੂ ਦੇ ਚਰਨਾਂ ਨਾਲ ਨਾ ਬੰਨ੍ਹਿਆ ਜਾਵੇ, ਇਹ ਮਨ ਬੰਨ ਨਹੀਂ ਹੁੰਦਾ। ਪਿਆਰ ਕੀਹਦੇ ਨਾਲ ਕਰੇਗਾ, ਸੁੰਨ ਨੂੰ ਕੌਣ ਦੁਨੀਆਂ 'ਚ ਪਿਆਰ ਕਰਦਾ ਹੈ। ਗੁਰੂ ਨਾਨਕ ਹਾਜ਼ਰ ਨਾਜ਼ਰ ਨੇ ਕਿਤੇ ਗਏ ਨਹੀਂ ਹਨ। ਗੁਰੂ ਦਸ਼ਮੇਸ਼ ਪਿਤਾ ਨੇ ਕਿਹਾ ਸੀ ਕਿ –

***ਪੰਥ ਖਾਲਸਾ ਖੇਤੀ ਮੇਰੀ, ਕਰਹੁੰ ਸੰਭਾਲ ਮੈ ਤਿਸੁ ਕੇਰੀ।***

ਸੋ ਇਸ ਤਰ੍ਹਾਂ ਦੇ ਨਾਲ ਇਹ ਸ਼ੰਕਾ ਨਿਰਮੂਲ ਹੋਇਆ ਕਰਦਾ ਹੈ, ਮਾਇਅਨੇ ਨਹੀਂ ਰਖਦਾ।

ਸੋ ਨਾਮਦੇਵ ਜੀ ਦੇ ਮਨ ਵਿਚ ਜੋ ਮੂਰਤ ਸੀ ਪ੍ਰਭੂ ਦੀ, ਉਹ ਬੜੀ ਅਲੌਕਿਕ ਸੀ। ਮਣੀਆਂ ਵਾਲਾ ਤਾਜ ਰੱਖਿਆ ਹੋਇਆ ਸਿਰ 'ਤੇ, ਮਣੀਆਂ ਦੀ ਰੌਸ਼ਨੀ ਐਨੀ ਹੈ ਕਿ ਅੱਖ ਨਹੀਂ ਉਨ੍ਹਾਂ ਦੇ ਉਤੇ ਟਿਕਦੀ। ਝਿਲਮਿਲ-ਝਿਲਮਿਲ ਕਰ ਰਿਹਾ ਹੈ ਤੇ ਸਰੀਰ ਇਸ ਤਰ੍ਹਾਂ ਹੈ ਜਿਹੋ ਜਿਹਾ ਸੋਨੇ ਦਾ ਰੰਗ। ਬਹੁਤ ਸੁੰਦਰ ਸਰੀਰ, ਮੋਹਿਤ ਹੋ ਜਾਂਦਾ ਹੈ ਆਦਮੀ ਦੇਖਦੇ ਸਾਰ। ਐਸੇ ਸਰੂਪ ਦਾ ਧਿਆਨ ਧਰਿਆ ਕਰਦੇ ਸੀ ਹਮੇਸ਼ਾ ਹੀ ਤੇ ਮਨ ਵਿਚ ਸੀ ਕਿ ਮੈਨੂੰ ਦਰਸ਼ਨ ਹੋ ਜਾਣ ਤੇ ਅੱਜ ਸਮਾਂ ਬਣ ਗਿਆ, ਪਿਤਾ ਨੇ ਕਿਸੇ ਕੰਮ ਜਾਣਾ ਸੀ ਤੇ ਨਾਮਦੇਵ ਜੀ ਨੂੰ ਬੁਲਾਇਆ ਕਹਿੰਦੇ, ਬੇਟਾ! ਮੈਂ ਰੋਜ਼ ਉਪਾਸ਼ਨਾ ਕਰਦਾ ਹਾਂ, ਤੂੰ ਸਮਝਦਾਰ ਹੈਂ, ਭਜਨ ਬੰਦਗੀ ਕਰਨ ਵਾਲਾ ਹੈਂ ਤੇ ਤੂੰ ਇਸ ਤਰ੍ਹਾਂ ਕਰੀਂ ਜਿੰਨੇ ਦਿਨ ਮੈਂ ਨਹੀਂ ਆਉਂਦਾ ਤੇ ਤੂੰ ਉਪਾਸ਼ਨਾ ਕਰੀਂ ਇਸ ਤਰ੍ਹਾਂ ਦੇ ਨਾਲ। ਇਥੋਂ ਥਾਂ ਧੋ ਲਿਆ ਕਰੀਂ ਇਸ਼ਨਾਨ ਕਰਕੇ, ਉਸ ਤੋਂ ਬਾਅਦ ਠਾਕੁਰ ਦਾ ਇਸ਼ਨਾਨ ਕਰਾਇਆ ਕਰੀਂ, ਫੇਰ ਨਾਮਦੇਵ! ਬੜੇ ਹੀ ਪਿਆਰ ਦੇ ਨਾਲ ਭੋਗ ਲਗਾਈਂ, ਤੇ ਦੁੱਧ ਪਿਲਾਈਂ ਠਾਕੁਰ ਨੂੰ। ਐਨੀ ਗੱਲ ਕਹਿ ਦਿਤੀ, ਪਰ ਇਹ ਨਹੀਂ ਕਿਹਾ ਕਿ ਇਹ ਵੱਟੇ ਵਗੈਰਾ ਦੁੱਧ ਨਹੀਂ ਪੀਂਦੇ। ਨਾਮਦੇਵ ਨੂੰ ਇਹ ਸੀ ਕਿ ਸੱਚਮੁੱਚ ਠਾਕੁਰ ਤਾਂ ਹਾਜ਼ਰ ਨਾਜ਼ਰ ਹੈ –

***ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥***

*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥*
*ਅੰਗ - 677*

ਹੁਣ ਮੈਨੂੰ ਉਹਦੇ ਦਰਸ਼ਨ ਕਰਨ ਦਾ ਮੌਕਾ ਮਿਲ ਹੀ ਜਾਏਗਾ। ਕਿਉਂਕਿ ਦੁੱਧ ਪਿਲਾਉਣਾ ਹੈ। ਜਦੋਂ ਉਹ ਦੁੱਧ ਪੀਣਗੇ ਤਾਂ ਮੈਂ ਇਸ ਤਰ੍ਹਾਂ ਉਨ੍ਹਾਂ ਦੇ ਦਰਸ਼ਨ ਕਰਾਂਗਾ, ਟਿਕਟਿਕੀ ਲਗਾ ਕੇ ਇਸ ਤਰ੍ਹਾਂ ਦੇਖਾਂਗਾ, ਇਸ ਤਰ੍ਹਾਂ ਨਮਸ਼ਕਾਰ ਕਰਾਂਗਾ। ਬੜੇ ਮਨ ਵਿਚ ਖਿਆਲ ਆਏ -

*ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।*
*ਠਾਕੁਰੁ ਦੀ ਸੇਵਾ ਕਰੀਂ ਦੁਧੁ ਪੀਆਵਣੁ ਕਹਿ ਸਮਝਾਇਆ।*
*ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।*
*ਭਾਈ ਗੁਰਦਾਸ ਜੀ ਵਾਰ, 10/11*

ਸਮਝਾ ਦਿਤਾ ਕਿ ਇਸ ਤਰ੍ਹਾਂ ਦੇ ਨਾਲ ਤੂੰ ਦੁੱਧ ਪਿਲਾਉਣਾ ਹੈ। ਸੋ ਨਾਮਦੇਵ ਦੇ ਮਨ ਵਿਚ ਬੜਾ ਚਾਉ ਉਪਜਿਆ। ਅੰਮ੍ਰਿਤ ਵੇਲੇ ਉਠਿਆ, ਆਪ ਇਸ਼ਨਾਨ ਕਰਿਆ ਤੇ ਉਸ ਤੋਂ ਬਾਅਦ ਠਾਕੁਰ ਦਾ ਇਸ਼ਨਾਨ ਕਰਾਇਆ, ਚਰਨਾਂਮ੍ਰਿਤ ਲਿਆ, ਗਊ ਕੋਲ ਗਿਆ, ਜਾ ਕੇ ਥਣ ਧੋਤੇ, ਸ਼ੁੱਧ ਬਰਤਨ ਲਿਆ, ਉਹਦੇ ਵਿਚ ਦੁੱਧ ਚੋਇਆ ਕਪਲ ਗਊ ਦਾ। ਬੜੀ ਸੋਧ ਨਾਲ ਲੈ ਕੇ ਆਇਆ, ਲਿਆ ਕੇ ਜਿੰਨਾ ਕੁ ਲਿਜਾਂਦਾ ਹੁੰਦਾ ਸੀ ਪਿਤਾ, ਓਨਾ ਕੁ ਦੁੱਧ ਲੈ ਕੇ ਕਟੋਰੀ ਭਰ ਕੇ ਛੋਟਾ ਜਿਹਾ ਮੰਦਰ ਬਣਾਇਆ ਹੋਇਆ ਸੀ ਘਰ ਦੇ ਅੰਦਰ, ਉਥੇ ਚਲੇ ਜਾਂਦੇ ਨੇ।

*ਦੂਧੁ ਕਟੋਰੈ ਗਡਵੈ ਪਾਨੀ ॥*
*ਕਪਲ ਗਾਇ ਨਾਮੈ ਦੁਹਿ ਆਨੀ ॥* *ਅੰਗ - 1163*

ਹੱਥ ਧੁਆਉਣ ਨੂੰ ਨਾਲ ਪਾਣੀ ਲੈ ਗਏ ਕਿ ਦੁੱਧ ਜਦੋਂ ਪੀਣਗੇ, ਫੇਰ ਮੈਂ ਹੱਥ ਵੀ ਧੁਆਉਣੇ ਨੇ। ਉਥੇ ਆ ਕੇ ਕਟੋਰੀ ਅੱਗੇ ਰੱਖ ਦਿਤੀ ਤੇ ਨਾਲ ਬੇਨਤੀ ਕਰਨ ਲੱਗੇ ਇਸ ਤਰ੍ਹਾਂ ਦੇ ਨਾਲ -

*ਧਾਰਨਾ - ਦੁੱਧ ਭਰ ਕੇ ਕਟੋਰੀ ਰੱਖ 'ਤੀ,*
*ਹਰਿ ਜੀ ਅੱਗੇ ਨਾਮਦੇਵ ਨੇ।*
*ਠਾਕੁਰ ਨੋ ਨ੍ਹਾਵਾਲਿਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।*
*ਭਾਈ ਗੁਰਦਾਸ ਜੀ ਵਾਰ, 10/11*

ਇਸ਼ਨਾਨ ਕਰਾ ਦਿਤਾ, ਜੋ ਵੱਟਾ ਹੁੰਦਾ ਹੈ, ਜਿਸਨੂੰ ਠਾਕੁਰ ਕਹਿੰਦੇ ਨੇ, ਉਹਦੇ ਵਿਚਾਲੇ ਚਿੱਟੀ ਧਾਰੀ ਹੋਇਆ ਕਰਦੀ ਹੈ। ਗੰਢਕ ਨਦੀ 'ਚੋਂ ਨਿਕਲਦਾ ਹੈ ਸੋ ਉਹਦੇ ਉਤੇ ਨੇਸ਼ਟਾ ਇਹ ਹੁੰਦੀ ਹੈ ਕਿ ਇਹ ਤਾਂ ਪ੍ਰਤੀਕ ਹੈ, ਲੇਕਿਨ ਸੂਖਸ਼ਮ ਰੂਪ ਦੇ ਅੰਦਰ ਮੇਰਾ ਭਗਵਾਨ ਇਹਦੇ ਪਿੱਛੇ ਹੈ। ਪੱਕਾ ਨਿਸ਼ਚਾ ਹੁੰਦਾ ਹੈ। ਜਿੰਨਾ ਚਿਰ ਨਿਸ਼ਚਾ ਨਹੀਂ ਹੁੰਦਾ, ਗੱਲ ਬਣਦੀ ਨਹੀਂ ਹੈ-

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ - 283*

ਵਾਹਿਗੁਰੂ ਚਿੱਤ ਹੀ ਤਾਂ ਆਉਂਦਾ ਹੈ ਜੇ ਪਰਤੀਤ ਹਿਰਦੇ 'ਚ ਹੋਵੇ, ਜੇ ਪਰਤੀਤ ਨਾ ਹੋਵੇ -

***ਕਰਨੀ ਸੁਣਿ ਸੁਣਿ ਜੀਵਿਆ ਭਾਈ***
***ਨਿਹਚਲੁ ਪਾਇਆ ਥਾਉ ॥***
***ਜਿਸੁ ਪਰਤੀਤਿ ਨ ਆਵਈ ਭਾਈ ਸੋ ਜੀਅੜਾ ਜਲਿ ਜਾਉ ॥***

***ਅੰਗ - 640***

ਫੇਰ ਤਾਂ ਉਹ ਜਲ ਜਾਂਦਾ ਹੈ ਕਿਸੇ ਕੰਮ ਦਾ ਨਹੀਂ ਰਹਿੰਦਾ, ਤਰਕ ਵਾਲਾ ਹੋ ਜਾਂਦਾ ਹੈ। ਰਸ ਨਹੀਂ ਆਉਂਦਾ, ਨਾ ਰੱਬ ਨਾਲ ਸਬੰਧ ਜੁੜਦਾ ਹੈ। ਸੋ ਉਸ ਵੇਲੇ ਅੱਗੇ ਰੱਖ ਦਿਤਾ ਦੁੱਧ, ਰੱਖਣ ਤੋਂ ਬਾਅਦ ਬੜੇ ਹੀ ਪਿਆਰ ਦੇ ਨਾਲ, ਅਦਬ ਦੇ ਨਾਲ ਦੋਵੇਂ ਹੱਥ ਜੋੜ ਕੇ ਬੇਨਤੀ ਕਰਦਾ ਹੈ ਇਸ ਤਰ੍ਹਾਂ -

***ਧਾਰਨਾ - ਦੁੱਧ ਪੀ ਲੈ ਮੇਰੇ ਗੋਬਿੰਦ ਰਾਇਆ,***
***ਹੱਥ ਜੋੜ ਕਰਾਂ ਬੇਨਤੀ।***
***ਹਥਿ ਜੋੜਿ ਬਿਨਤੀ ਕਰੈ ਦੂਧੁ ਪੀਅਹੁ ਜੀ ਗੋਬਿੰਦ ਰਾਇਆ।***
***ਨਿਹਚਉ ਕਰਿ ਆਰਾਧਿਆ***
***ਹੋਇ ਦਇਆਲੁ ਦਰਸੁ ਦਿਖਲਾਇਆ।***

***ਭਾਈ ਗੁਰਦਾਸ ਜੀ, ਵਾਰ 10/1***

ਸ਼ੱਕ ਨਹੀਂ ਮਨ ਵਿਚ 1% ਵੀ ਕਿ ਇਹਨੇ ਦੁੱਧ ਨਹੀਂ ਪੀਣਾ, ਹੱਥ ਜੋੜੇ ਬੇਨਤੀ ਕਰੀ ਕਿ ਹੇ ਪ੍ਰਭੂ! ਦੁੱਧ ਆਪ ਦੇ ਅੱਗੇ ਮੈਂ ਲੈ ਆਇਆ ਹਾਂ, ਆਪ ਲੋੜ ਅਨੁਸਾਰ ਛਕ ਲਓ ਏਸ ਨੂੰ। ਬਹੁਤ ਨਿਸ਼ਚੇ ਦੇ ਨਾਲ ਅਰਾਧਿਆ। ਥੋੜ੍ਹਾ ਚਿਰ ਜਦੋਂ ਨਾ ਛਕਿਆ, ਉਸ ਵੇਲੇ ਆਪ ਨੇ ਇਕ ਮਜਬੂਰੀ ਦੱਸੀ, ਕਹਿੰਦੇ-

***ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ॥***

***ਅੰਗ- 1163***

ਮੇਰੇ ਮਨ ਵਿਚ ਵੀ ਪਤੀਜਣਾ ਆ ਜਾਏਗੀ ਕਿ ਤੁਸੀਂ ਮੇਰੇ ਤੋਂ ਵੀ ਦੁੱਧ ਪੀ ਲੈਂਦੇ ਹੋਂ, ਮੇਰੇ ਪਿਤਾ ਜੀ ਤੋਂ ਤਾਂ ਰੋਜ਼ ਪੀਂਦੇ ਹੋਂ। ਜੇ ਤੁਸੀਂ ਦੁੱਧ ਨਾ ਪੀਤਾ ਤਾਂ ਮੈਨੂੰ ਬੜੀ ਤੰਗੀ ਹੋ ਜਾਣੀ ਹੈ। ਮੈਂ ਅੱਜ ਤੱਕ ਕੋਈ ਅਵੱਗਿਆ ਐਸੀ ਨਹੀਂ ਕਰੀ ਕਿ ਉਹ ਮੇਰੇ ਨਾਲ ਨਰਾਜ਼ ਹੋ ਜਾਣ। ਜੇ ਤੁਸੀਂ ਨਾ ਦੁੱਧ ਪੀਤਾ, ਮੈਂ ਬਾਲਕ ਹਾਂ ਛੋਟਾ ਤੇ ਉਹ ਮੇਰੇ ਨਾਲ ਨਰਾਜ਼ ਹੋਣਗੇ, ਮੈਨੂੰ ਡਾਟਾਂ ਪੈਣਗੀਆਂ -

***ਨਾਹੀ ਤ ਘਰ ਕੋ ਬਾਪੁ ਰਿਸਾਇ ॥ ਅੰਗ - 1163***

ਨਹੀਂ ਤਾਂ ਘਰ ਦਾ ਮਾਲਕ ਬਾਪ ਜੋ ਹੈ ਮੇਰਾ, ਕਹਿੰਦੇ ਰੁੱਸ ਜਾਏਗਾ ਮੇਰੇ ਨਾਲ। ਮਾੜੇ ਚੰਗੇ ਸ਼ਬਦ ਕਹੇਗਾ, ਤਾੜਨਾ ਕਰੇਗਾ, ਹੋ ਸਕਦਾ ਹੈ ਕੁਛ ਮਾਰੇ ਵੀ ਮੈਨੂੰ। ਤੁਸੀਂ ਦੁੱਧ ਪੀ ਲਓ, ਜੇ ਮੇਰੇ ਤੋਂ ਕੋਈ ਗਲਤੀ ਹੋਈ ਹੈ ਤਾਂ ਉਹ ਮੈਨੂੰ ਮਾਫ ਕਰ ਦਿਓ -

***ਸੋੁਇਨ ਕਟੋਰੀ ਅੰਮ੍ਰਿਤ ਭਰੀ ॥***

***ਲੈ ਨਾਮੈ ਹਰਿ ਆਗੈ ਧਰੀ ॥*** ***ਅੰਗ -1163***

ਉਸ ਵੇਲੇ ਦੁੱਧ ਪਿਆਉਣ ਵਿਚ ਉਸ ਨੂੰ ਭੋਰਾ ਜਿੰਨਾ ਵੀ ਸ਼ੱਕ ਨਹੀਂ ਸੀ ਕਿ ਪੀਏਗਾ ਕਿ ਨਹੀਂ ਪੀਏਗਾ। ਉਹਨੂੰ ਪਤਾ ਸੀ ਕੇ ਰੋਜ਼ ਪੀਂਦੇ ਨੇ, ਅੱਜ ਵੀ ਪੀ ਲੈਣਗੇ, ਮੈਂ ਬੇਨਤੀ ਕਰਦਾ ਹਾਂ। ਬਾਰ-ਬਾਰ ਬੇਨਤੀਆਂ ਕਰਦਾ ਹੈ। 100% ਨਿਹਚੇ ਨਾਲ ਆਰਾਧਦਾ ਹੈ। ਜਿਥੇ ਨਿਹਚਾ ਹੋਵੇ ਤੇ ਪਿਆਰ ਹੋਵੇ ਉਥੇ ਵਾਹਿਗੁਰੂ ਨੂੰ ਦਰਸ਼ਨ ਦਿਖਾਉਣ ਨੂੰ ਕੋਈ ਦੇਰ ਨਹੀਂ ਲਗਦੀ। ਉਸੇ ਵੇਲੇ ਮੁਕਟਧਾਰੀ ਪ੍ਰਮੇਸ਼ਰ ਜਿਹਦਾ ਇਹ ਧਿਆਨ ਧਰਿਆ ਕਰਦੇ ਸੀ ਭਜਨ ਕਰਨ ਵੇਲੇ, ਕੀ ਦੇਖਦੇ ਨੇ ਸਾਮ੍ਹਣੇ ਝਿਲਮਿਲ-ਝਿਲਮਿਲ ਹੋ ਰਹੀ ਹੈ, ਮਣੀਆਂ ਦੇ ਲਿਸ਼ਕਾਰੇ ਵੱਜ ਰਹੇ ਨੇ। ਤਾਜ ਜਿਹੜਾ ਹੈ ਨਿਗ੍ਹਾ ਨਹੀਂ ਉਸ 'ਤੇ ਟਿਕਦੀ, ਖੁਸ਼ ਹੋ ਗਏ, ਅੰਦਰ ਲਹਿਰ ਚਲ ਗਈ ਖੁਸ਼ੀ ਦੀ ਕਿ ਹੁਣ ਆ ਗਏ ਹੁਣ ਦੁੱਧ ਪੀਣਗੇ। ਉਸ ਵਕਤ ਨੂੰ ਨਾਮਦੇਵ ਜੀ ਹੀ ਜਾਣਦੇ ਨੇ ਦੂਜਾ ਨਹੀਂ ਅਨੁਭਵ ਕਰ ਸਕਦਾ -

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥***

***ਅੰਗ -1370***

ਉਸ ਵੇਲੇ ਪਹਿਲਾਂ ਬਚਨ ਜੋ ਵਾਹਿਗੁਰੂ ਜੀ ਨੇ ਕੀਤਾ ਨਾਮਦੇਵ ਨਾਲ, ਕਹਿੰਦੇ ਨਾਮਦੇਵ! ਪਿਆਰਿਆ! ਮੈਂ ਦੁੱਧ ਦਾ ਭੁੱਖਾ ਨਹੀਂ ਹਾਂ। ਇਹ ਤਾਂ ਦਾਤਾਂ ਸਾਰੀਆਂ ਮੈਂ ਹੀ ਦਿੰਦਾ ਹਾਂ ਦੁਨੀਆਂ ਨੂੰ, ਅੰਨ ਵੀ ਮੈਂ ਦਿੰਦਾ ਹਾਂ, ਦੁੱਧ ਵੀ ਮੈਂ ਦਿੰਦਾ ਹਾਂ। ਕੱਪੜੇ-ਲੀੜੇ, ਸੁਖ, ਸ਼ਾਂਤੀ, ਜਿੰਨੀ ਜਾਇਦਾਦ ਹੈ ਇਹ ਸਭ ਕੁਛ ਮੈਂ ਦਿੰਦਾ ਹਾਂ। ਪਰ ਮੇਰੇ ਨਾਲ ਕੋਈ ਪਿਆਰ ਨਹੀਂ ਕਰਦਾ। ਇਹੋ ਜਿਹੇ ਖੁਟਰ ਨੇ ਬੰਦੇ, ਮੇਰੇ ਨਾਲ ਨਹੀਂ ਪਿਆਰ ਕਰਦੇ, ਮੇਰੀਆਂ ਦਿਤੀਆਂ ਹੋਈਆਂ ਚੀਜ਼ਾਂ ਨਾਲ ਪਿਆਰ ਕਰਦੇ ਨੇ -

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥*** ***ਅੰਗ - 676***

ਪਿਆਰਿਆ! ਇਕ ਤੂੰ ਮੈਂ ਦੇਖਿਆ ਹੈ ਕਿ ਤੇਰੇ ਹਿਰਦੇ ਦੇ ਵਿਚ ਸੱਚਾ ਪਿਆਰ ਹੈ। ਤੇਰਾ ਪਿਆਰ ਜਿਹੜਾ ਹੈ ਉਹ ਮੇਰੇ ਹਿਰਦੇ 'ਚ ਵਸ ਗਿਆ, ਇਸ ਤਰ੍ਹਾਂ ਗੱਲ ਕਰਦੇ ਨੇ -

***ਧਾਰਨਾ - ਤੇਰਾ ਵਸਿਆ ਪਿਆਰ ਹਿਰਦੇ ਮੇਰੇ,***
***ਨਾਮੇ ਨੂੰ ਹਰਿ ਜੀ ਆਪ ਦਸਦੇ।***

ਕਹਿਣ ਲੱਗੇ, ਮੈਨੂੰ ਸਿਰਫ ਜਿਹੜਾ ਪਿਆਰ ਕਰਦਾ ਹੈ ਉਹ ਮੇਰੇ ਹਿਰਦੇ 'ਚ ਵਸਦਾ ਹੈ, ਮੈਨੂੰ ਚੰਗਾ ਲਗਦਾ ਹੈ, ਮੈਂ ਆ ਜਾਂਦਾ ਹੁੰਦਾ ਹਾਂ, ਨਿਰਾਕਾਰ ਹਾਂ, ਮੇਰਾ ਰੂਪ, ਰੰਗ, ਰੇਖ, ਭੇਖ ਕੋਈ ਨਹੀਂ ਹਾਂ ਪਰ ਜਿਸ ਸ਼ਕਲ 'ਚ, ਜਿਸ ਸੂਰਤ 'ਚ ਮੈਨੂੰ ਕੋਈ ਯਾਦ ਕਰਦਾ ਹੈ ਓਹੀ ਰੂਪ ਧਾਰ ਕੇ ਮੈਂ ਆ ਜਾਂਦਾ ਹਾਂ ਤੇ ਮੈਂ ਪਿਆਰ ਦਾ ਬੰਨ੍ਹਿਆ ਹੋਇਆ ਭੀਲਣੀ ਦੇ ਜੂਠੇ ਬੇਰ ਵੀ ਖਾਂਦਾ ਰਿਹਾ ਹਾਂ ਤੇ ਪਿਆਰ ਦਾ ਬੰਨ੍ਹਿਆ ਹੋਇਆ ਬਿਦਰ ਦੇ ਘਰ ਜਾ ਕੇ ਕੇਲਿਆਂ ਦੇ ਛਿੱਲੜ ਵੀ ਖਾਂਦਾ ਰਿਹਾ। ਅਲੂਣੇ

ਸਾਗ ਵੀ ਮੈਂ ਖਾਂਦਾ ਰਿਹਾ। ਨਾਮਦੇਵ! ਅੱਜ ਤੇਰੇ ਪਿਆਰ ਦਾ ਬੰਨ੍ਹਿਆ ਹੋਇਆ ਮੈਂ ਫੇਰ ਆ ਗਿਆ, ਮੇਰੇ ਹਿਰਦੇ 'ਚ ਵਸਦਾ ਹੈ ਜੇ ਕੋਈ ਮੈਨੂੰ ਪਿਆਰ ਕਰਦਾ ਹੈ। ਕਿਉਂਕਿ ਮੈਨੂੰ ਪਿਆਰ ਦੀ ਕਦਰ ਹੈ –

*ਗੋਬਿੰਦ ਭਾਉ ਭਗਤ ਦਾ ਭੁਖਾ।*

ਪਿਆਰ ਕਰਿਆਂ ਤੇ ਮੈਂ ਮਿਲਦਾ ਹਾਂ –

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ॥*

*(ਪਾ:10) ਤ੍ਵਪ੍ਰਸਾਦਿ ਸ੍ਵਯੇ*

ਤੂੰ ਮੈਨੂੰ ਪਿਆਰ ਕਰਿਆ ਹੈ, ਸੱਚਾ ਪਿਆਰ। ਮਾਸੂਮ ਪਿਆਰ ਹੈ, ਇਹਦੇ ਵਿਚ ਸ਼ੱਕ ਦੀ ਗੁੰਜਾਇਸ਼ ਕੋਈ ਨਹੀਂ। ਅਗਰ-ਮਗਰ ਨਹੀਂ ਹੈ, ਸੋ ਪਿਆਰਿਆ! ਤੇਰੇ ਪਿਆਰ ਦਾ ਬੰਨ੍ਹਿਆ ਹੋਇਆ ਮੈਂ ਆ ਗਿਆ –

*ਏਕੁ ਭਗਤੁ ਮੇਰੇ ਹਿਰਦੇ ਬਸੈ ॥*
*ਨਾਮੇ ਦੇਖਿ ਨਰਾਇਨੁ ਹਸੈ ॥ 3 ॥*
*ਦੂਧੁ ਪੀਆਇ ਭਗਤੁ ਘਰਿ ਗਇਆ ॥*
*ਨਾਮੇ ਹਰਿ ਕਾ ਦਰਸਨੁ ਭਇਆ ॥ 4 ॥ 3 ॥*

*ਅੰਗ - 1164*

ਕਿਉਂਕਿ ਨਿਹਚੇ ਨਾਲ ਆਰਾਧਿਆ ਸੀ –

*ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੂਧ ਪੀਆਇਆ॥*

*ਭਾਈ ਗੁਰਦਾਸ ਜੀ, ਵਾਰ 10/11*

ਕਿੱਡੀ ਵੱਡੀ ਗੱਲ ਕਰ ਦਿਤੀ, ਕਰੋੜਾਂ ਬ੍ਰਹਿਮੰਡਾਂ ਦਾ ਮਾਲਕ, ਸਾਮ੍ਹਣੇ ਬੈਠਾ ਝਿਲਮਿਲ-ਝਿਲਮਿਲ ਝਲਕਾਰੇ ਵਜਦੇ ਨੇ। ਕਿੰਨਾ ਸੁੰਦਰ ਸਰੂਪ ਹੋਏਗਾ, ਕਿੰਨੀ ਮੋਹਣੀ ਸੂਰਤ ਹੋਏਗੀ ਤੇ ਨਾਮਦੇਵ ਨਾਲ ਗੱਲਾਂ ਕਰਦੇ ਨੇ ਪਿਆਰ ਦੀਆਂ। ਇਸ ਦੇ ਨਾਲ ਮਹਾਰਾਜ ਕਹਿੰਦੇ ਦੇਖੋ, ਪਿਆਰਿਓ! ਪ੍ਰਤੱਖ ਰੂਪ ਨਾਲ ਜਦੋਂ ਪ੍ਰਮੇਸ਼ਰ ਹੈਗਾ, ਉਹਦੇ ਨਾਲ ਪਿਆਰ ਨਹੀਂ ਸੰਸਾਰ ਕਰਦਾ, ਉਲਟੇ ਚੱਕਰ 'ਚ ਪਿਆ ਹੋਇਆ ਮਾਇਆ ਨਾਲ ਪਿਆਰ ਕਰਦਾ ਹੈ ਤੇ ਪਿਆਰ ਦੇ ਬੰਨ੍ਹੇ ਹੋਏ ਹੀ ਪ੍ਰਮੇਸ਼ਰ ਨੇ ਨਾਮਦੇਵ ਦਾ ਦੁੱਧ ਪੀ ਲਿਆ।

*ਧਾਰਨਾ – ਦੁੱਧ ਪੀ ਲਿਆ ਹਰੀ ਨੇ ਆ ਕੇ,*
*ਵਸ ਹੋ ਕੇ ਸੱਚੇ ਪਿਆਰ ਦੇ।*

ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ –

*ਨਾਨਕ ਮਾਇਆ ਕਾ ਮਾਰਣੁ ਸਬਦੁ ਹੈ*
*ਗੁਰਮੁਖਿ ਪਾਇਆ ਜਾਇ ॥* *ਅੰਗ- 853*

ਜਾਲ ਟੁੱਟ ਜਾਂਦਾ ਹੈ ਕਿਉਂਕਿ ਸੰਤਾਂ ਦੇ ਨਾਲ ਮਿਲ ਕੇ ਜਦੋਂ ਅਸੀਂ ਗੁਣ ਗਾਉਂਦੇ ਹਾਂ ਪ੍ਰਭੂ ਦੇ, ਉਨ੍ਹਾਂ ਦਾ ਪ੍ਰਤੱਖ ਅਨੁਭਵ ਹੁੰਦਾ ਹੈ, ਸੋ ਉਹਦੇ ਨਾਲ ਸਾਡੇ ਹਿਰਦੇ 'ਚ ਪਿਆਰ ਆਉਂਦਾ ਹੈ ਜਿਉਂ-ਜਿਉਂ ਪਿਆਰ ਵਧਦਾ ਜਾਂਦਾ ਹੈ ਤਿਉਂ-ਤਿਉਂ ਮਾਇਆ ਦੇ ਤੰਦ ਟੁੱਟਦੇ ਜਾਂਦੇ ਨੇ।

ਸੋ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ –

***ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥***

***ਅੰਗ – 135***

ਜਿਨ੍ਹਾਂ ਨੂੰ ਵਾਹਿਗੁਰੂ ਮਿਲ ਗਿਆ ਉਨ੍ਹਾਂ ਨੂੰ ਕੱਕਰਾਂ ਦੇ ਝੋਲੇ, ਕਹਿੰਦੇ ਠੰਡ ਹੈ, ਜੀਵਨ ਦੇ ਵਿਚ ਉਚੀਆਂ-ਨੀਵੀਆਂ ਗੱਲਾਂ ਕਹਿੰਦੇ ਉਹ ਨਹੀਂ ਵਿਆਪਿਆ ਕਰਦੀਆਂ-ਦੁਖ ਦੇਣ ਵਾਲੀਆਂ। ਕਿਉਂਕਿ ਉਨ੍ਹਾਂ ਦਾ ਮਨ ਜਿਹੜਾ ਹੈ –

***ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥***

***ਅੰਗ –135***

ਉਨ੍ਹਾਂ ਦਾ ਚਰਨਾਂ ਦੇ ਨਾਲ ਮਨ ਵਿੰਨ੍ਹਿਆ ਪਿਆ ਹੈ–

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***

***ਅੰਗ – 708***

ਇਹ ਅਵਸਥਾ ਹੋਈ-ਹੋਈ ਹੈ ਤੇ ਵਾਹਿਗੁਰੂ ਦੇ ਦਰਸ਼ਨਾਂ ਦੀ ਲੋਚਾ ਲੱਗੀ ਪਈ ਹੈ –

***ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥***

***ਅੰਗ – 135***

ਓਟ ਉਨ੍ਹਾਂ ਨੇ ਵਾਹਿਗੁਰੂ ਦੀ ਰੱਖੀ ਹੋਈ ਹੈ ਤੇ ਸੇਵਾ ਦਾ ਲਾਹਾ ਖਟਦੇ ਨੇ –

***ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥***

***ਅੰਗ– 135***

ਫੇਰ ਜਿਹੜਾ ਮਾਇਆ ਦਾ ਐਨਾ ਚੌੜਾ ਜ਼ਿਕਰ ਕਰਿਆ ਹੈ, ਉਹ ਕਹਿੰਦੇ ਫੇਰ ਨਹੀਂ ਇਹ ਅਸਰ ਕਰਦੀ, ਜਦੋਂ ਸੰਤਾਂ ਨਾਲ ਮਿਲ ਕੇ ਤੁਸੀਂ ਵਾਹਿਗੁਰੂ ਦੇ ਗੁਣ ਗਾਵੋਂਗੇ। ਫੇਰ ਕੀ ਹੋਏਗਾ, ਮਾਇਆ ਹਟ ਗਈ, ਹਉਮੈ ਹਟ ਗਈ ਇਹ ਜਿਹੜੀ ਸੁਰਤ ਹੈ –

***ਜਾਪ ਮਰੈ ਅਜਪਾ ਮਰੈ ਅਨਹਦ ਭੀ ਮਰ ਜਾਇ।***
***ਸੁਰਤਿ ਸਮਾਨੀ ਸੁਰਤਿ ਮਹਿ ਆਪ ਆਪ ਕੋ ਖਾਇ।***

ਜਿਹੜੀ ਮੇਰੀ ਛੋਟੀ ਮੈਂ ਇਹ ਖਤਮ ਹੋ ਜਾਏਗੀ ਤੇ ਜਿੱਥੋਂ ਆਪਾਂ ਵਿਛੜੇ ਹਾਂ, ਉਹਦੇ ਨਾਲ ਮਿਲ ਜਾਵਾਂਗੇ –

***ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥***

***ਅੰਗ– 135***

ਐ ਪਿਆਰ ਨੇ ਚੁੱਕ ਕੇ ਵਾਹਿਗੁਰੂ ਦੇ ਵਿਚ ਮਿਲਾ ਦਿਤਾ ਸਾਨੂੰ। ਫੇਰ ਜਦੋਂ ਵਾਹਿਗੁਰੂ ਦੇ ਵਿਚ ਮਿਲ ਗਏ, ਫੇਰ ਨਹੀਂ ਹੈ ਕਿ ਫੇਰ ਅਸੀਂ ਮਾਇਆ ਦੇ ਚੱਕਰ 'ਚ ਆ ਜਾਵਾਂਗੇ। ਕਿਉਂਕਿ ਇਹ ਪਿਆਰ ਐਸਾ ਹੈ ਉਥੋਂ ਦੁਬਾਰਾ ਨਹੀਂ ਆਉਂਦਾ। ਫੇਰ ਵਾਹਿਗੁਰੂ ਦਾ ਵਿਛੋੜਾ ਮਿਲਣ ਤੋਂ ਬਾਅਦ ਨਹੀਂ ਹੋਇਆ ਕਰਦਾ।

***ਧਾਰਨਾ - ਬਾਂਹ ਫੜ ਲਈ ਜਿਨ੍ਹਾਂ ਦੀ ਪਿਆਰੇ ਨੇ,***
***ਹੁੰਦਾ ਨਹੀਂ ਵਿਛੋੜਾ ਮੁੜ ਕੇ।***

ਦੁਬਾਰਾ ਫੇਰ ਨਹੀਂ ਵਿਛੋੜਾ ਹੁੰਦਾ, ਕਿਉਂਕਿ ਉਹਨੇ-

***ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥***

***ਅੰਗ - 135***

ਫੇਰ ਦੁਬਾਰਾ ਨਹੀਂ ਮਾਇਆ ਦਾ ਅਸਰ ਪੈਂਦਾ।

***ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥***

***ਅੰਗ - 135***

ਐਸੇ ਸੱਜਣ ਤੋਂ ਵਾਰ ਜਾਂਦੇ ਹਾਂ ਲੱਖਾਂ ਵਾਰੀ।

***ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥***

***ਅੰਗ - 135***

ਦਰਾਂ ਤੇ ਪਇਆਂ ਦੀ, ਦਰਵਾਜੇ 'ਤੇ ਪਿਆਂ ਦੀ ਲਾਜ ਰੱਖ ਲਈ ਪ੍ਰਭੂ ਨੇ।

***ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥***

***ਅੰਗ - 135***

ਕਹਿੰਦੇ, ਹੁਣ ਸਾਰੇ ਹੀ ਸੁੱਖ ਮਿਲ ਗਏ ਕਿਉਂਕਿ ਪਾਰਬ੍ਰਹਮ ਪ੍ਰਮੇਸ਼ਰ ਨੇ ਬਖਸ਼ ਦਿਤੇ। ਸੋ ਇਸ ਮਹੀਨੇ ਦੇ ਨਾਲ ਸਾਨੂੰ ਮਹਾਰਾਜ ਨੇ ਸਮਝਾਇਆ ਹੈ ਕਿ ਪਿਆਰਿਓ! ਜਨਮ ਬਿਰਥਾ ਜਾ ਰਿਹਾ ਹੈ ਤੁਹਾਡਾ। ਵਾਹਿਗੁਰੂ ਪਿਆਰ ਨਾਲ ਮਿਲਦਾ ਹੈ, ਤੁਸੀਂ ਮਾਇਆ ਦੇ ਚੱਕਰਾਂ 'ਚ ਪੈ ਗਏ ਉਹਨੂੰ ਭੁੱਲੇ ਬੈਠੇ ਹੋਂ। ਜਨਮ ਲੰਘ ਜਾਣਾ ਹੈ, ਸਰੀਰ ਨੇ ਬਿਨਸ ਜਾਣਾ ਹੈ, ਮੁੜ ਕੇ ਹੱਥ ਨਹੀਂ ਆਉਣਾ ਇਹ। ਜਿਹੜੇ ਕੰਮ ਨੂੰ ਕਰਨ ਵਾਸਤੇ ਆਏ ਹੋਂ ਉਹ ਕਰ ਲਓ। ਪਿਆਰ ਕਰਦਾ ਹੈ ਵਾਹਿਗੁਰੂ। ਪਿਆਰ ਨੂੰ ਹਿਰਦੇ 'ਚ ਵਸਾ ਲਓ। ਜੇ ਨਾਮਦੇਵ ਦਾ ਦੁੱਧ ਪੀ ਸਕਦਾ ਹੈ ਤੁਹਾਡੇ ਨਾਲ ਵੀ ਪਿਆਰ ਕਰ ਸਕਦਾ ਹੈ। ਸਾਡੇ ਪਿਆਰ 'ਚ ਖੋਟ ਹੈ, ਸ਼ੱਕ ਹੈ ਸਾਡੇ ਪਿਆਰ 'ਚ। ਹੋਰ ਹੀ ਗੱਲਾਂ ਬਹੁਤ ਨੇ ਸਾਡੇ ਮਨ ਵਿਚ। ਜਿਹੜੀਆਂ ਪਹਿਲਾ ਦਰਜਾ ਰੱਖਦੀਆਂ ਨੇ ਸਾਡੇ ਮਨ ਵਿਚ। ਵਾਹਿਗੁਰੂ ਵਾਲੀ ਗੱਲ ਨਹੀਂ ਪਹਿਲਾ ਦਰਜਾ ਰੱਖਦੀ। ਜਿਹਦੇ ਮਨ ਵਿਚ ਵਾਹਿਗੁਰੂ ਦਾ ਪਹਿਲਾ ਦਰਜਾ ਹੈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

***(ਭਾਈ ਵੀਰ ਸਿੰਘ ਜੀ)***

ਉਹ ਟਿਕਦੇ ਹੀ ਨਹੀਂ, ਉਹ ਹਰ ਵਕਤ ਸਭ ਕੁਛ ਕੁਰਬਾਨ ਕਰਕੇ ਵੀ ਓਧਰ ਨੂੰ ਜਾਂਦੇ ਨੇ। ਸਾਨੂੰ ਕੀ ਹੈ? ਸਾਨੂੰ ਤਾਂ ਦੁਨੀਆਂ ਪਿਆਰੀ ਲਗਦੀ ਹੈ ਜਿਹਨੂੰ ਛੱਡ ਜਾਣਾ ਹੈ, ਇਥੇ ਨਹੀਂ ਰਹਿਣਾ, ਇਹ ਛੱਡਣ ਵਾਲੀ ਚੀਜ਼ ਹੈ। ਸਭ ਨੇ

ਜਾਣਾ ਹੈ, ਵੱਡੇ-ਵੱਡੇ ਇਥੋਂ ਚਲੇ ਗਏ ਨੇ, ਉਹਨੂੰ ਫੇਰ ਅਸੀਂ ਸੱਚ ਮੰਨੀਂ ਬੈਠੇ ਹਾਂ। ਜਿਹੜੇ ਵਾਹਿਗੁਰੂ ਨੂੰ ਇਕ ਵਾਰੀ ਮਿਲ ਕੇ ਫੇਰ ਜਾਣਾ ਹੀ ਨਹੀਂ ਹੈ, ਹਮੇਸ਼ਾਂ ਹੀ ਉਥੇ ਰਹਿਣਾ ਹੈ, ਉਹਦੇ ਨਾਲ ਸਾਡੀ ਰੁਚੀ ਕੋਈ ਨਹੀਂ ਹੈ -

*ਸੰਗਿ ਸਹਾਈ ਸੁ ਆਵੈ ਨ ਚੀਤਿ ॥*
*ਜੋ ਬੈਰਾਈ ਤਾ ਸਿਉ ਪ੍ਰੀਤਿ ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ ॥*
*ਅਨਦ ਕੇਲ ਮਾਇਆ ਰੰਗਿ ਰਸੈ ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥*
*ਕਾਲੁ ਨ ਆਵੈ ਮੂੜੇ ਚੀਤਿ ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥* *ਅੰਗ - 267*

ਵਾਹਿਗੁਰੂ ਕ੍ਰਿਪਾ ਕਰੇ ਸਾਨੂੰ ਸੋਝੀ ਦੇਵੇ, ਪਿਆਰ ਦੇਵੇ। ਬੇਅੰਤ ਪ੍ਰੇਮੀ ਤੁਰਦੇ ਨੇ ਸੰਸਕਾਰਾਂ ਦੇ ਬੰਨ੍ਹੇ ਹੋਏ ਲੇਕਿਨ ਰਾਹ 'ਚ ਫਸ ਜਾਂਦੇ ਹਨ। ਸੋ ਰਾਹ ਵਿਚ ਬੜਾ ਚਿੱਕੜ ਹੈ, ਬੜੀਆਂ ਚੀਜ਼ਾਂ ਨੇ, ਰਿਧੀਆਂ-ਸਿੱਧੀਆਂ ਨੇ, ਮਾਨਤਾ, ਆਪਣੀ ਅਕਲ ਉਤੇ ਰਖਦੇ ਨੇ, ਵਾਹਿਗੁਰੂ ਦੇ ਹੁਕਮ 'ਚ ਨਹੀਂ ਵਰਤਦੇ। ਸੋ ਉਹਦੇ ਨਾਲ ਕੀ ਹੁੰਦਾ ਹੈ? ਮਾਇਆ ਦਾ ਜਾਲ ਉਸੇ ਵੇਲੇ ਪੈ ਜਾਂਦਾ ਹੈ। ਜਿਹੜਾ ਸੁਚੇਤ ਰਹੇ, ਕਹਿੰਦੇ ਜੇ ਪਾਤਣੀ ਸੁਚੇਤ ਹੋਵੇ ਤਾਂ ਖੱਪਰਾਂ ਤੋਂ ਕਿਸ਼ਤੀ ਬਚਾ ਲੈਂਦਾ ਹੈ। ਜੇ ਨਾ ਹੋਵੇ ਤਾਂ ਉਹ ਗੇੜਾ ਖਾਣ ਲਗ ਜਾਂਦੀ ਹੈ ਤੇ ਡੁੱਬ ਜਾਂਦੀ ਹੈ। ਸਫਰ ਚਾਹੇ ਥੋੜ੍ਹਾ ਜਿਹਾ ਹੀ ਰਹਿ ਗਿਆ, ਦਰਿਆ ਇਕ ਮੀਲ ਚੌੜਾ ਹੈ, ਸਭ ਲੰਘ ਆਏ, ਸਿਰਫ ਪੰਜ-ਸੱਤ ਗਜ਼ ਰਹਿ ਗਿਆ, ਉਥੇ ਹੀ ਜੇ ਬੇੜੀ ਭੰਵਰ 'ਚ ਫਸ ਗਈ ਤਾਂ ਡੁੱਬ ਜਾਏਗੀ। ਕਹਿੰਦੇ, ਸੁਚੇਤ ਹੋ ਕੇ ਚੱਲਣ ਦਾ ਰਾਹ ਹੈ। ਪਿਆਰ ਕਰੋ ਵਾਹਿਗੁਰੂ ਨੂੰ। ਬਾਕੀ ਜਿਹੜੀਆਂ ਚੀਜ਼ਾਂ ਦੇ ਵਿਚ ਤੂੰ ਪਿਆਂ ਹੋਇਆਂ ਹੈਂ ਇਹ ਤਾਂ ਧੂੰਏਂ ਦਾ ਪਹਾੜ ਹੈ, ਇਹ ਤਾਂ ਸਤਿ ਨਹੀਂ ਹੈ, ਇਹ ਤਾਂ ਆਉਂਦੀਆਂ ਨੇ, ਜਾਂਦੀਆਂ ਨੇ, ਚਮਤਕਾਰੇ ਦਿਖਾਉਂਦੀ ਹੈ ਮਾਇਆ। ਜਿਵੇਂ ਬਿਜਲੀ ਚਮਕਦੀ ਹੈ, ਇਸ ਤਰ੍ਹਾਂ ਚਕਾਚੂੰਦ ਕਰਦੀ ਹੈ ਸਾਨੂੰ, ਸਾਰੇ ਫਸੇ ਬੈਠੇ ਹਾਂ। ਨਿਕਲੋ ਹਿੰਮਤ ਕਰਕੇ, ਬੰਦਗੀ ਕਰੋ, ਨਾਮ ਜਪੋ, ਆਪਣੇ ਜੀਵਨ ਨੂੰ ਸੁਧਾਰੋ, ਗੁਰੂ ਗ੍ਰੰਥ ਸਾਹਿਬ ਦਾ ਜੋ ਸਤਿਕਾਰ ਹੈ ਹਿਰਦੇ 'ਚ, ਉਹ ਬਹੁਤੇ ਮੱਥੇ ਟੇਕਣ ਨਾਲ ਸਬੰਧ ਨਹੀਂ ਰੱਖਦਾ, ਬਾਣੀ ਦਾ ਆਦਰ ਕਰੋ, ਬਾਣੀ ਨੂੰ ਹਿਰਦੇ 'ਚ ਵਸਾਓ, ਬਾਣੀ ਦਾ ਰੂਪ ਬਣੋ, ਜਿਉਂ-ਜਿਉਂ ਅਸੀਂ ਬਾਣੀ ਦਾ ਚਾਨਣਾ ਲਵਾਂਗੇ, ਵਾਹਿਗੁਰੂ ਨਾਲ ਸਾਡਾ ਪਿਆਰ ਜੁੜਦਾ ਜਾਏਗਾ। ਜਿਉਂ-ਜਿਉਂ ਵਾਹਿਗੁਰੂ ਨਾਲ ਪਿਆਰ ਜੁੜਦਾ ਜਾਏਗਾ, ਮਾਇਆ ਵਾਲਾ ਚੱਕਰ ਦੂਰ ਹੁੰਦਾ ਜਾਏਗਾ। ਸੋ ਬਾਣੀ ਦੇ ਉਪਦੇਸ਼ ਨੂੰ ਕਮਾਓ, ਹਿਰਦੇ 'ਚ ਵਸਾਓ। ਯਾਦ ਰੱਖੋ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਅੰਗ - 677*

ਉਹ ਤਾਂ ਰਹਿੰਦਾ ਹੀ ਨਾਲ ਹੈ, ਦੂਰ ਨਹੀਂ ਜਾਂਦਾ-

*ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ ॥*

*ਅੰਗ- 612*

ਮੈਂ ਮੂਰਖ ਨੇ ਜਾਣ ਲਿਆ ਕਿ ਦੂਰ ਹੈ ਰੱਬ। ਉਹ ਨਾਲ ਰਹਿੰਦਾ ਹੈ, ਆਹ ਸੁੰਨ 'ਚ ਜੇ ਤੁਸੀਂ ਝਾਕਦੇ ਓ, ਜਿਹਨੂੰ ਆਕਾਸ਼ ਕਹਿੰਦੇ ਨੇ, ਇਹਦੇ ਪਿਛਲੇ ਪਾਸੇ ਵਾਹਿਗੁਰੂ ਹੈ।

ਇਕ ਵਾਰੀ ਪੁੱਛਿਆ, ਸਾਰੇ ਮਹਾਤਮਾ ਬੈਠੇ ਨੇ, ਸ਼ਿਵ ਜੀ ਮਹਾਰਾਜ ਆ ਗਏ, ਵਸ਼ਿਸ਼ਟ ਜੀ ਨੇ ਕਿਹਾ ਕਿ ਮਹਾਰਾਜ! ਆਪ ਕ੍ਰਿਪਾ ਕਰਕੇ ਦੱਸੋ ਕਿ ਵਾਹਿਗੁਰੂ ਕਿੰਨਾ ਸੂਖਸ਼ਮ ਹੈ ਕਿਉਂਕਿ ਸੁਰਤ ਨਹੀਂ ਟਿਕਦੀ? ਉਹ ਕਹਿਣ ਲੱਗੇ, ਪਿਆਰਿਓ! ਆਹ ਆਕਾਸ਼ ਹੈ ਜਿਹੜਾ ਇਹ ਹੱਦ ਤੋਂ ਜ਼ਿਆਦਾ ਸੂਖਸ਼ਮ ਹੈ, ਪਹਿਲਾਂ ਮਿੱਟੀ ਤੋਂ ਪਾਣੀ ਸੂਖਸ਼ਮ ਹੈ, ਪਾਣੀ ਤੋਂ ਅੱਗ ਸੂਖਸ਼ਮ ਹੈ, ਅੱਗ ਤੋਂ ਹਵਾ ਸੂਖਸ਼ਮ ਹੈ, ਹਵਾ ਤੋਂ ਆਕਾਸ਼ ਲੱਖਾਂ ਗੁਣਾਂ ਸੂਖਸ਼ਮ ਹੈ। ਆਕਾਸ਼ ਤੋਂ ਇਸ ਤਰ੍ਹਾਂ ਸਮਝ ਲਓ ਕਿ ਇਹ ਤਾਂ ਹੈਗਾ 36000 ਮੀਲ ਲੰਮਾ, 36000 ਮੀਲ ਚੌੜਾ, ਇਕ ਵੱਡਾ ਭਾਰਾ ਪਹਾੜ ਤੇ ਵਾਹਿਗੁਰੂ ਨੂੰ ਜੇ ਅਸੀਂ ਇਹਦੇ ਮੁਕਾਬਲੇ 'ਤੇ ਸੂਖਸ਼ਮਤਾ ਦੇ ਹਿਸਾਬ ਨਾਲ ਰਾਈ ਕਹੀਏ, ਇਕ ਰਾਈ, ਕਹਿਣ ਮਾਤਰ ਹੈ, ਲੇਕਿਨ ਇਸ ਤੋਂ ਵੀ ਸੂਖਸ਼ਮ ਹੈ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ ॥*
*ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ।*

*ਸ਼ਬਦ ਹਜ਼ਾਰੇ ਪਾਤਸ਼ਾਹੀ 10*

ਉਹ ਐਨਾ ਸੂਖਸ਼ਮ ਹੈ ਕਿ ਆਉਂਦਾ ਹੀ, ਉਹਨੂੰ ਅਗੰਮ ਅਗੋਚਰ ਕਹਿ ਦਿੰਦੇ ਨੇ। ਆਹ ਬੁੱਧੀ ਦੇ ਜਿਹੜੇ ਜੰਤਰ ਨੇ ਸਰੀਰ ਦੇ, ਇਹ ਸੀਮਤ ਨੇ, ਇਹ ਨਹੀਂ ਸਮਝ ਸਕਦੇ। ਇਨ੍ਹਾਂ ਦੇ ਵਿਚ ਨਿਹਚਾ ਜਿਹੜਾ ਹੈ, ਪਿਆਰ ਹੈ ਉਹਦੇ ਨਾਲ ਤਾਂ ਇਹ ਸਮਝ ਸਕਦੇ ਨੇ। ਕਿਉਂਕਿ ਉਹ ਨੇਤਰ ਹੋਰ ਨੇ, ਉਹ ਨੇਤਰ ਖੁਲ੍ਹਦੇ ਨੇ ਪਿਆਰ ਦੇ ਨਾਲ। ਜਦੋਂ ਉਹ ਖੁਲ੍ਹ ਜਾਂਦੇ ਨੇ ਫੇਰ ਇਹ ਗੱਲ ਸਮਝ 'ਚ ਆ ਜਾਂਦੀ ਹੈ -

*ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥*

*ਅੰਗ- 577*

*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ 1 ॥* *ਅੰਗ - 407*

ਆਹ ਆਕਾਸ਼ ਦੇ ਅੰਦਰ-ਬਾਹਰ ਹਰ ਥਾਂ ਦੇ ਉਤੇ ਵਾਹਿਗੁਰੂ ਜੀ ਪ੍ਰੀਪੂਰਨ ਹਨ। ਕਿਸੇ ਸਮੇਂ ਸਾਡੇ ਨਾਲੋਂ ਵਿਛੜਦੇ ਹੀ ਨਹੀਂ। ਅਸੀਂ ਸੌਂ ਜਾਂਦੇ ਹਾਂ, ਉਹ ਜਾਗਦੇ ਰਹਿੰਦੇ ਨੇ। ਅਸੀਂ ਪਿੱਠ ਕਰ ਲੈਂਦੇ ਹਾਂ ਉਹ ਸਾਡੇ ਵਲ ਦੇਖਦੇ ਰਹਿੰਦੇ ਨੇ। ਭਜਨ ਕਰਦੇ ਹਾਂ, ਸਾਡਾ ਮਨ ਦੌੜਦਾ ਹੈ, ਉਹ ਦੇਖਦੇ ਰਹਿੰਦੇ ਨੇ ਕਿ ਦੌੜਿਆ ਫਿਰਦਾ ਹੈ। ਨਾਮ ਜਪਦਾ ਸਮਾਂ

ਖਰਾਬ ਕਰ ਰਿਹਾ ਹੈ ਤੇ ਮੇਰੇ ਨਾਲ ਗੱਲ ਹੀ ਨਹੀਂ ਕਰ ਰਿਹਾ। ਉਹ ਇੰਤਜ਼ਾਰ ਕਰ ਰਹੇ ਨੇ ਕਿ ਪਿਆਰ ਕਰੇ।

ਸਹੀ ਤਰੀਕੇ ਨਾਲ ਭਜਨ ਬੰਦਗੀ ਕਰੋ, ਸਹੀ ਤਰੀਕੇ ਨਾਲ ਪ੍ਰਮੇਸ਼ਰ ਨਾਲ ਪਿਆਰ ਕਰੋ, ਫੇਰ ਜੀਵਨ ਆਪਣਾ ਸਫਲ ਹੋ ਜਾਏਗਾ ਕਿਉਂਕਿ ਮੈਂ ਬੇਨਤੀ ਕਰੀ ਸੀ ਕਿ ਆਇਆ ਤਾਂ ਸੀ ਪ੍ਰਭੂ ਨੂੰ ਮਿਲਣ ਵਾਸਤੇ, ਲੇਕਿਨ ਜਾਲ ਪੈ ਗਿਆ ਮਾਇਆ ਦਾ ਤੇ ਬਹੁਤ ਬੁਰਾ ਹਾਲ ਇਹਦਾ ਹੋ ਰਿਹਾ ਹੈ। ਸੰਤ ਇਹਨੂੰ ਜਗਾਉਣ ਵਾਸਤੇ ਆਉਂਦੇ ਨੇ। ਜਦੋਂ ਜਾਗ ਪੈਂਦਾ ਹੈ ਫੇਰ ਕੀ ਹੁੰਦਾ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥* **ਅੰਗ - 294**

ਕੋਈ ਜਗ੍ਹਾ ਐਸੀ ਨਹੀਂ, ਨਿਸ਼ਚਿਤ ਨਹੀਂ ਕਰ ਸਕਦੇ ਕਿ ਇਥੇ ਵਾਹਿਗੁਰੂ ਨਹੀਂ। ਸੋ ਪਿਆਰ ਦੇ ਨਾਲ ਇਸ ਸਰੀਰ ਨੂੰ ਮਿਲ ਜਾਂਦਾ ਹੈ। ਇਹ ਸਰੀਰ ਮਿਲਿਆ ਹੀ ਇਸ ਕਰਕੇ ਹੈ ਕਿ ਇਸ ਵਿਚ ਸਮਰੱਥਾ ਹੈ ਕਿ ਵਾਹਿਗੁਰੂ ਨੂੰ ਪਿਆਰ ਕਰ ਸਕਦਾ ਹੈ। ਦੂਸਰਾ ਇਹਦੇ 'ਚ ਸ਼ਕਤੀ ਹੈ ਕਿ ਵਾਹਿਗੁਰੂ ਜਿਸ ਥਾਂ 'ਤੇ ਵਸਦਾ ਹੈ ਸਰੀਰ ਦੇ ਅੰਦਰ ਉਹ ਥਾਂ ਖੁਲ੍ਹ ਜਾਂਦਾ ਹੈ ਇਹਦਾ, ਖੁਲ੍ਹਣ ਦੇ ਨਾਲ ਵਾਹਿਗੁਰੂ ਨੂੰ ਸਾਂਗੋ ਪਾਂਗ ਦੇਖ ਲੈਂਦਾ ਹੈ, ਜਿਵੇਂ ਤੁਸੀਂ ਮੈਨੂੰ ਦੇਖ ਰਹੇ ਹੋਂ, ਮੈਂ ਤੁਹਾਨੂੰ ਦੇਖਦਾ ਹਾਂ। ਸੋ ਇਸ ਤਰ੍ਹਾਂ ਦੇ ਨਾਲ ਆਪਣੇ ਜੀਵਨ ਦਾ ਆਧਾਰ ਬਣਾਓ, ਕੱਚੀਆਂ ਗੱਲਾਂ ਛੱਡੋ, ਬਾਕੀ ਸੋਚਾਂ ਛੱਡੋ ਜਿਹੜੀਆਂ ਫਜ਼ੂਲ ਦੀਆਂ ਹੁੰਦੀਆਂ ਨੇ, ਇਹਦੇ ਵਿਚ ਨਾ ਜੀਵਨ ਬਤੀਤ ਕਰੋ। ਖਾਸ ਕਰਕੇ ਜਿਹੜੇ ਰੱਬ ਦੇ ਰਸਤੇ 'ਤੇ ਤੁਰ ਰਹੇ ਨੇ, ਉਨ੍ਹਾਂ ਨੂੰ ਬਹੁਤ ਸਾਵਧਾਨਤਾ ਦੀ ਲੋੜ ਹੈ। ਹੁਕਮ ਦੀ ਕ੍ਰਿਆ ਵਿਚ ਸੋਚਾਂ, ਚਲਾਕੀਆਂ ਕੁਛ ਨਹੀਂ ਮਾਇਅਨੇ ਰਖਦੀਆਂ, ਜਿਹੜਾ ਲੀਨ ਹੋ ਗਿਆ ਸੋ ਹੋ ਗਿਆ, ਆਹੀ ਆਪਣਾ ਜਨਮ ਮਨੋਰਥ ਹੈ, ਚਾਹੇ ਕੁਛ ਮਿਲਦਾ ਹੈ ਮਿਲੇ, ਨਹੀਂ ਮਿਲਦਾ ਨਾ ਮਿਲੇ। ਸਾਨੂੰ ਇਕ ਦੀ ਆਸ ਹੈ ਉਹ ਨਾ ਸਾਡੇ ਹਿਰਦੇ 'ਚੋਂ ਵਿਛੜੇ। ਸੋ ਇਸ ਤਰ੍ਹਾਂ ਆਪਣਾ ਜੀਵਨ ਬਤੀਤ ਕਰੋ, ਭਾਈ! ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਗੁਰ ਸਤੋਤਰ 'ਚ ਬੋਲੋ।

ਅਨੰਦ ਸਾਹਿਬ, ਹੁਕਮਨਾਮਾ, ਅਰਦਾਸ।

# 12

# ਠੱਗ ਨਿਸਤਾਰਾ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ- 289*

*ਧਾਰਨਾ - ਵਾਹਿਗੁਰੂ! ਸ਼ਰਨੀ ਜਿਹੜਾ ਤੇਰੇ ਆ ਪਿਆ,*
*ਸਾਰੇ ਪਾਪ ਓਸ ਦੇ ਮਿਟਦੇ।*

*ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥*
*ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥ 1 ॥*
*ਤੂ ਜਾਨਤ ਮੈ ਕਿਛੁ ਨਹੀ ਭਵ ਖੰਡਨ ਰਾਮ ॥*
*ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ॥ 1 ॥ ਰਹਾਉ ॥*
*ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥*
*ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ ॥ 2 ॥*
*ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥*
*ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ ॥*
*ਅੰਗ - 858*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਚਿੱਤ ਬਿਰਤੀਆਂ ਇਕਾਗਰ ਕਰੋ, ਗੁਰੂ ਨਾਨਕ ਪਾਤਸ਼ਾਹ ਦਾ ਜਸ ਕਰਦੇ ਹਾਂ ਆਪਾਂ, ਸੁਖਾਲਾ ਤਰੀਕਾ ਹੈ ਕਿ ਨੇਤਰਾਂ ਦੇ ਨਾਲ ਦਰਸ਼ਨ ਕਰੋ ਗੁਰੂ ਮਹਾਰਾਜ ਜੀ ਦਾ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਬਿਰਤੀ ਨੂੰ ਬਾਹਰ ਜਾਣ ਤੋਂ ਰੋਕੋ। ਜੇ ਬਿਰਤੀ ਬਾਹਰ ਜਾਂਦੀ ਹੈ, ਏਧਰ-ਉਧਰ ਦੇਖਦੇ ਹਾਂ, ਕੌਣ ਆ ਗਿਆ, ਕਿੱਥੇ ਬੈਠ ਰਿਹਾ ਹੈ, ਉਹਦੇ ਨਾਲ ਪੂਰਾ-

ਪੂਰਾ ਲਾਭ ਪ੍ਰਾਪਤ ਨਹੀਂ ਹੋਇਆ ਕਰਦਾ। ਕਦੇ ਕੁਛ ਸੁਣ ਲਿਆ, ਕਦੇ ਭੁੱਲ ਗਏ, ਕਦੇ ਕਿਤੇ-ਕਦੇ ਕਿਤੇ ਦੌੜ ਗਈ ਬਿਰਤੀ। ਇਸ ਕਰਕੇ ਹਰੀ ਦਾ ਜਸ ਜਦੋਂ ਵੀ ਕਰਨਾ ਹੈ, ਤਾਂ ਉਸ ਵੇਲੇ ਪੂਰਾ ਅਸੂਲ ਹੋਇਆ ਕਰਦਾ ਹੈ -

*ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥*
*ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥ 1 ॥*
*ਰਹਾਉ ॥*
*ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥*

*ਅੰਗ - 631*

ਸੰਗਤ ਕਰੋ ਤੇ ਵਾਹਿਗੁਰੂ ਨੂੰ ਯਾਦ ਰੱਖੋ, ਮਹਾਰਾਜ ਕਹਿੰਦੇ ਕਰੋੜਾਂ ਹੀ ਪਾਪਾਂ ਦਾ ਨਾਸ਼ ਹੋ ਜਾਇਆ ਕਰਦਾ ਹੈ - ***'ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ ॥'*** *(ਅੰਗ-858)* ਕਹਿੰਦੇ ਜਿਹੜਾ ਵੀ ਸ਼ਰਨ ਆ ਗਿਆ, ਉਹਦੇ ਉਤੇ ਜੋ ਪਾਪਾਂ ਦਾ ਭਾਰ ਲੱਦਿਆ ਹੋਇਐ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

*ਅੰਗ- 651*

ਕੋਈ ਤਰੀਕਾ ਨਹੀਂ ਕਿ ਅਸੀਂ ਪਾਪਾਂ ਨਾਲੋਂ ਆਪਣੀ ਮੱਤ ਨੂੰ ਦੂਰ ਕਰ ਲਈਏ ਤੇ ਮੱਤ ਨਿਰਮਲ ਹੋ ਜਾਵੇ। ਇੱਕੋ ਹੀ ਤਰੀਕਾ ਹੈ -

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ - 4*

ਸੋ ਚਿੱਤ ਨੂੰ ਇਕਾਗਰ ਕਰਕੇ ਜਦੋਂ ਅਸੀਂ ਸੁਣਾਂਗੇ, ਉਸ ਵੇਲੇ ਸਾਨੂੰ ਸੰਗਤ ਦਾ ਪੂਰਾ-ਪੂਰਾ ਲਾਭ ਪ੍ਰਾਪਤ ਹੋਏਗਾ। ਦੂਰ ਦਰਾਜ਼ ਤੋਂ ਆਪ ਆਏ ਹੋਂ, ਕੋਈ ਪੰਦਰਾਂ ਕਿਲੋਮੀਟਰ ਤੋਂ, ਕੋਈ ਵੀਹ ਕਿਲੋਮੀਟਰ ਤੋਂ ਵੀ ਪ੍ਰੇਮੀ ਆਏ ਬੈਠੇ ਨੇ, ਪੂਰਾ ਲਾਭ ਲਈਏ। ਜਿੰਨਾਂ ਸਮਾਂ ਆਪਾਂ ਨੂੰ ਮਿਲਿਆ ਹੈ, ਕਿਉਂਕਿ ਐਸਾ ਬਾਣੀ ਦਾ ਫੁਰਮਾਨ ਹੈ। ਸਾਰੇ ਪੜ੍ਹਿਆ ਕਰੋ, ਪਹਿਲਾਂ ਦਾਸ ਬੋਲਿਆ ਕਰੇਗਾ, ਫੇਰ ਸਾਰੇ ਭਾਈ ਇਕੱਠੇ ਬੋਲਿਆ ਕਰੋ, ਫੇਰ ਸਾਰੀਆਂ ਬੀਬੀਆਂ ਇਕੱਠੀਆਂ ਹੋ ਕੇ ਬੋਲਿਆ ਕਰੋ, ਬੋਲਣ ਨਾਲ ਬਿਰਤੀ ਟਿਕਦੀ ਹੈ, ਨੇਤਰਾਂ ਦੇ ਨਾਲ, ਅੱਖਾਂ ਨਹੀਂ ਮੀਚੋ, ਕਿਉਂਕਿ ਅੱਖਾਂ ਮੀਚਣ ਵਾਲੇ ਬਹੁਤ ਥੋੜ੍ਹੇ ਪ੍ਰੇਮੀ ਹੁੰਦੇ ਨੇ, ਜਿਨ੍ਹਾਂ ਦੀ ਸੁਰਤ ਅੰਦਰ ਜਾਗਦੀ ਹੁੰਦੀ ਹੈ, ਬਾਕੀਆਂ ਨੂੰ ਤੁੰਦਰਾ ਨੀਂਦ ਪੈ ਜਾਂਦੀ ਹੈ, ਪਤਾ ਹੀ ਨਹੀਂ ਲਗਦਾ, ਨਾਲ ਦਾ ਕਹਿੰਦਾ ਹੈ ਕਿ ਸਮਾਧੀ ਲਾਈ ਬੈਠਾ ਹੈ, ਪਰ ਉਹ ਸੁੱਤਾ ਪਿਆ ਹੁੰਦਾ ਹੈ। ਮਨ ਸੌਂ ਜਾਂਦਾ ਹੈ, ਸਰੀਰ ਜਾਗਦਾ ਰਹਿੰਦਾ ਹੈ। ਗੱਡੀ ਚਲਾਉਂਦੇ ਨੇ, ਬੰਦਾ ਜਾਗਦਾ ਹੈ, ਅੱਖਾਂ ਖੁੱਲ੍ਹੀਆਂ ਨੇ ਪਰ ਸੁੱਤਾ ਪਿਆ ਹੈ ਉਹ। ਦਿਮਾਗ ਸੌਂ ਜਾਂਦਾ ਹੈ, ਇਸ ਤਰ੍ਹਾਂ ਦੀ ਨੀਂਦ ਨੂੰ ਯੋਗਿਕ ਨੀਂਦ ਕਹਿੰਦੇ ਨੇ, ਤੁੰਦਰਾ ਕਹਿੰਦੇ ਨੇ ਸੁਖਾਲੀ ਬੋਲੀ 'ਚ। ਸੋ ਗੱਜ ਵੱਜ ਕੇ ਬੋਲਿਆ ਕਰੋ ਸ਼ਬਦ ਦੇ ਅੰਦਰ, ਇਸ ਦੇ ਨਾਲ ਸਾਡਾ ਸਮਾਂ ਵੀ ਸਫਲ

ਹੋਏਗਾ ਤੇ ਸਾਡੀ ਬਿਰਤੀ ਵੀ ਟਿਕੀ ਰਹੇਗੀ, ਕੀਰਤਨ ਦਾ ਅਨੰਦ ਵੀ ਆਏਗਾ।

*ਧਾਰਨਾ - ਜਸ ਕਰੋ ਵਾਹਿਗੁਰੂ ਦਾ,*
*ਪਿਆਰਿਓ, ਚਿੱਤ ਨੂੰ ਇਕਾਗਰ ਕਰਕੇ।*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ - 295*

ਅੰਦਰ ਸਾਡੇ ਬਹੁਤ ਕਿਸਮ ਦੇ ਖਿਆਲ ਚਲਦੇ ਨੇ, ਇਕ ਬਿਰਤੀ ਨੂੰ ਪ੍ਰਮਾਣ ਬਿਰਤੀ ਕਿਹਾ ਹੈ। ਪ੍ਰਮਾਣ ਬਿਰਤੀ ਉਹ ਹੁੰਦੀ ਹੈ ਕਿ ਜੋ ਦੇਖਣ ਵਾਲੀਆਂ ਚੀਜ਼ਾਂ ਨੇ, ਉਸ ਤੋਂ ਉਪਰ ਨਹੀਂ ਉਹ ਉਠਦੀ, ਉਸੇ ਵਿਚ ਪਰਚੀ ਰਹਿੰਦੀ ਹੈ। ਦੂਸਰੀ ਬਿਰਤੀ ਹੋਇਆ ਕਰਦੀ ਹੈ, ਉਹਨੂੰ ਵਿਖਸ਼ੇਪ ਬਿਰਤੀ ਕਹਿੰਦੇ ਨੇ, ਉਹ ਚਿੱਤ ਹਿਲਦਾ-ਜੁਲਦਾ ਰਹਿੰਦਾ ਹੈ, ਇਕ ਥਾਂ ਦੇ ਉਤੇ ਇਕਾਗਰ ਨਹੀਂ ਹੋਇਆ ਕਰਦਾ। ਇਕ ਬਿਰਤੀ ਹੁੰਦੀ ਹੈ ਜਿਸਨੂੰ ਸਿਮ੍ਰਿਤੀ ਬਿਰਤੀ ਕਹਿੰਦੇ ਨੇ, ਭੁੱਲੀਆਂ ਹੋਈਆਂ ਗੱਲਾਂ ਉਸ ਵੇਲੇ ਯਾਦ ਆਉਣਗੀਆਂ ਜਦੋਂ ਭਜਨ ਬੰਦਗੀ ਕਰੇਗਾ ਜਾਂ ਅਗਲੀਆਂ ਗੱਲਾਂ ਯਾਦ ਕਰੇਗਾ। ਇਕ ਬਿਰਤੀ ਹੁੰਦੀ ਹੈ ਜਿਸਨੂੰ ਮੂੜ੍ਹਤਾ ਬਿਰਤੀ ਕਹਿੰਦੇ ਨੇ, ਬੋਲਣ ਵਾਲਾ ਕੁਛ ਬੋਲੀ ਜਾਵੇ, ਕੁਛ ਨਹੀਂ ਉਹਦੇ ਸਮਝ 'ਚ ਪੈਂਦਾ। ਇਕ ਬਿਰਤੀ ਹੁੰਦੀ ਹੈ ਜਿਸਨੂੰ ਨਿੰਦਰਾ ਬਿਰਤੀ ਕਹਿੰਦੇ ਨੇ, ਆਦਮੀ ਜਾਗਦਾ ਹੁੰਦਾ ਹੈ, ਮਨ ਸੁੱਤਾ ਹੁੰਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ, ਇਨ੍ਹਾਂ ਤੋਂ ਉੱਠ ਕੇ, ਸਾਵਧਾਨ ਹੋ ਕੇ ਤੂੰ ਹਰੀ ਦਾ ਜਸ ਕਰ - ***'ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥*** ਰਸਨਾ ਦੇ ਨਾਲ ਬੋਲੋ, ਕੰਨਾਂ ਦੇ ਨਾਲ ਸੁਣੋ ਫੇਰ ਪੂਰਾ-ਪੂਰਾ ਲਾਭ ਪ੍ਰਾਪਤ ਹੋਇਆ ਕਰਦਾ ਹੈ। ਨਹੀਂ ਤਾਂ ਸਰੀਰ ਤਾਂ ਆ ਕੇ ਬੈਠ ਗਿਆ ਗੁਰੂ ਮਹਾਰਾਜ ਦੀ ਹਜ਼ੂਰੀ 'ਚ। ਜੇ ਮੈਂ ਇਹ ਕਹਿ ਦੇਵਾਂ ਕਿ ਬਾਈ, ਤੁਹਾਡੀ ਹਾਜ਼ਰੀ ਲਗ ਰਹੀ ਹੈ, ਇਤਿਹਾਸ 'ਚ ਐਸੇ ਜ਼ਿਕਰ ਆਉਂਦੇ ਨੇ ਕਿ ਸਰੀਰ ਦੀ ਹਾਜ਼ਰੀ ਨੂੰ ਨਹੀਂ ਪ੍ਰਵਾਨ ਕੀਤਾ ਗਿਆ।

ਗੁਰੂ ਨਾਨਕ ਪਾਤਸ਼ਾਹ, ਆਪ ਮੋਦੀਖਾਨੇ ਵਿਚ ਕੰਮ ਕਰ ਰਹੇ ਨੇ, ਸੁਲਤਾਨਪੁਰ ਲੋਧੀ। ਉਨ੍ਹਾਂ ਦਿਨਾਂ 'ਚ ਅੱਠ ਵਜ਼ੀਰ ਹੁੰਦੇ ਤੇ ਇਕ ਵਜ਼ੀਰ ਦਾ ਨਾਉਂ ਜਿਹੜਾ ਅੱਜਕਲ੍ਹ civil food & supply ਕਹਾਉਂਦਾ ਹੈ। ਉਹਦਾ ਨਾਉਂ ਉਸ ਵੇਲੇ ਮੋਦੀ ਹੋਇਆ ਕਰਦਾ ਸੀ, ਅੱਠ ਵਜ਼ੀਰ ਹੁੰਦੇ। ਸੋ ਉਨ੍ਹਾਂ ਦੇ ਵਿਚੋਂ ਗੁਰੂ ਨਾਨਕ ਪਾਤਸ਼ਾਹ ਦੇ ਜ਼ਿੰਮੇ ਜਿੰਨੇ ਸਾਧੂ ਸੀ, ਫਕੀਰ ਸੀ, ਗਰੀਬ ਸੀ, ਉਨ੍ਹਾਂ ਨੂੰ ਰਾਸ਼ਨ ਪਹੁੰਚਾਉਣਾ ਤੇ ਫੌਜਾਂ ਨੂੰ, ਰਾਜ ਮਹਿਲਾਂ ਨੂੰ ਹੋਰ ਜਿੱਥੇ-ਜਿੱਥੇ ਵੀ ਰਾਸ਼ਨ ਦਾ ਕਰਿਆ ਹੋਇਐ, ਸਾਰਾ ਰਾਸ਼ਨ ਪਹੁੰਚਾਉਣ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੋਇਆ ਕਰਦੀ ਹੈ। ਆਪ ਉਹ ਮੌਜ ਦੇ ਨਾਲ ਆ ਕੇ ਕਰਮਚਾਰੀਆਂ 'ਚ ਬੈਠ ਜਾਂਦੇ ਸੀ। ਇਹੀ ਨਹੀਂ ਕਿ ਉਨ੍ਹਾਂ 'ਤੇ ਹਕੂਮਤ ਕਰਦੇ ਸੀ, ਉਨ੍ਹਾਂ ਨੂੰ ਜਾਂਚ ਦਸਦੇ ਸੀ ਤੋਲਣ ਦੀ, ਤੱਕੜੀ ਫੜ ਲੈਣੀ, ਤੋਲਣਾ ਸ਼ੁਰੂ ਕਰ ਲੈਣਾ। ਇਕ, ਦੋ, ਬਹੁਤੇ, ਚਾਰ ਇਸ ਤਰ੍ਹਾਂ

ਕਰਦੇ-ਕਰਦੇ ਜਦੋਂ ਬਾਰ੍ਹਾਂ ਕਿਹਾ, ਬਾਰ੍ਹਾਂ ਦੇ 'ਕੰਨੇ' ਨੂੰ ਉਤੇ ਬਿੰਦੀ ਹੈ, ਮਹਾਰਾਜ ਤੇਰਾਂ ਨਹੀਂ ਸੀ ਕਹਿੰਦੇ, ਪਤਾ ਨਹੀਂ ਤੇਰ੍ਹਾਂ 'ਚ ਕੀ ਫਰਕ ਹੈ। ਚੰਡੀਗੜ੍ਹ ਦੇ ਵਿਚ ਤੇਰ੍ਹਾਂ ਸੈਕਟਰ ਹੀ ਨਹੀਂ ਬਣਾਇਆ। ਕਹਿੰਦੇ, ਚੰਗਾ ਨਹੀਂ ਹੁੰਦਾ ਜੀ ਤੇਰ੍ਹਾਂ। ਗੁਰੂ ਮਹਾਰਾਜ 'ਰ' 'ਤੇ ਬਿੰਦੀ ਨਹੀਂ ਸੀ ਲਾਉਂਦੇ, ਮਹਾਰਾਜ ਕਹਿੰਦੇ ਸੀ, ਤੇਰਾ-ਤੇਰਾ-ਤੇਰਾ, ਹੁਣ ਜਦੋਂ 'ਤੇਰਾ' ਹੀ ਕਹਿ ਦਿਤਾ, ਹੁਣ ਅੱਗੇ ਤਾਂ ਚਲਣਾ ਨਹੀਂ, ਤੇਰਾ ਹੀ ਰਹਿਣਾ ਹੈ। ਉਹ ਧੜੀਆਂ ਦੀਆਂ ਧੜੀਆਂ ਪਲਟ-ਪਲਟ ਕੇ ਪਾਈ ਜਾਂਦੇ, ਲੈਣ ਵਾਲੇ ਲਈ ਜਾਂਦੇ ਸੀ, ਜਦੋਂ ਪੰਡ ਭਰ ਜਾਣੀ ਉੱਠ ਕੇ ਤੁਰ ਜਾਣਾ, ਨਾ ਕੋਈ ਗਿਣਤੀ, ਨਾ ਕੋਈ ਮਿਣਤੀ। ਸਰਕਾਰੀ ਕਰਮਚਾਰੀ ਜਿਹੜੇ ਇਸ ਗੱਲ ਦੇ ਉਤੇ ਹੁੰਦੇ ਨੇ, ਨੁਕਸ ਵਾਲੇ, ਸੀ.ਆਈ.ਡੀ ਵਾਲੇ, ਉਨ੍ਹਾਂ ਨੇ ਜਾ ਕੇ ਨਵਾਬ ਨੂੰ ਦੱਸਣਾ ਕਿ ਨਵਾਬ ਸਾਹਿਬ! ਇਹ ਜੋ ਨਵੇਂ ਮੋਦੀ ਸਾਹਿਬ ਆਏ ਨੇ, ਇਹ ਆਪ ਤੋਲਣ ਲਗ ਜਾਂਦੇ ਨੇ ਤੇ ਤੇਰ੍ਹਾਂ ਤੋਂ ਚੌਦਾਂ ਨਹੀਂ ਕਹਿੰਦੇ। ਤੇਰ੍ਹਾਂ-ਤੇਰ੍ਹਾਂ ਹੀ ਕਹਿੰਦੇ ਨੇ। ਜਿਹੜਾ ਤੇਰਾ ਹੋ ਗਿਆ, ਉਥੇ ਘਾਟਾ ਨਹੀਂ ਹੋਇਆ ਕਰਦਾ। ਜਿਥੇ ਮੇਰਾ ਹੀ ਮੇਰਾ ਹੈ -

***ਜਬ ਲਗੁ ਮੇਰੀ ਮੇਰੀ ਕਰੈ ॥***
***ਤਬ ਲਗੁ ਕਾਜੁ ਏਕੁ ਨਹੀ ਸਰੈ ॥***
***ਜਬ ਮੇਰੀ ਮੇਰੀ ਮਿਟਿ ਜਾਇ ॥***
***ਤਬ ਪ੍ਰਭ ਕਾਜੁ ਸਵਾਰਹਿ ਆਇ ॥*** ***ਅੰਗ - 1160***

ਜਦੋਂ 'ਮੇਰੇ' ਦੀ ਥਾਂ 'ਤੇ 'ਤੇਰਾ' ਆ ਜਾਏਗਾ, ਵਾਹਿਗੁਰੂ ਕੰਮ ਕਰਨ ਲਗ ਜਾਂਦਾ ਹੈ। ਵਾਹਿਗੁਰੂ ਕੋਲ ਕੋਈ ਘਾਟਾ ਪੈਂਦੈ? ਸਾਰੀ ਸ੍ਰਿਸ਼ਟੀ ਨੂੰ ਉਹ ਦਿੰਦਾ ਹੈ, ਕਿੰਨੀ ਸ੍ਰਿਸ਼ਟੀ, ਕਿੰਨੇ ਜੀਵ ਜੰਤ ਨੇ, ਉਹ ਹਰੇਕ ਨੂੰ ਰੋਜ਼ੀ ਦੇ ਰਿਹਾ ਹੈ। ਗਿਣਤੀ-ਮਿਣਤੀ ਤੋਂ ਬਾਹਰ ਹੈ।

***ਪਹਿਲੋ ਦੇ ਤੈਂ ਰਿਜਕੁ ਸਮਾਹਾ ॥***
***ਪਿਛੋ ਦੇ ਤੈਂ ਜੰਤੁ ਉਪਾਹਾ ॥*** ***ਅੰਗ - 130***

ਪਹਿਲਾਂ ਰਿਜਕ ਪੈਦਾ ਕਰਿਆ ਹੈ, ਪਿਛੋਂ ਜੰਤ ਪੈਦਾ ਕਰੇ ਨੇ ਤੇ ਗੁਰੂ ਨਾਨਕ ਪਾਤਸ਼ਾਹ ਕੌਤਕ ਕਰਦੇ ਹੋਏ, ਵੇਈਂ ਨਦੀ ਵਿਚ ਇਸ਼ਨਾਨ ਕਰਨ ਗਏ, ਬਾਹਰ ਨਾ ਆਏ। ਬੜੇ ਖਿਆਲ ਨੇ ਦੁਨੀਆਂ ਦੇ ਅੰਦਰ। ਕਈ ਇਹ ਕਹਿੰਦੇ ਨੇ ਕਿ ਗੁਰੂ ਨਾਨਕ ਸਰੀਰ ਨਾਲ ਨਹੀਂ ਸੀ ਗਿਆ, ਉਹ ਪਰਲੇ ਪਾਸੇ ਲੰਘ ਕੇ ਕਿਸੇ ਜੰਗਲ 'ਚ ਬੈਠ ਗਏ ਜਾ ਕੇ, ਤਿੰਨ ਦਿਨ ਵਾਸਤੇ। ਸਾਡੇ ਲਿਖਾਰੀ ਜਿਹੜੇ ਨੇ ਪ੍ਰੋਫੈਸਰ ਵਗੈਰਾ ਉਹ ਵੀ ਇਹੀ ਕਹਿੰਦੇ ਨੇ ਕਿ ਹਨ੍ਹੇਰਾ ਹੋਣੈ, ਗੁਰੂ ਸਾਹਿਬ ਪਰਲੇ ਕੰਢੇ 'ਤੇ ਚੁੱਭੀ ਮਾਰ ਕੇ ਚਲੇ ਗਏ, ਦੂਰ ਨਿਕਲ ਗਏ, ਫੇਰ ਜਿੱਥੇ ਕੋਈ ਪਹੁੰਚ ਨਾ ਸਕੇ। ਇਹ ਕੱਚੀਆਂ ਗੱਲਾਂ ਹੁੰਦੀਆਂ ਨੇ, ਕੋਈ ਐਸੀ ਬਾਤ ਨਹੀਂ ਹਨ੍ਹੇਰਾ ਹੈ, ਆਪਣੇ ਮਨ 'ਚ ਹਨ੍ਹੇਰਾ ਹੈ। ਜਿਹਨੂੰ ਇਹ ਖੋਜ ਕਰਨੀ ਹੈ, ਖੋਜੀ ਐਸੇ ਤਕੜੇ ਸੀ ਕਿ ਖੁਰਾ ਟੋਲ੍ਹ ਲੈਂਦੇ ਸੀ ਬੰਦੇ ਦਾ। ਪਸ਼ੂ ਚੋਰੀ ਕਰਕੇ ਕੋਈ ਚੋਰ ਜਾ ਰਿਹਾ ਹੈ ਤਾਂ ਖੁਰਾ ਕੱਢ ਲੈਂਦੇ ਸੀ। ਪੂਰੀ ਰਫਤਾਰ ਨਾਲ ਨੱਠੇ ਜਾਂਦੇ ਸੀ ਉਹਦੇ ਪਿੱਛੇ। ਜਦ ਸੜਕਾਂ ਤਾਂ ਹੁੰਦੀਆਂ ਹੀ ਨਹੀਂ ਸੀ। ਕਿਤੇ

ਨਾ ਕਿਤੇ ਤਾਂ ਗੁਰੂ ਮਹਾਰਾਜ ਦੇ ਚਰਨਾਂ ਦਾ ਨਿਸ਼ਾਨ ਪਿਆ ਹੀ ਹੋਣਾ ਹੈ। ਐਨੇ ਕਮਲੇ ਤਾਂ ਨਹੀਂ ਸੀ ਨਵਾਬ, ਇਹ ਤਾਂ ਖਿਆਲ ਸਭ ਨੂੰ ਆਇਆ ਹੋਣਾ ਹੈ ਕਿ ਗੁਰੂ ਨਾਨਕ ਕਿਤੇ ਪਾਰ ਨਾ ਲੰਘ ਗਿਆ ਹੋਵੇ। ਫੇਰ ਉਹ ਐਡੇ-ਐਡੇ ਜਾਲ ਪਾਉਂਦੇ ਨੇ, ਸਾਰੇ ਹੀ ਟੋਲ੍ਹਣ ਲੱਗੇ ਹੋਏ ਨੇ, ਹਜ਼ਾਰਾਂ ਬੰਦਾ ਟੋਲ੍ਹ ਰਿਹਾ ਸੀ ਗੁਰੂ ਨਾਨਕ ਪਾਤਸ਼ਾਹ ਨੂੰ, ਬਹੁਤਿਆਂ ਦੇ ਮਨ ਵਿਚ ਹੋ ਗਿਆ ਕਿ ਮਗਰਮੱਛ ਨੇ ਖਾ ਲਏ, ਖੁਰਾ ਕਿਤੇ ਲੱਭਦਾ ਨਹੀਂ ਹੈ। ਪਰਲਾ ਪਾਸਾ ਵੀ ਅਸੀਂ ਦੇਖ ਚੁੱਕੇ ਹਾਂ। ਉਰਲੇ ਪਾਸੇ ਵੀ ਕਿਸੇ ਥਾਂ ਦੇ ਉਤੇ ਪੈਰ ਨਜ਼ਰ ਨਹੀਂ ਆਉਂਦਾ ਕਿ ਉਹ ਤਾਂ ਇਸ ਤਰ੍ਹਾਂ ਹੋ ਗਿਆ। ਕੱਚੇ ਜਿਹੜੇ ਬੰਦੇ ਸੀ ਉਨ੍ਹਾਂ ਦੇ ਮਨ ਡਾਵਾਂਡੋਲ੍ਹ ਹੋ ਰਹੇ ਸੀ। ਇਕ ਬੇਬੇ ਨਾਨਕੀ ਸੀ ਜਿਹੜੀ ਜਾਣਦੀ ਸੀ ਕਿ ਮੇਰਾ ਵੀਰ ਜੀ, ਉਹ ਤਾਂ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ, ਮੱਛ ਦੀ ਕੀ ਤਾਕਤ ਹੈ ਕਿ ਉਹਨੂੰ ਖਾਵੇ। ਉਹ ਤਾਂ ਮੱਛਾਂ-ਕੱਛਾਂ ਦਾ ਵੀ ਉਧਾਰ ਕਰਦੇ ਨੇ। ਇਹ ਤਾਂ ਸਾਰੇ ਜਿੰਨੇ ਦੇਵਤੇ -

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥***
***ਭੈ ਵਿਚਿ ਅਗਨਿ ਕਢੈ ਵੇਗਾਰਿ ॥***
***ਭੈ ਵਿਚਿ ਧਰਤੀ ਦਬੀ ਭਾਰਿ ॥*** ***ਅੰਗ- 464***

ਇਹ ਤਾਂ ਸਾਰੇ ਉਸ ਦੇ ਹੁਕਮ ਵਿਚ ਚਲਦੇ ਨੇ, ਤੁਸੀਂ ਪਿਆਰਿਓ! ਘਬਰਾਵੋ ਨਾ, ਉਨ੍ਹਾਂ ਦਾ ਕੋਈ ਕੌਤਕ ਹੈ।

ਅਖੀਰ ਤੀਸਰੇ ਦਿਨ ਆਪ ਬਾਹਰ ਆ ਜਾਂਦੇ ਨੇ। ਦੋਖੀਆਂ ਨੇ ਸ਼ਿਕਾਇਤ ਕਰੀ ਕਿ ਨਵਾਬ ਸਾਹਿਬ! ਨਾਨਕ ਤਾਂ ਆ ਗਿਆ, ਪਰ ਇਹਨੇ ਟੁੱਭੀ ਤਾਂ ਮਾਰੀ ਹੈ, ਤੇਰਾ-ਤੇਰਾ ਕਰਕੇ ਲੁਟਾ ਦਿਤਾ ਸਭ, ਪਤਾ ਨਹੀਂ ਕਿਵੇਂ ਬਚ ਕੇ ਆ ਗਿਆ, ਇਹ ਅਸੀਂ ਕਹਿ ਨਹੀਂ ਸਕਦੇ। ਇਹ ਡੁੱਬਣ ਦਾ stunt (ਬਹਾਨਾ) ਰਚਿਆ ਸੀ ਇਹਨੇ ਕਿ ਮੇਰੇ ਸਿਰੋਂ ਲੇਖਾ ਲਹਿ ਜਾਏ। ਕਮਲਿਆਂ ਨੂੰ ਇਹ ਤਾਂ ਪਤਾ ਨਹੀਂ ਕਿ ਜੇ ਲੇਖਾ ਗੁਰੂ ਨਾਨਕ ਲੈ ਕੇ ਨੱਠਦਾ, ਤਾਂ ਹਿੰਦੋਸਤਾਨ ਕਿੰਨਾ ਪਿਆ ਸੀ, ਉਥੇ ਹੀ ਆ ਕੇ ਬਹਿਣਾ ਸੀ, ਤਰ੍ਹਾਂ-ਤਰ੍ਹਾਂ ਦੀ ਗੱਲਾਂ, ਜਿਹੋ ਜਿਹਾ ਦਿਮਾਗ -

***ਜੈਸੀ ਮਤਿ ਦੇਇ ਤੈਸਾ ਪਰਗਾਸ ॥***
***ਪਾਰਬ੍ਰਹਮੁ ਕਰਤਾ ਅਬਿਨਾਸ ॥*** ***ਅੰਗ - 275***

ਗੁਰੂ ਨਾਨਕ ਇਕ ਗੱਲ ਕਹੀ ਜਾਂਦੇ ਨੇ - ਨਾ ਕੋਈ ਹਿੰਦੂ ਨਾ ਮੁਸਲਮਾਨ।' ਹਿੰਦੂ ਖਾਮੋਸ਼ ਰਹੇ, ਮੁਸਲਮਾਨਾਂ ਨੇ ਕਿਹਾ ਕਿ ਸਾਡਾ ਰਾਜ ਹੈ, ਗੁਰੂ ਨਾਨਕ ਇਹ ਕਿਉਂ ਕਹੀ ਜਾਂਦਾ ਹੈ, ਇਹ ਧੱਜੀਆਂ ਉਡਾਉਂਦਾ ਹੈ ਇਸਲਾਮ ਦੀਆਂ। ਅਸੀਂ ਨਮਾਜ਼ਾਂ ਪੜ੍ਹਦੇ ਹਾਂ, ਰੋਜ਼ੇ ਰਖਦੇ ਹਾਂ, ਜ਼ਕਾਤ ਰਖਦੇ ਹਾਂ, ਹੋਰ ਅਨੇਕਾਂ ਕੰਮ ਜੋ ਇਸਲਾਮ ਦੇ ਵਿਚ ਕਹੇ ਨੇ ਉਹ ਸਾਰੇ ਕਰਦੇ ਹਾਂ, ਅਸੀਂ ਕਿਉਂ ਨਹੀਂ ਮੁਸਲਮਾਨ, ਸ਼ਿਕਾਇਤ ਕਰ ਦਿਤੀ ਕਿ ਨਵਾਬ ਸਾਹਿਬ! ਨਾਨਕ ਇਸਲਾਮ ਦੇ ਵਿਰੁੱਧ ਬੋਲ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਬੁਲਾਇਆ। ਬੁਲਾ ਕੇ ਪੁੱਛਿਆ, ਮਹਾਰਾਜ ਨੇ ਗੱਲ

ਸਮਝਾਈ ਕਿ ਨਾ ਤਾਂ ਤੁਸੀਂ ਨਮਾਜ਼ ਪੜ੍ਹਦੇ ਹੋਂ, ਨਾ ਤੁਸੀਂ ਰੋਜ਼ੇ ਹੀ ਰਖਦੇ ਹੋਂ, ਕੁਛ ਵੀ ਨਹੀਂ ਕਰਦੇ, ਇਕ ਪਾਖੰਡ ਕਰ ਰਹੇ ਹੋਂ ਤੁਸੀਂ। ਜਦੋਂ ਸਾਰੀ ਗੱਲ ਸਮਝਾਈ। ਤੁਸੀਂ ਤਾਂ ਸਖਤ ਦਿਲ ਪਏ ਹੋਂ, ਵੱਢ-ਵੱਢ ਕੇ ਬੰਦਿਆਂ ਨੂੰ ਸੁੱਟੀ ਜਾਂਦੇ ਹੋਂ, ਤੁਸੀਂ ਇਸਲਾਮ ਦੇ ਮਗਰ ਪਏ ਹੋਂ, ਇਸਲਾਮ ਤਾਂ ਅਮਨ ਨੂੰ ਕਹਿੰਦੇ ਨੇ, ਅਮਨ ਤਾਂ ਹੋਇਆ ਨਾ ਇਹ। ਨਵਾਬ ਨੇ ਜਦੋਂ ਗੱਲ ਸੁਣੀ ਕਿ ਨਾਨਕ ਜਿਹੜਾ ਹੈ, ਇਹਦੀ ਬਾਤ ਹੋਰ ਹੈ, ਜਿਹੜੀ ਇਹ ਗੱਲ ਕਹਿੰਦਾ ਹੈ। ਉਹ ਬਾਤ ਸੁਣੀ ਤਾਂ ਕਾਇਲ ਹੋ ਗਿਆ ਕਿ ਗੁਰੂ ਨਾਨਕ ਤਾਂ ਸਰਬ ਸਾਂਝਾ ਹੈ। ਉਹ ਕਹਿੰਦੇ ਨੇ ਕਿ ਜਾਤ ਨਹੀਂ ਹੈ ਕਿਸੇ ਦੀ, ਮਨੁੱਖਾਂ ਨੇ ਜਾਤਾਂ ਆਪੇ ਹੀ ਬਣਾ ਲਈਆਂ। ਇਕੋ ਜੋਤ ਪ੍ਰਮੇਸ਼ਰ ਦੀ ਹੈ ਸਭ ਵਿਚ, ਜੀਵ ਪੰਜ ਤੱਤ ਦਾ ਪੁਤਲਾ ਹੈ। ਇਹ ਕਿਵੇਂ ਮੁਸਲਮਾਨ ਬਣ ਗਿਆ, ਪਾਣੀ ਮੁਸਲਮਾਨ ਨਹੀਂ, ਪਾਣੀ ਹਿੰਦੂ ਨਹੀਂ ਹੈ, ਹਵਾ ਹਿੰਦੂ ਨਹੀਂ, ਹਵਾ ਈਸਾਈ ਨਹੀਂ, ਹਵਾ ਯਹੂਦੀ ਨਹੀਂ, ਹਵਾ ਬੋਧੀ ਨਹੀਂ, ਹਵਾ ਮੁਸਲਮਾਨ ਨਹੀਂ, ਫੇਰ ਇਹ ਮੁਸਲਮਾਨ ਤੱਤ ਨੂੰ ਕਿਵੇਂ ਕਹਿ ਦਿਤਾ। ਇਸੇ ਤਰ੍ਹਾਂ ਅੱਗ ਦਾ ਕੋਈ ਧਰਮ ਨਹੀਂ ਹੈ, ਪਾਣੀ ਦਾ ਕੋਈ ਧਰਮ ਨਹੀਂ, ਮਿੱਟੀ ਦਾ ਕੋਈ ਧਰਮ ਨਹੀਂ; ਜਦੋਂ ਪੰਜ ਤੱਤ ਦਾ ਪੁਤਲਾ ਬਣਿਆ ਹੋਇਆ ਹੈ, ਉਹਦੇ ਤੱਤਾਂ ਦਾ ਕੋਈ ਧਰਮ ਨਹੀਂ। ਫੇਰ ਬੰਦੇ ਦਾ ਪੁਤਲਾ ਬਣਾ ਕੇ ਕਿਵੇਂ ਧਰਮ ਬਣ ਗਿਆ। ਘੁਮਿਆਰ ਨੇ ਘੜੇ ਬਣਾਏ ਨੇ, ਹੋਰ ਚੀਜ਼ਾਂ ਬਣਾਈਆਂ ਨੇ, ਭਾਂਡੇ ਬਣਾਏ ਨੇ, ਉਨ੍ਹਾਂ ਭਾਂਡਿਆਂ ਦਾ ਨਾਉਂ ਰਖ ਲਓ ਕਿ ਆਹ ਮੁਸਲਮਾਨ ਹੈ, ਆਹ ਹਿੰਦੂ ਨੇ। ਲੋਟਾ ਕਹਿੰਦੇ ਨੇ ਜੀ ਮੁਸਲਮਾਨਾਂ ਦਾ ਹੈ, ਇਹ ਗੱਲ ਗੁਰੂ ਸਾਹਿਬ ਸਮਝਾਉਂਦੇ ਸੀ ਕਿ ਬੰਦਾ ਤਾਂ ਬੰਦਾ ਹੀ ਹੈ ਪੰਜ ਤੱਤ ਦਾ ਪੁਤਲਾ ਹੈ। ਹਾਂ ਕਰਮੀ ਹੈ, ਜਿਸ (community) ਸਮਾਜ 'ਚ ਹੈ ਉਹਦੇ ਧਰਮ ਨੂੰ ਪਾਲਣ ਕਰੇ।

ਸੋ ਉਹਨੇ ਸਮਝ ਲਿਆ ਕਿ ਗੁਰੂ ਨਾਨਕ ਤਾਂ ਸਾਂਝਾ ਹੈ। ਕਹਿਣ ਲੱਗੇ, ਹੇ ਨਾਨਕ! ਤੂੰ ਸਾਰੇ ਧਰਮਾਂ ਦਾ ਸਾਂਝਾ ਹੈਂ, ਜੇ ਸਾਂਝਾ ਹੈਂ ਤਾਂ ਅੱਜ ਜੁਮੇ ਦੀ ਨਮਾਜ਼ ਪੜ੍ਹੀ ਜਾਣੀ ਹੈ, ਸਾਡੇ ਨਾਲ ਮਸਜਿਦ ਚੱਲ। ਮਹਾਰਾਜ ਕਹਿੰਦੇ, ਠੀਕ ਹੈ, ਨਮਾਜ਼ ਕੀ ਹੁੰਦੀ ਹੈ, ਅਰਦਾਸ ਨੂੰ ਨਮਾਜ਼ ਕਹਿੰਦੇ ਨੇ, prayer ਹੁੰਦੀ ਹੈ, ਚੱਲਾਂਗੇ ਅਸੀਂ ਵੀ। ਸਾਰੇ ਸ਼ਹਿਰ 'ਚ ਰੌਲਾ ਪੈ ਗਿਆ। ਬੇਬੇ ਜੀ ਕੋਲ ਜਾਂਦੇ ਨੇ ਬਾਰ-ਬਾਰ, ਬੇਬੇ ਨਾਨਕੀ ਕੋਲ ਕਿ ਬੀਬੀ! ਤੇਰਾ ਭਰਾ ਇਸਲਾਮ ਦੇ ਵਿਚ ਦਾਖਲ ਹੋ ਰਿਹਾ ਹੈ। ਉਹ ਕਹਿੰਦੇ, ਨਾ ਮੇਰਾ ਭਰਾ ਐਸਾ ਨਹੀਂ ਹੈ, ਉਹਨੂੰ ਤਾਂ ਸਭ ਇਕ ਨੇ, ਕੋਈ ਇਸਲਾਮ ਉਹਦੇ ਵਾਸਤੇ ਗੈਰ ਨਹੀਂ, ਹਿੰਦੂ ਕੋਈ ਉਹਦੇ ਵਾਸਤੇ ਨੇੜੇ ਨਹੀਂ। ਕੋਈ ਸਬਕ ਦੇਣਾ ਹੈ ਉਨ੍ਹਾਂ ਨੇ, ਦੇਖੋ ਸਹੀ, ਕੀ ਕੌਤਕ ਹੁੰਦਾ ਹੈ।

ਸੋ ਉਸ ਵੇਲੇ ਬਹੁਤ ਵੱਡਾ ਇਕੱਠ ਹੋਇਆ-ਹੋਇਆ ਹੈ, ਸ਼ਹਿਰ ਦਾ। ਮਸਜਿਦ ਦੇ ਨੇੜੇ ਦੇਖ ਰਹੇ ਨੇ, ਕੀ ਦੇਖਦੇ ਨੇ ਕਿ ਗੁਰੂ ਨਾਨਕ ਨਮਾਜ਼ ਦੀ ਲਾਈਨ 'ਚ ਖੜ੍ਹ ਗਏ ਜਾ ਕੇ। ਸਾਰਿਆਂ ਦੇ ਦਿਲ ਧੱਕ-ਧੱਕ ਕਰਨ ਲੱਗ ਗਏ ਕਿ ਗੁਰੂ ਨਾਨਕ ਸਾਹਿਬ ਤਾਂ ਨਮਾਜ਼ ਲੱਗ ਗਏ ਪੜ੍ਹਨ।

ਇਹ ਗੱਲ ਨਹੀਂ ਸੀ ਕਿ ਗੁਰੂ ਨਾਨਕ ਸਾਹਿਬ ਨੂੰ ਨਮਾਜ਼ ਯਾਦ ਨਹੀਂ ਸੀ। ਸਾਰਾ ਹੀ ਕੁਛ ਜਾਣਦੇ ਸੀ। ਸੱਤ ਸਾਲ ਦੇ ਜਦੋਂ ਸਪਤ ਸਲੋਕੀ ਗੀਤਾ ਦੇ ਅਰਥ ਕਰਕੇ ਸੁਣਾ ਦਿਤੇ ਸੀ। ਜ਼ੁਬਾਨੀ ਯਾਦ ਸੀ ਗੀਤਾ, ਉਨ੍ਹਾਂ ਨੂੰ ਮਨੁੱਖ ਮੰਨ ਲੈਣਾ ਬਹੁਤ ਵੱਡੀ ਭੁੱਲ ਹੈ। ਉਹ ਤਾਂ ਆਪ ਪ੍ਰਮੇਸ਼ਰ ਸੀ –

*ਅਨਤ ਕਲਾ ਹੋਇ ਠਾਕੁਰੁ ਚੜਿਆ ॥* *ਅੰਗ – 1083*

ਵਾਹਿਗੁਰੂ ਆਪ ਹੀ ਗੁਰੂ ਰੂਪ ਦੇ ਵਿਚ ਪ੍ਰਗਟ ਹੋਇਆ ਸੀ। ਸੋ ਜਿਸ ਵਕਤ ਨਮਾਜ਼ ਪੜ੍ਹਨੀ ਸ਼ੁਰੂ ਹੋਈ, ਜਦੋਂ ਪਹਿਲਾ ਕਲਮਾ ਪੜ੍ਹਿਆ ਗਿਆ, ਉਸ ਵੇਲੇ ਇਕ ਪਾਸੇ ਹੋ ਗਏ, ਉਨ੍ਹਾਂ ਦੇ ਮਨ 'ਚ ਆ ਗਈ ਕਿ ਇਹ ਤਾਂ ਪਾਸੇ ਹਟ ਗਏ, ਨਮਾਜ਼ ਪੜ੍ਹ ਕੇ ਫੇਰ ਗੱਲ ਕਰਾਂਗੇ। ਕਿਉਂਕਿ ਸਾਡੇ ਤੇ ਇਸਲਾਮ ਵਾਲਿਆਂ 'ਚ ਇਹ ਫਰਕ ਹੈ। ਸਾਡੇ ਤੋਂ ਉੱਤਮ ਨੇ ਉਹ ਇਨ੍ਹਾਂ ਗੱਲਾਂ 'ਚ। ਜੇ ਉਹ ਸਹੀ ਨਮਾਜ਼ ਪੜ੍ਹਨ ਤਾਂ ਸਭ ਤੋਂ ਚੰਗੇ ਨੇ। ਕਿਉਂ ਚੰਗੇ ਨੇ? ਅਸੀਂ ਜਪੁਜੀ ਸਾਹਿਬ ਦਾ ਪਾਠ, ਨਿਤਨੇਮ ਕਰਦੇ-ਕਰਦੇ ਹੋਰ ਹੀ ਪਾਸੇ ਚਲੇ ਜਾਂਦੇ ਹਾਂ।

ਇਕ ਪ੍ਰੇਮੀ ਦੇ ਕੋਲ ਮੈਂ ਬੈਠਾ ਸੀ, ਗੁਟਕਾ ਉਹਦੇ ਹੱਥ ਵਿਚ ਸੀ, ਉਹਦਾ ਲੜਕਾ ਕੋਈ ਸ਼ਰਾਰਤ ਕਰਨ ਲੱਗ ਗਿਆ। ਪਹਿਲਾਂ ਤਾਂ ਉਹਦੇ ਕੋਲ ਗਿਲਾਸ ਪਿਆ ਸੀ, ਵਗਾਹ ਕੇ ਮਾਰਿਆ ਉਹਨੇ ਉਹਦੇ। ਉਹ ਲੜਕਾ ਹੱਸ ਪਿਆ, ਫੇਰ ਸ਼ਰਾਰਤ ਕਰਨ ਲੱਗ ਗਿਆ, ਗੁਟਕਾ ਹੱਥ 'ਚ ਹੈ ਗਾਲ੍ਹਾਂ ਕੱਢਣ ਲੱਗ ਗਿਆ, ਭੈੜੀਆਂ ਗਾਲ੍ਹਾਂ। ਮੈਂ ਕਿਹਾ ਤੂੰ ਗਾਲ੍ਹਾਂ ਕੱਢਦਾ ਹੈਂ, ਨਾਲੇ ਪਾਠ ਕਰਦਾ ਹੈਂ? ਇਹ ਸਾਡਾ ਹਾਲ ਹੈ। ਪੂਰਾ ਨਿਤਨੇਮ ਨਹੀਂ ਕਰਦੇ, ਵਿਚੀਂ ਗੱਲਾਂ ਮਾਰੀ ਜਾਂਦੇ ਹਾਂ। ਫੇਰ ਸੁਰਤ ਕਿਵੇਂ ਚੜ੍ਹੇਗੀ, ਜੇ ਵਿਚੇਂ ਗੱਲਾਂ ਮਾਰਦੇ ਹੋਂ, ਆਪ ਵੀ ਖੁਆਰ ਹੁੰਦੇ ਹੋਂ, ਜਿਹੜਾ ਬੰਦਗੀ ਕਰਦਾ ਹੈ, ਉਹਨੂੰ ਵੀ ਕਿਸੇ ਕਿਨਾਰੇ ਨਹੀਂ ਪਹੁੰਚਣ ਦਿੰਦੇ। ਕੀਮਤੀ ਸਮਾਂ ਬਰਬਾਦ ਹੋ ਜਾਂਦਾ ਹੈ, ਸਾਡਾ। ਜਦੋਂ ਸੁਰਤ ਅੰਦਰ ਜਾਂਦੀ ਹੈ ਫੇਰ ਗੱਲ ਕਿੱਥੋਂ ਆ ਜਾਏਗੀ। ਇਨ੍ਹਾਂ ਦੇ ਇਹ ਹੈ ਕਿ ਜਦੋਂ ਨਮਾਜ਼ ਪੜ੍ਹਦੇ ਨੇ ਫੇਰ ਨਹੀਂ ਬੋਲਦੇ, ਕੁਝ ਹੋ ਜਾਏ ਚਾਹੇ। ਬਾਅਦ ਵਿਚ ਕਿਹਾ ਕਿ ਨਾਨਕ! ਨਮਾਜ਼ ਪੜ੍ਹਨ ਆਏ ਸੀ, ਤੁਸੀਂ ਨਮਾਜ਼ ਨਹੀਂ ਪੜ੍ਹੀ? ਮਹਾਰਾਜ ਕਹਿੰਦੇ, ਮੈਂ ਤਾਂ ਨਮਾਜ਼ ਪੜ੍ਹੀ ਹੈ, ਤੁਸੀਂ ਨਹੀਂ ਪੜ੍ਹੀ ਕਿਸੇ ਨੇ। ਕਹਿੰਦੇ, ਕਿਉਂ? ਨਵਾਬ ਕਹਿਣ ਲੱਗਿਆ, ਮੈਂ ਪੜ੍ਹੀ ਹੈ। ਮਹਾਰਾਜ ਕਹਿੰਦੇ, ਅੱਧਾ ਕਲਮਾ ਜਦ ਪੜ੍ਹਿਆ ਹੈ ਸਿਰਫ ਤਿੰਨ ਅੱਖਰ ਕਹੇ ਨੇ, ਉਹਦੇ ਵਿਚ ਤੂੰ ਸੀਗਾ, ਜਿਸ ਵਕਤ ਪਿਛਲਾ ਹਿੱਸਾ ਕਿਹਾ ਹੈ ਉਸ ਵੇਲੇ 'ਲਾ ਇਲਾ' 'ਚ ਤੂੰ ਨਹੀਂ ਸੀ, ਤੂੰ ਉਸੇ ਵੇਲੇ ਕੰਧਾਰ ਵਿਚ ਪਹੁੰਚ ਕੇ ਘੋੜਿਆਂ ਦੀ ਛਾਂਟੀ ਕਰਨ ਲੱਗ ਗਿਆ ਕਿ ਆਹ ਘੋੜੇ ਲੈਣੇ ਨੇ, ਆਹ ਰਸਾਲੇ ਵਾਸਤੇ ਲੈਣੇ ਨੇ, ਆਹ ਤੋਪਾਂ ਖਿੱਚਣ ਵਾਲੇ ਲੈਣੇ, ਤੂੰ ਤਾਂ ਰੰਗ ਦੱਸਣ ਲੱਗ ਗਿਆ, ਹੁਣ ਆਇਆ ਹੈਂ। ਨਵਾਬ ਨੇ ਮੂੰਹ 'ਚ ਉਂਗਲ ਪਾ ਲਈ, ਨਾਲ ਕਿਹਾ ਸੁਬ੍ਹਾਨ ਅੱਲਾਹ, ਨਾਨਕ ਦਰਵੇਸ਼। ਕਹਿੰਦਾ ਅੱਲਾਹ ਤੇ ਦਰਵੇਸ਼ ਵਿਚ ਕੋਈ ਫਰਕ ਨਹੀਂ ਹੈ। ਕਾਜ਼ੀ ਨੂੰ ਚਿੜ੍ਹ ਆ ਗਈ, ਕਹਿੰਦਾ, ਫੇਰ ਮੇਰੇ

ਨਾਲ ਪੜ੍ਹ ਲੈਂਦਾ? ਮਹਾਰਾਜ ਕਹਿੰਦੇ, ਕਾਜ਼ੀ ਸਾਹਿਬ! ਖੂਹੀ ਦੀ ਮੌਣ 'ਤੇ ਖੜ੍ਹਾ ਆਪਣੀ ਵਛੇਰੀ ਮੋੜਦਾ ਸੀ। ਤੂੰ ਇਥੇ ਕਦ ਰਿਹਾ ਹੈਂ? ਮਹਾਰਾਜ ਨੇ ਫੁਰਮਾਇਆ ਕਿ ਇਥੇ ਜਿੰਨੀ ਪਬਲਿਕ ਖੜ੍ਹੀ ਹੈ, ਇਨ੍ਹਾਂ 'ਚੋਂ ਇੱਕ ਬੰਦਾ ਵੀ ਨਮਾਜ਼ੀ ਨਹੀਂ ਸੀ, ਸਾਰਿਆਂ ਨੇ ਉਡਾਰੀਆਂ ਮਾਰੀਆਂ ਹੋਈਆਂ ਸੀ ਤੇ ਫੇਰ ਦੱਸੋ ਮੈਂ ਕੀਹਦੇ ਨਾਲ ਨਮਾਜ਼ ਪੜ੍ਹਦਾ, ਮੈਂ ਤਾਂ ਅੱਡ ਹੋ ਕੇ ਨਮਾਜ਼ ਪੜ੍ਹ ਲਈ। ਜਦੋਂ ਮੈਂ ਦੇਖਿਆ ਕਿ ਇਥੇ ਤਾਂ ਕੋਈ ਹੈ ਹੀ ਨਹੀਂ।

ਸੋ ਇਹ ਗੱਲ ਮਹਾਰਾਜ ਨੇ ਸਮਝਾਈ, ਉਨ੍ਹਾਂ ਨੇ ਸਵਾਲ ਕਰਿਆ ਕਿ ਨਾਨਕ! ਇਹ ਗੱਲ ਤੇਰੀ ਠੀਕ ਹੈ, ਮਨ ਰੁਕਦਾ ਨਹੀਂ ਹੈ। ਇਹ ਕਿਉਂ ਨਹੀਂ ਰੁਕਦਾ? ਮਹਾਰਾਜ ਕਹਿੰਦੇ, ਵਾਸ਼ਨਾਵਾਂ 'ਚ ਪਿਆ ਹੋਇਆ ਹੈ ਬੰਦਾ। ਜਦੋਂ ਤੱਕ ਵਾਸ਼ਨਾਵਾਂ ਨੇ, ਮਨ ਨਹੀਂ ਰੁਕਣਾ। ਵਾਸ਼ਨਾਵਾਂ ਬੇਅੰਤ ਨੇ। ਇਸ ਸਰੀਰ ਦੀ ਵਾਸ਼ਨਾ ਹੈ, ਦੇਹ ਦੀ ਵਾਸ਼ਨਾ ਹੈ ਕਿ ਮੈਂ ਸੁੰਦਰ ਲੱਗਾਂ। ਮੈਨੂੰ ਕੋਈ ਬੁੱਢਾ ਨਾ ਕਹਿ ਦੇਵੇ, ਮੈਨੂੰ ਕੋਈ ਕਰੂਪ ਨਾ ਕਹਿ ਦੇਵੇ, ਰੰਗ ਲਾਉਂਦਾ ਫਿਰਦਾ ਹੈ। ਹੋਰ ਅਨੇਕਾਂ ਚੀਜ਼ਾਂ ਲਾਉਂਦਾ ਹੈ, ਕਿ ਮੈਨੂੰ ਨਾ ਕੋਈ ਕਹਿ ਦੇਵੇ ਕਿ ਮੈਂ ਬੁੱਢਾ ਹਾਂ। ਦੇਹ ਵਾਸ਼ਨਾ ਹੈ, ਇਹਦਾ ਹੀ ਸ਼ਿੰਗਾਰ ਕਰੀ ਜਾਂਦਾ ਹੈ।

ਦੂਸਰੀ ਹੋਇਆ ਕਰਦੀ ਹੈ ਧਨ ਦੀ ਵਾਸ਼ਨਾ। ਧਨ ਮਿਲਦਾ ਹੈ ਪਰਾਲਬਧ ਨਾਲ ਲੇਕਿਨ ਵਾਧੂ ਦੀ ਵਾਸ਼ਨਾ ਕਰਕੇ ਆਪਣਾ ਸਮਾਂ ਨਸ਼ਟ ਕਰਦਾ ਹੈ। ਵਾਸ਼ਨਾ ਲੋਕ-ਲਾਜ ਦੀ ਹੁੰਦੀ ਹੈ ਕਿ ਲੋਕ ਨਾ ਮੈਨੂੰ ਘੱਟ ਕਹਿ ਦੇਣ। ਵੱਧ ਤੋਂ ਵੱਧ ਕੰਮ ਕਰਦਾ ਹੈ, ਲੇਕਿਨ ਅੱਜ ਤੱਕ ਲੋਕਾਂ ਨੇ ਨਾ ਕਿਸੇ ਨੂੰ ਚੰਗਾ ਕਿਹਾ ਹੈ, ਨਾ ਸਾਰਿਆਂ ਨੇ ਕਿਸੇ ਨੂੰ ਮਾੜਾ ਕਿਹਾ ਹੈ। ਇਸ ਤੋਂ ਬਾਅਦ ਹੁੰਦੀ ਹੈ ਸ਼ਾਸਤਰ ਵਾਸ਼ਨਾ, ਪੜ੍ਹ-ਪੜ੍ਹ ਕੇ ਲੋਕਾਂ ਨੂੰ ਕੁਟੇਸ਼ਨਾਂ ਯਾਦ ਕਰ-ਕਰ ਕੇ ਸੁਣਾਉਂਦਾ ਹੈ ਕਿ ਮੈਨੂੰ ਬਹੁਤ ਚੰਗਾ ਕਹਿਣ। ਬੇਗਾਨੀਆਂ ਕਵਿਤਾਵਾਂ, ਬੇਗਾਨੇ ਪੁਆਇੰਟ, ਬੇਗਾਨੀਆਂ ਗੱਲਾਂ ਯਾਦ ਕਰਨੀਆਂ ਤੇ ਫੇਰ ਆਪਣੀਆ ਬਣਾ ਕੇ ਸੁਣਾਉਣੀਆਂ। ਇਹ ਸ਼ਾਸਤਰ ਵਾਸ਼ਨਾ ਹੋਇਆ ਕਰਦੀ ਹੈ। ਅਨੁਸ਼ਠਾਨ ਵਾਸ਼ਨਾ ਹੁੰਦੀ ਹੈ, ਪਹਿਲਾਂ ਕੋਈ ਸ਼ਬਦ ਦਾ ਚਿਲਾ ਕੱਢਣਾ ਫੇਰ ਲੋਕਾਂ ਨੂੰ ਉਹਦੀ ਸਖਤੀ ਦਿਖਾਉਣੀ। ਆਪਣੀ ਮਾਨਤਾ ਕਰਾਉਣੀ। ਮਹਾਰਾਜ ਕਹਿਣ ਲੱਗੇ, ਨਵਾਬ ਸਾਹਿਬ! ਜਦੋਂ ਤੱਕ ਆਦਮੀ ਦੇ ਅੰਦਰ ਵਾਸ਼ਨਾ ਹੈ ਓਨੀਂ ਦੇਰ ਤੱਕ ਮਨ ਨਹੀਂ ਟਿਕਿਆ ਕਰਦਾ। ਜਿੰਨਾਂ ਚਿਰ ਮਨ ਨਹੀਂ ਟਿਕਦਾ ਪ੍ਰਮੇਸ਼ਰ ਨਾਲ ਨਹੀਂ ਜੁੜ ਸਕਦਾ-

***ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥***

***ਅੰਗ- 342***

ਸੋ ਗੁਰੂ ਨਾਨਕ ਪਾਤਸ਼ਾਹ ਨੇ ਦੱਸਿਆ ਕਿ ਪ੍ਰਭੂ ਦੀ ਉਸਤਤਿ ਜੋ ਕਰਨੀ ਹੈ ਪਿਆਰਿਓ! ਮਨ ਨੂੰ ਇਕਾਗਰ ਕਰਕੇ ਕਰੋ। ਜਦੋਂ ਮਨ ਇਕਾਗਰ ਹੋਏਗਾ, ਪੂਰਾ-ਪੂਰਾ ਲਾਭ ਤੁਹਾਨੂੰ ਪ੍ਰਾਪਤ ਹੋਏਗਾ। ਇਕ-ਇਕ ਬਚਨ ਸਾਡੇ ਯਾਦ ਰਹਿ ਜਾਏਗਾ। ਸੋ ਇਸ ਕਰਕੇ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥* *ਅੰਗ - 295*

ਗੁਰੂ ਨਾਨਕ ਪਾਤਸ਼ਾਹ ਨੇ ਆਪਣੇ ਜੀਵਨ ਦੇ ਅੰਦਰ ਬੇਅੰਤ ਕੌਤਕ ਰਚੇ ਨੇ, ਕੋਈ ਵੀ ਥਾਂ ਐਸਾ ਨਹੀਂ ਛੱਡਿਆ, ਕੋਈ ਪੱਖ ਜਿੱਥੇ ਆਪ ਨੇ ਮੱਤ ਨਾ ਦਿਤੀ ਹੋਵੇ। ਚਾਹੇ ਚੋਰ ਨੇ ਚੋਰੀਆਂ ਕਰਨ ਵਾਲੇ, ਚਾਹੇ ਸੱਜਣ ਹੈ, ਉਤੋਂ ਸੰਤ ਬਣ ਕੇ ਵਿਚੋਂ ਠੱਗੀਆਂ ਕਰਨ ਵਾਲਾ, ਚਾਹੇ ਜਾਦੂਗਰ ਨੇ, ਚਾਹੇ ਉਹ ਭੂਮੀਏ ਵਰਗੇ ਦਾਨੀ ਨੇ ਤੇ ਚੋਰੀ ਕਰਕੇ ਦਾਨ ਕਰਨ ਵਾਲੇ, ਮਹਾਰਾਜ ਨੇ ਹਰ ਬੰਦੇ ਨੂੰ ਸਮਝਾਇਆ ਹੈ, ਚਾਹੇ ਸਾਧੂ ਨੇ, ਚਾਹੇ ਉਹ ਗ੍ਰਿਹਸਤੀ ਨੇ ਤੇ ਅੱਜ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ, ਜੰਗਲਾਂ 'ਚੋਂ ਜਾ ਰਹੇ ਨੇ, ਉਸ ਵੇਲੇ ਮਰਦਾਨੇ ਨੇ ਕਿਹਾ ਕਿ ਸੱਚੇ ਪਾਤਸ਼ਾਹ! ਕੋਈ ਬਸਤੀ ਦੇਖ ਲਿਆ ਕਰੋ, ਕੋਈ ਇੱਕ ਅੱਧਾ ਦਿਨ ਰੱਜ ਕੇ ਪ੍ਰਸ਼ਾਦਾ ਛਕ ਲਈਏ, ਆਹ ਜੰਗਲੀ ਫਲ ਖਾਈ ਜਾਂਦੇ ਹਾਂ। ਨਾ ਨਮਕ ਹੈ ਨਾ ਮਿਰਚ ਹੈ, ਨਾ ਕੋਈ ਅੰਨੁ ਹੈ, ਆਪ ਤਾਂ ਸ਼ਬਦ ਦੇ ਅਧਾਰ 'ਤੇ ਰਹਿੰਦੇ ਹੋਂ, ਮੇਰਾ ਸਰੀਰ ਤਾਂ ਕੱਚਾ ਹੈ, ਮੈਨੂੰ ਤਾਂ ਭੁੱਖ ਲਗਦੀ ਹੈ ਮਹਾਰਾਜ। ਮਹਾਰਾਜ ਕਹਿੰਦੇ, ਮਰਦਾਨਿਆਂ! ਸਮਾਂ ਆਵੇਗਾ ਤੈਨੂੰ ਬਸਤੀ ਵੀ ਦਿਖਾ ਦੇਵਾਂਗੇ। ਪਰ ਇਨ੍ਹਾਂ ਜੰਗਲਾਂ ਨੂੰ ਕਾਹਨੂੰ ਬੁਰਾ ਕਹਿੰਦਾ ਹੈਂ, ਇਹ ਜੰਗਲ ਵੀ ਚੰਗੇ ਹੁੰਦੇ ਨੇ, ਵੱਡੇ-ਵੱਡੇ ਮਹਾਂਪੁਰਸ਼, ਵੱਡੇ-ਵੱਡੇ ਰਿਸ਼ੀ ਮੁਨੀ, ਵੱਡੇ ਪੀਰ ਪੈਗੰਬਰ ਸਾਰੇ ਇਕਾਂਤ ਭਾਲਦੇ ਨੇ। ਦੁਨੀਆਂ ਦੇ ਵਿਚ ਰਹਿ ਕੇ ਇਕਾਂਤ ਨਹੀਂ ਮਿਲਦੀ ਕਿਸੇ ਨੂੰ ਵੀ। ਉਹ ਇਕਾਂਤ ਟੋਲ੍ਹਣ ਵਾਸਤੇ ਕੋਈ ਐਹੋ ਜਿਹਾ ਥਾਂ ਟੋਲ੍ਹਦੇ ਹਨ ਜਿੱਥੇ ਬੰਦਾ ਮੁਸ਼ਕਲ ਨਾਲ ਪਹੁੰਚੇ, ਕਹਿੰਦੇ ਮਰਦਾਨਿਆਂ! ਇਨ੍ਹਾਂ ਜੰਗਲਾਂ ਦੇ ਵਿਚ ਪ੍ਰਮੇਸ਼ਰ ਦੇ ਪਿਆਰੇ ਚੰਗੀ ਲੋਚਾ ਲੈ ਕੇ ਦੁੱਖ-ਭੁੱਖ ਸਹਾਰਦੇ ਨੇ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਦੁੱਖ ਭੁੱਖ ਨੂੰ ਸਹਾਰ ਤਪ ਕਰਦੇ,*
*ਦਰਸ਼ਨ ਤੇਰਾ ਲੋਚਣ ਮਾਲਕਾ।*

ਮਰਦਾਨਿਆ! ਸ਼ੌਂਕ ਵਾਲੇ ਬੰਦੇ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

*ਡਾ. ਭਾਈ ਵੀਰ ਸਿੰਘ ਜੀ*

ਐਸੇ ਜਗਿਆਸੂ ਨੇ ਜਿਨ੍ਹਾਂ ਦੇ ਅੰਦਰ ਲੋਚਾ ਹੈ ਪ੍ਰਭੂ ਨੂੰ ਮਿਲਣ ਦੀ, ਉਹ ਇਨ੍ਹਾਂ ਜੰਗਲਾਂ 'ਚ ਮਰਦਾਨਿਆਂ ਦੁੱਖ ਕੱਟ ਕੇ ਤਪ ਕਰਦੇ ਨੇ।

ਬਾਬਾ ਫਰੀਦ ਕਿੰਨਾਂ ਤਪ ਕਰਿਆ ਉਨ੍ਹਾਂ ਨੇ। ਖੜ੍ਹੇ ਹੀ ਰਹਿੰਦੇ ਨੇ, ਸੌਂਦੇ ਨਹੀਂ ਰਾਤ ਨੂੰ। ਫੇਰ ਪੱਤੇ ਖਾ ਲਏ ਜਾਂ ਹੋਰ ਮਾੜਾ ਮੋਟਾ ਕੁਛ ਖਾ ਲਿਆ ਤੇ ਹਾਲਤ ਕੀ ਹੋਈ? ਆਪ ਹੀ ਲਿਖਦੇ ਨੇ ਕਿ -

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*

***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥***

***ਅੰਗ- 1382***

ਤਨ ਸੁੱਕ ਕੇ ਪਿੰਜਰ ਬਣ ਗਿਆ। ਐਨਾ ਤਪ ਕਰ ਲਿਆ ਕਿ ਹੁਣ ਤਾਂ ਚੱਲਣ ਫਿਰਨ ਦੀ ਵੀ ਕੋਈ ਤਾਕਤ ਨਹੀਂ ਰਹੀ ਤੇ ਅਜੇ ਤੱਕ ਵੀ ਪ੍ਰਮੇਸ਼ਰ ਨਹੀਂ ਆਇਆ। ਕਿੱਡਾ ਵੱਡਾ ਤਪ ਸੀ ਬਾਬੇ ਫਰੀਦ ਦਾ, ਹੈਰਾਨ ਹੋ ਜਾਈਦਾ ਹੈ ਕਿ ਹੁਣ ਤਾਂ ਐਵੇਂ ਹੀ ਸੰਤ ਬਣ ਜਾਂਦੇ ਨੇ। ਪਰ ਜਿਨ੍ਹਾਂ ਨੇ ਆਪਣੇ ਸਰੀਰ ਤੇ ਦੁੱਖ ਤੇ ਭੁੱਖ ਭੋਗੀ ਹੈ ਉਨ੍ਹਾਂ ਨੂੰ ਪਤਾ ਹੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਇਕ ਵਾਰੀ ਮੇਰੇ ਨਾਲ ਐਸਾ ਬਚਨ ਹੋਇਆ ਤਾਂ ਉਨ੍ਹਾਂ ਨੇ ਦੱਸਿਆ ਕਿ ਅਸੀਂ ਨੌਂ ਸਾਲ, ਨਾ ਧਰਤੀ 'ਤੇ, ਨਾ ਚਾਰਪਾਈ 'ਤੇ ਪਿੱਠ ਨਹੀਂ ਲਾਈ।

ਦੇਖ ਲਿਓ ਕਦੇ 10 ਦਿਨ ਬੈਠ ਕੇ। ਐਵੇਂ ਨਹੀਂ ਮਹਾਤਮਾ ਬਣ ਜਾਂਦੇ, ਕਿੱਡੀ-ਕਿੱਡੀ ਤਪੱਸਿਆ ਕੀਤੀ ਹੈ। ਬੈਠੇ ਹੀ ਰਹੇ 24-24 ਘੰਟੇ। ਮੈਂ ਕਿਹਾ, ਮਹਾਰਾਜ ਜੀ! ਕੀ ਨੀਂਦ ਨਹੀਂ ਸੀ ਆਉਂਦੀ? ਕਹਿੰਦੇ, ਪਹਿਲਾਂ-ਪਹਿਲਾਂ ਆਉਂਦੀ ਹੈ ਨੀਂਦ, ਉਹ ਬੈਠੇ ਹੀ ਆ ਜਾਂਦੀ ਸੀ, ਫੇਰ ਇਕ ਅਵਸਥਾ ਐਸੀ ਆਉਂਦੀ ਹੈ ਕਿ ਸਰੀਰ ਤਾਂ ਸੌਂ ਜਾਂਦਾ ਹੈ ਲੇਕਿਨ ਆਪ ਜਾਗਦੇ ਰਹੀਦਾ ਹੈ, ਵਿਚੋਂ ਨਿਕਲ ਕੇ ਪਾਸੇ ਹੱਟ ਜਾਈਦਾ ਹੈ। ਇਹ ਪ੍ਰਾਪਤੀਆਂ ਤਾਂ ਹੁੰਦੀਆਂ ਨੇ ਜਦੋਂ ਆਦਮੀ ਤਪ ਕਰਦਾ ਹੈ, ਖੇਚਲ ਸਹਿੰਦਾ, ਆਰਾਮ ਨਾਲ ਨਹੀਂ ਹੋਇਆ ਕਰਦੀਆਂ।

ਬਾਬੇ ਫਰੀਦ ਦੀ ਐਸੀ ਹਾਲਤ ਹੋ ਗਈ ਕਿ ਪੰਛੀਆਂ ਨੇ ਵੀ, ਕਾਵਾਂ ਨੇ ਸਮਝ ਲਿਆ ਕਿ ਇਹ ਤਾਂ ਮੁਰਦਾ ਹੋ ਗਿਆ, ਮਰ ਗਿਆ ਇਹ, ਹਰਕਤ ਇਹਦੀ ਹਟ ਗਈ ਹੈ, ਕਿਉਂ ਨਾ ਨਿਸ਼ਚਿੰਤ ਹੋ ਕੇ ਇਹਦਾ ਮਾਸ ਖਾਈਏ। ਉਸ ਵੇਲੇ ਕਾਂ ਉਡਦਾ-ਉਡਦਾ ਮੱਥੇ 'ਤੇ ਆ ਕੇ ਬੈਠ ਗਿਆ। ਬਾਬਾ ਫਰੀਦ ਨੂੰ ਵੀ ਪਤਾ ਲੱਗ ਗਿਆ ਕਿ ਹੁਣ ਮੇਰੀ ਅੱਖ 'ਚ ਚੁੰਝ ਮਾਰੇਗਾ। ਉਸ ਵੇਲੇ ਆਪ ਨੇ ਬੜੀ ਧੀਮੀ ਆਵਾਜ਼ ਦੇ ਵਿਚ ਆਪਣੇ ਹਿਰਦੇ ਦੇ ਭਾਵ ਕਾਵਾਂ ਪ੍ਰਤੀ ਇਸ ਤਰ੍ਹਾਂ ਦੇ ਨਾਲ ਪ੍ਰਗਟ ਕੀਤੇ -

***ਧਾਰਨਾ - ਓ ਕਾਗਾ! ਇਹ ਦੋਇ ਨੈਣਾਂ ਮਤ ਛੇੜਿਓ।***
***ਮੈਨੂੰ ਪਿਰ ਦੇਖਣ ਦੀ ਆਸ।***
***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥***

***ਅੰਗ - 1382***

ਮਰਦਾਨਿਆਂ! ਦੇਖ ਪਿਆਰਿਆ! ਪ੍ਰਭੂ ਪਿਆਰਿਆਂ ਨੂੰ, ਜੰਗਲਾਂ 'ਚ ਰਹਿ ਕੇ ਕਿੱਡੀ-ਕਿੱਡੀ ਘਾਲਣਾ ਘਾਲੀ ਤੇ ਫੇਰ ਜਾ ਕੇ ਉਨ੍ਹਾਂ ਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਹੋਈ ਤੇ ਸੰਸਾਰ ਪੂਜਦਾ ਹੈ ਉਨ੍ਹਾਂ ਨੂੰ। ਜੰਗਲਾਂ ਨੂੰ ਮਾੜਾ ਨਾ ਕਹਿ ਪਿਆਰਿਆ -

*ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥*
*ਜੋਗੀ ਜਤੀ ਜੁਗਤਿ ਮਹਿ ਰਹਤੇ ਕਰਿ ਕਰਿ ਭਗਵੇ ਭੇਖ ਭਏ ॥*
*ਤਉ ਕਾਰਣਿ ਸਾਹਿਬਾ ਰੰਗਿ ਰਤੇ ॥*
*ਤੇਰੇ ਨਾਮ ਅਨੇਕਾ ਰੂਪ ਅਨੰਤਾ*
*ਕਹਣੁ ਨ ਜਾਹੀ ਤੇਰੇ ਗੁਣ ਕੇਤੇ ॥ 1 ॥ ਰਹਾਉ ॥*
*ਦਰ ਘਰ ਮਹਲਾ ਹਸਤੀ ਘੋੜੇ*
*ਛੋਡਿ ਵਿਲਾਇਤਿ ਦੇਸ ਗਏ ॥*
*ਪੀਰ ਪੇਕਾਂਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ ॥*
*ਸਾਦ ਸਹਜ ਸੁਖ ਰਸ ਕਸ ਤਜੀਅਲੇ*
*ਕਾਪੜ ਛੋਡੇ ਚਮੜ ਲੀਏ ॥*
*ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ ॥ 3 ॥*
*ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤੁ ਧੋਤੀ ਕੀਨ੍ੀ ॥*
*ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ॥*

*ਅੰਗ- 358*

ਚਮੜੇ ਪਹਿਨੇ, ਕੱਪੜੇ ਛੱਡ ਦਿਤੇ, ਖਾਣਾ ਪੀਣਾ ਛੱਡ ਦਿਤਾ। ਸੁੱਖ ਛੱਡ ਦਿਤੇ।

ਸ਼ਬਦ ਦਾ ਉਚਾਰਨ ਕੀਤਾ, ਸਾਰੇ ਜੰਗਲ ਦੇ ਅੰਦਰ ਸ਼ਾਂਤ ਰਸ ਫੈਲ ਗਿਆ। ਬੜੀ ਦੇਰ ਲੰਘ ਗਈ ਮਹਾਰਾਜ ਜੀ ਨੂੰ ਉਸ ਥਾਂ ਦੇ ਉਤੇ ਬੈਠਿਆ। ਜਿਸ ਵਕਤ ਸਮਾਧੀ ਤੋਂ ਉਥਾਨ ਹੋਏ, ਇਕ ਕੋਈ ਪ੍ਰੇਮੀ ਪਿੱਠ ਦੇ ਉਤੇ ਸਮਾਨ ਲੱਦਿਆ ਹੋਇਆ ਹੈ ਤੇ ਜਾ ਰਿਹਾ ਹੈ ਮਹਾਰਾਜ ਕਹਿੰਦੇ, ਮਰਦਾਨਿਆਂ! ਇਹ ਕੌਣ ਜਾ ਰਿਹਾ ਹੈ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਕੋਈ ਵਪਾਰੀ ਜਾ ਰਿਹਾ ਹੈ। ਕਹਿੰਦੇ, ਉਰ੍ਹੇ ਬੁਲਾ ਇਹਨੂੰ। ਨੇੜੇ ਬੁਲਾਇਆ ਤਾਂ ਕਹਿਣ ਲੱਗੇ, ਪ੍ਰੇਮੀਆਂ! ਕੀ ਲਈਂ ਜਾਂਦਾ ਹੈਂ ਤੂੰ ਏਸ ਜੰਗਲ ਦੇ ਅੰਦਰ। ਕਹਿੰਦਾ, ਮਹਾਰਾਜ! ਇਥੇ ਰੋਜ਼ਗਾਰ ਦਾ ਸਾਧਨ ਸੋਚ ਕੇ ਮੈਂ ਬਹੁਤ ਸਾਰੀਆਂ ਚੀਜ਼ਾਂ ਬਾਹਰਲੇ ਪਿੰਡਾਂ 'ਚੋਂ ਲਈਆਂ ਨੇ ਤੇ ਇਸ ਜੰਗਲ 'ਚੋਂ ਲੰਘ ਕੇ ਬਸਤੀਆਂ ਵਲ ਨੂੰ ਮੈਂ ਜਾ ਰਿਹਾ ਹਾਂ। ਮੇਰੇ ਕੋਲ ਖਾਣ-ਪੀਣ ਦਾ ਸਾਰਾ ਹੀ ਸਮਾਨ ਹੈ, ਰਾਸ਼ਨ ਹੈ ਸਾਰਾ, ਇਕੱਲੀ-ਇਕੱਲੀ ਚੀਜ਼ ਦਾ ਨਾਮ ਲੈਂਦਾ ਹੈ।

ਮਹਾਰਾਜ ਕਹਿਣ ਲੱਗੇ, ਆਹ ਪੋਟਲੀ 'ਚ ਕੀ ਹੈ?

ਕਹਿੰਦਾ, ਪਾਤਸ਼ਾਹ! ਇਹਦੇ ਵਿਚ ਵੱਟੇ ਨੇ।

ਮਹਾਰਾਜ ਕਹਿੰਦੇ, ਕੱਢ ਕੇ ਦਿਖਾ ਸਾਨੂੰ ਵੱਟੇ।

ਵੱਟੇ ਦਿਖਾਉਣ ਲੱਗਿਆ ਲੱਗਿਆ ਤਾਂ ਮਹਾਰਾਜ! ਕਹਿੰਦੇ ਇਹ ਕਾਹਦਾ ਵੱਟਾ ਹੈ?

ਕਹਿੰਦਾ, ਮਹਾਰਾਜ! ਇਹ ਦੁਸੇਰੀ ਹੈ।

ਆਹ ਕੀ ਹੈ?

ਕਹਿੰਦਾ ਇਕ ਸੇਰ।

ਆਹ ਕੀ ਹੈ?

ਕਹਿਣ ਲੱਗਿਆ, ਮਹਾਰਾਜ! ਇਹ ਅੱਧ ਸੇਰ ਹੈ।

ਕਹਿੰਦੇ, ਆਹ?

ਕਹਿੰਦਾ ਜੀ ਇਹ ਪਾਈਆ।

ਕਹਿੰਦੇ, ਇਸ ਤੋਂ ਛੋਟਾ ਨਹੀਂ ਹੈ ਹੋਰ ਕੋਈ?

ਕਹਿੰਦਾ ਨਾ ਮਹਾਰਾਜ! ਇਹੀ ਸਾਰਿਆਂ ਨਾਲੋਂ ਛੋਟਾ ਹੈ।

ਮਹਾਰਾਜ ਨੇ ਉਹ ਗੋਲ ਵੱਟਾ ਹੱਥ 'ਚ ਲੈ ਲਿਆ। ਇੱਕੋ ਗੱਲ ਕਹੀ ਜਾਂਦੇ ਨੇ ਧੰਨ ਪਾਓ-ਧੰਨ ਪਾਓ। ਪਿਆਰਿਆ! ਇਸੇ ਜਾਤ ਨਾਲ ਸਬੰਧ ਰੱਖ ਕੇ ਤੂੰ ਆਪਣੇ ਆਪ ਨੂੰ ਛੋਟਾ ਕਹਾਇਆ। ਪੱਥਰ ਜਾਤੀ ਨਾਲ ਸਬੰਧ ਰੱਖਦਾ ਹੋਇਆ ਛੋਟਾ ਕਹਾਇਆ। ਧੰਨ ਹੈਂ ਤੂੰ।

ਕਿਉਂਕਿ ਗੁਰਮਤਿ ਜਿਹੜੀ ਹੈ ਇਹ ਵਡੱਤਣ ਦੀ ਨਹੀਂ ਹੈ, ਵਿਖਾਵੇ ਦੀ ਨਹੀਂ ਹੈ। ਇਹ ਇਕ ਨੁਕਤਾ ਸਾਨੂੰ ਸਮਝਾ ਰਹੇ ਨੇ ਗੁਰੂ ਮਹਾਰਾਜ ਕਿ ਮਾਣ ਨਾ ਕਰੀਂ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***

***ਅੰਗ - 1089***

ਇਹ ਨੀਵਾਂ ਥਾਂ ਹੈ, ਨੀਵੇਂ ਥਾਉਂ ਹੋ ਕੇ ਲੰਘਦੇ ਨੇ, ਉਚਿਆਂ ਦੇ ਵਾਸਤੇ ਨਹੀਂ ਹੈ ਇਹ ਥਾਂ। ਨੀਵੇਂ ਹੋ ਕੇ ਲੰਘਣਾ ਹੈ -

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥ 7॥***

***ਅੰਗ - 1364***

ਕਿੱਡਾ ਵੱਡਾ ਨੁਕਤਾ ਹੈ ਕਿ ਮੈਂ ਬੁਰਾ ਹਾਂ, ਬਾਕੀ ਤਾਂ ਸਾਰਾ ਸੰਸਾਰ ਮੈਨੂੰ ਛੱਡ ਕੇ ਭਲਿਆਂ ਦਾ ਹੈ। ਫਿਰ ਅਗਲੀ ਗੱਲ ਦਸਦੇ ਨੇ ਕਿ ਬੁਰਾ ਕਹਿਣ ਦਾ ਕੋਈ ਫਲ ਵੀ ਹੈ? ਤਨੋ ਮਨੋ ਕੋਈ ਬੰਦਾ ਸਮਝ ਜਾਵੇ। ਕਹਿੰਦੇ, ਪਿਆਰਿਆ! ਤੂੰ ਉਦਾਸ ਨਾ ਹੋਈਂ, ਤੂੰ ਸਾਡੀ ਡਰਇਨਦਸਹਪਿ ਦੀ ਲਿਸਟ ਵਿਚ ਆ ਜਾਏਂਗਾ। ਸਾਡਾ ਮਿੱਤਰ ਬਣ ਜਾਏਂਗਾ, ਮੇਰਾ ਬਣ ਜਾਏਂਗਾ, ਗੁਰੂ ਨਾਨਕ ਦਾ ਬਣ ਜਾਏਂਗਾ। ਕਿਉਂਕਿ ਗੁਰੂ ਨਾਨਕ ਵੀ ਇਹ ਕਹਿੰਦੇ ਨੇ ਕਿ-

***ਹਮ ਨਹੀ ਚੰਗੇ ਬੁਰਾ ਨਹੀ ਕੋਇ ॥***
***ਪ੍ਰਣਵਤਿ ਨਾਨਕੁ ਤਾਰੇ ਸੋਇ ॥*** ***ਅੰਗ - 728***

ਨੀਵਿਆਂ ਦਾ ਥਾਂ ਹੈ, ਉੱਚਿਆਂ ਦਾ ਥਾਂ ਨਹੀਂ ਹੈ, ਉੱਚੇ ਨੂੰ ਗੁਰਸਿੱਖੀ ਦੇ ਅੰਦਰ ਪ੍ਰਵਾਨ ਨਹੀਂ ਕੀਤਾ ਗਿਆ। ਮਾਣ ਤਾਂ ਭਾਉਂਦਾ ਨਹੀਂ ਹੈ। ਮਹਾਰਾਜ ਉਸ ਛੋਟੇ ਪੱਥਰ ਨੂੰ ਕਹਿ ਰਹੇ ਨੇ, ਧੰਨ ਪਾਓ-ਧੰਨ ਪਾਓ। ਉਹਨੇ ਸਮਝ ਲਿਆ ਕਿ ਕੋਈ ਰਮਜ਼ ਮਾਰ ਰਹੇ ਨੇ। ਉਸੇ ਵੇਲੇ ਗੁਰੂ

ਨਾਨਕ ਦੇ ਚਰਨਾਂ 'ਤੇ ਢਹਿ ਪਿਆ। ਪਾਤਸ਼ਾਹ! ਪਛਾਣਿਆ ਨਹੀਂ ਮੈਂ ਆਪ ਨੂੰ। ਮਹਾਰਾਜ ਕਹਿੰਦੇ, ਤੂੰ ਨਹੀਂ ਪਛਾਣਿਆ ਪਰ ਅਸੀਂ ਤਾਂ ਤੈਨੂੰ ਪਛਾਣ ਲਿਆ।

ਕਹਿਣ ਲੱਗਿਆ, ਕ੍ਰਿਪਾ ਕਰੋ ਮੇਰੇ ਉਤੇ। ਮਹਾਰਾਜ ਨੇ ਐਸੀ ਕ੍ਰਿਪਾ ਦ੍ਰਿਸ਼ਟੀ ਕੀਤੀ ਕਿ ਉਹਦੇ ਬੱਜਰ ਕਪਾਟ ਖੋਲ੍ਹ ਦਿਤੇ ਆਪ ਨੇ। ਖੁਲ੍ਹਦੇ ਸਾਰ ਗਿਆਨ ਦਾ ਪ੍ਰਕਾਸ਼ ਹੋ ਗਿਆ ਤੇ ਜੋ ਪਰਮ ਜੋਤੀ ਦਾ ਪ੍ਰਕਾਸ਼ ਸੀ ਉਹਦੇ ਦੀਦਾਰੇ ਹੋ ਗਏ। ਮਸਤ ਹੋ ਗਿਆ, ਨੇਤਰ ਨਹੀਂ ਖੋਲ੍ਹਦਾ, ਉਸੇ ਮਸਤੀ 'ਚ ਪਿਆ ਹੈ। ਬੜਾ ਚਿਰ ਲੰਘ ਗਿਆ ਉਸ ਨੂੰ।

ਉਸ ਤੋਂ ਬਾਅਦ ਮਹਾਰਾਜ ਜੀ ਨੇ ਸੀਸ 'ਤੇ ਹੱਥ ਰੱਖ ਕੇ ਸਾਵਧਾਨ ਕੀਤਾ।

ਪਾਤਸ਼ਾਹ! ਮੈਂ ਕਿਹੜੀ ਰਸਨਾ ਦੇ ਨਾਲ ਤੇਰੇ ਗੁਣ ਗਾਵਾਂ। ਐਡੀ ਮੇਰੇ ਉਤੇ ਤੁਸੀਂ ਕ੍ਰਿਪਾ ਕਰ ਦਿਤੀ। ਜਨਮਾਂ-ਜਨਮਾਂ ਦਾ ਵਿਛੜਿਆ ਹੋਇਆ ਤੁਸੀਂ ਮੇਲ ਦਿਤਾ। ਮਸਤਕ ਨਿਵਾਇਆ। ਮਹਾਰਾਜ ਨੇ ਆਗਿਆ ਕੀਤੀ, ਚੰਗਾ ਭਾਈ! ਹੁਣ ਤੁਸੀਂ ਕਾਰਜ ਕਰੋ ਆਪਣਾ। ਉਹ ਚਲਿਆ ਜਾਂਦਾ ਹੈ। ਭਾਈ ਬਾਲਾ ਜੀ ਤੇ ਭਾਈ ਮਰਦਾਨਾ ਵੀ ਦੇਖਦੇ ਨੇ। ਮਰਦਾਨਾ ਕਿਉਂਕਿ ਗੱਲਬਾਤ ਕਰਦਾ ਸੀ। ਮਹਾਰਾਜ ਨੂੰ ਬਹੁਤ ਪਿਆਰ ਕਰਦਾ ਸੀ ਮਰਦਾਨਾ। ਬਾਲ ਸਖਾਈ ਸੀ, ਵੈਸੇ ਉਮਰ ਵਿਚ 10 ਸਾਲ ਵੱਡਾ ਸੀ। ਪਰ ਸਤਿਕਾਰ ਉਸ ਦੇ ਮਨ ਵਿਚ ਬਹੁਤ ਸੀ। ਸੁਭਾਅ ਸੀ ਗੱਲਬਾਤ ਤੋਰਨ ਦਾ। ਕਹਿਣ ਲੱਗਿਆ, ਮਹਾਰਾਜ! ਇਹ ਜਿਹੜਾ ਵਪਾਰੀ ਆਇਆ ਹੈ। ਨਾ ਇਹ ਆਪਣੇ ਕੋਲ ਕਦੇ ਪਹਿਲਾਂ ਆਇਆ ਹੈ, ਨਾ ਕੋਈ ਇਹਨੇ ਜਪ ਤਪ ਕੀਤਾ ਹੈ, ਤੁਸੀਂ ਐਡੀ ਵੱਡੀ ਕ੍ਰਿਪਾ ਕਰ ਦਿਤੀ? ਕਿਉਂਕਿ ਰੋਜ਼ ਦੇਖਦਾ ਸੀ ਕ੍ਰਿਪਾ ਹੁੰਦੀ। ਤੇ ਇਹਦੇ ਬਜਰ ਕਪਾਟ ਆਪ ਨੇ ਖੋਲ੍ਹ ਦਿਤੇ। ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਇਹ ਪਿਛਲੇ ਜਨਮ ਦਾ ਬਹੁਤ ਤਪੀਆ ਸੀ, ਭਗਤ ਸੀ ਬਹੁਤ ਵੱਡਾ। ਲੇਕਿਨ ਇਹਨੂੰ ਪ੍ਰਾਪਤੀ ਨਹੀਂ ਸੀ ਹੋਈ, ਅਧੂਰਾ ਸੀ, ਪੂਰਾ ਗੁਰੂ ਨਹੀਂ ਸੀ ਇਸ ਨੂੰ ਮਿਲਿਆ। ਜਿੰਨਾਂ ਚਿਰ ਪੂਰਾ ਗੁਰੂ ਨਾ ਮਿਲੇ ਓਨੀਂ ਦੇਰ ਤੱਕ ਅੰਦਰਲੇ ਤਾਕ ਨਹੀਂ ਖੁਲ੍ਹਿਆ ਕਰਦੇ, ਅੰਦਰਲਾ ਕੋਈ ਵੀ ਭੇਤ ਨਹੀਂ ਆਇਆ ਕਰਦਾ ਕਿਉਂਕਿ ਸਮਰੱਥ ਗੁਰੂ ਨਹੀਂ ਮਿਲਿਆ। ਸਾਨੂੰ ਤਾਂ ਇਹ ਪਤਾ ਨਹੀਂ। ਹੁਣ ਐਸੀ ਸਿੱਖੀ ਹੋ ਗਈ ਕਿ ਬਾਣੀ ਪੜ੍ਹ ਕੇ ਅਸੀਂ ਸਾਰ ਲੈਂਦੇ ਹਾਂ ਕਿ ਐਨੀ ਬਾਣੀ ਪੜ੍ਹ ਲਈ ਜਾਂ ਮੈਂ 10 ਪਾਠ ਕਰਦਾ ਹਾਂ 'ਜਪੁਜੀ ਸਾਹਿਬ' ਦੇ, ਮੈਂ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਦਾ ਹਾਂ। ਬਹੁਤ ਚੰਗਾ ਹੈ ਜਿਹੜਾ ਕੁਛ ਕਰਦਾ ਹੈਂ। ਪਰ ਇਥੇ ਨਾ ਰੁਕ ਪਿਆਰਿਆ, ਤੂੰ ਤਾਂ ਅਗਾਂਹਾਂ ਜਾਣਾ ਹੈ। ਤੇਰੀ ਮੰਜ਼ਲ ਬੜੀ ਦੂਰ ਹੈ, ਵਾਹਿਗੁਰੂ ਅੰਦਰ ਵਸਦਾ ਹੈ -

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥*

*ਅੰਦਰਿ ਕੋਟ ਛਜੇ ਹਟਨਾਲੇ ॥ ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥*
*ਅੰਗ - 1033*

ਗੁਰੂ ਦੇ ਸ਼ਬਦ ਦੇ ਨਾਲ ਇਹ ਕਪਾਟ ਖੁੱਲ੍ਹਣੇ ਨੇ ਅੰਦਰਲੇ, ਤੂੰ ਬਹਿ ਗਿਆ ਅੱਖਾਂ ਦੇ ਕੋਲ ਹੀ, ਬਾਣੀ ਅੱਖਾਂ ਨਾਲ ਪੜ੍ਹ ਹੁੰਦੀ ਹੈ, ਜਾਂ ਯਾਦਦਾਸ਼ਤ ਨਾਲ ਪੜ੍ਹ ਹੁੰਦੀ ਹੈ, ਇਸ ਤੋਂ ਅਗਾਂਹਾਂ ਜਾਣਾ ਹੈ, ਰਸਤਾ ਬੜੀ ਦੂਰ ਹੈ ਇਹ, ਬਾਣੀ ਨੇ ਪ੍ਰੇਰਨਾ ਦੇਣੀ ਹੈ -

*ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥*
*ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥*
*ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥*
*ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥*
*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥*
*ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥* *ਅੰਗ- 262*

ਯਾਦ ਦੇ ਮੰਡਲ ਵਿਚ ਪਹੁੰਚਣਾ ਹੈ, ਯਾਦ ਦੇ ਮੰਡਲ 'ਚ ਨਹੀਂ ਪਹੁੰਚਿਆ, ਅਗਾਹਾਂ ਕਿਵੇਂ ਜਾਏਂਗਾ? ਜਿੰਨਾਂ ਚਿਰ ਉਸ ਸ਼ਬਦ ਦੀ ਵਰਤੋਂ ਨਹੀਂ ਕਰਦਾ, ਜਿੰਨੀ ਦੇਰ ਤਕ ਤੂੰ ਸ਼ਬਦ ਦਾ ਸਾਧਨ ਨਹੀਂ ਅਪਣਾਉਂਦਾ, ਓਨੀਂ ਦੇਰ ਤੱਕ ਅੰਦਰਲੇ ਕਪਾਟ ਨਹੀਂ ਖੁੱਲ੍ਹਣੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ਅੰਗ - 954*

ਜੇ ਗੁਰੂ ਦਾ ਸ਼ਬਦ ਹੀ ਨਹੀਂ ਤੇਰੇ ਕੋਲ, ਕਿਸ ਤਰ੍ਹਾਂ ਤੂੰ ਅੰਦਰ ਜਾਏਂਗਾ, ਬਾਹਰਲੇ ਭੇਖ ਨੂੰ ਤਾਂ ਪੁੱਛਣਾ ਨਹੀਂ ਹੈ ਕਿਸੇ ਨੇ, ਬਾਹਰਲੀ ਜਾਤ ਨੂੰ ਕਿਸੇ ਨੇ ਨਹੀਂ ਪੁੱਛਣਾ ਤੇ ਨਾਮ ਦੀ ਪ੍ਰਾਪਤੀ ਨਹੀਂ ਹੋਣੀ। ਕਹਿੰਦਾ, ਨਾਮ ਤਾਂ ਅਸੀਂ ਪੰਜ ਪਿਆਰਿਆਂ ਤੋਂ ਲੈ ਲਿਆ, ਉਹ ਤਾਂ ਗੁਰਮੰਤ੍ਰ ਲਿਆ ਹੈ ਤੁਸੀਂ। ਨਾਮ ਤਾਂ ਤੁਹਾਡੇ ਅੰਦਰ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- 293*

ਹੈਗਾ ਦੇਹ ਦੇ ਵਿਚ ਹੀ, ਬਾਹਰੋਂ ਨਹੀਂ ਨਾਮ ਨੇ ਆਉਣਾ, ਨਾਮ ਅੰਦਰ ਹੈ ਤੇ ਮਹਾਰਾਜ ਨੇ ਨਾਮ ਨੂੰ ਅੰਮ੍ਰਿਤ ਕਿਹਾ ਹੈ। ਜਿਸਨੂੰ ਅਸੀਂ ਅੰਮ੍ਰਿਤ ਕਹਿੰਦੇ ਹਾਂ। ਇਸ ਅੰਮ੍ਰਿਤ ਨੂੰ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥* *ਅੰਗ - 918*

ਨਹੀਂ ਉਥੇ ਉਨ੍ਹਾਂ ਨੂੰ ਨਾਮ ਦੀ ਪ੍ਰਾਪਤੀ ਹੁੰਦੀ, ਨਾਮ ਦੀ ਪ੍ਰਾਪਤੀ ਕੇਵਲ ਇਸ ਮਨੁੱਖ ਸਰੀਰ 'ਚ ਹੀ ਹੁੰਦੀ ਹੈ, ਸਾਰੀ ਕਾਇਨਾਤ 'ਚੋਂ। ਨਾ ਦੇਵਤਿਆਂ ਦੇ ਹਿੱਸੇ ਇਹ ਚੀਜ਼ ਆਈ ਹੈ, ਨਾ ਦੈਂਤਾਂ ਦੇ ਆਈ ਹੈ। ਕਿਸੇ ਦੇ ਹਿੱਸੇ 'ਚ ਨਾਮ ਦੀ ਦਾਤ ਨਹੀਂ ਆਈ। ਨਾਮ ਦੀ ਦਾਤ ਕੇਵਲ ਮਨੁੱਖ ਦੇ ਹਿੱਸੇ 'ਚ ਆਈ ਹੈ। ਐਡੀ ਕੀਮਤੀ ਚੀਜ਼ ਹੈ। ਮਹਾਰਾਜ ਕਹਿੰਦੇ -

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*

*ਅੰਗ - 81*

ਐਡਾ ਕੀਮਤੀ ਨਾਮ, ਫੇਰ ਅਸੀਂ ਉਸ ਤੋਂ ਕਿੰਨੇ ਵਾਂਝੇ ਹਾਂ, ਕਿੰਨੇ ਭੁੱਲੇ ਹੋਏ ਹਾਂ, ਹੈਰਾਨੀ ਦੀ ਗੱਲ ਹੋਈ ਨਾ। ਗੁਰੂ ਮਹਾਰਾਜ ਹਾਕਾਂ ਮਾਰ-ਮਾਰ ਕਹਿ ਰਹੇ ਨੇ। ਨਾਲ ਇਹ ਕਹਿੰਦੇ ਨੇ ਕਿ ਕਰਿਆ ਕੀ ਜਾਵੇ ਮਾੜਿਆਂ ਭਾਂਗਾਂ ਵਾਲੇ ਸੁਣਦੇ ਨਹੀਂ ਹਨ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*

*ਅੰਗ - 1378*

ਅੰਦਰਲੇ ਪਾਸੇ ਮਨਮੁਖਤਾਈ ਨੇ ਇਹਨੂੰ ਤੋੜਿਆ ਹੋਇਆ ਹੈ, ਚਿੱਤ ਨਹੀਂ ਫੇਰਦਾ ਮਨਮੁਖਤਾਈ ਤੋਂ, ਉਥੇ ਹੀ ਰਹਿੰਦਾ ਹੈ, ਮਹਾਤਮਾ ਹਾਕਾਂ ਮਾਰਦੇ ਨੇ, ਦਸਦੇ ਨੇ ਕਿ ਤੇਰੇ ਅੰਦਰ ਪ੍ਰਮੇਸ਼ਰ ਹੈ -

*ਭੀਤਰਿ ਕੋਟ ਗੁਫਾ ਘਰ ਜਾਈ ॥*
*ਨਉ ਘਰ ਥਾਪੇ ਹੁਕਮਿ ਰਜਾਈ ॥*
*ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥*

*ਅੰਗ - 1033*

ਤੇਰੇ ਅੰਦਰ ਵਾਹਿਗੁਰੂ ਰਹਿੰਦਾ ਹੈ, ਪੜ੍ਹਦਾ ਪਿਆ ਹੋਇਆ ਹੈ -

*ਹਉ ਹਉ ਭੀਤਿ ਭਇਓ ਹੈ ਬੀਚੋ ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ- 624*

ਪਲੰਘ ਦੇ ਉਤੇ ਜਿਵੇਂ ਪਤੀ ਪਤਨੀ ਹੁੰਦੇ ਨੇ। ਕਹਿੰਦੇ ਇਸ ਤਰ੍ਹਾਂ ਵਾਹਿਗੁਰੂ ਨਾਲ ਰਹਿੰਦਾ ਹੈ, ਐਨਾ ਨੇੜੇ। ਪਰ ਵਿਚ ਕੀ ਹੋਇਆ-ਹੋਇਆ ਹੈ? ਕੰਧ ਬਣਾ ਦਿਤੀ ਬੜੀ ਤਕੜੀ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥* *ਅੰਗ - 1263*

ਪਰਦਾ ਪੈ ਗਿਆ, ਰੱਬ ਕੋਲ ਰਹਿੰਦਾ ਹੈ। ਪਹਿਲਾਂ ਤਾਂ ਸਾਨੂੰ ਲੋਚਾ ਹੀ ਨਹੀਂ ਰੱਬ ਨੂੰ ਮਿਲਣ ਦੀ ਕਿ ਰੱਬ ਹੋਣਾ ਹੈ, ਅਸੀਂ ਲੈਣਾ ਕੀ ਹੈ ਉਸ ਤੋਂ। ਜਿਹੜਾ ਕੁਛ ਲੈਣਾ ਸੀ ਲੈ ਲਿਆ, ਸੁੰਦਰ ਸਰੀਰ ਦੇ ਦਿਤਾ, ਨੇਤਰਾਂ ਦੀ ਜੋਤੀ ਚੰਗੀ ਦੇ ਦਿਤੀ, ਕੰਨ ਸੁਣਨ ਲੱਗ ਗਏ, ਦੰਦ ਖਾਣ ਲੱਗ ਗਏ, ਸਰੀਰ ਨੱਠਣ-ਭੱਜਣ ਲੱਗ ਗਿਆ, ਬੁੱਧੀ ਨੇ ਪੜ੍ਹਾਈ ਲਿਖਾਈ ਕਰ ਲਈ, ਕਾਰੋਬਾਰ ਅਸੀਂ ਚਲਾ ਲਿਆ, ਪਰਿਵਾਰ ਦੇ ਦਿਤਾ ਵਾਹਿਗੁਰੂ ਨੇ, ਅਸੀਂ ਸਾਰੇ ਰਲ ਮਿਲ ਕੇ ਪਾਲਣਾ ਕਰਦੇ ਹਾਂ। ਅਸੀਂ ਰੱਬ ਤੋਂ ਕੀ ਲੈਣਾ ਹੈ? ਜਿਹੜਾ ਦੇਣਾ ਸੀ ਦੇ ਦਿਤਾ।

ਮਹਾਰਾਜ ਕਹਿੰਦੇ, ਪਿਆਰਿਓ! ਫੇਰ ਪਤਾ ਹੈ ਕੀ ਦੋਸ਼ ਲਗਦਾ ਹੈ? ਜਿਹੜਾ ਦਿਤਾ ਹੈ ਉਹਦੇ ਨਾਲ ਤੂੰ ਉਲਝ ਗਿਆ। ਜਿਹੜਾ ਦੇਣ

ਵਾਲਾ ਸੀ ਉਹਨੂੰ ਭੁੱਲ ਗਿਆ। ਭੁੱਲ ਜਾਣਾ ਕਿਸੇ ਦੇ ਉਪਕਾਰ ਨੂੰ, ਉਹਨੂੰ ਅਕ੍ਰਿਤਘਣ ਕਹਿੰਦੇ ਨੇ। ਜਿਹੜਾ ਅਕ੍ਰਿਤਘਣ ਹੈ, ਭਾਈ ਗੁਰਦਾਸ ਜੀ ਕਹਿੰਦੇ ਧਰਤੀ ਡਾਵਾਂਡੋਲ ਹੋ ਜਾਂਦੀ ਹੈ, ਅਕ੍ਰਿਤਘਣਾਂ ਦੇ ਭਾਰ ਨਾਲ –

*ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।*
*ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।*
*ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।*
*ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।*
*ਨਾ ਤਿਸੁ ਭਾਰੇ ਜੀਅ ਜੰਤ ਅਣਗਣਤ ਫਿਰੰਦੇ।*

***ਭਾਈ ਗੁਰਦਾਸ ਜੀ ਵਾਰ, 35/8***

ਨਾ ਪਰਬਤ ਭਾਰੇ ਨੇ ਨਾ ਦਰਿਆ ਭਾਰੇ ਨੇ, ਨਾ ਮਕਾਨ ਭਾਰੇ ਨੇ, ਨਾ ਜੀਅ ਜੰਤ ਭਾਰੇ ਨੇ, ਭਾਰਾ ਕੀ ਹੈ?–

*ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ॥*

***ਭਾਈ ਗੁਰਦਾਸ ਜੀ ਵਾਰ, 35/8***

ਜੇ ਧਰਤੀ ਨੂੰ ਬੋਝ ਲਗਦਾ ਹੈ ਤਾਂ ਅਕ੍ਰਿਤਘਣਾ ਦਾ ਲਗਦਾ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਹੈ ਪੜ੍ਹੋ ਪਿਆਰ ਨਾਲ –

*ਧਾਰਨਾ – ਮਨਮੁਖਾਂ ਨੇ ਵਿਸਾਰ ਦਿਤਾ ਦਾਤਾ,*
*ਦਾਤ ਨੂੰ ਪਿਆਰੀ ਜਾਣ ਕੇ।*

*ਦਾਤਿ ਪਿਆਰੀ ਵਿਸਰਿਆ ਦਾਤਾਰਾ ॥* ***ਅੰਗ – 676***

*ਉਰਝਿ ਪਰੇ ਜੋ ਛੋਡਿ ਛਡਾਨਾ ॥*
*ਦੇਵਨਹਾਰੁ ਮਨਹਿ ਬਿਸਰਾਨਾ ॥* ***ਅੰਗ – 251***

ਪਾਣੀ ਸ਼ੁੱਧ ਦਿਤਾ ਹੈ, ਹਵਾ ਸ਼ੁੱਧ ਦਿਤੀ ਹੈ। ਹੁਣ ਪ੍ਰਦੂਸ਼ਣ ਹੋ ਗਈ ਹਵਾ 'ਚ, ਲੁਧਿਆਣੇ 'ਚ ਬਹੁਤੀ ਹੋ ਗਈ। ਡਾਕਟਰ ਕਹਿਣ ਲੱਗੇ, ਹੁਣ ਛੇਤੀ ਨਾਲ ਹੀ ਬਿਮਾਰੀਆਂ ਹੀ ਬਿਮਾਰੀਆਂ ਆ ਜਾਣੀਆਂ ਨੇ ਕਿਉਂਕਿ ਹਵਾ ਦੂਸ਼ਿਤ ਹੋ ਗਈ। ਵਾਹਿਗੁਰੂ ਨੇ ਤਾਂ ਸਾਨੂੰ ਸ਼ੁੱਧ ਹਵਾ ਦਿਤੀ ਹੈ, ਸ਼ੁੱਧ ਪਾਣੀ ਦਿਤਾ ਸੀ, ਆਪੇ ਹੀ ਅਸੀਂ ਖਰਾਬ ਕਰ ਲਿਆ। ਉਹਦੀਆਂ ਰਹਿਮਤਾਂ ਨੂੰ, ਬਰਕਤਾਂ ਨੂੰ ਅਸੀਂ ਗਿਣਦੇ ਨਹੀਂ ਹਾਂ। ਪਾਣੀ ਕਿੰਨੀ ਉੱਤਮ ਚੀਜ਼ ਹੈ।

ਇਕ ਵਾਰੀ ਅਕਬਰ ਨੇ ਬੀਰਬਲ ਨੂੰ ਪੁੱਛਿਆ, ਕਹਿੰਦਾ, ਬੀਰਬਲ! ਇਹ ਕਹਿੰਦੇ ਨੇ ਕਿ ਅਮੁੱਲ ਦਾਤਾਂ ਨੇ, ਪਾਣੀ ਵੀ ਅਮੁੱਲ ਹੈ। ਪਾਣੀ ਤਾਂ ਜਿੰਨਾਂ ਜੀਅ ਕਰਦਾ ਹੈ ਲੈ ਲਓ। ਇਹਨੂੰ ਅਮੁੱਲ ਕਿਉਂ ਕਿਹਾ ਹੈ? ਕਹਿਣ ਲੱਗਿਆ, ਹਜ਼ੂਰ! ਇਕ ਮੈਂ ਆਪ ਨੂੰ ਗੱਲ ਦਸਦਾ ਹਾਂ ਕਿ ਇਕ ਵਾਰੀ ਸਹਿਰਾਆਜ਼ਮ, ਮਾਰੂਥਲ ਹੈ ਜਿਹੜਾ ਅਫਰੀਕਾ ਦਾ, ਇਹਦੇ ਵਿਚ ਦੀ ਲੋਕ ਲੰਘਦੇ ਨੇ, ਰਸਤਾ ਬਣਿਆ ਹੋਇਆ ਹੈ, ਪਰ ਬਹੁਤ ਔਖਾ ਰਸਤਾ ਹੈ। ਊਠਾਂ ਦੇ ਉਤੇ ਪਾਣੀ ਦੀਆਂ ਛਾਗਲਾਂ ਲੱਦ ਲੈਂਦੇ ਨੇ, ਊਠ ਅੱਠ ਦਿਨ ਜੋਗਾ ਪਾਣੀ ਪੀ ਲੈਂਦਾ ਹੈ। ਗਿਝੇ ਹੋਏ ਨੇ। ਅੱਠ ਦਿਨ ਨਹੀਂ ਪਿਆਸ ਲਗਦੀ ਊਠ ਨੂੰ, ਜੇ ਇਕ ਵਾਰੀ ਪਾਣੀ ਪੀ ਲਾਵੇ। ਐਨੇ ਨੂੰ

ਕਿਤੇ ਨਾ ਕਿਤੇ ਪਾਣੀ ਆ ਜਾਂਦਾ ਹੈ, ਠਾਰ੍ਹਾਂ ਬਣੀਆਂ ਹੋਈਆਂ ਨੇ। ਕਹਿਣ ਲੱਗੇ, ਇਕ ਵਾਰੀ ਐਸਾ ਹੋਇਆ ਕਿ ਜਿਹੜੀ ਠਾਰ੍ਹ ਸੀ ਉਹਦਾ ਪਾਣੀ ਮੁੱਕਿਆ ਹੋਇਆ ਸੀ ਤੇ ਜਿਹੜਾ ਛਾਗਲ 'ਚ ਪਾਣੀ ਸੀ, ਉਹ ਮੁੱਕ ਗਿਆ। ਦੋ ਮਸ਼ਕਾਂ ਸੀ ਊੱਠ ਦੇ ਉਤੇ, ਇਕ ਦੇ ਵਿਚ ਹੀਰੇ ਭਰੇ ਹੋਏ ਸੀ, ਇਕ ਦੇ ਵਿਚ ਪਾਣੀ ਭਰਿਆ ਹੋਇਆ ਸੀ। ਜਦ ਪਾਣੀ ਨਾ ਮਿਲਿਆ ਉਥੇ ਹੀ ਉਠ ਮਰ ਗਿਆ ਤੇ ਉਥੇ ਹੀ ਉਹ ਬੰਦਾ ਮਰ ਗਿਆ ਤੇ ਮਸ਼ਕਾਂ ਪਈਆਂ ਨੇ। ਇਕ ਹੋਰ ਕੋਈ ਮੁਸਾਫਿਰ ਆਉਂਦਾ ਹੈ। ਬਹੁਤ ਬੁਰਾ ਹਾਲ ਹੋਇਆ-ਹੋਇਆ ਹੈ, ਤੁਰ ਨਹੀਂ ਸਕਦਾ, ਜਾਨ ਨਿਕਲਦੀ ਜਾਂਦੀ ਹੈ। ਜਿਸ ਵਕਤ ਉਹਨੇ ਮਸ਼ਕ ਦੇਖੀ, ਮੂੰਹ ਬੰਨ੍ਹਿਆ ਹੋਇਆ ਕਿ ਉਠ ਦੇ ਕੋਲ ਮਸ਼ਕ ਪਈ ਹੈ ਕਿ ਜ਼ਰੂਰ ਪਾਣੀ ਹੋਏਗਾ ਇਹਦੇ 'ਚ। ਦੌੜ ਕੇ ਆਇਆ, ਆ ਕੇ ਜਦੋਂ ਮੂੰਹ ਖੋਲ੍ਹਦਾ, ਉਹਦੇ ਵਿਚੋਂ ਹੀਰੇ ਜਵਾਹਰਾਤ ਨਿਕਲਦੇ ਨੇ। ਉਸ ਵੇਲੇ ਉਹ ਕਹਿੰਦਾ ਅਫਸੋਸ! ਜੇ ਕਿਤੇ ਮੈਨੂੰ ਇਕ ਘੁੱਟ ਪਾਣੀ ਮਿਲ ਜਾਂਦਾ ਤਾਂ ਮੇਰੀ ਜਾਨ ਬਚ ਜਾਂਦੀ। ਕਹਿੰਦੇ, ਬਾਦਸ਼ਾਹ! ਆਹ ਦੱਸੋ ਕਿ ਇਹੋ ਜਿਹੀ ਹਾਲਤ ਜੇ ਤੁਹਾਡੇ ਨਾਲ ਹੋ ਜਾਵੇ ਤੇ ਇਕ ਹੋਰ ਸਾਥੀ ਜਾਂਦਾ ਹੋਵੇ, ਉਹਦੇ ਕੋਲ ਪਾਣੀ ਹੋਵੇ ਸ਼ਾਗਲ 'ਚ, ਦੋ ਚਾਰ ਗਿਲਾਸ, ਤੁਸੀਂ ਦੱਸੋ ਕਿ ਉਹਦੀ ਕੀਮਤ ਕੀ ਦੇ ਦੇਵੋਂਗੇ? ਕਹਿਣ ਲੱਗਿਆ, ਮੈਂ ਹਜ਼ਾਰਾਂ ਰੁਪਏ ਦੇ ਦੇਵਾਂਗਾ। ਕਹਿੰਦੇ, ਜੇ ਉਹ ਹਜ਼ਾਰਾਂ ਰੁਪਏ ਦੇਣ 'ਤੇ ਵੀ ਨਾ ਦੇਵੇ? ਕਹਿੰਦੇ, ਫੇਰ ਮੈਂ ਉਸ ਤੋਂ ਜ਼ਿਆਦਾ ਦੇ ਦੇਵਾਂ। ਕਹਿੰਦੇ, ਜੇ ਫੇਰ ਵੀ ਨਾ ਦੇਵੇ? ਕਹਿੰਦਾ, ਮੈਂ ਉਹਨੂੰ ਫੇਰ ਕੋਈ ਪਰਗਣਾ ਦੇ ਦੇਵਾਂ ਕਿ ਮੈਨੂੰ ਪਾਣੀ ਪਿਲਾ ਦੇਵੇ। ਕਹਿੰਦੇ, ਜੇ ਫੇਰ ਵੀ ਨਾ ਪਿਲਾਵੇ? ਕਹਿੰਦੇ, ਫੇਰ ਮੈਂ ਅੱਧਾ ਰਾਜ ਦੇ ਦੇਵਾਂ ਉਹਨੂੰ। ਕਹਿੰਦਾ, ਮਹਾਰਾਜ! ਜੇ ਫੇਰ ਵੀ ਨਾ ਪਿਲਾਇਆ? ਕਹਿੰਦਾ, ਮੈਂ ਪੂਰਾ ਰਾਜ ਦੇ ਦੇਵਾਂਗਾ, ਕਿਉਂਕਿ ਮਰਨ ਤੋਂ ਬਚ ਜਾਵਾਂਗਾ। ਕਹਿੰਦੇ, ਫੇਰ ਤੁਹਾਡਾ ਰਾਜ ਹਿੰਦੋਸਤਾਨ ਦਾ, ਇਕ ਪਾਣੀ ਦੇ ਗਿਲਾਸ ਤੋਂ ਘਟੀਆ ਹੋਇਆ ਕਿ ਨਹੀਂ।

ਸਾਧਸੰਗਤ ਜੀ! ਇਹ ਅਮੁੱਲ ਦਾਤਾਂ ਨੇ ਵਾਹਿਗੁਰੂ ਨੇ ਸਾਨੂੰ ਬਖਸ਼ੀਆਂ ਹੋਈਆਂ। ਮਹਾਰਾਜ ਕਹਿੰਦੇ, ਉਹ ਕਿੰਨਾ ਦਿੰਦਾ ਹੈ, ਸੀਤਲ ਜਲ ਤੂੰ ਪੀਂਦਾ ਹੈਂ, ਤੇਰਾ ਸਰੀਰ ਕਾਇਮ ਹੈ, ਤੈਨੂੰ ਬਾਲ-ਬੱਚੇ ਮਿਲੇ ਹੋਏ ਨੇ, ਕੋਠੀਆਂ ਮਿਲੀਆਂ ਹੋਈਆਂ ਨੇ ਤੇ ਤੂੰ ਤਾਂ ਇਹਦੇ ਵਿਚ ਹੀ ਉਲਝ ਗਿਆ - ***'ਉਰਝਿ ਪਰੇ ਜੋ ਛੋਡਿ ਛਡਾਨਾ ॥ ਦੇਵਨਹਾਰੁ ਮਨਹਿ ਬਿਸਰਾਨਾ ॥'*** ਜਿਹੜਾ ਛੱਡ ਜਾਣਾ ਹੈ ਤੂੰ, ਨਾਲ ਨਹੀਂ ਲੈ ਕੇ ਜਾਣਾ, ਉਹਦੇ ਵਿਚ ਤੂੰ ਜ਼ਿੰਦਗੀ ਗੁਜ਼ਾਰ ਰਿਹਾ ਹੈਂ। ਸੋ ਇਸ ਤਰ੍ਹਾਂ ਦਾ ਸਾਡਾ ਹਾਲ ਹੈ ਸਾਧਸੰਗਤ ਜੀ! ਅਸੀਂ ਉਸ ਪ੍ਰਭੂ ਨੂੰ ਯਾਦ ਨਹੀਂ ਕਰਦੇ, ਲੋੜ ਨਹੀਂ ਸਾਨੂੰ।

ਮੈਂ ਬੇਨਤੀ ਕਰ ਰਿਹਾ ਸੀ ਕਿ ਰੱਬ ਦੂਰ ਨਹੀਂ ਸਾਡੇ, ਬਿਲਕੁਲ ਸਾਡੇ ਨੇੜੇ ਹੈ। ਅੰਦਰ ਰਹਿੰਦਾ ਹੈ। ਸਾਨੂੰ ਨਹੀਂ ਪਤਾ ਲਗਦਾ। ਕਿਉਂਕਿ ਸਾਨੂੰ ਤਲਾਸ਼ ਨਹੀਂ, ਲੋੜ ਨਹੀਂ ਲਗਦੀ ਹੈ। ਮਹਾਂਪੁਰਸ਼ ਰੌਲਾ ਪਾਈ ਜਾਂਦੇ ਨੇ ਕਿ ਪਿਆਰਿਓ! -

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ ॥*
*ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ 1 ॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ ॥*
*ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥* *ਅੰਗ - 12*

ਬਾਰ-ਬਾਰ ਇਸ ਨੂੰ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ-

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਉਹੋ ਦੇਹੀ ਤੈਨੂੰ ਮਿਲ ਗਈ ਪਿਆਰਿਆ।*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥* *ਅੰਗ- 1159*

ਕਿੰਨੀ ਦੇਰ ਲਗ ਗਈ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* *ਅੰਗ - 176*

ਖਿਆਲ ਕਰਿਆ ਕਰੋ ਕਦੇ ਕਿ ਕਿੱਥੋਂ-ਕਿੱਥੋਂ ਅਸੀਂ ਹੋ ਕੇ ਆਏ ਹਾਂ। ਇਹੋ ਜਿਹੀਆਂ ਭੈੜੀਆਂ ਥਾਵਾਂ ਤੋਂ।

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥* *ਅੰਗ - 156*

ਆਹ ਗਿਣ ਲਿਆ ਕਰੋ, ਆਪੇ ਹੀ ਪਤਾ ਲਗ ਜਾਏਗਾ। ਸੱਪ, ਠੂੰਹੇ ਵੀ ਅਸੀਂ ਬਣਦੇ ਰਹੇ ਹਾਂ। ਮੱਛੀਆਂ, ਦਰਖਤ ਵੀ ਬਣਦੇ ਰਹੇ ਹਾਂ, ਉਡਣ ਵਾਲੇ ਪੰਛੀ ਵੀ ਬਣਦੇ ਰਹੇ, ਪਸ਼ੂ ਵੀ, ਘੋੜੇ ਬਣ ਕੇ ਟਾਂਗੇ ਖਿੱਚੇ ਨੇ, ਬਲਦ ਬਣ ਕੇ ਆਰਾ ਚੁਭਾਉਂਦੇ ਰਹੇ ਹਾਂ, ਬਹੁਤ ਮੁਸ਼ਕਲ ਦੇ ਨਾਲ ਵਾਰੀ ਆਈ ਹੈ -

*ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥*
*ਅੰਗ- 631*

ਤੇਰੀ ਵਾਰੀ ਆ ਗਈ ਹੈ ਪਿਆਰਿਆ! ਤੂੰ ਵਾਰੀ ਨੂੰ ਤਾਂ ਸੰਭਾਲ ਲੈ। ਸਾਧੂ ਮਹਾਂਪੁਰਸ਼ ਵਾਰ-ਵਾਰ ਕਹਿ ਰਹੇ ਨੇ ਕਿ ਵਾਰੀ ਸੰਭਾਲ ਲੈ।

*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥* *ਅੰਗ - 176*

ਇਹਨੇ ਲੰਘ ਜਾਣਾ ਹੈ -

*ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥*
*ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥*
*ਅੰਗ - 1428*

ਫੇਰ ਹੋਏਗਾ ਕੀ, ਜਦੋਂ ਦਰਗਾਹ ਦੇ ਦੁੱਖ ਦੇਖਾਂਗੇ, ਰੋਣਾ ਪੈ ਜਾਣਾ ਹੈ। ਵੇਲਾ ਨਹੀਂ ਸੰਭਾਲਦਾ। ਫੇਰ ਨਹੀਂ ਵੇਲਾ ਹੱਥ ਆਇਆ ਕਰਦਾ।

***ਧਾਰਨਾ - ਵਾਰੀ ਨੂੰ ਸੰਭਾਲ, ਵੇਲਾ ਹੱਥ ਨਹੀਂ ਆਉਣਾ।***

***ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥***
***ਅੰਗ - 1075***

ਬੜੀ ਮੁਸ਼ਕਲ ਦੇ ਨਾਲ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***
***ਅੰਗ - 631***

ਇਹੀ ਮੈਂ ਬੇਨਤੀ ਕਰਦਾ ਸੀ ਕਿ ਆਦਮੀ ਭੁੱਲ ਜਾਂਦਾ ਹੈ, ਰੱਬ ਦੀ ਲੋੜ ਨਹੀਂ ਸਮਝਦਾ। ਕਿਉਂਕਿ ਦਾਤਾਂ ਮਿਲ ਗਈਆਂ, ਬੇਅੰਤ ਦਾਤਾਂ ਮਿਲ ਗਈਆਂ, ਉਹਦੇ 'ਚ ਪਰਚ ਗਿਆ। ਰੱਬ ਦੀ ਕੀ ਲੋੜ ਰਹਿ ਗਈ। ਮਹਾਰਾਜ ਕਹਿੰਦੇ, ਤੈਨੂੰ ਪਤਾ ਨਹੀਂ, ਤੇਰੇ ਅੰਦਰ ਪ੍ਰਮੇਸ਼ਰ ਵਸਦਾ ਹੈ ਉਹਦਾ ਸ਼ਬਦ ਜੇ ਤੈਨੂੰ ਨਹੀਂ ਲੱਭਦਾ -

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ- 124***

ਇਹ ਤਾਂ ਜੇ ਲੋੜ ਪਵੇ ਕੂੰਜੀ ਦੀ ਤਾਂ ਹੀ ਮੰਗ ਕਰਦਾ ਹੈ, ਜੇ ਲੋੜ ਹੀ ਨਹੀਂ ਹੈ - 'ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥ ' ਇਕ ਵਾਰੀ ਆਦਮੀ ਬਣਿਆ ਹੈ? ਬਹੁਤ ਵਾਰੀ ਬਣਿਆ ਹੈ, ਹਰ ਵਾਰੀ ਗਲਤੀ ਕੀ ਖਾਧੀ ਹੈ -

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥ ਅੰਗ - 268***

ਦਸ ਚੀਜ਼ਾਂ ਨੇ -

***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - 268***

ਹੇ ਵਾਹਿਗੁਰੂ! ਹੁਣ ਰੱਖ ਲੈ। ਭੁੱਲੇ ਫਿਰਦੇ ਹਾਂ, ਕ੍ਰਿਪਾ ਕਰ ਸਾਡੇ ਉਤੇ। ਸਤਿਸੰਗ 'ਚ ਵੀ ਅਸੀਂ ਆ ਗਏ, ਬਾਣੀ ਵੀ ਅਸੀਂ ਸੁਣ ਲਈ, ਅੱਗੇ ਤੁਰੋ ਰੁਕੋ ਨਾ ਸਾਧਸੰਗਤ ਜੀ। ਇਥੇ ਜਿੱਥੇ ਕੁ ਰੁਕ ਗਏ ਆਪਾਂ ਕਿ ਮੈਂ ਜਪੁਜੀ ਸਾਹਿਬ ਪੰਜ ਬਾਣੀਆਂ ਦਾ ਨਿਤਨੇਮ ਕਰ ਲੈਂਦਾ ਹਾਂ ਤੇ ਮੈਂ ਥੋੜ੍ਹਾ ਬਹੁਤਾ ਮੂਲਮੰਤ੍ਰ ਦਾ ਵੀ ਪਾਠ ਕਰ ਲੈਂਦਾ ਹਾਂ। ਚੰਗੇ ਨੇ ਬਹੁਤ ਦੂਜਿਆਂ ਨਾਲੋਂ ਪਰ ਇਥੇ ਖਹਿੜਾ ਤਾਂ ਨਹੀਂ ਛੁਟਦਾ, ਇਹ ਤਾਂ ਜਦੋਂ ਤਕ ਅੰਦਰ ਪਹੁੰਚਦੇ ਨਹੀਂ, ਮੰਜ਼ਲ-ਏ-ਮਕਸੂਦ ਤੋਂ ਪਹਿਲਾਂ ਗੱਲ ਬਣਦੀ ਨਹੀਂ ਹੈ। ਇਥੇ ਪਹੁੰਚਿਆ ਕਿਵੇਂ ਜਾਂਦਾ ਹੈ? ਮਹਾਰਾਜ ਕਹਿੰਦੇ, ਸਤਿਸੰਗ ਤੋਂ ਬਗੈਰ ਨਹੀਂ ਇਥੇ ਪਹੁੰਚ ਹੁੰਦਾ। ਲਗਾਤਾਰ ਸਤਿਸੰਗ ਕਰ-

***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***
***ਅੰਗ- 72***

ਰੌਲੇ-ਰੱਪੇ ਛੱਡ ਦੇ। ਸੋ ਇਸ ਤਰ੍ਹਾਂ ਮਰਦਾਨੇ ਨੂੰ ਮਹਾਰਾਜ ਸਮਝਾਉਂਦੇ ਨੇ ਕਿ ਮਰਦਾਨਿਆਂ! ਜਿਨ੍ਹਾਂ ਨੂੰ ਤੂੰ ਜੰਗਲ ਕਹਿੰਦਾ ਹੈਂ ਇਹ ਬੜੇ ਚੰਗੇ ਨੇ, ਬੜੇ ਚੰਗੇ ਪੁਰਸ਼ ਦੁਨੀਆਂ ਨੂੰ ਛੱਡ ਛੱਡਾ ਕੇ ਇਥੇ ਆਏ, ਬਾਬਾ ਫਰੀਦ ਵਰਗੇ। ਹੋਰ ਵੱਡੇ-ਵੱਡੇ ਮਹਾਂਪੁਰਸ਼ ਆਏ, ਉਨ੍ਹਾਂ ਨੇ ਆ ਕੇ ਤਪ ਕਰੇ, ਤਾਂ ਜਾ ਕੇ ਪ੍ਰਮੇਸ਼ਰ ਦੀ ਪ੍ਰਾਪਤੀ ਕਰਕੇ ਫੇਰ ਘਰਾਂ ਨੂੰ ਗਏ।

ਮਰਦਾਨਿਆਂ! ਬਈ ਇਹ ਨਿੰਦਣਯੋਗ ਚੀਜ਼ ਨਹੀਂ। ਇਥੇ ਆਪਾਂ ਪ੍ਰਮੇਸ਼ਰ ਦੇ ਗੁਣ ਗਾਉਂਦੇ ਹਾਂ, ਮਹਿਲਾਂ ਦੇ ਨਾਲੋਂ ਕੁੱਲੀਆਂ ਚੰਗੀਆਂ ਹੁੰਦੀਆਂ ਨੇ -

***ਕਬੀਰ ਸੰਤਨ ਕੀ ਝੁੰਗੀਆ ਭਲੀ ਭਠਿ ਕੁਸਤੀ ਗਾਉ ॥***
***ਆਗਿ ਲਗਉ ਤਿਹ ਧਉਲਹਰ ਜਿਹ ਨਾਹੀ ਹਰਿ ਕੋ ਨਾਉ ॥***
***ਅੰਗ - 1365***

ਕਹਿੰਦੇ, ਅੱਗ ਲੱਗ ਜਾਵੇ ਉਸ ਸ਼ਹਿਰ ਨੂੰ, ਅੱਗ ਲੱਗ ਜਾਵੇ ਉਨ੍ਹਾਂ ਧਉਲਰਾਂ ਨੂੰ ਵੱਡੀਆਂ-ਵੱਡੀਆਂ ਕੋਠੀਆਂ, ਮਹਿਲਾਂ ਮਕਾਨਾਂ ਨੂੰ, ਜਿਹਦੇ ਵਿਚ ਪ੍ਰਮੇਸ਼ਰ ਦਾ ਨਾਉਂ ਨਹੀਂ ਹੈ -

***ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥***
***ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥***
***ਅੰਗ- 745***

ਮਰਦਾਨਿਆਂ! ਉਹ ਤਾਂ ਜਿਹੜੇ ਘਰ ਹੁੰਦੇ ਨੇ, ਸ਼ਮਸ਼ਾਨ ਭੂਮੀਆਂ ਵਰਗੇ ਹੁੰਦੇ ਨੇ। ਜਿੱਥੇ ਪ੍ਰਮੇਸ਼ਰ ਦਾ ਨਾਮ ਨਾ ਜਪੋ, ਉਹ ਨਗਰ ਵੀ ਉਜਾੜ ਹੋਇਆ ਕਰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ ਆਪ -

***ਧਾਰਨਾ - ਦਿਸਦਾ ਉਜਾੜ ਹੈ, ਰਾਮ ਦੇ ਪਿਆਰੇ ਬਾਝੋਂ।***

***ਕਬੀਰ ਜਹ ਜਹ ਹਉ ਫਿਰਿਓ ਕਉਤਕ ਠਾਓ ਠਾਇ ॥***
***ਇਕ ਰਾਮ ਸਨੇਹੀ ਬਾਹਰਾ ਊਜਰੁ ਮੇਰੈ ਭਾਂਇ ॥***
***ਅੰਗ - 1365***

ਮੈਨੂੰ ਤਾਂ ਉਜਾੜ ਲਗਦੀ ਹੈ ਕਿਉਂਕਿ ਪ੍ਰਮੇਸ਼ਰ ਦਾ ਪਿਆਰਾ ਨਹੀਂ ਕੋਈ ਨਜ਼ਰ ਆਇਆ, ਭੀੜ ਦੇ ਅੰਦਰ। ਕਹਿੰਦੇ ਮਰਦਾਨਿਆਂ! ਉਹ ਜਿਹੜੇ ਘਰ ਜਿੱਥੇ ਨਾਮ ਨਹੀਂ ਜਪ ਹੁੰਦਾ, ਉਹ ਘਰ ਸ਼ਮਸ਼ਾਨ ਭੂਮੀ ਵਰਗੇ ਹੋਇਆ ਕਰਦੇ ਨੇ -

***ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥***
***ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥***
***ਅੰਗ- 1374***

ਉਹ ਤਾਂ ਭੂਤ ਨੇ, ਬੰਦੇ ਦੇਖਣ ਵਾਸਤੇ ਨਜ਼ਰ ਆਉਂਦੇ ਨੇ। ਇੱਕ ਥਾਂ ਮਹਾਰਾਜ ਨੇ ਕਿਹਾ ਕਿ ਜਿਹਦੇ ਹਿਰਦੇ 'ਚ ਪਿਆਰ ਨਹੀਂ ਹੈ ਪ੍ਰਮੇਸ਼ਰ ਦਾ, ਉਹਨੂੰ ਮੱਤ ਜਾਣੋ ਕਿ ਉਹ ਜਿਉਂਦਾ ਹੈ। ਜਿਉਂਦਾ ਤਾਂ ਉਹ

ਹੈ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥ ਜੇ ਜੀਵੈ ਪਤਿ ਲਥੀ ਜਾਇ ॥***
***ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - 142***

ਉਹ ਹਰਾਮ ਖਾਂਦੇ ਨੇ, ਉਹ ਜੀਉਂਦੇ ਨਹੀਂ ਹਨ, ਜੀਉਂਦੇ ਸਿਰਫ ਉਹ ਨੇ ਜਿਨ੍ਹਾਂ ਦੇ ਅੰਦਰ ਨਾਮ ਦੀ ਰੌ ਚਲਦੀ ਹੈ। ਨਾਮ ਪ੍ਰਗਟ ਹੋ ਗਿਆ, ਜਿਨ੍ਹਾਂ ਨੂੰ ਅੰਦਰ ਪ੍ਰਕਾਸ਼ ਹੋ ਗਿਆ, ਸ਼ਬਦ ਦੀ ਪ੍ਰਾਪਤੀ ਹੋ ਗਈ ਅੰਦਰਲੇ ਦੀ। ਉਹ ਤਾਂ ਕਹਿੰਦੇ, ਜੀਉਂਦੇ ਨੇ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***
***ਅੰਗ - 253***

ਪੰਜ ਸਿਫਤਾਂ ਇਕ ਬੰਦੇ 'ਚ ਹੋਣ ਪਰ ਜੇ ਉਹਦੇ ਅੰਦਰ ਪਿਆਰ ਦੀ ਰੌ ਨਹੀਂ ਰੁਮਕਦੀ, ਜੇ ਵਾਹਿਗੁਰੂ ਨਾਲ ਪਿਆਰ ਨਹੀਂ ਪਿਆ ਉਹਦਾ ਤਾਂ ਉਹ ਮਰਿਆ ਹੋਇਆ ਬੰਦਾ ਹੈ, ਮੁਰਦਾ ਹੈ।

ਇਹ ਬਚਨ ਕਰਦੇ-ਕਰਦੇ ਤੁਰੇ ਜਾਂਦੇ ਨੇ, ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਬਸਤੀ ਵੀ ਆਏਗੀ? ਮਹਾਰਾਜ ਕਹਿੰਦੇ, ਬਸਤੀ ਆ ਰਹੀ ਹੈ ਪਿਆਰਿਆ ਬਹੁਤ ਨੇੜੇ ਹੀ ਹੈ। ਅੱਜ ਤੈਨੂੰ ਬਸਤੀ ਦਿਖਾ ਹੀ ਦਿੰਦੇ ਹਾਂ।

ਗੁਰੂ ਨਾਨਕ ਪਾਤਸ਼ਾਹ ਜਦੋਂ ਜੰਗਲ ਦੇ ਇਕ ਕਿਨਾਰੇ ਤੋਂ ਬਾਹਰ ਨਿਕਲੇ ਤਾਂ ਕੀ ਦੇਖਦੇ ਨੇ ਕਿ ਜੰਗਲ ਦੇ ਵਿਚ ਘਿਰਿਆ ਹੋਇਆ, ਇਕ ਕਾਫੀ ਘਰਾਂ ਦਾ ਪਿੰਡ ਹੈ। ਮਰਦਾਨੇ ਦੇ ਮਨ 'ਚ ਪਹਿਲਾਂ ਆਇਆ ਕਿ ਨਗਰ ਆ ਗਿਆ ਨੇੜੇ, ਕੋਈ ਪਿੰਡ ਆ ਗਿਆ, ਹੈ ਵੀ ਤਕੜਾ। ਲੇਕਿਨ ਉਸ ਤੋਂ ਬਾਅਦ ਜਿਉਂ-ਜਿਉਂ ਅੱਗੇ ਨੂੰ ਪੈਰ ਪੁੱਟਦਾ ਹੈ, ਅੰਦਰ ਕੁਛ ਹੋਣ ਲੱਗ ਗਿਆ, ਕਹਿਣ ਲੱਗਿਆ, ਮਹਾਰਾਜ ਅੱਜ ਮੇਰੇ ਮਨ 'ਚ ਖੁਸ਼ੀ ਨਹੀਂ ਆ ਰਹੀ ਇਸ ਪਿੰਡ ਨੂੰ ਦੇਖ ਕੇ। ਮਹਾਰਾਜ ਕਹਿੰਦੇ, ਮਰਦਾਨਿਆਂ! ਇਹ ਠੀਕ ਹੈ ਤੈਨੂੰ ਪਛਾਣ ਕਰਨੀ ਆ ਗਈ। ਖੁਸ਼ੀ ਉਥੇ ਹੀ ਆਉਂਦੀ ਹੈ ਜਿੱਥੇ ਪ੍ਰਭੂ ਦੇ ਪਿਆਰੇ ਹੋਣ। ਜਿੱਥੇ ਪ੍ਰਭੂ ਦੇ ਪਿਆਰੇ ਨਾ ਹੋਣ, ਉਹ ਸਾਰੀ ਜਿੰਨੀ ਆਲੇ-ਦੁਆਲੇ ਦੀ ਚੌਗਿਰਦੇ ਦੀ ਹਵਾ ਹੈ, ਵਾਤਾਵਰਣ ਹੈ ਉਹ ਸਾਰਾ ਉਨ੍ਹਾਂ ਦੇ ਖਿਆਲਾਂ ਨਾਲ ਭਰ ਜਾਇਆ ਕਰਦਾ ਹੈ। ਇਹ ਵਿਗਿਆਨਕ ਚੀਜ਼ ਹੈ, ਆਦਮੀ ਜਿਸ ਘਰ 'ਚ ਰਹਿੰਦਾ ਹੈ, ਜਿਹੋ ਜਿਹੇ ਖਿਆਲ ਨੇ, ਉਹਦੇ ਖਿਆਲ ਉਹਦੇ ਦੁਆਲੇ ਫੈਲਣੇ ਸ਼ੁਰੂ ਹੋ ਜਾਂਦੇ ਨੇ। ਫੈਲ ਕੇ ਕਿੱਥੇ ਤੱਕ ਜਾਂਦੇ ਨੇ, ਜਿਹੜਾ ਪਾਣੀ ਪਿਆ ਹੈ ਉਹਦੇ ਵਿਚ ਵੀ ਚਲੇ ਜਾਣਗੇ। ਜਿਹੜਾ ਅੰਨ ਪਿਆ ਹੈ ਉਹਦੇ ਵਿਚ ਵੀ ਚਲੇ ਜਾਣਗੇ। ਘਰ ਵੀ ਭਰ ਜਾਏਗਾ, ਕਮਰੇ ਭਰ ਜਾਣਗੇ।

ਇਕ ਡਾਕਟਰ ਜੌਜ਼ਫ ਹੋਏ ਨੇ ਜਰਮਨ ਦੇ। ਉਨ੍ਹਾਂ ਨੇ ਇਹ ਗੱਲ ਕਹੀ ਸੀ।

ਕਹਿੰਦੇ, ਸਾਬਤ ਕਰਕੇ ਦਿਖਾਓ?

ਉਹ ਕਹਿੰਦੇ, ਇਸ ਤਰ੍ਹਾਂ ਕਰੋ, ਕਿਸੇ ਕਮਰੇ 'ਚ ਮੈਨੂੰ ਲੈ ਚੱਲੋ, ਮੈਨੂੰ ਪ੍ਰਮੇਸ਼ਰ ਨੇ ਐਸੀ ਸੂਝ ਦੇ ਦਿਤੀ ਹੈ, ਮੈਂ ਦੱਸ ਦੇਵਾਂਗਾ। ਚੀਜ਼ਾਂ ਲੈ ਆਓ ਮੇਰੇ ਕੋਲ, ਜਿਹੜੀਆਂ ਵਰਤਦੇ ਰਹੇ ਹੋਣ ਬੰਦੇ। ਘਰ ਵਿਚ ਲੈ ਗਏ, ਇਕ ਐਸੇ ਘਰ 'ਚ ਲੈ ਗਏ, ਇਕ ਦਮ ਘਬਰਾ ਕੇ ਬਾਹਰ ਆ ਗਏ। ਕਹਿਣ ਲੱਗੇ, ਕੀ ਗੱਲ ਡਾਕਟਰ ਸਾਹਿਬ ਤੁਸੀਂ ਬਾਹਰ ਆ ਗਏ। ਕਹਿਣ ਲੱਗੇ, ਘਰ ਦਾ ਜਿਹੜਾ ਵਾਤਾਵਰਣ ਹੈ ਇਹ ਬਹੁਤ ਗੰਦਾ ਹੈ, ਇਥੇ ਕੁਝ ਸਾਲ ਪਹਿਲਾਂ ਕੋਈ ਬੰਦਾ ਮਾਰਿਆ ਗਿਆ ਹੈ। ਬਹੁਤ ਠੋਸ ਖਿਆਲ ਭਰੇ ਪਏ ਨੇ ਇਹਦੇ ਵਿਚ। ਫੇਰ ਉਹਦੇ ਕੋਲ ਇਕ ਸੋਟੀ ਲਿਆਂਦੀ, ਸੋਟੀ ਦੇਖ ਕੇ ਦਸ ਦਿਤਾ ਕਿ ਇਹ ਬੰਦਾ ਚੋਰੀਆਂ ਕਰਦਾ ਹੁੰਦਾ ਸੀ, ਲੋਕਾਂ ਦਾ ਧਨ ਖੋਂਹਦਾ ਹੁੰਦਾ ਸੀ, ਮਾੜਾ ਬੰਦਾ ਸੀ। ਐਨਕਾਂ ਲਿਆਂਦੀਆਂ। ਸਾਰਾ ਦੱਸੀਂ ਜਾਂਦਾ ਹੈ ਫਟਾਫਟ। ਸਾਰਿਆਂ ਨੇ ਇਸ ਗੱਲ ਨੂੰ ਮੰਨ ਲਿਆ ਕਿ ਆਦਮੀ ਦਾ ਜੋ ਖਿਆਲ ਹੈ ਉਹ ਧਰਤੀ ਨੂੰ ਦੂਸ਼ਿਤ ਕਰ ਦਿੰਦਾ ਹੈ। ਅੰਨ ਨੂੰ ਦੂਸ਼ਿਤ ਕਰ ਦਿੰਦਾ ਹੈ, ਪਾਣੀ ਨੂੰ ਦੂਸ਼ਿਤ ਕਰ ਦਿੰਦਾ ਹੈ, ਮਾੜਾ ਬਣਾ ਦਿੰਦਾ ਹੈ। ਇਸੇ ਕਰਕੇ ਰਹਿਤਨਾਮੇ 'ਚ ਆਉਂਦਾ ਹੈ –

***ਜਾ ਕੀ ਰਹਿਤ ਨਾ ਜਾਣੀਐ ਗੁਰਬਾਣੀ ਨਹੀ ਰੀਤ।***

ਜਿਹਦਾ ਪਿਆਰ ਬਾਣੀ ਨਾਲ ਨਹੀਂ, ਜਿਹਦੀ ਰਹਿਤ ਨੂੰ ਨਹੀਂ ਜਾਣਦੇ –

***ਤਿਸ ਦੇ ਹਥਹੁੰ ਖਾਧਿਆਂ ਵਿਸਰੇ ਹਰਿ ਕੀ ਪ੍ਰੀਤ।***

ਉਹਦਾ ਖਾ ਕੇ ਪ੍ਰਮੇਸ਼ਰ ਦੀ ਜੋ ਯਾਦ ਹੈ ਪਿਆਰ ਹੈ, ਉਹ ਵਿਸਰ ਜਾਇਆ ਕਰਦਾ ਹੈ, ਅੰਨ ਮਾੜਾ ਖਾ ਕੇ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ ਕਿਉਂਕਿ ਉਹਦੇ ਵਿਚ ਆਦਮੀ ਦੇ ਖਿਆਲ ਪਏ ਹੋਏ ਨੇ।

ਇਕ ਵਾਰੀ ਇਕ ਮਹਾਤਮਾ ਕਿਸੇ ਨਗਰ ਦੇ ਅੰਦਰ ਕਥਾ ਕਰਿਆ ਕਰਦੇ ਸੀ, ਪਰ ਅਚਾਨਕ ਉਹ ਕਥਾ ਰਾਜੇ ਨੇ ਵੀ ਸੁਣ ਲਈ, ਉਹਨੇ ਕਿਹਾ ਕਿ ਇਹ ਤਾਂ ਮਹਾਤਮਾ ਵਿਦਵਾਨ ਨੇ ਬੜੀ ਉੱਚੀਆਂ ਗੱਲਾਂ ਸੁਣਾਉਂਦੇ ਨੇ, ਕਿਉਂ ਨਾ ਮੈਂ ਇਨ੍ਹਾਂ ਦਾ ਪੂਰਾ ਆਦਰ ਸਤਿਕਾਰ ਕਰਕੇ ਆਪਣੇ ਮਹਿਲਾਂ 'ਚ ਲੈ ਜਾਵਾਂ। ਰਾਜ ਮਹਿਲਾਂ 'ਚ ਕਥਾ ਹੋਣ ਲੱਗ ਗਈ, ਰਾਜਾ ਸੁਣਨ ਲੱਗ ਗਿਆ। ਐਨਾ ਪ੍ਰੇਮ 'ਚ ਆਇਆ ਕਿ ਆਪਣੇ ਨਾਲ ਦਾ ਕਮਰਾ ਮੈਂ ਇਸ ਨੂੰ ਦੇ ਦੇਵਾਂ, ਅੰਦਰ ਲੈ ਗਿਆ, ਆਪਣੇ ਨਾਲ ਦਾ ਕਮਰਾ ਦੇ ਦਿਤਾ। ਸੰਤ ਰਹਿੰਦੇ ਰਹੇ, ਸਮਾਂ ਬੀਤ ਗਿਆ।

ਇਕ ਦਿਨ ਐਸਾ ਹੋਇਆ ਕਿ ਰਾਣੀ ਸੰਤਾਂ ਤੋਂ ਪਹਿਲਾਂ ਇਸ਼ਨਾਨ ਕਰ ਗਈ। ਕਿਉਂਕਿ ਰਾਜ ਅੰਨ ਖਾ ਕੇ ਉਹਦੇ ਅੰਦਰ ਸੁਸਤੀ ਆ ਗਈ। ਇਕ ਤਾਂ ਧਰਮਸਾਲਾ ਦਾ ਅੰਨ ਖਾਓ, ਇਕ ਰਾਜ ਅੰਨ ਖਾਓ, ਇਹ ਦੋਵੇਂ ਭਜਨ ਕਰਨ ਤੋਂ ਦੂਰ ਲੈ ਜਾਂਦੇ ਨੇ ਬੰਦੇ ਨੂੰ। ਕਿਉਂਕਿ ਇਹਦੇ

'ਚ ਪਾਪ ਦੀ ਅੰਸ ਹੋਇਆ ਕਰਦੀ ਹੈ। ਧਰਮਸਾਲਾ ਦੇ ਵਿਚ ਸੁੱਖਣਾ ਹੁੰਦੀਆਂ ਨੇ –

*ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ।*
*ਮੱਤ ਮਾਰਨ ਹੱਡ ਗਾਲਨ ਭਜਨ ਕਰਨ ਨ ਦੇਨਿ।*

ਭਜਨ ਤੋਂ ਬਿਰਤੀ ਉਚਾਟ ਹੋ ਜਾਂਦੀ ਹੈ, ਨਾਮ ਜਪਣਾ ਕਿਤੇ ਦੀ ਕਿਤੇ ਰਹਿ ਜਾਂਦਾ ਹੈ। ਦਿਖਾਵਾ ਹੀ ਰਹਿ ਜਾਂਦਾ ਹੈ, ਕਿਉਂਕਿ ਖਿਆਲ ਐਸੇ ਅੰਨ ਵਿਚ ਪਏ ਹੁੰਦੇ ਨੇ। ਮਹਾਤਮਾ ਦੇਰ 'ਚ ਉਠਿਆ, ਰਾਣੀ ਪਹਿਲਾਂ ਇਸ਼ਨਾਨ ਕਰ ਗਈ, ਰਾਣੀ ਦਾ ਉਥੇ ਹਾਰ ਪਿਆ ਸੀ, ਨੌਂ ਲੱਖਾ ਹਾਰ। ਇਹਦੀ ਬਿਰਤੀ ਐਨੀ ਦੂਸ਼ਿਤ ਹੋਈ, ਬਚਨ ਬੜੇ ਉਚੇ ਕਰਦਾ ਹੈ, ਪਰ ਬਿਰਤੀ ਹੇਠਾਂ ਆ ਗਈ। ਲੋਭ 'ਚ ਆ ਗਿਆ, ਹਾਰ ਦੇਖਦੇ ਸਾਰ। ਹਾਰ ਚੁੱਕ ਲਿਆ, ਇਸ਼ਨਾਨ ਕਰਨਾ ਭੁੱਲ ਗਿਆ। ਗੱਠੜੀ ਬੰਨ੍ਹੀ ਰਾਤ ਨੂੰ ਹੀ ਮਹਿਲਾਂ 'ਚੋਂ ਬਾਹਰ ਚਲਿਆ ਗਿਆ। ਜਾਣਦੇ ਸੀਗੇ ਪਹਿਰੇਦਾਰ, ਉਨ੍ਹਾਂ ਨੇ ਕਿਹਾ ਕਿ ਕਿਤੇ ਜਾਂਦੇ ਹੋਣੇ ਬਾਹਰ ਸੰਤ। ਜਦੋਂ ਦਿਨ ਚੜ੍ਹ ਗਿਆ ਕਾਫੀ, ਰਾਣੀ ਨੇ ਕਿਹਾ ਕਿ ਮੇਰਾ ਹਾਰ ਨਹੀਂ ਲੱਭਦਾ, ਤਲਾਸ਼ ਹੋਈ। ਯਾਦ ਆ ਗਿਆ ਕਿ ਮੈਂ ਬਾਥਰੂਮ 'ਚ ਟੰਗਿਆ ਸੀ। ਉਥੇ ਜਾ ਕੇ ਲੱਭਿਆ ਫੇਰ ਨਾ ਲੱਭਿਆ। ਕੋਈ ਵੀ ਨਹੀਂ ਸੀ ਗਿਆ। ਉਹ ਕਹਿੰਦੇ, ਸੰਤ ਆਉਂਦੇ ਨੇ, ਹੋਰ ਤਾਂ ਕੋਈ ਇਥੇ ਆਉਂਦਾ ਨਹੀਂ। ਰਾਜੇ ਨੇ ਪੁੱਛਿਆ ਕਿ ਸੰਤ ਕਿੱਥੇ ਨੇ? ਕਿ ਪੁੱਛ ਲਈਏ ਕਿ ਸੰਭਾਲ ਕੇ ਰੱਖ ਦਿਤਾ ਹੋਣਾ ਉਨ੍ਹਾਂ ਨੇ। ਕਹਿੰਦੇ, ਸੰਤ ਤਾਂ ਜੀ, ਦੋ ਵਜੇ ਹੀ ਨਿਕਲ ਗਏ। ਉਹ ਜੰਗਲਾਂ 'ਚੀਂ ਹੁੰਦਾ-ਹੁੰਦਾ ਦੌੜਿਆ ਜਾਂਦਾ ਹੈ, ਕਿਤੇ ਛੁਪ ਜਾਂਦਾ ਹੈ, ਇਹਨੇ ਪੁਲਿਸ ਮਗਰ ਲਾ ਦਿਤੀ ਕਿ ਫੜੋ ਨਿਕਲਣ ਨਾ ਦਿਓ ਸੰਤ ਨੂੰ, ਮੇਰੇ ਕੋਲ ਲਿਆਓ, ਉਹ ਸੰਤ ਨਿਕਲ ਕੇ ਦੂਸਰੇ ਰਾਜ ਵਿਚ ਚਲਿਆ ਗਿਆ, ਫੜ ਨਾ ਹੋਇਆ। ਉਥੇ ਜਾ ਕੇ ਕਿਸੇ ਮੰਦਰ 'ਚ ਕਥਾ ਕਰਨ ਲਗ ਗਿਆ। ਕਾਫੀ ਸਮਾਂ ਹੋਣ ਤੋਂ ਬਾਅਦ ਬਿਮਾਰ ਹੋ ਗਿਆ, ਬਿਮਾਰ ਹੋ ਕੇ ਉਸ ਨੂੰ ਐਸੀ ਪੇਚਿਸ ਦੀ ਬਿਮਾਰੀ ਹੋਈ ਕਿ ਸੁੱਕ ਕੇ ਕਾਨੇ ਵਰਗਾ ਹੋ ਗਿਆ। ਉਸ ਤੋਂ ਬਾਅਦ ਇਹਦੇ ਮਨ 'ਚ ਜਿਹੜਾ ਖਾਧਾ ਹੋਇਆ ਅੰਨ ਸੀ ਉਹਦਾ ਅੰਸ ਨਿਕਲ ਗਿਆ, ਸੁਰਤ ਆ ਗਈ ਕਿ ਮੈਂ ਆਹ ਕੀ ਕੰਮ ਕਰਿਆ, ਘਰ ਬਾਰ ਛੱਡਿਆ, ਹਾਰ ਚੁੱਕੀਂ ਫਿਰਦਾ ਹਾਂ, ਸਾਂਭੀ ਫਿਰਦਾ ਹਾਂ ਇਹਨੂੰ। ਮਨਾਂ! ਤੂੰ ਬਦਮਾਸ਼ੀ ਕਰੀ ਹੈ, ਮੈਂ ਰਾਜੇ ਤੋਂ ਤੈਨੂੰ ਸਜ਼ਾ ਦਿਵਾਉਂਗਾ। ਉਵੇਂ ਜਿਵੇਂ ਚੁੱਕ ਕੇ ਹਾਰ ਰਾਜੇ ਦੇ ਕੋਲ ਆ ਗਿਆ। ਕਚਹਿਰੀ ਲੱਗੀ ਹੋਈ ਸੀ, ਰਾਜੇ ਨੇ ਦੇਖ ਲਿਆ ਕਿ ਸੰਤ ਆਪੇ ਹੀ ਆ ਰਹੇ ਨੇ, ਪੁੱਛਿਆ ਕਿ ਮਹਾਰਾਜ ਤੁਸੀਂ ਬਿਨਾਂ ਦੱਸੇ ਹੀ ਚਲੇ ਗਏ ਸੀ। ਕਹਿੰਦੇ, ਰਾਜਨ! ਮੈਂ ਤਾਂ ਤੇਰਾ ਚੋਰ ਹਾਂ।

ਕਿਉਂ?

ਕਹਿੰਦਾ, ਹਾਰ ਚੁੱਕਿਆ ਹੈ ਮੈਂ ਤੇਰਾ।

ਕਹਿੰਦਾ, ਐਨੀ ਗਿਰਾਵਟ ਤੇਰੇ ਵਿਚ?

ਕਹਿੰਦਾ, ਮੈਂ ਆਹੀ ਦੱਸਣ ਵਾਸਤੇ ਆਇਆ ਹਾਂ ਕਿ ਐਨੀ ਗਿਰਾਵਟ ਮੇਰੇ 'ਚ ਕਿੱਥੋਂ ਆ ਗਈ?

ਕਹਿੰਦੇ, ਮੈਨੂੰ ਇਸ ਤਰ੍ਹਾਂ ਦੱਸੋ ਕਿ ਜਿਹੜੇ ਹਫਤੇ ਮੈਂ ਗਿਆਂ ਹਾਂ, ਉਸ ਵਕਤ ਅੰਨ ਕੀਹਦਾ ਬਣਦਾ ਸੀ। ਪੁੱਛ ਪੜਤਾਲ ਹੋਈ, ਪਤਾ ਲੱਗਿਆ, ਇਕ ਸੂਦਖੋਰ ਬੰਦਾ ਸੀ, ਟੈਕਸ ਨਹੀਂ ਸੀ ਉਹਨੇ ਭਰਿਆ ਤੇ ਰਾਜੇ ਨੇ ਉਹਦਾ ਅੰਨ ਜ਼ਬਤ ਕਰ ਲਿਆ। ਉਹ ਜਿਹੜਾ ਅੰਨ੍ਹ ਸੀ ਉਹ ਜ਼ਬਰਦਸਤੀ ਜਿਨ੍ਹਾਂ ਨੂੰ ਪੈਸੇ ਦਿਤੇ ਹੋਏ ਸੀ ਉਨ੍ਹਾਂ ਤੋਂ ਚੁੱਕ ਕੇ ਲਿਆਇਆ ਸੀ। ਜਦੋਂ ਇਸ ਗੱਲ ਦਾ ਹੋਇਆ ਨਿਰਣਾ। ਕਹਿਣ ਲੱਗਿਆ, ਰਾਜਨ! ਇਹ ਮਾੜਾ ਅੰਨ ਜਿਹੜਾ ਸੀ, ਇਸ ਅੰਨ ਨੇ ਹੀ ਮੇਰੀ ਬੁੱਧੀ ਭ੍ਰਿਸ਼ਟ ਕੀਤੀ ਹੈ।

ਸੋ ਮੈਂ ਬੇਨਤੀ ਕਰਦਾ ਸੀ ਕਿ ਆਦਮੀ ਜਿਹੋ ਜਿਹੇ ਖਿਆਲਾਂ ਦਾ ਹੋਵੇ, ਆਲੇ-ਦੁਆਲੇ ਉਹਦੇ ਖਿਆਲ ਫੈਲ ਜਾਇਆ ਕਰਦੇ ਹਨ। ਇਸੇ ਕਰਕੇ ਬਾਰ-ਬਾਰ ਮਹਾਰਾਜ ਕਹਿੰਦੇ ਨੇ ਕਿ ਪਿਆਰਿਓ! ਕੁਸੰਗੀਆਂ ਦੇ ਨੇੜੇ ਨਾ ਜਾਇਓ, ਸਾਕਤ ਦੇ ਨੇੜੇ ਨਾ ਜਾਇਓ -

***ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥***
***ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥ 131 ॥***

***ਅੰਗ- 1371***

***ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥***
***ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥ 88 ॥***

***ਅੰਗ- 1369***

ਕਿਉਂਕਿ ਉਹਦੇ ਆਲੇ-ਦੁਆਲੇ ਠੋਸ ਖਿਆਲਾਂ ਦਾ ਓਰਾ ਬਣਿਆ ਹੋਇਆ ਹੈ। ਅੰਗ੍ਰੇਜ਼ੀ ਪੜ੍ਹੇ ਹੋਏ ਜਾਣਦੇ ਨੇ ਕਿ ਓਰਾ ਕਹਿੰਦੇ ਨੇ ਖਿਆਲਾਂ ਦੀ ਸੰਘਣੀ ਤਹਿ ਆਲੇ-ਦੁਆਲੇ ਬਣ ਜਾਣੀ। ਕਿਸੇ ਦੀ ਪੰਜਾਹ ਫੁੱਟ ਤਕ ਹੁੰਦੀ ਹੈ ਕਿਸੇ ਦੀ 10 ਫੁੱਟ ਤੱਕ, ਕਿਸੇ ਦੀ ਪੰਜ ਤੱਕ, ਉਹ ਬੰਦੇ ਨੂੰ ਦੇਖਦੇ ਸਾਰ ਉਹੋ ਜਿਹੇ ਖਿਆਲ ਆਪਣੇ ਅੰਦਰ ਆਉਣੇ ਸ਼ੁਰੂ ਹੋ ਜਾਂਦੇ ਹਨ। ਇਸੇ ਤਰ੍ਹਾਂ ਦੇ ਨਾਲ ਜਿਹੜੇ ਬੰਦਗੀ ਕਰਨ ਵਾਲੇ ਨੇ ਜਦੋਂ ਅਸੀਂ ਉਨ੍ਹਾਂ ਦੇ ਨੇੜੇ ਜਾਂਦੇ ਹਾਂ, ਉਥੇ ਵੀ ਅਸਰ ਹੁੰਦਾ ਹੈ -

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ - 520***

ਦਰਸ਼ਨ ਕਰਦੇ ਸਾਰ ਅੰਦਰ ਵਾਹਿਗੁਰੂ-ਵਾਹਿਗੁਰੂ ਆਪੇ ਹੀ ਹੋਣ ਲਗ ਜਾਂਦਾ ਹੈ। ਕਿਉਂਕਿ ਓਰਾ ਹੈ ਉਨ੍ਹਾਂ ਦਾ।

ਪਟਿਆਲੇ ਤੋਂ ਅਸੀਂ ਰਾੜਾ ਸਾਹਿਬ ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ) ਦੇ ਦਰਸ਼ਨ ਕਰਨ ਜਾਣਾ ਨਾਲ ਮੇਰੇ ਬੰਦੇ ਹੁੰਦੇ ਬਹੁਤ ਸਾਰੇ। ਸਟੇਸ਼ਨ ਤੱਕ ਤਾਂ ਸਾਰੇ ਗੱਲਾਂ ਕਰੀ ਜਾਂਦੇ ਸੀ, ਜਦੋਂ ਗੱਡੀ 'ਚ ਬਹਿ ਜਾਣਾ, ਕਿਸੇ ਨੇ ਨਾ ਬੋਲਣਾ। ਇੱਕ ਵਾਰੀ ਮੈਂ ਪੁੱਛਿਆ ਕਿ ਆਪਾਂ ਪਹਿਲਾਂ ਤਾਂ ਗੱਲਾਂ ਬਹੁਤ ਕਰਦੇ ਹਾਂ ਜਦੋਂ ਟਰੇਨ 'ਚ ਚੜ੍ਹ ਜਾਂਦੇ ਹਾਂ, ਫੇਰ ਨਹੀਂ ਗੱਲਾਂ ਹੁੰਦੀਆਂ। ਕਹਿੰਦੇ, ਫੇਰ ਪਤਾ ਨਹੀਂ ਕੀ

ਹੁੰਦਾ ਹੈ, ਅੰਦਰੋਂ ਜਦੋਂ ਉੱਭਲ ਉੱਠ ਖੜ੍ਹਦੀ ਹੈ ਆਪੇ ਹੀ, ਇਸ ਤਰ੍ਹਾਂ ਵਾਹਿਗੁਰੂ-ਵਾਹਿਗੁਰੂ ਹੋਣ ਲਗ ਜਾਂਦਾ ਹੈ। ਕਿਉਂਕਿ ਮਹਾਤਮਾ ਵਲ ਨੂੰ ਧਿਆਨ ਦਿਤਾ, ਧਿਆਨ ਦੇਣ ਦੇ ਨਾਲ ਹੀ ਨਾਮ ਚੱਲ ਪਿਆ। ਸੋ ਇਹ ਅਸਰ ਹੋਇਆ ਕਰਦਾ ਹੈ ਜੀਵਾਂ ਦਾ, ਜਿਹੋ ਜਿਹੇ ਹੋਣ।

ਮਰਦਾਨਾ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਅੱਜ ਮੈਨੂੰ ਖ਼ੁਸ਼ੀ ਨਹੀਂ ਹੋ ਰਹੀ ਨਗਰ ਨੂੰ ਦੇਖ ਕੇ। ਕੁਛ ਮੈਨੂੰ ਸਹਿਮ, ਡਰ ਜਿਹਾ ਲੱਗਣ ਲੱਗ ਗਿਆ, ਵਾਹਿਗੁਰੂ ਸੁੱਖ ਕਰੇ। ਕਹਿੰਦੇ, ਮਰਦਾਨਿਆਂ! ਇਹ ਤੇਰੀ ਗੱਲ ਬਿਲਕੁਲ ਠੀਕ ਹੈ। ਇਹ ਜਿਹੜਾ ਪਿੰਡ ਹੈ ਇਹ ਉਨ੍ਹਾਂ ਡਾਕੂਆਂ ਚੋਰਾਂ ਦਾ ਹੈ ਜਿਹੜੇ ਪਹਿਲਾਂ ਬੰਦੇ ਨੂੰ ਮਾਰ ਦਿੰਦੇ ਨੇ, ਪਿਛੋਂ ਤਲਾਸ਼ੀ ਲੈਂਦੇ ਨੇ, ਬੜੇ ਕਠੋਰ ਡਾਕੂ ਨੇ।

ਕਹਿਣ ਲੱਗਿਆ, ਫੇਰ ਮਹਾਰਾਜ ਤੁਸੀਂ ਕਿਉਂ ਇਥੇ ਜਾ ਕੇ ਫਸਦੇ ਹੋਂ? ਆਪਾਂ ਜੰਗਲ 'ਚ ਚਲਦੇ ਸੀ, ਹੋਰ ਅੱਗੇ ਜੰਗਲ 'ਚ ਤੁਰ ਪੈਂਦੇ। ਕੋਈ ਹੋਰ ਪਿੰਡ ਆ ਜਾਏਗਾ।

ਕਹਿੰਦੇ, ਤੂੰ ਹੀ ਕਹਿੰਦਾ ਸੀ ਕਿ ਬਸਤੀ 'ਚ ਨਹੀਂ ਤੁਸੀਂ ਜਾਂਦੇ।

ਨੇੜੇ ਆ ਗਏ, ਚਿਹਰੇ ਦੇਖਦਾ ਹੈ ਮਰਦਾਨਾ, ਕਹਿਣ ਲੱਗਿਆ ਮਹਾਰਾਜ! ਇਹ ਤਾਂ ਚਿਹਰੇ ਬਹੁਤ ਡਰਾਉਣੇ ਨੇ। ਇਨ੍ਹਾਂ ਨੂੰ ਦੇਖ ਕੇ ਖ਼ੁਸ਼ੀ ਨਹੀਂ ਹੁੰਦੀ, ਇਨ੍ਹਾਂ ਨੂੰ ਦੇਖ ਕੇ ਤਾਂ ਡਰ ਲਗਦਾ ਹੈ। ਇਨ੍ਹਾਂ ਦੀਆਂ ਅੱਖਾਂ ਡਰਾਉਣੀਆਂ, ਇਨ੍ਹਾਂ ਦੀ ਤੋਰ ਡਰਾਉਣੀ, ਇਨ੍ਹਾਂ ਦੀ ਗਰਦਨ ਮੁੜਨੀ ਡਰਾਉਣੀ, ਜਿੰਨੀ ਹਰਕਤ ਹੈ ਇਨ੍ਹਾਂ ਦੀ ਇਹ ਤਾਂ ਸਾਰੀ ਡਰਾਉਣੀ ਹੈ। ਬਾਬਾ ਫਰੀਦ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਤੇਰਾ ਮੁਖੜਾ ਡਰਾਉਣਾ ਬਿਨਾਂ ਨਾਮ ਤੋਂ।*

*ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥*
*ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥*

*ਅੰਗ- 1383*

*ਕਬੀਰ ਕੰਚਨ ਕੇ ਕੁੰਡਲ ਬਨੇ ਊਪਰਿ ਲਾਲ ਜੜਾਉ ॥*
*ਦੀਸਹਿ ਦਾਧੇ ਕਾਨ ਜਿਉ ਜਿਨ੍ ਮਨਿ ਨਾਹੀ ਨਾਉ ॥*

*ਅੰਗ - 1364*

ਕਿੰਨੀ ਸਜਾਵਟ ਲਾਈ ਹੋਈ ਹੈ, ਸੋਨੇ ਦੇ ਕੁੰਡਲ ਪਾਏ ਹੋਏ ਨੇ ਕੰਨਾਂ ਦੇ ਅੰਦਰ, ਦਸਤਾਰ ਦੇ ਉਤੇ ਹੀਰਿਆਂ ਦੀ ਮਾਲਾ ਤੇ ਕਲਗੀਂ ਲਾਈ ਹੋਈ ਹੈ ਲੇਕਿਨ ਕਹਿੰਦੇ, ਨਾਮ ਤੋਂ ਹੀਣਾ ਇਸ ਤਰ੍ਹਾਂ ਲਗਦਾ ਹੈ, ਜਿਵੇਂ ਜਲਿਆ ਹੋਇਆ ਕਾਨਾ ਹੁੰਦਾ ਹੈ। ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਇਨ੍ਹਾਂ ਦੇ ਤਾਂ ਚਿਹਰੇ ਡਰਾਉਣੇ ਨੇ। ਕਹਿੰਦੇ, ਮਰਦਾਨਿਆਂ! ਕਿਉਂਕਿ ਇਹ ਹਰ ਵਕਤ ਹਿੰਸਕ ਕੰਮ ਕਰਦੇ ਨੇ। ਇਨ੍ਹਾਂ ਦੀ ਰੋਜ਼ੀ ਹਿੰਸਾ ਵਿਚ ਹੈ, ਹਿੰਸਕ ਦਾ ਜਿਹੜਾ ਚਿਹਰਾ ਹੁੰਦਾ ਹੈ, ਚਾਹੇ ਜਾਨਵਰ ਮਾਰਨ ਵਾਲਾ ਹੋਵੇ, ਬੁੱਚੜ ਹੋਵੇ, ਚਾਹੇ ਕਸਾਈ ਹੋਵੇ, ਚਿਹਰਾ ਦੇਖ ਲੈਣਾ ਕਦੇ, ਸ਼ਾਂਤੀ

ਨਹੀਂ ਆਉਂਦੀ, ਡਰ, ਭੈ ਆਉਂਦਾ ਹੈ ਉਸ ਤੋਂ। ਮਹਾਤਮਾ ਦਾ ਦਰਸ਼ਨ ਕਰ ਲਓ ਸ਼ਾਂਤੀ ਆ ਜਾਏਗੀ -

*ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*
*ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥*

*ਅੰਗ- 520*

ਦੇਖਣ ਨਾਲ ਹੀ ਖੋਟੀ ਮੱਤ ਦੂਰ ਹੁੰਦੀ ਹੈ ਕਿਉਂਕਿ ਉਹ ਸਾਡੇ ਮਿੱਤਰ ਨੇ। ਗੁਰਮੁਖ ਦਾ ਦੀਦਾਰ ਮੰਗਦੇ ਹਾਂ ਅਸੀਂ ਹਰ ਵਕਤ, ਹੇ ਵਾਹਿਗੁਰੂ ਸਾਨੂੰ ਗੁਰਮੁਖਾਂ ਦੇ ਦੀਦਾਰ ਕਰਾਓ। ਮਨਮੁਖਾਂ ਦੇ ਮੱਥੇ ਨਾ ਲਾਈਂ। ਕਿਉਂਕਿ ਮੱਥੇ ਜਿਹੜੇ ਨੇ ਕਾਲਖ ਵਾਲੇ ਮੱਥੇ ਨੇ। ਗੁਰਮੁਖਾਂ ਦੇ ਮਸਤਕ ਉਜਲੇ ਮਸਤਕ ਹੋਇਆ ਕਰਦੇ ਨੇ। ਸੋ ਉਸ ਤੋਂ ਬਾਅਦ ਨੇੜੇ ਚਲੇ ਗਏ ਪਿੰਡ ਦੇ, ਮਹਾਰਾਜ ਕਹਿੰਦੇ ਮਰਦਾਨਿਆਂ! ਇਨ੍ਹਾਂ ਦਾ ਖਾਣਾ ਪੀਣਾ ਨਹੀਂ ਬਈ। ਕਹਿੰਦਾ, ਮਹਾਰਾਜ! ਤੁਸੀਂ ਤਾਂ ਹੁਣ ਕਹਿੰਦੇ ਹੋਂ, ਮੇਰੀ ਤਾਂ ਭੁੱਖ ਐਵੇਂ ਹੀ ਹੱਟ ਗਈ ਇਨ੍ਹਾਂ ਨੂੰ ਦੇਖ ਕੇ। ਕਹਿੰਦੇ, ਇਹ ਭਜਨ ਬੰਦਗੀ ਤੋਂ ਪ੍ਰਮੇਸ਼ਰ ਦੇ ਗਿਆਨ ਤੋਂ, ਬਿਲਕੁਲ ਹੀਣੇ ਨੇ ਤੇ ਇਹ ਬੰਦੇ ਨਹੀਂ ਕਹਾਉਣ ਦੇ ਕਾਬਲ ਇਹ ਤਾਂ ਪਸ਼ੂ ਨੇ।

*ਧਾਰਨਾ - ਆਵਣ ਨੂੰ ਜਗ ਵਿਚ ਆ ਗਏ ਨੇ।*
*ਬਿਨ ਬੂਝੇ ਪਸੁ ਢੋਰ।*

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*

*ਅੰਗ- 251*

ਕਹਿੰਦੇ, ਮਨੁੱਖ ਨਾ ਇਨ੍ਹਾਂ ਨੂੰ ਆਖੋ, ਜਿਨ੍ਹਾਂ ਨੇ ਪ੍ਰਮੇਸ਼ਰ ਦਾ ਨਾਮ ਨਹੀਂ ਬੁੱਝਿਆ, ਜਿਨ੍ਹਾਂ ਨੇ ਆਪਣੇ ਆਪ ਨੂੰ ਨਹੀਂ ਜਾਣਿਆ ਕਿ ਮੈਂ ਕੌਣ ਹਾਂ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ- 441*

ਕਹਿੰਦੇ, ਇਹ ਤਾਂ ਪਸ਼ੂ ਨੇ -

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥*

*ਅੰਗ- 1356*

ਕਹਿੰਦੇ, ਕੁੱਤੇ, ਬਿੱਲੇ, ਸੂਰ, ਸੱਪ, ਗਧੇ ਤੇ ਕਾਂਵਾਂ ਵਰਗੇ ਉਹ ਬੰਦੇ ਹੁੰਦੇ ਨੇ ਜਿਨ੍ਹਾਂ ਦੇ ਕੋਲ ਨਾਮ ਮੰਤ੍ਰ ਨਹੀਂ ਹੈ। ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ, ਨਿਗੁਰੇ ਤੁਰੇ ਫਿਰਦੇ ਨੇ। ਉਨ੍ਹਾਂ ਦੀ ਗਤੀ ਵੀ ਮਾੜੀ ਹੁੰਦੀ ਹੈ, ਇਨ੍ਹਾਂ ਜੂਨਾਂ 'ਚ ਜਾਂਦੇ ਨੇ ਫੇਰ -

*ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ ॥*

*ਅੰਗ- 117*

ਉਹਨੇ ਤਾਂ ਮਰਨਾ ਹੈ ਜੰਮਣਾ ਹੈ, ਮਰਨਾ ਹੈ ਜੰਮਣਾ ਹੈ। ਗੁਰੂ ਤੋਂ

ਹੀਣਾ ਹੈ ਉਹ। ਸੋ ਬਗੈਰ ਨਾਮ ਤੋਂ ਕਿੱਡਾ ਹੀ ਕੋਈ ਬਣਿਆ ਫਿਰੇ, ਜਿੱਡਾ ਜੀਅ ਕਰਦਾ ਹੈ ਕਿ ਮੈਂ ਵੱਡਾ ਅਫਸਰ ਹਾਂ, ਮੈਂ ਵੱਡਾ ਧਨ ਵਾਲਾ ਹਾਂ, ਮੈਂ ਵੱਡਾ ਵਪਾਰੀ ਹਾਂ। ਮਹਾਰਾਜ ਕਹਿੰਦੇ, ਉਹਦੀ ਪੱਤ ਜਿਹੜੀ ਹੈ ਇਸ ਤਰ੍ਹਾਂ ਨਹੀਂ ਬਚਦੀ ਹੈਗੀ। ਪੱਤ ਤਾਂ ਜਿੰਨਾਂ ਚਿਰ ਸੱਚਾ ਨਾਮ ਨਹੀਂ ਨਾ ਪੱਲੇ, ਓਨੀਂ ਦੇਰ ਤੱਕ ਪੱਤ ਲਹਿੰਦੀ ਹੀ ਲਹਿੰਦੀ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਤੇਰੀ ਬਿਨ ਨਾਵੈ ਪੱਤ ਲਹਿਣੀ,***
***ਭੁੱਲਿਐਂ ਦੇਵਣਹਾਰ ਨੂੰ।***

ਵਾਹਿਗੁਰੂ ਜੋ ਸਭ ਕੁਛ ਦਿੰਦਾ ਹੈ, ਜਿਹੜਾ ਉਸ ਨੂੰ ਭੁੱਲਿਆ ਹੋਇਆ ਬੰਦਾ ਹੈ, ਮਹਾਰਾਜ ਕਹਿੰਦੇ, ਪਿਆਰਿਓ! ਉਹਦੀ ਪੱਤ ਨਹੀਂ ਹੋਇਆ ਕਰਦੀ, ਕੋਈ ਪੱਤ ਨਹੀਂ ਹੁੰਦੀ-

***ਦੇਨਹਾਰੁ ਪ੍ਰਭ ਛੋਡਿ ਕੈ ਲਾਗਹਿ ਆਨ ਸੁਆਇ ॥***
***ਨਾਨਕ ਕਹੂ ਨ ਸੀਝਈ ਬਿਨੁ ਨਾਵੈ ਪਤਿ ਜਾਇ ॥***

***ਅੰਗ - 268***

ਕੀ ਹੁੰਦਾ ਹੈ? ਕਹਿੰਦੇ 'ਬਿਨੁ ਨਾਵੈ ਪਤਿ ਜਾਇ॥' ਪੱਤ ਲਹਿ ਜਾਂਦੀ ਹੈ, ਨਾਮ ਤੋਂ ਬਗੈਰ।

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥***
***ਜੇ ਜੀਵੈ ਪਤਿ ਲਥੀ ਜਾਇ ॥***
***ਸਭੁ ਹਰਾਮੁ ਜੇਤਾ ਕਿਛੁ ਖਾਇ ॥*** ***ਅੰਗ- 142***

ਕਿਉਂਕਿ ਪੱਤ ਲਹਿੰਦੀ ਹੈ ਨਾਮ ਤੋਂ ਬਗੈਰ, ਕਿੰਨਾ ਹੀ ਵੱਡਾ ਬਣਿਆ ਫਿਰੇ -

***ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ॥***

***ਅੰਗ- 1225***

ਪੱਤ ਲਹਿ ਗਈ, ਘੋਰ ਨਰਕ ਦੇ ਵਿਚ ਸੁੱਟ ਦਿਤਾ -

***ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ॥1 ॥***

***ਅੰਗ - 1225***

ਕਿੱਡੀ ਵੱਡੀ ਮਹਾਰਾਜ ਨੇ ਗੱਲ ਕਹੀ ਹੈ, ਸਮਝੋ ਇਸ ਗੱਲ ਨੂੰ। ਕਹਿੰਦੇ ਜਿਹੜੇ ਨਾਮ ਨੂੰ ਭੁੱਲ ਜਾਂਦੇ ਨੇ, ਹੋਰ ਗੱਲਾਂ 'ਚ ਆਪਣੇ ਆਪ ਨੂੰ ਪਾ ਲੈਂਦੇ ਨੇ, ਕਹਿੰਦੇ, ਨਰਕ ਘੋਰ ਦੇ ਵਿਚ ਜਾਣਾ ਪੈਂਦਾ ਹੈ ਉਨ੍ਹਾਂ ਨੂੰ। ਵੱਡੀ ਸਜ਼ਾ ਮਿਲਦੀ ਹੈ। ਅਸੀਂ ਕੀ ਗਿਣ ਕੇ ਦੱਸੀਏ ਜਿਹੜੀ ਉਹਨੂੰ ਸਜ਼ਾ ਮਿਲਣੀ ਹੈ। ਇਕ ਗਰਭ 'ਚੋਂ ਨਿਕਲਦਾ ਹੈ, ਕੁੱਤੇ ਦੇ ਗਰਭ 'ਚ ਚਲਿਆ ਗਿਆ, ਉਥੋਂ ਨਿਕਲਿਆ ਘੋੜੇ ਦੇ ਗਰਭ 'ਚ ਚਲਿਆ ਗਿਆ, ਉਥੋਂ ਨਿਕਲ ਕੇ ਹੋਰ ਕਿਤੇ ਚਲਿਆ ਗਿਆ। ਉਹਦੀ ਤਾਂ ਕਹਿੰਦੇ ਪੱਤ ਲਹੀ ਜਾਣੀ ਹੈ, ਐਨਾ ਵਿਚਾਰ ਕਰਦੇ ਮਹਾਰਾਜ ਜੀ ਜਦੋਂ ਨਗਰ ਕੋਲ ਆਏ, ਕਹਿੰਦੇ, ਹੁਣ

ਮਰਦਾਨਿਆਂ ਵਿਉਂਤਾਂ ਬਣਾ ਰਹੇ ਨੇ, ਦੇਖੀਂ ਤੂੰ ਹੁਣ ਕਿਵੇਂ ਚਾਲਾਂ ਕਰਨਗੇ। ਜਦੋਂ ਮਹਾਰਾਜ ਆਏ, ਜਿਹਦਾ ਘਰ ਅੱਗੇ ਸੀ ਕਹਿਣ ਲੱਗਿਆ, ਇਹ ਗਾਹਕ ਮੇਰੇ ਕੋਲ ਰਹਿਣ ਦਿਓ। ਅੱਜ ਮੇਰੀ ਵਾਰੀ ਹੈ। ਅੱਗੇ ਤੁਸੀਂ ਕਰਦੇ ਓਂ, ਬਾਕੀ ਤੁਸੀਂ ਭਰਾ ਓਂ। ਕਹਿਣ ਲੱਗੇ, ਦੇਖ ਬਈ ਅਸੀਂ ਰੋਜ਼ ਬੰਦਿਆਂ ਦੀ ਪਰਖ ਕਰਦੇ ਹਾਂ, ਇਨ੍ਹਾਂ ਦੇ ਚਿਹਰੇ ਕਿੰਨੇ ਲਾਲ ਸੂਹੇ ਨੇ, ਦਗ-ਦਗ ਕਰਦੇ ਨੇ, ਇਹ ਤਾਂ ਵੱਡੇ ਧਨੀ ਆ ਗਏ। ਉਹ ਕਹਿੰਦੇ ਕੋਲ ਥੋੜ੍ਹਾ ਹੀ ਮਾਲ ਹੈ, ਥੋੜ੍ਹਾ ਨਹੀਂ ਵੱਡੇ ਹੀਰੇ ਲੈ ਕੇ, ਲਾਲ ਪੱਟਾਂ ਵਗੈਰਾ 'ਚ ਸਮਾਏ ਹੋਏ ਨੇ ਤੇ ਜਾਂ ਜਿਹੜਾ ਗਾਉਣ ਵਾਸਤੇ ਲਈ ਫਿਰਦੇ ਨੇ, ਇਹ ਵੀ ਸਾਰਾ ਇਨ੍ਹਾਂ ਨੇ ਬਹਿਰੂਪ ਬਣਾਇਆ ਹੋਇਆ ਹੈ ਕਿ ਸਾਨੂੰ ਕੋਈ ਪੁੱਛੇ ਨਾ, ਸਾਧ ਜਾਣ ਕੇ ਸਾਨੂੰ ਕੋਈ ਲੁੱਟ ਨਾ ਲਵੇ। ਕਹਿਣ ਲੱਗਿਆ, ਇਹ ਵੱਡੇ ਨੇ, ਬੇਅੰਤ ਧਨੀ ਨੇ। ਪਰ ਇਹ ਬਚਨ ਦੇਵੇਂ ਕਿ ਆਪਾਂ ਸਾਰਾ ਪਿੰਡ ਵੰਡ ਲਈਏ, ਤਾਂ ਤੂੰ ਲੈ ਜਾ, ਸਾਨੂੰ ਕੋਈ ਹਰਜ ਨਹੀਂ, ਅਸੀਂ ਤੇਰੀ ਮਦਦ ਕਰਾਂਗੇ, ਜਿੰਨੀ ਵੀ ਹੋਈ। ਕਹਿੰਦਾ, ਮੈਂ ਪੀਰ ਦੀ ਸਹੁੰ ਖਾਂਦਾ ਹਾਂ ਕਿ ਜਿਹੜਾ ਇਨ੍ਹਾਂ ਕੋਲੋਂ ਨਿਕਲੇਗਾ ਆਪਾਂ ਵੰਡ ਕੇ ਖਾਵਾਂਗੇ। ਕਹਿੰਦੇ, ਦੇਖੀਂ ਮਾਲ ਦੇਖ ਕੇ ਨਾ ਮੁੱਕਰ ਜਾਈਂ? ਕਹਿੰਦਾ, ਨਹੀਂ ਮੁਕਰਦਾ, ਮੈਨੂੰ ਪੀਰ ਦੀ ਮਾਰ ਲੱਗੇ।

ਪੀਰ ਨੂੰ ਵੀ ਮੰਨਦੇ ਸੀ, ਕੋਈ ਹੋਣਾ ਹੈ। ਇਨ੍ਹਾਂ ਦੇ ਵੀ ਪੀਰ ਹੁੰਦੇ ਨੇ। ਡਾਕੂ ਵੀ ਮੰਨਦੇ ਨੇ, ਡਾਕੇ ਮਾਰ ਕੇ ਜਾ ਕੇ ਛੱਤਰ ਚੜ੍ਹਾ ਕੇ ਆਉਂਦੇ ਨੇ। ਸੋ ਜਦੋਂ ਨੇੜੇ ਆਏ ਤਾਂ ਉਹ ਉਠਿਆ, ਉਤਰ ਆਇਆ ਸਾਰਿਆਂ 'ਚੋਂ, ਚੌਉਤਰਾ ਬਣਿਆ ਹੋਇਆ ਸੀ, ਇਕ ਦਮ ਉਤਰਿਆ, ਕਹਿਣ ਲੱਗਿਆ, ਮਹਾਰਾਜ! ਅੱਜ ਤਾਂ ਮੇਰੇ ਭਾਗ ਜਾਗ ਪਏ ਕਿ ਤੁਹਾਡੇ ਵਰਗੇ ਮਹਾਂਪੁਰਸ਼ਾਂ ਦੇ ਦਰਸ਼ਨ ਹੋ ਗਏ। ਧੰਨ ਭਾਗ, ਇਹ ਤਾਂ ਧਰਤੀ ਪਵਿੱਤਰ ਹੋ ਗਈ। ਬੜਾ ਹੀ ਨਿੰਵਦਾ ਹੈ, ਨਿੰਵ-ਨਿੰਵ ਕੇ ਗੱਲਾਂ ਕਰਦਾ ਹੈ। ਮਰਦਾਨੇ ਦੇ ਯਾਦ ਆ ਗਿਆ ਕਿ ਮਹਾਰਾਜ! -

***ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥***
***ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥***

***ਅੰਗ- 470***

ਇਹ ਤਾਂ ਉਵੇਂ ਜਿਵੇਂ ਨਿੰਵਦਾ ਹੈ।

ਅੰਦਰ ਲੈ ਜਾਂਦਾ ਹੈ। ਮਹਾਰਾਜ ਕਹਿੰਦੇ, ਚੱਲ ਭਾਈ! ਅੰਦਰ ਜਾ ਕੇ ਮੰਜੇ ਵਿਛੇ ਹੋਏ ਨੇ। ਕਹਿਣ ਲੱਗਿਆ, ਇਨ੍ਹਾਂ ਦੇ ਉਤੇ ਤੁਸੀਂ ਬਿਰਾਜੋ। ਮਹਾਰਾਜ ਕਹਿੰਦੇ, ਨਾ ਪ੍ਰੇਮੀਆਂ! ਅਸੀਂ ਮੰਜਿਆਂ 'ਤੇ ਨਹੀਂ ਬਹਿੰਦੇ ਹੁੰਦੇ। ਸਾਡਾ ਤਾਂ ਭੁੰਜੇ ਹੀ ਆਸਣ ਵਧੀਆ ਹੈ। ਬੈਠੇ ਹੀ ਨਾ ਪਾਤਸ਼ਾਹ। ਸਫ ਪਈ ਸੀ ਉਥੇ, ਸਫ ਖਿੱਚ ਲਈ ਉਹਦੇ ਉਤੇ ਬੈਠ ਗਏ। ਮਰਦਾਨਾ ਵੀ ਬੈਠ ਗਿਆ, ਭਾਈ ਬਾਲਾ ਜੀ ਵੀ ਬੈਠ ਗਏ। ਐਨੇ ਨੂੰ ਕਹਿਣ ਲੱਗਿਆ, ਮਹਾਰਾਜ! ਜਲ ਮੈਂ ਲਿਆਉਂਦਾ ਹਾਂ, ਤੁਹਾਡੇ ਚਰਨਾਂ ਦੇ ਉਤੇ ਧੂੜ ਪਈ ਹੋਈ ਹੈ ਤੇ ਸਾਰੇ ਸਰੀਰ 'ਤੇ ਚਲਦਿਆਂ-ਚਲਦਿਆਂ 'ਤੇ ਧੂੜ ਪਈ ਹੋਈ ਹੈ, ਮੂੰਹ ਹੱਥ ਧੋ ਲਓ, ਕੁਰਲਾ ਕਰ ਲਓ। ਗਰਮ ਜਲ ਲੈ ਆਇਆ।

ਮਹਾਰਾਜ ਕੋਲ ਲਿਆਇਆ। ਮਹਾਰਾਜ ਕਹਿੰਦੇ, ਕਿਉਂ ਮਰਦਾਨਿਆਂ? ਮਰਦਾਨਾ ਕਹਿੰਦਾ, ਨਾ ਸੱਚੇ ਪਾਤਸ਼ਾਹ! ਅਸੀਂ ਤਾਂ ਏਵੇਂ ਹੀ ਚੰਗੇ ਹਾਂ। ਕਹਿੰਦੇ, ਅਸੀਂ ਤਾਂ ਏਵੇਂ ਜਿਵੇਂ ਵਧੀਆ ਹਾਂ, ਕੱਪੜੇ ਨਾਲ ਝਾੜ ਲਏ ਸੀ ਅਸੀਂ। ਮੁੜ ਗਿਆ, ਉਸੇ ਵੇਲੇ ਜਾ ਕੇ ਦੁੱਧ ਲੈ ਆਇਆ।

ਕਹਿਣ ਲੱਗਿਆ, ਦੇਖੋ, ਤੁਸੀਂ ਅਤਿਥੀ ਹੋ, ਸਾਡੀ ਸੇਵਾ ਕੀ ਹੋਈ ਫੇਰ? ਸਾਨੂੰ ਤਾਂ ਪਾਪ ਲੱਗੇਗਾ, ਇਥੇ ਤਾਂ ਸੰਤਾਂ ਦੀ ਸੇਵਾ ਹੁੰਦੀ ਹੈ ਬਹੁਤ। ਇਹ ਤਾਂ ਸੰਤ ਸੇਵੀ ਨਗਰ ਹੈ ਤੇ ਸਾਨੂੰ ਪਤਾ ਹੈ ਕਿ ਸਾਨੂੰ ਬਹੁਤ ਭਾਰਾ ਪਾਪ ਲੱਗੇਗਾ, ਜੇ ਤੁਸੀਂ ਦੁੱਧ ਨਾ ਪੀਤਾ। ਇਕ-ਇਕ ਘੁੱਟ ਤਾਂ ਪੀ ਲਓ।

ਕਹਿੰਦੇ, ਨਾ।

ਮਹਾਰਾਜ ਨੇ ਹੱਥ ਨਾਲ ਕਹਿ ਦਿਤਾ ਕਿ ਏਧਰ।

ਮਰਦਾਨੇ ਵਲ ਦੇਖਿਆ ਮਹਾਰਾਜ ਨੇ, ਕਹਿੰਦੇ, ਕਿਉਂ ਮਰਦਾਨਿਆਂ! ਤੈਨੂੰ ਭੁੱਖ ਲਗਦੀ ਹੈ?

ਕਹਿੰਦਾ, ਸੱਚੇ ਪਾਤਸ਼ਾਹ! ਅੱਜ ਨਹੀਂ ਮੇਰਾ ਜੀਅ ਕਰਦਾ, ਕੁਛ ਵੀ ਖਾਣ ਪੀਣ ਨੂੰ। ਅੱਜ ਤਾਂ ਜਿਹੜੀ ਭੁੱਖ ਲੱਗੀ ਹੋਈ ਸੀ ਉਹ ਵੀ ਪਤਾ ਨਹੀਂ ਕਿੱਥੇ ਚਲੀ ਗਈ।

ਐਨੇ ਨੂੰ ਪ੍ਰਸ਼ਾਦਾ ਲੈ ਆਇਆ, ਬਹੁਤ ਸੋਹਣਾ ਬਣਾ ਕੇ ਲੈ ਆਇਆ ਕਿ ਆਹ ਤਾਂ ਛਕ ਲਓ, ਕੁਛ ਸਾਨੂੰ ਪੁੰਨ ਦਾ ਫਲ ਤਾਂ ਮਿਲੇ। ਤੁਸੀਂ ਤਾਂ ਸਾਰੀਆਂ ਚੀਜ਼ਾਂ ਤੋਂ ਜਵਾਬ ਦਿੰਦੇ ਜਾਂਦੇ ਓਂ?

ਮਹਾਰਾਜ ਕਹਿੰਦੇ, ਨਹੀਂ ਪਿਆਰਿਓ! ਅਸੀਂ ਖੁਸ਼ ਹਾਂ ਜਿਸ ਹਾਲ ਵਿਚ ਵੀ ਹਾਂ। ਤੁਸੀਂ ਆਪਣਾ ਕੰਮ ਕਰੋ, ਸਾਨੂੰ ਇਸ ਹਾਲ 'ਚ ਰਹਿਣ ਦਿਓ।

ਬਾਹਰ ਆ ਗਿਆ, ਬਾਕੀ ਕਹਿਣ ਲੱਗੇ ਕਿ ਕਿਉਂ ਬਈ ਕੀ ਨਤੀਜਾ ਕੱਢਿਆ?

ਕਹਿੰਦਾ, ਹੈ ਤਾਂ ਧਨੀ, ਪਰ ਚਲਾਕ ਨੇ। ਜਾਂ ਤਾਂ ਇਨ੍ਹਾਂ ਨੂੰ ਸੂ ਮਿਲੀ ਹੋਈ ਹੈ ਆਪਣੀ। ਹੋ ਸਕਦਾ ਹੈ ਕਿ ਕਿਤੇ ਸਰਕਾਰੀ ਬੰਦੇ ਨਾ ਹੋਣ ਕਿਤੇ। ਕਿਉਂਕਿ ਜਦੋਂ ਮੈਂ ਵੀ ਨੇੜੇ ਜਾਂਦਾ ਸੀ ਮੈਨੂੰ ਕੰਬਣੀ ਲੱਗਣ ਲੱਗ ਜਾਂਦੀ ਸੀ।

ਸਾਧਸੰਗਤ ਜੀ! ਗੁਰੂ ਨਾਨਕ ਸਾਹਿਬ ਦੇ ਤੇਜ ਮੂਹਰੇ ਕਿਹੜਾ ਖੜ੍ਹ ਸਕਦਾ ਹੈ। ਉਥੇ ਤਾਂ ਕਲਜੁਗ ਕੰਬਣ ਲੱਗ ਗਿਆ। ਕਹਿੰਦਾ, ਮੈਨੂੰ ਕੁਛ ਡਰ ਮਹਿਸੂਸ ਹੁੰਦਾ ਹੈ, ਪਤਾ ਨਹੀਂ ਤਾਂ ਇਹ ਸਰਕਾਰੀ ਬੰਦੇ ਨੇ, ਅੱਜ ਤੱਕ ਮੈਂ ਤਾਂ ਇਹੋ ਜਿਹਾ ਬੰਦਾ ਦੇਖਿਆ ਨਹੀਂ ਹੈ, ਇਹ ਪਹਿਲੀ ਵਾਰੀ ਆਇਆ ਹੈ। ਨਾਲੇ ਫੇਰ ਓਹੋ ਜਿਹਾ ਡਰ ਨਹੀਂ ਲਗਦਾ। ਕੁਛ ਚੰਗਾ-ਚੰਗਾ ਵੀ ਲਗਦਾ ਹੈ। ਭਾਵੇਂ ਆਪਣੇ ਪੱਥਰ ਦਿਲ ਨੇ ਪਰ ਫੇਰ ਵੀ ਚੰਗਾ

ਲਗਦਾ ਹੈ।

ਕਹਿੰਦੇ, ਮਾਲ ਕਿੱਥੇ ਹੈ?

ਕਹਿੰਦਾ, ਮਾਲ ਤਾਂ ਮੈਂ ਸਾਰਾ ਦੇਖ ਲਿਆ, ਨਿਗ੍ਹਾ ਨਾਲ। ਕੱਪੜੇ ਲੀੜੇ ਤਾਂ ਇਨ੍ਹਾਂ ਕੋਲ ਗਿਣਤੀ ਦੇ ਹੀ ਨੇ। ਆਹ ਰਬਾਬ ਹੈ ਹੋਵੇ ਨਾ ਤਾਂ ਇਹਦੇ ਲਾਖ ਦੇ ਵਿਚ ਕੋਈ ਵੱਡਾ ਕੀਮਤੀ ਲਾਲ ਨਾ ਜੜ੍ਹਿਆ ਹੋਵੇ।

ਉਹ ਕਹਿੰਦੇ, ਫੇਰ ਤੂੰ ਪਤਾ ਕਰ।

ਰਬਾਬ ਪਰ੍ਹੇ ਰੱਖ ਦਿਤੀ, ਕਹਿੰਦਾ, ਉਹਦੇ ਵਲ ਵੀ ਬਾਰ-ਬਾਰ ਝਾਕਦੇ ਨਹੀਂ, ਉਹ ਵੀ ਪਰ੍ਹੇ ਹੀ ਰੱਖੀ ਹੋਈ ਹੈ। ਨਹੀਂ ਤਾਂ ਨਿਗ੍ਹਾ ਬਾਰ-ਬਾਰ ਜਾਂਦੀ ਹੀ ਹੈ, ਜਿਥੇ ਧਨ ਲੁਕਿਆ ਹੋਵੇ। ਮੈਨੂੰ ਸਮਝ 'ਚ ਨਹੀਂ ਆ ਰਹੀ। ਹੋ ਸਕਦਾ ਹੈ ਕਿ ਇਨ੍ਹਾਂ ਨੇ ਮਾਸ ਵਿਚ ਸੰਵਾ ਲਏ ਹੋਣ, ਪੱਟਾਂ ਵਗੈਰਾ 'ਚ। ਇਸ਼ਨਾਨ ਇਹ ਨਹੀਂ ਕਰਦੇ, ਪੰਜ ਇਸ਼ਨਾਨਾ ਇਹ ਨਹੀਂ ਕਰਦੇ, ਨਹੀਂ ਤਾਂ ਪਤਾ ਲਗ ਜਾਂਦਾ ਹੈ, ਸਰੀਰ 'ਤੇ ਨਿਸ਼ਾਨ ਓਸੇ ਵੇਲੇ ਦਿਸ ਜਾਂਦਾ ਹੈ ਕਿ ਇਥੇ ਸਮਾਇਆ ਹੋਇਆ ਹੈ। ਇਹ ਤਾਂ ਕੁਛ ਵੀ ਨਹੀਂ ਕਰਦੇ, ਨਾ ਖਾਂਦੇ ਨੇ, ਨਾ ਪੀਂਦੇ ਨੇ, ਨਾ ਪ੍ਰਸ਼ਾਦਾ ਛਕਿਆ।

ਕਹਿੰਦੇ, ਫੇਰ ਸਾਰਿਆਂ ਦੀ ਮੀਟਿੰਗ ਕੀਤੀ ਜਾਵੇ।

ਪਾਸੇ ਹੋ ਗਏ, ਵੱਡਾ ਜਿਹੜਾ ਇਨ੍ਹਾਂ ਦਾ ਪ੍ਰਧਾਨ ਸੀ, ਉਸ ਕੋਲ ਚਲੇ ਹੋ ਗਏ। ਕਹਿੰਦੇ, ਬਈ ਅੱਜ ਇਕ ਸਮੱਸਿਆ ਆ ਗਈ। ਇਹੋ ਜਿਹਾ ਕੋਈ ਪੁਰਸ਼ ਆ ਗਿਆ। ਪਤਾ ਨਹੀਂ ਲਗਦਾ ਕੁਛ ਵੀ। ਨਾ ਤਾਂ ਉਹ ਮਾੜਾ ਹੀ ਲਗਦਾ ਹੈ, ਕੋਲ ਗਿਆਂ ਗੁੱਸਾ ਨਹੀਂ ਆਉਂਦਾ, ਠੰਢ ਜਿਹੀ ਲਗਦੀ ਹੈ। ਹੋ ਕੀ ਸਕਦਾ ਹੈ?

ਕਹਿਣ ਲੱਗੇ, ਕੋਈ ਸਾਧ, ਸੰਤ ਸੱਚਾ ਹੀ ਨਾ ਹੋਵੇ।

ਫੇਰ ਕਹਿਣ ਲੱਗੇ, ਨਾ-ਨਾ ਸਾਧ ਸੰਤ ਅੱਜ ਦੁਨੀਆਂ 'ਚ ਹੈ ਕਿਤੇ? ਇਥੇ ਤਾਂ ਸਾਰਾ ਠੱਗੀ ਦਾ ਮਸਾਲਾ ਹੈ। ਸਾਰੇ ਵਕਤ ਕਟੀ ਕਰਦੇ ਨੇ ਪੈਸੇ ਕਮਾਉਣ ਲਈ, ਸਾਧ ਸੰਤ ਕੋਈ ਨਹੀਂ ਹੈ ਦੁਨੀਆਂ 'ਚ। ਇਹ ਤਾਂ ਅਸੀਂ ਵੀ ਜਾਣਦੇ ਹਾਂ।

ਕਹਿੰਦੇ, ਸਰੀਰ ਦਾ ਨਹੀਂ ਕੋਈ ਪਾਸਾ ਨੰਗਾ ਹੋਇਆ, ਜਿਥੋਂ ਮੈਨੂੰ ਪਤਾ ਲਗ ਜਾਏ। ਫੇਰ ਕਹਿੰਦੇ, ਇਸ ਤਰ੍ਹਾਂ ਕਰੀਏ, ਰਾਤ ਨੂੰ ਆਪਾਂ ਤਿਆਰ-ਬਰ-ਤਿਆਰ ਹੋ ਕੇ, ਬੰਦੇ ਤਾਂ ਡਾਹਢੇ ਨੇ, ਤਕੜੇ ਨੇ, ਪਰ ਇਹ ਹੈ ਕਿ ਜਦੋਂ ਆਪਾਂ 10-15 ਪੈ ਗਏ ਇਨ੍ਹਾਂ ਉਪਰ, ਫੇਰ ਇਹ ਕੀ ਕਰਨਗੇ? ਪਹਿਲਾਂ, ਇਕ ਦਮ ਇਨ੍ਹਾਂ ਦੀਆਂ ਗਰਦਨਾਂ 'ਚ ਰੱਸੇ ਪਾ ਲਓ। ਜਾਣਦੇ ਸੀ ਰੋਜ਼ ਦਾ ਕੰਮ ਸੀ ਉਨ੍ਹਾਂ ਦਾ। ਬੱਸ ਫੇਰ ਕੁਛ ਬੰਦੇ ਖਿੱਚ ਰੱਖਿਓ। ਬਾਕੀ ਆਪਾਂ ਕੰਮ ਪੂਰਾ ਕਰ ਦੇਵਾਂਗੇ, ਫੇਰ ਉਸ ਤੋਂ ਬਾਅਦ ਆਪੇ ਤਲਾਸ਼ੀ ਲੈ ਲਵਾਂਗੇ।

ਵਿਉਂਤਾਂ ਬਣਾ ਰਹੇ ਨੇ ਤੇ ਏਧਰਲੇ ਪਾਸੇ ਗੁਰੂ ਮਹਾਰਾਜ ਰਾਤ

ਲੰਘਦੀ ਜਾਂਦੀ ਹੈ। ਉਨ੍ਹਾਂ ਨੇ ਵਿਉਂਤ ਬਣਾਈ ਹੋਈ ਸੀ ਕਿ ਅੱਧੀ ਰਾਤ ਤੋਂ ਬਾਅਦ ਇਹ ਕੰਮ ਕਰਾਂਗੇ, ਪਹਿਰੇ 'ਤੇ ਲਾ ਦਿਤੇ ਸਾਰੇ ਹੀ ਬੰਦੇ। ਜਿੰਨੇ ਪਹਿਰੇ 'ਤੇ ਬੈਠੇ ਨੇ ਜਿਸ ਵਕਤ ਗੁਰੂ ਮਹਾਰਾਜ ਜੀ ਆਪਣੇ ਮੁਖਾਰਬਿੰਦ ਤੋਂ ਸ਼ਬਦ ਦਾ ਉਚਾਰਨ ਕਰਿਆ, ਉਸ ਵੇਲੇ ਇਨ੍ਹਾਂ ਨੂੰ ਸ਼ਬਦ ਦੀ ਐਸੀ ਮਸਤੀ ਜਿਹੀ ਆਈ, ਸਾਰੇ ਹੀ ਸੌਂ ਗਏ, ਕੋਈ ਵੀ ਨਾ ਜਾਗਦਾ ਰਿਹਾ।

ਅੰਮ੍ਰਿਤ ਵੇਲਾ ਹੋ ਆਇਆ, ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਇਹ ਤਾਂ ਸਾਰੇ ਸੁੱਤੇ ਪਏ ਨੇ।

ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਜਿਹੜੇ ਮਾੜੇ ਬੰਦੇ ਹੁੰਦੇ ਨੇ, ਬੁਰਿਆਈਆਂ ਚਿਤਵਦੇ-ਚਿਤਵਦੇ, ਪਹਿਲੀ ਰਾਤ ਦੇ ਵਿਚ ਥੱਕ ਜਾਂਦੇ ਨੇ। ਪਿਛਲੀ ਰਾਤ ਦੀ ਜਾਗਣਾ ਇਨ੍ਹਾਂ ਦੇ ਹਿੱਸੇ 'ਚ ਨਹੀਂ ਆਇਆ ਕਰਦੀ। ਪਿਛਲੀ ਰਾਤ ਦਾ ਜਾਗਣਾ ਕੇਵਲ ਸਾਧੂਆਂ ਦੇ ਹਿੱਸੇ 'ਚ ਆਉਂਦਾ ਹੈ, ਹੋਰ ਕਿਸੇ ਦੇ ਨਹੀਂ ਆਉਂਦਾ -

***ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥***
***ਅੰਗ- 611***

***ਗੁਰ ਸਤਿਗੁਰ ਕਾ ਜੋ ਸਿਖੁ ਅਖਾਏ***
***ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥***
***ਉਦਮੁ ਕਰੇ ਭਲਕੇ ਪਰਭਾਤੀ***
***ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਅੰਗ - 305***

ਉਦਮ ਕਰਕੇ ਜਾਗਦੇ ਨੇ, ਜਾਗ ਕੇ ਪ੍ਰਭੂ ਦਾ ਭਜਨ ਕਰਦੇ ਨੇ। ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ।

***ਧਾਰਨਾ - ਅੰਮ੍ਰਿਤ ਵੇਲੇ ਓ ਕੌਣ ਜਾਗਦੇ।***
***ਕੋਈ ਜਾਗਦੇ ਨੇ ਰਾਮ ਪਿਆਰੇ।***
***ਭਿੰਨੀ ਰੈਨੜੀਐ ਚਾਮਕਨਿ ਤਾਰੇ ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਅੰਗ - 459***

ਪਿਆਰੇ ਜਾਗਦੇ ਨੇ ਜਿਨ੍ਹਾਂ ਦੇ ਅੰਦਰ ਖਿੱਚ ਹੈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਕਹਿੰਦੇ, ਮਰਦਾਨਿਆਂ! ਅੰਮ੍ਰਿਤ ਵੇਲੇ ਦੀ ਜਾਗ ਤਾਂ ਭਾਗਾਂ ਵਾਲਿਆਂ ਦੇ ਹਿੱਸੇ 'ਚ ਆਇਆ ਕਰਦੀ ਹੈ, ਦੂਜਿਆਂ ਦੇ ਨਹੀਂ ਹੁੰਦਾ। ਦੂਜਿਆਂ 'ਤੇ ਤਾਂ ਜੁੱਲੜ ਪਿਆ ਹੁੰਦਾ ਹੈ ਉਸ ਵੇਲੇ ਕਲਜੁਗ ਦਾ।

ਇਕ ਵਾਰੀ ਭਾਈ ਮਰਦਾਨਾ ਤੇ ਮਹਾਰਾਜ ਜੀ ਉਜਾੜ 'ਚ ਬੈਠੇ

ਨੇ। ਕੀ ਦੇਖਦੇ ਨੇ ਇਕ ਬਹੁਤ ਵੱਡੇ ਕੱਦ ਦਾ ਬੰਦਾ ਤੁਰਿਆ ਜਾ ਰਿਹਾ ਹੈ ਕੋਲ ਦੀ। ਉਹਦੇ ਸਿਰ ਦੇ ਉਤੇ ਇਕ ਬੜਾ ਭਾਰਾ ਜੁੱਲੜ ਹੈ।

ਮਰਦਾਨਾ ਕਹਿਣ ਲੱਗਿਆ, ਮਹਾਰਾਜ! ਔਹ ਕੌਣ ਹੋਇਆ, ਐਡਾ ਬੋਝ ਚੁੱਕੀ ਜਾਂਦਾ ਹੈ।

ਕਹਿੰਦੇ, ਮਰਦਾਨਿਆਂ! ਕਲਜੁਗ ਹੈ ਬੁਲਾ ਲੈ।

ਇਸ਼ਾਰਾ ਕਰਿਆ, ਆ ਗਿਆ। ਪਹਿਲਾਂ ਜਾਣਦਾ ਹੀ ਸੀ। ਨਮਸ਼ਕਾਰ ਕਰੀ।

ਮਹਾਰਾਜ ਜੀ ਨੇ ਕਿਹਾ ਕਿ ਆਹ ਮਰਦਾਨਾ ਕੁਛ ਪੁੱਛਣਾ ਚਾਹੁੰਦਾ ਹੈ। ਇਹਨੂੰ ਦੱਸ ਦੇ।

ਕਹਿੰਦਾ, ਦੱਸੋ ਜੀ ਜੋ ਤੁਸੀਂ ਪੁੱਛਣਾ ਹੈ।

ਕਹਿਣ ਲੱਗਿਆ, ਇਹ ਐਡਾ ਵੱਡਾ ਜੁੱਲੜ ਕਿਉਂ ਚੁੱਕਿਆ ਹੈ?

ਕਹਿੰਦੇ, ਭਾਈ ਮਰਦਾਨਾ ਇਹ ਆਲਸ ਦਾ ਜੁੱਲੜ ਹੈ ਮੇਰੇ ਕੋਲ। ਕਿਉਂਕਿ ਮੇਰਾ ਜਿਹੜਾ ਪਹਿਰਾ ਹੈ ਇਹਦੇ ਵਿਚ ਕਰਮ-ਧਰਮ ਸਾਰੇ ਹੀ ਫੇਲ੍ਹ ਹੋ ਚੁੱਕੇ ਨੇ ਤੇ ਮਾੜੇ ਕੰਮਾਂ ਵਲ ਸੰਸਾਰ ਦੀ ਬਿਰਤੀ ਜਾਣੀ ਹੀ ਜਾਣੀ ਹੈ। ਪ੍ਰਮੇਸ਼ਰ ਦਾ ਭਜਨ ਨਹੀਂ ਕਰਨਾ, ਇਹਦੀ ਥਾਂ ਦੇ ਉਤੇ ਮੈਂ ਇਹੋ ਜਿਹੀਆਂ ਚੀਜ਼ਾਂ ਲਿਆ ਕੇ ਦੇਵਾਂਗਾ ਕਿ ਜ਼ੋਰ ਲਾ ਲਵੇ ਕਿ ਕਦੇ ਭਜਨ ਕਰ ਜਾਵੇ। ਓਧਰ ਨੂੰ ਜਾਏਗਾ।

ਆਹ ਦੇਖ ਲਓ, ਟੈਲੀਵੀਜ਼ਨ ਆ ਗਿਆ ਕਿਹੋ ਜਿਹੇ ਸੀਨ ਆਉਂਦੇ ਨੇ। ਮੱਲੋ-ਮੱਲੀ ਆਦਮੀ ਉਹਨੂੰ ਦੇਖਦਾ ਹੈ।

ਕਹਿੰਦਾ, ਫੇਰ ਉਹਦੇ ਨਾਲ ਕੀ ਹੋਏਗਾ ਮੈਂ ਪਹਿਲੀ ਰਾਤ ਜਗ੍ਹਾ ਕੇ ਰਖਦਾ ਹਾਂ।

ਕਹਿੰਦਾ, ਇਹ ਜੋ ਛੁਰੀਆਂ ਨੇ ਹੱਥ ਵਿਚ?

ਕਹਿੰਦਾ, ਇਹ ਮੈਂ ਚੋਭੀ ਜਾਂਦਾ ਹੁੰਦਾ ਹਾਂ। ਇਹ ਵਿਸ਼ੇ ਵਿਕਾਰ ਕਰਨ ਵਾਲੇ ਬੰਦੇ, ਸ਼ਰਾਬੀ-ਕਬਾਬੀ, ਪਹਿਲੀ ਰਾਤ ਮੈਂ ਜਗਾਉਂਦਾ ਹਾਂ ਇਨ੍ਹਾਂ ਨੂੰ। ਜਦੋਂ ਬ੍ਰਹਮ-ਮਹੂਰਤ 'ਚ ਨਾਮ ਦਾ ਪੁੰਨ ਫਲ ਮਿਲਣਾ ਹੈ, ਕਿੰਨਾ ਫਲ ਮਿਲਦਾ ਹੈ?

ਗੁਰੂ ਨਾਨਕ ਸਾਹਿਬ ਨੂੰ ਗੁਰੂ ਅੰਗਦ ਸਾਹਿਬ ਨੇ ਪੁੱਛਿਆ ਕਿ ਮਹਾਰਾਜ! ਅੰਮ੍ਰਿਤ ਵੇਲੇ ਦੇ ਇਸ਼ਨਾਨ ਦਾ ਕੀ ਫਲ ਮਿਲਦਾ ਹੈ?

ਮਹਾਰਾਜ ਕਹਿੰਦੇ, ਜੇ ਵਿਧੀ ਪੂਰਵਕ ਇਸ਼ਨਾਨ ਕਰੇ, ਤਾਂ ਸਵਾ ਪਹਿਰ ਦੇ ਤੜਕੇ, ਸਵਾ ਮਣ ਸੋਨਾ ਦਾਨ ਕਰਨ ਦੇ ਬਰਾਬਰ ਫਲ ਕੇਵਲ ਇਸ਼ਨਾਨ ਨਾਲ ਮਿਲ ਜਾਂਦਾ ਹੈ।

ਕਹਿੰਦੇ, ਜੇ ਉਸ ਤੋਂ ਦੋ ਘੜੀ 48 ਮਿੰਟ ਬਾਅਦ ਕਰਦਾ ਹੈ, ਸਵਾ

ਮਣ ਚਾਂਦੀ ਦੇ ਦਾਨ ਦਾ ਫਲ ਮਿਲਦਾ ਹੈ। ਓਸ ਤੋਂ ਜੇ ਦੋ ਘੜੀ ਪਿੱਛੇ ਜਾਂਦਾ ਹੈ ਤਾਂ ਸਵਾ ਮਣ ਤਾਂਬੇ ਦੇ ਦਾਨ ਜਿੰਨਾ ਫਲ ਮਿਲਦਾ ਹੈ। ਉਸ ਤੋਂ ਬਾਅਦ ਜਿਹੜਾ ਦਿਨ ਚੜ੍ਹੇ ਇਸ਼ਨਾਨ ਕਰਦਾ ਹੈ, ਉਹ ਸਰੀਰ ਦੀ ਸਫਾਈ ਵਾਸਤੇ ਕਰਦਾ ਹੈ, ਉਹਦਾ ਕੋਈ ਪੁੰਨ ਨਹੀਂ ਹੁੰਦਾ, ਪਾਪ ਨਹੀਂ ਹੁੰਦਾ। ਸੋ ਕੇਵਲ ਇਸ਼ਨਾਨ ਦਾ ਫਲ ਹੈ।

ਕਲਜੁਗ ਕਹਿਣ ਲੱਗਿਆ, ਭਾਈ ਮਰਦਾਨਾ! ਮੇਰੇ ਜੁੱਗ ਵਿਚ ਕਈ ਚੀਜ਼ਾਂ ਦਾ ਫਲ ਬਹੁਤ ਹੈ, ਅੰਮ੍ਰਿਤ ਵੇਲੇ ਜਾਗਣ ਵਾਲਿਆਂ ਨੂੰ ਫਲ ਮਿਲਦਾ ਹੈ।

ਸੋ ਆਹ ਛੁਰੀਆਂ ਨੇ ਮੇਰੇ ਹੱਥ 'ਚ, ਵਿਸ਼ੇ-ਵਿਕਾਰਾਂ 'ਚ ਪਾ ਕੇ ਮੈਂ ਦੁਨੀਆਂ ਨੂੰ ਸੌਣ ਨਹੀਂ ਦਿੰਦਾ। ਫੇਰ ਮੈਂ ਆਲਸ ਦਾ ਜੁੱਲੜ ਪਾ ਦਿੰਦਾ ਹਾਂ। ਮਜਾਲ ਹੈ ਇਹਦੇ ਵਿਚੋਂ ਨਿਕਲ ਜਾਵੇ ਫੇਰ। ਦਿਨ ਚੜ੍ਹੇ ਹੀ ਪਤਾ ਲਗਦਾ ਹੈ। ਹੁਣ ਵੀ ਆਹ ਦੁੱਧ ਵਾਲੇ ਹੀ ਜਗਾਉਂਦੇ ਨੇ ਸ਼ਹਿਰ 'ਚ। ਆਪ ਨਹੀਂ ਜਾਗਦੇ, ਫੇਰ ਲੈ ਕੇ ਸੌਂ ਜਾਂਦੇ ਨੇ, ਜਾਂ ਬੱਚੇ ਸਕੂਲਾਂ ਦੇ ਜਗਾਉਂਦੇ ਨੇ ਕਿ ਸਾਝਰੇ-ਸਾਝਰੇ ਜਾਣਾ ਹੈ। ਮਿਹਰਬਾਨੀ ਹੈ ਉਨ੍ਹਾਂ ਦੀ, ਕੋਈ ਮਾੜਾ ਮੋਟਾ, ਰਾਮ-ਅੱਲਾਹ-ਵਾਹਿਗੁਰੂ ਤਾਂ ਕਹਿ ਹੀ ਲੈਂਦਾ ਹੈ।

ਕਹਿਣ ਲੱਗੇ ਕਿ ਇਹਦੇ ਵਿਚ ਗਲੀਆਂ ਹੋਈਆਂ ਪਈਆਂ ਨੇ? ਇਹ ਸੁਰਾਖ ਕਾਹਦੇ ਨੇ?

ਕਹਿੰਦਾ, ਗੁਰੂ ਨਾਨਕ ਪਾਤਸ਼ਾਹ ਦੇ ਜਿਹੜੇ ਸਿੱਖ ਨੇ ਇਹ ਜੁੱਲੜ ਨੂੰ ਪਾੜ ਕੇ ਨਿਕਲ ਜਾਂਦੇ ਨੇ। ਇਸੇ ਕਰਕੇ ਇਹ ਜੁੱਲੜ ਫਟਿਆ ਹੋਇਆ ਹੈ। ਇਨ੍ਹਾਂ ਦੇ ਪਿਆਰੇ ਨਹੀਂ ਰਹਿੰਦੇ ਮੇਰੇ ਜੁੱਲੜ ਥੱਲੇ। ਇਹ ਉੱਠ ਹੀ ਖੜ੍ਹਦੇ ਨੇ।

ਕਿਉਂਕਿ ਬਾਰ-ਬਾਰ ਤਾਕੀਦ ਆਉਂਦੀ ਹੈ -

***ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥***

***ਅੰਗ- 1383***

ਕਹਿੰਦੇ, ਤੂੰ ਤਾਂ ਜੀਉਂਦਾ ਹੀ ਮਰ ਗਿਆ, ਪਿਛਲੀ ਰਾਤ ਜਾਗਦਾ ਨਹੀਂ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਮਰਦਾਨਿਆਂ! ਇਹ ਮਾੜੇ ਲੋਕਾਂ ਦੇ ਭਾਗਾਂ 'ਚ ਅੰਮ੍ਰਿਤ ਵੇਲਾ ਨਹੀਂ ਹੋਇਆ ਕਰਦਾ। ਅੰਮ੍ਰਿਤ ਵੇਲੇ ਗਾੜ੍ਹੀ ਨੀਂਦ 'ਚ ਸੌਂਦੇ ਨੇ। ਵੈਸੇ ਤਾਂ ਸਾਰਾ ਹੀ ਸੰਸਾਰ ਸੁੱਤਾ ਪਿਆ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥***

***ਅੰਗ - 920***

ਪਰ ਜਿਹੜੇ ਅੰਮ੍ਰਿਤ ਵੇਲੇ ਦੀ ਜਾਗ, ਉਠ ਕੇ ਇਸ਼ਨਾਨ ਕਰਨਾ, ਭਜਨ ਕਰਨਾ, ਗੁਰਮੁਖ ਨਾਮ ਦਾ ਇਸ਼ਨਾਨ, ਉਸ ਤੋਂ ਜਿਹੜੇ ਇਹ ਵਿਕਾਰੀ ਪੁਰਸ਼ ਹੁੰਦੇ ਨੇ, ਉਹ ਵਾਂਝੇ ਰੱਖੇ ਹੋਏ ਨੇ। ਇਨ੍ਹਾਂ ਦੇ ਕਰਮ ਜਿਹੜੇ ਨੇ ਉੱਠਣ ਨਹੀਂ ਦਿੰਦੇ। ਚੱਲੋ, ਆਪਾਂ ਇਸ਼ਨਾਨ ਕਰੀਏ, ਫੇਰ ਤੂੰ

ਕੀਰਤਨ ਕਰ, ਦਿਨ ਚੜ੍ਹੇ ਆਪਾਂ ਚਲਾਂਗੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਪਹਿਲਾਂ ਸਮਾਧੀ ਸਥਿਤ ਹੁੰਦੇ ਨੇ, ਜਦੋਂ ਥੋੜ੍ਹਾ ਸਮਾਂ ਰਹਿ ਗਿਆ, ਮਰਦਾਨਾ ਕੀਰਤਨ ਕਰਨ ਲਗ ਗਿਆ। ਭੋਗ ਪਾ ਦਿਤਾ। ਜਦੋਂ ਨੇਤਰ ਖੋਲ੍ਹੇ, ਕਹਿੰਦਾ, ਸੱਚੇ ਪਾਤਸ਼ਾਹ! ਇਕ ਵੀ ਬੰਦਾ ਨਹੀਂ ਆਇਆ ਇਥੇ ਤਾਂ?

ਕਹਿੰਦੇ, ਮਰਦਾਨਿਆ! ਇਨ੍ਹਾਂ 'ਚੋਂ ਇਕ ਵੀ ਬੰਦਾ ਨਹੀਂ ਇਹੋ ਜਿਹਾ ਜਿਹਦੇ ਭਾਗ 'ਚ ਹੋਵੇ।

ਇਹ ਤਾਂ ਨਭਾਗੇ ਨੇ, ਐਨੀਆਂ ਆਵਾਜ਼ਾਂ ਐਨਾ ਉੱਚਾ ਕੀਰਤਨ ਕਰਿਆ ਹੈ, ਤਾਂ ਵੀ ਇਨ੍ਹਾਂ ਨੂੰ ਜਾਗ ਨਹੀਂ ਆਈ-

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,***
***ਦਿਤੀਆਂ ਬਾਗਾਂ ਤੋਂ ਨਾ ਜਾਗਦੇ।***

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥ ਅੰਗ- 1378***

ਚਾਰੇ ਵੇਦ, ਛੇਈਂ ਸ਼ਾਸਤਰ, ਸਤਾਈ ਸਿੰਮ੍ਰਿਤੀਆਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ, ਅਨੇਕਾਂ ਹੀ ਮਹਾਤਮਾ ਹਾਕਾਂ ਮਾਰ ਕੇ ਕਹਿੰਦੇ ਨੇ, ਓ ਪਿਆਰਿਆ! ਮਸਾਂ ਤੈਨੂੰ ਮਾਨਸ ਜਨਮ ਮਿਲਿਆ ਹੈ, ਜਾਗਦਾ ਹੈ ਕੋਈ? ਕਹਿੰਦੇ, ਨਾ।

ਜਿਹੜਾ ਸ਼ੈਤਾਨ ਪੁੱਠੇ ਰਸਤੇ ਪਾ ਦਿਤਾ, ਕਹਿੰਦੇ ਉਹਦਾ ਚਿੱਤ ਨਹੀਂ ਫਿਰਦਾ।

ਉਸ ਵੇਲੇ ਮਹਾਰਾਜ ਜੀ ਕਹਿੰਦੇ, ਚੱਲ ਭਾਈ ਮਰਦਾਨਿਆਂ! ਇਹ ਤਾਂ ਬੇ-ਭਾਗ ਬੰਦੇ ਨੇ। ਇਕ ਵੀ ਬੰਦਾ ਨਹੀਂ ਹਰੀ ਦਾ ਜਸ ਸੁਣਨ ਆਇਆ। ਜੇ ਇਕ ਵੀ ਸੁਣ ਲੈਂਦਾ ਉਹਦਾ ਉਧਾਰ ਹੋ ਜਾਂਦਾ।

ਉਸੇ ਤਰ੍ਹਾਂ ਘਰ ਖੁੱਲ੍ਹਾ ਛੱਡ ਕੇ ਆਪ ਤੁਰ ਪੈਂਦੇ ਨੇ ਤੇ ਜਿਸ ਵਕਤ ਦਿਨ ਚੜ੍ਹਿਆ, ਉਸ ਵੇਲੇ ਸਾਰੇ ਜਾਗ ਪਏ। ਦੌੜੇ ਆਉਂਦੇ ਨੇ ਕਿ ਰਾਤ ਦਾ ਧਨ ਲੁੱਟਿਆ ਹੋਇਆ, ਮਿਲੇਗਾ। ਦੂਰੋਂ ਹੀ ਗੱਲਾਂ ਕਰਦੇ ਨੇ ਕਿ ਕਰ 'ਤੀ ਸਫਾਈ ਉਨ੍ਹਾਂ ਦੀ। ਉਹ ਚੁੱਪ।

ਕਹਿੰਦੇ, ਬੋਲਦੇ ਕਿਉਂ ਨਹੀਂ, ਪਹਿਰੇਦਾਰ ਕਿੱਥੇ ਨੇ?

ਸਾਰੇ ਪਹਿਰੇਦਾਰ ਆ ਗਏ, ਉਹ ਕਹਿੰਦੇ ਓ ਮੁੰਡਿਓ! ਤੁਹਾਨੂੰ ਦਿਤੇ ਹੋਏ ਸੀ ਫਾਹੇ, ਬਰਛੇ ਤੁਸੀਂ ਲਏ ਹੋਏ ਸੀ, ਰੱਸੇ ਤੁਹਾਡੇ ਕੋਲ ਸੀ ਫਾਹੇ ਬਣਾ ਕੇ ਪਾਏ ਹੋਏ। ਉਹ ਕਿੱਥੇ ਨੇ ਬੰਦੇ, ਕਿੱਥੇ ਛੁਪਾ ਦਿਤੇ ਤੁਸੀਂ। ਨਰਾਜ਼ ਹੁੰਦੇ ਨੇ ਕਿ ਤੁਸੀਂ ਇਕੱਲਿਆਂ ਨੇ ਲੁੱਟ ਲਏ ਉਹ। ਉਹ ਸੌਹਾਂ ਸੁਗੰਧਾਂ ਖਾਂਦੇ ਨੇ, ਅਖੀਰ, ਕਹਿੰਦੇ, ਪੀਰ ਦੀ ਸਹੁੰ ਖਾਓ। ਸੰਹੁ ਖਾਂਦੇ ਨੇ, ਉਹ ਕਹਿੰਦੇ ਕਿਉਂ ਸਮਾਂ ਬਰਬਾਦ ਕਰਦੇ ਹੋਂ। ਇਨ੍ਹਾਂ ਦੀ ਗੱਲ ਠੀਕ ਹੈ, ਇਨ੍ਹਾਂ ਨੂੰ ਨੀਂਦ ਆ ਗਈ। ਕਹਿੰਦੇ, ਪਤਾ ਨਹੀਂ ਉਹਨੇ ਕੀ ਕਲਾਮ

ਪੜ੍ਹੀ, ਪਹਿਲੀ ਆਵਾਜ਼ ਦੇ ਨਾਲ ਹੀ ਸਾਨੂੰ ਤਾਂ ਨੀਂਦ ਆਉਣ ਲੱਗ ਗਈ।

ਸਾਧਸੰਗਤ ਜੀ! ਨਹੀਂ ਕੀਰਤਨ 'ਚ ਜਾਗ ਸਕਦਾ, ਜਿਹਦਾ ਭਾਗ ਨਾ ਹੋਵੇ। ਸੁਣਦੇ ਸਾਰ ਸੌਂ ਜਾਂਦੇ ਨੇ ਪਤਾ ਨਹੀਂ ਲਗਦਾ, ਕੀ ਬੋਲਿਆ, ਕੀ ਨਹੀਂ ਬੋਲਿਆ। ਨੀਂਦ ਆ ਜਾਂਦੀ ਹੈ, ਸਮਾਂ ਲੰਘ ਜਾਂਦਾ ਹੈ।

ਕਹਿੰਦੇ, ਇਹੋ ਜਿਹੀ ਨੀਂਦ ਸਾਨੂੰ ਆਈ। ਪਤਾ ਨਹੀਂ ਉਹਨੇ ਕੋਈ ਜਾਦੂ ਕਰ ਦਿਤਾ। ਕੀ ਕਰ ਦਿਤਾ। ਕਹਿੰਦੇ ਹੁਣ ਸਮਾਂ ਨਾ ਨਸ਼ਟ ਕਰੋ। ਖੁਰਾ ਦੇਖੋ ਕਿੱਧਰ ਨੂੰ ਗਏ ਨੇ ਤੇ ਜਲਦੀ ਚੱਲੋ, ਜਾ ਕੇ ਘੇਰ ਲਓ, ਘੇਰ ਕੇ ਮਾਰ ਦਿਓ। ਹੋਰ ਕੀ ਗੱਲ ਕਰਨੀ ਹੈ, ਉਸ ਤੋਂ ਬਾਅਦ ਲੁੱਟ ਲਓ ਜਿਹੜਾ ਕੁਛ ਹੈ ਉਨ੍ਹਾਂ ਕੋਲ।

ਸੋ ਉਸ ਵੇਲੇ ਦੌੜੇ ਹੀ ਜਾਂਦੇ ਨੇ, ਜਾ ਕੇ ਪੰਜ ਕੋਹ, ਪੰਜ ਕੋਹ ਦੇਖ ਲਓ, 15 ਕਿਲੋਮੀਟਰ ਤੋਂ ਵੀ ਜ਼ਿਆਦਾ ਹੁੰਦਾ ਸੀ, ਤੇ ਗਏ। ਲਿਖਦੇ ਨੇ ਕਿ –

***ਪੰਚਮੇ ਕੋਸ ਮੈਂ ਜਾਇ ਮਿਲੇ...............।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 890)***

ਪੰਦਰਾਂ ਕਿਲੋਮੀਟਰ ਮਹਾਰਾਜ ਲੰਘ ਗਏ, ਉਥੇ ਜਾ ਕੇ ਮਿਲ ਗਏ। ਦੂਰੋਂ ਹੀ ਆਵਾਜ਼ ਮਾਰੀ ਕਿ ਠਹਿਰ ਜਾਓ। ਸਾਡਾ ਘਰ ਲੁੱਟ ਕੇ ਤੁਸੀਂ ਬਚ ਕਿਵੇਂ ਜਾਓਂਗੇ?

***ਇਕ ਬੰਚਕ ਊਚ ਸੋ ਵਾਕ ਅਲਾਯੋ।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 890)***

ਇਕ ਠੱਗ ਕੇ ਉੱਚੀ ਦੇ ਕੇ ਆਵਾਜ਼ ਮਾਰੀ, ਨਾਲ ਗੱਲ ਕਹੀ –

***ਜਾਹੁ ਕਹਾਂ ਅਬ ਠਾਂਢਿ ਰਹੋ***
***ਨਿਸ਼ਚੈ ਘਰ ਮੇਰੋ ਚੁਰਾਇਕੈ ਲਯਾਯੋ।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 890)***

ਕਹਿੰਦੇ, ਤੁਸੀਂ ਤਾਂ ਸਾਡੇ ਘਰੋਂ ਚੋਰੀ ਕਰਕੇ ਲਿਆਏ ਹੋਂ, ਅਸੀਂ ਹੁਣ ਤੁਹਾਨੂੰ ਜਾਣ ਨਹੀਂ ਦਿੰਦੇ।

***ਮਾਰਹਿੰਗੇ ਨਹੀਂ ਜੀਵਤ ਛੋਡਹਿੰ, ਦੇਹੁ ਸਭੈ ਧਨ ਜੇਤੋ ਚੁਰਾਯੋ।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 890)***

ਤੁਹਾਨੂੰ ਜੀਉਂਦੇ ਨਹੀਂ ਛੱਡਣਾ, ਮਾਰ ਹੀ ਦੇਣਾ ਹੈ ਅਸੀਂ। ਜਿੰਨਾਂ ਧਨ ਚੁਰਾਇਆ ਹੈ ਤੁਸੀਂ ਉਹ ਸਾਰਾ ਸਾਨੂੰ ਦੇ ਦਿਓ।

***ਸ੍ਰੀ ਗੁਰ ਹਾਕ ਸੁਨੀ ਜਨ ਸ਼੍ਰੋਨ ਮੈਂ,***
***ਠਾਂਢੇ ਰਹੇ ਨਹਿੰ ਪੈਰ ਉਠਾਯੋ।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 890)***

ਜਦੋਂ ਹਾਕ ਸੁਣੀ ਮਹਾਰਾਜ ਨੇ, ਤੁਰੇ ਨਹੀਂ ਅੱਗੇ।

ਇਕ ਵੀ ਪੈਰ ਨਹੀਂ ਉਠਾਇਆ। ਉਥੇ ਹੀ ਖੜ੍ਹ ਗਏ। ਭਾਈ ਬਾਲਾ ਵੀ ਦੇਖ ਰਹੇ ਨੇ। ਕਹਿੰਦੇ, ਮਹਾਰਾਜ! ਇਹ ਤਾਂ ਬੜੇ ਰੋਹ ਨਾਲ ਆ ਰਹੇ ਨੇ।

ਮਰਦਾਨਾ ਕਹਿਣ ਲੱਗਿਆ, ਹੁਕਮ ਹੋਵੇ ਤਾਂ ਆਪਾਂ ਵੀ ਤਿਆਰੀ ਕਰੀਏ। ਮਹਾਰਾਜ ਕਹਿੰਦੇ, ਆਪਾਂ ਕੁਛ ਨਹੀਂ ਕਰਨਾ। ਦੇਖ ਰੰਗ ਕਰਤਾਰ ਦੇ ਕੀ ਬਣਦਾ ਹੈ। ਟਿਕ ਕੇ ਖੜ੍ਹਾ ਰਹਿ, ਡਰ ਨਾ।

ਮਹਾਰਾਜ! ਉਹ ਤਾਂ ਬੜੇ ਰੋਹ 'ਚ ਆ ਰਹੇ ਨੇ, ਬਰਛੇ ਮਾਰਨੇ ਨੇ ਆਪਣੇ। ਕਹਿੰਦੇ ਨਹੀਂ ਤੂੰ ਚੁੱਪ ਰਹਿ। ਐਨੇ ਨੂੰ ਨੇੜੇ ਆ ਗਏ, ਬਰਛੇ ਉਲਾਰੇ ਹੋਏ ਨੇ। ਕਹਿੰਦੇ, ਦਿਓ ਸਾਡਾ ਧਨ ਤੁਸੀਂ ਚੋਰੀ ਕਰਕੇ ਲਿਆਏ ਓਂ, ਸਾਡੇ ਘਰੋਂ। ਅਸੀਂ ਸੌਂ ਗਏ ਸੀ, ਤੁਸੀਂ ਮੌਜ ਨਾਲ ਸਾਡੇ ਘਰਾਂ 'ਚੋਂ ਚੋਰੀ ਕਰਦੇ ਰਹੇ।

ਮਹਾਰਾਜ ਕਹਿਣ ਲੱਗੇ, ਧਨ ਤਾਂ ਸਾਡੇ ਕੋਲ ਹੈਗਾ। ਪਰ ਉਹ ਧਨ ਇਹ ਨਹੀਂ ਜਿਸ ਨੂੰ ਤੁਸੀਂ ਸਮਝਦੇ ਹੋਂ। ਇਹ ਨਹੀਂ ਅਸੀਂ ਜਵਾਬ ਦਿੰਦੇ ਕਿ ਸਾਡੇ ਕੋਲ ਧਨ ਨਹੀਂ ਹੈ। ਤੁਹਾਡਾ ਧਨ ਨਹੀਂ ਹੈ ਸਾਡੇ ਕੋਲ।

ਕਹਿੰਦੇ, ਜਿਹੜਾ ਫੇਰ ਤੁਹਾਡਾ ਹੈ ਉਹ ਵੀ ਨਹੀਂ ਅਸੀਂ ਛੱਡਣਾ ਤੁਹਾਡੇ ਕੋਲ ਤੇ ਤੁਸੀਂ ਚੰਗਾ ਹੋਇਆ ਦੱਸ ਦਿਤਾ ਕਿ ਤੁਹਾਡੇ ਕੋਲ ਧਨ ਹੈ, ਤੁਸੀਂ ਇਹ ਸਾਰਾ ਧਨ ਦੇ ਦਿਓ।

ਮਹਾਰਾਜ ਕਹਿਣ ਲੱਗੇ ਕਿ ਠੀਕ ਹੈ, ਇਹ ਧਨ ਜਿਹੜਾ ਸਾਡੇ ਕੋਲ ਹੈ, ਇਹ ਤੁਹਾਡੇ ਭਾਗਾਂ ਦੇ ਵਿਚ ਨਹੀਂ ਹੈ। ਤੁਹਾਨੂੰ ਮਿਲ ਨਹੀਂ ਸਕਦਾ। ਨਾ ਤੁਸੀਂ ਇਹਨੂੰ ਲੁੱਟ ਸਕਦੇ ਹੋਂ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਧਨ ਨਾਮ ਦਾ ਲੁੱਟਿਆ ਨਹੀਂਓਂ ਜਾਣਾ,***
***ਚੋਰਾਂ ਠੱਗਾਂ ਡਾਕੂਆਂ ਤੋਂ।***

ਆਹ ਭਾਈ ਅਸੀਂ ਧਨੀ ਹਾਂ, ਬੇਅੰਤ ਧਨ ਹੈ ਸਾਡੇ ਕੋਲ ਪਰ ਜਿਹੜਾ ਸਾਡੇ ਕੋਲ ਧਨ ਹੈ ਉਹ ਧਨ ਬਣਾਉਂਦਾ ਹੈ -

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥*** ***ਅੰਗ - 649***

ਮਾਇਆ ਤਾਂ ਜਿਹਨੂੰ ਤੁਸੀਂ ਕਹਿੰਦੇ ਹੋਂ ਧਨ, ਉਹ ਚਰਨਾਂ ਦੇ ਵਿਚ ਆ-ਆ ਗਿਰਦੀ ਹੈ, ਬੇਨਤੀਆਂ ਕਰਦੀ ਹੈ, ਮੈਨੂੰ ਕਾਰੇ ਲਾਓ। ਸਾਡੇ ਕੋਲ ਉਹ ਧਨ ਹੈ ਜਿਸ ਧਨ ਨੂੰ ਪਾ ਕੇ ਮਹਾਂ ਧਨੀ, ਵੱਡਾ ਧਨੀ ਬਣ ਜਾਂਦਾ ਹੈ। ਉਹ ਧਨ ਤੁਹਾਡੇ ਤੋਂ ਨਹੀਂ ਲੁੱਟ ਹੋਣਾ, ਉਹ ਨਾਮ ਦਾ ਧਨ ਹੈ।

ਕਹਿੰਦੇ, ਉਹ ਹੈ ਕਿੱਥੇ?

ਆਪ ਨੇ ਕਿਹਾ, ਆ ਜਿਹੜਾ ਸਰੀਰ ਹੈ ਨਾ, ਇਸ ਤੋਂ ਅੱਗੇ ਹੋਰ ਹੁੰਦਾ ਹੈ, ਸੂਖਸ਼ਮ ਸਰੀਰ, ਉਹਦੇ ਵਿਚ ਵੀ ਨਹੀਂ ਹੈ, ਉਸ ਤੋਂ ਅੱਗੇ

ਇਕ ਕਾਰਨ ਸਰੀਰ ਹੁੰਦਾ ਹੈ, ਉਹਦੇ ਵਿਚ ਵੀ ਨਹੀਂ ਹੈ। ਤਿੰਨਾਂ ਸਰੀਰਾਂ ਤੋਂ ਪਰ੍ਹੇ ਜੋ ਆਤਮ ਸਰੀਰ ਹੈ ਉਹਦੇ ਵਿਚ ਨਾਮ ਦਾ ਧਨ ਪ੍ਰਮੇਸ਼ਰ ਨੇ ਲਕੋ ਕੇ ਰੱਖਿਆ ਹੋਇਆ ਹੈ, ਨਹੀਂ ਤਾਂ ਪਿਆਰਿਓ! ਤੁਸੀਂ ਤਾਂ ਕੀ, ਜਿਹੜੇ ਚੋਰ ਹਰ ਵਕਤ ਆਦਮੀ ਦੇ ਅੰਦਰ ਰਹਿੰਦੇ ਨੇ, ਉਨ੍ਹਾਂ ਤੋਂ ਵੀ ਨਾਮ ਦਾ ਧਨ ਨਹੀਂ ਲੁੱਟ ਹੋਇਆ ਕਰਦਾ।

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥* *ਅੰਗ - 600*

ਕਹਿੰਦੇ, ਲੁੱਟਿਆ ਨਹੀਂ ਜਾਂਦਾ, ਐਨਾ ਅਮੁੱਕ ਧਨ ਹੈ ਤੇ ਪਹਿਰੇਦਾਰ ਰੱਬ ਨੇ ਲਾਏ ਨੇ, ਉਹ ਸੌਂ ਜਾਂਦੇ ਨੇ, ਫੇਰ ਲੁੱਟ ਨਹੀਂ ਹੁੰਦਾ ਹੈ, ਮੁੱਕਦਾ ਨਹੀਂ ਹੈ। ਪਰ ਉਹ ਬਾਕੀ ਚੀਜ਼ਾਂ ਲੁੱਟ ਲੈਂਦੇ ਨੇ। ਨਾਮ ਤੱਕ ਇਨ੍ਹਾਂ ਦੀ ਪਹੁੰਚ ਨਹੀਂ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ - 293*

ਇਸ ਦੇਹੀ ਦੇ ਵਿਚ ਜਿੱਥੇ ਅਬਚਲ ਥਾਨ, ਅਸਥਿਰ ਥਾਨ ਹੈ ਉਥੇ ਨਾਮ ਦਾ ਧਨ ਹੈ। ਕਹਿੰਦੇ, ਤੁਹਾਡੇ ਤੋਂ ਬਰਛਿਆਂ ਨਾਲ ਨਹੀਂ ਲੁੱਟ ਹੋਣਾ -

*ਹਰਿ ਧਨੁ ਰਤਨੁ ਜਵੇਹਰੁ ਮਾਣਕੁ*
*ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ*
*ਹਰਿ ਭਗਤੀ ਹਰਿ ਲਿਵ ਲਾਈ ॥* *ਅੰਗ - 734*

ਜਿਹੜੇ ਅੰਮ੍ਰਿਤ ਵੇਲੇ ਜਾਗਦੇ ਨੇ ਤੇ ਵਾਹਿਗੁਰੂ-ਵਾਹਿਗੁਰੂ, ਅੱਲਾਹ-ਅੱਲਾਹ, ਰਾਮ-ਰਾਮ ਕਰਦੇ ਨੇ, ਮਨ ਚਿੱਤ ਲਾ ਕੇ ਪ੍ਰਮੇਸ਼ਰ ਦੇ ਧਿਆਨ ਦੇ ਨਾਲ ਲਿਵ ਜੋੜ ਕੇ, ਉਨ੍ਹਾਂ ਦਾ ਧਨ ਬੀਜਿਆ ਹੋਇਆ ਫੇਰ ਮੁਕਦਾ ਨਹੀਂ।

*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ ॥* *ਅੰਗ- 734*

ਜਿੰਨਾਂ ਜੀਅ ਕਰਦਾ ਹੈ -

*ਖਾਵਹਿ ਖਰਚਹਿ ਰਲਿ ਮਿਲਿ ਭਾਈ ॥*
*ਤੋਟਿ ਨ ਆਵੈ ਵਧਦੋ ਜਾਈ ॥* *ਅੰਗ - 186*

ਜਿੰਨਾ ਵਰਤਾਓਂਗੇ ਓਨਾਂ ਵਧੇਗਾ ਇਹ। ਬਾਕੀ ਧਨ ਜਿੰਨਾ ਵਰਤਾਓਂਗੇ ਘਟ ਜਾਏਗਾ -

*ਹਲਤਿ ਪਲਤਿ ਹਰਿ ਧਨੈ ਕੀ*
*ਭਗਤਾ ਕਉ ਮਿਲੀ ਵਡਿਆਈ ॥* *ਅੰਗ - 734*

ਇਥੇ ਵੀ ਤੇ ਸੰਸਾਰ ਤੋਂ ਜਾਣ ਤੋਂ ਬਾਅਦ ਵੀ ਵਡਿਆਈ ਹੀ ਵਡਿਆਈ ਮਿਲਦੀ ਹੈ।

*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*

*ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ*
*ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥* *ਅੰਗ- 734*

ਪਿਆਰਿਓ! ਤੁਸੀਂ ਤਾਂ ਕੌਣ ਹੋਂ? ਇਹਨੂੰ ਅੱਗ ਜਾਲ ਨਹੀਂ ਸਕਦੀ, ਤਸਕਰ, ਚੋਰ, ਡਾਕੂ, ਠੱਗ ਇਹਨੂੰ ਲੁੱਟ ਨਹੀਂ ਸਕਦੇ, ਪਾਣੀ ਡੋਬ ਨਹੀਂ ਸਕਦਾ। ਜਮਦੂਤ ਖੋਹ ਨਹੀਂ ਸਕਦੇ -

*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ ॥* *ਅੰਗ - 734*

ਚੋਰਾਂ ਨੇ ਇਹਦੇ ਨੇੜੇ ਕੀ ਆਉਣਾ ਹੈ। ਜਮ ਦੇ ਜਿਹੜੇ ਜਗਾਤੀ ਨੇ ਉਹ ਵੀ ਡੰਡ ਨਹੀਂ ਲਾਉਂਦੇ, ਉਹ ਤਾਂ ਸੇਵਾ ਕਰਦੇ ਨੇ, ਉਹ ਵੀ ਇੱਜ਼ਤ ਕਰਦੇ ਨੇ -

*ਸਾਧਸੰਗਿ ਧਰਮ ਰਾਇ ਕਰੇ ਸੇਵਾ ॥* *ਅੰਗ- 271*

ਜਿਹੜੇ ਨਾਮ ਦੇ ਧਨ ਵਾਲਿਆਂ ਦੀ ਸੇਵਾ ਕਰਨ ਵਾਲੇ ਨੇ, ਉਨ੍ਹਾਂ ਦੀ ਵੀ ਧਰਮਰਾਜ ਸੇਵਾ ਕਰਦਾ ਹੈ, ਐਸਾ ਧਨ ਸਾਡੇ ਕੋਲ ਹੈ। ਇਹ ਜਿਹੜਾ ਤੁਹਾਡਾ ਝੂਠਾ ਧਨ ਹੈ, ਪਾਪ ਕਰਨ ਤੋਂ ਬਗੈਰ ਨਹੀਂ ਆਉਂਦਾ -

*ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥*
*ਅੰਗ- 417*

ਮਰਿਆ ਹੋਇਆਂ ਦੇ ਨਾਲ ਨਹੀਂ ਜਾਣਾ, ਜਿਉਂਦੇ-ਜਿਉਂਦੇ ਪਾਪ ਤੋਂ ਬਗੈਰ ਧਨ ਨਹੀਂ ਖੱਟ ਹੋਣਾ। ਹਰ ਚੀਜ਼ 'ਚ ਮਿਲਾਵਟ ਕਰੋ, ਝੂਠ ਬੋਲੋ, ਡੇਢ ਸੌ ਦਾ ਲਿਆ ਕੇ ਤਿੰਨ ਸੌ ਦਾ ਵੇਚੋ, ਤਾਂ ਜਾ ਕੇ ਧਨ ਆਉਂਦਾ ਹੈ, ਨਹੀਂ ਤਾਂ ਆਉਂਦਾ ਨਹੀਂ ਹੈ। ਪਾਪ ਕਰਨ ਦੇ ਧਨ ਖੱਟਿਆ ਜਾਂਦਾ ਹੈ ਪਰ ਇਹ ਜਦੋਂ ਸਰੀਰ ਛੱਡਦਾ ਹੈ ਫੇਰ ਨਾਲ ਨਹੀਂ ਜਾਣਾ।

*ਧਾਰਨਾ - ਝੂਠੇ ਧਨ ਨੇ ਨਾਲ ਨਹੀਂਓਂ ਜਾਣਾ,*
*ਕਰਕੇ ਪਾਪ ਖੱਟੇ ਗਾਫਲਾ।*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ 27 ॥*
*ਅੰਗ - 315*

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥* *ਅੰਗ - 471*

ਪਿਆਰਿਓ! ਆਹ ਜਿਹੜਾ ਬੰਦਿਆਂ ਨੂੰ ਮਾਰ-ਮਾਰ ਕੇ ਧਨ ਇਕੱਠਾ

ਕਰਦੇ ਹੋਂ -

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥***
***ਸੁਤ ਦਾਰਾ ਪਹਿ ਆਨਿ ਲੁਟਾਵੈ ॥ 1 ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥*** ***ਅੰਗ- 656***

ਲੇਖੇ ਦੇਣੇ ਪੈਣੇ ਨੇ ਦਰਗਾਹ 'ਚ ਜਾ ਕੇ -

***ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ***
***ਤਿਨਾ ਇਕ ਵਿਖ ਨਾਲਿ ਨ ਜਾਈ ॥*** ***ਅੰਗ- 734***

ਕਹਿੰਦੇ, ਭੋਰਾ ਜਿੰਨਾ ਵੀ ਨਾਲ ਨਹੀਂ ਜਾਂਦਾ, ਇਕ ਡੱਕੇ ਜਿੰਨਾ ਵੀ।

***ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ***
***ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ ॥***
***ਅੰਗ - 734***

ਇਥੇ ਵੀ ਨਜ਼ਾਇਜ਼ ਧਨ ਇਕੱਠੇ ਕਰਨ ਵਾਲੇ ਔਖੇ ਰਹਿੰਦੇ ਨੇ ਤੇ ਅੱਗੇ ਦਰਗਾਹ ਦੇ ਵਿਚ ਤਾਂ ਇਥੇ ਥਾਂ ਹੀ ਨਹੀਂ ਉਨ੍ਹਾਂ ਨੂੰ ਮਿਲਦਾ।

***ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ ॥***
***ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ ॥***
***ਅੰਗ - 288***

ਇਹ ਅਸਲੀ ਧਨ ਹੈ।

***ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,***
***ਔਖੀ ਵੇਲਾ-ਔਖੀ ਵੇਲਾ।***
***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥ ਅੰਗ- 264***

ਜਦੋਂ ਜੀਵ ਆਤਮਾ ਸਰੀਰ ਛੱਡ ਕੇ ਤੁਰਦੀ ਹੈ, ਰਸਤੇ ਦੇ ਕੋਹ ਨਹੀਂ ਪਤਾ ਕਿੰਨੇ ਨੇ, ਗਿਣ ਨਹੀਂ ਸਕਿਆ ਕੋਈ। ਫੇਰ ਉਥੇ ਫੇਰ ਖਾਂਦਾ-ਪੀਂਦਾ ਕੀ ਹੈ?

***ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*** ***ਅੰਗ- 264***

ਜੇ ਤਾਂ ਨਾਮ ਪੱਲੇ ਹੈ ਤਾਂ, ਤਾਂ ਕੁਛ ਮਿਲ ਜਾਏਗਾ, ਜੇ ਨਾਮ ਨਹੀਂ ਖੱਟਿਆ, ਫੇਰ ਭੁੱਖਾ ਮਰਦਾ ਹੈ, ਦੁਖੀ ਹੁੰਦਾ ਹੈ -

***ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ ॥***
***ਅੰਗ- 520***

ਦੁਖੀ ਹੁੰਦਾ ਹੈ -

***ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥***
***ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥***
***ਅੰਗ - 1425***

ਕਹਿੰਦੇ, ਨਾਮ ਜਿਹਦੇ ਪੱਲੇ ਹੈ ਉਹਦਾ ਤੋਸਾ ਬਣ ਜਾਂਦਾ ਹੈ –

***ਜਿਹ ਪੈਡੈ ਮਹਾ ਅੰਧ ਗੁਬਾਰਾ ॥***
***ਹਰਿ ਕਾ ਨਾਮੁ ਸੰਗਿ ਉਜੀਆਰਾ ॥ ਅੰਗ – 264***

ਪ੍ਰਕਾਸ਼ ਖੁੱਲ੍ਹ ਜਾਂਦਾ ਹੈ, ਨਹੀਂ ਤਾਂ ਠੋਕਰਾਂ ਖਾਂਦਾ ਜਾਂਦਾ ਹੈ –

***ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥***
***ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥***
***ਜਹ ਮਹਾ ਭਇਆਨ ਤਪਤਿ ਬਹੁ ਘਾਮ ॥***
***ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥***
***ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥***
***ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ ਅੰਗ – 264***

ਜਿੱਥੇ ਪਛਾਣ ਕਰਨ ਵਾਲਾ ਕੋਈ ਨਹੀਂ, ਉਥੇ ਵਾਹਿਗੁਰੂ ਦਾ ਨਾਮ ਨਾਲ ਹੁੰਦਾ ਹੈ। ਜਿਹਦੇ ਨਾਮ ਪੱਲੇ ਹੁੰਦਾ ਹੈ, ਉਹਨੂੰ ਸਾਰੀ ਦੁਨੀਆਂ –

***ਰੇ ਰੇ ਦਰਗਹ ਕਹੈ ਨ ਕੋਊ ॥***
***ਆਉ ਬੈਠੁ ਆਦਰੁ ਸੁਭ ਦੇਊ ॥ ਅੰਗ– 252***

ਉਥੇ ਤਾਂ ਕਹਿੰਦੇ ਨੇ ਧੰਨ ਭਾਗ ਤੁਸੀਂ ਆ ਗਏ। ਧੰਨ ਭਾਗ ਤੁਸੀਂ ਮਨੁੱਖਾ ਜਨਮ ਧਾਰਨ ਕਰਕੇ, ਨਾਮ ਦਾ ਧੰਨ ਖੱਟਿਆ। ਜੋ ਅਸਲੀ ਧਨ ਸੀ –

***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥ ਅੰਗ– 283***

ਸੋ ਇਸ ਤਰ੍ਹਾਂ ਦੇ ਬਚਨ ਮਹਾਰਾਜ ਕਰਦੇ ਨੇ ਕਿ ਧਨ ਤਾਂ ਪਿਆਰਿਓ ਹੈਗਾ ਪਰ ਤੁਹਾਡੇ ਤੋਂ ਲਿਆ ਨਹੀਂ ਜਾਣਾ ਸਾਡਾ ਜਿਹੜਾ ਧਨ ਹੈ।

ਉਹ ਕਹਿੰਦਾ, ਹੈਗਾ ਦੇਖੋ ਸੱਚ ਬੋਲਦੇ ਨੇ, ਹੈ ਤਾਂ ਤਕੜੇ ਨੇ ਬੰਦੇ। ਅੱਗੇ ਜਦੋਂ ਆਪਾਂ ਮਾਰਦੇ ਹਾਂ, ਉਹ ਕਹਿੰਦੇ ਨੇ ਨਾ ਜੀ ਸਾਡੇ ਕੋਲ ਤਾਂ ਹੈ ਹੀ ਨਹੀਂ ਧਨ। ਫੇਰ ਆਪਾਂ ਫੋਲਾ-ਫਾਲੀ ਕਰਕੇ ਕਿਸੇ ਦੇ ਪੱਟ 'ਚੋਂ ਲਾਲ ਕੱਢਦੇ ਹਾਂ, ਕਿਸੇ ਦਾ ਕੁਛ। ਇਹ ਤਾਂ ਦੱਸੀਂ ਜਾਂਦੇ ਨੇ ਪਰ ਇਹ ਜਿਹੜੀ ਗੱਲ ਦਸਦੇ ਨੇ ਕਿ ਨੇੜੇ-ਤੇੜੇ ਨਹੀਂ ਹੈ।

ਕਹਿੰਦੇ, ਲੈ ਆਪਾਂ ਸਾਰਾ ਸਰੀਰ ਫਰੋਲ ਲਵਾਂਗੇ, ਮਾਰ ਕੇ ਇਨ੍ਹਾਂ ਨੂੰ। ਹੈ ਤਾਂ ਸਰੀਰ ਵਿਚ ਹੀ?

ਮਹਾਰਾਜ ਕਹਿੰਦੇ, ਇਹ ਲਿਆ ਨਹੀਂ ਜਾਣਾ ਤੁਹਾਡੇ ਤੋਂ, ਉਚੱਕਿਆਂ ਦੇ ਹੱਥ ਆਉਣ ਵਾਲੀ ਚੀਜ਼ ਨਹੀਂ ਹੈ। ਇਹਦਾ ਤਾਂ ਜਿੱਥੋਂ ਲੈਣਾ ਹੈ ਉਹ ਥਾਂ ਹੀ ਹੋਰ ਹੈ –

***ਜਿਸੁ ਵਖਰ ਕਉ ਲੈਨਿ ਤੂ ਆਇਆ ॥***
***ਰਾਮ ਨਾਮੁ ਸੰਤਨ ਘਰਿ ਪਾਇਆ ॥***

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥* *ਅੰਗ- 283*

*ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ*

*ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ ॥*

*ਅੰਗ- 734*

ਮਹਾਰਾਜ ਕਹਿੰਦੇ, ਇਹ ਆਪਣੀ ਹਿੰਮਤ ਨਾਲ ਨਹੀਂ ਮਿਲਦਾ, ਇਹ ਤਾਂ ਸ਼ਾਹ ਦੇ ਕੋਲ, ਵਾਹਿਗੁਰੂ ਦੇ ਕੋਲ ਜਾਣਾ ਪੈਂਦਾ ਹੈ, ਉਹ ਨਾਮ ਧਨ ਦਿੰਦਾ ਹੈ -

*ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ*
*ਜਨ ਨਾਨਕ ਕਉ ਗੁਰਿ ਸੋਝੀ ਪਾਈ ॥* *ਅੰਗ- 734*

ਮਹਾਰਾਜ ਕਹਿੰਦੇ, ਦੇਖੋ ਅਸੀਂ ਮਰਨ ਨੂੰ ਤਾਂ ਤਿਆਰ ਹਾਂ ਪਿਆਰਿਓ! ਪਰ ਇਕ ਗੱਲ ਤੁਹਾਨੂੰ ਅਕਲ ਦੀ ਦਸਦੇ ਹਾਂ। ਜੇ ਇਥੇ ਅਸੀਂ ਪਏ ਰਹੇ, ਰਾਜ ਸਰਕਾਰ ਨੂੰ ਪਤਾ ਲਗ ਗਿਆ, ਫੇਰ ਤੁਹਾਡੀ ਖਿੱਚ-ਖਿਚਾਈ ਹੋਏਗੀ। ਤੁਹਾਡਾ ਪਿੰਡ ਬਦਨਾਮ ਹੈ।

ਕਹਿੰਦੇ, ਫੇਰ?

ਕਹਿੰਦੇ, ਇਥੇ ਲੱਕੜਾਂ ਪਈਆਂ ਨੇ, ਮਾਰ ਕੇ ਸਾਨੂੰ ਇਥੇ ਸਸਕਾਰ ਕਰ ਦੇਣਾ।

ਕਹਿੰਦੇ, ਅੱਗ ਕਿੱਥੇ ਹੈ ਇੱਥੇ?

ਮਹਾਰਾਜ ਕਹਿੰਦੇ, ਔਹ ਦੇਖੋ, ਸਾਮ੍ਹਣੇ ਸਿਵਾ ਜਲ ਰਿਹਾ ਹੈ ਨਾ?

ਕਹਿੰਦੇ ਹਾਂ। ਕਹਿੰਦੇ, ਗੱਲ ਤਾਂ ਇਨ੍ਹਾਂ ਦੀ ਠੀਕ ਹੈ। ਚਲੋ ਅੱਗ ਲੈ ਆਉਂਦੇ ਹਾਂ, ਓਨਾਂ ਚਿਰ ਤੁਸੀਂ ਪੁੱਛੋ ਤਾਂ ਸਹੀ, ਜੇ ਆਪੇ ਦੇ ਦੇਣ, ਤਾਂ ਫੇਰ ਮਾਰਨ ਦੀ ਵੀ ਨਾ ਲੋੜ ਪਵੇ। ਪੁੱਛ-ਗਿੱਛ ਕਰੋ, ਅਸੀਂ ਆਏ ਹੁਣੇ। ਉਹ ਅੱਗ ਲੈਣ ਜਿਸ ਵਕਤ ਜਾਂਦੇ ਨੇ ਉਥੇ ਕੀ ਦੇਖਦੇ ਨੇ ਕਿ ਚਿਖਾ ਦੇ ਨੇੜੇ ਹੀ ਇਕ ਰੂਹ ਹੈ ਉਹਨੂੰ ਬਹੁਤ ਮਾਰਿਆ, ਤਸੀਹੇ ਦਿਤੇ ਜਾ ਰਹੇ ਨੇ, ਉਹ ਦੁਹਾਈ ਮਚਾ ਰਿਹਾ ਹੈ-

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥*

*ਅੰਗ- 1281*

ਇਹ ਖੜ੍ਹੇ ਹੋ ਗਏ ਕਿ ਐਨੀ ਮਾਰ, ਅਸੀਂ ਤਾਂ ਇਹੋ ਜਿਹੀ ਕਦੇ ਕਿਸੇ ਦੇ ਦੇਖੀ ਨਹੀਂ ਪੈਂਦੀ। ਉਸ ਤੋਂ ਬਾਅਦ ਜਦੋਂ ਅੱਗ ਲਈ, ਅੱਗ ਲੈ ਕੇ ਜਦੋਂ ਫੇਰ ਉਥੇ ਆਏ, ਤਾਂ ਕੀ ਦੇਖਦੇ ਨੇ ਉਥੇ ਬਿਬਾਨ ਆਏ ਪਏ ਨੇ ਤੇ ਉਹ ਜਮਦੂਤਾਂ ਨੂੰ ਕਹਿੰਦੇ ਨੱਠ ਜਾਓ ਤੁਸੀਂ। ਉਹ ਕਹਿੰਦੇ, ਇਹ ਮਹਾਂਪਾਪੀ ਹੈ।

ਕਹਿੰਦੇ, ਨਹੀਂ ਮਹਾਂਪਾਪੀ ਨਹੀਂ ਹੈ। ਇਹਦੇ ਸਾਰੇ ਪਾਪ ਖਤਮ ਹੋ ਗਏ।

ਵਿਚ ਹੀ ਬੋਲ ਪਏ ਕਹਿੰਦੇ ਕਿਉਂ ਬਈ ਪ੍ਰੇਮੀਓ! ਪਹਿਲਾਂ ਤਾਂ ਅਸੀਂ ਤੁਹਾਡੇ ਵਰਗੇ ਬੰਦੇ ਨਹੀਂ ਕਦੇ ਦੇਖੇ। ਤੁਸੀਂ ਤਾਂ ਹੋਰ ਹੀ ਕੁਛ ਹੋਂ। ਕਿਹੜੇ ਦੇਸ਼ ਦੇ ਰਹਿਣ ਵਾਲੇ ਹੋਂ। ਕਿੱਥੋਂ ਚੁੱਕ ਲਿਆਏ ਐਨੇ ਸੁੰਦਰ ਬਿਬਾਨ?

ਉਹ ਕਹਿੰਦੇ, ਓ ਪ੍ਰੇਮੀਓ! ਤੁਹਾਨੂੰ ਨਹੀਂ ਪਤਾ। ਅਸੀਂ ਦਰਗਾਹ ਦੇ ਵਿਚੋਂ ਆਏ ਹਾਂ। ਇਹ ਕ੍ਰਿਪਾ ਹੋ ਗਈ, ਤੁਹਾਡੇ ਨੇਤਰਾਂ ਦੇ ਉਤੇ ਕਿ ਅਸੀਂ ਤੁਹਾਨੂੰ ਨਜ਼ਰ ਆ ਗਏ, ਅਸੀਂ ਤਾਂ ਨਜ਼ਰ ਨਹੀਂ ਆਉਂਦੇ ਹੁੰਦੇ ਕਿਸੇ ਨੂੰ ਵੀ। ਆਪਣਾ ਕੰਮ ਕਰ ਜਾਂਦੇ ਹਾਂ, ਲੋਕ ਰੋਂਦੇ ਕੁਰਲਾਉਂਦੇ ਰਹਿ ਜਾਂਦੇ ਨੇ।

ਕਹਿੰਦੇ ਕਿ ਤੁਸੀਂ ਪਹਿਲਾਂ ਇਸ ਨੂੰ ਮਾਰਦੇ ਸੀ, ਉਹ ਕਹਿੰਦੇ ਅਸੀਂ ਜਮਦੂਤ ਹਾਂ, ਜਿਹੜਾ ਦੁਨੀਆਂ 'ਚ ਆ ਕੇ ਪਾਪ ਕਰਦਾ ਹੈ, ਮਾੜੇ ਕੰਮ ਕਰਦਾ ਹੈ, ਉਹ ਫੇਰ ਸਾਡੇ ਵਸ ਪੈਂਦਾ ਹੈ। ਕਿਉਂਕਿ ਮਾਨਸ ਜਨਮ ਗਵਾ ਲਿਆ। ਦੁਨੀਆਂ ਉਸ ਨੇ ਦੁਖੀ ਕਰ ਦਿਤੀ। ਦੁਖੀ ਕਰਨ ਨਾਲ ਫੇਰ ਸਾਡੇ ਹੱਥ ਆਉਂਦਾ ਹੈ, ਫੇਰ ਅਸੀਂ ਮਾਰਦੇ ਕੁਟਦੇ ਲੈ ਜਾਂਦੇ ਹਾਂ, ਕਿਉਂਕਿ ਉਹਨੇ ਬਹੁਤ ਗੁਨਾਹ ਕੀਤੇ ਹੁੰਦੇ ਨੇ।

ਕਹਿੰਦੇ, ਤੁਸੀਂ?

ਕਹਿਣ ਲੱਗੇ, ਅਸੀਂ ਹੈਗੇ ਦੇਵਗਣ, ਜਿਹੜਾ ਤੁਹਾਡਾ ਕਿੱਤਾ ਹੈ ਨਾ, ਤੁਹਾਡੇ ਕਿੱਤੇ ਵਾਲੇ ਜਦੋਂ ਦਰਗਾਹ 'ਚ ਜਾਂਦੇ ਨੇ ਉਥੇ ਰੋਂਦੇ ਨੇ, ਕੁਰਲਾਉਂਦੇ ਨੇ, ਬਹੁਤ ਸਜਾਵਾਂ ਮਿਲਦੀਆਂ ਹਨ, ਦਰਗਾਹ ਨੂੰ ਨਾ ਭੁੱਲੋ, ਦਰਗਾਹ ਹੈਗੀ।

ਜੇ ਸਾਨੂੰ ਨਜ਼ਰ ਨਹੀਂ ਆਉਂਦੀ ਦਰਗਾਹ, ਅਸੀਂ ਕਹਿੰਦੇ ਹਾਂ ਕਿ ਫਲਾਣੇ ਨੂੰ ਤਾਂ ਕੁਛ ਨਹੀਂ ਹੋਇਆ। ਉਹ ਦਰਗਾਹ ਦਾ ਮਾਲਕ ਜਾਣਦਾ ਹੈ, ਗੁਰੂਆਂ ਨੇ ਦਰਗਾਹ ਦੇਖੀ ਹੈ। ਮੰਨ ਲਓ ਆਪਾਂ ਕਿ ਨਹੀਂ ਦੇਖੀ ਤਾਂ ਮਹਾਰਾਜ ਨੇ ਤਾਂ ਦੇਖੀ ਹੀ ਹੈ ਨਾ, ਉਨ੍ਹਾਂ ਨੇ ਤਾਂ ਸਾਨੂੰ ਕਹਿ ਦਿਤਾ –

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥* *ਅੰਗ– 953*

ਉਥੇ ਤਾਂ ਲੇਖਾ ਹੋਣਾ ਹੈ, ਲੇਖੇ ਦੇ ਵੇਲੇ ਫੇਰ ਕੀ ਕਰੇਂਗਾ, ਜੇ ਲੇਖਾ ਪੂਰਾ ਨਾ ਹੋਇਆ, ਫੇਰ ਰੋਣਾ ਪੈਂਦਾ ਹੈ –

*ਧਾਰਨਾ – ਜਿੰਦੇ ਰੋਵੇਂਗੀ ਤੇ ਰੋ-ਰੋ ਪਛੋਤਾਵੇਂਗੀ,*
*ਫੇਰ ਤੇਰਾ ਕੋਈ ਨਾ ਬਣੇ।*

*ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ- 464*

ਉਹ ਕਹਿੰਦੇ, ਉਹ ਮੂਰਖ, ਅਸੀਂ ਕਿਉਂ ਆ ਗਏ, ਅਸੀਂ ਤਾਂ ਆ ਗਏ, ਗੁਰੂ ਨਾਨਕ ਪਾਤਸ਼ਾਹ ਦੀ ਇਧਰ ਦ੍ਰਿਸ਼ਟੀ ਪੈ ਗਈ ਇਹਦੇ ਉਤੇ।

ਕਹਿੰਦੇ, ਫੇਰ ਕੀ ਹੋਇਆ?

ਕਹਿੰਦੇ, ਇਹਦੇ ਸਾਰੇ ਪਾਪ ਕੱਟੇ ਗਏ। ਉਨ੍ਹਾਂ ਨੇ ਐਨਾ ਹੀ ਕਿਹਾ ਹੈ ਕਿ ਓਥੋਂ ਲਿਆਓ। ਐਨਾ ਕਰਨ ਦੇ ਨਾਲ ਹੀ ਸਾਰੇ ਪਾਪ ਕੱਟੇ ਗਏ।

ਕਹਿੰਦੇ, ਉਹ ਕੌਣ ਹੋਇਆ?

ਕਹਿੰਦੇ, ਜਿਹਨੂੰ ਤੁਸੀਂ ਮਾਰਨ ਦੀਆਂ ਤਿਆਰੀਆਂ ਕਰਦੇ ਹੋਂ। ਮੂਰਖੋ! ਤੁਹਾਡੇ ਮਾਰੇ ਕੀ ਉਹ ਮਾਰੇ ਜਾਣਗੇ? ਉਹ ਤਾਂ ਆਪ ਅਕਾਲ ਪੁਰਖ ਨੇ। ਕਿਸੇ ਦਾ ਜ਼ੋਰ ਨਹੀਂ ਚਲਦਾ ਉਨ੍ਹਾਂ 'ਤੇ। ਮਨੁੱਖ ਬਣ ਕੇ ਕੌਤਕ ਕਰ ਰਹੇ ਨੇ ਤੁਹਾਡੇ ਨਾਲ। ਜਾਓ ਜਾ ਕੇ ਚਰਨਾਂ 'ਤੇ ਢਹਿ ਪਓ, ਗੁਨਾਹ ਬਖਸ਼ਾਅ ਲਓ ਜਾ ਕੇ, ਨਹੀਂ ਤਾਂ ਆਹ ਹਾਲ ਹੋਏਗਾ, ਜਿਹੜਾ ਤੁਸੀਂ ਅੱਖਾਂ ਨਾਲ ਦੇਖਿਆ ਹੈ। ਦੌੜੇ ਹੀ ਜਾਂਦੇ ਨੇ, ਦੂਰੋਂ ਹਾਕਾਂ ਮਾਰਦੇ ਜਾਂਦੇ ਨੇ ਕਿ ਦੇਖਿਓ, ਮਾਰਿਓ ਨਾ।

ਮਹਾਰਾਜ ਜੀ ਨੂੰ ਕਿਤੇ ਮਾਰ ਸਕਦੇ ਸੀ? ਬਗਦਾਦ ਸਾਰਾ ਇਕੱਠਾ ਹੋ ਕੇ ਆ ਗਿਆ। ਪੀਰ ਦਸਤਗੀਰ ਨੇ ਕਹਿ ਦਿਤਾ ਕਿ ਸੰਗ ਸਾਰ ਕਰ ਦਿਓ। ਐਨੇ ਪੱਥਰ ਮਾਰੋ ਕਿ ਥੱਲੇ ਹੀ ਦੱਬ ਜਾਣ। ਪੱਥਰ ਮਾਰਨ ਨੂੰ ਚੁੱਕੇ, ਇਕ ਨਿਗ੍ਹਾ ਹੀ ਕੀਤੀ ਹੈ ਗੁਰੂ ਨਾਨਕ ਪਾਤਸ਼ਾਹ ਨੇ। ਨਿਗ੍ਹਾ ਕਰਨ ਦੇ ਨਾਲ ਸਾਰੇ ਜੜ੍ਹ ਬਣ ਕੇ ਖੜ੍ਹ ਗਏ।

ਦੌੜੇ ਗਏ, ਜਾ ਕੇ ਚਰਨਾਂ 'ਤੇ ਢਹਿ ਪਏ। ਦੂਸਰੇ ਕਹਿੰਦੇ ਕਿ ਤੁਹਾਨੂੰ ਹੋ ਕੀ ਗਿਆ, ਤੁਹਾਨੂੰ ਤਾਂ ਅੱਗ ਲੈਣ ਭੇਜਿਆ ਸੀ।

ਕਹਿੰਦੇ, ਅੱਗ ਲੈਣ? ਇਹ ਤਾਂ ਰੱਬ ਆ ਗਿਆ, ਆਪਾਂ ਵੱਡੇ ਪਾਪੀ ਹਾਂ ਤੇ ਬਖਸ਼ਣ ਵਾਲਾ ਵੀ ਆ ਗਿਆ। ਆ ਜਾਓ ਚਰਨ ਫੜ ਲਓ ਇਨ੍ਹਾਂ ਦੇ। ਸਾਰੀ ਗੱਲ ਦੱਸੀ ਕਿ ਇਸ ਤਰ੍ਹਾਂ ਹੋਈ ਹੈ, ਆਪਾਂ ਤਾਂ ਬਹੁਤ ਵੱਡੇ ਗੁਨਹਗਾਰ ਹਾਂ, ਅਸੀਂ ਅੱਖਾਂ ਨਾਲ ਦੇਖ ਆਏ ਹਾਂ, ਅੱਗੇ ਕੀ

ਹਾਲ ਹੋਏਗਾ। ਉਸੇ ਵੇਲੇ ਚਰਨਾਂ 'ਤੇ ਢਹਿ ਪਏ। ਕਹਿੰਦੇ, ਮਹਾਰਾਜ! ਅਸੀਂ ਤਾਂ ਬਹੁਤ ਭੁੱਲਾਂ ਕਰਦੇ ਹਾਂ, ਸਾਨੂੰ ਬਖਸ਼ੋ। ਸਾਡੇ ਨਗਰ ਨੂੰ ਬਖਸ਼ੋ। ਹੁਣ ਤੁਸੀਂ ਜਾਓ ਨਾ। ਜਿਹੜਾ ਤੁਹਾਡੇ ਕੋਲ ਧਨ ਹੈ, ਤੁਸੀਂ ਹੁਣ ਆਪਣੀ ਮਰਜ਼ੀ ਨਾਲ ਦਿਓ, ਉਹ ਤੁਸੀਂ ਹੋਰ ਗੱਲ ਕਰਦੇ ਸੀ, ਜਿਹੜੀ ਸਾਡੀ ਸਮਝ 'ਚ ਨਹੀਂ ਆਉਂਦੀ। ਉਹ ਧਨ ਕੋਈ ਹੋਰ ਹੈ ਅਸੀਂ ਅੱਖਾਂ ਨਾਲ ਦੇਖ ਲਿਆ। ਉਸ ਵੇਲੇ ਮਹਾਰਾਜ ਕਹਿੰਦੇ, ਚੰਗਾ ਤੁਸੀਂ ਚੱਲੋ, ਤੁਸੀਂ ਤਿਆਰੀ ਕਰੋ, ਅਸੀਂ ਆਉਂਦੇ ਹਾਂ। ਉਸੇ ਵੇਲੇ ਨਮਸ਼ਕਾਰਾਂ ਕਰਦੇ ਪਿਛਲ ਖੋਰੀ ਤੁਰੇ ਜਾਂਦੇ ਨੇ। ਮਹਾਰਾਜ ਵਲ ਮੂੰਹ ਰੱਖਿਆ ਹੋਇਆ ਹੈ, ਪਿੱਠ ਨਹੀਂ ਕਰਦੇ, ਐਨੀ ਸ਼ਰਧਾ 'ਚ ਆ ਗਏ।

ਬੁਰਾ ਬੰਦਾ ਜੇ ਚੰਗਾ ਬਣ ਜਾਏ, ਫੇਰ ਸਿਰੇ ਜਾਂਦਾ ਹੈ। ਬਾਲਮੀਕ ਜੇ ਨੇਕ ਬਣਿਆ ਤਾਂ ਅੱਜ ਤੱਕ ਦੁਨੀਆਂ ਯਾਦ ਕਰਦੀ ਹੈ ਉਸ ਨੂੰ। ਜੇ ਓਧਰਲੇ ਪਾਸੇ 'ਚ ਸਿਰੇ ਹੈ ਤਾਂ ਏਧਰਲੇ ਪਾਸੇ ਵੀ ਸਿਰੇ ਆ ਜਾਂਦਾ ਹੈ। ਵਿਚ-ਵਿਚਾਲੇ ਜਿਹੇ ਨਹੀਂ ਰਹਿੰਦੇ ਇਹ ਲੋਕ। ਉਸ ਵੇਲੇ ਸ਼ਰਧਾ ਦੇ ਨਾਲ ਜਾ ਰਹੇ ਨੇ।

ਅਖੀਰ ਦੌੜੇ-ਦੌੜ ਕੇ ਜਾ ਕੇ ਪਿੰਡ ਪਹੁੰਚ ਗਏ। ਸਾਰਾ ਪਿੰਡ ਖੜ੍ਹਾ ਦੇਖਦਾ ਹੈ ਕਿ ਹੁਣ ਆਏ-ਹੁਣ ਆਏ। ਦੂਰੋਂ ਹੀ ਦੇਖ ਲਿਆ ਕਿ ਆਉਂਦੇ ਨੇ, ਇਹ ਤਾਂ ਨੱਠੇ ਹੀ ਆਉਂਦੇ ਨੇ, ਬੜਾ ਧਨ ਲਿਆਂਦਾ ਹੈ ਲਗਦਾ ਇਨ੍ਹਾਂ ਨੇ।

ਕਹਿੰਦੇ, ਕਿਉਂ ਬਈ ਕਿੰਨਾਂ ਕੁ ਧਨ ਲਿਆਏ ਹੋਂ?

ਉਹ ਕਹਿੰਦੇ, ਮੂਰਖੋ! ਮੂਰਖੋ! ਆਪਾਂ ਤਾਂ ਬਹੁਤ ਬੁਰੀ ਬਾਤ ਕਰ ਰਹੇ ਹਾਂ। ਉਹ ਤਾਂ ਰੱਬ ਆਇਆ ਸੀ, ਬਖਸ਼ਾ ਲਓ ਜੇ ਪਾਪ ਬਖਸ਼ਾ ਹੁੰਦੇ ਨੇ। ਸਾਰੀ ਗੱਲ ਦੱਸੀ ਕਿ ਇਸ ਤਰ੍ਹਾਂ ਹੋਈ ਸਾਡੇ ਨਾਲ। ਡਰੋ, ਅੱਗੇ ਦਰਗਾਹ 'ਚ ਲੇਖਾ ਦੇਣਾ ਔਖਾ ਹੋ ਜਾਣਾ ਹੈ ਆਪਾਂ ਨੂੰ। ਬਹੁਤ ਬੁਰਾ ਹਾਲ ਅਸੀਂ ਅੱਖੀਂ ਦੇਖ ਕੇ ਆਏ ਹਾਂ, ਜੀਵ ਇਸ ਤਰ੍ਹਾਂ ਰੋਂਦਾ ਸੀ ਪਰ ਜਦੋਂ ਉਨ੍ਹਾਂ ਦੀ ਨਿਗ੍ਹਾ ਹੋ ਗਈ ਸਾਰੇ ਹੀ ਪਾਪ ਬਖਸ਼ੇ ਗਏ। ਓਏ ਪਾਪ ਬਖਸ਼ਾ ਲਓ, ਮੌਕਾ ਨਹੀਂ ਆਉਣਾ ਇਹੋ ਜਿਹਾ।

ਕਹਿੰਦੇ, ਆਉਣਗੇ ਵੀ ਉਹ?

ਕਹਿੰਦੇ ਹਾਂ।

ਕਹਿੰਦੇ, ਫੇਰ ਤਿਆਰੀ ਕਰੋ। ਸਫਾਈਆਂ ਹੋਣ ਲਗ ਗਈਆਂ। ਸਾਰੇ ਨਹਾ ਧੋ ਕੇ ਇਕੱਠੇ ਹੋ ਗਏ ਤੇ ਗੁਰੂ ਮਹਾਰਾਜ ਜੀ ਵੀ ਆ ਪਹੁੰਚੇ। ਇਕ ਦਮ ਚਰਨਾਂ ਤੋਂ ਹੀ ਨਹੀਂ ਉਠਦੇ, ਨੱਠ-ਨੱਠ ਕੇ ਮੱਥੇ ਟੇਕਦੇ ਨੇ।

ਮਹਾਰਾਜ ਜੀ ਦਾ ਫੇਰ ਉੱਚੇ ਥਾਂ 'ਤੇ ਆਸਣ ਲਵਾਇਆ। ਬੈਠ ਗਏ। ਸਾਰਾ ਹੀ ਨਗਰ, ਛੋਟੇ ਬੱਚਿਆਂ ਤੋਂ ਲੈ ਕੇ, ਬੁੱਢਿਆਂ ਤੱਕ ਸਾਰੇ ਇਕੱਠੇ ਹੋ ਕੇ ਮਹਾਰਾਜ ਦੇ ਸਾਮ੍ਹਣੇ ਬੈਠੇ ਨੇ ਤੇ ਪੰਚ ਜਿਹੜੇ ਨੇ, ਮੁਖੀ

ਬੰਦੇ ਉਠ ਕੇ ਗਲ 'ਚ ਪੱਲੇ ਪਾ ਕੇ ਬੇਨਤੀਆਂ ਕਰਦੇ ਨੇ, ਪਾਤਸ਼ਾਹ! ਤੁਸੀਂ ਬਖਸ਼ ਦਿਓ ਸਾਨੂੰ, ਤੁਹਾਡੇ ਬਿਨਾਂ ਅਸੀਂ ਨਹੀਂ ਬਖਸ਼ੇ ਜਾਂਦੇ। ਸਾਡੇ ਉਤੇ ਕ੍ਰਿਪਾ ਕਰੋ, ਸਾਡੀ ਜਿਹੜੀ ਰੋਜ਼ੀ ਹੈ ਇਹ ਬਹੁਤ ਹਿੰਸਾ ਦੀ ਹੈ, ਜਾਣਦੇ ਅਸੀਂ ਵੀ ਹਾਂ ਕਿ ਅਸੀਂ ਬੜੇ ਪਾਪ ਕਰਦੇ ਹਾਂ ਪਰ ਕੀ ਕਰੀਏ, ਸਾਨੂੰ ਆਦਤ ਪੈ ਗਈ। ਹੁਣ ਤੁਸੀਂ ਸਾਨੂੰ ਕੱਢ ਦਿਓ, ਤੁਹਾਡੇ ਵਰਗਾ ਕੋਈ ਦਇਆਲ ਨਹੀਂ ਤੇ ਸਾਡੇ ਵਰਗਾ ਕੋਈ ਪਾਪੀ ਨਹੀਂ ਹੈ –

*ਧਾਰਨਾ – ਤੇਰੇ ਵਰਗਾ ਨਾ ਦਇਆਲ ਸੱਚੇ ਪਾਤਸ਼ਾਹ,*
*ਪਾਪੀ ਮੇਰੇ ਵਰਗਾ ਕੋਈ ਨਾ।*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।*

*ਭਾਈ ਗੁਰਦਾਸ ਜੀ, ਵਾਰ 36/1*

ਐਨੇ ਪਾਪਾਂ ਵਾਲੇ ਨੂੰ ਕੇਵਲ ਗੁਰੂ ਬਖਸ਼ ਦਿੰਦਾ ਹੈ।

*ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ ॥*
*ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ ॥ 2 ॥*
*ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ ॥*
*ਤੇਰੀ ਗਤਿ ਮਿਤਿ ਤੂਹੈ ਜਾਣਹਿ*
*ਕੁਦਰਤਿ ਕੀਮ ਨ ਪਾਈਐ ॥3॥*
*ਨਿਰਗੁਣੁ ਮੁਗਧੁ ਅਜਾਣੁ ਅਗਿਆਨੀ*
*ਕਰਮ ਧਰਮ ਨਹੀ ਜਾਣਾ॥*
*ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ ॥*

*ਅੰਗ – 748*

ਪਾਤਸ਼ਾਹ! ਤੁਹਾਡੇ ਬਗੈਰ ਨਹੀਂ ਸਾਨੂੰ ਕੋਈ ਬਖਸ਼ ਸਕਦਾ। ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕੀਤੀ, ਦ੍ਰਿਸ਼ਟੀ ਕੀਤੀ, ਬਿਠਾ ਲਏ ਸਾਰੇ, ਕਹਿਣ ਲੱਗੇ, ਪਿਆਰਿਓ! ਦੇਖੋ ਤੁਸੀਂ ਕਿੰਨਾ ਮਾੜਾ ਕੰਮ ਕਰਦੇ ਹੋਂ। ਬੰਦਿਆਂ ਨੂੰ ਮਾਰਦੇ ਹੋਂ। ਇਹ ਮਨੁੱਖਾ ਜਨਮ ਬਾਰ-ਬਾਰ ਹੱਥ 'ਚ ਨਹੀਂ ਆਉਣਾ। ਬੜੀ ਮੁਸ਼ਕਲ ਤੋਂ ਬਾਅਦ ਤੁਹਾਨੂੰ ਪ੍ਰਾਪਤ ਹੋਇਆ ਹੈ। ਇਹ ਵਾਰੀ ਹੈ ਤੁਹਾਡੀ ਪ੍ਰਮੇਸ਼ਰ ਨੂੰ ਮਿਲਣ ਦੀ। ਤੁਸੀਂ ਕਿਹੋ ਜਿਹੇ ਕੰਮਾਂ 'ਚ ਲਗ ਗਏ। ਆਹ ਦੇਖੋ, ਕਿੰਨੀ ਜ਼ਮੀਨ ਪਈ ਹੈ, ਖੂਹ ਲਾਓ, ਖੇਤੀ ਕਰੋ, ਬੈਲ ਲਿਆਓ, ਕਿੰਨਾ ਅਨਾਜ ਹੋਏਗਾ, ਧਰਮਸਾਲਾ ਬਣਾਓ। ਪਾਤਸ਼ਾਹ! ਜੋ ਕੁਛ ਕਹੇਂ ਉਹੀ ਅਸੀਂ ਕਰਾਂਗੇ। ਪਰ ਸਾਨੂੰ ਸੁਮੱਤ ਦੇ। ਉਸ ਵੇਲੇ ਮਹਾਰਾਜ ਜੀ ਨੇ ਕ੍ਰਿਪਾ ਕਰਕੇ, ਦ੍ਰਿਸ਼ਟੀ ਕੀਤੀ, ਪ੍ਰਮੇਸ਼ਰ ਦੇ ਨਾਮ ਵਲ ਲਾ ਦਿਤੇ ਸਾਰੇ। ਕਹਿੰਦੇ ਹੁਣ ਧਰਮਸਾਲਾ ਬਣਾਓ। ਧਰਮਸਾਲਾ ਬਣਾ ਲਈ। ਮਹਾਰਾਜ ਖੂਹ ਲਵਾਉਣ ਲਗ ਗਏ ਉਨ੍ਹਾਂ ਤੋਂ ਕਿ ਚਲੋ ਪੁੱਟੋ ਖੂਹ।

ਇਥੇ ਪੁੱਟੋ, ਉਥੇ ਪੁੱਟੋ। ਜ਼ਮੀਨਾਂ ਦੀ ਹੱਦਬੰਦੀ ਕਰ ਦਿਤੀ ਕਿ ਇਹਦੇ 'ਚ ਤੂੰ ਖੇਤੀ ਕਰ, ਇਹਦੇ 'ਚ ਤੂੰ ਕਰ। ਧਰਮਸਾਲਾ ਵਿਚ ਸਾਧੂ, ਸੰਤਾਂ, ਮਹਾਂਪੁਰਸ਼ਾਂ, ਅਤਿਥੀਆਂ ਨੂੰ ਥਾਂ ਦੇਵੋ ਤੇ ਪਿਆਰ ਨਾਲ ਸੇਵਾ ਕਰੋ। ਤੁਹਾਡੇ ਗੁਨਾਹ ਬਖਸ਼ੇ ਜਾਣਗੇ ਤੇ ਸਾਡੀਆਂ ਖੁਸ਼ੀਆਂ ਤੁਹਾਡੇ ਉਤੇ ਹੋਣਗੀਆਂ। ਇਸ ਤਰ੍ਹਾਂ ਮਹਾਰਾਜ ਬੜੀ ਦੇਰ ਤੱਕ, ਜਦੋਂ ਤੱਕ ਫਸਲ ਆਈ ਨਹੀਂ ਹੈ, ਉਥੇ ਰਹੇ।

ਕਿੰਨਾ ਰੁਝੇਵਾਂ ਸੀ ਮਹਾਰਾਜ ਜੀ ਨੂੰ, ਇਕ ਠੱਗਾਂ ਨੂੰ ਤਾਰਨ ਵਾਸਤੇ ਉਨ੍ਹਾਂ ਦੇ ਪਿੰਡ 'ਚ ਹੀ ਠਹਿਰ ਗਏ। ਫਸਲ ਆ ਗਈ, ਕਹਿੰਦੇ ਲਓ ਹੁਣ ਰੋਟੀ ਪਾਣੀ ਆਪਣਾ ਖਾਓ ਆਰਾਮ ਨਾਲ। ਸਾਰੇ ਇਲਾਕਿਆਂ 'ਚ ਹੋ ਗਿਆ ਕਿ ਉਥੇ ਕੋਈ ਆਇਆ ਹੈ, ਉਹਨੇ ਤਾਂ ਐਡੇ ਮਾਰ-ਖੋਰ ਠੱਗ, ਡਾਕੂ ਸੀ ਉਹ ਤਾਂ ਬੰਦੇ ਬਣਾ ਦਿਤੇ। ਹੱਥ ਬੰਨ੍ਹ-ਬੰਨ੍ਹ ਕੇ ਲਿਜਾਂਦੇ ਨੇ, ਹੁਣ ਸੇਵਾ ਕਰਦੇ ਨੇ।

ਸੋ ਐਸੇ ਗੁਰੂ ਨਾਨਕ ਪਾਤਸ਼ਾਹ ਜੋ ਸਾਰੇ ਪਾਪਾਂ ਨੂੰ ਦੂਰ ਕਰ ਦੇਣ ਦੀ ਸਮਰੱਥਾ ਵਾਲੇ, ਨਾਮ ਦੇ ਕੇ। ਉਸ ਨਾਮ ਤੋਂ ਅਸੀਂ ਵਾਂਝੇ ਰਹੇ ਹਾਂ। ਨਾਮ ਬਹੁਤ ਘੱਟ ਜਪਦੇ ਹਾਂ। ਪਤਾ ਨਹੀਂ ਲਗਨ ਹਟ ਗਈ, ਇਸ ਪਾਸੇ ਨੂੰ ਘੱਟ ਜਾਂਦੇ ਹਾਂ, ਦੁਨੀਆਂਦਾਰੀ 'ਚ ਬਹੁਤ ਉਲਝ ਗਏ ਪਿਆਰਿਓ! ਸਮਾਂ ਹੱਥ ਨਹੀਂ ਆਉਣਾ, ਇਹ ਲੰਘ ਜਾਣਾ ਹੈ -

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥***

***ਅੰਗ - 1428***

ਇਥੇ ਮਹਾਰਾਜ ਦੀ ਬੜੀ ਭਾਰੀ ਕ੍ਰਿਪਾ ਹੋਈ, ਕਿਉਂਕਿ ਜਿੰਨਾਂ ਚਿਰ ਗੁਰੂ ਦੀ ਕ੍ਰਿਪਾ ਨਾ ਹੋਵੇ ਤੇ ਭਾਗ ਨਾ ਜਾਗਣ ਜਗਿਆਸੂਆਂ ਦੇ, ਇਲਾਕੇ ਦੇ, ਪੁੰਨ ਕਰਮ ਜਾਗਦੇ ਨੇ, ਸਤਿਸੰਗ ਨਹੀਂ ਕਦੇ ਵੀ ਹੋਏਗਾ ਪੁੰਨ ਕਰਮਾਂ ਤੋਂ ਬਗੈਰ।

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***
***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੁਰਬ ਲਿਖੇ ਕਾ ਲਹਨਾ ॥*** ***ਅੰਗ- 642***

ਸਭ ਤੋਂ ਵੱਡਾ ਜੋ ਕਰਮ ਹੈ, ਕਰੋੜਾਂ ਵਾਰੀ ਤੀਰਥ ਨਹਾਈਏ ਤਾਂ ਵੀ ਨਹੀਂ ਇਸ ਕਰਮ ਦੇ ਬਰਾਬਰ ਫਲ ਪਹੁੰਚ ਸਕਦਾ ਉਹਦਾ, ਕਿਉਂਕਿ ਮਹਾਨ ਫਲ ਹੈ ਨਾਮ ਦਾ। ਤੀਰਥ ਤਾਂ ਜਿਹੜੇ ਨੇ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*** ***ਅੰਗ- 1263***

ਉਹ ਤਾਂ ਸਾਧੂਆਂ ਦੀ ਧੂੜ ਨੂੰ ਲੋਚਦੇ ਫਿਰਦੇ ਨੇ। ਕਿਤੇ ਸਾਧੂ ਦੀ

ਧੂੜ ਉਡ ਕੇ ਸਾਡੇ ਉਤੇ ਪੈ ਜਾਵੇ, ਸਾਡੇ ਪਾਪ ਕੱਟ ਜਾਣ। ਤੀਰਥਾਂ ਨੇ ਕੀ ਫਲ ਦੇਣਾ ਸੀ? ਇਹ ਤਾਂ ਸਤਿਸੰਗ ਦਾ ਜੋ ਫਲ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ – 546***

ਕਈ ਕਰੋੜ ਯੱਗਾਂ ਦਾ ਫਲ ਇਕੱਲੇ-ਇਕੱਲੇ ਨੂੰ ਮਿਲਦਾ ਹੈ। ਜਿਹੜੇ ਸਵਾਰੀਆਂ 'ਚ ਲੈ ਕੇ ਆਏ ਨੇ ਸੰਗਤਾਂ ਨੂੰ, ਉਨ੍ਹਾਂ ਨੂੰ ਵੀ ਮਿਲਦਾ ਹੈ, ਦੂਸਰਿਆਂ ਨੂੰ ਵੀ ਮਿਲਦਾ ਹੈ। ਜਿਹੜੇ ਪ੍ਰੇਰਨਾ ਕਰਦੇ ਨੇ ਉਨ੍ਹਾਂ ਨੂੰ ਵੀ ਮਿਲਦਾ ਹੈ। ਸੋ ਇਲਾਕੇ ਦੇ ਭਾਗ ਜਾਗੇ, ਭਾਗ ਜਾਗਣ ਦੇ ਨਾਲ ਸਤਿਸੰਗ ਦਾ ਸਮਾਗਮ ਬਣ ਗਿਆ। ਇਹਦੇ ਵਿਚ ਅਸੀਂ ਗੁਰੂ ਮਹਾਰਾਜ ਦੀ ਹਜ਼ੂਰੀ ਅਨੁਭਵ ਕਰੀ। ਦੇਖਿਆ ਕਿ ਗੁਰੂ ਨਾਨਕ ਸਾਹਿਬ ਇਸ ਤਰ੍ਹਾਂ ਲਗਦੇ ਸੀ ਕਿ ਜਿਵੇਂ ਸਾਡੇ ਨਾਲ ਹੀ ਤੁਰੇ ਫਿਰਦੇ ਨੇ, ਉਹ ਠੱਗਾਂ ਵਾਲਾ ਮਹਿਕਮਾ ਸਾਡਾ ਹੀ, ਬਖਸ਼ਣ ਵਾਲੇ ਉਹ ਨੇ। ਉਨ੍ਹਾਂ ਨੇ ਜੇ ਉਨ੍ਹਾਂ ਨੂੰ ਬਖਸ਼ ਦਿਤਾ, ਸਾਨੂੰ ਵੀ ਬਖਸ਼ ਦੇਣਗੇ। ਬਖਸ਼ਿਸ਼ ਮੰਗੋ ਉਨ੍ਹਾਂ ਤੋਂ। ਮੰਗੋ ਸੱਚੇ ਦਿਲ ਨਾਲ ਗੁਰੂ ਨਾਨਕ ਸਾਹਿਬ ਦੇ ਬਣ ਜਾਓ, ਬੰਦਗੀ ਕਰੋ ਤੇ ਅੰਮ੍ਰਿਤ ਛਕ ਕੇ ਸਿੱਖੀ 'ਚ ਆ ਜਾਓ, ਪੰਜ ਪਿਆਰਿਆਂ ਤੋਂ ਨਾਮ ਲਓ। ਨਾਮ ਦੀ ਫੇਰ ਕਮਾਈ ਕਰੋ ਕਿਉਂਕਿ ਦੇਖਿਆ ਇਹ ਹੈ ਕਿ ਇਥੇ ਤੱਕ ਤਾਂ ਸਾਰੇ ਹੀ ਆ ਜਾਂਦੇ ਨੇ। ਅਗਾਂਹਾਂ ਨਹੀਂ ਤੁਰਦੇ, ਅਗਾਹਾਂ ਤੁਰੇ ਬਗੈਰ ਵਾਟ ਨਹੀਂ ਨਿਬੜਨੀ ਪਿਆਰਿਓ, ਅੰਦਰ ਰਸਤਾ ਬੜਾ ਲੰਮਾ ਹੈ। ਛੋਟੇ ਤੋਂ ਛੋਟਾ ਹੈ ਵੱਡੇ ਤੋਂ ਵੱਡਾ ਹੈ। ਹਜ਼ਾਰ ਜਨਮ 'ਚ ਵੀ ਨਹੀਂ ਲੰਘ ਸਕਦੇ, ਜੇ ਲੰਘਣ ਲੱਗੀਏ ਤਾਂ ਮਹਾਰਾਜ ਕਹਿੰਦੇ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਇਕ ਚਿੱਤ ਹੋ ਕੇ ਕੇਵਲ ਇਕ ਵਾਰੀ ਵਾਹਿਗੁਰੂ ਕਹਿ ਦਿਓ, ਉਹਦੇ ਨਾਲ ਹੀ ਉਧਾਰ ਹੋ ਜਾਂਦਾ ਹੈ। ਨਾ ਹੋਵੇ ਤਾਂ ਸੌ ਜਨਮ ਧਾਰ ਲਓ। ਕਿਉਂਕਿ ਇਕ ਚਿਤ ਨਹੀਂ ਅਸੀਂ ਬਣਦੇ। ਸੋ ਇਸ ਕਰਕੇ ਜੋ ਸੰਗਤ ਆਪ ਸਾਰਿਆਂ ਨੇ ਕੀਤੀ ਹੈ, ਬੜੀ ਸੇਵਾ ਕੀਤੀ ਹੈ ਸੰਗਤ ਨੇ ਪਿਆਰ ਦੇ ਨਾਲ, ਮਹਾਰਾਜ ਤੁਹਾਡੇ ਪੱਲੇ ਫਲ ਪਾਵੇ ਤੇ ਸੋਝੀ ਦੇਵੇ ਕਿ ਨਾਮ ਦੇ ਲੱਗੀਏ, ਨਾਮ ਵਿਚ ਲਗ ਕੇ ਆਪਣਾ ਜੀਵਨ ਸਫਲ ਕਰੀਏ। ਸੋ ਇਸ ਕਰਕੇ ਸਤਿਸੰਗ ਸੁਣਿਆ ਕਰੋ, ਉਹਦੇ ਨਾਲ ਮਨ ਦੀ ਮੈਲ ਲਹਿ ਜਾਂਦੀ ਹੈ।

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥***

***ਅੰਗ – 95***

ਨਹੀਂ ਤਾਂ ਮੈਲ ਪੈ ਜਾਂਦੀ ਹੈ। ਬੇਰੁਚੀ ਆ ਜਾਂਦੀ ਹੈ, ਮੈਲ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਜੀਅ ਨਹੀਂ ਕਰਦਾ ਫੇਰ ਘੌਲ ਹੋ ਜਾਂਦੀ ਹੈ ਸਤਿਸੰਗ 'ਚ ਜਾਣ ਦੀ। ਜਦੋਂ ਇਹ ਗੱਲ ਹੋ ਜਾਵੇ ਕਿ ਸਮਝ ਲਓ ਕਿ ਮੈਲ ਪੈ ਗਈ। ਹੁਣ ਮੈਂ ਰੱਬ ਵਲੋਂ ਦੂਰ ਜਾਣ ਲਗ ਗਿਆ। ਜਿੰਨਾਂ ਸਤਿਸੰਗ ਦਾ ਉਤਸ਼ਾਹ ਹੋਏਗਾ, ਓਨਾਂ ਮਨ ਨਿਰਮਲ ਹੋਏਗਾ। ਉਡੀਕਦਾ

ਹੀ ਰਹੇਗਾ ਕਿ ਕਦ ਸਤਿਸੰਗ ਹੋਵੇ, ਅਸੀਂ ਜਾਈਏ ਤੇ ਗੁਰੂ ਦੇ ਬਚਨ ਸੁਣੀਏ, ਜੀਵਨ ਦਾ ਕੋਈ ਰਾਹ ਟੋਲੀਏ, ਉਹਦਾ ਨਾਮ ਵੀ ਚੱਲ ਜਾਏਗਾ। ਨਾਮ ਇਸ ਤਰ੍ਹਾਂ ਚੱਲਿਆ ਨਹੀਂ ਕਰਦਾ –

***ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ***
***ਹਰਿ ਕੈ ਨਾਮਿ ਨਿਵਾਸੁ ॥*** ***ਅੰਗ – 639***

ਨਾਮ ਦਾ ਨਿਵਾਸ ਹੁੰਦਾ ਹੀ ਤਾਂ ਹੈ ਸੰਤਾਂ ਦੀ ਸਭਾ 'ਚ ਜਾ ਕੇ ਮਨ ਨੂੰ ਮਾਂਜਣਾ ਕਰੇ। ਸੋ ਆਪਾਂ ਰਲ ਮਿਲ ਕੇ ਜੋ ਬਚਨ ਕੀਤੇ ਨੇ ਉਨ੍ਹਾਂ ਨੂੰ ਅੰਤਰੰਗ ਸੋਚਿਓ ਕਿ ਬਚਨ ਜਿਹੜੇ ਸੀ ਇਕ ਵਾਰੀ ਫੇਰ ਸੋਚ ਕੇ ਦੇਖੀਏ। ਹੁਣ ਤਾਂ ਸੁਖਾਲਾ ਹੀ ਬੜਾ ਹੈ ਟੇਪਾਂ ਮਿਲਦੀਆਂ ਨੇ, ਲੈ ਲਓ। ਮੁੜ ਕੇ ਫੇਰ ਉਹ ਬਚਨ ਆ ਜਾਂਦੇ ਨੇ। ਤੁਰੋ ਸਹੀ, ਖੜ੍ਹੋ ਨਾ। ਖੜ੍ਹਨ ਦਾ ਸਮਾਂ ਨਹੀਂ ਆਪਣੇ ਕੋਲ, ਸਮਾਂ ਬੜਾ ਥੋੜ੍ਹਾ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰ ਸਤੋਤਰ 'ਚ ਬੋਲੋ। ਜਿਹੜੇ ਹਾਲੇ ਤਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰੋ।

ਅਰਦਾਸ, ਹੁਕਮਨਾਮਾ।

ਗੁਰੂ ਦਸਮੇਸ਼ ਪਿਤਾ ਇੱਕ ਬਹੁਤ ਵੱਡਾ ਕਰਿਸ਼ਮਈ ਨਾਟਕ ਕਰਕੇ, ਚਮਕੌਰ ਸਾਹਿਬ ਪਹੁੰਚਦੇ ਨੇ। ਸਾਰੀ ਗਿਣਤੀ ਦੇ ਵਿਚ ਸਿਰਫ 40 ਸਿੰਘ ਤੇ ਦੂਸਰੇ ਪਾਸੇ ਜਦੋਂ ਮਹਾਰਾਜ ਔਰੰਗਜ਼ੇਬ ਨੂੰ ਚਿੱਠੀ ਲਿਖਦੇ ਨੇ, ਫੁਰਮਾਨ ਕਰਦੇ ਨੇ ਕਿ ਐ ਔਰੰਗਜ਼ੇਬ! ਇੱਕ ਪਾਸੇ 40 ਸਿਰਲੱਥ ਸੂਰਮੇ ਨੇ, ਦਰਬਾਰ ਦੇ ਵਿਚ ਪ੍ਰਵਾਨ ਹੋਏ-ਹੋਏ। ਇੱਕ ਪਾਸੇ ਤੂੰ ਹਰ ਥਾਂ, ਹਰ ਨਾਕੇ 'ਤੇ, ਸਾਰੇ ਪੰਜਾਬ 'ਚ, ਭਾਰਤ ਵਰਸ਼ ਵਿਚ, ਅਨੰਦਪੁਰ ਸਾਹਿਬ ਤੋਂ ਆਉਣ ਵਾਸਤੇ, ਸਿੱਖਾਂ ਨੂੰ ਰੋਕਣ ਵਾਸਤੇ ਦੱਸ ਲੱਖ ਫੌਜ ਮੈਦਾਨ-ਏ-ਜੰਗ ਲਾਈ ਹੋਈ ਹੈ। ਉਹ ਸਿਰਲੱਥ ਸੂਰਮੇ ਪੂਰਾ ਇਕ ਦਿਨ ਚਾਰ ਪਹਿਰ, ਐਨੀ ਜਵਾਂ-ਮਰਦੀ ਦੇ ਨਾਲ ਯੁੱਧ ਕਰਦੇ ਰਹੇ। ਪੁਰਜਾ-ਪੁਰਜਾ ਕਟ ਕੇ ਗਿਰ ਗਏ, ਲੇਕਿਨ ਗੁਰੂ ਤੱਕ ਕਿਸੇ ਨੂੰ ਪਹੁੰਚਣ ਨਹੀਂ ਦਿਤਾ। ਰਾਤ ਪੈ ਜਾਂਦੀ ਹੈ, ਮਤਾ ਪਾਸ ਹੁੰਦਾ ਹੈ, ਪੰਜ ਸਿੰਘਾਂ ਨੇ ਪਹਿਲਾ ਮਤਾ ਚਮਕੌਰ ਸਾਹਿਬ ਦੀ ਗੜ੍ਹੀ 'ਚ ਪਾਸ ਕੀਤਾ। ਗੁਰੂ ਹਾਜ਼ਰ ਨਾਜ਼ਰ ਹੈ, ਗੁਰੂ ਦੀ ਹਜ਼ੂਰੀ ਵਿਚ ਜਦੋਂ ਪੰਜ ਸਿੰਘ ਹੋਣ, ਉਸ ਵੇਲੇ 21 ਵਿਸਵੇ ਹੋਇਆ ਕਰਦੇ ਨੇ। ਗੁਰੂ ਦੀ ਹਜ਼ੂਰੀ ਤੋਂ ਬਾਹਰ ਭਾਵੇਂ ਕਿੰਨੇ ਹੀ ਹੋਣ, ਭਾਵੇਂ ਲੱਖ ਹੋਣ, ਇੱਕ ਵਿਸਵਾ ਹੀ ਹੁੰਦੇ ਨੇ। ਗੁਰਸੰਗਤ 21 ਵਿਸਵੇ ਹੁੰਦੀ ਹੈ। ਗੁਰੂ 20 ਵਿਸਵੇ ਹੁੰਦਾ ਹੈ। ਗੁਰਸੰਗਤ ਤਾਂ ਪੂਰੀ ਹੁੰਦੀ ਹੈ ਜੇ ਗੁਰੂ ਵਿਚ ਹੋਵੇ। ਸੋ ਉਸ ਵੇਲੇ ਇਸ ਅਸੂਲ ਨੂੰ ਵਰਤ ਕੇ, ਮਤਾ ਪਾਸ ਕਰ ਦਿਤਾ ਜਾਂਦਾ ਹੈ ਕਿ ਪਾਤਸ਼ਾਹ! ਭਾਵੇਂ ਸ਼ਕਤੀ ਵਰਤ ਕੇ, ਭਾਵੇਂ ਕੋਈ ਕੌਤਕ ਵਰਤਾ ਕੇ, ਭਾਵੇਂ ਕੋਈ ਆਪਣਾ ਇਨਸਾਨੀ ਬਲ ਲਾ ਕੇ, ਆਪ ਚਮਕੌਰ ਸਾਹਿਬ ਖਾਲੀ ਕਰ ਜਾਓ। ਸਾਡੇ ਵਰਗੇ ਲੱਖਾਂ ਸਿੰਘ ਹੋਣ, ਗੁਰੂ ਨਾ ਹੋਵੇ, ਅਸੀਂ ਕੁਛ ਨਹੀਂ ਕਰ ਸਕਦੇ। ਗੁਰੂ ਹੋਵੇ, ਲੱਖਾਂ ਹੀ ਸਿੰਘ ਪੈਦਾ ਕਰ ਸਕਦੇ ਨੇ। ਪਾਤਸ਼ਾਹ! ਜਿਹੜੀ ਪਨੀਰੀ ਲਾਈ ਸੀ ਉਹਦੇ ਵਿਚੋਂ ਸਾਰੇ ਸ਼ਹੀਦ ਹੋ ਚੁੱਕੇ ਨੇ। ਦਸ ਹਜ਼ਾਰ ਸਿੰਘ, ਕਈਆਂ ਦਾ ਖਿਆਲ ਹੈ ਪੰਜ ਹਜ਼ਾਰ। ਛੇ ਮਹੀਨੇ ਦੇ ਘੇਰੇ ਵਿਚ, ਸਮੇਤ ਵੱਡੇ ਸਾਹਿਬਜ਼ਾਦਿਆਂ ਦੇ, ਸ਼ਹੀਦ ਹੋ ਗਿਆ ਤੇ ਛੋਟੇ ਸਾਹਿਬਜ਼ਾਦਿਆਂ ਦਾ ਪਤਾ ਨਹੀਂ ਲਗਦਾ ਕਿ ਕਿੱਥੇ ਨੇ, ਸ਼ਾਇਦ ਕਿਸ ਸਰਹੰਦ ਵਿਚ ਨੀਹਾਂ ਵਿਚ ਚਿਣ ਦਿਤੇ ਗਏ। ਐਨਾ ਟੋਰਚਰ (ਜ਼ੁਲਮ) ਐਨੀ ਸਖਤੀ ਉਨ੍ਹਾਂ ਸਿੰਘਾਂ ਨੇ ਸਹਿ ਕੇ, ਆਪਾ ਵਾਰ ਕੇ, ਗੁਰੂ ਤੱਕ ਕੋਈ ਨਹੀਂ ਪਹੁੰਚਣ ਦਿਤਾ। ਹੁਕਮ ਹੋ ਗਿਆ ਗੁਰੂ ਦਸਮੇਸ਼ ਪਿਤਾ ਮਹਾਰਾਜ ਚਮਕੌਰ ਸਾਹਿਬ ਤੋਂ, ਮਾਛੀਵਾੜੇ ਆਉਂਦੇ ਨੇ, ਸ਼ਨੇ-ਸ਼ਨੇ ਚਲਦੇ ਹੋਏ, ਖਿਦਰਾਣੇ ਦੀ ਢਾਬ 'ਤੇ ਪਹੁੰਚ ਕੇ, ਦੁਬਾਰਾ ਫੇਰ ਇੱਕ ਯੁੱਧ ਲੜਦੇ ਨੇ, ਉਸ ਵੇਲੇ ਦੀ ਹਾਲਤ ਇਹ ਹੈ ਕਿ ਜਿਹੜੇ ਉਚੀ ਅਵਸਥਾ ਵਾਲੇ ਸਿੰਘ ਸੀ ਉਹ ਸਿਰਫ ਉਂਗਲੀਆਂ 'ਤੇ ਗਿਣਨ ਵਾਲੇ ਰਹਿ ਗਏ। ਬਾਕੀ ਸਾਰੇ ਨੌਕਰ ਰੱਖੇ ਗਏ, ਉਹ ਐਸੇ ਜਿਨ੍ਹਾਂ ਨੂੰ ਸਿੱਖੀ ਦਾ ਕੋਈ ਪਤਾ ਨਹੀਂ ਸੀ। ਸਿੱਖੀ ਕੀ ਹੁੰਦੀ ਹੈ, ਗੁਰੂ ਕੀ ਹੁੰਦਾ ਹੈ, ਗੁਰੂ ਦੇ ਉਤੋਂ ਕੁਰਬਾਨ ਕਿਵੇਂ ਹੋਈਦੈ? ਜੋ ਗੁਰੂ ਨਾਲ ਜੁੜਿਆ ਹੁੰਦਾ ਹੈ, ਉਹਦੇ ਵਿਚ ਗੁਰੂ ਦੀ ਸ਼ਕਤੀ ਹੋਇਆ ਕਰਦੀ ਹੈ। ਜਿਸ ਦੀ ਜੀਵਨ ਦੇ ਅੰਦਰ ਖਾਲਸਾ ਆਦਰਸ਼ ਦਾਖਲ ਹੋ ਗਿਆ ਤੇ ਨਿਆਰਾ ਪਦ ਉਹਦਾ ਕਾਇਮ ਰਹਿੰਦਾ ਹੈ, ਮਹਾਰਾਜ ਕਹਿੰਦੇ, ਉਹਦੇ ਵਿਚ ਮੇਰੀ ਸੱਤਾ ਹੋਇਆ ਕਰੇਗੀ। ਉਹ 'ਜੀਵਨ ਮੁਕਤ' ਅਵਸਥਾ ਵਾਲਾ ਹੋਇਆ ਕਰੇਗਾ-



ਜਬ ਲਗ ਖਾਲਸਾ ਰਹੇ ਨਿਆਰਾ।
ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।
ਮੈਂ ਨਾ ਕਰੂੰ ਇਨ ਕੀ ਪਰਤੀਤ।

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ, ਰਤਵਾੜਾ ਸਾਹਿਬ